ਪੰਜਾਬੀ ਬੋਲੀ ਤੇ ਪੰਜਾਬੀਅਤ ਨੂੰ ਸਮਰਪਿਤ

# ਵਾਹਗਾ

*ਸੰਪਾਦਕ :*

ਚਰਨਜੀਤ ਸੋਹਲ

ਸੁਖਚੈਨ ਢਿੱਲੋਂ

'ਚੁੱਪ ਤੇ ਖ਼ਲਾਅ ਦੀ ਚਾਦਰ ਉੱਤੇ
ਹਰ ਅੱਖਰ ਬੇਲੋੜਾ ਧੱਬਾ ।

*-ਸੈਮੂਅਲ ਬੈਕਟ*'

ਮੁੱਲ : 80/–

# ਵਾਹਗਾ 5

ਈ–ਮੇਲ : **wahga2015@gmail.com**

*ਸੰਪਾਦਕ*

**ਚਰਨਜੀਤ ਸੋਹਲ**
7, ਐੱਸ.ਸੀ.ਐੱਫ਼, ਰਣਜੀਤ ਐਵੀਨਿਊ
ਸੀ–ਬਲਾਕ ਮਾਰਕੀਟ, ਅਮ੍ਰਿਤਸਰ–143001
ਮੋਬਾ : (+91) 78374–12401
ਈ–ਮੇਲ : charanjit.sohal@yahoo.com

**ਸੁਖਚੈਨ ਢਿੱਲੋਂ**
62, Ashbrook Way, BRAMPTON
ON, L6Y 4R4, CANADA
Mob : +1-647-774-1870

*

ਇੰਗਲੈਂਡ ਵਿਚ ਸੰਪਰਕ :
**ਐੱਸ. ਬਲਵੰਤ**
Mob : +44 7448 441008

*

**ਖ਼ਤ ਪੱਤਰ**
7, ਐੱਸ.ਸੀ.ਐੱਫ਼, ਰਣਜੀਤ ਐਵੀਨਿਊ
ਅਮ੍ਰਿਤਸਰ–143001

*

**ਮੁੱਲ** : ਡਾਕ ਰਾਹੀਂ : 500 ਰੁਪਏ
5000 ਰੁਪਏ (ਜੀਵਨ ਸਾਥ)

*

**ਵਿਦੇਸ਼** : 20 ਡਾਲਰ * 500 ਡਾਲਰ (ਜੀਵਨ ਸਾਥ)

'ਵਾਹਗਾ' ਦਾ ਬੈਂਕ ਅਕਾਊਂਟ :
WAHGA
Bank : HDFC Bank
Account No. : 50200016152542
IFS Code : HDFC0001407
Branch : Central One Mall, Old Jail Road
Opp. Distt Shopping Complex
Ranjit Avenue, Amritsar

*

**ਪ੍ਰਕਾਸ਼ਕ** : ਚਰਨਜੀਤ ਸੋਹਲ

*

ਰੂਪ ਸੱਜਾ : **ਮਨਤੇਜ ਗ੍ਰਾਫ਼ਿਕਸ**, ਅਮ੍ਰਿਤਸਰ
ਮੋਬਾ : 98781–77812

*

ਛਾਪਕ : **ਪ੍ਰਿੰਟਵੈੱਲ**, ਅਮ੍ਰਿਤਸਰ

*ਕਾਰਜਕਾਰੀ ਸੰਪਾਦਕ*
**ਤੇਜਿੰਦਰ ਬਾਵਾ**
ਮੋਬਾ : 98781–77812

**ਸਹਿਯੋਗੀ ਸੰਪਾਦਕ**
ਤੇਜਵੰਤ ਸਿੰਘ ਗਿੱਲ
ਸਤ੍ਯਪਾਲ ਗੌਤਮ
ਭਗਵਾਨ ਜੋਸ਼
ਪਰਮਿੰਦਰ ਸਿੰਘ
ਕੇਵਲ ਧਾਲੀਵਾਲ
ਸਤਿੰਦਰ ਔਲਖ
ਪਰਮਜੀਤ ਜੱਜ
ਬਲਬੀਰ ਮਾਧੋਪੁਰੀ
ਜਤਿੰਦਰ ਸਿੰਘ
ਮੋਨੀਕਾ ਕੁਮਾਰ
ਨਵਸ਼ਰਨ
ਅਤੁਲ ਸੂਦ
ਬਲਰਾਜ ਧਾਰੀਵਾਲ
ਅਮਨਪ੍ਰੀਤ ਗਿੱਲ
ਹਰਵਿੰਦਰ ਸਿੰਘ
ਸੁਖਪਾਲ
ਸਵਰਾਜਬੀਰ

•

**ਕਲਾ** : ਸੰਦੀਪ ਸਿੰਘ • ਹਰਦੀਪ • ਮੰਨੂੰ

**ਕਾਨੂੰਨੀ ਸਲਾਹਕਾਰ** :
ਡਾ. ਸੁਸ਼ੀਲ ਬਲਵਾਦਾ

•

'ਵਾਹਗਾ' ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਕੋਈ ਵੀ ਕਾਨੂੰਨੀ ਕਾਰਵਾਈ ਅਮ੍ਰਿਤਸਰ ਦੀ ਅਦਾਲਤ ਵਿਚ ਹੀ ਹੋਵੇਗੀ।

**Wahga is an international peer-reviewed research journal.**

# ਤਰਤੀਬ


5 **ਸੁਤਿੰਦਰ ਸਿੰਘ ਨੂਰ** ਦੀਆਂ ਅਣਛਪੀਆਂ ਕਵਿਤਾਵਾਂ

**ਕਵਿਤਾਵਾਂ / ਗ਼ਜ਼ਲਾਂ**

7 ਮਜ਼ਹਰ ਤਿਰਮਜ਼ੀ

10 ਮੋਨੀਕਾ ਕੁਮਾਰ

13 ਪਰਮਿੰਦਰ ਸੋਢੀ

17 ਭੁਪਿੰਦਰਪ੍ਰੀਤ

70 ਵਿਸ਼ਾਲ

99 ਮਲਵਿੰਦਰ

113 ਸੁਖਵਿੰਦਰ

120 ਤਨਵੀਰ

123 ਸੁਰਿੰਦਰ ਸੋਹਲ

151 ਸਰਬਜੀਤ ਕੌਰ ਜੱਸ

156 ਪ੍ਰਦੀਪ ਬੋਸ

23 **ਕਵਿਤਾ ਤੋਂ ਨਿਆਰੇ**
–ਅਮਰਜੀਤ ਚੰਦਨ

25 **ਸਵੈ-ਬਿਰਤਾਂਤ :** ਵਾਪਸ ਅੰਮ੍ਰਿਤਸਰ : ਖ਼ਾਲਸਾ ਕਾਲਜਾ ਵਿਚ ਐੱਮ.ਏ.
–ਗੁਰਬਚਨ

42 **ਦਮੋਦਰ ਅਤੇ ਮੁਕਬਲ**
–ਤੇਜਵੰਤ ਸਿੰਘ ਗਿੱਲ


50 **ਬਸਤੀਵਾਦੀ, ਫ਼ਿਰਕਾਪ੍ਰਸਤੀ, ਰਾਸ਼ਟਰਵਾਦ ਅਤੇ ਭਾਰਤੀ ਰਾਜ**
–ਪਰਮਿੰਦਰ ਸਿੰਘ

74 **ਨਾਰੀ ਦੇਹ ਕਿਹੋ ਜਿਹੀ ਹੋਵੇ**
(ਨਾਰੀਵਾਦੀ ਚਿੰਤਕ ਸਾਂਦਰਾ ਲੀ ਬਰਟਕੀ ਦੇ ਤੁਰ ਜਾਣ ਦੇ ਸੰਦਰਭ 'ਚ)
–ਸਵਰਾਜਬੀਰ

86 **ਉਪੇਰਿਆਂ ਵਾਲੀ ਸ਼ੀਲਾ ਭਾਟੀਆ**
–ਕੇਵਲ ਧਾਲੀਵਾਲ

103 ਹਿੰਦੀ ਕਹਾਣੀ : **ਫਰੀਦਾ ਮੈ ਜਾਨਿਆ ਦੁਖ ਮੁਝ ਕੋ...**
–ਦੀਪਕ ਭੁੱਲਰ ਸ਼ਰਮਾ, ਅਨੁ : ਅਰਵਿੰਦਰ ਕੌਰ ਧਾਲੀਵਾਲ

125 ਕਹਾਣੀ : **ਗਹਿਰ**
ਸਰਵਣ ਮਿਨਹਾਸ


ਵਾਹਗਾ ਹਰ ਅੰਕ ਵਿਸ਼ੇਸ਼

130 ਇਕ ਪਾਤਰੀ ਨਾਟਕ : **ਤਮਾਮ**
–ਬੈਟੀ ਸ਼ੈਮੀਆ, ਪੇਸ਼ : ਸਵਰਾਜਬੀਰ

142 **ਕਦਰਾਂ ਦੇ ਨਿਸ਼ਾਨ** (ਦਿੱਲੀ ਸਕੂਲ ਆਫ਼ ਕ੍ਰਿਟੀਸਿਜ਼ਮ)
–ਐੱਸ. ਬਲਵੰਤ

146 **ਸੰਖ ਘੋਸ਼** –ਪੇਸ਼ਕਾਰ : ਪ੍ਰਦੀਪ ਬੋਸ

146 **ਬੀਂ** –ਮੋਨਿਕਾ ਕੁਮਾਰ

146 ਕੈਲਾਸ਼ਪੁਰੀ ਦੀ ਅਲਵਿਦਾ : **ਵਸਲਪੁਰਾ**
–ਅਮਰਜੀਤ ਚੰਦਨ

150 **ਪੰਜਾਬੀ ਕੌਮ ਦਾ ਸਵਾਲ ਤੇ ਸੰਨ ਸੰਤਾਲੀ ਦਾ ਸੰਤਾਪ**
–ਰੌਣਕੀ ਰਾਮ

152 ਕਹਾਣੀ : **ਜੋਧਪੁਰ ਦੀ ਹੱਦ**
–ਅਲੀ ਅਕਬਰ ਨਾਤਿਕ

158 **ਮੀਨਮੇਖ.*com***
–ਪ੍ਰੋ. ਰਮਨ

160 **ਪੰਜਾਬੀ ਬੰਦੇ ਦੀ ਹਿਜਰਤ ਦਾ ਸਰਾਪਿਆ ਕਿੱਸਾ**
–ਯਾਦਵਿੰਦਰ ਸਿੰਘ

166 ਸਿਨੇਮਾ : **ਵਪਾਰਕ ਫ਼ਿਲਮਾਂ ਤੇ ਨਾਰੀਵਾਦ**
–ਜਤਿੰਦਰ ਸਿੰਘ

170 **ਪਾਸ਼ ਦੀ ਕਵਿਤਾ ਦੇ ਚਿਹਨ ਚੱਕ੍ਰ**
–ਪਰਮਜੀਤ ਸਿੰਘ

177 **ਪੁਸਤਕ ਪੜਚੋਲ**
–ਤੇਜਵੰਤ ਸਿੰਘ ਗਿੱਲ



***ਸਰਵਰਕ ਤਸਵੀਰ :***

ਚਿਤਰਕਾਰ, ਮਲਕੀਤ ਸਿੰਘ

ਮਲਕੀਤ ਸਿੰਘ ਦੀ ਪੈਦਾਇਸ਼ 1943, ਮੋਗਾ ਦੇ ਪਿੰਡ ਲੰਡੇ ਦੀ। ਪੜ੍ਹਾਈ ਆਰਟਸ ਕਾਲਜ ਸ਼ਿਮਲਾ ਤੋਂ। ਕਲਾ–ਕ੍ਰਿਤੀਆਂ ਪੰਜਾਬੀ ਪੇਂਡੂ ਸਭਿਆਚਾਰ ਦੀ ਰੂਹ ਦੇ ਰੰਗਾਂ ਨਾਲ ਲਬਰੇਜ਼। ਕਿਰਤੀਆਂ ਦੇ ਅੰਦਰਲੇ ਸੰਸਾਰ ਦੀ ਟੁੱਟ–ਭੱਜ ਤੇ ਉਦਰੇਵੇਂ ਦੇ ਸੇਕ ਨਾਲ ਤਿੜਕੇ ਆਲੇ–ਦੁਆਲੇ ਦੇ ਚਿਹਨ (ਬੱਕਰੀਆਂ, ਡਰਾਉਣੇ...)। ਸਰਵਰਕ ਦੀ ਤਸਵੀਰ ਕਿਰਤੀ ਦੇ ਸਹਿਮ ਅਤੇ ਸੁਪਨਿਆਂ ਨੂੰ ਸਮੋਈ ਬੈਠੀ ਹੈ।

ਸਰਵਰਕ ਦੀ ਲਿਖਤ : *ਜਤਿੰਦਰ ਸਿੰਘ*

ਸਰਵਰਕ ਦੀਆਂ ਸਤਰਾਂ : ਬਾਵਾ ਬਲਵੰਤ ਦੀ ਕਵਿਤਾ 'ਅੱਧੀ ਅੱਧੀ ਰਾਤੀਂ' 'ਚੋਂ।




## ਸੁਤਿੰਦਰ ਸਿੰਘ ਨੂਰ

ਦੀਆਂ ਅਣਛਪੀਆਂ ਕਵਿਤਾਵਾਂ

### • ਬੀਜਿੰਗ ਵਿਚ ਬਰਸਾਤ

ਰਾਤ ਸਾਰੀ ਬਰਸਾਤ ਕਹਿਰਾਂ ਦਾ ਤੂਫ਼ਾਨ
ਲਿਸ਼ਕਦੀ ਬਿਜਲੀ ਦੀ ਭਿਆਨਕ ਗੜਗੜਾਹਟ
ਬਾਰੀਆਂ ਦੇ ਸ਼ੀਸ਼ਿਆਂ ਨੂੰ ਪਾਰ ਕਰਦੀ ਲਿਸ਼ਕ
ਸੜਕਾਂ ’ਤੇ ਨਜ਼ਰ ਆਉਂਦੇ ਕਮਲੇ ਹੁੰਦੇ ਝੰਬੇ ਜਾਂਦੇ ਬਿਰਖ
ਸਵੇਰ ਨੂੰ ਸੜਕਾਂ ਸ਼ਫਾਫ
ਕਿਤੇ ਨਹੀਂ ਪਾਣੀ ਦੀ ਬੂੰਦ

ਬਸ ਠੰਡੀ ਜਿਵੇਂ ਰਾਤ ਨੂੰ ਕੁਝ ਨਾ ਵਾਪਰਿਆ ਹੋਵੇ
ਉਵੇਂ ਦੇ ਉਵੇਂ ਚੁੱਪ ਕੀਤੇ ਲੋਕ ਤੁਰੇ ਜਾ ਰਹੇ
ਉਵੇਂ ਦੇ ਉਵੇਂ ਸਾਈਕਲਾਂ ਦੇ ਰਾਹ ਭਰੇ ਹੋਏ
ਉਵੇਂ ਦਾ ਉਵੇਂ ਕਾਰਾਂ ਦਾ ਹਜੂਮ ਬਿਨਾਂ
ਉਵੇਂ ਦਾ ਉਵੇਂ ਬੀਜਿੰਗ, ਭਵਿੱਖ ਤਲਾਸ਼ਦਾ ਲੀਨ ਹੋ ਜਾਂਦਾ

- ਬੀਜਿੰਗ, ਜਿਥੇ ਕੋਈ ਪੰਛੀ ਨਹੀਂ

ਬੀਜਿੰਗ ਮਹਾਨਗਰ, ਜਿਥੇ ਕੋਈ ਪੰਛੀ ਨਹੀਂ, ਜਾਨਵਰ ਨਹੀਂ
ਕਿਸੇ ਚਿੜੀ ਦੀ ਚੀਂ ਚੀਂ ਚੀਂ ਨਹੀਂ
ਕਿਸੇ ਕਬੂਤਰ ਦੇ ਫਟਕਣ ਦੀ ਆਵਾਜ਼ ਨਹੀਂ

ਸ਼ਹਿਰ ਦੇ ਸੁੰਦਰ ਬਿਰਖ਼ਾਂ 'ਤੇ ਕੋਈ ਆਲ੍ਹਣਾ ਨਹੀਂ ਦਿਸਦਾ
ਬਿਰਖ ਅੱਖ ਪੁੱਟ ਪੁੱਟ ਕੇ ਇਕੱਲੇ ਰਾਹਾਂ ਵੱਲ ਤੱਕਦੇ ਨੇ
ਕਿਸੇ ਬਿਰਖ਼ 'ਤੇ ਕਦੇ ਕਿਸੇ ਕੋਇਲ ਨੇ ਗੀਤ ਨਹੀਂ ਗਾਇਆ
ਬਹਾਰ ਦੀ ਰੁੱਤ 'ਚ ਵੀ ਕਦੇ
ਕਿਤੇ ਬੁਲਬੁਲ ਨਹੀਂ ਬੋਲੀ

ਸੁਣਿਆ ਹੈ—
ਦਾਦੀਆਂ, ਨਾਨੀਆਂ ਹੁਣ ਇਥੇ ਪੰਛੀਆਂ ਦੀ ਬਾਤ ਨਹੀਂ ਪਾਉਂਦੀਆਂ
ਸੁਣਿਆ ਹੈ—
ਕੁੜੀਆਂ ਚਿੜੀਆਂ, ਹੁਣ ਇਥੇ ਪੰਛੀਆਂ ਦੇ ਗੀਤ ਨਹੀਂ ਗਾਉਂਦੀਆਂ

ਸੁਣਿਐ...ਸਭ ਪੰਛੀਆਂ ਨੂੰ ਬੇਦਖ਼ਲ ਕਰ ਦਿੱਤਾ ਗਿਆ
ਜਾਂ ਮਾਰ ਦਿੱਤਾ ਗਿਆ
ਹੁਣ ਹਿੰਮਤ ਨਹੀਂ ਕੋਈ ਪੰਛੀ ਇਧਰ ਫਟਕ ਵੀ ਜਾਵੇ

- ਬੀਜਿੰਗ ਦੀ ਜੂਲੀ

ਬੀਜਿੰਗ ਦੀ ਜੂਲੀ ਲੁਆਨ
ਸਾਡਾ ਹਰ ਬੋਲ ਚੀਨੀ 'ਚ ਅਨੁਵਾਦ ਕਰਦੀ
ਸਾਡਾ ਇਕ ਵੀ ਬੋਲ, ਇਕ ਵੀ ਅੱਖਰ ਭੁੰਞੇ ਨਹੀਂ ਡਿੱਗਣ ਦਿੰਦੀ
ਸਲੀਕੇ ਨਾਲ ਵੇਖਦੀ ਬੁੱਲ੍ਹਾਂ ਦੇ ਸੰਕੇਤ
ਪੜ੍ਹਦੀ ਉਹਦੀਆਂ ਅੱਖਾਂ, ਚਿਹਰੇ 'ਤੇ ਬੋਲਦੇ ਜਾਗਦੇ ਬੋਲ

ਮੈਂ ਪੁੱਛਿਆ—
ਜੂਲੀ ਕਿੰਨੇ ਕੁ ਨੌਜੁਆਨ ਜਾਣ ਗਏ ਨੇ ਅੰਗਰੇਜ਼ੀ
ਉਹ ਆਖਦੀ—
ਭੀੜਾਂ ਦੀਆਂ ਭੀੜਾਂ ਮੇਰੇ ਹੀ ਵਾਂਗ ਨੇ
ਅਮਰੀਕਾ ਇੰਗਲੈਂਡ ਕੈਨੇਡਾ
ਉਨ੍ਹਾਂ ਦੀਆਂ ਉਂਗਲਾਂ 'ਤੇ ਖੇਡਦੇ

ਮੈਂ ਆਖਦਾਂ ਜੂਲੀ ਇਕ ਮੇਰੀ ਵੀ ਭਾਸ਼ਾ ਏ
ਉਹ ਆਖਦੀ—
'ਸਤਿ ਸ੍ਰੀ ਅਕਾਲ', 'ਰੱਬ ਰਾਖਾ' ਤੁਹਾਡੇ ਹੀ ਸ਼ਬਦ ਨੇ... ਵ

[ਪੱਕਾ ਨਹੀਂ ਕਿਹਾ ਜਾ ਸਕਦਾ ਇਹ ਕਵਿਤਾ ਕਵੀ ਨੇ ਏਥੇ ਸਮਾਪਤ ਕੀਤੀ ਜਾਂ ਸਾਡੇ ਕੋਲ ਅਧੂਰੀ ਹੀ ਅੱਪੜੀ।]

ਕਵਿਤਾ

# ਮਜ਼ਹਰ ਤਿਰਮਜ਼ੀ

## • ਸਰਹਾਲ਼ ਕਾਜ਼ੀਆਂ

ਮੋਇਆਂ ਦੀ ਇਸ ਢੇਰੀ 'ਤੋਂ
ਮੈਂ ਕੀ ਲੱਭਣ ਆਇਆਂ

ਖੋਲ਼ਿਆਂ ਅੰਦਰ ਚੁੱਪ ਉੱਗਦੀ ਏ
ਅੱਧੀ ਸਦੀ ਤੋਂ ਮੀਂਹ ਵਰ੍ਹਦਾ ਏ ਢੱਠੀ ਰਸੋਈ 'ਤੇ
ਚੰਨ ਤਾਂ ਅਜੇ ਵੀ ਚੜ੍ਹਦਾ ਏ ਇਸ ਬਸਤੀ 'ਤੇ
ਕਾਗ ਅਜੇ ਵੀ ਬੋਲਦਾ ਏ ਕਿਸੇ ਬੰਨੇ ਬਹਿ ਕੇ
ਭਾਵੇਂ ਗਿਆਂ ਨੇ ਮੁੜਨਾ ਨਹੀਂ

ਉਹਦਾ ਚਿੱਤ ਏ ਸਭ ਕੁਝ ਪਹਿਲੋਂ ਵਾਂਗ ਹੋ ਜਾਵੇ
ਭਗਤੇ ਦੱਸਿਆ : ਸੁਪਨੇ ਵਰਗੀ ਗੱਲ ਲਗਦੀ ਏ
ਹਜੇ ਕੱਲ੍ਹ ਤਾਂ ਤੁਹਾਡੇ ਬਾਬੇ ਸਾਰੇ ਏਥੇ ਸਨ
ਤਾਜ਼ੀਏ ਵਾਲ਼ੇ ਘਰ ਦੀ ਛੱਤ ਤੋਂ ਨੌਬਤ ਵੱਜਣੀ
ਸੀਨੇ ਮਿਰਾਸੀ ਅਲਾਹਣੀ ਕਹਿਣੀ
ਬਾਬੇ ਅੱਬਾਸ ਦੇ ਅਲਮ 'ਤੇ ਆਣ ਕਬੂਤਰਾਂ ਬਹਿਣਾ
ਸਭਨਾਂ ਬਾਲੇ ਪੀਰ ਨੂੰ ਆ ਕੇ ਦੁੱਖ ਅੰਦਰ ਦਾ ਕਹਿਣਾ
"ਬਿਜੜਿਆਂ ਆਲ੍ਹਣੇ ਪਾ ਲਏ ਨੇ ਤੇਰੇ ਕਮਰੇ ਦੀ ਛੱਤ ਹੇਠਾਂ
ਅੱਕ ਉੱਗੇ ਨੇ ਤੇਰੇ ਵੇਹੜੇ ਅੰਦਰ ਮਾਏਂ"

ਇਕ ਥਾਂ ਕੋੜੀ ਲੱਗੀ ਏ ਖ਼ਾਲੀ ਚਟੂਰਿਆਂ ਦੀ
ਪਿਛਲੇ ਵਰ੍ਹੇ ਉਹ ਪਾਗਲ ਬਾਹਮਣੀ ਵੀ ਮਰ ਗਈ
ਅਪਣੇ ਭਾਣੇ ਰਾਖੀ ਕਰਨ ਲਈ ਬੈਠੀ ਸੀ ਜੋ ਖੋਲ਼ਿਆਂ ਦੀ
ਸ਼ਾਹਾਂ ਦੇ ਪਰਛਾਵੇਂ ਟੁਰਦੇ ਵੇਂਹਦੀ ਸੀ ਉਹ ਹਰ ਪਾਸੇ

ਇਹ ਗੁੱਗਲ਼ ਦੀ ਖ਼ੁਸ਼ਬੂ ਕਿੱਥੋਂ ਆਈ ਏ ?
ਘਿਉ ਦੇ ਦੀਵੇ ਬਲ਼ਦੇ ਨੇ
ਪਾਗਲ ਬਾਹਮਣੀ ਦੀ ਆਵਾਜ਼ ਹਵਾ ਨਾਲ਼ ਡਿਗਦੀ ਢਹਿੰਦੀ
ਮੇਰੇ ਪੈਰੀਂ ਆ ਡਿੱਗੀ ਏ:
"ਮੁੜ ਆਏ ਨੇ ਸ਼ਾਹ ਮੇਰੇ"

*ਨਵੇਂ ਸ਼ਹਿਰ ਜ਼ਿਲ੍ਹੇ ਦਾ ਪਿੰਡ ਸਰਹਾਲ਼ ਕਾਜ਼ੀਆਂ ਮਜ਼ਹਰ ਤਿਰਮਜ਼ੀ ਦੇ ਵਡੇਰਿਆਂ ਸੱਯਦ ਸ਼ਾਹਾਂ ਨੇ ਵਸਾਇਆ ਸੀ। ਸ਼ਾਹ ਅਬਦੁੱਲ ਹੱਕ਼ ਬਾਲਾ ਪੀਰ ਇਨ੍ਹਾਂ ਦਾ ਜਠੇਰਾ ਸੀ, ਜਿਹਦੀ ਦਰਗਾਹ ਇਨ੍ਹਾਂ ਦੇ ਜੱਦੀ ਘਰ ਦੇ ਨਾਲ਼ ਹੀ ਹੈ।

• ਤੇਰੇ ਸ਼ਹਿਰ ਬਸੰਤ ਨਹੀਂ ਹੁੰਦੀ ਮਾਧੋ ਲਾਲ ਹੁਸੈਨਾ

ਗੁੱਡੀ ਉਡਾਣੀ ਸੌਖੀ ਸੀ ਕੋਈ
ਸ਼ੀਸ਼ਾ ਕੁੱਟ ਕੇ ਡੋਰ ਬਣਾਉਣੀ
ਜੀਕਣ ਆਟਾ ਗੁੰਨ੍ਹ ਕੇ ਰੋਟੀ ਲਾਉਣੀ
ਕਾਗ਼ਜ਼ ਕਿਹੜਾ ਆਮ ਸੀ
ਅਖ਼ਬਾਰ ਲਫ਼ਾਫ਼ੇ ਕੱਟ ਕੇ ਅਸੀਂ ਚੜ੍ਹਾਣੇ
ਪੇਚੇ ਲਾਣੇ ਬਸ ਆਨੇ ਦੋ ਆਨੇ

ਗੁੱਡੀ ਦਾ ਕੋਈ ਧਰਮ ਨਹੀਂ ਹੁੰਦਾ
ਪਰੀ ਪਰਾ, ਦੋ ਅੱਖਲ਼, ਸ਼ਰਲਾ
ਮੱਛਰ, ਪੰਜ ਤਾਵਾ ਤੇ ਝਮੇੜੂ
ਤੁੱਕਲ਼, ਦੋ ਕੁੱਪ, ਲਖਨਊ

ਰਾਤ ਬਸੰਤ ਦੀ ਪੇਚੇ ਲਾਣੇ—ਨਾਈਟ ਪੇਚੇ
ਛੱਤਾਂ ਜਗਮਗ ਕਰਨੀਆਂ
ਗਲ਼ੀ ਮੁਹੱਲਿਆਂ ਦਿਆਂ ਛੁਹਰਾਂ ਨੇ ਵਧ-ਵਧ ਗੁੱਡੀਆਂ ਫੜਨੀਆਂ

ਤੰਦੀ, ਦਸ ਰਿੱਛ, ਵੱਡਾ ਰਿੱਛ
ਤਲਵਾਰ ਮਾਰਕਾ, ਅੱਠ ਚੇਨਾਂ ਤੇ ਪਚਾਸ ਕੋਟ
ਕੈਮਕੀਲ ਦਾ ਨਾਂ ਵੀ ਨਹੀਂ ਸੀ ਜਾਣਦਾ ਕੋਈ
ਧੌਣਾਂ ਉੱਚੀਆਂ ਹੁੰਦੀਆਂ ਸਨ
ਪਰ ਕੱਟਦੀਆਂ ਨਹੀਂ ਸਨ

ਢੋਲ ਵਜਾਉਣੇ ਬੌਨਿਆਂ ਨੇ
ਛੱਤਾਂ 'ਤੇ ਭੰਗੜੇ ਪਾਣੇ
ਜਸਟ ਚਿਲ ਜਸਟ ਚਿਲ ਗਾਣੇ ਗਾਣੇ

ਦਸਦੇ ਨੇ ਰਣਜੀਤ ਚੜ੍ਹਾਵਾ ਚਾੜ੍ਹਨਾ ਮਾਧੋ ਲਾਲ ਦੇ
ਹਾਥੀਓਂ ਲਹਿ ਕੇ ਫ਼ੌਜ ਸਣੇ
ਨੰਗੇ ਪੈਰੀਂ ਓਸ ਮਜ਼ਾਰ 'ਤੇ ਜਾਣਾ
ਉਹਦੀ ਫ਼ੌਜ ਬਸੰਤੀ ਰੰਗ ਦੀ ਵਰਦੀ ਪਾਣੀ
ਸਾਰਾ ਸ਼ਹਿਰ ਬਸੰਤੀ ਰੰਗ ਵਿਚ ਰੰਗਿਆ ਜਾਣਾ
ਨਾ ਮੁੱਲਾਂ ਨਾ ਕਾਜ਼ੀ ਹਾਕਮ ਰਾਜ਼ੀ

ਮਾਧੋ ਲਾਲ ਹੁਸੈਨਾ ਹੁਣ ਤੇਰੇ ਬਸੰਤ ਨਹੀਂ ਹੁੰਦੀ

ਰਾਤ ਬਸੰਤ ਦੀ
ਛੱਤਾਂ ਗਲ਼ੀ ਮੁਹੱਲੇ ਚੁੱਪ ਨੇ
ਗੋਲ਼ੀ ਸ਼ਹਿਰ ਦੀ ਹਿੱਕ ਵਿਚ ਮਾਰੀ ਕਿਹਨੇ
ਨੱਚਦੀ ਖ਼ਲਕਤ ਦੱਬ ਕੇ ਮਾਰ ਖਲ੍ਹਾਰੀ ਕਿਸ ਨੇ
ਜਿੱਤੀ ਇਸ਼ਕ਼ ਦੀ ਬਾਜ਼ੀ ਹਾਰੀ ਕਿਸ ਨੇ

ਬਾਲਾਂ ਨੂੰ ਕੋਈ ਕੀ ਸਮਝਾਵੇ
ਬੰਬ ਫਟਦੇ ਨੇ
ਕਿਹੜਾ ਢੋਲ ਵਜਾਵੇ
ਮੇਰੀ ਗਈ ਬਸੰਤ ਨੂੰ ਕਿਹੜਾ ਮੋੜ ਲਿਆਵੇ

## • ਮੈਂ ਤੇਰੀ ਆਵਾਜ਼ ਦਾ ਗਾਵਣ ਗਾਂਦਾ

ਮੈਂ ਅਪਣੀ ਆਵਾਜ਼ ਸੁਣੀ ਤੇ
ਇਹ ਤੇਰੀ ਆਵਾਜ਼ ਸੀ
ਮੈਂ ਤੇਰੀ ਆਾਵਜ਼ ਦੇ ਡੂੰਘੇ ਪਾਣੀਆਂ ਅੰਦਰ ਤਰਦਾਂ

ਨੀਲਿਆਂ ਅੰਬਰਾਂ ਤੋਂ ਡਿਗਦੀ ਬਰਖਾ
ਜੰਗਲਾਂ ਅੰਦਰ ਸਰ ਸਰ ਕਰਦੀ ਏ
ਤੇਰੀ ਹੀ ਆਵਾਜ਼ ਏ

ਮੈਂ ਤੇਰੀ ਆਵਾਜ਼ ਦੇ ਸੁਪਨੇ ਅੰਦਰ ਸੁੱਤਿਆਂ
ਟੁਰਿਆ ਜਾਂਦਾ ਗਾਂਦਾ
ਇਸ ਗਾਵਣ ਦੇ ਬੋਲ ਸਮਝ ਨਹੀਂ ਆਂਦੇ
ਜਾਗਣ ਸਾਰ ਹੀ ਭੁੱਲ ਜਾਂਦੇ ਨੇ

ਖੌਰੇ ਇਹ ਜਗ ਤੇਰੀ ਹੀ ਆਵਾਜ਼ ਦਾ ਭੁੱਲਿਆ ਬੋਲ ਏ ●



ਫ਼ੋਟੋਗ੍ਰਾਫ਼ : ਅਕਰਮ ਵੜੈਚ

ਮਜ਼ਹਰ ਤਿਰਮਜ਼ੀ (ਜਨਮ 1950, ਚੀਚਾਵਤਨੀ) ਦੀ ਸ਼ਾਇਰੀ ਦੀਆਂ ਪੰਜ ਕਿਤਾਬਾਂ ਛਪ ਚੁੱਕੀਆਂ ਨੇ। ਮਸ਼ਹੂਰ ਗੀਤ 'ਉਮਰਾਂ ਲੰਘੀਆਂ ਪੱਬਾਂ ਭਾਰ' ਇਹਦਾ ਹੀ ਲਿਖਿਆ ਹੋਇਆ ਏ।

ਕਵਿਤਾ

## ਮੋਨੀਕਾ ਕੁਮਾਰ

### ਰਿਸ਼ਤੇਦਾਰ ਨੂੰ ਕੀ ਲੱਗੇ

ਘਰੋਂ ਨਿਕਲ਼ਦਿਆਂ
ਅੱਗੋਂ ਕੋਈ ਟੱਕਰ ਜਾਂਦਾ ਏ
ਦੋ ਅਜਨਬੀਆਂ ਵਿਚ ਅਚਾਨਕ ਕੋਈ ਸਾਂਝਾ ਦੋਸਤ ਜਾਂ ਰਿਸ਼ਤੇਦਾਰ ਆ ਜਾਂਦਾ ਏ

ਉਹ ਸਾਨੂੰ ਇਕ ਦੂਜੇ ਨਾਲ਼ ਮਿਲਵਾਉਂਦਾ ਏ
ਬੜੀ ਘਬਰਾਹਟ ਨਾਲ਼ ਅਸੀਂ ਇਕ ਦੂਜੇ ਨੂੰ ਵੇਖਦੇ ਹਾਂ

ਉਹਦਾ ਚਿਹਰਾ ਮੇਰੇ ਲਈ ਉੱਕਾ ਹੀ ਨਵਾਂ ਸੀ
ਏਨਾ ਅਣਪਛਾਤਾ ਕਿ ਮੈਂ ਇਸ ਚਿਹਰੇ-ਮੁਹਰੇ ਵਾਲ਼ਾ ਕੋਈ ਆਦਮੀ ਨਹੀਂ ਵੇਖਿਆ ਸੀ
ਉਹਦੇ ਪਿੰਡ ਦਾ ਨਾਮ ਮੈਂ ਕਦੇ ਨਹੀਂ ਸੁਣਿਆ ਸੀ
ਉਹਨੂੰ ਵੀ ਮੇਰਾ ਚਿਹਰਾ ਸ਼ਾਇਦ ਨਵਾਂ ਲੱਗਾ
ਜਾਂ ਉਹ ਕਿਸੇ ਨਾਲ਼ ਮੇਰੀ ਸ਼ਕਲ ਰਲ਼ਾ ਰਿਹਾ ਸੀ

ਇਹ ਘੜੀ ਸਾਨੂੰ ਲੱਗਿਆ ਅਸੀਂ ਦੁਨੀਆ ਬਾਰੇ ਕੁਝ ਨਹੀਂ ਜਾਣਦੇ
ਪਿੰਡਾਂ ਦੇ ਨਾਮ ਕਿੰਨੇ ਰਹੱਸਮਈ ਨੇ
ਕੀ ਇਹ ਮੁਸਕਾਨ ਸਾਡੀ ਘਬਰਾਹਟ ਨੂੰ ਢੱਕ ਲਵੇਗੀ?

ਸਾਡੇ ਇਕਾਂਤ ਦਾ ਕਿਸੇ ਨੇ ਰੁਗ ਭਰ ਲਿਆ ਹੈ
ਬਿਨਾਂ ਵਜਹ ਇਸ ਪਿੰਡ ਦਾ ਨਾਂ ਹੁਣ ਯਾਦ ਆਉਂਦਾ ਰਹੇਗਾ ?

ਪਰ ਇਸ ਗੱਲ ਨਾਲ਼ ਸਾਡੇ ਰਿਸ਼ਤੇਦਾਰ ਨੂੰ ਕੀ ਲੱਗੇ
ਭਲੇਮਾਣਸ ਮਿੱਠਬੋਲੜੇ ਰਿਸ਼ਤੇਦਾਰ ਨੂੰ ਕੀ ਲੱਗੇ

### ਕਾਲਾ ਕੰਟੀਨ ਵਾਲਾ

ਕਿਸੇ ਆਦਮੀ ਨਾਲ਼ ਹਫੜਾ-ਦਫੜੀ ਵਿਚ ਗੱਲ ਕਰਦਿਆਂ
ਮੈਂ ਕਾਲ਼ੇ ਨੂੰ ਉਸ ਦਿਨ ਬਸ ਸਟੈਂਡ ਚੋਂ ਨਿਕਲਦਿਆਂ ਵੇਖਿਆ

ਕਾਲ਼ਾ ਬਸ ਸਟੈਂਡ 'ਤੇ!
ਮੈਂ ਕਾਲ਼ੇ ਨੂੰ ਓਥੇ ਵੇਖ ਕੇ ਹੈਰਾਨ ਹੋ ਗਈ
ਉਹਨੂੰ ਮੈਂ ਸਿਰਫ਼ ਕੰਟੀਨ ਵਿਚ ਦੇਖਿਆ ਹੈ

ਰਾਜਮਾਂਹ ਚੌਲ਼ ਤੇ ਕਦੇ ਹੋਰ ਪ੍ਰੋਗਰਾਮਾਂ 'ਤੇ ਸਮੋਸੇ ਵਰਤਾਉਂਦਿਆਂ
ਦਾਲ਼ਾਂ ਦੇ ਵਧਦੇ ਭਾਅ ਦੀ ਚਿੰਤਾ ਕਰਦਿਆਂ
ਵੱਧ ਗਏ ਪਰਾਹੁਣਿਆਂ ਨੂੰ ਵੀ ਖਿੱਚ ਕੇ ਰੋਟੀ ਪੂਰੀ ਕਰਦਿਆਂ
ਹੈੱਡਮਾਸਟਰ ਦੀ ਵਿਦਾਇਗੀ ਪਾਰਟੀ ਦੀ ਕੀਮਤ ਕਾਲ਼ਾ ਮਿੰਟਾਂ ਵਿਚ ਕੱਢ ਦਿੰਦਾ ਹੈ

ਚੁਕੰਨਾ ਤੇ ਚਿੰਤਾਤੁਰ
ਠੇਕੇਦਾਰੀ ਦੇ ਖਲਜਗਣ 'ਚ ਬੇਵਸ
ਕੰਟੀਨ ਚ ਕੰਮ ਕਰਦੇ ਪਰਵਾਸੀ ਮੁੰਡਿਆਂ ਨਾਲ਼ ਹਿੰਦੀ ਵਿਚ ਗੱਲ ਕਰਦਾ
ਕਾਲ਼ਾ ਹਾਸੋਹੀਣਾ ਪਰ ਕੁਸ਼ਲ ਵਪਾਰੀ ਹੈ
ਉਹਨੂੰ ਪਤਾ ਹੈ ਕੌਣ ਚਾਹ ਵਿਚ ਕਿੰਨੀ ਖੰਡ ਪੀਂਦਾ ਹੈ
ਕਿਸੇ ਨਾਲ਼ ਚਾਹ ਪੀਣ ਦੇ ਮਤਲਬ ਤੇ ਬੇਮਤਲਬ ਕਾਲਾ ਖ਼ੂਬ ਸਮਝਦਾ ਏ
ਇਹ ਹਿਸਾਬ ਰਖ ਕੇ ਪਰ ਉਹ ਟੈਮ ਨਹੀਂ ਖ਼ਰਾਬ ਕਰਦਾ
ਕਾਲ਼ੇ ਕੋਲ਼ ਏਨੀਆਂ ਸੂਚਨਾਵਾਂ ਹਨ
ਕਿ ਉਹ ਲੇਖਕ ਬਣ ਸਕਦਾ ਹੈ
ਪਰ ਕਾਲ਼ਾ ਅਕਲ-ਲਤੀਫ਼ ਹੈ
ਮੂੰਹ ਨੀਵਾਂ ਕਰਕੇ ਤੇਲ ਦੀ ਮਹਿਕ ਵਾਲ਼ੀ ਅਪਣੀ ਕਾਪੀ 'ਤੇ
ਉਹ ਰੋਜ਼ ਦੀਆਂ ਦੇਣਦਾਰੀਆਂ ਤੇ ਹੁਦਾਰੀਆਂ ਲਿਖਦਾ ਹੈ

ਇਹ ਸਭ ਤਾਂ ਠੀਕ ਹੈ, ਪਰ ਕਾਲ਼ਾ ਬਸ ਸਟੈਂਡ 'ਤੇ!
ਉਸ ਆਦਮੀ ਨਾਲ਼ ਕਾਲ਼ਾ ਕੀ ਗੱਲ ਕਰ ਰਿਹਾ ਸੀ?
ਕਿੱਥੋਂ ਆ ਰਿਹਾ ਸੀ?
ਮੈਨੂੰ ਲਗਦਾ ਸੀ ਕਾਲ਼ਾ ਕੰਟੀਨ ਵਿਚ ਹੀ ਮਿਲ਼ਦਾ ਹੈ
ਕਾਲ਼ੇ ਦੇ ਬਸ ਸਟੈਂਡ ਅਚਾਨਕ ਦਿਸ ਜਾਣ ਨਾਲ਼
ਮੇਰਾ ਕੋਈ ਭਰਮ ਟੁੱਟ ਗਿਆ ਹੈ
ਕਾਲ਼ਾ ਮੇਰੇ ਲਈ ਅਜਨਬੀ ਬਣ ਗਿਆ ਹੈ

## ਦੁਪਹਿਰ ਚੜ੍ਹਦਿਆਂ

ਦੁਪਹਿਰ ਚੜ੍ਹਦਿਆਂ ਮੈਂ ਅਪਣੇ ਆਪ ਨੂੰ ਭੁੱਲਣ ਲੱਗੀ ਸੀ
ਚੇਤਰ ਦੀ ਹਵਾ ਮੈਨੂੰ ਕਲ਼ਾਵੇ ਵਿਚ ਲੈ ਕੇ ਬੇਹੋਸ਼ ਕਰ ਦਿੰਦੀ ਹੈ
ਇਸਦੇ ਟੂਣੇ ਵਿਚ ਅਧਮੋਈ
ਮੈਂ ਸਭ ਭੁੱਲਣ ਲੱਗੀ ਸੀ
ਊਂਘ ਲੱਗੀ 'ਚ ਉਲਰਦੇ ਸਿਰ ਨੂੰ ਹੱਥ ਦਾ ਸਹਾਰਾ ਜੋ ਦਿੱਤਾ
ਅਚਾਨਕ ਹੱਥਾਂ ਚੋਂ ਲਸਣ ਦੀ ਗੰਧ ਆਈ
ਹੱਥਾਂ ਦੇ ਸੇਕ ਨਾਲ਼ ਇਹ ਗੰਧ ਹੋਰ ਡੂੰਘੀ ਹੋ ਗਈ ਸੀ
ਲਸਣ ਦੀ ਗੰਧ ਨੇ ਮੇਰੀ ਬਿਰਤੀ ਮੋੜ ਦਿੱਤੀ

ਮੈਨੂੰ ਹੌਲ਼ੀ-ਹੌਲ਼ੀ ਸਭ ਯਾਦ ਆ ਗਿਆ
ਸਾਡੇ ਕੋਠਿਆਂ ਤੇ ਬਨੇਰੇ ਬਹੁਤ ਛੋਟੇ ਸੀ
ਮੇਰੇ ਵਰਗੇ ਮਧਰੇ ਕਦ ਦਾ ਮਨੁੱਖ ਕੋਈ ਵੀ ਕੰਧ ਟੱਪ ਸਕਦਾ ਸੀ
ਸਾਡੇ ਸਾਰੇ ਗੁਆਂਢੀ ਦਿਨ ਵੇਲੇ ਮਿਲਾਪੜੇ ਸੀ

ਫੇਰ ਸੰਧਿਆ ਦਾ ਟੂਣਾ ਸਭ ਨੂੰ ਘੇਰ ਲੈਂਦਾ ਸੀ
ਮਾਵਾਂ ਅਪਣੇ ਬੱਚਿਆਂ ਨੂੰ ਗ਼ਲੀਆਂ ਚੋਂ ਧੂਹ ਕੇ
ਘਰਾਂ ਦੇ ਅੰਦਰ ਲੈ ਜਾਂਦੀਆਂ
ਮੈਨੂੰ ਯਾਦ ਆ ਗਿਆ
ਡਿਓੜ੍ਹੀਆਂ ਵਿਚ ਸੈਕਲ ਨਿਸੱਤ ਹੋ ਕੇ ਡਿੱਗੇ ਰਹਿੰਦੇ
ਤੇ ਬਾਪ
ਬਾਪ ਪਰਤ ਕੇ ਘਰ ਨੂੰ ਪ੍ਰਾਹੁਣਿਆਂ ਤਰ੍ਹਾਂ ਦੇਖਦੇ
ਨਿਆਣੇ ਸਵੇਰ ਤੋਂ ਵੱਡੇ ਹੋਏ ਲਗਦੇ
ਰਿੱਝਦੀ ਦਾਲ਼ ਦੀ ਮਹਿਕ ਕੋਠੇ ਤੱਕ ਉਡ ਜਾਂਦੀ
ਅਸੀਂ ਵਿਹੜੇ ਵਿਚ ਬੈਠੇ ਰੋਟੀ ਖਾਣ ਲੱਗਦੇ

## ਪਿਛਲੇ ਸਾਲ

ਪਛਲੇ ਸਾਲ ਮੈਂ ਅਠੱਤੀ ਵਰ੍ਹਿਆਂ ਦੀ ਹੋਈ
ਪਿਛਲੇ ਸਿਆਲ਼ ਲੱਗਾ ਜਿਵੇਂ
ਇਹ ਪਹਿਲਾ ਸਿਆਲ਼ ਹੈ
ਜਦੋਂ ਮੇਰੇ ਤੇ ਧੁੱਪ ਸੇਕਣ ਵਿਚਕਾਰ ਕੋਈ ਨਹੀਂ ਹੈ
ਮੈਂ ਕਿਸੇ ਪਾਰਕ ਵਿਚ ਧੁੱਪ ਸੇਕਦੀ ਸ਼ਲਗਮ ਖਾਂਦੀ
ਮੇਰੇ ਤੇ ਧੁੱਪ ਸੇਕਣ ਵਿਚਕਾਰ ਕੁਝ ਨਹੀਂ ਸੀ
ਮੈਂ ਦਿਲ ਨੂੰ ਅੰਦਰੋਂ ਕਢ ਕੇ ਧੁੱਪ ਲਵਾਈ
ਮੇਰੇ ਸਾਹਮਣੇ ਮਰ ਰਹੇ ਸੀ ਬੈਕਟੀਰਿਆ
ਮੇਰੇ ਤੇ ਧੁੱਪ ਵਿਚ ਸਭ ਅਪਣੀ ਮੌਤ ਮਰ ਰਿਹਾ ਸੀ

ਸੜਕ ਤੋਂ ਲੰਘ ਰਹੇ ਸੀ ਲੋਕ
ਪਰ ਮੇਰੇ ਤੇ ਧੁੱਪ ਵਿਚ ਕੋਈ ਨਹੀਂ ਸੀ
ਧੁੱਪ ਢਲ਼ਿਆਂ ਮੈਂ ਸਾਂਭ ਕੇ ਦਰੀ
ਪਰਤ ਰਹੀ ਸੀ ਘਰ ਨੂੰ
ਜੋ ਪਰਤ ਰਿਹਾ ਸੀ ਘਰ ਨੂੰ
ਕੋਈ ਸਾਧਾਰਣ ਮਨੁੱਖ ਨਹੀਂ ਸੀ
ਜੋ ਪਰਤ ਰਿਹਾ ਸੀ ਘਰ ਨੂੰ
ਕੋਈ ਚਮਤਕਾਰ ਸੀ
ਜੋ ਪਰਤ ਰਿਹਾ ਸੀ ਘਰ ਨੂੰ
ਉਹ ਸੋਚ ਰਿਹਾ ਸੀ
ਗ਼ਲਤ ਜੋ ਕੁਝ ਵੀ ਹੈ
ਉਹਨੂੰ ਰੋਕਿਆ ਜਾ ਸਕਦਾ ਹੈ ਵ



**Mobile : 94175 32822**
**E-mail : turtle.walks@gmail.com**

ਕਵਿਤਾਵਾਂ

## ਪਰਮਿੰਦਰ ਸੋਢੀ

- *ਛੁਹ ਤੋਂ ਪਾਰ ਮੇਰਾ ਪਿਆਰ*

ਮੈਂ ਕੋਈ ਪੱਤਝੜੀ ਪੱਤਾ
ਪਾਲੇ ਦੀ ਧੁੱਪ ਪਹਿਨ ਲੰਘ ਗਿਆ ਤੁਹਾਡੇ ਕੋਲੋਂ...

ਪਿਛਲੀ ਸਦੀ ਵਿਚ
ਕਿਸੇ ਕੱਚੇ ਘਰ 'ਚ ਚਲਦੇ
ਚਰਖੇ ਦੀ ਉਹ ਘੂਕ ਹਾਂ ਮੈਂ
ਜਿਸ ਨੂੰ ਸੁਣ ਕੇ ਕੋਈ ਜੋਗੀ
ਉਤਰ ਪਹਾੜੋਂ ਆਇਆ ਸੀ...

ਕਿਸੇ ਆਦਿ-ਕਾਲੀ ਧੂਣੀ ਕੋਲੋਂ
ਮੋਹ ਦੀਆਂ ਤੰਦਾਂ ਬੁਣਦੇ-ਬੁਣਦੇ
ਰਾਤ ਦੇ ਤੀਜੇ ਪਹਿਰ ਉੱਠ ਕੇ ਚਲੇ ਗਏ ਨੇ ਕੋਈ
ਉਸੇ ਧੂਣੀ 'ਚੋਂ ਉਠਦਾ ਧੂਆਂ ਨੇ ਮੇਰੇ ਬੋਲ...

ਮੈਂ ਤਾਂ ਇਕ ਪਰਵਾਜ਼ ਹਾਂ ਉਸ ਪੰਛੀ ਦੀ
ਜੋ ਪਿਛਲੀ ਦੁਪਹਿਰ
ਉਡਾਰੀ ਮਾਰ ਲੰਘ ਵੀ ਗਿਆ ਹੈ
ਤੁਹਾਡੇ ਉਪਰਲੇ ਅਸਮਾਨ ਤੋਂ...

ਮੈਂ ਤਾਂ ਰੌਸ਼ਨੀ ਹਾਂ
ਲੰਘੀ ਰੁੱਤ ਵਿਚ
ਬੀਤ-ਬੀਤਾ ਗਏ ਕਿਸੇ ਜੁਗਨੂੰ ਦੀ...

ਅਸਮਾਨ ਦੀ ਨੀਲੱਤਣ
ਜਿੰਨਾ ਭਾਰ ਹੈ ਮੇਰੇ ਪਿਆਰ ਦਾ...

ਸੱਤ ਸਮੁੰਦਰੋਂ ਪਾਰ
ਖ਼ਾਮੋਸ਼ ਬਲ ਰਹੇ ਦੀਵੇ ਦੀ ਲੋਅ ਹੈ ਮੇਰਾ ਵਜੂਦ...



ਮੇਰੀਆਂ ਪੱਤੀਆਂ ਤਾਂ
ਕਦੋਂ ਦੀਆਂ ਝੜ ਚੁੱਕੀਆਂ ਨੇ
ਹਲਕੀ ਜਿਹੀ ਮਹਿਕ ਹੈ
ਜਿਸ ਨੇ ਛਿਣ ਭਰ
ਰੁਕਣਾ ਵੀ ਜਾਂ ਨਹੀਂ ਤੁਹਾਡੇ ਕੋਲ...

- *ਤੇਰਾ ਹੋਣਾ*

ਤੇਰਾ ਦਿਲ ਤੇਰੀ ਰਾਜਧਾਨੀ
ਕੁਲ ਪਾਸਾਰਾ ਤੇਰਾ ਹੀ ਰਾਜ-ਭਾਗ...

ਤੇਰੀ ਹਕੂਮਤ ਹੀ ਸੱਚੀ ਹਕੂਮਤ
ਤੇਰਾ ਹੋਣਾ ਮੇਰੀ ਤਕਦੀਰ...

ਕਵੀ ਹੁਣ ਮਰਨ ਜਾਂ ਜੀਣ
ਜੋ ਤੇਰੀ ਮਰਜ਼ੀ...

ਤੇਰਾ ਸਮਕਾਲੀ ਹੋਣਾ
ਤੇਰਾ ਆਸ ਪਾਸ ਹੋਣਾ
ਕੋਈ ਛੋਟੀ ਗੱਲ ਨਹੀਂ ਹੈ...

ਇਹ ਸਾਰਾ ਖੇਲ ਸਮੇਂ ਤੋਂ ਪਾਰ ਜਾਣ ਦਾ
ਖੇਲ ਨਹੀਂ ਹੈ ਤਾਂ ਹੋਰ ਕੀ ਹੈ...

ਤੇਰੇ ਬਹਾਨੇ ਮੇਰੀ ਸਮਾਧੀ ਹੋ ਜਾਂਦੀ ਹੈ
ਕੀ ਇਹ ਥੋੜ੍ਹਾ ਹੈ...

- *ਜਾਣ ਤੋਂ ਪਹਿਲਾਂ*

ਮਿਲਿਆਂ ਨੇ ਵਿਛੜਨਾ ਤਾਂ ਹੁੰਦਾ ਹੀ ਹੈ

ਵਿਦਾ ਤਾਂ ਹੋਣਾ ਹੀ ਸੀ
ਕੁਝ ਦੇਰ ਹੋਰ ਗੱਲਾਂ ਕਰ ਲੈਂਦੀ
ਮੈਂ ਵੀ ਸੁਣਦਾ ਤੇ ਜੰਗਲ ਦੀ ਚੁੱਪ ਵੀ ਸੁਣ ਲੈਂਦੀ...

ਆਣ ਵਾਲਿਆਂ ਨੇ ਜਾਣਾ ਹੀ ਹੁੰਦਾ ਹੈ...

ਤੁਰ ਹੀ ਪਈ ਸੀ
ਤਾਂ ਇਕ ਵਾਰ ਪਰਤ ਕੇ ਦੇਖ ਲੈਂਦੀ
ਮੈਂ ਵੀ ਖ਼ੁਸ਼ ਤੇ ਕੋਲ ਖੜ੍ਹੀ ਧੁੱਪ ਵੀ...

ਪਾਣੀਆਂ ਨੇ ਤਾਂ ਵਗਣਾ ਹੀ ਹੁੰਦਾ ਹੈ...

ਵਿਦਾ ਤਾਂ ਹੋਣਾ ਹੀ ਸੀ
ਤਾਂ ਕੁਝ ਦੇਰ ਹੋਰ ਠਹਿਰ ਜਾਂਦੀ
ਮੈਂ ਵੀ ਬਰਸਦਾ ਤੇ ਅਸਮਾਨ ਵੀ ਬਰਸ ਲੈਂਦਾ...


ਵਸਲਾਂ ਦੀ ਹੋਣੀ ਹਿਜ਼ਰ ਹੀ ਹੁੰਦੀ...

ਜਾਣ ਹੀ ਲੱਗੀ ਸੀ
ਕੁਝ ਦੂਰ ਹੋਰ ਨਾਲ ਲੈ ਜਾਂਦੀ
ਮੈਂ ਵੀ ਥਾਂ ਸਿਰ ਹੋ ਜਾਂਦਾ ਤੇ ਕੁਦਰ ਦੇ ਸਾਜ਼ ਵੀ...

- *ਵਿਦਵਤਾ ਦੇ ਬੂਹੇ*

ਵਿਦਵਾਨ ਮੁੰਡਾ
ਮੰਚ 'ਤੇ ਪਰਚੇ ਪੜ੍ਹਦਾ ਰਿਹਾ
ਪੁਸਤਕਾਂ ਤੇ ਸਹਿ-ਪਾਠੀਆਂ ਨਾਲ
ਮਰਦਾ-ਖਪਦਾ ਰਿਹਾ
ਤੇ ਆਖ਼ਰ ਟੁੱਟੀ ਭੱਜੀ ਡਿਗਰੀ ਲੈ
ਰਾਜਧਾਨੀ ਦੇ ਰਾਹ ਪੈ ਗਿਆ...

ਕੁੜੀ ਨੇ ਕੁਝ ਵੀ ਨਹੀਂ ਕੀਤਾ
ਬਸ ਚੁੱਪਚਾਪ ਬਾਰੀ 'ਚ ਖੜ੍ਹੀ ਰਹੀ
ਮੀਰਾ, ਰਾਬੀਆ, ਰੂਮੀ ਤੇ ਬੁਲ੍ਹੇ ਸ਼ਾਹ
ਇਕੱਤਰ ਸੌ ਡਿਗਰੀਆਂ ਉਸ ਦੇ ਪੈਰਾਂ ਵਿਚ ਰੱਖ ਕੇ
ਕਾਲ ਦੀਆਂ ਪੌੜੀਆਂ ਉਤਰ ਗਏ...



- *ਹਾਰ ਦਾ ਗੀਤ*

ਫੇਰ ਕੀ ਹੋਇਆ
ਜੇ ਮੈਂ ਹਾਰਦਾ ਹਾਰਦਾ ਹਾਰਦਾ
ਹਾਰਦਾ ਚਲੇ ਗਿਆ

ਮੇਰੇ ਹੋਣ ਜਾਂ ਨਾ ਹੋਣ ਨਾਲ
ਕੀ ਫ਼ਰਕ ਪੈਣਾ ਸੀ

ਪਰ ਮੇਰਾ ਤੈਨੂੰ ਪਿਆਰ ਨਾ ਕਰ ਸਕਣਾ
ਤਾਂ ਕੁਦਰਤ ਲਈ ਵੀ
ਲਾਹਨਤ ਹੋ ਜਾਂਦੀ ਸੀ

ਤੇਰਾ ਹੋਣਾ ਹੀ ਕਾਫ਼ੀ
ਮੇਰੇ ਲਈ, ਕੁਦਰਤ ਲਈ
ਅਤੇ ਤੇਰੇ ਆਪਣੇ ਆਪ ਲਈ ਵੀ...

ਉਹ ਜੋ ਤੈਨੂੰ ਆਮ ਜਿਹਾ
ਸਮਝ ਕੇ ਅਗਲੇ ਰਾਹ ਤੁਰ ਗਿਆ ਹੈ
ਰੱਬ ਉਸ ਦਾ ਵੀ ਭਲਾ ਕਰੇ

ਅਸਮਾਨ ਨੂੰ ਛੂਹਣਾ ਵੀ
ਹਰ ਕਿਸੇ ਦੇ ਵੱਸ ਵਿਚ ਨਹੀਂ ਹੁੰਦਾ...

ਬੱਚਿਆਂ ਨੂੰ ਖੇਡਣ ਦੇ
ਪੰਛੀਆਂ ਨੂੰ ਚਹਿਚਹਾਉਣ ਦੇ
ਰੰਗਾਂ ਨੂੰ ਉਦਾਸ ਨਾ ਕਰ
ਮਹਿਕ ਨੂੰ ਆਪਣੇ ਕੋਲ ਬੈਠੇ ਰਹਿਣ ਦੇ
ਮੈਨੂੰ ਵੀ ਕਵਿਤਾ ਦੇ ਰਾਹ ਤੋਰੀ ਰੱਖ...

ਫੇਰ ਕੀ ਹੋਇਆ ਮੈਂ ਹਾਰ ਰਿਹਾ ਹਾਂ
ਦੁਖੀ ਤਾਂ ਉਦੋਂ ਹੋਵੀਂ
ਜਦੋਂ ਮੈਂ ਪਿਆਰ ਕਰਨਾ ਭੁੱਲ ਗਿਆ...

## • *ਕਿਸ ਲਈ*

ਇਹ ਕਿਸ ਲਈ
ਮਨ ਹੈ ਤੜਪਿਆ
ਇਹ ਕਿਸ ਲਈ ਹੋਇਆ ਦਿਲ ਹੈ ਉਦਾਸ...

ਜੋ ਅਚਾਨਕ ਕਿਸੇ ਕੋਨੇ ਵਿਚ
ਸਿਮਟ ਕੇ ਬੈਠਣ ਨੂੰ ਕੀਤਾ ਹੈ ਜੀਅ...

ਇਹ ਕੋਈ ਆਵਾਜ਼
ਕਿਸੇ ਆਦਿਕਾਲੀ ਪੁਰਖੇ ਦੀ
ਜਾਂ ਇਹ ਕੋਈ ਬੁਲਾ ਰਿਹਾ ਹੈ ਭਵਿੱਖ 'ਚੋਂ...
ਇਹ ਜੋ ਉੱਠਿਆ ਹੈ
ਅੰਦਰੋਂ ਇਕ ਵੈਰਾਗ ਜਿਹਾ...

ਇਹ ਕਿਸ ਲਈ ਮਨ ਹੈ ਤੜਪਿਆ
ਇਹ ਕਿਸ ਲਈ ਹੋਇਆ ਦਿਲ ਹੈ ਉਦਾਸ...!



ਪਰਮਿੰਦਰ ਸੋਢੀ ਆਪਣੇ ਸੁਭਾਅ ਵਰਗੀ ਹੀ ਕਵਿਤਾ ਲਿਖਦਾ ਹੈ ਸਹਿਜ, ਸਪਸ਼ਟ ਤੇ ਵਲ-ਫ਼ਰੇਬ ਤੋਂ ਰਹਿਤ। ਉਸ ਨੇ ਕਵਿਤਾ ਦੇ ਨਾਲ ਨਾਲ ਵਾਰਤਕ ਵੀ ਲਿਖੀ। ਉਸ ਦੀ ਹਰੇਕ ਲਿਖਤ ਵਿਚੋਂ ਜ਼ਿੰਦਗੀ ਨੂੰ ਪਿਆਰ ਕਰਨ ਤੇ ਖੁੱਲ੍ਹ ਕੇ ਜੀਣ ਦੇ ਝਲਕਾਰੇ ਪੈਂਦੇ ਹਨ। ਸੋਢੀ ਨੇ ਮੌਲਿਕ ਸਾਹਿਤ ਸਿਰਜਣਾ ਦੇ ਨਾਲ 'ਚੀਨੀ ਦਰਸ਼ਨ ਤਾਓਵਾਦ', 'ਜਾਪਾਨੀ ਹਾਇਕੂ ਸ਼ਾਇਰੀ', 'ਸੰਸਾਰ ਪ੍ਰਸਿੱਧ ਮੁਹਾਵਰੇ' ਅਤੇ 'ਸੰਸਾਰ ਪ੍ਰਸਿੱਧ ਕਥਨ' ਤੋਂ ਇਲਾਵਾ ਹੋਰ ਵੀ ਕਈ ਮਹੱਤਵਪੂਰਨ ਲਿਖਤਾਂ ਦੇ ਅਨੁਵਾਦ ਵੀ ਪੰਜਾਬੀ ਭਾਸ਼ਾ ਲਈ ਕੀਤੇ। ਪਿਛੇ ਜਿਹੇ ਛਪੀ ਕਾਵਿ-ਪੁਸਤਕ **ਅਚਾਨਕ ਆਈ ਪੱਤਝੜ** ਚਰਚਾ ਦਾ ਵਿਸ਼ਾ ਬਣੀ ਹੋਈ ਹੈ।

**e-mail : sodhiparminder@gmail.com**

[ਅਗਲੇ ਅੰਕ ਵਿਚ ਪਰਮਿੰਦਰ ਸੋਢੀ ਦੀ ਦਰਸ਼ਨ ਦਰਵੇਸ਼ ਨਾਲ ਇਕ ਗੰਭੀਰ ਮੁਲਾਕਾਤ]

ਕਵਿਤਾਵਾਂ

## ਭੁਪਿੰਦਰਪ੍ਰੀਤ

### • *ਸ਼ਰਾਬ*

ਥੋੜ੍ਹੀ ਧੁੱਪ ਢਲ ਜਾਣ ਦੇ
ਮੈਂ ਸ਼ਰਾਬ ਹੋ ਜਾਵਾਂਗੀ...

ਸੂਰਜ ਦੇ ਮੱਟ 'ਚੋਂ
ਕੱਢੀ ਸ਼ਰਾਬ

ਤੇ ਤੇਰੇ ਬੁੱਲ੍ਹਾਂ 'ਤੇ ਨਸ਼ੀਲੀਆਂ ਢਲਾਣਾਂ ਵੱਲ ਵਹਿੰਦੀ
ਥਿਰਕਦੇ ਸੰਨ੍ਹਾਟੇ 'ਚ ਘੁਲਦੀ
ਤੈਨੂੰ ਜੰਗਲੀ ਜੋਂ ਦੇ ਸਤ ਵਾਂਙ ਪੀਂਦੀ

ਖ਼ਾਲੀ ਕਰ ਜਾਵਾਂਗੀ
ਇਸ ਧਰਤੀ ਨੂੰ

ਗਲਾਸ ਦੀ ਤਰ੍ਹਾਂ...

### • *ਸੌਂਹ*



ਪਤਾ ਨਹੀਂ ਕੀ ਗੱਲ
ਕਿ ਦਿਨ ਬ ਦਿਨ ਮੇਰੀਆਂ ਕਵਿਤਾਵਾਂ
ਨੀਲੀਆਂ ਹੁੰਦੀਆਂ ਜਾ ਰਹੀਆਂ

ਖ਼ਾਮੋਸ਼ੀ ਹਰੀ

ਇਕੱਲਤਾ ਜ਼ਹਿਰਮੋਰੀ

ਤੇ ਬਰਫ਼
ਧੁਆਂਖੀ

ਮੈਂ ਇਹ ਗੱਲ
ਬਾਰਸ਼ 'ਚ ਭਿੱਜ ਕੇ ਨਸ਼ਟ ਹੋ ਚੁੱਕੀ ਇਕ
ਬੇਰੰਗ ਸਿਗਰਟ ਦੀ ਤਰ੍ਹਾਂ
ਸੌਂਹ ਖਾ ਕੇ ਲਿਖਦਾ ਹਾਂ

• *ਦੀਵਾਰ*

ਮੈਂ ਇਸ ਤਰਫ਼ ਆ ਰਿਹਾਂ

ਤੇ ਭੁਰਭੁਰੀ ਦੀਵਾਰ ਦੇ ਉਸ ਤਰਫ਼
ਮੈਨੂੰ ਆਪਣੇ ਜਾਣ ਦੀ ਆਵਾਜ਼ ਆ ਰਹੀ

ਮੈਂ ਆਉਣ ਤੇ ਜਾਣ ਦੇ ਕਿਸ
ਪੜਾਅ 'ਤੇ ਹਾਂ

ਮੇਰੇ ਤੋਂ ਬੇਹਤਰ
ਇਹ ਭੁਰਭੁਰੀ ਦੀਵਾਰ ਜਾਣਦੀ

ਜਿਸ ਨੂੰ ਡਿੱਗਣ ਤੋਂ ਬਚਾਉਣ ਲਈ ਰੋਜ਼ ਮੈਂ ਘਰੋਂ
ਪਾਣੀ ਤੇ ਰੇਤ ਲੱਭਣ
ਨਿਕਲਦਾ

• *ਮਿੱਟੀ ਰੰਗੀ ਅੰਗੀਠੀ*

ਰਾਤ ਮੇਰੇ ਤਨਾਵ 'ਚ ਹੋਰ ਕੱਸੀ ਜਾ ਰਹੀ
ਹੁਣ ਮੈਂ ਕਾਮਨਾ ਦੀ ਰੱਸੀ 'ਤੇ ਸਹਿਜੇ ਹੀ ਤੁਰ ਸਕਦਾਂ

ਤੇਰੀਆਂ ਛਾਤੀਆਂ 'ਚ ਛੁਪੇ ਮਟਮੈਲੇ ਸੰਖ ਦੀ ਆਵਾਜ਼ ਨਾਲ ਪਸਤ ਹੋ ਸਕਦਾ
ਇੰਦਰੀਆਂ 'ਚ ਛਿੜਿਆ ਯੁੱਧ

ਕੀ ਇਸ ਵਹਿੰਦੀ ਰਾਤ 'ਚ ਤੂੰ ਮੈਨੂੰ ਆਪਣਾ ਇਹ ਦੀਪ ਦਾਨ
ਕਰ ਸਕਦੀ...!

ਡਰ ਨਾ...ਮੈਨੂੰ ਅੰਧਕਾਰ 'ਤੇ ਪੂਰਾ ਵਿਸ਼ਵਾਸ ਹੈ

ਮੈਂ ਆਪਣੀ ਅਤਿ ਸੂਖ਼ਮ ਉਤੇਜਨਾ ਦੇ ਸਿਖ਼ਰ 'ਤੇ ਟਿਕਿਆ ਠਹਿਰਾਵ ਹਾਂ
ਤੇਰੀ ਸੰਕੋਚੀ ਛਾਇਆ ਨਾਲ
ਆਪਣੀ ਨਦੀ 'ਚ ਖੇਲਦਾ

ਮੇਰੀਆਂ ਸਿਮਰਤੀਆਂ 'ਚ ਤੇਰੀ ਜੰਗਲੀ ਸਿਸਕੀ
ਹੁਣ ਤਕ ਭਟਕ ਰਹੀ
ਮੈਨੂੰ ਦੁਬਾਰਾ ਉਹ ਜ਼ਖ਼ਮ ਚਾਹੀਦਾ
ਜੋ ਹਵਾ ਨਾਲ ਖੇਲਦਾ ਨਮਕ 'ਤੇ ਚਲਦਾ...

ਪਰ ਅੰਗ ਤਾਂ ਸਿਰਫ਼ ਵਾਹਨ ਹਨ

ਤੇਰੇ ਅਨੂਠੇ ਵਿਅਕਤੀਤਵ ਦੀ ਗਹਿਰਾਈ ਤਕ ਪਹੁੰਚਣ ਲਈ ਮੈਂ
ਰਾਹਦਾਰੀ ਮੰਗਦਾ

ਪ੍ਰਿਥਵੀ ਦੀ ਅੰਤਹੀਣ ਥਕਾਨ ਤੋਂ

ਕੀ ਤੂੰ ਮੇਰੀਆਂ ਅਨੁਭੂਤੀਆਂ ਨੂੰ ਪਿੱਠ ’ਤੇ ਲੱਦ ਕੇ ਹੁਣ ਵੀ
ਪਹਾੜ ਚੜ੍ਹ ਸਕਦੀ ਹੈ

ਤਨਾਵ ਨਾਲ ਭਰੀ ਇਹ ਰਾਤ ਕਿੰਨੀ ਨਿਰਛਲ ਹੈ
ਕਿ ਅੰਗਾਰ ਦੇ ਰੰਗ ਦਾ ਇਕ ਵਸਤਰ ਦੇਖ ਰਹੀ
ਮਿੱਟੀ-ਰੰਗੀ ਅੰਗੀਠੀ ’ਤੇ
ਝੂਲਦਾ...

- *ਇਕੱਲਤਾ ਦਾ ਈਕੋ-ਪੁਆਇੰਟ*

ਡਰ
ਆਪਣੀ ਅੰਤਿਮ ਉਚਾਈ ਤੋਂ ਮੇਰੇ ’ਤੇ ਡਿੱਗਦਾ
ਤੇ ਮੈਂ ਸ਼ਾਂਤ ਪਾਣੀ ’ਚ ਮੋਰ-ਪੰਖ ਦੀ ਤਰ੍ਹਾਂ ਕੰਬ ਜਾਂਦਾ



ਸੰਘਣੇ ਚੀੜ ਰੁੱਖਾਂ ਓਹਲਿਓਂ
ਲੱਗਦਾ ਕੋਈ ਭਾਲੂ ਆ ਦਬੋਚੇਗਾ
ਮੇਰੀ ਮਾਸੂਮੀਅਤ
ਜਾਂ ਲੂੰਬੜੀ ਕੋਈ ਹਮਲਾ ਕਰ ਦੇਵੇਗੀ
ਮੇਰੀ ਚਲਾਕੀ ’ਤੇ

ਮੈਂ ਚਓ ਤਰਫ਼ ਦੇਖਦਾਂ

ਜੰਗਲ ਆਪਣੀ ਆਦਿ-ਪ੍ਰਵਿਰਤੀ ’ਚ ਮੈਨੂੰ ਕੱਸ ਰਿਹਾ
ਤੇ ਮਿੱਟੀ ’ਤੇ ਡਿੱਗੇ ਧੁੱਪ-ਟੁਕੜੇ ਮੈਨੂੰ ਪੀਲਾ ਕਰ ਰਹੇ

ਡਰ ਨਾਲ ਭਰਿਆ
ਆਪਣੀ ਇਕੱਲਤਾ ਦੇ ਈਕੋ-ਪੁਆਇੰਟ ’ਤੇ ਖੜ੍ਹਾ ਹੋ
ਗਹਿਰੀ ਖਾਈ ਅੰਦਰ ਝਾਕਦਾਂ
ਇਕ ਪ੍ਰੇਤ ਤਿੰਨ ਵਾਰ ਮੇਰਾ ਨਾਂ ਪੁਕਾਰਦਾ
ਲੁਪਤ ਹੋ ਜਾਂਦਾ

ਸਹਿਮ ਕੇ ਪਾਣੀ ’ਚ ਤੱਕਦਾ
ਹਜ਼ਾਰ ਮਰੀਆਂ ਮੱਛੀਆਂ ਦਿਸਦੀਆਂ

ਕੀ ਕਰਾਂ...ਕਿਸ ਨੂੰ ਦੇਵਾਂ ਆਵਾਜ਼

ਕੰਬਦਾ ਪੱਥਰ ਨਾਲ ਢਾਸਨਾ ਲਾ
ਜੇਬ ’ਚੋਂ ਕਾਗ਼ਜ਼ ਪੈੱਨ ਕੱਢਦਾਂ
ਤੇ ਆਪਣੀ ਆਤਮਾ ਦੀ ਅੰਤਿਮ ਉਚਾਈ ’ਤੇ ਬਣੀ
ਚੈੱਕ-ਪੋਸਟ ’ਤੇ ਹਮਲਾ ਕਰ ਦੇਂਦਾ...

• *ਮੇਜ਼ਪੋਸ਼*

ਮੇਜ਼ਪੋਸ਼ 'ਤੇ ਪਹਾੜ ਬਣੇ ਹੋਏ
ਤੇ ਇਕ ਚੀਨੀ ਕੁੜੀ ਹਿਮਸਿਖ਼ਰਾਂ ਵੱਲ ਦੇਖ ਰਹੀ

ਚਾਹ ਦੀ ਕੇਤਲੀ 'ਚੋਂ ਧੂੰਆਂ ਉੱਠ ਰਿਹਾ

ਤੇਰੇ ਹੱਥ ਕੰਬ ਰਹੇ
ਤੇ ਪੈਰ
ਯਾਤਰਾ ਦੇ ਸੁਪਨ-ਚਿੰਨ੍ਹਾਂ ਦੇ ਨਾਲ ਨਾਲ ਤੁਰ ਰਹੇ

ਮੈਂ ਕਹਿੰਦਾ—
ਚਾਹ ਬਣਾ

ਤੂੰ ਪਹਾੜ ਦੇ ਪੈਰਾਂ 'ਚ ਕੇਤਲੀ ਰੱਖ ਦੇਂਦੀ ਹੈ

ਚੀਨੀ ਕੁੜੀ
ਤੇਰੇ ਵਣ 'ਚ ਵਹਿੰਦੀ ਉਦਾਸ ਇਕੱਲੀ ਹਵਾ ਨੂੰ
ਸੁਣਦੀ

ਤੇ ਤੈਨੂੰ ਆਪਣੇ ਹਿਮਸਿਖ਼ਰਾਂ 'ਤੇ ਆਮੰਤਰਿਤ ਕਰਦੀ...

• *ਤਸਵੀਰ*

ਜਿਸ ਬਰਫ਼ ਝਰਨੇ ਕੋਲ
ਮੈਂ ਤੇਰੀ ਮਦਹੋਸ਼ ਇਕੱਲਤਾ ਨੂੰ ਕਲਿਕ ਕੀਤਾ
ਉਹ ਝਰਨਾ...ਤੂੰ...ਮੈਂ
ਕਦੇ ਤਸਵੀਰ 'ਚ ਨਹੀਂ ਬਦਲ ਸਕਦੇ

ਉਸ ਜਗ੍ਹਾ
ਮੈਂ ਈਸ਼ਵਰ ਨੂੰ...
ਉਹਦੇ ਆਰੰਭ ਤੋਂ ਤੋੜਦਾ
ਆਪਣੀ ਦੇਹ 'ਚ ਪਈਆਂ
ਤੇਰੇ ਸਪਰਸ਼ ਦੀਆਂ ਤਾਨਾਸ਼ਾਹ ਪ੍ਰਵਿਰਤੀਆਂ ਕੋਲ ਲੈ ਆਉਂਦਾ
ਜਿਥੋਂ ਤੇਰੇ ਜਿਸਮ 'ਚੋਂ ਖਿੱਚੀ ਨਜਾਇਜ਼ ਬਿਜਲੀ 'ਚ
ਮੇਰਾ ਪਾਵਨ ਹਨੇਰਾ ਖਿੜ ਉੱਠਦਾ

ਮੈਨੂੰ ਯਕੀਨ ਹੋ ਜਾਂਦਾ
ਕਿ ਪ੍ਰਕ੍ਰਿਤੀ ਤੋਂ ਪਰ੍ਹੇ ਨਹੀਂ ਹਨ ਦੁਨੀਆ ਦੇ ਕੈਮਰੇ
ਤੇ ਨਮ ਅੱਖਾਂ ਕਦੇ ਤਸਵੀਰ 'ਚ ਨਹੀਂ ਬਦਲ ਸਕਦੀਆਂ

ਆਪਣੀ ਆਤਮਾ 'ਚ ਸਾਂਭੇ

ਤੇਰੇ ਸਾਰੇ ਦ੍ਰਿਸ਼ਾਂ ਲਈ ਮੈਂ
ਸ਼ਬਦਾਂ 'ਚ ਅਦ੍ਰਿਸ਼ ਫਰੇਮ ਲੱਭਦਾ

ਮੈਨੂੰ ਤੇਰੀ ਬਾਰਸ਼ ਸੁਣਦੀ
ਮੈਂ ਘਣਘੋਰ ਲਿਖਦਾ
ਪੈਨ ਦੀ ਪ੍ਰਛਾਈ ਹੇਠ ਤੇਜ਼ ਚਲਦੇ ਸ਼ਬਦ
ਤਿਲਕਦੇ ਡਰਦੇ
ਕਿਸੇ ਕਾਵਿ-ਦੁਰਘਟਨਾ ਤੋਂ

ਤੇ ਲਿਖ ਲਿਖ ਮੈਂ ਮੁਕਤ ਹੋਣ ਲੱਗਦਾ
ਤੈਨੂੰ ਪਾਉਣ ਦੀ ਚਾਹਤ ਤੋਂ
ਕਿ ਪਾਈ ਹੋਈ ਹਰ ਸ਼ੈਅ ਤਸਵੀਰ ਹੋ ਜਾਂਦੀ

ਤੇਰੀ ਅਦ੍ਰਿਸ਼ਟਤਾ ਤੇ ਇਕੱਲਤਾ ਨੂੰ ਘੋਲ ਪੀ ਜਾਂਦਾ ਇਕੋ ਸਾਹੇ
ਵੋਦਕਾ 'ਚ

ਤਾਂ ਕਿ ਜਦ ਵੀ ਆਏ ਨਸ਼ਿਆਈ ਮੌਤ

ਥੋੜੀ ਦੇਰ ਲਈ ਛੱਡ ਦਏ ਮੈਨੂੰ ਤੇਰੇ ਹੱਥਾਂ 'ਚ
ਤਸਵੀਰ ਸਮਝ

- *ਸੰਖਲਨ*

ਤੇਰੇ ਬਾਰੇ ਸੋਚਦਾਂ...

ਜਿਸ ਦੀ ਕਵਿਤਾ ਲੰਘ ਰਹੀ ਅੱਜ ਕੱਲ੍ਹ ਮੀਨੋਪਾਜ਼ ਦੇ ਦਿਨਾਂ 'ਚੋਂ
ਥੋੜੀ ਚਿੜਚਿੜੀ...

ਤੇਰੇ ਅਦ੍ਰਿਸ਼ਟ ਹੱਥਾਂ ਨਾਲ ਆਪਣੀ ਨਿੱਜਤਾ ਗੁੰਨ੍ਹ ਰਿਹਾ...
ਵਿਉਂਤ 'ਚ ਕਰ ਰਿਹਾਂ ਮਾਨਸਿਕ ਪ੍ਰੇਸ਼ਾਨੀ
ਆਪਣੀ ਕਲਪਨਾ 'ਚ ਤੇਰੀ ਝੁੰਜਲਾਹਟ ਭੋਰਦਾ
ਓਨਾ ਕੁ ਵੀ ਨਹੀਂ ਹਾਂ ਇਸ ਵੇਲੇ ਜਿੰਨਾ ਕੁ ਪੋਰਨ ਮੂਵੀ ਦੀ
ਸਕਰੀਨ 'ਤੇ ਬਿੰਦੂ ਜਿਹਾ ਕੀੜਾ



ਲੱਗਦਾ ਆਲੇ-ਦੁਆਲੇ ਬਿਖਰੀਆਂ ਚੀਜ਼ਾਂ 'ਚ ਕਿਤੇ ਮੇਰਾ ਅਭਾਵ ਸੀ...
ਇਹ ਮੇਰੀ ਊਰਜਾ ਦੁਆਰਾ ਅਨੁਭਵ ਹੋਣਾ ਲੋਚਦੀਆਂ ਸਨ...ਜਿਵੇਂ ਇਹ
ਪੇਚਕਸ ਅਤੇ ਪੇਚ 'ਤੇ ਪਈਆਂ ਵੀਰਯ-ਬੂੰਦਾਂ...

ਮਰੇ ਸੱਪ ਵਾਂਗ ਮੇਰਾ ਭੂਰਾ ਅੰਡਰਵੀਅਰ ਕਮਰੇ ਦੀ ਨੁੱਕਰ 'ਚ ਪਿਆ

ਅਲਫ਼ ਹਾਂ...ਪਰ ਆਤਮਾ-ਹੀਣ ਨਹੀਂ

ਮੇਰੀ ਅਸ਼ਲੀਲਤਾ ਨੇ ਮੈਨੂੰ ਢੱਕ ਲਿਆ

ਸੰਖਲਨ ਤੋਂ ਬਾਅਦ ਇਕ ਮਿੰਟ ਦਾ ਮੌਨ ਹਾਂ ਮੈਂ...ਹਲਕਾ

ਆਤਮਾ ਦਾ ਪਰਮ ਅੰਸ਼

• *ਕੁਝ ਵੀ ਨਹੀਂ ਹੋ ਰਿਹਾ*

ਮੇਰੇ ਕਮਰੇ 'ਚ ਫਾਨੂਸ ਨਹੀਂ ਹੈ

ਬਲਬ ਦੀ ਰੌਸ਼ਨੀ 'ਚ
ਕਿਰਲੀ ਪੀਲੀ ਜੀਭ ਕੱਢ ਰਹੀ

ਲਾਲ ਸੋਫ਼ੇ 'ਤੇ
ਸਿਲਕ ਦੇ ਕੁਸ਼ਨ ਇਕ ਪਿੱਠ ਨੂੰ ਲੱਭਦੇ
ਦਮ ਤੋੜ ਰਹੇ
ਬਾਂਸ ਦੀਆਂ ਕੁਰਸੀਆਂ 'ਚ ਲੱਗਾ ਸਿਉਂਕ ਦਾ ਪਹਿਲਾ ਕੀੜਾ
ਖ਼ਾਮੋਸ਼ੀ 'ਚ ਸਰਸਰਾ ਰਿਹਾ

ਸੈਂਟਰ ਟੇਬਲ 'ਤੇ ਡੋਲ ਰਿਹਾ
ਮੇਰਾ ਕੇਂਦਰ ਬਿੰਦੂ

ਬਿਸਤਰੇ 'ਤੇ ਪਿਆ
ਸ਼ੋਸ਼ਿਤ ਹੋਈ ਔਰਤ ਦੀ ਤਰ੍ਹਾਂ
ਮੇਰੇ ਹੱਥ ਦੀ ਆਦਤ ਤੋਂ ਉਕਤਾਇਆ ਪੈੱਨ

ਨਰਮ ਗਲੀਚੇ ਦੀਆਂ ਗੁੰਝਲਾਂ 'ਚ
ਟੁੱਟ ਕੇ ਡਿੱਗਾ ਪਿਆ
ਮੇਰੀਆਂ ਬੇਚੈਨ ਉਂਗਲਾਂ 'ਚੋਂ ਇਕ ਸਪਰਸ਼

ਕੁਝ ਵੀ ਨਹੀਂ ਹੋ ਰਿਹਾ

ਜਦ ਕਿ ਨਾ ਹੋਣ 'ਚੋਂ ਹੀ ਚੀਜ਼ਾਂ
ਗਤੀ ਲੈ ਰਹੀਆਂ

ਜਿਉਂ ਮੈਂ
ਇਨ੍ਹਾਂ 'ਚ ਛੁਪੇ ਤੇਰੇ ਪ੍ਰਵਾਹ ਤੋਂ ਵ



**ਭੁਪਿੰਦਰਪ੍ਰੀਤ** ਅਸਲੋਂ ਆਧੁਨਿਕ ਮੁਹਾਵਰੇ ਵਾਲੀ ਕਵਿਤਾ ਲਿਖਣ ਵਾਲਾ ਸ਼ਾਇਰ ਹੈ। ਕਵਿਤਾ ਵਿਚ ਨਿੱਤ ਨਵੇਂ ਪ੍ਰਯੋਗ ਨੂੰ ਅੰਜ਼ਾਮ ਦੇਣ ਵਾਲੇ ਇਸ ਸ਼ਾਇਰ ਨੇ ਵਾਰਤਕ ਕਵਿਤਾ ਵੀ ਲਿਖਣੀ ਸ਼ੁਰੂ ਕੀਤੀ ਹੈ। ਭੁਪਿੰਦਰਪ੍ਰੀਤ ਕਵਿਤਾ ਵਿਚਲੀ ਸਪੇਸ਼ ਦੀ ਮਹੱਤਵ ਨੂੰ ਬੜੀ ਚੰਗੀ ਤਰ੍ਹਾਂ ਸਮਝਦਾ ਹੈ। ਇਹੀ ਕਾਰਨ ਹੈ ਉਹ ਅੱਜ ਦੇ ਦੌਰ ਵਿਚ ਸ਼ਾਮਿਲ ਨਹੀਂ ਹੁੰਦਾ ਤੇ ਕਵਿਤਾ ਨੂੰ ਛਪਵਾਉਣ ਦੀ ਕਾਹਲੀ ਵਿਚ ਨਹੀਂ ਰਹਿੰਦਾ। ਸੰਪਰਕ : 99152-20430



ਭਾਈ ਲਾਲੋ ਦੇ ਪਿੰਡ ਏਮਨਾਬਾਦ ਦਾ ਮੰਦਿਰ.
ਫ਼ੋਟੋਕਾਰ: ਅਮਰਜੀਤ ਚੰਦਨ. 1998

# ਕਵਿਤਾ ਤੋਂ ਨਿਆਰੇ

## ਅਮਰਜੀਤ ਚੰਦਨ

ਲਿਖਾਰੀ ਹਰ ਵੇਲੇ ਲਿਖਣ ਦਾ ਸੋਚਦਾ ਰਹਿੰਦਾ ਹੈ। ਬੰਦੇ ਨਾਲ਼ ਐਨਾ ਕੁਝ ਹੁੰਦਾ ਹੈ; ਨਾ ਉਹ ਸਾਰਾ ਚੇਤੇ ਰਹਿਣਾ ਹੁੰਦਾ ਹੈ ਤੇ ਨਾ ਸਭ ਕੁਝ ਲਿਖਤ ਚ ਆਉਂਦਾ ਹੈ। ਕਿਤੇ ਕਿਸੇ ਵੇਲੇ ਹੋਇਆ ਕੁਝ ਓਸੇ ਵੇਲੇ ਹੀ ਕਵਿਤਾ ਨਹੀਂ ਬਣਦਾ, ਵਰ੍ਹਿਆਂ ਮਗਰੋਂ ਵੀ ਬਣ ਸਕਦਾ ਹੈ। ਕਈ ਵੇਰ ਕਦੇ ਵੀ ਨਹੀਂ ਬਣਦਾ। ਕੌਣ ਜਾਣੇ – ਕਿਸੇ ਗੱਲ ਦੀ ਕਵਿਤਾ ਕਿਉਂ ਬਣਦੀ ਹੈ; ਕਿਸੇ ਦੀ ਕਹਾਣੀ ਕਿਉਂ ਤੇ ਕੋਈ ਗੱਲ ਕੋਮਲ ਲੇਖ ਚ ਹੀ ਕਿਉਂ ਲਿਖ ਹੁੰਦੀ ਹੈ? (ਲਹਿੰਦੇ ਪੰਜਾਬ ਦੇ ਲਿਖਾਰੀ ਫ਼ਰਾਂਸੀਸੀ ਸ਼ਬਦ ਬੈੱਲ ਲੈਤ੍ਰ Belle lettre ਨੂੰ 'ਕੋਮਲ ਲੇਖ' ਕਹਿੰਦੇ ਹਨ।)

ਉਸ ਗੱਲ ਦੀ ਮਿਸਾਲ ਤਾਂ ਹੋ ਨਹੀਂ ਸਕਦੀ, ਜਿਹਦਾ ਹੋਰ ਕਿਸੇ ਨੂੰ ਪਤਾ ਹੀ ਨਹੀਂ ਤੇ ਨਾ ਹੀ ਲੱਗਣਾ ਹੈ; ਜਿਹੜੀ ਗੱਲ ਕਦੇ ਵੀ ਕਿਸੇ ਨੇ ਉਭਾਸਰਨੀ ਨਹੀਂ। ਅਣਦੱਸਿਆ ਅਣਦਿਸਦਾ 'ਡਾਰਕ ਮੈਟਰ' ਹੈ। ਇਹ ਉਹ ਭੇਤ ਹੈ, ਜਿਹਦੇ ਦੱਸਣ ਨਾਲ਼ ਕਿਸੇ ਦਾ ਦਿਲ ਨਹੀਂ ਢੱਠਣਾ। ਲਿਖਾਰੀ ਨੂੰ ਬਾਤ ਪਾਣ ਦੀ ਜਾਚ ਹੈ। ਕਿੰਨੇ ਲੋਕ ਹਨ, ਜਿਨ੍ਹਾਂ ਨੂੰ ਦੱਸਣ ਦਾ ਵੱਲ ਨਹੀਂ। ਉਨ੍ਹਾਂ ਦੇ ਦਿਲ ਨੂੰ ਜੀਭ ਵੀ ਲਿਖਾਰੀ ਹੀ ਲਾਉਂਦਾ ਹੈ। ਲਿਖਾਰੀ ਰੱਬ ਦਾ ਮੁਣਸ਼ੀ ਹੈ। ਇਸ ਦੁਨੀਆ ਚ ਲੱਗੇ ਉਹਦੇ ਦਰਬਾਰ ਦਾ ਵਾਕਿਆਨਵੀਸ। ਦਮੋਦਰ।


ਸੰਨ ਸੰਤਾਲ਼ੀ ਦੀਆਂ ਪੰਜਾਬੀਆਂ ਨੇ ਬੜੀਆਂ ਕਹਾਣੀਆਂ ਪਾਈਆਂ ਹਨ; ਸ਼ਾਇਰੀ ਥੋਹੜੀ ਕੀਤੀ ਹੈ। (ਉਸ ਵੇਲੇ ਦੀ ਸਭ ਤੋਂ ਮਾੜੀ ਕਵਿਤਾ ਮੋਹਨ ਸਿੰਘ ਦੀ ਹੈ)। ਕਹਾਣੀ ਦੇ ਉਸਤਾਦ ਪ੍ਰੇਮ ਪ੍ਰਕਾਸ਼ ਕੋਲ਼ੋਂ ਅੱਖੀਂ ਡਿੱਠੇ ਦੀ ਕਹਾਣੀ ਨਹੀਂ ਬਣੀ। ਉਹ ਕੁਝ ਗੱਲਾਂ ਹੀ ਦੱਸ ਸਕਿਆ ਹੈ।

ਨਿੱਕੇ-ਹੁੰਦਿਆਂ ਦੀ ਪੜ੍ਹੀ ਖ਼ਬਰ ਮੈਨੂੰ ਕਦੇ ਨਹੀਂ ਭੁੱਲਦੀ ਕਿ ਸੰਨ 1959 ਦੇ ਖ਼ੁਸ਼ਹੈਸੀਅਤੀ ਟੈਕਸ ਦੇ ਮੋਰਚੇ ਵੇਲੇ ਕਿਸੇ ਗੁਰਮੁਖ ਨੂੰ ਲਾਲ ਝੰਡਾ ਨਾ ਲੱਭਾ, ਤਾਂ ਉਹਨੇ ਫੁਲਕਾਰੀ ਬਨੇਰੇ 'ਤੇ ਟੰਗ ਦਿੱਤੀ ਸੀ। ਇਹ ਬਿੰਬ ਕਿਸੇ ਤਸਵੀਰ, ਫ਼ਿਲਮ ਜਾਂ ਕਵਿਤਾ ਚ ਆਉਣ ਵਾਲ਼ਾ ਬਿੰਬ ਹੈ। ਮੈਂ ਤੋਂ ਇਹਦੀ ਕਵਿਤਾ ਨਾ ਬਣੀ। ਇਹਦੀ ਗੱਲ ਵੀ ਮੈਂ ਕਾਗ਼ਜ਼ ਨੂੰ ਹੁਣ ਪਹਿਲੀ ਵਾਰੀ ਦੱਸ ਰਿਹਾ ਹਾਂ। ਉਹ ਖ਼ਬਰ ਪੜ੍ਹ ਕੇ ਜੋ ਮੇਰੇ 'ਤੇ ਬੀਤਦੀ ਰਹੀ ਹੈ, ਓਦਾਂ ਕਿਸੇ ਹੋਰ 'ਤੇ ਵੀ ਬੀਤੀ ਹੋਵੇਗੀ? ਕਿਸ ਤਰ੍ਹਾਂ? ਜੇ ਨਹੀਂ, ਤਾਂ ਕਿਉਂ ਨਹੀਂ? ਉਸ ਗੁਰਮੁਖ ਦੀ, ਲਾਲ ਝੰਡੇ ਤੇ ਫੁਲਕਾਰੀ ਦੀ ਗੱਲ ਮੈਂ ਹੀ ਕਿਉਂ ਕਰ ਰਿਹਾ ਹਾਂ? ਇਹ ਫੁਲਕਾਰੀ ਤਾਂ ਉਹ ਸੁਪਨਾ ਹੈ, ਜਿਹੜਾ ਵਰ੍ਹਿਆਂ ਮਗਰੋਂ ਚਾਣਚਕ ਚੇਤੇ ਆਉਂਦਾ ਹੈ ਤੇ ਬੰਦੇ ਨੂੰ ਹੈਰਾਨ ਕਰ ਦਿੰਦਾ ਹੈ।

ਮੈਂ ਤੋਂ ਕਿਤਨੇ ਪਿੰਡ ਦੇ ਹਜ਼ਾਰਾ ਰਾਮ ਦੀ ਵੀ ਨਾਂ ਲੈ ਕੇ ਕਵਿਤਾ ਨਾ ਬਣੀ, ਜਿਹੜਾ ਕੋਟਫਤੂਹੀ ਪਿੰਡ ਦੇ ਬੱਸ ਅੱਡੇ 'ਤੇ ਗੋਸ਼ਤ ਵੇਚ ਕੇ ਕਿਰਤ ਕਮਾਉਂਦਾ ਸੀ। ਉਹਨੇ ਅਪਣੇ ਖੋਖੇ 'ਤੇ ਲਾਲ ਝੰਡਾ ਲਹਿਰਾਇਆ ਹੋਇਆ ਸੀ। ਖ਼ਾਲਿਸਤਾਨੀ ਹਜ਼ਾਰਾ ਰਾਮ ਨੂੰ ਜਾਨੋਂ ਮਾਰ ਕੇ ਨੱਸ ਗਏ। ਮੇਰੀ ਕਵਿਤਾ ਲਾਲ ਝੰਡਾ ਚ 'ਮਿਹਨਤਕਸ਼ ਦੀ ਪੱਗ ਦਾ ਸ਼ਮਲਾ' ਵੀ ਲਾਲ ਝੰਡਾ ਹੀ ਹੈ, ਜਿਉਂ ਫੁਲਕਾਰੀ ਲਾਲ ਝੰਡਾ ਸੀ। ਉਹ ਕਵਿਤਾ ਲਿਖਦਿਆਂ ਹਜ਼ਾਰਾ ਰਾਮ ਅਖ਼ਬਾਰ ਚ ਛਪੀ ਅਪਣੀ ਤਸਵੀਰ ਚੋਂ ਮੇਰੀ ਵਲ ਦੇਖੀ ਜਾਂਦਾ ਸੀ। ਫੇਰ ਮੈਂ ਡਿੱਠਾ, ਓਨ ਸ਼ਮਲੇ ਵਾਲ਼ੀ ਪੱਗ ਬੰਨ੍ਹੀ ਹੋਈ ਹੈ। ਉਹ ਅਪਣੀ ਮਾਂ ਨਾਲ਼ ਕਮਿਉਨਿਸਟਾਂ ਦੇ ਮੇਲੇ ਚੱਲਿਆ ਸੀ।

ਨਾ ਮੈਂ ਤੋਂ ਝਨਾਂ ਦੇ ਕੰਢੇ ਵਸੇ ਸ਼ਹਿਰ ਵਜ਼ੀਰਾਬਾਦ ਦੇ ਹਫ਼ੀਜ਼ ਖ਼ਿਲਜੀ ਦੀ ਕਵਿਤਾ ਬਣੀ, ਜਿਹਨੂੰ ਮੈਂ ਸੰਨ 1998 ਚ ਓਥੇ ਗਿਆ ਮਿਲ਼ਿਆ ਸੀ। ਇਹਨੇ ਬਾਬਰੀ ਮਸਜਿਦ ਵੇਲੇ ਵਜ਼ੀਰਾਬਾਦ ਏਮਨਾਬਾਦ ਦੇ ਮੰਦਿਰ ਢਹਿਣੋਂ ਬਚਾਏ ਸੀ। ਬੋਲਾਂ ਦੇ ਸੰਜਮੀ ਹਫ਼ੀਜ਼ ਦੀ ਅਕਰਮ ਵੜੈਚ ਨੇ ਸਿਆਣ ਕਰਵਾਈ ਸੀ – ਜਦੋਂ ਜਮਾਤ-ਏ-ਇਸਲਾਮੀ ਵਾਲ਼ੇ ਓਧਰ ਆਣ ਲੱਗੇ, ਖ਼ਿਲਜੀ ਆਖਿਆ: ਜਿਹੜਾ ਏਧਰ ਆਇਆ, ਲੱਤਾਂ ਭੰਨ ਦਿਆਂਗੇ। ਉਹ ਨੱਸ ਗਏ। ਮੰਦਿਰ ਸਾਬਤ ਖਲੋਤੇ ਨੇ। ਇਹ ਸ਼ਾਇਰ ਏ। ਬੰਸਰੀ ਵਜਾਂਦਾ ਏ। ਸੈਫ਼ਉੱਲ ਮਲੂਕ ਸੁਣਦਾ ਏ। ਮਾਪੇ ਸੰਤਾਲ਼ੀ ਚ ਜੰਮੂਓਂ ਆਏ। ਕੋਈ ਕੰਮ ਨਹੀਂ ਕਰਦਾ। ਸਿਰਫ਼ ਸਿਆਸਤ।- ਮੈਂ ਉਹਦੀ ਵਲ ਅਚੰਭੇ ਨਾਲ਼ ਦੇਖਿਆ। ਮੇਰੇ ਮੂੰਹੋਂ ਨਿਰੀ 'ਵਾਹ' ਨਿਕਲ਼ੀ ਸੀ।

ਪਿਛਲੇ ਦਿਨੀਂ ਖ਼ਿਲਜੀ ਮੈਨੂੰ ਬੜਾ ਚੇਤੇ ਆਇਆ। ਮੈਂ ਅਕਰਮ ਕੋਲ਼ੋਂ ਇਹਦੀ ਫ਼ੋਟੋ ਮੰਗਵਾਈ। ਹੁਣ ਮੈਂ ਇਹਦੀ ਫ਼ੋਟੋ ਦੇਖਦਾ ਸੋਚਦਾ ਹਾਂ – ਵਾਹ! ਮਨਮੁਖ ਏਸ ਬੰਦੇ ਦੇ ਇੱਕੋ ਦਬਕੇ ਨਾਲ਼ ਭਜ ਗਏ। – 6 ਦਸੰਬਰ 1992 ਨੂੰ ਜੋ ਅਯੋਧਿਆ ਚ ਹੋਇਆ, ਉਹ ਖ਼ਬਰ ਸੀ। ਉਹਦਾ ਵੇਰਵਾ ਤਵਾਰੀਖ਼ ਪਾਵੇਗੀ। ਧਾੜ ਨੂੰ ਠੱਲ੍ਹ ਪਾਉਣ ਦੀ ਬਾਤ ਲਿਖਾਰੀ ਨੇ ਪਾਉਣੀ ਹੈ। ਖ਼ਿਲਜੀ ਕਰਾਮਾਤੀ ਬੰਦਾ ਹੈ; ਜਿਹੋ ਜਿਹਾ ਕਰਤਾਰ ਸਿੰਘ ਦੁੱਗਲ਼ ਦੀ ਅਮਰ ਕਹਾਣੀ ਕਰਾਮਾਤ ਚ ਹੈ। ਕਮਾਲ ਇਹ ਹੈ ਕਿ ਕਹਾਣੀ ਚ ਤਵਾਰੀਖ਼ ਵਾਂਙ ਘਟਨਾ –ਕਰਾਮਤ– ਇੱਕੋ ਵਾਰ ਨਹੀਂ ਵਾਪਰਦੀ; ਇਹ ਜਦ ਵੀ ਕੋਈ ਕਹਾਣੀ ਪੜ੍ਹਦਾ ਹੈ, ਹਰ ਵਾਰ ਨਵੀਂਓਂ ਕਰਾਮਤ ਹੁੰਦੀ ਹੈ। ਕਿੱਡਾ ਪੁੰਨ ਹੈ, ਖ਼ਿਲਜੀ ਨੇ ਗ਼ਾਲਿਬ ਦੇ ਕਹਿਣ ਵਾਂਙ 'ਬੰਦੇ ਦੇ ਵੱਢਿਆਂ' ਨੂੰ ਪਾਪ ਤੋਂ ਬਚਾ ਲਿਆ। ਸੰਨ 47 ਵੇਲੇ ਵੀ ਇੰਜ ਦੇ ਚਮਤਕਾਰ ਹੋਏ ਸੀ। ਸੰਨ 84 ਚ ਵੀ। ੴ



ਹਫ਼ੀਜ਼ ਖ਼ਿਲਜੀ
ਫ਼ੋਟੋ: ਅਕਰਮ ਵੜੈਚ



# ਵਾਪਸ ਅੰਮ੍ਰਿਤਸਰ : ਖ਼ਾਲਸਾ ਕਾਲਜ ਵਿਚ ਐਮ.ਏ.

*ਗੁਰਬਚਨ*

(**ਨੋਟ** : ਕਾਫ਼ੀ ਅਰਸਾ ਮੈਂ ਆਪਣੀ ਤਿਆਰ ਹੋ ਰਹੀ ਕਿਤਾਬ *ਉਨ੍ਹਾਂ ਦਿਨਾਂ ਵਿਚ* (ਜੀਵਨ-ਬਿਰਤਾਂਤ) ਨੂੰ *ਫ਼ਿਲਹਾਲ* ਵਿਚ ਕਿਸ਼ਤਵਾਰ ਪ੍ਰਕਾਸ਼ਿਤ ਕਰਦਾ ਰਿਹਾ। 27 ਅੰਕ ਬਾਅਦ *ਫ਼ਿਲਹਾਲ* ਬੰਦ ਕਰ ਦਿੱਤਾ, ਪਰ ਕਿਤਾਬ ਦਾ ਕੰਮ ਜਾਰੀ ਰਿਹਾ। *ਉਨ੍ਹਾਂ ਦਿਨਾਂ ਵਿਚ* ਦੀਆਂ ਰਹਿੰਦੀਆਂ ਕਿਸ਼ਤਾਂ ਦੇ ਪ੍ਰਕਾਸ਼ਨ ਲਈ ਮੈਂ *ਵਾਹਗਾ* ਦੀ ਚੋਣ ਕੀਤੀ ਹੈ। ਕਿਤਾਬ ਦੇ ਮੁੱਢਲੇ ਚੈਪਟਰ (***ਆਪਣੇ ਬਾਰੇ ਲਿਖਣਾ*** ਅਤੇ ***ਮਾਂ ਬਾਪ ਘਰ ਅਤੇ ਮੈਂ***) ਇਸ ਪਰਚੇ ਦੇ ਪਹਿਲੇ ਅੰਕਾਂ ਵਿਚ ਛੱਪ ਚੁੱਕੇ ਹਨ। ਮੈਂ *ਵਾਹਗਾ* ਦੇ ਸੰਪਾਦਕ ਚਰਨਜੀਤ ਸਿਘ ਸੋਹਲ ਦਾ ਧੰਨਵਾਦੀ ਹਾਂ ਕਿ ਉਹ ਮੇਰੀ ਰਚਨਾ ਨੂੰ ਖਿੜੇ ਮੱਥੇ ਸਵੀਕਾਰ ਕਰਦੇ ਹਨ। -**ਗੁਰਬਚਨ**)

**ਮੁੰਬਈ - ਅਪ੍ਰੈਲ 1962** - ਕ੍ਰਿਸ਼ਣਾ ਮੈਨਨ ਦੀ ਇਲੈਕਸ਼ਨ ਦੌਰਾਨ ਭਜਦੌੜ ਵਾਲਾ ਭੂਤ ਗ਼ਾਇਬ ਹੋ ਚੁੱਕਾ ਹੈ। ਫਿਲਮੀ ਮੁਹਤਬਰਾਂ ਨਾਲ ਸੰਗਤ ਦੇ ਦਿਨ ਵੀ ਖਤਮ ਹਨ। ਰਮੇਸ਼ ਸੰਘਵੀ *ਬਲਿਟਜ਼* ਵਲੋਂ ਸੰਯੁਕਤ ਰਾਸ਼ਟਰ ਦਾ ਇਜਲਾਸ ਕਵਰ ਕਰਨ ਨਿਊ ਯੌਰਕ ਜਾ ਚੁੱਕਾ। ਮੈਂ ਉਹਦੇ ਦਫ਼ਤਰ ਪਾਰਟ ਟਾਈਮ ਕੰਮ ਕਰਨ ਜਾਣ ਲੱਗ ਪਿਆ ਸੀ, ਹੁਣ ਜਾਣਾ ਬੰਦ ਹੈ।

ਮਾਸਟਰ ਗੁਰਦਿਆਲ ਸਿੰਘ ਨੇ ਆਪਣੇ ਮਾਸਿਕ *ਆਟੋ ਟਰੇਡ ਲਿੰਕ* ਦਾ ਮੈਨੂੰ ਐਡੀਟਰ ਬਣਾ ਦਿੱਤਾ ਹੈ, ਜਿਵੇਂ ਸ਼ਰਮੇ ਦੇ *ਬੰਬੇ ਬਾਜ਼ਾਰ ਪਤ੍ਰਿਕਾ* ਦਾ ਮੈਂ ਐਡੀਟਰ ਸੀ। ਏਹੋ ਜਿਹੇ ਪਰਚੇ ਇਸ਼ਤਿਹਾਰਾਂ ਰਾਹੀਂ ਕਮਾਈ ਕਰਨ ਦਾ ਜਾਅਲੀ ਜਿਹਾ ਸਿਲਸਿਲਾ ਹਨ। ਸ਼ਰਮੇ ਦੀ ਐਡੀਟਰੀ ਵੇਲੇ ਮੈਂ ਕਪੜਾ ਮਾਰਕਿਟ ਬਾਰੇ ਅਖਬਾਰਾਂ ਚੋਂ ਕਤਰਨਾਂ ਕੱਠੀਆਂ ਕਰਦਾ ਸੀ; ਹੁਣ ਆਟੋ ਸੱਨਤ ਬਾਰੇ ਖਬਰਾਂ/ਲੇਖ ਆਦਿ ਤਿਆਰ ਕਰਨੇ ਹੁੰਦੇ ਹਨ। ਮਾਸਟਰ ਵਿਗਿਆਪਨ ਜਮ੍ਹਾਂ ਕਰਨ ਜਾਂ ਛੱਪ ਚੁੱਕੇ ਵਿਗਿਆਪਨਾਂ ਦੇ ਬਿੱਲਾਂ ਦੀ ਉਗ੍ਰਾਹੀ ਕਰਨ ਤੁਰਿਆ ਫਿਰਦਾ ਹੈ। ਆਟੋ ਪਾਰਟਸ ਦੀਆਂ ਵੱਡੀਆਂ ਕੰਪਨੀਆਂ ਪੰਜ ਸਿਤਾਰਾਂ ਹੋਟਲਾਂ ਵਿਚ ਪਰੈੱਸ ਕਾਨਫਰੰਸਾਂ ਕਰਦੀਆਂ ਹਨ। ਉੱਥੇ ਅਕਸਰ ਮੈਂ ਹੀ ਜਾਂਦਾ ਹਾਂ। ਕਾਰੋਬਾਰੀ ਅਦਾਰੇ ਪਤਰਕਾਰਾਂ ਨੂੰ ਕਿਵੇਂ ਵੱਸ ਵਿਚ ਕਰਦੇ ਹਨ, ਇਹਦਾ ਪਤਾ ਚਲਦਾ।

ਮੁੰਬਈ ਵਿਚ, ਨੌਕਰੀ ਤੋਂ ਇਲਾਵਾ, ਮੈਂ ਨਿੱਜੀ ਤਰਜ਼ ਦਾ ਸੰਸਾਰ ਸਿਰਜ ਰੱਖਿਆ ਹੈ। ਆਪਣੇ ਅਸਲੇ ਨੂੰ ਤਕੜਾ ਰੱਖਣ ਦੀ ਮੇਰੀ ਇਹੀ ਜੁਗਤ ਹੈ। ਕਿਤਾਬ ਅਤੇ ਸਮੁੰਦਰ ਮੇਰੇ ਇਸ ਸੰਸਾਰ ਦੇ ਥੰਮ੍ਹ ਨੇ। ਏਹਨਾਂ ਦੇ ਜ਼ੱਰੀਏ ਮੈਂ ਧਰਤੀ ਤੋਂ ਦੋ

ਸੂਤ ਉਤਾਂਹ ਵਿਚਰਨ ਲੱਗਦਾਂ। ਰਾਤ ਨੂੰ ਖਾਣਾ ਖਾਣ ਤੋਂ ਬਾਅਦ ਮੈਂ ਬਸ ਜਾਂ ਲੋਕਲ ਟਰੇਨ ਫੜ ਸਮੁੰਦਰ ਦੇ ਕਿਨਾਰੇ ਪੁੱਜਦਾ ਹਾਂ। ਉੱਥੇ ਤਲਾਸ਼ ਉਸ ਬੈਂਚ ਦੀ ਹੁੰਦੀ ਹੈ ਜੀਹਦੇ ਉਪਰ ਲੈਂਪ ਪੋਸਟ ਹੋਵੇ। ਮੈਂ ਦੇਰ ਰਾਤ ਤੱਕ ਉੱਥੇ ਬੈਠ ਕਿਤਾਬ ਜਾਂ ਰਸਾਲਾ ਪੜ੍ਹਨੇ ਹੁੰਦੇ ਹਨ। ਉਦੋਂ ਫਰਾਟੇ ਮਾਰਦੀ ਹਵਾ ਵਿਚ ਬੈਂਚ ਤੇ ਬੈਠਾ ਮੈਂ ਹੀ ਹੁਨਾਂ, ਇਰਦ ਗਿਰਦ ਕੋਈ ਨਹੀਂ ਹੁੰਦਾ। ਦੂਰ ਸਮੁੰਦਰ ਵਿਚ ਹਨੇਰਾ, ਸਮੁੰਦਰੀ ਜਹਾਜ਼ਾਂ ਦੀਆਂ ਟਿਮਟਿਮਾਂਦੀਆਂ ਰੋਸ਼ਨੀਆਂ। ਸਮੁੰਦਰੀ ਲਹਿਰਾਂ ਦੀ ਸ਼ਾਂਸ਼ਾਂ। ਅਦਭੁਤ ਨਜ਼ਾਰਾ ਤੇ ਮੈਂ। ਹੱਥ ਵਿਚ ਕਿਤਾਬ। ਇਨ੍ਹਾਂ ਸਰੋਤਾਂ ਤੋਂ ਦੂਰ ਰਹਿਣ ਲਈ ਮੈਂ ਕਦੇ ਤਿਆਰ ਨਹੀਂ ਹੁੰਦਾ। ਕਿਸੇ ਵੀ ਹਦ ਤੱਕ ਜਾ ਸਕਦਾਂ ਇਨ੍ਹਾਂ ਦੀ ਖਾਤਰ। ਕੁਝ ਮਹੀਨੇ ਪਹਿਲਾਂ ਮੈਂ ਪੂਰੇ ਵਕਤ ਦੀ ਨੌਕਰੀ ਛੱਡ ਕੇ ਅੱਧੀ ਤਨਖਾਹ ਸਵੀਕਾਰ ਕੀਤੀ ਤਾਂ ਜੋ ਲਾਇਬਰੇਰੀ ਵਿਚ ਜ਼ਿਆਦਾ ਸਮਾਂ ਗੁਜ਼ਾਰ ਸਕਾਂ। ਉੱਥੇ ਮੈਂ ਅੰਗਰੇਜ਼ੀ ਭਾਸ਼ਾ ਵਿਚ ਤਾਕ ਹੋਣ ਲਈ ਅਮਰੀਕਾ ਅਤੇ ਬਰਤਾਨੀਆ ਦੇ ਰਸਾਲੇ+ਅਖਬਾਰਾਂ ਵਿਚਲੇ ਲੇਖ ਪੜ੍ਹਦਾ। ਉਨ੍ਹਾਂ ਦੀ ਸੁਨੱਖੀ ਭਾਸ਼ਾ ਦੇਖ ਕੇ ਤਰੰਗਿਤ ਹੁਦਾ। ਉੱਤਮ ਫਿਕਰੇ ਦੀ ਬਣਤ ਅੰਦਰ ਲਹਿ ਜਾਂਦਾ, ਦੇਖਦਾ ਸ਼ਬਦਾਂ ਦਾ ਆਪਸੀ ਸੰਗਮ ਕਿਵੇਂ ਪੈਦਾ ਹੁੰਦਾ ਹੈ। ਇਨ੍ਹਾਂ ਵਿਚ ਅਰਥਾਂ ਦੀ ਲਟਲਟ ਊਰਜਾ ਕਿਵੇਂ ਭਰਦੀ ਹੈ। ਮੈਂ ਰਜਿਸਟਰ ਵਿਚ ਖ਼ੂਬਸੂਰਤ ਬਣਤ ਵਾਲਾ ਫਿਕਰਾ ਨੋਟ ਕਰ ਲੈਂਦਾ। ਬਾਅਦ ਵਿਚ ਇਹਦਾ ਅਨੇਕ ਵੇਰਾਂ ਪਾਠ ਕਰਨ ਲਈ। ਆਪਣੇ ਸਵੈ-ਵਿਕਾਸ ਲਈ ਇਸ ਤੋਂ ਕਾਰਗਾਰ ਕੋਈ ਜ਼ਰੀਆ ਨਹੀਂ ਸੀ।

ਮੈਨਨ ਦੀ ਚੋਣ ਮੁਹਿੰਮ ਵਿਚ ਸਿਰ ਸੁੱਟ ਕੇ ਕੰਮ ਕਰਨਾ ਵੀ ਇਸ ਲਿਲਕ ਦਾ ਨਤੀਜਾ ਸੀ। ਨਵੇਂ ਪਾਸਾਰਾਂ ਵਾਲੇ ਮੁਹਾਜ਼ ਨਾਲ ਜੁੜਨ ਦੀ ਖਾਤਰ ਮੈਂ ਨੌਕਰੀ ਦੀ ਪ੍ਰਵਾਹ ਨਾ ਕੀਤੀ; ਕਈ ਹਫ਼ਤੇ ਗ਼ਾਇਬ ਰਿਹਾ, ਅੰਤ ਨੌਕਰੀ ਤੋਂ ਛੁੱਟੀ ਮਿਲ ਗਈ। ਬਲਰਾਜ ਸਾਹਨੀ ਅਤੇ ਖਵਾਜਾ ਅਹਿਮਦ ਅੱਬਾਸ ਨੇ ਮੈਨੂੰ ਸਹਿਕਰਮੀ ਸਮਝ ਕੇ ਮਦਦ ਕੀਤੀ। ਅੱਬਾਸ ਨੇ ਸਪਤਾਹਿਕ *ਬਲਿਟਜ਼* ਲਈ ਕੰਮ ਕਰਨ ਲਈ ਪਰਚੇ ਦੇ ਐਡੀਟਰ ਰੂਸੀ ਕਰੰਜੀਆ ਨੂੰ ਕਿਹਾ। ਮੇਰਾ ਨਿੱਜੀ ਸੰਸਾਰ ਨਵੇਂ ਆਕਾਸ਼ ਨਾਲ ਅੰਤਰੰਗ ਹੋ ਗਿਆ। ਮੁੰਬਈ ਵਿਚ ਮੈਂ ਹੁਣ ਇਕੱਲਾ ਨਹੀਂ ਸੀ ਰਿਹਾ। ਕੁਝ ਸਮੇਂ ਬਾਅਦ ਮੈਨੂੰ ਮਾਸਟਰ ਗੁਰਦਿਆਲ ਸਿੰਘ ਨੇ ਨੌਕਰੀ ਦੇ ਦਿੱਤੀ ਤੇ ਫਿਰ ਪੁਰਾਣੀ ਤਰਤੀਬ ਵਲ ਪਰਤ ਆਇਆ। ਤਦ ਮੈਨੂੰ ਖਿਆਲ ਆਇਆ : ਮੇਰਾ ਭਵਿੱਖ ਕੀ ਹੈ? ਕੀ ਮੈਂ ਏਹੋ ਨੌਕਰੀ ਕਰੀ ਜਾਣੀ ਹੈ? ਫ਼ਿਲਮੀ ਬੰਦਿਆਂ ਨਾਲ ਨੇੜਤਾ ਦਾ ਮਤਲਬ ਇਹ ਤਾਂ ਨਹੀਂ ਕਿ ਮੈਨੂੰ ਬਿਨਾਂ ਖਾਸ ਯੋਗਤਾ ਦੇ ਇਸ ਖੇਤਰ ਵਿਚ ਕੰਮ ਮਿਲ ਜਾਵੇਗਾ। ਅਖਤਰ ਉਲ ਇਮਾਨ ਨਾਲ ਭੇਂਟ ਬਾਅਦ ਫਿਲਮਾਂ ਵਿਚ ਲੇਖਕ ਬਣਨ ਦਾ ਇਰਾਦਾ ਫ਼ਜ਼ੂਲ ਲੱਗਦਾ ਹੈ। ਨਾ ਮੈਂ ਉਰਦੂ ਅਤੇ ਨਾ ਹਿੰਦੀ ਵਿਚ ਮਾਹਿਰ ਹਾਂ ਜਿਸ ਬਗ਼ੈਰ ਫ਼ਿਲਮ ਲੇਖਕ ਬਣਨ ਦਾ ਸੁਪਨਾ ਨਹੀਂ ਲਿਆ ਜਾ ਸਕਦਾ। ਖਵਾਜਾ ਅਹਿਮਦ ਅੱਬਾਸ ਨੇ ਕਿਹਾ ਸੀ, "ਤੁਮ ਫਿਲਮ ਲਾਈਨ ਮੇਂ ਆਣੇ ਕੀ ਮਤ ਸੋਚ", ਮੈਂ ਚੁਪ ਰਿਹਾ ਸੀ। ਹੁਣ ਸੋਚਦਾਂ ਅੱਬਾਸ ਕਾ ਕਹਿਣਾ ਦਰੁੱਸਤ ਸੀ। ਪਤਰਕਾਰ ਬਣ ਸਕਦਾ ਹਾਂ, ਜਿਸ ਲਈ ਮੈਨੂੰ ਅੰਗਰੇਜ਼ੀ ਵਿਚ ਹੋਰ ਜ਼ਿਆਦਾ ਤਾਕ ਹੋਣਾ ਪੈਣਾ ਹੈ। ਏਹੋ ਜਿਹੀ ਜਕੋਤਕੀ ਵਿਚ ਮੈਂ ਅੰਮ੍ਰਿਤਸਰ ਗੇੜਾ ਮਾਰ ਆਉਣ ਦੀ ਸੋਚਦਾਂ। ਪੌਣੇ ਦੋ ਸਾਲ ਹੋ ਚੁੱਕੇ ਹਨ ਆਪਣੇ ਜਨਮ ਸ਼ਹਿਰ ਨੂੰ ਛੱਡਿਆਂ।

•

*ਟਾਈਮਜ਼ ਔਫ ਇੰਡੀਆ* ਵਿਚ ਇਕ ਇਸ਼ਤਿਹਾਰ ਦਿਖਾਈ ਦੇਂਦਾ ਕਿ ਚੰਗੀ ਅੰਗਰੇਜ਼ੀ ਵਿਚ ਚਿੱਠੀ ਪਤਰ ਕਰਨ ਵਾਲੇ ਬੰਦੇ ਦੀ ਲੋੜ ਹੈ। ਮੈਟਰੋ ਸਿਨੇਮਾ ਦੇ ਕੋਲ ਮੈਂ ਉਸ ਦਫ਼ਤਰ ਦੇ ਸਿਰਨਾਵੇਂ ਵਾਲੀ ਥਾਂ ਪੁਜਦਾ ਹਾਂ। ਦਸਦਾਂ, ਮੈਂ ਅੰਮ੍ਰਿਤਸਰ ਤੋਂ ਹਾਂ। ਸਾਹਮਣੇ ਬੈਠਾ ਮੁਹਤਬਰ ਸੋਚਣ ਲੱਗ ਪੈਂਦਾ। ਕਹਿੰਦਾ, "ਸਾਡੀ ਫਰਮ ਦਾ ਦਫ਼ਤਰ ਅੰਮ੍ਰਿਤਸਰ ਵੀ ਹੈ। ਤੂੰ ਉੱਥੇ ਨੌਕਰੀ ਕਰਨੀ ਚਾਹਵੇਂ ਤਾਂ ਮਿਲ ਸਕਦੀ ਹੈ।" ਅੰਮ੍ਰਿਤਸਰ ਦਾ ਨਾਂ ਸੁਣ ਕੇ ਮੈਂ ਹਾਂ ਕਰ ਦੇਨਾਂ। ਮੈਨੂੰ ਅੰਮ੍ਰਿਤਸਰ ਦੇ ਕੰਪਨੀ ਬਾਗ ਦੇ ਨਾਲ ਰੇਲਵੇ ਸਟੇਸ਼ਨ ਵਲ ਜਾਂਦੀ ਸੜਕ ਦਾ ਸਿਰਨਾਵਾਂ ਦੱਸਿਆ ਜਾਂਦਾ। ਕਿਹਾ ਜਾਂਦਾ : "ਮੈਨੇਜਰ ਨੂੰ ਜਾ ਮਿਲੀਂ। ਮੈਂ ਫੋਨ ਕਰ ਦਿਆਂਗਾ।"

ਅਗਲੇ ਦਿਨ ਮੈ ਮੁੰਬਈ ਸੈਂਟਰਲ ਤੋਂ ਫਰੰਟੀਅਰ ਮੇਲ ਵਿਚ ਜਾ ਬੈਠਦਾ ਹਾਂ। ਤੀਜੇ ਦਿਨ ਸਵੇਰੇ ਸਾਢੇ ਅੱਠ ਵਜੇ ਅੰਮ੍ਰਿਤਸਰ ਸਟੇਸ਼ਨ ਉੱਤੇ ਉਤਰਦਾ ਹਾਂ। ਮੁਖ਼ਤਸਰ ਜਿਹਾ ਸਾਮਾਨ ਜੋ ਮੇਰੇ ਪਾਸ ਹੈ, ਉਹ ਚੁੱਕੀ ਸਟੇਸ਼ਨ ਦੇ ਸਾਹਮਣੇ ਬਣੀ ਧਰਮਸਾਲਾ ਅੰਦਰ ਦਾਖਲ ਹੁਨਾਂ। ਵਾਲ ਕਟਵਾ ਕੇ ਸਿੱਧਾ ਘਰ ਜਾਣ ਦਾ ਮੇਰੇ ਵਿਚ ਜਿਗਰਾ ਨਹੀਂ ਹੈ। (ਸਾਡੇ ਪਰਵਾਰ ਵਿਚ ਵਾਲ ਕਟਵਾਣਾ ਪਾਪ ਸਮਝਿਆ ਜਾਂਦਾ ਹੈ।) ਮੇਰੀ ਬਦਲੀ ਹੋਈ ਸ਼ਕਲ ਦੇਖ ਮਾਂ ਰੋਣ ਲੱਗ ਪਵੇਗੀ। ਮੈਂ ਉਹਦਾ ਸਾਹਮਣਾ ਕਿਵੇਂ ਕਰਾਂਗਾ? ਰਜਿਸਟਰ ਵਿਚ ਨਾਂ ਪਤਾ ਦਰਜ ਕਰਨ ਲੱਗਦਾ। ਪੁੱਛਦਾ : ਨਾਂ ਕੀ ? ਕਿੱਥੋਂ ਆਏ? ਮੈਂ ਦਸਦਾਂ ਮੈਂ ਮੁੰਬਈ ਤੋਂ ਹਾਂ। ਨਾਂ ਦਸਣ ਲੱਗੇ ਮੈਂ ਝਿਜਕ ਜਾਨਾਂ। ਮੈਂ ਨਾਂ ਦੱਸਦਾਂ : ਇੰਦਰਜੀਤ ਦੁੱਗਲ! (ਮੁੰਬਈ ਵਿਚ ਸ਼ੇਰੇ ਪੰਜਾਬ ਹੋਸਟਲ ਵਿਚ ਮੇਰੇ ਨਾਲ ਵਾਲੇ ਬੈੱਡ ਤੇ ਇੰਦਰਜੀਤ ਦੁੱਗਲ ਨਾਂ ਦਾ ਬੰਦਾ ਸੌਂਦਾ ਸੀ, ਜੋ ਮੇਰੇ ਵਾਂਗ

ਸਵਿਮਿੰਗ ਦਾ ਸ਼ੌਕੀਨ ਸੀ।) ਧਰਮਸਾਲਾ ਦਾ ਇੰਚਾਰਜ ਰਜਿਸਟਰ ਦੇ ਨਾਂ ਵਾਲੇ ਖਾਨੇ ਵਿਚ ਉਰਦੂ ਵਿਚ ਲਿਖਦਾ : ਇਦਰਜੀਤ ਦੁੱਗਲ। ਫਿਰ ਕਹਿੰਦਾ : ਦੁੱਗਲ ਖੱਤਰੀ ਹੁੰਦੇ ਨੇ। ਮੇਰੇ ਅੱਗੇ ਦਸਤਖਤ ਕਰਨ ਲਈ ਰਜਿਸਟਰ ਕਰਦਾ। ਮੈਂ ਅੰਗਰੇਜ਼ੀ ਵਿਚ ਲਿਖਦਾਂ : ਇੰਦਰਜੀਤ ਦੁੱਗਲ। ਉਹ ਇਕ ਕਮਰੇ ਵਲ ਇਸ਼ਾਰਾ ਕਰਦਾ ਜੀਹਦਾ ਕੁੰਡਾ ਖੋਲ੍ਹ ਕੇ ਮੈਂ ਮੰਜੀ ਉੱਤੇ ਬੈਗ ਰੱਖਦਾਂ ਤਾਂ ਅਜੀਬੋ-ਗਰੀਬ ਖਿਆਲ ਆਉਣ ਲੱਗਦੇ ਹਨ। ਇਹ ਮੈਂ ਕੀ ਕਰ ਬੈਠਾਂ। ਮੈਨੂੰ ਅਸਲ ਨਾਂ ਲਿਖਵਾਣਾ ਚਾਹੀਦਾ ਸੀ। ਪਹਿਲਾਂ ਕਦੇ ਅਜਿਹਾ ਵਲ-ਛੱਲ ਨਹੀਂ ਕੀਤਾ ਸੀ। ਮਨ ਬੇਚੈਨ ਹੋਣ ਲੱਗਦਾ। ਗੁਰਬਚਨ ਸਿੰਘ ਨਾਂ ਰੱਖ ਕੇ ਬਿਨਾਂ ਕੇਸ ਦਾਹੜੀ ਦਸਤਾਰ ਦੇ ਅੰਮ੍ਰਿਤਸਰ ਸ਼ਹਿਰ ਵਿਚ ਰਹਿਣਾ ਮੈਨੂੰ ਔਖਾ ਲੱਗਦਾ। ਮੈਨੂੰ ਲੱਗਦਾ ਮੈਂ ਇਸ ਸ਼ਹਿਰ ਜੋਗਾ ਨਹੀਂ ਰਿਹਾ। ਮੇਰੇ ਮਨ ਵਿਚ ਆਉਂਦਾ ਮੈਂ ਕੁਝ ਦਿਨਾਂ ਬਾਅਦ ਵਾਪਿਸ ਮੁੰਬਈ ਚਲਾ ਜਾਵਾਂਗਾ।

ਫਿਰ ਵੀ ਮੈਂ ਅਗਲੇ ਦਿਨ ਉਸ ਦਫ਼ਤਰ ਪੁੱਜਦਾਂ ਜੀਹਦੇ ਬਾਰੇ ਮੁੰਬਈ ਵਿਚ ਮੈਨੂੰ ਕਿਹਾ ਗਿਆ ਸੀ। ਮੁਖ਼ਤਸਰ ਗੱਲ ਬਾਤ ਤੋਂ ਬਾਅਦ ਫੈਸਲਾ ਕਰਦਾਂ ਮੈਂ ਇਸ ਥਾਂ ਕੰਮ ਨਹੀਂ ਕਰ ਸਕਦਾ।

ਆਉਂਦੇ ਦਿਨਾਂ ਵਿਚ ਮੈਂ ਅੰਗਰੇਜ਼ੀ ਦੇ ਮੈਗਜ਼ੀਨ ਲੈ ਕੇ ਕੰਪਨੀ ਬਾਗ ਜਾਣਾ ਸ਼ੁਰੂ ਕਰ ਦਿੱਤਾ ਹੈ। ਰਾਤ ਪੈਂਦੀ ਹੈ ਤਾਂ ਉਹੀ ਮਹਾਰਾਜਾ ਰਣਜੀਤ ਸਿੰਘ ਦੇ ਮਹਲ ਦੁਆਲੇ ਬਣੇ ਸੰਗਮਰਮਰ ਦੇ ਥਮ੍ਹਲੇ ਉੱਤੇ ਜਾ ਚਦਰ ਵਿਛਾਣਾਂ। ਕੰਪਨੀ ਬਾਗ ਦੇ ਨਾਲ ਲੱਗਦੇ ਸਿਵਲ ਹਸਪਤਾਲ ਦੇ ਸਾਹਮਣੇ ਵਾਲੇ ਢਾਬੇ ਤੋਂ ਰੋਟੀ ਖਾਂਦਾ ਹਾਂ। ਰਾਤ ਦੇਰ ਨਾਲ ਧਰਮਸਾਲਾ ਵਿਚ ਸੌਣ ਪੁੱਜਦਾਂ। ਦਿਨੇ ਕੋਈ ਫਿਲਮ ਦੇਖਦਾਂ, ਰਾਤ ਫਿਰ ਕੰਪਨੀ ਬਾਗ। ਦੋ ਤਿੰਨ ਕਿਲੋਮੀਟਰ ਦੇ ਇਸ ਇਲਾਕੇ ਵਿਚ ਮੈਂ ਪੈਦਲ ਤੁਰੀ ਫਿਰਦਾ ਹਾਂ - ਇਕੱਲਾ। ਕੁਝ ਪਤਾ ਨਹੀਂ ਕਿੰਨੇ ਦਿਨ ਏਦਾਂ ਗੁਜ਼ਰਣੇ ਹਨ। ਘਰ ਵਲ ਮੂੰਹ ਕਰਨ ਦਾ ਸਾਹਸ ਨਹੀਂ ਹੈ।

ਅਚਾਨਕ ਇਕ ਰਾਤ ਕੰਪਨੀ ਬਾਗ਼ ਵਿਚ ਕੋਈ ਸਾਢੇ ਨੌਂ ਵਜੇ ਇਕ ਸਾਈਕਲ ਮੇਰੇ ਸਾਹਮਣੇ ਆ ਕੇ ਰੁਕਦਾ। ਮੇਰਾ ਨਿੱਕਾ ਭਰਾ ਸਤਨਾਮ ਸਾਈਕਲ ਤੋਂ ਉਤਰਦਾ ਕਹਿੰਦਾ, "ਮੈਨੂੰ ਪਤਾ ਸੀ ਤੁਸੀਂ ਏਥੇ ਹੋਵੋਗੇ।" (ਉਹ ਦਸਦਾ, ਮਾਤਾ ਪਰੇਸ਼ਾਨ ਹੈ।

ਮਾਤਾ ਨੂੰ ਪਤਾ ਲੱਗ ਚੁੱਕਾ ਮੈਂ ਅੰਮ੍ਰਿਤਸਰ ਵਿਚ ਹਾਂ। ਉਹ ਭੂਆ ਸੁੱਖੋ ਨੂੰ ਨਾਲ ਲੈ ਕੇ ਰਿਕਸ਼ੇ ਚ ਬੈਠ ਕਈ ਥਾਵਾਂ ਤੇ ਮੈਨੂੰ ਲੱਭਣ ਜਾਂਦੀ ਰਹੀ ਹੈ। ਉਹ ਉਸ ਫਰਮ ਦੇ ਦਫ਼ਤਰ ਪੁੱਜੀ ਜਿੱਥੇ ਮੈਂ ਨੌਕਰੀ ਲਈ ਗਿਆ ਸੀ। ਪਤਾ ਨਹੀਂ ਇਸ ਸਿਰਨਾਵੇਂ ਦਾ ਪਤਾ ਉਹਨੂੰ ਕਿਵੇਂ ਲੱਗਾ। ਸ਼ਾਇਦ ਮੈਂ ਹੀ ਮੁੰਬਈ ਤੋਂ ਚਲਣ ਲੱਗੇ ਚਿੱਠੀ ਵਿਚ ਉਹਨੂੰ ਇਹਦੇ ਬਾਰੇ ਦੱਸਿਆ ਹੋਵੇ।

ਮੈਂ ਸਾਈਕਲ ਚਲਾ ਰਿਹਾਂ, ਨਿੱਕਾ ਭਰਾ ਸਤਨਾਮ ਪਿੱਛੇ ਕੈਰਿਅਰ ਤੇ ਬੈਠਾ ਹੈ। ਘਰ ਪਹੁੰਚਦਿਆਂ ਮਾਂ ਮੇਰੀ ਸ਼ਕਲ ਦੇਖ ਰੋਣ ਲੱਗ ਪੈਂਦੀ ਹੈ। ਸਾਹਮਣੇ ਘਰੋਂ ਭੂਆ ਸੁੱਖੋ ਦੀ ਆਵਾਜ਼ ਆਉਂਦੀ ਹੈ, "ਹਰ ਕੁਰੇ, ਗੁਰਬਚਨ ਆ ਗਿਆ?"
ਅੱਧੇ ਘੰਟੇ ਬਾਅਦ ਮੈਂ ਵਾਪਿਸ ਕੰਪਨੀ ਬਾਗ ਪਹੁੰਚ ਜਾਨਾਂ। ਚਿੱਤ ਉਦਾਸ ਹੈ। ਸੋਚਦਾਂ ਕੁਝ ਦਿਨਾਂ ਬਾਅਦ ਵਾਪਿਸ ਮੁੰਬਈ ਚਲਾ ਜਾਵਾਂਗਾ।
ਅਗਲੇ ਦਿਨ ਮੈਨੂੰ ਜਲਿਆਂਵਾਲਾ ਬਾਗ ਕੋਲ ਪੂਨੇ ਵਾਲਾ ਪ੍ਰਿਥੀਪਾਲ ਸਿੰਘ ਮਿਲਦਾ। ਉਹ ਪੂਨੇ ਵਿਚ ਮੋਟਰ ਸਪੇਅਰ ਪਾਰਟਸ ਦੀ ਦੁਕਾਨ ਕਰਦਾ। ਉਹ ਮੁੰਬਈ ਦੀ ਸਪੇਅਰ ਪਾਰਟਸ ਦੀ ਮਾਰਕਿਟ ਵਿਚ ਅਕਸਰ ਗੇੜਾ ਮਾਰਦਾ ਤੇ ਮਾਸਟਰ ਗੁਰਦਿਆਲ ਸਿੰਘ, ਜੋ ਉਹਦਾ ਪੁਰਾਣਾ ਦੋਸਤ ਹੈ, ਨੂੰ ਅਕਸਰ ਆ ਮਿਲਦਾ। ਪ੍ਰਿਥੀਪਾਲ ਮੈਨੂੰ ਚੰਗੀ ਤਰ੍ਹਾਂ ਜਾਣਦਾ ਹੈ। ਦਰਬਾਰ ਸਾਹਿਬ ਮੱਥਾ ਟੇਕ ਕੇ ਆਉਂਦੇ ਨੂੰ ਮੈਂ ਦੇਖ ਲੈਨਾਂ। ਉਹ ਮੈਨੂੰ ਪੁੱਛਦਾ ਤੂੰ ਮੁੰਬਈ ਕਦ ਆਉਣਾ? ਮੈਂ ਕਹਿਨਾਂ, "ਮੇਰੇ ਕੋਲ ਕਿਰਾਏ ਦੇ ਪੈਸੇ ਨਹੀਂ।" ਉਹ ਦਸਾਂ ਦੇ ਪੰਜ ਨੋਟ ਮੈਨੂੰ ਦੇਂਦਾ ਤੇ ਕਹਿੰਦਾ, "ਐਹ ਲੈ ਕਿਰਾਇਆ, ਚਲਾ ਆ।"

•

ਗਿਆਨੀ ਕਰਨ ਵੇਲੇ ਤੋਂ ਹੀ ਰਘਬੀਰ ਸਿੰਘ ਮੇਰਾ ਦੋਸਤ ਹੈ। ਉਹ ਰੇਲਵੇ ਵਰਕਸ਼ਾਪ ਵਿਚ ਕੰਮ ਕਰਦਾ ਹੈ। ਰਘਬੀਰ ਦਿਨ ਦੀ ਸ਼ਿਫ਼ਟ ਵੇਲੇ ਕੰਮ ਕਰਕੇ ਸ਼ਾਮ ਨੂੰ ਗਿਆਨੀ ਦੀਆਂ ਕਲਾਸਾਂ ਵਿਚ ਹਾਜ਼ਰ ਹੁੰਦਾ ਸੀ। ਹੁਣ ਉਹ ਮੈਨੂੰ ਦਸਦਾ ਦਸਦਾ ਕਿ ਉਹ ਨਵੇਂ ਸੈਸ਼ਨ ਤੋਂ ਖਾਲਸਾ ਕਾਲਜ ਵਿਚ ਐਮ. ਏ. (ਇਕਨਾਮਿਕਸ) ਵਿਚ ਦਾਖਲਾ ਲੈ ਰਿਹਾ। ਸਵੇਰ ਵੇਲੇ ਕਾਲਜ ਜਾਵੇਗਾ, ਬਾਅਦ ਦੁਪਹਿਰ ਵਾਲੀ ਸ਼ਿਫ਼ਟ ਵੇਲੇ ਉਹ ਵਰਕਸ਼ਾਪ ਕੰਮ ਤੇ ਜਾਇਆ ਕਰੇਗਾ। ਮੈਂ ਰਘਬੀਰ ਵਾਂਗ ਨੌਕਰੀ ਦੇ ਨਾਲ ਕਾਲਜ ਵਿਚ ਰੈਗੁਲਰ ਦਾਖਲਾ ਲੈ ਕੇ ਐਮ. ਏ. ਨਹੀਂ ਕਰ ਸਕਦਾ। ਨਾ ਪ੍ਰਾਈਵੇਟ ਹੈਸੀਅਤ ਵਿਚ ਐਮ. ਏ. ਕਰ ਸਕਦਾ ਹਾਂ। ਇਹ ਗੱਲ ਮੈਨੂੰ ਚੋਖਾ ਦੁਖੀ ਕਰਦੀ ਹੈ। ਯੂਨੀਵਰਸਟੀ ਦੇ ਨਿਯਮਾਂ ਅਨੁਸਾਰ ਔਰਤ ਉਮੀਦਵਾਰ ਜਾਂ ਟੀਚਰ ਹੀ ਪ੍ਰਾਈਵੇਟ ਤੌਰ ਤੇ ਇਮਤਿਹਾਨ ਦੇ ਸਕਦੇ ਹਨ। ਮੈਂ ਵਾਇਆ ਬਠਿੰਡਾ ਬੀ. ਏ.

ਕੀਤੀ ਹੈ ਤੇ ਹੁਣ ਅਗਾਂਹ ਡਿਗਰੀ ਪ੍ਰਾਪਤ ਕਰਨ ਦਾ ਕੋਈ ਰਾਹ ਦਿਖਾਈ ਨਹੀਂ ਦੇਂਦਾ।

ਫਿਰ ਵੀ ਮੇਰਾ ਸਵੇਰ ਸ਼ਾਮ ਪੜ੍ਹਾਈ ਵਿਚ ਗੁਜ਼ਰਦਾ ਹੈ; ਨਵੀਂ ਕਿਤਾਬ ਪੜ੍ਹ ਕੇ ਸੁਖ ਮਿਲਦਾ ਹੈ। ਦੇਸ਼ ਬਦੇਸ਼ ਦੇ ਰਸਾਲੇ ਪੜ੍ਹਦਾ ਰਹਿਨਾਂ। ਸ਼ਾਇਦ ਇਸ ਤਰ੍ਹਾਂ ਹੀ ਕਿਸੇ ਮੰਜ਼ਿਲ ਤੇ ਪੁੱਜ ਜਾਵਾਂ। ਮੰਜ਼ਿਲ ਕੀ ਹੈ, ਉੱਕਾ ਪਤਾ ਨਹੀਂ।

ਮੈਂ ਰਘਬੀਰ ਨੂੰ ਪੁੱਛਦਾਂ : ਕੁਲਵੰਤ (ਕਾਲੀ ਚੁੰਨੀ ਵਾਲੀ ਕੁੜੀ) ਕਿੱਥੇ ਰਹਿੰਦੀ ਹੈ? ਅਸੀਂ ਕੁਲਵੰਤ ਦੀ ਰਿਹਾਇਸ਼ ਬਾਰੇ ਅਟਕਲ ਲਗਾਂਦੇ ਹਾਂ। ਰੋਜ਼ ਸ਼ਾਮ ਨੂੰ ਸੁਲਤਾਨ ਵਿੰਡ ਅਤੇ ਕਿੱਤਿਆਂ ਦੀਆਂ ਗਲੀਆਂ ਵਿਚ ਘੁੰਮਦੇ ਹਾਂ ਸ਼ਾਇਦ ਦਿਸ ਪਵੇ। ਸਾਈਕਲ ਚਲਾਂਦੀ ਹਰੇਕ ਕੁੜੀ ਉੱਤੇ ਮੈਂ ਨਜ਼ਰ ਰੱਖਦਾਂ। ਤਿੰਨ ਚਾਰ ਦਿਨ ਖਾਕ ਛਾਣਨ ਬਾਅਦ ਇਹ ਭਕਾਈ ਬੰਦ ਹੋ ਜਾਂਦੀ ਹੈ।

ਇਕ ਦਿਨ ਕੋਲਸਰ ਗੁਰਦੁਆਰੇ ਕੋਲ ਮੈਨੂੰ ਸਕੂਲ ਵੇਲੇ ਦੇ ਜਮਾਤੀ ਮਨਜੀਤ ਸਿੰਘ ਦਾ ਨਿੱਕਾ ਭਰਾ ਹਰਚਰਨ ਮਿਲ ਜਾਂਦਾ। ਉਹਨੇ ਸਾਈਕਲ ਦੇ ਕੈਰਿਅਰ ਉੱਤੇ ਟਾਈਪ ਮਸ਼ੀਨ ਬੰਨ੍ਹੀ ਹੋਈ ਹੈ। ਉਹ ਦੱਸਦਾ ਕਿ ਉਹ ਜ਼ਿਲਾ ਕਚਹਿਰੀ ਵਿਚ ਪੰਜਾਬੀ ਟਾਈਪ ਦਾ ਕੰਮ ਕਰਦਾ। ਮੁਕੱਦਮੇ ਵਿਚ ਪੇਸ਼ ਹੋਣ ਵਾਲਿਆਂ ਨੂੰ ਜਾਂ ਵਕੀਲਾਂ ਨੂੰ ਪੰਜਾਬੀ ਵਿਚ ਟਾਈਪ ਕੀਤੇ ਦਸਤਾਵੇਜ਼ ਚਾਹੀਦੇ ਹੁੰਦੇ ਹਨ। ਕਚਹਿਰੀ ਵਿਚ ਪੰਜਾਬੀ ਟਾਈਪ ਕਰਨ ਵਾਲਾ ਹੋਰ ਕੋਈ ਨਹੀਂ। ਉਹ ਦਸਦਾ ਕਿ ਉਹਨੇ ਪਿੱਛੇ ਜਿਹੇ ਹੀ ਪੰਜਾਬੀ ਟਾਈਪ ਕਰਨੀ ਸਿਖੀ ਹੈ। ਮੈਂ ਉਹਨੂੰ ਆਖਦਾਂ ਕਿ ਮੈਂ ਅੰਗਰੇਜ਼ੀ ਪੰਜਾਬੀ ਦੋਵੇਂ ਚੰਗੀ ਸਪੀਡ ਵਿਚ ਟਾਈਪ ਕਰ ਸਕਦਾਂ। ਉਹ ਕਹਿੰਦਾ, "ਭਾ ਜੀ, ਜੇ ਤੁਸੀਂ ਅੱਜ ਕੱਲ੍ਹ ਵਿਹਲੇ ਹੋ ਤਾਂ ਮੇਰੇ ਨਾਲ ਆ ਲੱਗੋ। ਤੁਸੀਂ ਅੰਗਰੇਜ਼ੀ ਵਿਚ ਵੀ ਟਾਈਪ ਕਰੋਗੇ ਤਾਂ ਪੈਸੇ ਚੰਗੇ ਬਣ ਜਾਣਗੇ। ਮੇਰੇ ਕੋਲ ਕਚਹਿਰੀ ਵਿਚ ਮੇਜ਼ ਕੁਰਸੀ ਹੈ। ਪੰਜਾਬੀ ਦੀ ਟਾਈਪ ਮਸ਼ੀਨ ਮੇਰੇ ਕੋਲ ਹੈ। ਤੁਸੀਂ ਅੰਗਰੇਜ਼ੀ ਦੀ ਰਾਮਿੰਗਟਨ ਟਾਈਪਰਾਈਟਰ ਕਿਰਾਏ ਉੱਤੇ ਲੈ ਲਵੋ, ਵੀਹ ਰੁਪਏ ਮਹੀਨੇ ਵਿਚ ਮਿਲ ਜਾਵੇਗੀ।" ਮੈਂ ਪੁੱਛਦਾਂ, "ਕੰਮ ਦਾ ਵਕਤ ਕੀ ਹੈ?" ਉਹ ਕਹਿੰਦਾ, "ਅੱਜ ਕੱਲ੍ਹ ਗਰਮੀਆਂ ਹਨ; ਕਚਹਿਰੀ ਸਵੇਰੇ ਸਾਢੇ ਸੱਤ ਵਜੇ ਤੋਂ ਦੁਪਹਿਰ ਡੇਢ ਵਜੇ ਤੱਕ ਖੁੱਲ੍ਹਦੀ ਹੈ।"

ਦੂਜੇ ਦਿਨ ਮੈਂ ਅੰਗਰੇਜ਼ੀ ਦੀ ਰਾਮਿੰਗਟਨ ਟਾਈਪ ਮਸ਼ੀਨ ਸਾਈਕਲ ਦੇ ਕੈਰੀਅਰ ਉੱਤੇ ਟਿਕਾ ਹਰਚਰਨ ਕੋਲ ਜ਼ਿਲਾ ਕਚਹਿਰੀ ਪਹੁੰਚ ਜਾਨਾਂ। ਮੇਰੀ ਟਾਈਪ ਦੀ ਰਫ਼ਤਾਰ ਦੇਖ ਵਕੀਲਾਂ ਦੇ ਮੁਨਸ਼ੀ ਹੱਥ ਵਿਚ ਕਾਗ਼ਜ਼ ਫੜੀ ਆਉਣ ਲੱਗਦੇ ਨੇ, "ਅਹਾ ਡਾਕੂਮੈਂਟ ਟਾਈਪ ਕਰ ਦੇ।" ਕਈ ਵੇਰ ਕਿਸੇ ਫਰਿਆਦੀ ਨੇ ਪੁਲਿਸ ਕਪਤਾਨ ਨੂੰ ਦਰਖ਼ਾਸਤ ਦੇਣੀ ਹੁੰਦੀ ਹੈ, ਉਹ ਵਕੀਲ ਕੋਲੋਂ ਮਜ਼ਮੂਨ ਬਣਵਾਨ ਦੀ ਜਗ੍ਹਾ ਸਿੱਧਾ ਮੇਰੇ ਕੋਲ ਆਉਂਦਾ ਹੈ। ਉਹ ਪੰਜਾਬੀ ਵਿਚ ਬੋਲੀ ਜਾਂਦਾ ਤੇ ਮੈਂ ਅੰਗਰੇਜ਼ੀ ਵਿਚ ਤਰਜਮਾ ਕਰਕੇ ਟਾਈਪ ਕਰੀ ਜਾਂਦਾ ਹਾਂ। ਜਿਸ ਕੰਮ ਦੇ ਵਕੀਲ ਨੇ ਦਸ ਰੁਪਏ ਲੈਣੇ ਹੁੰਦੇ, ਮੈਂ ਪੰਜ ਰੁਪਏ ਲੈਂਦਾ ਹਾਂ। ਸਾਡੀ ਕਮਾਈ ਵਧਣ ਲੱਗਦੀ ਹੈ ਜਿਸ ਤੋ ਹਰਚਰਨ ਖੁਸ਼ ਹੈ। ਕੁੱਲ ਕਮਾਈ ਵਿਚੋਂ ਉਹਦਾ ਅੱਧਾ ਹਿੱਸਾ ਪਹਿਲਾਂ ਵਾਲੀ ਰੋਜ਼ਾਨਾ ਕਮਾਈ ਨਾਲੋਂ ਜ਼ਿਆਦਾ ਬਣ ਲੱਗ ਪਿਆ ਹੈ। ਇਕ ਵੱਡੇ ਸਥਾਪਿਤ ਵਕੀਲ ਨੂੰ ਮੇਰਾ ਪਤਾ ਹੈ। ਉਹ ਅੰਗਰੇਜ਼ੀ ਵਿਚ ਡਿਕਟੇਸ਼ਨ ਦੇਂਦਾ ਹੈ। ਉਹ ਅਕਸਰ ਆਪਣੇ ਮੁਨਸ਼ੀ ਨੂੰ ਕਹਿੰਦਾ, "ਉਏ, ਜਾਹ ਗੁਰਬਚਨ ਨੂੰ ਬੁਲਾ ਲਿਆ।"

ਦਿਨੇ ਕਚਹਿਰੀ ਬੈਠ, ਰਾਤ ਪੈਂਦਿਆਂ ਹੀ ਮੈਂ ਕਿਤਾਬਾਂ/ਰਸਾਲੇ ਸਾਈਕਲ ਦੇ ਪਿੱਛੇ ਅੜਾ ਕੰਪਨੀ ਬਾਗ ਆਪਣੇ ਟਿਕਾਣੇ ਤੇ ਪਹੁੰਚ ਜਾਨਾਂ। ਮੋਤੀਲਾਲ ਨਹਿਰੂ ਲਾਇਬਰੇਰੀ ਦਾ ਮੈਂਬਰ ਬਣਨ ਬਾਅਦ ਮੈਂ ਅੰਗਰੇਜ਼ੀ ਦੇ ਵੱਡੇ ਨਾਂ ਵਾਲੇ ਲੇਖਕਾਂ ਦੀਆਂ ਕਿਤਾਬਾਂ ਇਸ਼ੂ ਕਰਵਾ ਲੈਂਦਾ ਹਾਂ। ਇਕ ਕਿਤਾਬ ਟੀ ਐਸ ਐਲੀਅਟ ਦੀ ਹੈ : *ਸਿਲੈਕਟਿਡ ਐਸੇਜ਼* । ਕਿਤਾਬ ਨੂੰ ਪੜ੍ਹਦਿਆਂ ਔਖ ਹੁੰਦੀ ਹੈ; ਬਹੁਤ ਸ਼ਬਦ ਸਮਝ ਨਹੀਂ ਪੈਂਦੇ। ਏਦਾਂ ਹੀ ਕ੍ਰਿਸਟੋਫਰ ਕਾਡਵੈਲ ਦੀ *ਇਲਿਊਯਨ ਐਂਡ ਰਿਐਲਿਟੀ* ਪੜ੍ਹਨ ਲੱਗਦਾ ਹਾਂ। ਇਹ ਕਿਤਾਬ ਛੇਅ ਰੁਪਏ ਨੌਂ ਆਨੇ ਦੀ ਕੀਮਤ ਦੇ ਕੇ ਕੁਝ ਸਾਲ ਪਹਿਲਾਂ ਮੈਂ ਲੁਧਿਆਣੇ ਦੇ ਲਾਇਲ ਬੁੱਕ ਡਿਪੋ ਤੋਂ ਖ੍ਰੀਦੀ ਸੀ।

ਇਕ ਸਵੇਰ ਮੈਂ ਕਚਹਿਰ ਦੇ ਬਾਹਰ ਮੇਜ਼ ਕੁਰਸੀ ਡਾਹੀ ਬੈਠਾ ਹਾਂ। ਮੇਰੇ ਪਿੱਛੇ ਬੈਠੇ ਵਕੀਲ ਦੇ ਮੁਨਸ਼ੀ ਨੂੰ ਇਕ ਬੰਦਾ ਕਹਿੰਦਾ ਸੁਣਾਈ ਦੇਂਦਾ, "ਸਾਨੂੰ ਕੋਈ ਬੰਦਾ ਚਾਹੀਦਾ ਜੋ ਟਾਇਪ ਜਾਣਦਾ ਹੋਵੇ ਤੇ ਚਿੱਠੀ ਪਤਰ ਕਰ ਸਕਦਾ ਹੋਵੇ। ਹੈ ਤਾਂ ਦੱਸਿਓ।" ਮੁਨਸ਼ੀ ਮੇਰੇ ਵਲ ਇਸ਼ਾਰਾ ਕਰਦਿਆਂ ਕਹਿੰਦਾ, "ਇਹ ਮੁੰਡਾ ਕੰਮ ਚੰਗਾ ਕਰਦਾ, ਬੀ. ਏ. ਪਾਸ ਹੈ।" ਉਹ ਬੰਦਾ ਛਹਿਰਟਾ ਵਿਚ ਪੰਜਾਬ ਵੂਲਨ ਮਿਲਜ਼ ਦਾ ਮੈਨੇਜਰ ਹੈ। ਮੈਨੂੰ ਕਹਿੰਦਾ, "ਪੌਣੇ ਦੋ ਸੌ ਰੁਪਏ ਤਨਖਾਹ ਮਿਲੇਗੀ। ਕੱਲ੍ਹ ਆ ਕੇ ਮਾਲਕਾਂ ਨੂੰ ਮਿਲ।"

ਦੋ ਤਿੰਨ ਦਿਨਾਂ ਬਾਅਦ ਮੈਂ ਪੰਜਾਬ ਵੂਲਨ ਮਿਲਜ਼ ਦੇ ਦਫ਼ਤਰ ਵਿਚ ਨੌਕਰੀ ਕਰਨ ਲੱਗਦਾ ਹਾਂ। ਤਿੰਨ ਕਪੂਰ ਭਰਾ ਇਸ ਮਿਲ ਦੇ ਮਾਲਕ/ਹਿੱਸੇਦਾਰ ਹਨ। ਵਿਚਲਾ ਭਰਾ ਰਾਮ ਲਾਲ ਕਪੂਰ ਦਫਤਰ ਵਿਚ ਬੈਠ ਮਿਲ ਦਾ ਕੰਮਕਾਜ ਦੇਖਦਾ

ਹੈ। ਉਹ ਮੈਨੂੰ ਬੁਲਾ ਚਿੱਠੀਆਂ ਡਿਕਟੇਟ ਕਰਵਾਂਦਾ ਤੇ ਮੈਂ ਟਾਈਪ ਕਰਕੇ ਉਹਦੇ ਅੱਗੇ ਕਰਦਾਂ। ਸਵੇਰੇ ਨੌਂ ਵਜੇ ਡਿਊਟੀ ਤੇ ਪੁੱਜਦਾ ਹਾਂ, ਸ਼ਾਮ ਛੇਅ ਵਜੇ ਛੁੱਟੀ ਹੁੰਦੀ ਹੈ।

ਕਾਲਜ ਵਿਚ ਦਾਖਲ ਹੋਣ ਦਾ ਇਰਾਦਾ ਦਫ਼ਨ ਹੋ ਚੁੱਕਾ ਹੈ। ਮਿਲ ਵਿਚ ਨੌਕਰੀ ਦੀ ਤਰਤੀਬ ਵਿਚ ਕੁਝ ਦਿਨ ਗੁਜ਼ਰਦੇ ਹਨ, ਮੈਨੂੰ ਅਵਾਜ਼ਾਰੀ ਹੋਣ ਲੱਗਦੀ ਹੈ। ਮਿਲ ਦੇ ਦਫ਼ਤਰ ਵਿਚ ਵਿਹਲੇ ਸਮੇਂ ਮੈਂ ਰਸਾਲਾ/ਅਖਬਾਰ ਪੜ੍ਹਦਾ ਹਾਂ, ਜੀਹਨੂੰ ਦੇਖ ਦੂਜੇ ਬਾਬੂ ਔਖ ਮਹਿਸੂਸ ਕਰਦੇ ਹਨ। ਉਨ੍ਹਾਂ ਵਿਚੋਂ ਇਕ ਜਾ ਕੇ ਰਾਮਲਾਲ ਕਪੂਰ ਨੂੰ ਸ਼ਿਕਾਇਤ ਲਗਾ ਦੇਂਦਾ। ਇਕ ਦੁਪਹਿਰ ਖਾਣੇ ਦੀ ਛੁੱਟੀ ਵੇਲੇ ਕਪੂਰ ਮੈਨੂੰ ਬੁਲਾ ਕੇ ਕਹਿੰਦਾ, "ਦਫ਼ਤਰ ਵਿਚ ਕਿਤਾਬ ਪੜ੍ਹਨਾ ਮਨ੍ਹਾ ਹੈ।"

ਮੈਂ ਆਖਦਾਂ, "ਲੰਚ ਦੀ ਛੁੱਟੀ ਵੇਲੇ ਮੈਂ ਰਸਾਲਾ ਪੜ੍ਹਦਾਂ।"

ਉਹ ਹੁਕਮ ਦੇਂਦਾ: "ਦਫ਼ਤਰ ਵਿਚ ਬੈਠ ਕੇ ਰਸਾਲਾ ਜਾਂ ਅਖਬਾਰ ਨਹੀਂ ਪੜ੍ਹਨੀ।"

ਮੇਰੇ ਅੰਦਰ ਰੜਕ ਪੈਦਾ ਹੋਣ ਲੱਗਦੀ ਹੈ। ਆਪਣੇ ਢੰਗ ਤਰੀਕੇ ਨਾਲ ਜਿਉਣ ਦੀ ਜਿੱਥੇ ਗੁਜਾਇਸ਼ ਨਹੀਂ ਹੁੰਦੀ ਮੈਂ ਬਗਾਵਤ ਕਰ ਦੇਂਦਾ ਹਾਂ। ਮਨ ਵਿਚ ਇਹ ਵੀ ਆਉਂਦਾ ਕਿ ਮੁੰਬਈ ਜਾਣਾ ਚੰਗਾ ਰਹੇਗਾ। ਕਪੂਰ ਨੂੰ ਮੈਂ ਜਾ ਆਖਦਾਂ ਕਿ ਲੰਚ ਦੀ ਛੁੱਟੀ ਵੇਲੇ ਅਖਬਾਰ ਰਸਾਲਾ ਪੜ੍ਹਣਾ ਕਿਵੇਂ ਮਨ੍ਹਾਂ ਕੀਤਾ ਜਾ ਸਕਦਾ?

ਉਹ ਕਹਿੰਦਾ, "ਹੁਣ ਤੂੰ ਲੰਚ ਵੇਲੇ ਪੜ੍ਹਦਾਂ, ਕੱਲ੍ਹ ਕੰਮ ਵੇਲੇ ਵੀ ਪੜ੍ਹੇਂਗਾ। ਦਫ਼ਤਰ ਵਿਚ ਰਸਾਲਾ, ਅਖਬਾਰ ਜਾਂ ਕਿਤਾਬ ਨਹੀਂ ਲਿਆਣਾ। ਵਰਨਾ ਨੌਕਰੀ ਛੱਡ ਦੇ।"

ਮੈਨੂੰ ਪਤਾ ਚਲਦਾ ਕਿ ਮਿਲ ਦਾ ਇਕ ਦਫ਼ਤਰ ਸ਼ਹਿਰ ਦੇ ਕਟੜਾ ਆਹਲੂਵਾਲੀਆ ਵਿਚ ਹੈ। ਉੱਥੇ ਸਭ ਤੋਂ ਵੱਡਾ ਤੇ ਨਿੱਕਾ ਦੋ ਭਰਾ ਬਾਅਦ ਦੁਪਹਿਰ ਆ ਕੇ ਬੈਠਦੇ ਹਨ। ਹੇਠ ਦੁਕਾਨ ਹੈ, ਉਹ ਪਹਿਲੀ ਮੰਜ਼ਿਲ ਤੇ ਦਫ਼ਤਰ ਹੈ ਜਿੱਥੇ ਟਾਈਪਿਸਟ ਬੈਠਦਾ ਹੈ। ਨਿੱਕਾ ਭਰਾ ਚਿੱਠੀ ਪਤਰ ਦਾ ਕੰਮ ਦੇਖਦਾ, ਵੱਡਾ ਸੇਲਜ਼ ਦੇ ਕਾਰੋਬਾਰ ਨੂੰ ਦੇਖਦਾ। ਸ਼ਹਿਰ ਵਾਲੇ ਦਫ਼ਤਰ ਵਿਚ ਟਾਈਪਿਸਟ ਦੀ ਲੋੜ ਹੈ। ਉੱਥੇ ਦਫ਼ਤਰ ਦਾ ਵਕਤ ਵੀ ਦੋ ਵਜੇ ਸ਼ੁਰੂ ਹੁੰਦਾ ਤੇ ਰਾਤ ਨੌਂ ਵਜੇ ਛੁੱਟੀ ਹੁੰਦੀ ਹੈ ਜਦੋਂ ਬਾਜ਼ਾਰ ਦੀਆਂ ਦੁਕਾਨਾਂ ਬੰਦ ਹੋਣ ਲੱਗਦੀਆਂ ਹਨ। ਮੈਂ ਮੈਨੇਜਰ ਨੂੰ ਆਖਦਾਂ ਮੈਨੂੰ ਉੱਥੇ ਟਰਾਂਸਫਰ ਕਰ ਦਿੱਤਾ ਜਾਵੇ। ਮੈਨੇਜਰ ਇਹਦੇ ਬਾਰੇ ਰਾਮ ਲਾਲ ਕਪੂਰ ਨੂੰ ਦਸਦਾ। ਅਗਲੇ ਦਿਨ ਮੈਨੂੰ ਸ਼ਹਿਰ ਦੇ ਦਫ਼ਤਰ ਨਿੱਕੇ ਭਰਾ ਨੂੰ ਮਿਲਣ ਲਈ ਕਿਹਾ ਜਾਂਦਾ। ਤੀਜੇ ਦਿਨ ਮੈਨੂੰ ਸ਼ਹਿਰ ਦੇ ਦਫ਼ਤਰ ਵਿਚ ਟਰਾਂਸਫਰ ਕਰ ਦਿੱਤਾ ਜਾਂਦਾ। ਇਹਦੇ ਨਾਲ ਮੇਰਾ ਖਾਲਸਾ ਕਾਲਜ ਵਿਚ ਐਮ. ਏ. (ਪੰਜਾਬੀ) ਕਰਨ ਦਾ ਰਾਹ ਖੁੱਲ੍ਹ ਜਾਂਦਾ। ਸ਼ਹਿਰ ਵਾਲਾ ਦਫ਼ਤਰ ਦੋ ਵਜੇ ਖੁੱਲ੍ਹਣ ਕਰਕੇ ਮੈਂ ਖਾਲਸਾ ਕਾਲਜ ਵਿਚ ਸਵੇਰ ਦੀਆਂ ਕਲਾਸਾਂ ਲਗਾ ਸਕਦਾਂ।

•

ਤੁਰੰਤ ਮੈਂ ਖਾਲਸਾ ਕਾਲਜ ਵਿਚ ਪੰਜਾਬੀ ਡਿਪਾਰਟਮੈਂਟ ਦੇ ਹੈੱਡ ਪ੍ਰੋਫੈਸਰ ਦੀਵਾਨ ਸਿੰਘ ਨੂੰ ਜਾ ਮਿਲਦਾਂ। ਦੋ ਸਾਲ ਪਹਿਲਾਂ ਵੀ ਮੈਂ ਉਸ ਨੂੰ ਮਿਲਿਆ ਸੀ। ਐਮ. ਏ. ਵਿਚ ਦਾਖਲ ਹੋਣ ਬਾਰੇ ਗੱਲ ਕੀਤੀ; ਫਿਰ ਮੁੰਬਈ ਚਲਾ ਗਿਆ ਸੀ।

ਨੌਕਰੀ ਬਗ਼ੈਰ ਮੇਰਾ ਗੁਜ਼ਾਰਾ ਸੰਭਵ ਹੀ ਨਹੀਂ ਸੀ।

ਇਸ ਵੇਰ ਦੀਵਾਨ ਸਿੰਘ ਮੈਨੂੰ ਪ੍ਰਿੰਸੀਪਲ ਸਮੁੰਦਰੀ ਕੋਲ ਲਿਜਾਂਦਾ ਤੇ ਕਹਿੰਦਾ, "ਪ੍ਰਿੰਸੀਪਲ ਸਾਹਿਬ, ਇਹ ਮੁੰਡਾ ਗਿਆਨੀ ਵਿਚ ਯੂਨੀਵਰਸਟੀ ਚੋਂ ਫਸਟ ਆਇਆ। ਐਮ. ਏ. ਵਿਚ ਇਹ ਪੁਜ਼ੀਸ਼ਨ ਲੈ ਸਕਦਾ।"

ਮੈਂ ਪ੍ਰਿੰਸੀਪਲ ਨੂੰ ਦਸਦਾਂ ਕਿ ਮੈਂ ਦਿਨੇ ਨੌਕਰੀ ਕਰਦਾਂ, ਰਾਤ ਦੇ ਨੌਂ ਵਜ ਜਾਂਦੇ ਹਨ। ਕਾਲਜ ਮੇਰੀ ਮਦਦ ਕਰੇ ਤਾਂ ਮੈਂ ਨੌਕਰੀ ਛੱਡ ਦਿਆਂ, ਐਮ. ਏ. ਵਿਚ ਪੁਜ਼ੀਸ਼ਨ ਤਦ ਹੀ ਲੈ ਸਕਦਾਂ।

ਪ੍ਰਿੰਸੀਪਲ ਦੀਵਾਨ ਸਿੰਘ ਵਲ ਦੇਖਦਾ ਤੇ ਕਹਿੰਦਾ, "ਹੋਸਟਲ ਤੇ ਮੈੱਸ ਫ੍ਰੀ ਕਰ ਦੇਣੇ ਆਂ ਇਹਦੀ। ਵਜ਼ੀਫ਼ਾ ਦਸ ਰੁਪਏ ਮਹੀਨਾ ਲਗਾ ਦਿਆਂਗੇ।"

ਉਸੇ ਸਮੇਂ ਸਿੱਖ ਧਰਮ ਦਾ ਪ੍ਰਾਧਿਆਪਕ ਤਾਰਨ ਸਿੰਘ ਦਾਖਲ ਹੁੰਦਾ। ਦੀਵਾਨ ਸਿੰਘ ਉਹਨੂੰ ਮੇਰੇ ਬਾਰੇ ਦਸਦਾ। ਉਹਨੂੰ ਪਤਾ ਚੱਲਦਾ ਕਿ ਪ੍ਰਿੰਸੀਪਲ ਨੇ ਮੈਨੂੰ ਫ੍ਰੀਸ਼ਿਪ ਦੇਣ ਦੀ ਗੱਲ ਕੀਤੀ ਹੈ, ਉਹ ਬੋਲ ਪੈਂਦਾ, "ਇਹਨੂੰ ਕਹੋ ਕਿ ਫ੍ਰੀਸ਼ਿਪ ਤਦ ਮਿਲੇਗੀ ਜੇ ਇਹ ਅੰਮ੍ਰਿਤ ਛੱਕ ਕੇ ਦੋਬਾਰਾ ਸਿੰਘ ਸਜੇ।"

ਪ੍ਰਿੰਸੀਪਲ ਸਮੁੰਦਰੀ ਮੈਨੂੰ ਮੁਖ਼ਾਤਿਬ ਹੁੰਦਾ, "ਬੰਦਾ ਬਣ ਕੇ ਦਾਹੜੀ ਕੇਸ ਮੁੰਨਣੇ ਬੰਦ ਕਰ। ਅੰਮ੍ਰਿਤ ਛੱਕ। ਤੈਨੂੰ ਹੋਸਟਲ ਦਾ ਪ੍ਰੀਫੈਕਟ ਬਣਾ ਦਿਆਂਗੇ। ਸਵੇਰੇ ਹੋਸਟਲ ਦੇ ਬਾਕੀ ਮੁੰਡਿਆਂ ਨੂੰ ਗੁਰਦੁਆਰੇ ਮੱਥਾ ਟੇਕਣ ਲਿਆਣਾ ਤੇਰੀ ਡਿਊਟੀ ਹੋਵੇਗੀ।"

ਮੈਨੂੰ ਉਪਰੋਂ ਠੋਸੀ ਬੰਧਿਸ਼ ਕਦੇ ਸਵੀਕਾਰ ਨਹੀਂ ਹੁੰਦੀ; ਪਰ ਐਮ ਏ ਕਰਨ ਦਾ ਮੌਕਾ ਵੀ ਗੰਵਾਨਾ ਨਹੀਂ ਚਾਹੁੰਦਾ। ਐਮ. ਏ. ਤਾਂ ਮੈਂ ਅੰਗਰੇਜ਼ੀ ਸਾਹਿਤ ਦੀ ਕਰਨਾ ਚਾਹੁਨਾਂ, ਜੀਹਦੇ ਲਈ ਚੰਡੀਗੜ੍ਹ ਜਾਂ ਲੁਧਿਆਣੇ ਜਾ ਕੇ ਦਾਖਲ ਹੋਣਾ ਪੈਣਾ, ਜੋ ਅਜੇ ਉੱਕਾ ਸੰਭਵ ਨਹੀਂ ਹੈ। ਮੈਂ ਸੋਚਦਾਂ, ਪੰਜਾਬੀ ਦੀ ਐਮ. ਏ. ਕਰਨ ਬਾਅਦ ਸ਼ਾਇਦ ਅੰਗਰੇਜ਼ੀ ਦੀ ਐਮ. ਏ. ਕਰਨ ਦਾ ਰਾਹ ਖੁਲ੍ਹ ਜਾਵੇ। ਜੇ ਮੈਂ ਪ੍ਰਿੰਸੀਪਲ ਸਮੁੰਦਰੀ ਦਾ ਹੁਕਮਨਾਮਾ ਸਵੀਕਾਰ ਨਹੀਂ ਕਰਦਾ ਤਾਂ ਵੂਲਨ ਮਿਲ ਦੀ ਨੌਕਰੀ ਹੀ ਕਰਨੀ ਪੈਣੀ ਹੈ ਤੇ ਖੜੋਤ ਦਾ ਸਿਲਸਿਲਾ ਜਾਰੀ ਰਹਿਣਾ। ਖੜੋਤ ਤੋਂ ਟੁੱਟਣ ਲਈ ਹੀ ਮੈਂ ਮੁੰਬਈ ਛੱਡਿਆ ਸੀ।

•

ਨੌਕਰੀ ਛੱਡ ਦਿੱਤੀ ਹੈ। ਖਾਲਸਾ ਕਾਲਜ ਦੇ ਹਰਿਗੋਬਿੰਦ ਹੋਸਟਲ ਵਿਚ ਰਹਿਣਾ ਸ਼ੁਰੂ ਕਰ ਦਿੱਤਾ ਹੈ। ਪਗ ਬੰਨ੍ਹਣ ਲੱਗ ਪਿਆ ਹਾਂ। ਸ਼ੇਵ ਕਰਨੀ ਬੰਦ ਹੋ ਚੁੱਕੀ ਹੈ। ਹਰ ਰੋਜ਼ ਸਵੇਰੇ ਗੁਰਦੁਆਰੇ ਵਿਚ ਹਾਜ਼ਰੀ ਭਰਦਾ ਹਾਂ। ਮੈਨੂੰ ਅਤੇ ਕੁਝ ਹੋਰ ਮੁੰਡਿਆਂ ਨੂੰ, ਪ੍ਰੋਫੈਸਰ ਤਾਰਨ ਸਿੰਘ ਦੀ ਨਿਗਰਾਨੀ ਹੇਠ, ਕਾਲਜ ਦੇ ਗੁਰਦੁਆਰੇ ਵਿਚ ਅੰਮ੍ਰਿਤ ਛਕਾਇਆ ਜਾਂਦਾ। ਪ੍ਰਿੰਸੀਪਲ ਸਮੁੰਦਰੀ ਆਪ ਹੋਰ ਰੋਜ਼ ਸਵੇਰੇ ਗੁਰਦੁਆਰੇ ਵਿਚ ਮੱਥਾ ਟੇਕਣ ਆਉਂਦਾ। ਮੈਨੂੰ ਦੇਖ ਲਵੇ ਤਾਂ ਕੋਲ ਬੁਲਾ ਮੇਰੀ ਠੋਡੀ ਨੂੰ ਹੱਥ ਲਗਾ ਕੇ ਪੱਕ ਕਰਦਾ ਦਾਹੜੀ ਤਾਜ਼ੀ ਕਤਰੀ ਤਾਂ ਨਹੀਂ ਹੋਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਜ਼ੀਫ਼ੇ ਇਮਤਿਹਾਨ ਵੀ ਮੈਂ ਦੇ ਦਿੱਤਾ ਹੈ। ਮੈਰਿਟ ਵਿਚ ਆ ਜਾਣ ਨਾਲ ਤਿੰਨ ਸਾਲਾਂ ਲਈ ਪੱਚੀ ਰੁਪਏ ਮਹੀਨਾ ਵਜ਼ੀਫਾ ਮਿਲੇਗਾ। ਇਮਤਿਹਾਨ ਸਿੱਖ ਧਰਮ, ਸਿੱਖ ਇਤਹਾਸ ਤੇ ਗੁਰਬਾਣੀ ਦਾ ਹੈ। ਇਹ ਕੰਮ ਮੇਰੇ ਲਈ ਮੁਸ਼ਕਿਲ ਨਹੀਂ। ਗਿਆਨੀ ਵਿਚ ਗੁਰਬਾਣੀ ਦਾ ਅਧਿਅਨ ਕਰ ਚੁੱਕਾ ਹਾਂ। ਵਜ਼ੀਫ਼ੇ ਦੀ ਪ੍ਰੀਖਿਆ ਦਾ ਨਤੀਜਾ ਆਉਂਦਾ ਤਾਂ ਮੇਰਾਂ ਨਾਂ ਪਹਿਲੇ ਨੰਬਰ ਉੱਤੇ ਹੈ। ਹੁਣ ਮੈਂ ਬਿਨਾਂ ਮਾਇਕ ਤੰਗੀ ਦੇ ਐਮ ਏ. ਮੁਕੰਮਲ ਕਰ ਲੈਣੀ ਹੈ।

•

ਮੇਰੇ ਹੋਣੇ ਦੇ ਟ੍ਰੈਕ ਵਿਚ ਤਬਦੀਲੀ ਆ ਚੁੱਕੀ ਹੈ। ਜਿਸ ਸੰਸਾਰ ਵਿਰੁੱਧ ਮੈਂ ਬਗ਼ਾਵਤ ਕੀਤੀ ਤੇ ਮੁੰਬਈ ਪੁੱਜਾ, ਉਸੇ ਸੰਸਾਰ ਵਿਚ ਮੁੜ ਆ ਖੁੱਭਾ ਹਾਂ। ਨਹੀਂ ਪਤਾ ਇਹ ਸਮਝੋਤਾ ਕਿੰਨੀ ਦੇਰ ਕਾਇਮ ਰਹਿੰਦਾ ਹੈ। ਮੈਂ ਆਪਣੇ ਆਪ ਨੂੰ ਸਮਝਾਉਨਾਂ ਕਿ ਦੋ ਸਾਲ ਮੈਨੂੰ ਮਾਊਂ ਬਣ ਕੇ ਹੀ ਰਹਿਣਾ ਪੈਣਾ। ਬਗ਼ਾਵਤੀ ਕੀੜਾ ਸੁਸਤ ਪੈ ਚੁੱਕਾ ਹੈ। ਮੈਂ ਕੀੜੇ ਦਾ ਧੰਨਵਾਦ ਕਰਦਾਂ, ਪਰ ਇਹਦਾ ਪਤਾ ਨਹੀਂ ਕਿੰਨੀ ਦੇਰ ਤੱਕ ਏਦਾਂ ਰਹਿੰਦਾ ਹੈ। ਜਦ ਇਹ ਉਸਲਵੱਟੇ ਲੈਣ ਲੱਗ ਪਵੇ ਤਾਂ ਲਖ ਸਮਝਾਉਣ ਉੱਤੇ ਵੀ ਕਾਬੂ ਵਿਚ ਨਹੀਂ ਰਹਿੰਦਾ।

•

ਮੇਰੇ ਲਈ ਕਾਲਜ ਦੀ ਜ਼ਿੰਦਗੀ ਸੀਮਤ ਤੇ ਘੁਰਣਾਬਧ ਹੈ - ਇਹ ਪਿੱਛਲਮੂੰਹੀ+ਸੀਮਤ ਹੈ। ਕਈ ਵੇਰ ਮਨ ਵਿਚ ਆਉਂਦਾ, ਅਜਿਹੀ ਜ਼ਿੰਦਗੀ ਤੋਂ ਮੈਂ ਟੁੱਟ ਗਿਆ ਸੀ, ਕਿਉਂ ਆਇਆ ਹਾਂ ਮੁੰਬਈ ਛੱਡ ਕੇ? ਇਹ ਸੁਆਲ ਤਦ ਪੈਦਾ ਹੁੰਦਾ ਜਦ ਮੈਂ ਦੇਖਦਾਂ ਕਿਸੇ ਅਧਿਆਪਕ ਕੋਲੋਂ ਕੁਝ ਪ੍ਰਾਪਤ ਨਹੀਂ ਹੋ ਰਿਹਾ। ਸਾਰਾ ਕੰਮ ਘਿਸ ਪੱਧਰ ਦਾ, ਖਾਨਾਪੁਰੀ ਹੋਈ ਜਾਂਦੀ ਹੈ। ਨਹੀਂ ਲੱਗਦਾ ਕੋਈ ਅਧਿਆਪਕ ਨਵੀਂ ਆਈ ਕਿਤਾਬ ਪੜ੍ਹਦਾ ਹੋਵੇ ਜਾਂ ਉਸ ਦੀ ਗਿਆਨ ਸ਼ਾਸਤਰ ਵਿਚ ਦਿਲਚਸਪੀ ਹੋਵੇ। ਸਾਹਿਤ ਚਿੰਤਨ ਦੀ ਅੰਗਰੇਜ਼ੀ ਦਾ ਇਕ ਪੈਰ੍ਹਾ ਵੀ ਇਨ੍ਹਾਂ ਦੀ ਸਮਝ ਤੋਂ ਉਪਰ ਹੈ, ਨਾ ਸੰਸਕ੍ਰਿਤ ਜਾਂ ਅਰਬੀ/ਫਾਰਸੀ ਦਾ ਗਿਆਨ ਹੈ (ਸਿਵਾਏ ਪ੍ਰੋਫੈਸਰ ਦੀਵਾਨ ਸਿੰਘ ਦੇ ਜਿਸ ਨੇ ਫਾਰਸੀ ਦੀ ਐਮ ਏ ਕੀਤੀ ਹੋਈ ਹੈ।) ਨਾ ਅਧਿਆਪਕ ਕਲਾਸ ਵਿਚ ਕੁਝ ਨਵਾਂ ਕੁਝ ਸੰਚਾਰ ਕਰਨ ਦੇ ਸਮਰਥ ਹਨ, ਨਾ ਕਲਾਸ ਤੋਂ ਬਾਹਰ। ਉਲਟਾ, ਵਿਦਿਆਰਥੀਆਂ ਤੋਂ ਦਾਸਤਾ ਦੀ ਮੰਗ ਕਰਦੇ ਹਨ। ਪੰਜਾਬੀ ਅਧਿਆਪਨ ਦਾ ਹਾਲ, (ਸਿਵਾਏ ਲੁਧਿਆਣਾ ਸਰਕਾਰੀ ਕਾਲਜ ਦੇ, ਜਿੱਥੇ ਕੁਝ ਸਾਲ ਪਹਿਲਾਂ ਪ੍ਰੋਫੈਸਰ ਪ੍ਰੀਤਮ ਸਿੰਘ, ਗੁਲਵੰਤ ਸਿੰਘ, ਡਾਕਟਰ ਸ਼ੇਰ ਸਿੰਘ ਪੰਜਾਬੀ ਐਮ. ਏ. ਦੀਆਂ ਕਲਾਸਾਂ ਲਿਆ ਕਰਦੇ ਸਨ) ਅਜਿਹਾ ਹੀ ਹੈ ਤੇ ਲੱਗਦਾ ਇਹੀ ਹਾਲ ਆਉਂਦੇ ਦਹਾਕਿਆਂ ਵਿਚ ਰਹਿਣਾ ਹੈ। ਪੰਜਾਬੀ ਦੀ ਪੋਸਟ ਗ੍ਰੈਜੁਏਟ ਕਰਨ ਵੀ ਉਹੀ ਆਉਂਦੇ ਹਨ ਜਿਨ੍ਹਾਂ ਦੀ ਕਿਸੇ ਹੋਰ ਮਜ਼ਮੂਨ ਵਿਚ ਦਾਲ ਨਹੀਂ ਗਲਦੀ। (ਏਹੋ ਜਿਹੀਆਂ ਗੱਲਾਂ ਮੇਰੇ ਧੁਰ ਅੰਦਰ ਪਈਆਂ ਹੋਈਆਂ। ਇਹ ਮੇਰੇ ਅੰਦਰ ਹੀ ਕਿਉਂ ਮੌਜੂਦ ਹਨ?)

ਮੈਨੂੰ ਆਪਣੇ ਅਧਿਅਨ ਦਾ ਹੀ ਆਸਰਾ ਰਿਹਾ ਹੈ। ਅੰਗਰੇਜ਼ੀ ਦੀ ਚੰਗੀ ਕਿਤਾਬ ਹੱਥ ਆਵੇ ਮੈਂ ਪੜ੍ਹਦਾ ਹਾਂ। ਕਾਲਜ ਲਾਇਬਰੇਰੀ ਦਾ ਇੰਚਾਰਜ ਖਾਊ-ਪੀਊ ਬੰਦਾ ਹੈ। ਕੰਟੀਨ ਤੋਂ ਸਮੋਸੇ, ਬਰਫੀ ਮੰਗਵਾ ਕੇ ਉਹਦੇ ਅੱਗੇ ਰਖ ਦਿਉ, ਦਰਜਣਾਂ ਕਿਤਾਬਾਂ ਇਸ਼ੂ ਕਰ ਦੇਂਦਾ ਹੈ। ਫਿਰ ਕਿਤਾਬ ਨੂੰ ਮਹੀਨਿਆਂ ਤੱਕ ਵਾਪਿਸ ਕਰਨ ਦੀ ਲੋੜ ਨਹੀਂ। ਨਵੀਆਂ ਆਈਆਂ ਕਿਤਾਬਾਂ ਲਈ ਮੈਂ ਟਾਊਨ ਹਾਲ ਵਾਲੀ ਮੋਤੀਲਾਲ ਨਹਿਰੂ ਲਾਇਬਰੇਰੀ ਉੱਤੇ ਨਿਰਭਰ ਹਾਂ। ਟੀ. ਐਸ. ਐਲੀਅਟ, ਐਫ ਆਰ ਲੀਵਿਸ ਤੇ ਹਰਬਰਟ ਰੀਡ ਵਰਗੇ ਗੂੜ੍ਹ ਸਾਹਿਤ ਚਿੰਤਕਾਂ ਦੀਆਂ ਕਿਤਾਬਾਂ ਇਸ਼ੂ ਕਰਵਾ ਲੈਂਦਾ

ਹਾਂ, ਭਾਵੇਂ ਬਹੁਤਾ ਕੁਝ ਪੱਲੇ ਨਹੀਂ ਪੈਂਦਾ। ਬਾਰ ਬਾਰ ਪੜ੍ਹ ਕੇ ਸਮਝਣ ਦਾ ਹਠ ਕਰਦਾ ਹਾਂ। ਸ਼ਬਦ ਕੋਸ਼ ਚੋਂ ਮਾਅਨੇ ਦੇਖਦਾ ਹਾਂ। ਪ੍ਰਸੰਗ ਇਨ੍ਹਾਂ ਕਿਤਾਬਾਂ ਦੇ ਪੱਛਮੀ ਚਿੰਤਨ ਦੇ ਹਨ। ਕਿਤਾਬਾਂ ਵਿਚੋਂ ਅੰਗਰੇਜ਼ੀ ਦੀਆਂ ਟੂਕਾਂ ਰਜਿਸਟਰ ਵਿਚ ਨੋਟ ਕਰਦਾ ਹਾਂ ਜੋ ਪ੍ਰੀਖਿਆ ਵਿਚ ਵਰਤਣ ਲਈ ਯਾਦ ਕੰਮ ਆਉਣ ਗੀਆਂ। (ਵੈਸੇ, ਇਹ ਕੰਮ ਵੀ ਜਾਅਲੀ ਪੱਧਰ ਦਾ ਹੈ।)

ਹੋਸਟਲ ਵਿਚ ਕੁਝ ਹਫ਼ਤੇ ਗੁਜ਼ਰਦੇ ਹਨ ਤਾਂ ਰਾਤ ਨੂੰ ਕੰਪਨੀ ਬਾਗ਼ ਵਿਚ ਲੈਂਪ ਪੋਸਟ ਹੇਠ ਪੜ੍ਹਣ ਦੀ ਪੁਰਾਣੀ ਆਦਤ ਜਾਗ ਪੈਂਦੀ ਹੈ। ਖੁੱਲ੍ਹੇ ਆਸਮਾਨ ਅਤੇ ਵਿਸ਼ਾਲ ਹਰਿਆਵਲ ਵਿਚ ਕਿਤਾਬ ਪੜ੍ਹਣ ਦਾ ਜੋ ਲੁਤਫ਼ ਹੈ, ਉਹ ਹੋਸਟਲ ਦੇ ਕਮਰੇ ਵਿਚ ਪ੍ਰਾਪਤ ਨਹੀਂ। ਹੋਸਟਲ ਵਿਚ ਮੁੰਡੇ ਰਾਤ ਨੂੰ ਕਮਰਿਆਂ ਵਿਚ ਪੜ੍ਹਦੇ ਹਨ; ਉਂਦਾਂ ਕਰਨਾ ਮੇਰੇ ਲਈ ਜ਼ਰੂਰੀ ਕਿਉਂ ਹੋਵੇ? ਮੈਂ ਰਾਤ ਬਾਗ ਵਿਚ ਲੈਂਪ ਪੋਸਟ ਹੇਠ ਕਿਉਂ ਨਾ ਪੜ੍ਹਾਂ, ਜਿਵੇਂ ਪਹਿਲਾਂ ਕਰਿਆ ਕਰਦਾ ਸੀ? ਅਜਿਹਾ ਕਰਨਾ ਹੋਸਟਲ ਵਿਚ ਰਹਿਣ ਵਾਲੇ ਲਈ ਸੰਭਵ ਨਹੀ, ਪਰ ਮੈਂ ਇਹਨੂੰ ਸੰਭਵ ਬਨਾਣ ਦਾ ਹੀਆ ਕਰ ਲੈਂਦਾ ਹਾਂ। ਕੋਈ ਤਾਂ ਸਰੋਤ ਅਜਿਹਾ ਹੋਣਾ ਚਾਹੀਦੀ ਹੈ ਜਿਹਦੇ ਆਸਰੇ ਮੈਂ ਆਪਣਾ ਨਿੱਜੀ ਸੰਸਾਰ ਸਿਰਜ ਸਕਾਂ। ਮੇਰੇ ਉੱਤੇ ਜੋ ਪ੍ਰਿੰਸੀਪਲ ਸਮੁੰਦਰੀ ਅਤੇ ਤਾਰਨ ਸਿੰਘ ਨੇ ਆਪਣੀ ਤਰਜ਼ ਦਾ ਅਨੁਸਾਸ਼ਨ ਠੋਸ ਦਿੱਤਾ ਹੈ, ਇਹਨੂੰ ਮੈਂ ਦਮਨ ਸਮਝਣ ਲੱਗ ਪਿਆ ਹੈ। ਬਗ਼ਾਵਤੀ ਕੀੜਾ ਐਕਟਿਵ ਹੋ ਚੁੱਕਾ ਹੈ।

ਇਕ ਰਾਤ ਮੈਂ ਕਿਤਾਬਾਂ/ਰਸਾਲੇ ਚੱਦਰ ਵਿਚ ਲਪੇਟ ਸਾਈਕਲ ਦੇ ਕੱਰੀਅਰ ਪਿੱਛੇ ਅੜਾ ਕੰਪਨੀ ਬਾਗ਼ ਜਾ ਕੇ ਪੜ੍ਹਣ ਦਾ ਫੈਸਲਾ ਕਰਦਾ ਹਾਂ, ਇਹ ਜਾਣਦਿਆਂ ਹੋਇਆਂ ਵੀ ਕਿ ਅਜਿਹਾ ਕਰਨਾ ਹੋਸਟਲ ਦੇ ਨਿਯਮਾਂ ਦੇ ਖਿਲਾਫ਼ ਹੈ। ਮੈੱਸ ਤੋਂ ਰੋਟੀ ਖਾਣ ਬਾਅਦ ਮੈਂ ਗ਼ਾਇਬ ਹੋਣ ਲਈ ਤਿਆਰ ਹਾਂ। ਮੈੱਸ ਦੀ ਰਸੋਈ ਦੇ ਪਿਛਲੇ ਦਰਵਾਜ਼ੇ ਰਾਹੀਂ ਬਾਹਰ ਨਿਕਲਣ ਬਾਅਦ ਕੱਚਾ ਰਾਹ ਆਉਂਦਾ ਹੈ; ਅਗਾਂਹ ਛਾਉਣੀ ਵਾਲੀ ਸੜਕ ਹੈ, ਜਿਹਨੂੰ ਪਾਰ ਕਰਕੇ ਕਚਹਿਰੀ, ਫਿਰ ਮਾਲ ਰੋਡ ਸ਼ੁਰੂ ਹੁੰਦੀ ਹੈ। ਅਗਾਂਹ ਕੰਪਨੀ ਬਾਗ ਹੈ। ਉੱਥੇ ਪੁਜ ਕੇ ਮੈਂ ਖੁੱਲ੍ਹੀ ਫ਼ਿਜ਼ਾ ਵਿਚ ਲੰਮਾ ਸਾਹ ਲੈਂਦਾ ਹਾਂ। ਮਨ ਵਿਚ ਫੈਸਲਾ ਕਰਦਾ ਹਾਂ ਕਿ ਹਰ ਰਾਤ ਏਦਾਂ ਹੀ ਨਿਕਲ ਆਇਆ ਕਰਾਂਗਾ।

ਤਿੰਨ ਚਾਰ ਘੰਟੇ ਗੁਜ਼ਰਦੇ ਹਨ। ਅੱਧੀ ਰਾਤ ਪਾਰ ਡੇਢ ਵਜੇ ਦੇ ਕਰੀਬ ਮੈਂ ਮੈੱਸ ਦੇ ਰਸਤੇ ਸਾਈਕਲ ਅੰਦਰ ਲਿਜਾ ਆਪਣੇ ਕਮਰੇ ਵਿਚ ਆ ਸੌਂਦਾ ਹਾਂ। ਸਵੇਰੇ ਨੀਂਦ ਦੇਰ ਨਾਲ ਖੁੱਲ੍ਹਦੀ ਹੈ। ਗੁਰਦੁਆਰੇ ਜਾਣ ਅਤੇ ਉੱਥੇ ਹੋਸਟਲ ਦੇ ਮੁੰਡਿਆਂ ਦੀ ਹਾਜ਼ਰੀ ਲਗਾਣ ਦੀ ਜੋ ਡਿਊਟੀ ਪ੍ਰਿੰਸੀਪਲ ਸਮੁੰਦਰੀ ਨੇ ਲਗਾਈ ਹੈ, ਉਸ ਤੋਂ ਕੁਤਾਹੀ ਹੋ ਜਾਂਦੀ ਹੈ। ਦੁਪਹਿਰ ਦੇ ਖਾਣੇ ਵੇਲੇ ਮੈੱਸ ਦਾ ਠੇਕੇਦਾਰ ਸੀਤਾ ਰਾਮ ਮੈਨੂੰ ਕਹਿੰਦਾ, "ਜੇ ਪ੍ਰਿੰਸੀਪਲ ਸਾਹਿਬ ਨੂੰ ਪਤਾ ਲੱਗ ਗਿਆ ਤਾਂ ਮੇਰੀ ਪੇਸ਼ੀ ਹੋ ਜਾਵੇਗੀ।" ਉਹ ਸੋਚਦਾ ਮੈਂ ਰਾਤ ਫਿਲਮ ਸ਼ੋਅ ਦੇਖਣ ਗਿਆ ਸੀ। ਮੈਂ ਆਖਦਾਂ, "ਮੈਂ ਰਾਤ ਕੰਪਨੀ ਬਾਗ਼ ਰੋਸ਼ਨੀ ਹੇਠ ਪੜ੍ਹਣ ਜਾਂਦਾ ਹਾਂ, ਖੁੱਲ੍ਹੀ ਹਵਾ ਵਿਚ। ਅੱਜ ਵੀ ਜਾਵਾਂਗਾ, ਹਰ ਰੋਜ਼ ਜਾਇਆ ਕਰਾਂਗਾ, ਰਸੋਈ ਦੇ ਦਰਵਾਜ਼ੇ ਥਾਣੀਂ। ਕਿਸੇ ਨੇ ਤੈਨੂੰ ਪੁੱਛਿਆ ਤਾਂ ਕਹਿ ਦੇਈਂ ਮੈਨੂੰ ਕੁਝ ਨਹੀਂ ਪਤਾ।"

ਸੀਤਾ ਰਾਮ ਸਾਊ ਬੰਦਾ ਹੈ, ਮੁਸਕ੍ਰਾ ਕੇ ਚੁੱਪ ਹੋ ਜਾਂਦਾ ਹੈ।

ਕੁਝ ਸਾਲ ਪਹਿਲਾਂ ਕੰਪਨੀ ਬਾਗ਼ ਵਿਚ ਸਥਿਤ ਮਹਾਰਾਜਾ ਰਣਜੀਤ ਸਿੰਘ ਪੈਲੇਸ ਦੇ ਚਾਰੋ ਪਾਸੇ ਮੈਂ ਤੇ ਦੋ ਹੋਰ ਮੁੰਡਿਆਂ ਨੇ ਉਪਰ ਲੱਗੇ ਬਲਬਾਂ ਨੂੰ ਉਤਾਰ ਕੇ ਦੋ ਸੌ ਵਾਟ ਦੇ ਬਲਬ ਲਗਾ ਦਿੱਤੇ ਸੀ। ਹੁਣ ਉਹ ਬਲਬ ਨਹੀਂ ਹਨ, ਪਹਿਲਾਂ ਵਾਲੇ ਚਾਲ੍ਹੀ ਵਾਟ ਦੇ ਹਰ ਪਾਸੇ ਨਿੱਕੇ ਬਲਬ ਹਨ। ਰੋਸ਼ਨੀ ਬਹੁਤ ਘਟ ਹੈ, ਪਰ ਇਹਦੀ ਪ੍ਰਵਾਹ ਕਿਸ ਨੂੰ ਹੈ? ਬਲਬ ਬਾਅਦ ਵਿਚ ਬਦਲ ਲਿਆ ਜਾਵੇਗਾ। ਮੈਂ ਥਮ੍ਹਲੇ ਉੱਤੇ ਚੱਦਰ ਵਿਛਾਂਦਾ ਹਾਂ। ਵਿਰਾਟ ਚੁੱਪ ਅਤੇ ਗ਼ੈਬੀ ਇਕੱਲਤਾ ਵਿਚ ਪੁਰਾਣੇ ਦਿਨਾਂ ਨਾਲ ਨਾਤਾ ਜੁੜਣ ਲੱਗਦਾ ਹੈ; ਲੱਗਦਾ ਮੈਂ ਆਪਣੇ ਹੋਣੇ ਦੇ ਨਿਕਟ ਆ ਗਿਆ ਹਾਂ। ਮੇਰੇ ਅੰਦਰ ਜੋ ਘੁਟਣ ਵੱਧ ਰਹੀ ਸੀ, ਫਰਾਟੇ ਮਾਰਦੀ ਹਵਾ ਵਿਚ ਉਸ ਤੋਂ ਮੁਕਤ ਹੋਇਆ ਮਹਿਸੂਸ ਕਰਦਾ ਹਾਂ। ਤੇਜ਼ ਹਵਾ ਵਿਚ ਦਰਖ਼ਤਾਂ ਦੀਆਂ ਟਾਹਣੀਆਂ ਸ਼ਾਂਸ਼ਾਂ ਕਰਦੀਆਂ ਹਨ। ਅਦਭੁਤ ਆਵਾਜ਼ਾਂ ਅਪਾਰ ਸੰਸਾਰ ਨਾਲ ਮੈਨੂੰ ਜੋੜ ਦੇਂਦੀਆਂ ਹਨ। ਮੇਰੀਆਂ ਅੱਖਾਂ ਅੱਗੋਂ ਮੁੰਬਈ ਵਿਚ ਅੱਧੀ ਰਾਤ ਸਮੁੰਦਰ ਕਿਨਾਰੇ ਦੂਰ ਟਿਮਟਮਾਂਦੀਆਂ ਰੋਸ਼ਨੀਆਂ ਦਾ ਦ੍ਰਿਸ਼ ਗੁਜ਼ਰਦਾ ਹੈ। ਅਜਿਹੇ ਪਲਾਂ ਵਿਚ ਮੈਂ ਇਕੱਲਤਾ+ਚੁੱਪ ਦੇ ਪਸਾਰੇ ਦਾ ਸੁਲਤਾਨ ਹੁੰਦਾ ਹਾਂ। ਮੇਰੇ ਤੰਤ ਜਗਮਗ ਕਰਨ ਲੱਗਦੇ ਹਨ। ਇਹੀ ਹੈ ਜੋ ਮੈਨੂੰ ਹੋਰਾਂ ਤੋਂ ਵੱਖਰਿਆਂਦਾ ਹੈ; ਇਹੀ ਮੇਰੇ ਅੰਦਰ ਪਲ੍ਹਰਦੇ ਬਗ਼ਾਵਤੀ ਕੀੜੇ ਨੂੰ ਊਰਜਿਤ ਕਰਦਾ ਹੈ।

ਹੱਥ ਵਿਚ ਕਿਤਾਬ ਹੁੰਦੀ ਹੈ, ਹੁਣ ਵੀ ਹੈ! ਸੰਗਮਰਮਰੀ ਥਮ੍ਹਲੇ ਉੱਤੇ ਬੈਠਾ ਮੈਨੂੰ ਯਾਦ ਆਉਂਦਾ ਉਹ ਸਮਾਂ ਜਦ ਇਸੇ ਹੀ ਥਾਂ ਇਕੱਲ+ਚੁੱਪ ਵਿਚ ਬੈਠ ਮੈਂ ਕ੍ਰਿਸਟੋਫਰ ਕੌਡਵੈੱਲ ਦੀ *ਇਲਿਊਨ ਐਂਡ ਰਿਐਲਿਟੀ* ਦਾ ਪਹਿਲਾ ਚੈਪਟਰ ਦੋ ਵੇਰ

ਪੜ੍ਹਿਆ ਸੀ। ਪਹਿਲੀ ਵੇਰ ਸਮਝ ਨਹੀਂ ਸੀ ਆਇਆ; ਦੋਬਾਰਾ ਪੜ੍ਹਣ ਲੱਗਾ ਤਾਂ ਸਭ ਕੁਝ ਮੇਰੇ ਚਿੱਤ-ਚੇਤਨ ਵਿਚ ਛਾਪ ਛੱਡ ਗਿਆ ਸੀ।

ਮੇਰੇ ਕੋਲ ਹਾਲ ਗੇਟ ਦੇ ਬਾਹਰ ਖੋਖੇ ਤੋਂ ਕਿਰਾਏ ਉੱਤੇ ਲਿਆਂਦੇ ਨਿਊਯੌਰਕ ਤੋਂ ਪ੍ਰਕਾਸ਼ਿਤ *ਟਾਈਮ* ਅਤੇ ਵਾਸ਼ਿੰਗਟਨ ਤੋਂ ਨਿਕਲਦੇ *ਨਿਊਜ਼ਵੀਕ* ਦੇ ਨਵੇਂ ਅੰਕ ਹਨ। ਏਨਾ ਕੁਝ ਪੜ੍ਹਣ ਨੂੰ ਕੋਲ ਹੋਵੇ ਤਾਂ ਇਕੱਲਤਾ ਵਿਚ ਭਰਪੂਰਤਾ ਦੇ ਦਰਸ ਹੋਣ ਲੱਗਦੇ ਹਨ। ਬੰਦਾ ਕੁੱਲ ਸੰਸਾਰ ਦਾ ਦਰਸ਼ਕ ਬਣਿਆ ਮਹਿਸੂਸ ਕਰਦਾ। ਤਦ ਮੇਰੀ ਸਵੈ-ਸੱਤਾ ਜਾਗਨ ਲੱਗਦੀ ਹੈ। ਕਾਲਜ ਹੋਸਟਲ ਦਾ ਅਨੁਸ਼ਾਸਨ ਅਤੇ ਪ੍ਰਿੰਸੀਪਲ ਸਮੁੰਦਰੀ ਦਾ ਰੋਜ਼ ਸਵੇਰੇ ਗੁਰਦੁਆਰੇ ਜਾ ਕੇ ਹਾਜ਼ਰੀ ਲਗਾਣ ਦਾ ਹੁਕਮਨਾਮਾ ਅਤੇ ਤਾਰਨ ਸਿੰਘ ਦੀ ਧਾਰਮਿਕਤਾ ਨੂੰ ਮੈਂ ਟਿੱਚ ਸਮਝਣ ਲਗਦਾ ਹਾਂ। ਮੈਂ ਤਾਂ ਏਹੋ ਜਿਹੀ ਧੌਂਸ ਦਾ ਮੁਕਾਬਲਾ ਕਰਦਾ ਹੀ ਵੱਡਾ ਹੋਇਆ ਹਾਂ। ਸੋਚਦਾਂ ਐਮ. ਏ. ਦਾ ਇਮਤਿਹਾਨ ਦੇ ਕੇ ਮੈਂ ਸੁਤੰਤਰ ਹੋ ਜਾਣਾ। ਫਿਰ ਜੋ ਚਾਹਾਂ, ਕਰਾਂਗਾ। ਮੈਂ ਅੰਮ੍ਰਿਤਸਰ ਤੋਂ ਚਲੇ ਜਾਣਾ। ਇਹ ਸ਼ਹਿਰ ਮੈਨੂੰ ਪਿਛਾਂਹ ਵਲ ਖਿੱਚਦਾ ਹੈ। ਮਹੀਨਾ ਡੇਢ ਅਜਿਹੀਆਂ ਸੋਚਾਂ ਵਿਚ ਗੁਜ਼ਰਦਾ ਹੈ। ਹੋਸਟਲ ਮੈੱਸ ਤੋਂ ਰੋਟੀ ਖਾ ਕੇ ਰਾਤ ਨੂੰ ਗ਼ਾਇਬ ਹੋਣਾ ਜਾਰੀ ਰਹਿੰਦਾ ਹੈ। ਕੰਪਨੀ ਬਾਗ ਤੋਂ ਵਾਪਿਸ ਹੋਸਟਲ ਦੇ ਕਮਰੇ ਵਿਚ ਪਹੁੰਚਣ ਤੱਕ ਗਈ ਰਾਤ ਦਾ ਇਕ ਜਾਂ ਦੋ ਵਜ ਚੁੱਕੇ ਹੁੰਦੇ ਹਨ। ਵਾਪਿਸ ਆਉਂਦੀ ਵੇਰ ਆਸ ਪਾਸ ਮੈਨੂੰ ਸੜਕ ਤੇ ਕੋਈ ਦਿਖਾਈ ਨਹੀਂ ਦੇਂਦਾ। ਜਦ ਸੜਕ ਤੋਂ ਖੁੱਲ੍ਹੇ ਮੈਦਾਨ ਵਲ ਸਾਈਕਲ ਮੋੜਦਾਂ ਤਾਂ ਸਾਰੇ ਪਾਸੇ ਹਨੇਰਾ ਹੁੰਦਾ। ਹੋਸਟਲ ਦੀ ਮੈੱਸ ਦੇ ਪਿਛਵਾੜ ਵਾਲਾ ਦਰਵਾਜ਼ਾ ਹੌਲੇ ਜਿਹੇ ਖੋਲ੍ਹਦਾਂ। ਮੈੱਸ ਵਿਚ ਕੰਮ ਕਰਦੇ ਮੁੰਡੇ ਬਾਹਰ ਮੰਜੇ ਡਾਹ ਕੇ ਘੂਕ ਸੁੱਤੇ ਹੁੰਦੇ ਹਨ। ਮੈਂ ਧਿਆਨ ਰੱਖਦਾਂ ਕੋਈ ਖੜਾਕ ਨਾ ਹੋਵੇ। ਮਲ੍ਹਕੜੇ ਜਿਹੇ ਸਾਈਕਲ ਅੰਦਰ ਕਰਦਾਂ, ਫਿਰ ਪਿਛਲ ਦਰਵਾਜ਼ੇ ਨੂੰ ਕੁੰਡੀ ਲਗਾਂਦਾ। ਮੈੱਸ ਦੇ ਬਾਹਰ ਕਰਕੇ ਕੋਨੇ ਵਿਚ ਸਾਈਕਲ ਟਿਕਾਂਦਾ। ਸਭ ਪਾਸੇ ਚੁੱਪ ਹੈ। ਸਭ ਮੁੰਡੇ ਸੁੱਤੇ ਹੋਏ ਹਨ। ਮੈਂ ਆਪਣੇ ਇਕ ਨੰਬਰ ਕਮਰੇ ਦਾ ਦਰਵਾਜ਼ਾ ਖੋਲ੍ਹਦਾਂ, ਬੱਤੀ ਜਗਾਂਦਾ, ਲੰਮਾ ਸਾਹ ਲੈਣਾਂ, ਕਪੜੇ ਉਤਾਰ ਕੱਛੇ ਬਨੈਣ ਸਮੇਤ ਮੰਜੇ ਉੱਤੇ ਥੱਕਿਆ ਢਹਿ ਪੈਨਾਂ। ਪਤਾ ਨਹੀਂ ਲੱਗਦਾ ਕਦ ਸੁੱਤਾ, ਕਦ ਸਵੇਰ ਹੋਈ, ਕਦ ਅੱਠ ਵਜ ਗਏ, ਕਦ ਗੁਰਦੁਆਰੇ ਜਾਣ ਦਾ ਵਕਤ ਗੁਜ਼ਰ ਗਿਆ, ਕਦ ਮੁੰਡੇ ਮੈੱਸ ਵਿਚ ਜਾ ਕੇ ਪਰੌਂਠੇ ਤੇ ਦਹੀ ਖਾ ਕੇ ਕਲਾਸਾਂ ਵਲ ਚਲਣ ਲੱਗ ਪਏ। ਤਦ ਅਚਾਨਕ ਮੇਰੀ ਜਾਗ ਖੁੱਲ੍ਹਦੀ ਹੈ। ਮੈਂ ਬਾਥ ਰੂਮ ਵਲ ਦੌੜਦਾਂ। ਜਲਦੀ ਤਿਆਰ ਹੋ ਕੇ ਕਲਾਸ ਵਲ ਤੇਜ਼ ਕਦਮੀ ਵਧਦਾਂ।

ਦਿਨਾਂ ਦੇ ਦਿਨ ਇਸ ਤਰ੍ਹਾਂ ਗੁਜ਼ਰਦੇ ਹਨ। ਗੁਰਦੁਆਰੇ ਤੋਂ ਗ਼ੈਰ-ਹਾਜ਼ਰ ਰਹਿੰਦਾ ਆ ਰਿਹਾ ਹਾਂ। ਇਕ ਰਾਤ ਮੈਂ ਬਾਗ ਵਿਚ ਸੰਗਮਰਮਰ ਦੇ ਥਮ੍ਹਲੇ ਉੱਤੇ ਹੀ ਸੌਂ ਜਾਂਦਾ ਹਾਂ। ਉੱਠਦਾਂ ਤਾ ਸਵੇਰੇ ਦੇ ਪੰਜ ਵਜ ਚੁੱਕੇ ਹਨ। ਸਾਈਕਲ ਨੂੰ ਸਰਪਟ ਕਾਲਜ ਵਲ ਦੌੜਾਂਦਾ, ਨਹਾ ਧੋਅ ਕੇ ਗੁਰਦੁਆਰੇ ਪਹੁੰਚਦਾਂ। ਪ੍ਰਿੰਸੀਪਲ ਸਮੁੰਦਰੀ ਅੱਖਾਂ ਮੁੰਦੀ ਸਭ ਤੋਂ ਅੱਗੇ ਬੈਠਾ ਕੀਰਤਨ ਸੁਣ ਰਿਹਾ ਹੈ। ਭੋਗ ਪੈਣ ਬਾਅਦ ਉਹ ਗੁਰਦੁਆਰੇ ਤੋਂ ਬਾਹਰ ਆਉਂਦਾ, ਮੈਨੂੰ ਦੇਖ ਇਸ਼ਾਰਾ ਕਰਕੇ ਬੁਲਾਂਦਾ। ਮੈਂ "ਸਤਿ ਸ੍ਰੀ ਅਕਾਲ, ਸਰ" ਆਖਦਾਂ। ਉਹ ਖਰ੍ਹਵੇ ਲਹਿਜ਼ੇ ਵਿਚ ਬੋਲਦਾ, "ਬੰਦਾ ਬਣ ਜਾ, ਮੈਂ ਤੈਨੂੰ ਵਾਰਨ ਕਰ ਰਿਹਾਂ।" ਇਹ ਕਹਿ ਕੇ ਉਹ ਆਪਣੀ ਕੋਠੀ ਵਲ ਤੁਰ ਪੈਂਦਾ ਹੈ। ਮੈਂ ਧੀਮੀ ਚਾਲੇ ਹੋਸਟਲ ਵਲ ਪਰਤ ਆਉਨਾਂ। ਉਸ ਰਾਤ ਮੈਂ ਕੰਪਨੀ ਬਾਗ਼ ਨਹੀਂ ਜਾਂਦਾ।

ਅਗਲੀ ਸਵੇਰ ਮੈਂ ਘੂਕ ਸੁੱਤਾ ਹੋਇਆਂ; ਜ਼ੋਰ ਦੀ ਦਰਵਾਜ਼ਾ ਖੜਕਦਾ। ਮੈਂ ਅਬ੍ਹੜਵਾਹੇ ਉੱਠਦਾਂ। ਸਿਰ ਦੇ ਲੰਮੇ ਵਾਲ ਆਸ ਪਾਸ ਖਿਲ੍ਹਰੇ ਹੋਏ ਹਨ। ਵਧੀ ਹੋਈ ਦਾਹੜੀ ਵੀ ਟੇਢੀ ਮੇਢੀ ਹੈ। ਬਨੈਣ ਪਾਈ ਹੋਈ ਹੈ। ਕੁਝ ਵੀ ਅਜਿਹਾ ਨਹੀਂ ਜੋ ਚੰਗਾ ਪ੍ਰਭਾਵ ਪਾਵੇ। ਸੁੱਤ-ਉਨੀਂਦਰੇ ਵਿਚ ਦਰਵਾਜ਼ਾ ਖੋਲ੍ਹਦਾਂ। ਸਾਹਮਣੇ ਪ੍ਰਿੰਸੀਪਲ ਸਮੁੰਦਰੀ ਖੜਾ। ਉਹ ਗੁੱਸੇ ਨਾਲ ਭਰਿਆ ਪਿਆ : "ਤੂੰ ਗੁਰਦੁਆਰੇ ਦਿਖਾਈ ਨਹੀਂ ਦੇਂਦਾ, ਕੀ ਸਲਾਹ ਤੇਰੀ?" ਮੈਂ ਆਖਦਾਂ, "ਰਾਤ ਦੇਰ ਤੱਕ ਪੜ੍ਹਣ ਕਰਕੇ ਸਵੇਰੇ ਨੀਂਦ ਨਹੀਂ ਖੁੱਲ੍ਹਦੀ।" ਉਹ ਕਹਿੰਦਾ, "ਤੈਨੂੰ ਫ੍ਰੀਸ਼ਿਪ ਦਿੱਤੀ ਕਿ ਸਿੰਘ ਸਜ ਕੇ ਰਹਵੇਂ, ਰੋਜ਼ ਗੁਰਦੁਆਰੇ ਆਵੇਂ।" ਉਹ ਮੇਰੀ ਠੋਡੀ ਹੇਠ ਹੱਥ ਲਗਾਂਦਾ, "ਤੂੰ ਦਾਹੜੀ ਕਤਰਨੀ ਬੰਦ ਨਹੀਂ ਕੀਤੀ?" ਮੈਂ ਆਖਦਾਂ, "ਸਰ, ਦਾਹੜੀ ਵਧਾ ਰਿਹਾਂ, ਨਵੀਂ ਨਹੀਂ ਕਤਰੀ।" ਬਿਨਾਂ ਮੇਰਾ ਜੁਆਬ ਸੁਣੇ ਉਹ ਵਰਾਂਡੇ ਵਲ ਦੂਰ ਨਿਕਲ ਜਾਂਦਾ। ਇਕ ਹੋਰ ਸੁੱਤੇ ਮੁੰਡੇ ਦੇ ਕਮਰੇ ਦਾ ਦਰਵਾਜ਼ਾ ਜਾ ਖਟਕਾਂਦਾ। ਵਾਪਿਸ ਆਉਂਦਿਆਂ ਉਹ ਮੇਰੇ ਖੁੱਲ੍ਹੇ ਦਰਵਾਜ਼ੇ ਅੱਗੇ ਆ ਖੜਦਾ, "ਜੇ ਤੂੰ ਗੁਰਦੁਆਰੇ ਹਾਜ਼ਰੀ ਨਹੀਂ ਭਰਨੀ ਤਾਂ ਤੇਰੀ ਫ੍ਰੀਸ਼ਿਪ ਕੈਂਸਲ।" ਕਹਿ ਕੇ ਉਹ ਦੂਰ ਨਿਕਲ ਜਾਂਦਾ। ਨਮੋਸ਼ੀ ਦੀ ਹਾਲਤ ਵਿਚ ਮੈਂ ਪ੍ਰੋਫੈਸਰ ਦੀਵਾਨ ਸਿੰਘ ਨੂੰ ਜਾ ਮਿਲਦਾਂ। ਉਹ ਕਹਿੰਦਾ, ਤੂੰ ਗੁਰਦੁਆਰੇ ਜ਼ਰੂਰ ਆਇਆ ਕਰ। ਕੁਝ ਨਹੀਂ ਹੁੰਦਾ। ਮੈਂ ਸਮੁੰਦਰੀ ਸਾਹਿਬ ਨਾਲ ਗੱਲ ਕਰਾਂਗਾ।"

ਮੈਂ ਰਾਤ ਨੂੰ ਕੰਪਨੀ ਬਾਗ ਜਾ ਕੇ ਪੜ੍ਹਨਾ ਬੰਦ ਕਰ ਦਿੱਤਾ ਹੈ। ਮੈਂ ਬਗ਼ਾਵਤੀ ਕੀੜੇ ਨੂੰ ਕੁੱਟਮਾਰ ਕੇ ਅਧਮੋਇਆ ਕਰ

ਦਿੱਤਾ ਹੈ। ਲੱਗਦਾ ਬਿਨਾਂ ਕਿਸੇ ਘਟਨਾ ਜਾਂ ਦੁਰਘਟਨਾ ਦੇ ਸਮਾਂ ਗੁਜ਼ਰੇਗਾ। ਮੇਰੇ ਕੋਲ ਹੁਣ ਇਹੀ ਰਾਹ ਬਚਿਆ ਹੈ।

•

ਕਦੇ ਕਦਾਈਂ ਸ਼ਾਮ ਨੂੰ ਹੋਸਟਲ ਦੇ ਕਮਰੇ ਦੀ ਪਿਛਾਂਹ ਵਾਲੀ ਖਿੜਕੀ ਤੋਂ ਗੁਰਸ਼ਰਨ ਸਿੰਘ ਅਤੇ ਉਹਦੀ ਪਤਨੀ ਕੈਲਾਸ਼ ਕੌਰ ਖੁੱਲ੍ਹੇ ਮੈਦਾਨ ਵਿਚੋਂ ਗੁਜ਼ਰਦੇ ਦਿਖਾਈ ਦੇਂਦੇ ਹਨ। ਗੁਰਸ਼ਰਨ ਸਿੰਘ ਦਾ ਮੰਚਿਤ ਕੀਤਾ ਗੁਰਦਿਆਲ ਸਿੰਘ ਫੁੱਲ ਦਾ ਲਿਖਿਆ ਇਕਾਂਗੀ ਨਾਟਕ *ਬੇਬਸੀ* ਪਿੱਛੇ ਜਿਹੇ ਦੇਖਿਆ ਹੈ। ਸਿੱਧੜ ਜਿਹੀ ਪੇਸ਼ਕਾਰੀ ਹੈ, ਸੁਨੇਹਾ ਸਪਾਟ। ਗੁਰਸ਼ਰਨ ਰੀਂਰੀਂ ਸ਼ੈਲੀ ਵਿਚ ਭਾਵੁਕਤਾ ਖਿਲਾਰਦਾ ਹੈ। ਉਹਨੂੰ ਲੱਗਦਾ ਪੰਜਾਬੀ ਦਰਸ਼ਕਾਂ ਨੂੰ ਉੱਚੀ ਆਵਾਜ਼ ਵਿਚ ਹੀ ਗੱਲ ਸੁਣਦੀ ਹੈ; ਸੂਖ਼ਮ+ਸੁਹਜ ਜਾਂ ਕਲਾ ਤੋਂ ਉਨ੍ਹਾਂ ਨੇ ਕੀ ਲੈਣਾ? ਕਮਾਲ ਗੁਰਸ਼ਰਨ ਸਿੰਘ ਦਾ ਇਹ ਹੈ ਕਿ ਇਹਨੇ ਖੱਬੇਪਖੀ ਪ੍ਰਤਿਬਧਤਾ ਵਲ ਉਸੇ ਤਰ੍ਹਾਂ ਦੀ ਭਾਵੁਕਤਾ ਦਿਖਾਣੀ ਹੈ ਜਿਸ ਤਰ੍ਹਾਂ ਇਹ ਮੰਚੀ ਪੇਸ਼ਕਾਰੀ ਸਮੇਂ ਦਿਖਾਂਦਾ ਹੈ। ਸੁਆਲ+ ਸੰਦੇਹ ਤੋਂ ਮੁਕਤ ਲੋਕਾਈ ਸਾਹਮਣੇ ਭਾਵੁਕਤਾ ਦਾ ਨੁਸਖ਼ਾ ਗਹਿਰੀ ਪਹੁੰਚ ਵਾਲਾ ਹੁੰਦਾ; ਇਨਕਲਾਬ ਦਾ ਰੁਮਾਂਸ ਸਿਰ ਚੜ੍ਹ ਕੇ ਬੋਲਦਾ। ਗੁਰਸ਼ਰਨ ਸਿੰਘ ਨੇ ਆਪਣੇ ਇਸ ਨੁਸਖ਼ੇ ਰਾਹੀਂ ਪੰਜਾਬ ਵਿਚ ਕਲਟ ਫਿਗਰ ਬਣ ਜਾਣੈ।

ਅੰਮ੍ਰਿਤਸਰ ਵਿਚ *ਪ੍ਰੀਤ ਲੜੀ* ਪ੍ਰਵਾਰ ਦੀ ਚੜ੍ਹਤ ਨੂੰ ਸਭ ਮੰਨਦੇ ਹਨ। ਪ੍ਰੀਤ ਨਗਰ ਵਾਲੇ ਦਾਰ ਜੀ ਅਤੇ ਨਵਤੇਜ ਕਿਸੇ ਰਿਆਸਤ ਦੇ ਸਰਦਾਰ ਲੱਗਦੇ ਹਨ। ਨਵਤੇਜ ਦੀ ਮਲੰਗਾਂ ਵਾਲੀ ਦਿੱਖ ਅਤੇ ਮਿਲਣਸਾਰਤਾ ਮੋਹਿਤ ਕਰਦੀ ਹੈ। ਸਮਾਜਵਾਦੀ ਚੋਲਾ ਪਹਿਣ ਕੇ ਉਹ ਅੰਮ੍ਰਿਤਸਰ ਵਿਚ ਗੇੜਾ ਮਾਰਦਾ ਹੈ। ਉਹਦੀ ਖੱਬੇਪਖੀ ਹੋਣ ਦੀ ਮਸ਼ਹੂਰੀ ਬਦੇਸ਼ਾਂ ਤੱਕ ਫੈਲੀ ਹੋਈ ਹੈ। ਉਹਨੂੰ ਇੰਟ੍ਰਨੈਸ਼ਨਲ ਸਮਾਰੋਹਾਂ/ਅਮਨ ਕਾਨਫਰੰਸਾਂ ਵਿਚ ਸ਼ਰੀਕ ਹੋਣ ਦੇ ਸੱਦੇ ਆਉਂਦੇ ਰਹਿੰਦੇ ਹਨ। ਇਕ ਵੇਰ ਨਵਤੇਜ ਸਿੰਘ ਸਾਡੀ ਐਮ. ਏ. ਦੀ ਕਲਾਸ ਵਿਚ ਸੋਵੀਅਤ ਯੂਨੀਅਨ ਬਾਰੇ ਲੈਕਚਰ ਦੇਂਦਾ ਹੈ। ਇਹ ਸੋਵੀਅਤ ਯੂਨੀਅਨ ਅਤੇ ਅਮਰੀਕਾ ਵਿਚਕਾਰ ਠੰਢੀ ਜੰਗ ਦੀ ਸਿਖਰ ਦੇ ਦਿਨ ਹਨ। ਸੋਵੀਅਤ ਸਫ਼ਾਰਤਖਾਨਾ ਪੰਜਾਬ ਵਿਚ ਸੋਵੀਅਤ ਸਾਹਿਤ+ਸਿਆਸਤ ਦੇ ਪਰਚਾਰ ਲਈ ਗ਼ੈਰ-ਮਾਮੂਲੀ ਤਵੱਜੋ ਦੇਂਦਾ ਆ ਰਿਹਾ ਹੈ। *ਪ੍ਰੀਤ ਲੜੀ* ਦੀ ਸੋਵੀਅਤ-ਪਖੀ ਨੀਤੀ ਦਹਾਕਾ ਪੁਰਾਣੀ ਹੈ। 1953 ਵਿਚ ਸਤਾਲਿਨ ਦੀ ਮੌਤ ਵੇਲੇ ਕਾਲੇ ਹਾਸ਼ੀਏ ਸਮੇਤ ਉਹਦੀ ਫੋਟੋ *ਪ੍ਰੀਤ ਲੜੀ* ਦੇ ਕਵਰ ਉੱਤੇ ਛਪੀ ਦਿਖੀ ਸੀ। ਅਜਿਹਾ ਖੱਬੇਵਾਦ ਦੇਸ਼ ਆਜ਼ਾਦੀ ਤੋਂ ਬਾਅਦ ਨਿੱਜ-ਮੁਫ਼ਾਦੀ ਚੁਸਤ ਬੰਦਿਆਂ ਦਾ ਪਰਮ ਅਸਤਰ ਬਣ ਚੁੱਕਾ ਹੈ।

ਅੰਮ੍ਰਿਤਸਰ ਵਿਚ ਚੀਫ ਖਾਲਸਾ ਦੀਵਾਨ ਦੇ ਮੁੱਖ ਦਫ਼ਤਰਾਂ ਵਿਚ ਕੰਮ ਕਰਨ ਕਰਕੇ ਮੈਂ ਸਿੰਘ ਸਭਾਈ ਕਲਚਰ ਤੋਂ ਚੋਖਾ ਵਾਕਿਫ਼ ਹਾਂ। ਲਾਰੰਸ ਰੋਡ ਵਾਲੀ ਭਾਈ ਵੀਰ ਸਿੰਘ ਦੀ ਰਿਹਾਇਸ਼ ਜਾਣ ਦਾ ਮੌਕਾ ਤਦ ਮਿਲਿਆ ਜਦ ਮੈਂ ਚੀਫ ਖਾਲਸਾ ਦੀਵਾਨ ਦੇ ਅਖਬਾਰ *ਖਾਲਸਾ ਐਡਵੋਕੇਟ* ਵਿਚ ਕੰਮ ਕਰਦਾ ਸੀ। ਭਾਈ ਸਾਹਿਬ ਦੇ 30 ਜੂਨ 1957 ਨੂੰ ਦਿਹਾਂਤ ਦੀ ਖਬਰ ਦੇਣ ਵਾਲੇ ਦਾ ਟੈਲੀਫੋਨ ਮੈਂ ਸੁਣਿਆ ਸੀ। ਚੀਫ਼ੀਆਂ ਲਈ ਭਾਈ ਸਾਹਿਬ ਪੂਜਣ ਯੋਗ ਹਸਤੀ ਸੀ। ਉਨ੍ਹਾਂ ਦੇ ਆਰੰਭ ਕੀਤੇ ਸਪਤਾਹਿਕ ਅਖਬਾਰ *ਖਾਲਸਾ ਸਮਾਚਾਰ* ਦਾ ਸਿੱਖ ਸ਼ਰਧਾਲੂਆਂ ਵਿਚ ਚੋਖਾ ਆਦਰ ਮਾਣ ਸੀ, ਭਾਵੇਂ ਇਸ ਵਿਚ ਛਪਣ ਵਾਲੀ ਸਮੱਗਰੀ ਪ੍ਰਭਾਵਿਤ ਕਰਨ ਵਾਲੀ ਨਾ ਹੁੰਦੀ। *ਖਾਲਸਾ ਸਮਾਚਾਰ* ਦਾ ਦਫ਼ਤਰ ਹਾਲ ਬਾਜ਼ਾਰ ਦੇ ਨਾਲ ਲੱਗਦੀ ਇਕ ਗਲੀ ਵਿਚ ਸੀ ਜਿੱਥੇ ਇਹਦਾ ਐਡੀਟਰ ਭਾਈ ਮਹਾਂ ਸਿੰਘ ਬੈਠਦਾ ਸੀ। ਰੀਗੋ ਬ੍ਰਿਜ ਦੇ ਨਾਲ ਲੱਗਦੀ ਚੀਫ ਖਾਲਸਾ ਦੀਵਾਨ ਦੀ ਇਮਾਰਤ ਦੇ ਪਿਛਵਾੜ ਖਾਲਸਾ ਟ੍ਰੈਕਟ ਸੁਸਾਇਟੀ ਦਾ ਇਕ ਕਮਰੇ ਵਾਲਾ ਦਫ਼ਤਰ ਸੀ ਜਿੱਥੇ ਮੇਜ਼ ਕੁਰਸੀ ਪਈ ਹੁੰਦੀ। ਉਥੇ ਭਾਈ ਰਾਮ ਸਿੰਘ ਮਾਸਿਕ *ਨਿਰਗੁਨਿਆਰਾ* ਨੂੰ ਐਡਿਟ ਕਰਨ ਦਾ ਕੰਮ ਕਰਦਾ। ਸੋਸਾਇਟੀ ਅਤੇ *ਨਿਰਗੁਨਿਆਰਾ* ਨੂੰ ਭਾਈ ਵੀਰ ਸਿੰਘ ਨੇ ਹੀ ਸਥਾਪਿਤ ਕੀਤਾ ਸੀ। ਹਾਲ ਬਾਜ਼ਾਰ ਦੇ ਪਾਸੇ ਜਿਹੇ ਸਭ ਤੋਂ ਪੁਰਾਣਾ ਪੰਜਾਬੀ ਵਿਚ ਛਪਾਈ ਕਰਨ ਵਾਲਾ ਛਾਪਾਖਾਨਾ ਵਜ਼ੀਰ ਹਿੰਦ ਪਰੈੱਸ ਵੀ ਭਾਈ ਵੀਰ ਸਿੰਘ ਦਾ ਆਰੰਭ ਕੀਤਾ ਹੋਇਆ ਸੀ। ਪੰਜਾਬੀ ਕਵੀ ਲਾਲਾ ਧਨੀ ਰਾਮ ਚਾਤ੍ਰਿਕ ਕਦੇ ਇਸ ਪਰੈੱਸ ਦਾ ਮੈਨੇਜਰ ਹੁੰਦਾ ਸੀ। ਇਹ ਪਰੈੱਸ ਭਾਈ ਸਾਹਿਬ ਨੇ ਕਿਸੇ ਰਿਸ਼ਤੇਦਾਰ ਨੂੰ ਸੰਭਾਲ ਦਿੱਤਾ ਸੀ, ਜੀਹਦੇ ਗੁਜ਼ਰ ਜਾਣ ਬਾਅਦ ਉਹਦੀ ਪਤਨੀ ਇਹਦੀ ਦੇਖ ਰੇਖ ਕਰਦੀ ਰਹੀ।

ਉਦੋਂ ਹੀ ਨਾਨਕ ਸਿੰਘ ਨਾਵਲਕਾਰ ਦਾ ਤੀਜੇ ਨੰਬਰ ਉੱਤੇ ਬੇਟਾ ਕੰਵਲਜੀਤ ਸਿੰਘ ਸੂਰੀ ਮੇਰਾ ਮਿਤਰ ਬਣ ਗਿਆ। ਕੰਵਲਜੀਤ ਰਾਹੀਂ ਮੇਰਾ ਰਾਬਤਾ ਪਰੇਮ ਸਿੰਘ ਨਾਲ ਪੈਦਾ ਹੋਇਆ ਜੋ ਸਕੂਲ ਮਾਸਟਰੀ ਕਰਦਾ ਸੀ ਤੇ ਪੰਜਾਬੀ ਦੀ ਐਮ. ਏ. ਦਾ ਪ੍ਰਾਈਵੇਟ ਤੌਰ ਤੇ ਇਮਤਿਹਾਨ ਦੇ ਰਿਹਾ ਸੀ। ਉਹ ਕੌਮੀ ਪੁਸਤਕ ਭੰਡਾਰ, ਜਿੱਥੇ ਕਮਿਊਨਿਸਟ ਸਾਹਿਤ ਵਿਕਦਾ, ਦੇ ਸਾਹਮਣੇ ਵਾਲੀ ਇਮਾਰਤ ਦੀ ਬਰਸਾਤੀ ਵਿਚ ਰਹਿੰਦਾ ਸੀ। ਉਹਨੇ ਪ੍ਰਾਈਵੇਟ ਉਮੀਦਵਾਰ ਵਜੋਂ ਐਮ. ਏ. ਦਾ ਇਮਤਿਹਾਨ ਦਿੱਤਾ ਅਤੇ ਯੂਨੀਵਰਸਟੀ ਵਿਚੋਂ ਅੱਵਲ ਆਇਆ। ਇਹੀ ਪਰੇਮ ਸਿੰਘ ਬਾਅਦ ਵਿਚ ਭਾਸ਼ਾ

ਵਿਗਿਆਨ ਦੀ ਉੱਚ ਵਿਦਿਆ ਲਈ ਅਮਰੀਕਾ ਜਾਵੇਗਾ ਅਤੇ ਵਾਪਿਸ ਆ ਕੇ ਦਿੱਲੀ ਯੂਨੀਵਰਸਟੀ ਦੇ ਭਾਸ਼ਾ ਵਿਗਿਆਨ ਵਿਭਾਗ ਵਿਚ ਪ੍ਰੋਫੈਸਰ ਨਿਯੁਕਤ ਹੋਵੇਗਾ। ਤਦ ਮੈਂ ਦਿੱਲੀ ਦੇ ਇਕ ਕਾਲਜ ਵਿਚ ਅੰਗਰੇਜ਼ੀ ਦਾ ਲੈਕਚਰਾਰ ਲੱਗਾ ਹੋਵਾਂਗਾ।

ਇਕ ਸਵੇਰ ਪਰੇਮ ਸਿੰਘ ਅਤੇ ਕੰਵਲਜੀਤ ਸੂਰੀ ਮੈਨੂੰ ਰੇਲਵੇ ਸਟੇਸ਼ਨ ਦੇ ਸਾਹਮਣੇ ਮਿਲਦੇ ਹਨ। ਉਹ ਪ੍ਰੀਤ ਨਗਰ ਜਾਣ ਲਈ ਬਸ ਦੀ ਉਡੀਕ ਕਰ ਰਹੇ ਹਨ। ਐਤਵਾਰ ਦਾ ਦਿਨ ਹੈ। ਮੈਂ ਉਨ੍ਹਾਂ ਦੇ ਨਾਲ ਜਾਣ ਲਈ ਤਿਆਰ ਹੋ ਜਾਂਦਾ ਹਾਂ। ਪ੍ਰੀਤ ਨਗਰ ਪਹੁੰਚ ਅਸੀਂ *ਪ੍ਰੀਤ ਲੜੀ* ਦੇ ਮੈਨੇਜਰ ਦਰਸ਼ਨ ਸਿੰਘ ਦੇ ਘਰ ਦੇ ਪਿਛਵਾੜ ਧੁੱਪੇ ਪਿਕਨਿਕ ਮਨਾਣ ਲਈ ਡੇਰੇ ਲਗਾ ਲੈਂਦੇ ਹਾਂ। ਕੰਵਲਜੀਤ ਆਪਣੇ ਨਾਲ ਹਰਮੋਨੀਅਮ ਲਿਆਇਆ ਹੈ। ਦਿਨ ਭਰ ਗਾਣਾ ਵਜਾਣਾ ਹੁੰਦਾ, ਗੱਲਾਂ ਗੱਪਾਂ ਚਲਦੀਆਂ ਹਨ। ਖਾਣ ਪੀਣ ਤੇ ਸ਼ਾਮ ਦੇ ਪਕੌੜਿਆਂ ਦੀ ਸੇਵਾ ਦਰਸ਼ਨ ਸਿੰਘ ਕਰਦਾ ਹੈ।

•

ਖਾਲਸਾ ਕਾਲਜ ਵਿਚ ਹਰ ਸਾਲ ਸਿੱਖ ਧਰਮ ਅਤੇ ਗੁਰਬਾਣੀ ਦਾ ਇਮਤਿਹਾਨ ਹੁੰਦਾ ਹੈ ਜਿਸ ਵਿਚ ਅੱਵਲ ਆਉਣ ਵਾਲੇ ਨੂੰ ਸੋਨੇ ਦਾ ਤਗਮਾ ਦਿੱਤਾ ਜਾਂਦਾ। ਮੈਂ ਇਕ ਦਿਨ ਤਾਰਨ ਸਿੰਘ ਨੂੰ ਕਹਿਨਾਂ ਕਿ ਮੈਂ ਇਹ ਇਮਤਿਹਾਨ ਦੇਣਾ। ਮੇਰੀ ਪਹਿਲਾਂ ਵਾਲੀ ਪਤਿਤ ਬਿਰਤੀ ਕਰਕੇ ਉਹ ਮੇਰੇ ਬਾਰੇ ਚੰਗੀ ਰਾਏ ਨਹੀਂ ਰੱਖਦਾ। ਉਹ ਮੇਰੇ ਵਲ ਕੁਝ ਪਲ ਇਵੇਂ ਦੇਖਦਾ ਜਿਵੇਂ ਉਹਨੂੰ ਯਕੀਨ ਨਾ ਆ ਰਿਹਾ ਹੋਵੇ ਤੇ ਸੋਚ ਰਿਹਾ ਹੋਵੇ, "ਇਹ ਸ਼ਕਲ ਅਤੇ ਸਿੱਖ ਧਰਮ ਅਤੇ ਗੁਰਬਾਣੀ ਦੇ ਸਿਖਰਲੇ ਇਮਤਿਹਾਨ ਦਾ ਖ਼ੁਆਬ!" ਉਹ ਕਹਿੰਦਾ, "ਮੁਸ਼ਕਿਲ ਕਾਰਜ ਹੈ ਇਹ। ਪੰਜੇ ਬਾਣੀਆਂ, ਜਾਪੁ ਸਾਹਿਬ ਸਮੇਤ, ਜ਼ਬਾਨੀ ਯਾਦ ਹੋਣੀਆਂ ਚਾਹੀਦੀਆਂ। ਲਿਖਤੀ ਪੇਪਰਾਂ ਤੋਂ ਬਾਅਦ ਮੌਖਿਕ ਜੋ ਪ੍ਰੀਖਿਆ ਹੁੰਦੀ ਹੈ। ਕੁੱਲ ਦਸ ਦਿਨ ਰਹਿ ਗਏ ਹਨ ਇਮਤਿਹਾਨ ਨੂੰ।"

ਗੋਲਡ ਮੈਡਲ ਦੇ ਇਸ ਇਮਤਿਹਾਨ ਬਾਰੇ ਮੈਂ ਗ਼ੈਰ-ਸੰਜ਼ੀਦਗੀ ਨਾਲ ਗੱਲ ਕੀਤੀ, ਪਰ ਤਾਰਨ ਸਿੰਘ ਦੇ ਅੰਦਾਜ਼ ਨੇ ਮੈਨੂੰ ਚੁਣੌਤੀ ਵਿਚ ਖਿੱਚ ਲਿਆਂਦਾ ਹੈ। ਮੈਂ ਆਖਦਾਂ, "ਮੈਂ ਇਹ ਇਮਤਿਹਾਨ ਜ਼ਰੂਰ ਦੇਣਾ। "

ਤਾਰਨ ਸਿੰਘ ਦਾ ਜੁਆਬ ਹੈ, "ਠੀਕ ਹੈ, ਅਰਜ਼ੀ ਲਿਖ ਕੇ ਦੇ ਦਿਉ।"

ਮੈਂ ਆਉਂਦੇ ਦਸ ਦਿਨ ਸਿਰ ਸੁੱਟ ਕੇ ਜਾਪੁ ਸਾਹਿਬ ਸਮੇਤ ਪੰਜੇ ਬਾਣੀਆਂ ਨੂੰ ਜ਼ਬਾਨੀ ਯਾਦ ਕਰ ਲੈਂਦਾ ਹਾਂ। ਸਿੱਖ ਧਰਮ ਅਤੇ ਇਤਹਾਸ ਬਾਰੇ ਦੋ ਪਰਚੇ ਹਨ, ਜੀਹਦੇ ਬਾਰੇ ਮੈਨੂੰ ਪਹਿਲਾਂ ਹੀ ਪੁਖਤਾ ਜਾਣਕਾਰੀ ਹੈ। ਸ਼੍ਰੋਮਣੀ ਕਮੇਟੀ ਦੇ ਵਜ਼ੀਫ਼ੇ ਦੀ ਪ੍ਰੀਖਿਆ ਦੌਰਾਨ ਬਹੁਤ ਪੜ੍ਹਿਆ ਹੋਇਆ। ਗੁਰਬਾਣੀ ਦੀਆਂ ਟੂਕਾਂ ਯਾਦ ਹਨ। ਇਮਤਿਹਾਨ ਵਿਚ ਆਪਣੇ ਜੁਆਬ ਨੂੰ ਹੋਰ ਪੁਖਤਾ ਬਨਾਣ ਲਈ ਕੁਝ ਹੋਰ ਟੂਕਾਂ ਮੈਂ ਯਾਦ ਕਰਨ ਲੱਗਦਾ ਹਾਂ। ਨਾਭਾ ਹੋਸਟਲ ਦੇ ਸਾਹਮਣੇ ਵਾਲੇ ਵੱਡੇ ਪਾਰਕ ਵਿਚ ਬਹੁਤ ਸਵੇਰੇ ਅਗਾਂਹ ਪਿਛਾਂਹ ਤੁਰਦਿਆਂ ਮੈਂ ਜਾਪੁ ਸਾਹਿਬ ਦੀਆਂ ਪੌੜੀਆਂ ਦਾ ਵੀਹ ਪੱਚੀ ਵੇਰ ਰਟਣ ਕਰਦਾ ਹਾਂ। ਇਹੀ ਕਵਾਇਦ ਸ਼ਾਮ ਨੂੰ ਹਨੇਰਾ ਪੈਣ ਤੋਂ ਪਹਿਲਾਂ ਕਰਨੀ ਸ਼ੁਰੂ ਕੀਤੀ ਹੈ। ਸੋਨੇ ਦਾ ਤਗਮਾ ਲੈਣ ਲਈ ਇੰਨੀ ਮਿਹਨਤ ਨਹੀਂ ਕਰ ਰਿਹਾ; ਤਾਰਨ ਸਿੰਘ ਦੀ ਹਿਕਾਰਤ ਦਾ ਜੁਆਬ ਦੇਣ ਲਈ ਕਰ ਰਿਹਾ ਹਾਂ।

ਦੋ ਲਿਖਤੀ ਪੇਪਰ ਹੋ ਚੁੱਕੇ ਹਨ। ਤੀਜੇ ਦਿਨ ਤਾਰਨ ਸਿੰਘ ਨੇ ਕੰਠ ਗੁਰਬਾਣੀ ਦਾ ਟੈਸਟ ਲੈਣਾ ਹੈ। ਮੈਂ ਅਤੇ ਦੋ ਹੋਰ ਮੁੰਡੇ ਮੌਖਿਕ ਪ੍ਰੀਖਿਆ ਲਈ ਪੇਸ਼ ਹੁੰਦੇ ਹਾਂ। ਮੇਰੇ ਤੋਂ ਪਹਿਲਾਂ ਦੋ ਮੁੰਡਿਆਂ ਦੀ ਪ੍ਰੀਖਿਆ ਨੂੰ ਦੇਖ ਕੇ ਮੈਨੂੰ ਯਕੀਨ ਹੁੰਦਾ ਕਿ ਗੋਲਡ ਮੈਡਲ ਮੈਨੂੰ ਪ੍ਰਾਪਤ ਹੋਣਾ ਹੈ। ਤਾਰਨ ਸਿੰਘ ਪਹਿਲਾਂ ਸਵੱਈਏ ਚੋਂ ਸਲੋਕ ਸੁਣਦਾ ਹੈ। ਫਿਰ ਜਾਪੁ ਸਾਹਿਬ ਦੀ ਇਕ ਪੌੜੀ ਦੀ ਪਹਿਲੀ ਤੁੱਕ ਬੋਲ ਕੇ ਮੈਨੂੰ ਅਗਾਂਹ ਬੋਲਣ ਦਾ ਸੰਕੇਤ ਕਰਦਾ ਹੈ। ਮੈਂ ਫਰਲ ਫਰਲ ਪੌੜੀ ਮੁਕੰਮਲ ਕਰਦਾਂ ਤਾਂ ਉਹਦਾ ਮੇਰੇ ਵਲ ਦੇਖਣ ਦਾ ਅੰਦਾਜ਼ ਬਦਲ ਜਾਂਦਾ ਹੈ। ਉਹ ਮੁਸਕ੍ਰਾਂਦਾ ਤੇ ਕਹਿੰਦਾ, "ਜ਼ਾਹਿਰ ਜ਼ਹੂਰ ਹੈਂ" ਤੇ ਮੈਨੂੰ ਅਗਾਂਹ ਸੁਨਾਣ ਦਾ ਇਸ਼ਾਰਾ ਕਰਦਾ। ਇਹ ਲੰਮੀ ਤੇ ਬੜੀ ਦਿਲਕਸ਼ ਸ਼ਬਦਾਵਲੀ ਵਾਲੀ ਪੌੜੀ ਹੈ। ਇਹਦੀ ਸ਼ਬਦ ਜੜਤ ਤੇ ਸੰਗੀਤਕਤਾ ਮੈਨੂੰ ਹਮੇਸ਼ਾਂ ਮੋਂਹਦੀ ਰਹੀ ਹੈ। ਮੈਂ ਇਕੋ ਸਾਹ ਇਸ ਪੌੜੀ ਦਾ ਪਾਠ ਕਰ ਦੇਂਦਾ ਹਾਂ। ਤਾਰਨ ਸਿੰਘ ਮੇਰੇ ਵਲ ਦੇਖਦਾ ਰਹਿ ਜਾਂਦਾ। ਉਹ ਹੈਰਾਨ+ਖੁਸ਼ ਦਿਖਾਈ ਦੇਂਦਾ ਹੈ। ਅਗਲੇ ਦਿਨ ਮੈਨੂੰ ਪ੍ਰੋਫੈਸਰ ਦੀਵਾਨ ਸਿੰਘ ਦਸਦਾ ਕਿ ਤਾਰਨ ਸਿੰਘ ਇਮਤਿਹਾਨ ਲੈਣ ਤੋਂ ਬਾਅਦ ਸਟਾਫ਼ ਰੂਮ ਵਿਚ ਪਹੁੰਚ ਕੇ ਕਹਿੰਦਾ, "ਗੁਰਬਚਨ ਸਿੰਘ ਇਜ਼ ਫਾਰ ਅਹੈੱਡ ਔਫ ਅੱਦਰਜ਼।" ਕੁਝ ਦਿਨਾਂ ਬਾਅਦ ਸੋਨੇ ਦਾ ਤਗਮਾ ਮੈਨੂੰ ਦੇਣ ਦਾ ਐਲਾਨ ਹੋ ਜਾਂਦਾ।

•

ਪਹਿਲੇ ਸਾਲ ਦੇ ਇਮਤਿਹਾਨ ਵਿਚ ਮੈਂ ਯੂਨੀਵਰਸਟੀ ਚੋਂ ਦੂਜੇ ਨੰਬਰ ਤੇ ਹਾਂ। ਫਸਟ ਡਿਵੀਯਨ ਤੋਂ ਕੁਝ ਨੰਬਰ ਘਟ ਹਨ। ਇਕ ਗੱਲ ਦਾ ਮੈਨੂੰ ਜੋ ਕਦੇ ਖਿਆਲ ਨਹੀਂ ਸੀ, ਉਹਦਾ ਪਤਾ ਹੁਣ ਲੱਗਦਾ, ਕਿ ਕੁਝ ਉਮੀਦਵਾਰ ਵੱਧ ਨੰਬਰ

ਪ੍ਰਾਪਤ ਕਰਨ ਲਈ ਕਿਸੇ ਤਰ੍ਹਾਂ ਪ੍ਰੀਖਿਅਕ ਤੱਕ ਪਹੁੰਚ ਕਰਦੇ ਹਨ। ਪੰਜਾਬੀ ਦਾ ਅਕਾਦਮਿਕ ਅਦਾਰਾ ਜਿੰਨਾ ਸੀਮਤ ਹੈ, ਉਨ੍ਹਾਂ ਕੁਰੱਪਟ ਵੀ ਹੈ। ਇਹ ਪਤਾ ਸਭ ਨੂੰ ਹੁੰਦਾ ਕਿ ਕੌਣ ਕਿਹੜੇ ਪੇਪਰ ਦਾ ਅਗਜ਼ੈਮੀਨਰ ਹੈ। ਜੇ ਕੋਈ ਉਮੀਦਵਾਰ (ਜਾਂ ਉਸ ਦਾ ਨਿਕਟ ਰਿਸ਼ਤੇਦਾਰ) ਸਾਹਿਤਕ/ਅਕਾਦਮਿਕ ਖੇਤਰ ਨਾਲ ਜੁੜਿਆ ਹੈ, ਉਹ ਚੰਗੇ ਨੰਬਰ ਲੈਣ ਦੀ ਖਾਤਰ ਪ੍ਰੀਖਿਅਕ ਤੱਕ ਆਸਾਨੀ ਨਾਲ ਪਹੁੰਚ ਕਰ ਸਕਦਾ। ਪ੍ਰੀਖਿਅਕ ਉਹਦੇ ਅੱਠ ਦਸ ਜਾਂ ਇਸ ਤੋਂ ਵੀ ਜ਼ਿਆਦਾ ਅੰਕ ਵਧਾ ਦੇਂਦਾ। ਅੱਵਲ ਪੁਜ਼ੀਸ਼ਨ ਦੀ ਦੌੜ ਲਈ ਤਤਪਰ ਉਮੀਦਵਾਰ ਇਹ ਜੁਗਾੜ ਲਗਾਂਦੇ ਹਨ। ਮੈਨੂੰ ਪ੍ਰੋਫੈਸਰ ਥਿੰਦ ਕਹਿੰਦਾ, "ਜਿਹੜਾ ਮੁੰਡਾ ਇਸ ਸਾਲ ਤੇਰੇ ਤੋਂ ਅੱਗੇ ਹੈ, ਉਹ ਪਰਮਿੰਦਰ ਸਿੰਘ ਦਾ ਨਿੱਕਾ ਭਰਾ ਦਲਜੀਤ ਸਿੰਘ ਹੈ। ਅਸੀਂ ਤਾਂ ਸੋਚਦੇ ਸੀ ਤੇਰੀ ਅੱਵਲ ਪੁਜ਼ੀਸ਼ਨ ਆਵੇਗੀ।" ਪ੍ਰੋਫੈਸਰ ਦੀਵਾਨ ਸਿੰਘ ਅਤੇ ਕਰਨੈਲ ਸਿੰਘ ਥਿੰਦ ਆਪਸ ਵਿਚ ਕੁਝ ਕਾਨਾਫੂਸੀ ਕਰਦੇ ਹਨ। ਦੀਵਾਨ ਸਿੰਘ ਕਹਿੰਦਾ, "ਹੁਣ ਤਾਂ ਕੁਝ ਨਹੀਂ ਕਰ ਸਕੇ; ਅਗਲੇ ਸਾਲ ਦੇਖਦੇ ਹਾਂ।" ਪ੍ਰਿੰਸੀਪਲ ਸਮੁੰਦਰੀ ਮੈਨੂੰ ਕਾਰੀਡੋਰ ਵਿਚ ਮਿਲ ਪੈਂਦਾ, ਕਹਿੰਦਾ, "ਡੱਟ ਜਾ, ਤੇਰੀ ਅੱਵਲ ਪੁਜ਼ੀਸ਼ਨ ਆਉਣੀ ਚਾਹੀਦੀ ਹੈ ਫਾਈਨਲ ਵਿਚ।"

ਅੱਵਲ ਪੁਜ਼ੀਸ਼ਨ ਦੇ ਮੁਕਾਬਲੇ ਲਈ ਲਾਇਲਪੁਰ ਖਾਲਸਾ ਕਾਲਜ ਵਿਚ ਪੜ੍ਹਦਾ ਰਣਧੀਰ ਸਿੰਘ ਚੰਦ ਵੀ ਹੈ। ਉਹਦਾ ਯੂਨੀਵਰਸਟੀ ਵਿਚ ਤੀਜਾ ਨੰਬਰ ਹੈ। ਜਿਹੜਾ ਜ਼ਿਆਦਾ ਦੌੜ ਭਜ ਕਰ ਗਿਆ ਉਹਨੇ ਅੱਵਲ ਆਉਣਾ ਹੈ। ਪਤਾ ਚਲਦਾ, ਜਿਸ ਵਿਦਿਆਰਥੀ ਉੱਤੇ ਪ੍ਰੋਫੈਸਰਾਂ ਨੇ ਕ੍ਰਿਪਾ ਕਰਨੀ ਹੁੰਦੀ ਹੈ, ਜਾਂ ਕਾਲਜ ਦਾ ਨਾਂ ਰੋਸ਼ਨ ਕਰਨ ਲਈ ਉਹਨੂੰ ਅੱਵਲ ਲਿਆਣਾ ਹੁੰਦਾ, ਉਸ ਨੂੰ ਕਿਹਾ ਜਾਂਦਾ ਕਿ ਉਹ ਉੱਤਰ-ਪ੍ਰਤਿ ਵਿਚ ਅਜਿਹੀਆਂ ਨਿਸ਼ਾਨੀਆਂ ਛੱਡ ਦੇਵੇ ਜੋ ਪਹੁੰਚ ਕਰਨ ਵੇਲੇ ਪ੍ਰੀਖਿਅਕ ਨੂੰ ਦੱਸੀਆਂ ਜਾ ਸਕਨ, ਕਿਉਂਕਿ ਯੂਨੀਵਰਸਟੀ ਵਲੋਂ ਅਗਜ਼ੈਮੀਨਰ ਨੂੰ ਪ੍ਰਤੀਆਂ ਭੇਜਣ ਤੋਂ ਪਹਿਲਾਂ ਵਿਦਿਆਰਥੀ ਵਲੋਂ ਲਿਖੀ ਗਈ ਨਿੱਜੀ ਜਾਣਕਾਰੀ, ਰੋਲ ਨੰਬਰ ਵਗ਼ੈਰਾ, ਵਾਲਾ ਪੰਨਾ ਅਲੱਗ ਕਰਕੇ ਉਹਦੇ ਉੱਤੇ ਗੁਪਤ ਰੋਲ ਨੰਬਰ ਲਗਾ ਦਿੱਤੇ ਜਾਂਦੇ ਹਨ। ਕਵਰ ਉੱਤੇ ਜਾਂ ਅੰਦਰ ਕਿਸੇ ਸਫ਼ੇ ਉੱਤੇ ਕੋਈ ਨਿਸ਼ਾਨੀ ਛੱਡਣ ਨਾਲ ਪ੍ਰਤਿ ਦੀ ਪਛਾਣ ਕੀਤੀ ਜਾ ਸਕਦੀ ਹੈ।

ਇਕ ਐਤਵਾਰ ਸਾਡੀ ਜਮਾਤ ਟੀਚਰਾਂ ਸਮੇਤ ਲਾਇਲਪੁਰ ਖਾਲਸਾ ਕਾਲਜ ਜਾਲੰਧਰ ਜਾਂਦੀ ਹੈ। ਪੋਸਟ ਗ੍ਰੈਜੁਏਟ ਮੁੰਡਿਆਂ ਦਾ ਇਹ ਮੇਲ ਮਿਲਾਪ ਗੋਸ਼ਟੀ ਦਾ ਰੂਪ ਧਾਰਣ ਕਰ ਲੈਂਦਾ ਹੈ। ਕਾਲਜ ਦੇ ਪੰਜਾਬੀ ਵਿਭਾਗ ਦਾ ਮੁਖੀ ਐਸ. ਐਸ. ਅਮੋਲ ਹੈ। ਉੱਥੇ ਹੀ ਪ੍ਰੋਫੈਸਰ ਭਰਪੂਰ ਸਿੰਘ ਹਨ। ਅੰਮ੍ਰਿਤਸਰ ਅਤੇ ਜਾਲੰਧਰ ਦੇ ਇਸ ਮਿਲਾਪ ਦੌਰਾਨ ਰਣਧੀਰ ਸਿੰਘ ਚੰਦ ਪੇਪਰ ਪੜ੍ਹਦਾ ਹੈ। ਪੇਪਰ ਹਿੰਦੀ-ਸੰਸਕ੍ਰਿਤ ਦੀ ਸ਼ਬਦਾਵਲੀ ਨਾਲ ਭਰਿਆ ਪਿਆ ਹੈ। ਬਹੁਤੇ ਸ਼ਬਦਾਂ ਨਾਲ ਆਤਮਿਕ ਲਗਾਇਆ ਹੋਇਆ ਹੈ। ਅਨੁਭੂਤੀ, ਅਭਿਵਿਅਕਤੀ, ਅਭਿਵਿਅੰਜਨਾ ਆਦਿ ਸ਼ਬਦਾਂ ਦੀ ਆਮ ਵਰਤੋਂ ਕੀਤੀ ਗਈ ਹੈ। ਰਣਧੀਰ ਸਿੰਘ ਚੰਦ ਗ਼ਜ਼ਲ ਲਿਖਦਾ ਅਤੇ ਆਪਣੇ ਆਪ ਨੂੰ ਜਗਤਾਰ ਦਾ ਚੇਲਾ ਪ੍ਰਗਟ ਕਰਦਾ ਹੈ। ਏਥੇ ਹੀ ਮੇਰੀ ਭੇਂਟ ਰਘਬੀਰ ਸਿੰਘ ਨਾਲ ਹੁੰਦੀ ਹੈ। ਇਹਨੇ *ਨਵਾਂ ਜ਼ਮਾਨਾਂ* ਵਿਚ ਕੁਝ ਦੇਰ ਕੰਮ ਕੀਤਾ ਹੈ, ਹੁਣ ਐਮ. ਏ. ਕਰ ਰਿਹਾ ਹੈ। ਕੁਝ ਸਾਲਾਂ ਬਾਅਦ ਇਹੀ ਰਘਬੀਰ *ਸਿਰਜਨਾ* ਕੱਢਣਾ ਸ਼ੁਰੂ ਕਰੇਗਾ। ਜਦ ਇਹ ਚੰਡੀਗੜ੍ਹ ਸ਼ਬਦ ਕੋਸ਼ ਵਿਭਾਗ ਵਿਚ ਜਾ ਲੱਗੇਗਾ ਮੇਰੀ ਇਹਦੇ ਨਾਲ ਨੇੜਤਾ/ਅਨੇੜਤਾ ਪੈਦਾ ਹੋਵੇਗੀ।

•

ਫਰਵਰੀ 1964 ਦੇ ਦੂਜੇ ਐਤਵਾਰ ਨਿਰਮਲ ਅਰਪਣ ਪੱਟੀ ਵਿਚ ਫੰਕਸ਼ਨ ਕਰਦਾ ਹੈ। ਸੁਖਬੀਰ ਦੀ ਨਵੀਂ ਕਾਵਿ ਕਿਤਾਬ *ਨੈਣ ਨਕਸ਼* ਉੱਤੇ ਵਿਚਾਰ ਚਰਚਾ ਹੋਣੀ ਹੈ। ਸੁੰਦਰ ਸ਼ਰਦ ਜੜਤ ਵਾਲੀ ਇਸ ਕਿਤਾਬ ਨੂੰ ਨਵਯੁੱਗ ਪਬਲਿਸ਼ਰਜ਼ ਨੇ ਪ੍ਰਕਾਸ਼ਿਤ ਕੀਤਾ ਹੈ। ਉਰਦੂ ਦੇ ਖੱਬੇਪਖੀ ਅਦੀਬ ਸੱਜਾਦ ਜ਼ਹੀਰ ਨੇ ਪ੍ਰਧਾਨਗੀ ਕਰਨੀ ਹੈ। ਦੇਵਿੰਦਰ ਸਤਿਆਰਥੀ ਨੇ ਵੀ ਸ਼ਾਮਿਲ ਹੋਣਾ ਹੈ। ਮੈਂ ਪੱਟੀ ਲਈ ਬੱਸ ਫੜਣ ਵੇਲੇ *ਸੰਡੇ ਟ੍ਰਿਬਿਊਨ* ਖ੍ਰੀਦ ਲੈਂਦਾ ਹਾਂ। ਵਿਚਲੇ ਸਫ਼ੇ ਤੱਕ ਪਹੁੰਚਦਿਆਂ ਅਤਰ ਸਿੰਘ ਦਾ ਲੇਖ ਛਪਿਆ ਦਿਖਾਈ ਦੇਂਦਾ ਹੈ : Mystery of Akademi Awards. ਇਹ ਲੇਖ ਇਸ ਵਰ੍ਹੇ ਕਵਿਤ੍ਰੀ ਪ੍ਰਭਜੋਤ ਕੌਰ ਨੂੰ ਪ੍ਰਾਪਤ ਹੋਏ ਸਾਹਿਤ ਅਕਾਦਮੀ ਐਵਾਰਡ ਬਾਰੇ ਹੈ। ਲੇਖ ਵਿਚ ਪ੍ਰਭਜੋਤ ਨੂੰ ਮਿਲੇ ਇਨਾਮ ਪਿੱਛੇ ਕੰਮ ਕਰਦੇ ਜੁਗਾੜਾਂ ਨੂੰ ਨਸ਼ਰ ਕੀਤਾ ਗਿਆ ਹੈ। ਇਨਾਮ ਦੇ ਅੰਤਿਮ ਚੋਣਕਾਰਾਂ ਵਿਚ ਸੰਤ ਸਿੰਘ ਸੇਖੋਂ ਹੈ ਜਿਸ ਦੀ ਪ੍ਰਭਜੋਤ ਕੌਰ ਨਾਲ ਆਸ਼ਨਾਈ ਬਾਰੇ ਚਰਚੇ ਹਨ। ਅਤਰ ਸਿੰਘ ਦੇ ਲੇਖ ਦੇ ਜੁਆਬ ਵਿਚ ਸੰਤ ਸਿੰਘ ਸੇਖੋਂ ਸਮੇਤ ਕੁਝ ਹੋਰਨਾਂ ਦੀਆਂ ਚਿੱਠੀਆਂ ਆਉਂਦੇ ਹਫ਼ਤਿਆਂ ਵਿਚ ਛਪੀਆਂ ਦਿਸਣਗੀਆਂ। ਡਾਕਟਰ ਅਮਰੀਕ ਸਿੰਘ ਦੀ ਚਿੱਠੀ ਵੀ ਛਪਦੀ ਹੈ। ਕਹਿਣਾ ਇਹ ਹੈ ਕਿ ਕੁਝ ਦਹਾਕਿਆਂ ਬਾਅਦ ਅਕਾਦਮਿਕ ਅਦਾਰਿਆਂ ਵਿਚ ਠੱਗ ਬਿਰਤੀ ਵਾਲੇ ਜਿਨ੍ਹਾਂ ਮਹਤਵ ਅਕਾਂਖੀ ਬੰਦਿਆਂ ਦੀ ਭਰਮਾਰ ਦਿਖਾਈ ਦੇਵੇਗੀ, ਉਸ ਦਾ ਆਰੰਭ ਹੋ ਚੁੱਕਾ ਹੈ। ਜੁਗਾੜੀ ਬੰਦੇ

ਹੁਣ ਹਾਸ਼ੀਏ ਉੱਤੇ ਹਨ, ਬਾਅਦ ਵਿਚ ਇਹੀ ਪੰਜਾਬੀ ਸਾਹਿਤਕ/ਅਕਾਦਮਿਕ ਅਦਾਰਿਆਂ ਦੀ ਮੁੱਖਧਾਰਾ ਬਣ ਜਾਣਗੇ।

(ਅਕਾਦਮੀ ਐਵਾਰਡਾਂ ਵਿਚ ਰੱਸਾਕਸ਼ੀ ਦੀ ਮਿਸਾਲ 1958 ਵਿਚ ਦੇਖਣ ਨੂੰ ਮਿਲੀ ਜਦ ਸੇਖੋਂ ਦੇ ਮੁਕਾਬਲੇ ਹਰਨਾਮ ਸਿੰਘ ਸ਼ਾਨ ਨੇ ਐਵਾਰਡ ਲੈਣ ਲਈ ਟਿੱਲ ਦਾ ਜ਼ੋਰ ਲਗਾ ਦਿੱਤਾ। ਸ਼ਾਨ ਚਾਹੁੰਦਾ ਸੀ ਕਿ ਇਹ ਐਵਾਰਡ ਉਹਦੀ ਰਿਸਰਚ ਪੁਸਤਕ *ਸੱਸੀ ਹਾਸ਼ਮ* ਨੂੰ ਦਿੱਤਾ ਜਾਵੇ। ਏਨਾ ਰੇੜਕਾ ਪਿਆ ਕਿ ਚੋਣ ਕਮੇਟੀ ਨੇ ਉਸ ਵਰ੍ਹੇ ਪੰਜਾਬੀ ਦੀ ਕਿਸੇ ਪੁਸਤਕ ਨੂੰ ਐਵਾਰਡ ਨਾ ਦਿੱਤਾ। ਇਵੇਂ ਹੀ ਡਾਕਟਰ ਮੋਹਨ ਸਿੰਘ ਦੀਵਾਨਾ ਦੇ ਪੰਜਾਬ ਯੂਨੀਵਰਸਟੀ ਤੋਂ ਸੇਵਾ-ਮੁਕਤ ਹੋਣ ਬਾਅਦ ਜੁਗਾੜਾਂ ਦੀ ਅਜਿਹੀ ਭੁਆਂਟਣੀ ਘੁੰਮਾਈ ਗਈ ਕਿ ਸੰਤ ਸਿੰਘ ਸੇਖੋਂ ਇਸ ਪੋਸਟ ਲਈ ਰੀਜੈਕਟ ਹੋ ਗਿਆ ਤੇ ਹਰਨਾਮ ਸਿੰਘ ਸ਼ਾਨ ਸਿਲੈਕਟ। ਪੰਜਾਬ ਯੂਨੀਵਰਸਟੀ ਸੈਨੇਟ ਵਿਚ ਇਸ ਸਿਲੈਕਸ਼ਨ ਬਾਰੇ ਰੌਲਾ ਪਿਆ।)

ਪੱਟੀ ਵਾਲੀ ਕਾਨਫਰੰਸ ਵਿਚ ਸੱਜਾਦ ਜ਼ਹੀਰ ਭਾਸ਼ਣ ਦੇਂਦਾ ਹੈ। ਦੇਵਿੰਦਰ ਸਤਿਆਰਥੀ ਮੰਚ ਉੱਤੇ ਬਿਰਾਜਮਾਨ ਹੈ। ਸੁਖਬੀਰ, ਨਵਤੇਜ, ਕਰਨਜੀਤ ਸਿੰਘ ਸਮੇਤ ਪਤਵੰਤੇ ਮੌਜੂਦ ਹਨ। ਦੁਪਹਿਰ ਦੇ ਖਾਣੇ ਦਾ ਪ੍ਰਬੰਧ ਨਿਰਮਲ ਅਰਪਣ ਦੇ ਘਰ ਹੈ। ਵਾਪਸੀ ਵੇਲੇ ਮੈਂ ਉਸ ਢਾਣੀ ਵਿਚ ਹਾਂ ਜਿਸ ਨੇ ਪੱਟੀ ਤੋਂ ਅੰਮ੍ਰਿਤਸਰ ਲਈ ਗੱਡੀ ਫੜਨੀ ਹੈ। ਸਾਡੇ ਨਾਲ ਪਟਿਆਲੇ ਵਾਲਾ ਗੁਰਚਰਨ ਸਿੰਘ ਹੈ ਜਿਸ ਨੂੰ ਮੈਂ ਸਾਹਿਤ ਅਕਾਦਮੀ ਦੇ ਦਫ਼ਤਰ ਮਿਲ ਚੁੱਕਾ ਹਾਂ। ਉਹ ਕੁਝ ਸਾਲ ਪਹਿਲਾਂ ਅਕਾਦਮੀ ਦੇ ਦਫ਼ਤਰ ਆਇਆ ਸੀ ਤੇ ਪ੍ਰੋਫ਼ੈਸਰ ਪਿਆਰ ਸਿੰਘ ਨਾਲ ਗੱਲਾਂ ਕਰਦਿਆਂ ਉਹਨੇ ਪ੍ਰੋਫ਼ੈਸਰ ਪ੍ਰੀਤਮ ਸਿੰਘ ਨਾਲ ਆਪਣੀ ਖਿੱਚੋਤਾਣ ਦੀ ਗੱਲ ਕੀਤੀ ਸੀ। ਉਹਦਾ ਅੰਗਰੇਜ਼ੀ ਵਿਚ ਬੋਲਿਆ ਇਕ ਡਾਇਲਾੱਗ ਨਹੀਂ ਭੁਲਦਾ। ਗੱਲ ਨਬੇੜਦਿਆਂ ਉਸ ਕਿਹਾ: "ਹੁਣ ਦੱਸੋ, What crime have I committed?"

•

ਹਾਲ ਗੇਟ ਕੋਲ ਪੰਡਿਤ ਬੈਜਨਾਥ ਸਕੂਲ ਦੇ ਵੱਡੇ ਹਾਲ ਵਿਚ ਭਾਸ਼ਾ ਵਿਭਾਗ ਵਲੋਂ ਅਕਸਰ ਪੰਜਾਬੀ ਸਾਹਿਤ ਨਾਲ ਜੁੜੇ ਸਮਾਗਮ ਹੁੰਦੇ ਹਨ। ਇਕ ਕਵਿਤਾ ਮੁਕਾਬਲੇ ਵਿਚ ਸ਼ਿਵ ਕੁਮਾਰ ਬਟਾਲਵੀ ਨੂੰ ਪ੍ਰਧਾਨਗੀ ਕਰਨ ਲਈ ਕਿਹਾ ਗਿਆ ਹੈ। ਕੋਈ ਚਾਰ ਸਾਲ ਪਹਿਲਾਂ ਮੈਂ ਸ਼ਿਵ ਨੂੰ ਕੰਪਨੀ ਬਾਗ ਵਿਚ ਹੋਏ ਸਾਵਨ ਕਵੀ ਦਰਬਾਰ ਵਿਚ ਸੁਣਿਆ। ਇਹ ਸ਼ਿਵ ਦਾ ਪਹਿਲਾ ਕਵੀ ਦਰਬਾਰ ਸੀ। ਉਦੋਂ ਉਹ ਸਟੇਜੀ ਕਵੀ ਬਰਕਤ ਰਾਮ ਯੁਮਨ ਨਾਲ ਆਇਆ ਸੀ ਤੇ ਪ੍ਰਗਟ ਇਹ ਹੋ ਰਿਹਾ ਸੀ ਕਿ ਯੁਮਨ ਸ਼ਿਵ ਬਟਾਲਵੀ ਦਾ ਉਸਤਾਦ ਹੈ। ਤਦੋਂ ਸ਼ਿਵ ਨੇ "ਮਾਏ ਨੀ ਮਾਏ, ਮੇਰੇ ਗੀਤਾਂ ਦੇ ਨੈਣਾਂ ਵਿਚ ਬਿਰਹੋਂ ਦੀ ਰੜਕ ਪਵੇ" ਦਾ ਚੋਖੀ ਭਾਵੁਕ ਸ਼ਿੱਦਤ ਨਾਲ ਤਰੰਨੁਮ ਵਿੱਢਿਆ, ਉਦਾਸੀ/ਵੈਰਾਗੀ ਆਵਾਜ਼ ਏਨੀ ਲਟਕਾਈ, ਤੇ ਉਹਦੇ ਮੂੰਹ ਦੀ ਮੁਦਰਾ ਤੋਂ ਰੁਦਨ ਫੁਟਿਆ, ਕਿ ਸਰੋਤੇ ਕਿ ਇਹ ਬੰਦਾ ਦੈਵੀ ਸੋਗ ਦਾ ਮਾਰਿਆ ਹੋਇਆ। ਸਰੋਤੇ ਉਹਦੇ ਤਰੰਨੁਮ ਤੋਂ ਵਾਰੇ ਵਾਰੇ ਜਾਣ ਲੱਗੇ। ਏਦਾਂ ਹੀ ਅਗਲੇ ਸਾਲ, 1960 ਵਿਚ, ਉਹਨੂੰ ਮੈ ਪੰਜਾਬੀ ਸਾਹਿਤ ਅਕਾਦਮੀ ਦੀ ਅੰਬਾਲਾ ਵਿਚ ਹੋਈ ਕਾਨਫਰੰਸ ਵਿਚ ਸੁਣਿਆ। ਉੱਥੇ ਵੀ ਉਸ ਨੇ ਹਾਜ਼ਰੀਨ ਨੂੰ ਸੁੰਨ ਕਰ ਦਿੱਤਾ ਸੀ। ਹੁਣ ਵਾਲੇ ਕਵਿਤਾ ਮੁਕਾਬਲੇ ਤੋਂ ਬਾਅਦ ਜਦ ਸ਼ਿਵ ਨੂੰ ਮਾਈਕ ਮੁਹੱਈਆ ਕੀਤਾ ਗਿਆ ਤਾਂ ਉਹਨੇ ਉਹੀ "ਮਾਏ ਨੀ ਮਾਏ ... " ਵਾਲੀ ਹੇਕ ਖਿੱਚ ਦਿੱਤੀ। ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਪੰਜਾਬੀ ਕਾਵਿਕਾਰੀ ਜਾਂ ਸਾਹਿਤਕਾਰੀ (ਤੇ ਪੰਜਾਬੀ ਅਕਾਦਮਿਕਤਾ) ਕਿਹੜੀ ਦਿਸ਼ਾ ਵਲ ਜਾ ਰਹੀ ਹੈ। ਚਿੰਤਨ+ਬੌਧਿਕਤਾ ਦਾ ਖਾਤਾ ਜਾਂ ਤਾਂ ਗ਼ਾਇਬ ਹੈ ਜਾਂ ਇਸ ਦਾ ਕੋਈ ਬਹੁਤਾ ਮੁੱਲ ਨਹੀਂ। ਮੁੱਲ ਇਸ ਕਰਕੇ ਨਹੀਂ ਕਿ ਲੇਖਕ ਪਾਠਕਾਂ ਦੇ ਪੱਧਰ ਨੂੰ ਧਿਆਨ ਵਿਚ ਰੱਖ ਕੇ ਲਿਖਦੇ ਹਨ। ਇਨ੍ਹਾਂ ਗੱਲਾਂ ਦਾ ਜ਼ਿਕਰ ਇਸ ਕਰਕੇ ਕੀਤਾ ਜਾ ਰਿਹਾ ਕਿਉਂਕਿ ਅੱਧੀ ਸਦੀ ਬਾਅਦ ਜੋ ਨਿਘਾਰ ਪੰਜਾਬੀ ਸਾਹਿਤਕਾਰੀ/ਅਕਾਦਮਿਕਤਾ ਵਿਚ ਦੇਖਣ ਨੂੰ ਮਿਲਣਾ ਉਸ ਦਾ ਆਰੰਭ ਕਦੋਂ ਹੋਇਆ, ਇਸ ਨੂੰ ਸਮਝਿਆ ਜਾ ਸਕੇ।

ਕਾਲਜ ਵਿਚ ਮੋਹਨ ਕਾਹਲੋਂ ਨਾਂ ਦਾ ਇਕ ਬੰਦਾ ਆਉਂਦਾ ਤੇ ਪ੍ਰੋਫ਼ੈਸਰ ਕਰਨੈਲ ਸਿੰਘ ਥਿੰਦ ਨੂੰ ਮਿਲਦਾ। (ਇਹੀ ਮੋਹਨ ਕਾਹਲੋਂ ਬਾਅਦ ਵਿਚ ਨਾਵਲਕਾਰ ਵਜੋਂ ਜਾਣਿਆ ਜਾਵੇਗਾ।) ਉਹ ਵੇਰਕਾ ਦੇ ਕਿਸੇ ਸਕੂਲ ਵਿਚ ਟੀਚਰ ਹੈ ਤੇ ਪ੍ਰਾਈਵੇਟ ਉਮੀਦਾਰ ਵਜੋਂ ਪੰਜਾਬੀ ਦੀ ਐਮ. ਏ. ਕਰ ਰਿਹਾ। ਉਹਦੀ ਪ੍ਰੋਫ਼ੈਸਰ ਥਿੰਦ ਨਾਲ ਪੁਰਾਣੀ ਜਾਣ ਪਛਾਣ ਹੈ। ਉਹ ਥਿੰਦ ਨੂੰ ਕਹਿੰਦਾ ਕਿ ਕਿਸੇ ਵਿਦਿਆਰਥੀ ਨਾਲ ਉਹਦੀ ਜਾਣ ਪਛਾਣ ਕਰਵਾ ਦਿਓ ਤਾਂ ਜੋ ਉਹਦੇ ਤੋਂ ਐਮ ਏ ਦੇ ਕੋਰਸ ਬਾਰੇ ਜਾਣਕਾਰੀ ਲੈ ਸਕਾਂ ਤੇ ਜੋ ਕਲਾਸਾਂ ਵਿਚ ਪੜ੍ਹਾਇਆ ਜਾ ਰਿਹਾ ਉਸ ਬਾਰੇ ਪੁੱਛ ਸਕਾਂ। ਥਿੰਦ ਮੋਹਨ ਕਾਹਲੋਂ ਨੂੰ ਮੇਰੇ ਨਾਲ ਮਿਲਾਂਦਾ। ਉਹ ਬਹੁਤ ਤਪਾਕ ਨਾਲ ਆਪਣੇ ਘਰ ਦਾ ਸਿਰਨਾਵਾਂ ਦੇਂਦਾ ਤੇ ਕਹਿੰਦਾ, "ਯਾਰ ਤੂੰ ਕਿਸੇ ਦਿਨ ਘਰ ਆ।" ਮੈਂ ਦੂਜੇ ਦਿਨ ਉਹਦੇ ਸ਼ਰੀਫ਼ਪੁਰੇ ਵਾਲੇ ਘਰ ਜਾ ਪਹੁੰਚਦਾ। ਮੈਨੂੰ ਉਸ ਦੇ ਘਰ ਦਾ ਮਾਹੌਲ ਚੰਗਾ ਲੱਗਦਾ। ਉਹਦੀ ਪਤਨ ਦੇ ਹੱਥਾਂ ਦੀ ਬਣੀ ਚਾਹ ਬਹੁਤ ਸੁਆਦ ਲੱਗਦੀ ਹੈ। ਫਿਰ ਅਸੀਂ ਐਮ. ਏ. ਦੇ ਸਿਲੇਬਸ ਅਤੇ

ਪੜ੍ਹੀਆਂ ਜਾਣ ਵਾਲੀਆਂ ਕਿਤਾਬਾਂ ਦੀ ਗੱਲ ਕਰਦੇ ਹਾਂ। ਮੇਰੇ ਕੋਲ ਭਰਪੂਰ ਜਾਣਕਾਰੀ ਹੈ। ਮੈਂ ਬੋਲੀ ਜਾਨਾਂ ਤੇ ਕਾਹਲੋਂ ਦੇ ਮੂੰਹ ਤੇ ਮੁਸਕ੍ਰਾਹਟ ਆਈ ਜਾਂਦੀ ਹੈ। ਦੋ ਕੁ ਘੰਟਿਆਂ ਬਾਅਦ ਮੈਂ ਚਲਣ ਲੱਗਦਾਂ ਤਾਂ ਉਹ ਕਹਿੰਦਾ, "ਅਸੀਂ ਤਾਂ ਪਹਿਲੇ ਦਿਨ ਹੀ ਗੂੜ੍ਹੇ ਦੋਸਤ ਬਣ ਗਏ ਹਾਂ। ਤੂੰ ਇੰਜ ਕਰ, ਰਾਤ ਨੂੰ ਮੇਰੇ ਕੋਲ ਆ ਜਾਇਆ ਕਰ, ਅਸੀਂ ਉਪਰ ਮਿਆਨੀ ਵਿਚ ਬੈਠ ਪੜ੍ਹਿਆ ਕਰਾਂਗੇ। ਖਾਣਾ ਤੂੰ ਏਥੇ ਹੀ ਖਾ ਲਿਆ ਕਰੀਂ। ਰਾਤ ਦੇਰ ਤੱਕ ਪੜ੍ਹਦਿਆਂ ਚਾਹ ਆਉਂਦੀ ਰਹੇਗੀ।" ਮੈਨੂੰ ਕਾਹਲੋਂ ਦੀ ਇਹ ਤਜਵੀਜ਼ ਚੰਗੀ ਲੱਗਦੀ ਹੈ। ਮੈਂ ਰਾਤ ਉਹਦੇ ਘਰ ਜਾ ਕੇ ਇਕ-ਦੋ ਵਜੇ ਤੱਕ ਪੜ੍ਹਦਾ ਹਾਂ। ਵਿਚ ਵਿਚਾਲੇ ਅਸੀਂ ਗੱਲਾਂ ਕਰਦੇ ਹਾਂ। ਪ੍ਰੀਖਿਆਂ ਨੂੰ ਧਿਆਨ ਵਿਚ ਰੱਖ ਕੇ ਕੀ ਤਿਆਰ ਕਰਨਾ ਤੇ ਕੀ ਛੱਡਣਾ ਉਹਦੇ ਬਾਰੇ ਵਿਚਾਰ ਵਟਾਂਦਰਾ ਕਰਦੇ ਹਾਂ। ਵਿਚ ਵਿਚਾਲੇ ਉਹਦੀ ਪਤਨੀ ਚਾਹ ਲਿਆਂਦੀ ਹੈ। ਕੋਈ ਦੋ ਢਾਈ ਵਜੇ ਤੋਂ ਬਾਅਦ ਮੈਂ ਉੱਥੇ ਮਿਆਨ ਦੇ ਫਰਸ਼ ਉੱਤੇ ਵਿਛੀ ਦਰੀ ਉੱਤੇ ਸੌਂ ਜਾਂਦਾ ਹਾਂ, ਸਵੇਰੇ ਹੋਸਟਲ ਵਲ ਆ ਜਾਂਦਾ ਹਾਂ।

ਅਜਿਹੀ ਇਕ ਰਾਤ ਚੁਪੀਤੇ, ਬਿਨਾਂ ਕਿਸੇ ਨੂੰ ਪਤਾ ਲੱਗੇ, ਮਿਆਨ ਵਿਚ ਸ਼ਿਵ ਕੁਮਾਰ ਦਾਖਲ ਹੁੰਦਾ। ਉਹ ਕਾਹਲੋਂ ਦਾ ਪੁਰਾਣਾ ਦੋਸਤ ਹੈ। ਉਹਨੇ ਸ਼ਰਾਬ ਪੀਤੀ ਹੋਈ ਹੈ। ਕਹਿੰਦਾ, "ਬੰਦ ਕਰੋ ਕਿਤਾਬਾਂ ਪੜ੍ਹਣ ਦੀ ਇਹ ਬਕਵਾਸ। ਮੈਂ ਇਕ ਕਾਵਿ ਨਾਟ ਲਿਖ ਰਿਹਾਂ – ਲੂਣਾ। ਇਹਦੇ ਕੁਝ ਸਫ਼ੇ ਮੈਂ ਲਿਆਇਆਂ। ਸੁਣਨ ਲਈ ਤਿਆਰ ਹੋ ਜਾਓ। ਸਾਲਿਓ, ਭਾਗਾਂ ਵਾਲੇ ਹੋ, ਸ਼ਿਵ ਕੁਮਾਰ ਜਿਹਾ ਜ਼ਹੀਨ ਕਵੀ ਤੁਹਾਨੂੰ ਆਪਣੀ ਨਵੀਂ ਰਚਨਾ ਸੁਣਾ ਰਿਹਾ।"

ਫਿਰ ਸ਼ਿਵ ਕੁਮਾਰ ਲੂਣਾਂ ਦਾ ਪਾਠ ਆਰੰਭ ਕਰ ਦੇਂਦਾ ਹੈ। ਰਾਤ ਦੇ ਦੋ ਵੱਜ ਚੁੱਕੇ ਹਨ। ਸ਼ਿਵ ਦੀ ਜੇਬ੍ਹ ਵਿਚ ਅਧੀਏ ਤੋਂ ਬਚੀ ਕੁਝ ਸ਼ਰਾਬ ਹੈ। ਉਹ ਬਿਨਾਂ ਪਾਣੀ ਦੇ ਘੁਟ ਭਰਦਾ ਤੇ ਸੁਨਾਣ ਲੱਗ ਪੈਂਦਾ। ਮੈਨੂੰ ਨੀਂਦ ਆ ਜਾਂਦੀ ਹੈ। ਸ਼ਿਵ ਸੁਣਾਈ ਜਾ ਰਿਹਾ; ਕਾਹਲੋਂ ਸੁਣ ਰਿਹਾ। ਸਵੇਰੇ ਉੱਠ ਕੇ ਮੈਂ ਦੇਖਦਾਂ, ਸ਼ਿਵ ਗ਼ਾਇਬ ਹੈ। ਮੈਂ ਮੋਹਨ ਕਾਹਲੋਂ ਨੂੰ ਪੁੱਛਦਾਂ, "ਕਿੱਥੇ ਗਿਆ ਸ਼ਿਵ?" ਕਾਹਲੋਂ ਕਹਿੰਦਾ, "ਉਹ ਸਵੇਰੇ ਚਾਰ ਵਜੇ ਏਥੋਂ ਨਿਕਲ ਗਿਆ। ਤੂੰ ਤਾਂ ਸੌਂ ਗਿਆ। ਮੇਰਾ ਉਹ ਯਾਰ ਹੈ। ਜੇ ਮੈਂ ਉਹਨੂੰ ਰੋਕਦਾ ਤਾਂ ਉਹਨੇ ਬੁਰਾ ਮਨਾਣਾ ਸੀ, ਗਾਲ੍ਹਾਂ ਵੱਖ ਸੁਣਨੀਆਂ ਪੈਣੀਆਂ ਸਨ।"

•

ਦੂਜੇ ਸਾਲ ਦੇ ਅੰਤ ਵੇਲੇ ਵਿਭਾਗ ਦਾ ਮੁਖੀ ਪ੍ਰੋਫ਼ੈਸਰ ਦੀਵਾਨ ਸਿੰਘ ਸਾਡੀ ਜਮਾਤ ਦੇ ਕੁਝ ਵਿਦਿਆਰਥੀਆਂ ਦੀ ਢਾਣੀ ਨਾਲ ਕਿਸੇ ਗੱਲੋਂ ਖ਼ਫ਼ਾ ਹੋ ਜਾਂਦਾ ਹੈ। ਇਸ ਢਾਣੀ ਵਿਚ ਦੋ ਕੁੜੀਆਂ ਹਨ ਜਿਨ੍ਹਾਂ ਨਾਲ ਮੇਰੀ ਨੇੜਤਾ ਹੈ। ਟੀਚਰਾਂ ਅਤੇ ਪ੍ਰਿੰਸੀਪਲ ਦਾ ਮੇਰੇ ਬਾਰੇ ਵਿਚਾਰ ਇਹ ਬਣ ਚੁੱਕਾ ਹੈ ਕਿ ਮੈਂ ਉਸ ਤਰ੍ਹਾਂ ਦਾ ਆਗਿਆਕਾਰ ਵਿਦਿਆਰਥੀ ਨਹੀਂ ਜਿਵੇਂ ਕਿ ਮੈਨੂੰ ਹੋਣਾ ਚਾਹੀਦਾ ਹੈ। ਮੈਨੂੰ ਉਨ੍ਹਾਂ ਦੀ ਇਸ ਰਾਏ ਬਾਰੇ ਪਤਾ ਹੈ। ਮੈਂ ਇਸ ਬਾਰੇ ਬੇਖ਼ੌਫ਼ ਹਾਂ।

ਸਾਲ ਦੇ ਅਖੀਰ ਵਿਚ ਸਾਡੀ ਕਲਾਸ ਦੀ ਗਰੁੱਪ ਫੋਟੋ ਹੁੰਦੀ ਹੈ, ਦੋਵੇਂ ਕੁੜੀਆਂ ਉਸ ਫੋਟੋ ਵਿਚ ਸ਼ਾਮਿਲ ਨਾ ਹੋਣ ਦਾ ਫੈਸਲਾ ਲੈਂਦੀਆਂ ਹਨ। ਉਹ ਮੈਨੂੰ ਅਜਿਹਾ ਕਰਨ ਲਈ ਪ੍ਰੇਰਦੀਆਂ ਹਨ ਜੋ ਮੈ ਮੰਨ ਲੈਂਦਾ ਹਾਂ। ਗਰੁੱਪ ਫੋਟੋ ਵਿਚ ਪੰਜ ਵਿਦਿਆਰਥੀ ਸ਼ਾਮਿਲ ਨਹੀਂ ਹੁੰਦੇ। ਪ੍ਰੋਫ਼ੈਸਰ ਦੀਵਾਨ ਸਿੰਘ, ਜੋ ਪਹਿਲਾਂ ਹੀ ਖਫ਼ਾ ਹੈ, ਹੋਰ ਔਖਾ ਹੋ ਜਾਂਦਾ ਹੈ। ਦੂਜੇ ਦਿਨ ਪ੍ਰੋਫ਼ੈਸਰ ਥਿੰਦ ਮੈਨੂੰ ਕਹਿੰਦਾ, "ਸਰਦਾਰ ਦੀਵਾਨ ਸਿੰਘ ਤੇਰੇ ਨਾਲ ਨਾਰਾਜ਼ ਹਨ। ਉਨ੍ਹਾਂ ਕਿਹਾ ਹੈ ਫਸਟ ਆਉਣ ਵਿਚ ਤੇਰੀ ਕਿਸੇ ਤਰ੍ਹਾਂ ਦੀ ਮਦਦ ਨਹੀਂ ਕਰਨੀ। ਆਪਣਾ ਕੰਮ ਤੂੰ ਖ਼ੁਦ ਖਰਾਬ ਕਰ ਚੁੱਕਾਂ।"

ਪੰਜਾਬੀ ਅਕਾਦਮਿਕਤਾ ਦਾ ਇਹ ਸੰਸਾਰ ਮੈਨੂੰ ਘੁੰਮਣਘੇਰੀ ਵਾਲਾ ਪ੍ਰਤੀਤ ਹੁੰਦਾ ਹੈ। ਜਾਂ ਮੇਰੇ ਵਿਚ ਹੀ ਕੋਈ ਨੁਕਸ ਹੈ। ਬਗ਼ਾਵਤੀ ਕੀੜਾ ਪਤਾ ਨਹੀਂ ਲੱਗਣ ਦੇਂਦ ਕਦ ਖਰੂਦ ਪਾਉਣ ਲੱਗ ਪੈਂਦਾ ਹੈ। ਜਿਸ ਨਿੱਜੀ ਸੰਸਾਰ ਨੂੰ ਮੈਂ ਤਨੋ-ਮਨੋ ਤਕੜਾ ਕਰਦਾ ਸੀ, ਅਜਿਹਾ ਕਰਨਾ ਹੁਣ ਸੰਭਵ ਨਹੀਂ ਰਿਹਾ। ਜੋ ਇਰਦ ਗਿਰਦ ਦਾ ਹਨੇਰਾ ਸੰਸਾਰ ਹੈ, ਜਾਂ ਘਮਾਸਾਨ ਹੈ, ਜਾਂ ਖੇਹਕਾਰੀ ਦਾ ਵਰਤਾਰਾ ਹੈ, ਜਾਂ ਤਨਾਤਨੀ ਆਦਿ ਹਨ – ਇਹਨੂੰ ਨਕਾਰਨ ਦਾ ਮੇਰੇ ਵਿਚ ਸਾਹਸ ਨਹੀਂ ਰਿਹਾ। ਹੁਣ ਜਦ ਸੈਸ਼ਨ ਖਤਮ ਹੋ ਚੁੱਕਾ, ਮੈਂ ਇਮਤਿਹਾਨ ਦੇ ਚੁੱਕਾਂ, ਤਾਂ ਲੱਗਦਾ ਮੈਂ ਪਹਿਲਾਂ ਵਾਲਾ ਗੁਰਬਚਨ ਨਹੀਂ ਰਿਹਾ। ਕਿੰਨਾ ਭੀੜਾ ਸੰਸਾਰ ਹੈ ਇਹ; ਤੁਸੀਂ ਪਹਿਲਾਂ ਵਾਹੇ ਪੂਰਨਿਆਂ ਉੱਤੇ ਹੀ ਚਲ ਸਕਦੇ ਹੋ। ਟੀਚਰਾਂ ਵਿਚ ਹੀ ਦਮਖਮ ਨਹੀਂ; ਕਿੰਨੇ ਲਕੀਰ ਦੇ ਫਕੀਰ ਹਨ ! ਮੁੰਬਈ ਵਿਚ ਗੁਜ਼ਾਰੇ ਦਿਨ ਯਾਦ ਆਉਣ ਲੱਗਦੇ ਹਨ। ਕਿੰਨਾ ਖੁੱਲ੍ਹਾ ਆਕਸ਼ ਸੀ ਉੱਥੇ !

•

ਇਕ ਸਵੇਰ ਮੈਂ ਅਵਾਜ਼ਾਰੀ ਵਿਚ ਆਪਣੀ ਵੱਡੀ ਭੈਣ ਤੋਂ ਦਸ ਰੁਪਏ ਹੁਧਾਰੇ ਲੈਂਦਾ ਹਾਂ। ਲੁਧਿਆਣੇ ਪਹੁੰਚ ਜਾਨਾਂ। *ਸਾਹਿਤ ਸਮਾਚਾਰ* ਦੇ ਸੰਪਾਦਕ ਲਾਹੌਰ ਬੁੱਕ ਸ਼ਾਪ ਪਰੈੱਸ ਵਾਲੇ ਹਜ਼ਾਰਾ ਸਿੰਘ ਨਾਲ ਸਲਾਹ ਮਸ਼ਵਰਾ ਕਰਨ। ਕੁਝ ਸਾਲ ਪਹਿਲਾਂ ਮੈਂ ਅਕਸਰ ਉਹਦੇ ਘਰ ਜਾਂਦਾ, ਰਾਤ ਦੀ ਰੋਟੀ ਖਾਂਦਾ, ਉੱਥੇ ਹੀ ਸੌਂ ਜਾਂਦਾ। ਅਸੀਂ ਸਾਹਿਤਕ ਵਿਅਕਤੀਆਂ ਬਾਰੇ ਜਾਣਕਾਰੀ ਸਾਂਝੀ ਕਰਕੇ। ਅਸ਼ਟਲ ਮਾਰਦੇ। ਲਤੀਫ਼ੇ ਘੜਦੇ, ਹਸਦੇ। ਸੁਖਪਾਲਵੀਰ ਸਿੰਘ ਹਸਰਤ ਦਾ ਮੌਜੂ

ਉਡਾਂਦੇ। ਸੰਤ ਸਿੰਘ ਸੇਖੋਂ, ਖੰਨੇ ਵਾਲੇ ਨਰਿੰਦਰ ਧੀਰ, ਜਗਜੀਤ ਸਿੰਘ ਛਾਬੜਾ, ਈਸ਼ਰ ਸਿੰਘ ਅਟਾਰੀ ਜਾਂ ਲਾਹੌਰ ਬੁੱਕ ਸ਼ਾੱਪ ਵਾਲੇ ਜੀਵਨ ਸਿੰਘ ਬਾਰੇ ਗੱਲਾਂ ਕਰਦੇ। ਲੁਧਿਆਣਾ ਪੰਜਾਬੀ ਲੇਖਕਾਂ ਦਾ ਤਦ ਗੜ੍ਹ ਹੁੰਦਾ ਸੀ।

ਹਜ਼ਾਰਾ ਸਿੰਘ ਨੂੰ ਮੈਂ ਆਪਣੀ ਪਰੇਸ਼ਾਨੀ ਬਾਰੇ ਦਸਦਾਂ ਕਿ ਮੇਰੀ ਮਿਹਨਤ+ਮੈਰਿਟ ਦਾ ਘਾਣ ਕਰਨ ਵਾਲੇ ਉਹ ਹੋਣਗੇ ਜਿਨ੍ਹਾਂ ਨਾਲ ਯੂਨੀਵਰਸਟੀ ਦੀ ਅੱਵਲ ਪੋਜ਼ਿਸ਼ਨ ਲਈ ਮੇਰਾ ਮੁਕਾਬਲਾ ਹੈ। ਉਨ੍ਹਾਂ ਦੀ ਅਗਜ਼ੈਮੀਨਰਾਂ ਤੱਕ ਪਹੁੰਚ ਦਾ ਸਭ ਨੂੰ ਪਤਾ ਹੈ। ਉਹ ਇਕੋ ਬੋਲ ਨਾਲ ਮੈਨੂੰ ਸੰਤੁਸ਼ਟ ਕਰ ਦੇਂਦਾ, "ਤੂੰ ਇਸ ਕੁੱਤੇਖਾਣੀ ਤੋਂ ਕੀ ਲੈਣਾ?" ਉਹ ਕਹਿੰਦਾ, "ਫਸਟ ਕਲਾਸ ਤੇਰੀ ਕੋਈ ਰੋਕ ਨਹੀਂ ਸਕਦਾ। ਲੈਕਚਰਾਰ ਦੀ ਨੌਕਰੀ ਤੈਨੂੰ ਮਿਲ ਜਾਣੀ ਹੈ।" ਫਿਰ ਕਹਿੰਦਾ, "ਜਿਸ ਰਾਹ ਵਿਚ ਕੁੱਤੇ ਬਹੁਤ ਹੋਣ, ਲਾਂਭੇ ਹੋ ਕੇ ਨਿਕਲ ਜਾਣਾ ਚਾਹੀਦਾ।"

ਮੈਂ ਕਾਫ਼ੀ ਦੇਰ ਸੋਚਦਾ ਰਹਿਨਾਂ, ਫਿਰ ਆਖਦਾਂ, "ਮੈਂ ਪੰਜਾਬੀ ਦਾ ਲੈਕਚਰਾਰ ਨਹੀਂ ਬਣਨਾ, ਚੰਡੀਗੜ੍ਹ ਜਾ ਕੇ ਅੰਗਰੇਜ਼ੀ ਦੀ ਐਮ. ਏ. ਕਰਨੀ ਹੈ।"

ਉਹ ਹੱਸ ਦੇਂਦਾ, "ਕਰ ਲੈ ਅੰਗਰੇਜ਼. ਦੀ ਐਮ. ਏ., ਕੌਣ ਰੋਕਦਾ?"

ਰਾਤ ਦੇਰ ਤੱਕ ਗੱਲਾਂ ਕਰਦੇ ਅਸੀਂ ਸੌਂ ਜਾਂਦੇ ਹਾਂ।

•

ਦੂਜੇ ਦਿਨ ਸਵੇਰੇ ਵਾਪਿਸ ਅੰਮ੍ਰਿਤਸਰ ਜਾਣ ਲਈ ਬਸ ਸਟੈਂਡ ਪੁੱਜਦਾਂ ਤਾਂ ਸਾਹਮਣੇ ਇਕ ਬਸ ਖੜੀ ਹੈ। ਇਹ ਅੰਮ੍ਰਿਤਸਰ ਤੋਂ ਆਈ ਹੈ, ਇਹਨੇ ਚੰਡੀਗੜ੍ਹ ਜਾਣਾ। ਕੰਡਕਟਰ ਬਾਹਰ ਖੜਾ ਆਵਾਜ਼ ਦੇ ਰਿਹਾ, "ਚਲੋ ਬਈ ਚੰਡੀਗੜ੍ਹ ... ਚੰਡੀਗੜ੍ਹ ... "। ਬੱਸ ਚਲਣ ਲੱਗ ਪਈ ਹੈ। ਮੇਰੇ ਅੰਦਰ ਕੋਈ ਲਹਿਰ ਉਠਦੀ ਹੈ। ਮੈਂ ਤੇਜ਼ ਕਦਮੀ ਦਰਵਾਜ਼ੇ ਕੋਲ ਖੜ੍ਹੇ ਕੰਡਕਟਰ ਦੇ ਕੋਲੋਂ ਘਿਸਰ ਕੇ ਅੰਦਰ ਦਾਖਲ ਹੋ ਜਾਨਾਂ।

ਢਾਈ ਘੰਟੇ ਬਾਅਦ ਬਸ ਚੰਡੀਗੜ੍ਹ ਦੇ ਸਤਾਰਾਂ ਸੈਕਟਰ ਵਾਲੇ ਸਟੈਂਡ ਤੇ ਜਾ ਰੁਕਦੀ ਹੈ। ਪੰਜ ਸਤ ਮਿੰਟਾਂ ਦੀ ਪੈਦਲ ਵਾਟ ਉੱਤੇ ਅਠਾਰਾਂ ਸੈਕਟਰ ਗਿਆਨੀ ਗੁਰਦਿਤ ਸਿੰਘ ਦਾ ਪਰੈੱਸ ਹੈ, ਮੈਂ ਉਧਰ ਹੋ ਤੁਰਦਾਂ। ਪੰਜ ਸਾਲ ਪਹਿਲਾਂ ਗਿਆਨੀ ਗੁਰਦਿਤ ਸਿੰਘ ਨੇ ਮੈਨੂੰ ਆਪਣੇ ਅਖਬਾਰ ਵਿਚ ਕੰਮ ਕਰਨ ਦੀ ਪੇਸ਼ਕਸ਼ ਕੀਤੀ ਸੀ। ਹੁਣ ਪਰੈੱਸ ਵਿਚ ਦਾਖਲ ਹੋਣ ਤੇ ਪਤਾ ਲੱਗਦਾ ਗਿਆਨੀ ਜੀ ਥੋੜ੍ਹੀ ਦੇਰ ਨੂੰ ਆਉਣ ਹੀ ਵਾਲੇ ਹਨ। ਰੈਕ ਅੱਗੇ ਖੜੇ ਦੋ ਵਰਕਰ ਸਿੱਕੇ ਵਾਲੇ ਅੱਖਰ ਕੰਪੋਜ਼ ਕਰ ਰਹੇ ਹਨ। ਰਤਾ ਕੁ ਪਾਸੇ ਜਿਹੇ ਟੁੱਟੀ-ਫੁਟੀ ਕੁਰਸੀ ਪਈ ਹੈ ਜਿਸ ਉੱਤੇ ਮੈਂ ਬੈਠ ਜਾਨਾਂ। ਕੁਝ ਮਿੰਟਾਂ ਬਾਅਦ ਸਫ਼ੇਦ ਕੁੜਤਾ ਪਜਾਮਾ ਅਤੇ ਸਫ਼ੇਦ ਦਸਤਾਰ ਵਿਚ ਗਿਆਨੀ ਜੀ ਦਾਖਲ ਹੁੰਦੇ ਹਨ। ਮੈਨੂੰ ਦੇਖ ਕੇ ਖਿੜ ਖਿੜ ਹਸਦੇ ਕਹਿੰਦੇ ਹਨ : "ਤੂੰ ਕਿੱਥੋਂ ਆ ਗਿਆ?"

ਉਹ ਇਧਰ ਉਧਰ ਗੇੜਾ ਮਾਰ ਕੇ ਕੰਪੋਜ਼ਿਟਰਾਂ ਨਾਲ ਕੁਝ ਗੱਲ ਕਰਦੇ ਨੇ। ਫਿਰ ਮੇਰੇ ਵਲ ਦੇਖ ਕਹਿੰਦੇ ਨੇ : "ਅਖਬਾਰ ਦਾ ਐਡੀਟਰ ਬਣਨਾ? ਮੈਨੂੰ ਬੰਦਾ ਚਾਹੀਦਾ ਜਿਹੜਾ ਅਖਬਾਰ ਦਾ ਸਾਰਾ ਕੰਮ-ਕਾਜ ਦੇਖੇ। ਤਨਖਾਹ ਡੇਢ ਸੌ ਰੁਪਏ।"

ਗਿਆਨੀ ਜੀ ਦਾ ਅਖਬਾਰ ਰੋਜ਼ਾਨਾ ਹੈ, ਪਰ ਇਹ ਛੱਪਦਾ ਕਦੇ ਕਦਾਈਂ ਹੈ। ਜਦ ਇਹ ਰੋਜ਼ ਛਪਦਾ ਸੀ, ਵਿੱਕਦਾ ਨਹੀਂ ਸੀ। ਸਰਕਾਰੀ ਇਸ਼ਤਿਹਾਰਾਂ ਦੇ ਆਸਰੇ ਕਾਇਮ ਸੀ। ਗਿਅਨੀ ਜੀ ਇਹਦੇ ਰਾਹੀਂ ਸਿਆਸੀ ਬੰਦਿਆਂ ਦੇ ਨਿਕਟ ਹੋ ਗਏ। ਜ਼ਿੰਦਗੀ ਹੇਠਲੇ ਦਰਜੇ ਤੋਂ ਸ਼ੁਰੂ ਕੀਤੀ; ਉਤਲੇ ਦਰਜੇ ਤੱਕ ਪਹੁੰਚਣ ਦੀ ਤਲਬ ਇਨ੍ਹਾਂ ਵਿਚ ਚੋਖੀ ਸੀ। ਕਮਜ਼ੋਰ ਪਿਛੋਕੜ ਵਾਲੇ ਬੰਦਿਆਂ ਲਈ ਵੱਡਾ ਬਣਨ ਦਾ ਸੌਖਾ ਤਰੀਕਾ ਸਿਆਸੀ ਬੰਦਿਆਂ ਨਾਲ ਨੇੜਤਾ ਪੈਦਾ ਕਰਕੇ ਪ੍ਰਾਪਤ ਹੁੰਦਾ ਹੈ। ਗਿਆਨੀ ਜੀ ਨੂੰ ਪਿੰਡ ਵਿਚ ਤਰ੍ਹਾਂ ਤਰ੍ਹਾਂ ਦੇ ਬੰਦਿਆਂ ਦਾ ਅਨੁਭਵ ਸੀ। ਦੇਸੀ ਤਰਜ਼ ਦੀ ਸੁਨੱਖੀ ਵਾਰਤਕ ਲਿਖਣ ਦਾ ਵੱਲ ਸੀ। ਗਿਆਨੀ ਜੀ ਨੇ ਪਿੰਡ ਦੇ ਦਿਲਚਸਪ ਪਾਤਰਾਂ ਬਾਰੇ ਲਿਖਣਾ ਸ਼ੁਰੂ ਕੀਤਾ। ਪਟਿਆਲਾ ਤੋਂ ਇਹ ਚੰਡੀਗੜ੍ਹ ਆ ਗਏ। ਕੌਡੀਆਂ ਦੇ ਭਾਅ ਅਠਾਰਾਂ ਸੈਕਟਰ ਵਾਲਾ ਸ਼ੋਅ ਰੂਮ ਲੈ ਲਿਆ। ਪੰਜ ਸੈਕਟਰ ਵਿਚ ਚਾਰ ਕਨਾਲ ਦਾ ਪਲਾੱਟ ਖ੍ਰੀਦ ਲਿਆ। ਪਿੰਡ ਦੇ ਪਾਤਰਾਂ ਦੀਆਂ ਵਿਸੰਗਤੀਆਂ ਦੀ ਪੇਸ਼ਕਾਰੀ ਕਰਦੇ, ਪੜ੍ਹਣ ਵਾਲੇ ਲੁਤਫ਼ ਲੈਂਦੇ। ਸਿੱਖੀ ਦੇ ਮਸਲਿਆਂ ਬਾਰੇ ਵੀ ਲਿਖਣ ਲੱਗ ਪਏ। ਸੁਭਾਅ ਦਾ ਮਿਲਾਪੜੇ ਤੇ ਮੇਲ ਮਿਲਾਪ ਵਿਚ ਸੁੱਘੜ ਤਾਂ ਸਨ ਹੀ। ਮੁੱਖ ਮੰਤਰੀ ਪਰਤਾਪ ਸਿੰਘ ਕੈਰੋਂ ਦੇ ਨਿਕਟ ਹੋ ਗਏ ਤੇ ਐਮ. ਐਲ. ਸੀ. ਬਣ ਗਏ। *ਮੇਰਾ ਪਿੰਡ* ਕਿਤਾਬ ਪ੍ਰਕਾਸ਼ਿਤ ਕਰਨ ਦਾ ਮਨ ਬਣਾਇਆ ਤਾਂ ਸਰਦਾਰ ਕੈਰੋਂ ਕੋਲੋਂ ਭੂਮਿਕਾ ਲਿਖਵਾਈ। ਮੈਂ ਗਿਆਨੀ ਜੀ ਨੂੰ ਪਹਿਲੀ ਵੇਰ 1959 ਵਿਚ ਮਿਲਿਆ ਤਾਂ ਇਹ "ਗਿਆਨੀ ਗੁਰਦਿਤ ਸਿੰਘ ਐਮ. ਐਲ. ਸੀ." ਕਰਕੇ ਜਾਣੇ ਜਾਂਦੇ ਸਨ। ਮੈਂ ਪੰਜਾਬੀ ਸਾਹਿਤ ਅਕਾਦਮੀ ਵਲੋਂ ਹੋਣ ਵਾਲੀ ਕਾਨਫਰੰਸ ਦੀ ਤਿਆਰੀ ਲਈ ਦੋ ਹਫ਼ਤੇ ਲਈ ਚੰਡੀਗੜ੍ਹ ਰਿਹਾ ਸੀ। ਉਦੋਂ ਇਹ ਪੰਜ ਸੈਕਟਰ ਵਾਲੀ

ਕੋਠੀ ਬਣਾ ਚੁੱਕੇ ਸਨ। ਇਹ ਤਿਆਰੀ ਕਮੇਟੀ ਦੇ ਦਫਤਰ ਇਹ ਗੇੜਾ ਮਾਰਦੇ। ਨੌਜੁਆਨ ਸਨ, ਉਮਰ 35 ਸਾਲ। ਮੈਨੂੰ ਕੰਮ ਕਰਦਾ ਦੇਖਦੇ। ਇਕ ਸ਼ਾਮ ਮੈਨੂੰ ਕਿਸੇ ਕੰਮ ਇਨ੍ਹਾਂ ਦੀ ਕੋਠੀ ਜਾਣਾ ਪਿਆ। ਝੀਲ ਵਾਲੇ ਪਾਸੇ ਦਾ ਇਹ ਇਲਾਕਾ ਉਜਾੜ ਸੀ, ਕੁਝ ਕੋਠੀਆਂ ਬਣੀਆਂ ਹੋਈਆਂ ਸਨ।

ਅਗਲੇ ਸਾਲ 1960 ਵਿਚ ਗਿਆਨੀ ਜੀ ਮੈਨੂੰ ਸਾਹਿਤ ਅਕਾਦਮੀ ਦੀ ਛੇਵੀਂ ਕਾਨਫਰੰਸ ਵੇਲੇ ਅੰਬਾਲਾ ਵਿਚ ਮਿਲੇ, ਕਹਿਣ ਲੱਗੇ, "ਮੈਨੂੰ ਤੇਰੇ ਵਰਗੇ ਬੰਦੇ ਦੀ ਲੋੜ ਹੈ।" ਇਨ੍ਹਾਂ ਮੈਨੂੰ ਉਦੋਂ ਇਕ ਸਫ਼ੇਦ ਕਾਗ਼ਜ਼ ਉੱਤੇ ਨਿਯੁਕਤੀ ਪਤਰ ਲਿਖ ਕੇ ਦੇ ਦਿੱਤਾ। ਪਰ ਮੈ ਵਾਪਿਸ ਅੰਮ੍ਰਿਤਸਰ ਆ ਕੇ ਕੁਝ ਮਹੀਨਿਆਂ ਬਾਅਦ ਮੁੰਬਈ ਚਲਾ ਗਿਆ ਸੀ।

ਹੁਣ ਮੈਨੂੰ ਦੇਖ ਕੇ ਗਿਆਨੀ ਜੀ ਸਮਝਦਾ ਹੈ ਕਿ ਮੈਂ ਪੁਰਾਣੇ ਨਿਯੁਕਤੀ ਪਤਰ ਦੇ ਜੁਆਬ ਵਿਚ ਆਇਆ ਹਾਂ। ਕਹਿੰਦਾ, "ਆਪੇ ਅਹਾ ਮੁੰਡੇ ਤੈਨੂੰ ਦਸ ਦਿਆ ਕਰਨਗੇ ਜੋ ਤੂੰ ਕੰਮ ਕਰਨਾ।" ਐਡੀਟਰ ਨਿਯੁਕਤ ਹੋਣ ਤੇ ਕੰਮ ਕਰਨ ਦਾ ਅਜਿਹਾ ਢੰਗ ਮੈਨੂੰ ਦਿਲਚਸਪ ਲੱਗਦਾ ਹੈ।

ਮੇਰੇ ਕੋਲ ਰਾਤ ਕਟਣ ਲਈ ਰਿਹਾਇਸ਼ ਨਹੀਂ। ਜ਼ਾਹਿਰ ਹੈ ਮੈਂ ਰਾਤ ਪਰੈੱਸ ਦੀ ਉਪਰਲੀ ਮੰਜ਼ਿਲ ਵਾਲੇ ਵੱਡੇ ਕਮਰੇ ਵਿਚ, ਜਿੱਥੇ ਮੇਜ਼ ਤੇ ਕੁਰਸੀਆਂ ਪਈਆਂ ਤੇ ਜਿਹਨੂੰ ਦਫ਼ਤਰ ਕਿਹਾ ਜਾਂਦਾ, ਫਰਸ਼ ਉੱਤੇ ਅਖਬਾਰਾਂ ਵਿਛਾ ਕੇ ਸੌਂ ਜਾਇਆ ਕਰਾਂਗਾ। ਸਫਰ ਦੌਰਾਨ ਮੈਂ ਆਪਣੇ ਕੋਲ ਹਲਕੀ ਜਿਹੀ ਜੁਲਾਹੇ ਤੋਂ ਤਿਆਰ ਕਰਵਾਈ ਲੋਈ ਰੱਖਦਾ ਹਾਂ। ਉਪਰ ਲੈਣ ਲਈ ਇਹ ਕਾਫੀ ਹੈ। ਲੋਈ ਅਤੇ ਨਿੱਕਾ ਜਿਹਾ ਅਟੈਚੀ ਮੈਂ ਅੰਮ੍ਰਿਤਸਰ ਤੋਂ ਲੁਧਿਆਣੇ ਲਈ ਚਲਣ ਵੇਲੇ ਨਾਲ ਲੈ ਆਇਆ। ਤੁਰਨ ਲੱਗੇ ਮੇਰੇ ਮਨ ਵਿਚ ਪੱਕ ਨਹੀਂ ਸੀ ਕਿੱਥੇ ਜਾਣਾ। ਇਹੀ ਸੀ ਕਿ ਕਿਤੇ ਨਿਕਲ ਜਾਣਾ ਹੈ।

ਗਿਆਨੀ ਜੀ ਜਾਣ ਲਈ ਰਿਕਸ਼ੇ ਵਾਲੇ ਨੂੰ ਆਵਾਜ਼ ਮਾਰਦਾ। ਮੈਂ ਕੋਲ ਜਾ ਕੇ ਆਖਦਾਂ : "ਮੈਨੂੰ ਕੁਝ ਰੁਪਏ ਅਡਵਾਂਸ ਚਾਹੀਦੇ ਨੇ।"

ਗਿਆਨੀ ਜੀ : "ਅਡਵਾਂਸ ਨਾ ਮੰਗੀਂ, ਹੋਰ ਜੋ ਕਹਿਣਾ ਕਹਿ।"

ਮੈਂ : "ਮਹੀਨੇ ਬਾਅਦ ਡੇਢ ਸੌ ਤਨਖਾਹ ਦੀ ਜਗ੍ਹਾ ਹਰ ਰੋਜ਼ ਪੰਜ ਰੁਪਏ ਦੇ ਦਿਆ ਕਰੋ...।"

ਗਿਆਨੀ ਜੀ: "ਉਹੀ ਗੱਲ ਕੀਤੀ ਨਾ ...... ।"

ਉਹ ਕੰਪੋਜ਼ਿਟਰ ਮੁੰਡਿਆਂ ਵਲ ਇਸ਼ਾਰਾ ਕਰਕੇ ਕਹਿਣ ਲੱਗੇ, "ਪਿਛਲੇ ਦੋ ਮਹੀਨੇ ਤੋਂ ਇਨ੍ਹਾਂ ਨੂੰ ਤਨਖਾਹ ਨਹੀਂ ਮਿਲੀ। ਸਰਕਾਰੀ ਇਸ਼ਤਿਹਾਰਾਂ ਦੀਆਂ ਪੇਮੈਂਟਾਂ ਰੁਕੀਆਂ ਹੋਈਆਂ। ਅਖਬਾਰ ਮੈਂ ਕਮਾਈ ਦੀ ਖਾਤਰ ਨਹੀਂ ਕੱਢਦਾ। ਬਾਕੀ ਸਾਰੀ ਗੱਲ ਇਹ ਮੁੰਡੇ ਦਸ ਦੇਣਗੇ।"

ਉਹ ਰਿਕਸ਼ੇ ਵਿਚ ਬੈਠਣ ਲੱਗਿਆਂ ਫਿਰ ਮੇਰੇ ਵਲ ਦੇਖਦੇ ਹਨ। ਮੈਂ ਚੁੱਪ ਖੜਾ ਹਾਂ। ਜੇਬ੍ਹ ਵਿਚੋਂ ਦਸਾਂ ਦਾ ਨੋਟ ਕੱਢ ਮੇਰੇ ਅੱਗੇ ਕਰਦੇ ਹਨ, "ਹੁਣ ਹੋਰ ਨਾ ਮੰਗੀਂ।"

ਪੰਜ ਰੁਪਏ ਰੋਜ਼ ਵਾਲਾ ਫੰਡਾ ਮੈਂ ਗਿਆਨੀ ਜੀ ਅੱਗੇ ਉਸੇ ਤਰ੍ਹਾਂ ਪੇਸ਼ ਕੀਤਾ ਜਿਵੇਂ ਅੱਜ ਤੋਂ ਨੌਂ ਸਾਲ ਪਹਿਲਾਂ ਮੁੰਬਈ ਵਿਚ ਕੀਤਾ ਸੀ। 1956 ਦਾ ਉਹ ਦਿਨ ਯਾਦ ਆਉਂਦਾ ਜਦ ਮੈਂ ਮੁੰਬਈ *ਜੀਵਨ* ਮਾਸਿਕ ਦੇ ਮਾਲਕ/ਐਡੀਟਰ ਜੀਵਨ ਸਿੰਘ ਕੋਲ ਸਿੰਘ ਸਭਾ ਗੁਰਦੁਆਰੇ ਦੇ ਮੈਨੇਜਰ (ਜੋ ਦੂਰੋਂ ਮੇਰੇ ਪਿਤਾ ਦਾ ਰਿਸ਼ਤੇਦਾਰ ਸੀ) ਦੀ ਚਿੱਠੀ ਲੈ ਕੇ ਨੌਕਰੀ ਦੀ ਖਾਤਰ ਪੁੱਜਾ ਸੀ। ਜੀਵਨ ਸਿੰਘ ਨੇ ਮੈਨੂੰ ਕਿਹਾ, "ਪੰਜਾਹ ਰੁਪਏ ਮਹੀਨਾ ਮਿਲੇਗਾ।" ਮੇਰੀ ਜੇਬ੍ਹ ਵਿਚ ਅੱਜ ਵਾਂਗ ਦੋ ਰੁਪਏ ਵੀ ਨਹੀਂ ਸਨ। ਮੈਂ ਉਹਨੂੰ ਕਿਹਾ ਸੀ, "ਤੁਸੀਂ ਮੈਨੂੰ ਹਰ ਰੋਜ਼ ਇਕ ਰੁਪਿਆ ਦਿਆ ਕਰਨਾ, ਜੀਹਦੇ ਨਾਲ ਮੈਂ ਦੋ ਵੇਲੇ ਖਾਣਾ ਖਾ ਲਵਾਂਗਾ; ਹਰ ਐਤਵਾਰ ਮੈਨੂੰ ਪੰਜ ਰੁਪਏ ਦੇਣਾ।" ਉਹ ਮੇਰੇ ਮੂੰਹ ਵਲ ਦੇਖਣ ਲੱਗਾ ਸੀ।

ਗਿਆਨੀ ਜੀ ਤੋਂ ਨੋਟ ਹੱਥ ਵਿਚ ਫੜੀ ਮੈਂ ਕੰਪੋਜ਼ਿਟਰਾਂ ਦੇ ਲਾਗੇ ਪਈ ਕੁਰਸੀ ਉੱਤੇ ਬੈਠ ਜਾਂਦਾ ਹਾਂ। ਕੁਰਸੀ ਦਾ ਬਾਂਹ ਵਾਲਾ ਇਕ ਪਾਸਾ ਟੁੱਟਾ ਹੋਇਆ। ਵੱਡਾ ਕੰਪੋਜ਼ਿਟਰ ਕਹਿੰਦਾ, "ਐਡੀਟਰ ਸਾਹਿਬ, ਸਾਡੀ ਅਖਬਾਰ ਦਾ ਹਾਲ ਇਸ ਕੁਰਸੀ ਵਰਗਾ। ਵੈਸੇ ਗਿਆਨੀ ਮਾੜਾ ਬੰਦਾ ਨਹੀਂ। ਸਰਦਾਰ ਕੈਰੋਂ ਇਹਦੀ ਬੜੀ ਇਜ਼ਤ ਕਰਦਾ ਹੁੰਦਾ ਸੀ।"

ਪਤਾ ਚਲਦਾ ਅਖਬਾਰ ਉਦੋਂ ਹੀ ਛੱਪਦਾ ਜਦੋਂ ਗਿਆਨੀ ਜੀ ਕਾਫ਼ੀ ਸਾਰੇ ਸਰਕਾਰੀ ਇਸ਼ਤਿਹਾਰ ਇਕੱਠੇ ਕਰ ਲੈਂਦਾ। ਸੌ ਕੁ ਕਾਪੀਆਂ ਛਾਪ ਦਿੱਤੀਆਂ ਜਾਂਦੀਆਂ। ਜਿਸ ਦਿਨ ਪਰਚੇ ਨੂੰ ਛਾਪਣਾ ਹੁੰਦਾ, ਜਾਲੰਧਰ ਦੇ ਪੰਜਾਬੀ ਅਖਬਾਰਾਂ ਵਿਚੋਂ ਖਬਰਾਂ ਦਾ ਉਤਾਰਾ ਕਰਕੇ ਮੂਹਰਲੇ ਪੰਨੇ ਦੀਆਂ ਸੁਰਖੀਆਂ ਤਿਆਰ ਕਰ ਦਿੱਤੀਆਂ ਜਾਂਦੀਆਂ। ਬਾਕੀ ਪੰਨੇ ਪੁਰਾਣੇ ਸੈੱਟ ਹੋਏ ਰਹਿਣ ਦਿੱਤੇ ਜਾਂਦੇ ਹਨ। ਇਹ ਮਸੌਦਾ ਕੰਪੋਜ਼ਿਟਰ ਹੀ ਤਿਅਰ ਕਰਦੇ ਹਨ। ਹੁਣ ਇਹ ਕੰਮ ਮੈਂ ਕਰਾਂਗਾ। ਇਸ਼ਤਿਹਾਰਾਂ ਦੇ ਬਿੱਲ ਬਨਾਣ, ਉਨ੍ਹਾਂ ਦਾ ਹਿਸਾਬ ਰੱਖਣ, ਪ੍ਰਾਪਤ ਹੋਏ ਚੈੱਕ ਨੂੰ ਬੈਂਕ ਵਿਚ ਜਮ੍ਹਾਂ ਕਰਵਾਣ ਦਾ ਕੰਮ ਵੀ

ਮੇਰਾ ਹੋਵੇਗਾ।"

ਕੁਝ ਦੇਰ ਬਾਅਦ ਕੰਪੋਜ਼ਿਟਰ ਪਰੂਫ ਲੈ ਕੇ ਆਉਂਦਾ, "ਲਉ ਜੀ, ਐਡੀਟਰ ਸਾਹਿਬ, ਏਹਨੂੰ ਪੜ੍ਹੋ।"

ਫਿਰ ਉਹ ਖੜ ਜਾਂਦਾ। ਕਹਿੰਦਾ, "ਕਿਸਮਤ ਵਾਲੇ ਹੋ, ਆਉਂਦਿਆਂ ਹੀ ਅਡਵਾਂਸ ਮਿਲ ਗਿਆ। ਗਿਆਨੀ ਜੀ ਘਰੋਂ ਦਸ ਰੁਪਏ ਤੋਂ ਵੱਧ ਲੈ ਕੇ ਨਹੀਂ ਨਿਕਲਦੇ।"

ਵੱਡਾ ਕੰਪੋਜ਼ਿਟਰ ਕਹਿੰਦਾ, "ਐਡੀਟਰ ਸਾਹਿਬ, ਇਕ ਗੱਲ ਦਾ ਧਿਆਨ ਰੱਖਣਾ, ਏਥੇ ਕੰਮ ਕਰਨਾ ਤਾਂ ਅਡਵਾਂਸ ਨਹੀਂ ਮੰਗਣਾ। ਬਾਕੀ ਮੌਜ ਐ।" ਫਿਰ ਉਹ ਕਹਿੰਦਾ, "ਕਿਹੜਾ ਅਖਬਾਰ ਰੋਜ਼ ਨਿਕਲਦਾ? ਜਿੱਥੇ ਮਰਜ਼ੀ ਤੁਰੇ ਫਿਰੋ, ਕੋਈ ਨਹੀਂ ਪੁੱਛਦਾ।"

ਨਿੱਕਾ ਕੰਪੋਜ਼ਿਟਰ ਰਾਤ ਨੂੰ ਦਫ਼ਤਰ ਵਿਚ ਸੌਂਦਾ ਹੈ। ਮੈਂ ਸਾਹਮਣੇ ਵਾਲੇ ਢਾਬੇ ਤੋਂ ਰੋਟੀ ਖਾ ਦਫਤਰ ਦੇ ਦੂਸਰੇ ਕੋਨੇ ਵਿਚ ਪੁਰਾਣੀਆਂ ਅਖਬਾਰਾਂ ਵਿਛਾ ਬਿਤਰਾ ਬਣਾ ਲੈਂਦਾ ਹਾਂ। ਅਟੈਚੀ ਵਿਚੋਂ ਕੁਝ ਕਪੜੇ ਕੱਢ ਸਿਰ੍ਹਾਣਾ ਬਣਾ ਘੂਕ ਸੌਂ ਜਾਂਦਾ ਹਾਂ।

•

ਅਪਰੈਲ ਦੀ 28 ਤ੍ਰੀਕ ਹੈ, ਸਾਲ 1965. ਅਗਲੇ ਦਿਨ (ਐਤਵਾਰ) ਸਵੇਰੇ ਮੈਂ ਨਹਾ ਧੋ ਕੇ ਤਿਆਰ ਹੋ ਜਾਨਾਂ। ਖੁੱਲ੍ਹਾ ਡੁੱਲ੍ਹਾ ਮਹਿਸੂਸ ਕਰਦਾਂ। ਨਵਾਂ, ਸਾਫ਼ ਸੁਥਰਾ ਸ਼ਹਿਰ। ਸ਼ੋਰ ਤੋਂ ਮੁਕਤ ਚੰਡੀਗੜ੍ਹ। ਇਸ ਸ਼ਹਿਰ ਵਿਚ ਪੈਰ ਰੱਖਣ ਦੀ ਜਗ੍ਹਾ ਮਿਲ ਗਈ ਹੈ, ਇਹੀ ਬਹੁਤ ਹੈ। ਇਸ ਗੱਲ ਨੇ ਮੇਰੇ ਅੰਦਰ ਨਵੀਂ ਊਰਜਾ ਪੈਦਾ ਕੀਤੀ ਹੈ। ਅੱਜ ਯੂਨੀਵਰਸਟੀ ਬੰਦ ਹੈ। ਫਿਰ ਵੀ ਮੈਂ ਉਸ ਪਾਸੇ ਵਲ ਪੈਦਲ ਤੁਰ ਪੈਨਾਂ।

ਐਮ. ਏ. ਅੰਗਰੇਜ਼ੀ ਵਿਚ ਦਾਖਲਾ ਲੈਣ ਦੀ ਇੱਛਾ ਹੈ, ਪਰ ਦਾਖਲਾ ਲੈ ਸਕਣਾ ਕਿੰਨਾ ਕੁ ਸੰਭਵ ਹੈ, ਇਸ ਤੋਂ ਬੇਖਬਰ ਮੈਂ ਪ੍ਰਸੰਨ-ਚਿੱਤ ਹਾਂ। ਸੋਚਦਾਂ, ਕਦੇ ਤਾਂ ਇਹ ਸੰਭਵ ਹੋ ਸਕਦਾ ਹੈ। ਪੰਜਾਬੀ ਐਮ. ਏ. ਲਈ ਗੁਜ਼ਾਰੇ ਦੋ ਸਾਲ ਬਹੁਤ ਪਿਛਾਂਹ ਰਹਿ ਗਏ ਲੱਗਦੇ ਹਨ। ਚੰਡੀਗੜ੍ਹ ਵਿਚ ਜ਼ਿੰਦਗੀ ਦਾ ਟ੍ਰੈਕ ਨਵੀਂ ਤਰ੍ਹਾਂ ਤਿਆਰ ਹੋ ਸਕਦਾ ਹੈ। ਇਸ ਤਰ੍ਹਾਂ ਦੀ ਮਾਨਸਿਕ ਸਥਿਤੀ ਵਿਚ ਮੈਂ ਸਤਾਰਾਂ ਸੈਕਟਰ ਵਲ ਤੁਰਦਾ ਆ ਰਿਹਾ ਹਾਂ। ਕਿਤੇ ਕੋਈ ਤੁਰਦਾ ਬੰਦਾ ਜਾਂ ਰਿਕਸ਼ਾ ਜਾਂਦਾ ਦਿਖਾਈ ਦੇਂਦਾ ਹੈ। ਅਠਾਰਾਂ ਸੈਕਟਰ ਤੋਂ ਸਤਾਰਾਂ ਵਲ ਨੂੰ ਆਓ ਤਾਂ ਖੱਬੇ ਹੱਥ ਸ਼ੁਰੂ ਵਿਚ ਖੱਬੇ ਪਾਸੇ ਕੁਝ ਚਾਰ ਸ਼ੋਅ ਰੂਮ ਹਨ। ਸੱਜੇ ਵਾਲੇ ਪਾਸੇ ਰੜਾ ਮੈਦਾਨ ਹੈ। ਵਿਚਕਾਰ ਸੜਕ ਹੈ ਜੋ ਅਗਾਂਹ ਸੋਲਾਂ ਸੈਕਟਰ ਵਲ ਜਾਂਦੀ ਹੈ। ਕਾਫੀ ਤੁਰ ਕੇ ਖੱਬੇ ਪਾਸੇ ਨੀਲਮ ਸਿਨੇਮਾ ਵਾਲਾ ਬਲਾੱਕ ਸ਼ੁਰੂ ਹੁੰਦਾ ਹੈ। ਉਸ ਤੋਂ ਉਰ੍ਹਾ ਦੋ ਸ਼ੋਅਰੂਮ ਹਨ। ਇਕ ਸ਼ੋਅਰੂਮ ਬਾਟਾ ਵਾਲਿਆਂ ਦਾ ਹੈ। ਸਿਨੇਮਾ ਤੋਂ ਅਗਾਂਹ ਵਾਲਾ ਹਿੱਸਾ ਅਖੀਰ ਤੱਕ ਬਣਿਆ ਹੋਇਆ ਹੈ। ਨੀਲਮ ਸਿਨੇਮਾ ਤੋਂ ਕੁਝ ਕਦਮ ਅਗਾਂਹ ਇੰਡੀਅਨ ਕਾਫੀ ਹਾਊਸ ਹੈ। ਸੱਜੇ ਦੂਰ ਸਾਹਮਣੇ ਇਕ ਹੋਰ ਸਿਨੇਮਾ ਹੈ, ਜਿਹਦੇ ਬਾਰੇ ਬਾਅਦ ਵਿਚ ਪਤਾ ਲੱਗਣਾ ਇਹਦਾ ਨਾਂ ਜਗਤ ਸਿਨੇਮਾ ਹੈ।

ਸਵੇਰੇ ਗਿਆਰਾਂ ਕੁ ਵੇਲੇ ਦਾ ਸਮਾਂ ਹੈ। ਤੇਜ਼ ਹਵਾ ਚਲਦੀ ਹੈ ਤਾਂ ਮੈਦਾਨ ਦੀ ਮਿੱਟੀ ਉੱਡਦੀ ਹੈ। ਮੈਂ ਹੌਲੇ ਹੌਲੇ ਨੀਲਮ ਸਿਨੇਮਾ ਕੋਲ ਪਹੁੰਚਦਾ ਹਾਂ। ਦੁਪਹਿਰ ਵਾਲੇ ਸਾਢੇ ਗਿਆਰਾਂ ਵਾਲੇ ਸ਼ੋਅ ਦੀਆਂ ਟਿਕਟਾਂ ਮੁੱਕ ਗਈਆਂ ਹਨ। ਟਿਕਟ ਖਿੜਕੀ ਅੱਗੇ ਕੁਝ ਬੰਦੇ ਨਿਰਾਸ਼ ਖੜੇ ਹਨ। ਉਨ੍ਹਾਂ ਵਿਚੋਂ ਕੁਝ ਮੈਦਾਨ ਵਲ ਦੌੜ ਪੈਂਦੇ ਹਨ ਸਾਹਮਣੇ ਵਾਲੇ ਸਿਨੇਮਾ ਹਾਲ ਵਲ। ਸ਼ਾਇਦ ਉੱਥੋਂ ਦੀ ਫਿਲਮ ਦੀਆਂ ਟਿਕਟਾਂ ਅਜੇ ਮਿਲ ਰਹੀਆਂ ਹੋਣ। ਨੀਲਮ ਸਿਨੇਮਾ ਬਾਰੇ ਮੈਨੂੰ ਬਾਅਦ ਵਿਚ ਪਤਾ ਲੱਗਣਾ ਕਿ ਇਹ ਪਰਤਾਪ ਸਿੰਘ ਕੈਰੋਂ ਦੇ ਵੱਡੇ ਪੁਤਰ ਸੁਰਿੰਦਰ ਕੈਰੋਂ ਦੀ ਮਾਲਕੀ ਹੈ। ਸੁਰਿੰਦਰ ਕੈਰੋਂ ਅਤੇ ਉਹਦਾ ਨਿੱਕਾ ਭਰਾ ਗੁਰਿੰਦਰ ਕੈਰੋਂ – ਇਨ੍ਹਾਂ ਬਾਰੇ ਅੰਮ੍ਰਿਤਸਰ ਵਿਚ ਮੈਂ ਕਾਫ਼ੀ ਕੁਝ ਸੁਣਿਆ ਹੈ। ਉੱਥੇ ਸਟੇਸ਼ਨ ਦੇ ਸਾਹਮਣੇ ਪਰਕਾਸ਼ ਸਿਨੇਮਾ ਮੇਰੇ ਸਾਹਮਣੇ ਹੀ ਬਣਿਆ; ਇਹਦੇ ਮਾਲਕ ਵੀ ਕੈਰੋਂ ਦੇ ਫ਼ਰਜੰਦ ਦੱਸੇ ਜਾਂਦੇ ਹਨ। ਉਦੋਂ ਮੁੰਬਈ ਤੋਂ ਨਿਕਲਦੇ ਸਪਤਾਹਿਕ *ਬਲਿਟਜ਼* ਵਿਚ ਸੁਰਖੀ ਛਪੀ ਸੀ – Army officer thrashes Chief Minister's son. ਖਬਰ ਅਨੁਸਾਰ ਫੌਜੀ ਅਫਸਰ ਦੀ ਬੀਵੀ ਨਾਲ ਪਰਕਾਸ਼ ਸਿਨੇਮਾ ਵਿਚ ਬਦਤਮੀਜ਼ੀ ਕੀਤੀ ਗਈ ਸੀ।

ਨੀਲਮ ਸਿਨੇਮਾ ਪਾਰ ਕਰਦਿਆਂ ਮੈਂ ਇੰਡੀਅਨ ਕੌਫੀ ਹਾਊਸ ਦਾ ਬੋਰਡ ਲੱਗਾ ਦੇਖਦਾਂ। ਕੌਫੀ ਹਾਊਸ ਦਾ ਦਰਵਾਜ਼ਾ ਖੋਲ੍ਹ ਕੇ ਅੰਦਰ ਦਾਖਲ ਹੁਨਾਂ ਤਾਂ ਉੱਥੇ ਚੋਖੀ ਗਹਿਮਾ ਗਹਿਮ ਹੈ। ਸਾਹਮਣੇ ਖਾਲ੍ਹੀ ਟੇਬਲ ਤੇ ਮੈਂ ਬੈਠਦਾਂ; ਬੈਰ੍ਹਾ ਪਾਣੀ ਦਾ ਗਿਲਾਸ ਲਿਆ ਕੇ ਮੇਰੇ ਅੱਗੇ ਰੱਖਦਾ। ਮੈਂ ਦੇਖਦਾਂ ਅਗਲੀ ਟੇਬਲ ਅੱਗੇ ਬੈਠਾ ਇਕ ਬੰਦਾ ਝੱਗ ਵਾਲੀ ਠੰਡੀ ਕੌਫੀ ਪੀ ਰਿਹਾ। ਮੈਂ ਬੈਰ੍ਹੇ ਨੂੰ ਪੁੱਛਦਾਂ, "ਇਸ ਕੋਲਡ ਕੌਫੀ ਦੀ ਕੀ ਕੀਮਤ ਹੈ?" ਉਹ ਥੋੜ੍ਹਾ ਹੈਰਾਨ ਹੁੰਦਾ, ਪਰ ਦਸਦਾ, "ਪੈਂਤੀਸ

ਪੈਸੇ।" ਮੈਂ ਉਹਨੂੰ ਲਿਆਨ ਲਈ ਕਹਿਨਾਂ। ਪਹਿਲਾਂ ਮੈਂ ਕਦੇ ਠੰਢੀ ਕੌਫੀ ਨਹੀਂ ਪੀਤੀ। ਇਸ ਵਿਚ ਕਰੀਮ ਹੁੰਦੀ ਹੈ; ਸ਼ੇਕ ਕੀਤਾ ਜਾਂਦਾ ਤਾਂ ਉਪਰ ਝੱਗ ਉਭਰ ਆਉਂਦੀ ਹੈ। ਕੌਫੀ ਪੀ ਕੇ ਮੈਂ ਪ੍ਰਸੰਨ-ਚਿੱਤ ਬਾਹਰ ਨਿਕਲਦਾਂ; ਹੌਲੇ ਹੌਲੇ ਚੌਦਾਂ ਸੈਕਟਰ ਵਲ ਹੋ ਤੁਰਦਾਂ, ਜਿੱਥੇ ਯੂਨੀਵਰਸਟੀ ਹੈ। ਪੰਜਾਬ ਯੂਨੀਵਰਸਟੀ ਲਾਇਬਰੇਰੀ ਦੀ ਨਵੀਂ ਬਣੀ ਇਮਾਰਤ ਦੀ ਤਾਰੀਫ਼ ਮੈਂ ਸੁਣੀ ਹੋਈ ਹੈ। ਇਹਦੇ ਬਾਰੇ ਮੈਂ ਮੁੰਬਈ ਤੋਂ ਨਿਕਲਦੇ ਫਿਲਮੀ ਮੈਗਜ਼ੀਨ *ਫਿਲਮਫੇਅਰ* ਵਿਚ ਵੀ ਮੈਂ ਪਿੱਛੇ ਜਿਹੇ ਪੜ੍ਹਿਆ ਹੈ। ਮੁੰਬਈ ਤੋਂ ਫ਼ਿਲਮ ਅਭਿਨੇਤਾ ਪ੍ਰਿਥਵੀਰਾਜ ਕਪੂਰ ਚੰਡੀਗੜ੍ਹ ਆਉਂਦਾਂ ਤਾਂ ਉਸ ਨੂੰ ਪੰਜਾਬ ਯੂਨੀਵਰਸਟੀ ਕੈਂਪਸ ਦਿਖਾਣ ਲਿਆਂਦਾ ਜਾਂਦਾ। ਲਾਇਬਰੇਰੀ ਦੇ ਵੱਡੇ ਰੀਡਿੰਗ ਹਾਲ ਵਿਚ ਉਹ ਦਾਖਲ ਹੁੰਦਾ। ਦੀਵਾਰ ਸ਼ੀਸ਼ੇ ਦੀ ਬਣੀ ਹੋਈ ਹੈ; ਰੀਡਿੰਗ ਰੂਮ ਵਿਚ ਬੈਠਿਆਂ ਸੱਜੇ ਪਾਸੇ ਸ਼ਿਵਾਲਿਕ ਦੀਆਂ ਪਹਾੜੀਆਂ ਦਾ ਸੁੰਦਰ ਨਜ਼ਾਰਾ ਦੇਖ ਉਹ ਕਹਿੰਦਾ, "ਏਨਾ ਸੁੰਦਰ ਨਜ਼ਾਰਾ ਦੇਖਣ ਤੋਂ ਕੋਈ ਰਹਿ ਨਹੀਂ ਸਕਦਾ। ਵਿਦਿਆਰਥੀ ਏਥੇ ਬੈਠ ਕੇ ਪੜ੍ਹਦੇ ਕਿਵੇਂ ਹੋਣਗੇ? ਬੰਦੇ ਦੀਆਂ ਨਜ਼ਰਾਂ ਤਾਂ ਇਸ ਰਮਣੀਕ ਨਜ਼ਾਰੇ ਉੱਤੇ ਹੀ ਟਿਕ ਜਾਂਦੀਆਂ।"

ਹੋਰ ਵੀਹ ਕੁ ਮਿੰਟਾਂ ਬਾਅਦ ਮੈਂ ਪੰਦਰਾਂ ਸੈਕਟਰ ਦੇ ਵਿਚਾਲੇ ਦੀ ਸੜਕ ਪਾਰ ਕਰਦਾ ਚੌਦਾਂ ਸੈਕਟਰ ਵਲ ਵਧਦਾਂ ਤਾਂ ਸਾਹਮਣੇ ਇੱਟਾਂ ਦੀਆਂ ਦੋ ਇਮਾਰਤਾਂ ਦਿਸਦੀਆਂ ਹਨ। ਅੱਗੇ ਜਾ ਕੇ ਪਤਾ ਚਲਦਾ ਇਹ ਕੁੜੀਆਂ ਦੇ ਹੋਸਟਲ ਹਨ। ਲਾਇਬਰੇਰੀ ਦਾ ਰਸਤਾ ਪੁੱਛਦਾ ਮੈਂ ਟਿਕਾਣੇ ਤੇ ਪਹੁੰਚ ਜਾਂਦਾ ਹਾਂ। ਬਹੁਤ ਵੱਡੀ ਚਾਰ ਮੰਜ਼ਲੀ ਇਮਾਰਤ ਦੇ ਬਾਹਰ ਲਾਲ ਪੱਥਰ ਹਨ। ਇਹਦੇ ਗੇਟ ਕੋਲ ਪਹੁੰਚ ਕੇ ਮੈਂ ਖੱਬੇ ਪਾਸੇ ਲੱਗੇ ਪੱਥਰ ਉੱਤੇ ਇਹਦੇ ਉਦਘਾਟਨ ਦਾ ਦਿਨ ਲਿਖਿਆ ਹੋਇਆ ਜੋ ਪ੍ਰਧਾਨ ਮੰਤਰੀ ਪੰਡਿਤ ਜਵਾਹਰਲਾਲ ਨਹਿਰੂ ਨੇ ਕੀਤਾ। ਐਤਵਾਰ ਹੋਣ ਕਰਕੇ ਲਾਇਬਰੇਰੀ ਕੁਝ ਮਿੰਟ ਪਹਿਲਾਂ (ਬਾਰਾਂ ਵਜੇ) ਹੀ ਖੁੱਲ੍ਹੀ ਹੈ। ਮੈਂ ਪਹਿਲੀ ਮੰਜ਼ਿਲ ਵਾਲੇ ਸ਼ੀਸ਼ੇ ਦੀ ਦੀਵਾਰ ਵਾਲੇ ਰੀਡਿੰਗ ਰੂਮ ਵਲ ਵਧਦਾਂ ਜਿਸ ਦਾ ਜ਼ਿਕਰ *ਫ਼ਿਲਮਫੇਅਰ* ਮੈਗਜ਼ੀਨ ਵਿਚ ਹੈ। ਸਿਵਾਏ ਲਾਇਬਰੇਰੀ ਸਟਾਫ ਦੇ ਉੱਥੇ ਇਕ ਅੱਧ ਵਿਦਿਆਰਥੀ ਹੀ ਬੈਠਾ ਹੈ। ਏਨਾ ਵੱਡਾ ਰੀਡਿੰਗ ਹਾਲ ਤੇ ਸੁੰਦਰ ਕੁਰਸੀਆਂ ਮੇਜ਼, ਦੋ ਪਾਸੇ ਬੈਠਣ ਲਈ ਕੁਰਸੀਆਂ ਵਿਚਾਲੇ ਸ਼ੇਡ ਵਾਲੀ ਟਿਊਬ ਲਾਈਟ। ਸਾਹਮਣੇ ਸ਼ੀਸ਼ੇ ਦੀ ਦੀਵਾਰ। ਦੀਵਾਰ ਤੋਂ ਪਾਰ ਦੂਰ ਤੱਕ ਫੈਲਿਆ ਪਹਾੜੀ ਇਲਾਕਾ। ਸੱਜੇ ਖੱਬੇ ਉੱਚੇ ਜੈਤੂਨੀ ਰੰਗ ਦੇ ਰੈਕਾਂ ਵਿਚ ਤਰਤੀਬ ਨਾਲ ਸਜੀਆਂ ਸੈਂਕੜੇ ਕਿਤਾਬਾਂ। ਰੈਕਾਂ ਵਾਲੇ ਪਾਸੇ ਪੌੜੀਆਂ ਚੜ੍ਹ ਕੇ ਉਪਰਲੀ ਛੱਤ ਉੱਤੇ ਫਿਰ ਦਰਜਨਾਂ ਰੈਕਾਂ ਵਿਚ ਟਿਕੀਆਂ ਅਨੇਕ ਮਜ਼ਮੂਨਾਂ ਦੀਆਂ ਕਿਤਾਬਾਂ ਹੀ ਕਿਤਾਬਾਂ। ਦੂਜੇ ਪਾਸੇ ਰੈਕਾਂ ਵਿਚ ਰੈਫਰੰਸ ਕਿਤਾਬਾਂ, ਅੰਤਹੀਣ ਡਿਕਸ਼ਨਰੀਆਂ। ਅਦਭੁਤ ਨਜ਼ਾਰਾ! ਜਿਵੇਂ ਕਿਸੇ ਜਾਦੂ ਨਗਰੀ ਵਿਚ ਦਾਖਲ ਹੋ ਗਿਆ ਹੋਵਾਂ।

ਬਿਨਾਂ ਸਾਹ ਲਿਆਂ ਮੈਂ ਚੁਪੀਤੇ ਐਲਾਨ ਕਰਦਾਂ : ਮੈਨੂੰ ਆਪਣੀ ਮੰਜ਼ਿਲ ਤੱਕ ਪਹੁੰਚਣ ਤੋਂ ਕੋਈ ਨਹੀਂ ਰੋਕ ਸਕਦਾ। ਮੈਂ ਇਸੇ ਯੂਨੀਵਰਸਟੀ ਦੀ ਲਾਇਬਰੇਰੀ ਵਿਚ ਆਪਣਾ ਜੀਵਨ ਗੁਜ਼ਾਰ ਦਿਆਂਗਾ। ਅਜੇ ਤੱਕ ਮੈਨੂੰ ਪਤਾ ਨਹੀਂ ਸੀ ਮੇਰਾ ਭਵਿੱਖ ਕੀ ਹੈ। ਮੇਰਾ ਭਵਿੱਖ ਇਹ ਲਾਇਬਰੇਰੀ ਹੈ।

ਆਪਣੇ ਉੱਤੇ ਹੋਏ ਇਸ ਜਾਦੂ ਅਸਰ ਨਾਲ ਦੋਚਾਰ ਹੋਣ ਲਈ ਮੈਂ ਰੀਡਿੰਗ ਟੇਬਲ ਦੀ ਇਕ ਕੁਰਸੀ ਤੇ ਬੈਠ ਬਾਹਰ ਦੇਖਣ ਲੱਗਦਾਂ। ਪੰਦਰਾਂ ਕੁ ਮਿੰਟ ਚੁੱਪ ਬੈਠਾ ਰਹਿਨਾਂ। ਫਿਰ ਹੌਲੇ ਹੌਲੇ ਪੌੜੀਆਂ ਉਤਰਦਾਂ। ਬਾਹਰ ਵਲ ਨੂੰ ਵਧਦਾਂ ਤਾਂ ਖੱਬੇ ਹੱਥ ਇਕ ਕਮਰੇ ਦੇ ਬਾਹਰ "ਪਿਰਿਓਡੀਕਲ ਸੈਕਸ਼ਨ" ਲਿਖਿਆ ਹੋਇਆ। ਮੈਂ ਉਸ ਅੰਦਰ ਜਾ ਵੜਦਾਂ। ਅੰਦਰ ਰਿਸਾਲਿਆਂ ਲਈ ਖਾਸ ਤੌਰ ਉੱਤੇ ਬਣੇ ਡਿਸਪਲੇ ਰੈਕ ਹਨ। ਨਵੇਂ ਆਏ ਅੰਕ ਟਿਕਾਏ ਹੋਏ ਹਨ। ਰੈਕ ਦੇ ਅੰਦਰ ਪੁਰਾਣੇ ਅੰਕ ਪਏ ਹਨ। ਮੈਂ ਅਜਿਹੀ ਲਾਇਬਰੇਰੀ ਮੁੰਬਈ ਵੀ ਨਹੀਂ ਦੇਖੀ, ਨਾ ਅੰਮ੍ਰਿਤਸਰ ਵਿਚ ਮੋਤੀਲਾਲ ਨਹਿਰੂ ਲਾਇਬਰੇਰੀ ਅਜਿਹੀ ਹੈ। ਨਾ ਖਾਲਸਾ ਕਾਲਜ ਦੀ ਲਾਇਬਰੇਰੀ।

ਕੋਈ ਦੋ ਘੰਟੇ ਤਕ ਮੈਂ ਦੇਸ਼ ਬਦੇਸ਼ ਦੇ ਨਵੇਂ ਆਏ ਮੈਗਜ਼ੀਨ ਦੇਖਦਾ/ਫਰੋਲਦਾ ਹਾਂ। ਐਤਵਾਰ ਦੀ ਛੁੱਟੀ ਹੋਣ ਕਰਕੇ, ਅਤੇ ਇਮਤਿਹਾਨ ਪਿੱਛੇ ਜਿਹੇ ਹੀ ਖਤਮ ਹੋਣ ਕਰਕੇ, ਇਸ ਸੈਕਸ਼ਨ ਵਿਚ, ਮੇਰੇ ਤੋਂ ਸਿਵਾ ਦੋ ਤਿੰਨ ਹੋਰ ਬੰਦੇ ਹਨ। ਸਾਹਮਣੇ ਵੱਡੇ ਮੇਜ਼ ਪਿੱਛੇ ਸਟਾਫ ਦਾ ਮੈਂਬਰ ਹੈ। ਕੋਈ ਰੋਕ ਟੋਕ ਨਹੀਂ। ਲਾਇਬਰੇਰੀ ਦਾ ਸਟਾਫ ਮੈਨੂੰ ਯੂਨੀਵਰਸਟੀ ਦਾ ਵਿਦਿਆਰਥੀ ਸਮਝਦਾ ਹੈ। ਸਭ ਪਾਸੇ ਚੁੱਪ ਹੈ। ਮੇਰੇ ਲਈ ਇਹ ਥਾਂ ਸਵਰਗ ਹੈ।

ਲਾਇਬਰੇਰੀ ਤੋਂ ਬਾਹਰ ਨਿਕਲਦਾਂ ਤਾਂ ਮੈ ਪਹਿਲਾਂ ਵਾਲਾ ਗੁਰਬਚਨ ਨਹੀਂ ਰਹਿੰਦਾ। ਕਿਸੇ ਬਿਜਲਈ ਸ਼ਕਤੀ ਨਾਲ ਮੇਰਾ ਕਾਇਆ ਕਲਪ ਹੋ ਚੁੱਕਾ ਹੈ। ਮੇਰੇ ਮੂੰਹੋਂ ਨਿਕਲਦਾ : ਹੁਣ ਮੈਂ ਨਹੀਂ ਲਈਦਾ। ❂

E-mail : guru534@gmail.com • Mob : 98725-06926



# ਦਮੋਦਰ ਅਤੇ ਮੁਕਬਲ

## ਤੇਜਵੰਤ ਸਿੰਘ ਗਿੱਲ

ਕਿੱਸਾ, ਨਾਟਕ, ਕਾਵਿ-ਨਾਟ, ਸੰਗੀਤ-ਨਾਟ ਅਤੇ ਨਾਚ-ਨਾਟ ਆਦਿ ਵਜੋਂ ਹੀਰ-ਰਾਂਝਾ ਦੀ ਪ੍ਰੇਮ-ਕਥਾ ਬਾਰੇ ਰਚੀਆਂ ਕਿਰਤਾਂ ਦੀ ਗਿਣਤੀ ਪੰਜਾਹ ਤੋਂ ਵੱਧ ਹੈ। ਇਹ ਸਰਲ ਜਿਹਾ ਅਨੁਮਾਨ ਹੈ ਜਿਸ ਵਿਚ ਸ਼ਾਹ ਹੁਸੈਨ, ਬੁੱਲੇ ਸ਼ਾਹ ਅਤੇ ਹੋਰ ਸੂਫ਼ੀ ਸ਼ਾਇਰਾਂ ਦੀਆਂ ਕਾਫ਼ੀਆਂ ਆਦਿ ਨੂੰ ਸ਼ਾਮਿਲ ਨਹੀਂ ਸਮਝਿਆ ਗਿਆ। ਪਿਛਲੇ ਢਾਈ ਸੌ ਸਾਲਾਂ ਦੌਰਾਨ ਜੋ ਮਹਿਮਾ ਇਨ੍ਹਾਂ ਵਿਚ ਸਭ ਤੋਂ ਮਾਰਮਿਕ ਮੰਨੇ ਜਾਂਦੇ ਕਿੱਸੇ **ਹੀਰ ਵਾਰਿਸ ਸ਼ਾਹ** ਦੇ ਹਿੱਸੇ ਆਈ ਹੈ, ਉਸ ਦਾ ਅਨੁਮਾਨ ਅਸੰਭਵ ਨਹੀਂ ਤਾਂ ਕਠਿਨ ਜ਼ਰੂਰ ਹੈ। ਜੇ ਨਿਰੋਲ ਕਿੱਸਿਆਂ ਦੀ ਗੱਲ ਕੀਤੀ ਜਾਵੇ ਤਾਂ ਇਸ ਤੋਂ ਪਹਿਲਾਂ ਦੋ ਕਿਰਤਾਂ **ਹੀਰ ਦਮੋਦਰ** ਅਤੇ **ਹੀਰ ਮੁਕਬਲ** ਲਿਖੀਆਂ ਜਾ ਚੁੱਕੀਆਂ ਸਨ। ਦੋਨਾਂ ਦਾ ਸਾਹਿਤਕ ਮਹੱਤਵ ਵੀ ਚੋਖਾ ਪ੍ਰਤੀਤ ਹੁੰਦਾ ਹੈ। ਕੀ ਕਾਰਨ ਹੈ ਕਿ ਉਨ੍ਹਾਂ ਦੋਨਾਂ ਕਿਰਤਾਂ ਨੂੰ ਪੰਜਾਬ ਵਾਸੀਆਂ ਦੇ ਮਨਾਂ ਵਿਚ ਸਮਾਉਣ ਅਤੇ ਲਬਾਂ ਤੋਂ ਟਪਕਣ ਦਾ ਉਹ ਅਵਸਰ ਨਹੀਂ ਮਿਲਿਆ ਜੋ **ਹੀਰ ਵਾਰਿਸ ਸ਼ਾਹ** ਦੇ ਹਿੱਸੇ ਆਇਆ ?

ਉਨ੍ਹੀਵੀਂ ਸਦੀ ਦੇ ਅੰਤ ਤਕ ਤਾਂ ਸਮਝਿਆ ਗਿਆ ਕਿ ਏਸ ਭੇਦ ਦੇ ਕਾਰਨ ਸਹਿਜੇ ਹੀ ਸਮਝ ਵਿਚ ਆਉਣ ਵਾਲੇ ਸਨ। **ਹੀਰ ਵਾਰਿਸ ਸ਼ਾਹ** ਵਿਚ ਪੰਜਾਬੀ ਜੀਵਨ ਦੀ ਤਸਵੀਰ ਜਿਸ ਰੌਚਿਕਤਾ, ਵਿਸ਼ਾਲਤਾ ਅਤੇ ਸੰਵੇਦਨਾ ਨਾਲ ਚਿਤਰੀ ਗਈ ਹੈ, ਉਸ ਦਾ ਪਹਿਲੀਆਂ ਦੋਨਾਂ ਕਿਰਤਾਂ ਵਿਚ ਅਭਾਵ ਸੀ। ਇਸ ਖ਼ਾਤਰ ਕਾਵਿ-ਭਾਸ਼ਾ ਦਾ ਜਿਸ ਤਾਜ਼ਗੀ, ਬਹੁਲਤਾ ਅਤੇ ਭਰਪੂਰਤਾ ਦਾ ਭਾਗੀ ਹੋਣਾ ਚਾਹੀਦਾ ਸੀ ਉਸ ਦੀ ਵੀ ਕੋਈ ਘਾਟ ਨਹੀਂ ਸੀ। ਜੋ ਚੁਹਲ-ਮੁਹਲ ਪੰਜਾਬ ਵਾਸੀਆਂ ਲਈ ਮਨਭਾਉਂਦੇ ਸਨ, ਵਾਸਤਵਿਕ ਜੀਵਨ ਵਿਚ ਜਿਨ੍ਹਾਂ ਲਈ ਤਰਸੇਵਾਂ ਹੀ ਉਨ੍ਹਾਂ ਦੇ ਭਾਗਾਂ ਵਿਚ ਲਿਖਿਆ ਹੋਇਆ ਸੀ, ਉਹ ਪੂਰੀ ਨਿਸ਼ੰਗਤਾ ਨਾਲ ਪੇਸ਼ ਸੀ। ਵਾਸਤਵ ਵਿਚ ਇਹ ਮੰਨਣਾ ਔਖਾ ਲੱਗਦਾ ਹੈ ਕਿ ਇਨ੍ਹਾਂ ਰਾਵਾਂ ਨੇ ਹੀ **ਹੀਰ ਵਾਰਿਸ ਸ਼ਾਹ** ਨੂੰ ਉਪਰੋਕਤ ਮਹਿਮਾ ਦਾ ਹੱਕਦਾਰ ਬਣਾ ਦਿੱਤਾ। ਕੋਈ ਹੋਰ ਵੀ ਕਾਰਨ ਹੋਣਾ ਹੈ ਜਿਸ ਨੇ ਮਿਸਾਲ ਵਜੋਂ ਅੰਮ੍ਰਿਤਾ ਪ੍ਰੀਤਮ ਨੂੰ ਇਹ ਮੰਨਣ 'ਤੇ ਮਜ਼ਬੂਰ ਕਰ ਦਿੱਤਾ ਕਿ ਇਸ ਕਿਰਤ ਦੇ ਲਿਖੇ ਜਾਣ ਤੋਂ ਦੋ ਸੌ

ਸਾਲ ਬਾਅਦ ਜੋ ਉਪੱਦਰ ਪੰਜਾਬ ਵਾਸੀਆਂ ਨੂੰ ਸਹਿਣਾ ਪਿਆ, ਉਸ ਦੀ ਪ੍ਰਤੀਤ ਵਾਰਿਸ ਸ਼ਾਹ ਦੀ ਕਲਮ ਤੋਂ ਹੀ ਸੰਭਵ ਹੋ ਸਕਦੀ ਸੀ। ਠੀਕ ਹੈ, ਸਾਡੀ ਲੋਕਪ੍ਰਿਯ ਕਵਿੱਤਰੀ ਦੀ ਇਹ ਕਾਲਪਨਿਕ ਗ ਸੀ ਜੋ ਅੱਜ ਤਕ ਵਿਰਾਗ ਅਤੇ ਵਿਰਲਾਪ ਦਾ ਕਾਰਨ ਬਣੀ ਹੋਈ ਹੈ।

ਪਰ ਇਸ ਵਾਸਤਵਿਕ ਲਗਨ ਦਾ ਪ੍ਰਮਾਣ ਸੰਤ ਸਿੰਘ ਸੇਖੋਂ ਨੇ ਪੇਸ਼ ਕੀਤਾ, ਉਸ ਵੱਲ ਵੀ ਏਥੇ ਸੰਕੇਤ ਕਰਨਾ ਲਾਜ਼ਮੀ ਹੋ ਜਾਂਦਾ ਹੈ। ਪਹਿਲੀ ਵਾਰ ਸੀ ਕਿ **ਹੀਰ ਵਾਰਿਸ ਸ਼ਾਹ** ਦੇ ਸਾਹਿਤਕ ਮਹੱਤਵ ਦੇ ਨਾਲ ਉਸ ਦੇ ਇਤਿਹਾਸਕ ਮੁੱਲ ਬਾਰੇ ਲੇਖ ਸਾਹਮਣੇ ਆਏ ਜਿਹੜੇ ਉਨ੍ਹੀਵੀਂ ਸਦੀ ਦੇ ਅੰਤ ਅਤੇ ਉਸ ਤੋਂ ਮਗਰੋਂ ਦੇ ਦੌਰ ਵਿਚ ਦੁਹਰਾਈ ਜਾਂਦੀ ਮਹਿਮਾ ਤੋਂ ਪਾਰ ਜਾਂਦੇ ਸਨ। ਬਾਅਦ ਵਿਚ ਇਸ ਰੌਂ ਵਿਚ ਲਿਖੇ ਜਾਣ ਵਾਲੇ ਲੇਖਾਂ ਵਿਚ ਵਾਧਾ ਹੁੰਦਾ ਗਿਆ ਪਰੰਤੂ ਇਨ੍ਹਾਂ ਦੇ ਮੁੱਢ ਬੰਨ੍ਹਣ ਦਾ ਸਿਹਰਾ ਸੇਖੋਂ ਨੂੰ ਹੀ ਜਾਂਦਾ ਸੀ। ਦੂਜੇ ਉਸ ਨੇ ਇਸ ਸ਼ਾਹਕਾਰ ਦੇ ਪੰਜਾਬੀ ਪਾਠ ਦਾ ਸੰਪਾਦਨ ਕੀਤਾ ਜਿਸ ਨੇ 'ਸਭ ਤੋਂ ਲੰਮੀ ਤੇ ਵੱਡੀ ਹੀਰ' ਦੇ ਨਾਂ ਹੇਠ ਜੋ ਅਯੋਗ ਵਾਧਾ ਹੋ ਚੁੱਕਾ ਸੀ, ਉਸ ਨੂੰ ਨਕਾਰ ਦਿੱਤਾ। ਅੰਗਰੇਜ਼ੀ ਅਤੇ ਉਰਦੂ ਵਿਚ ਉਸ ਨੇ ਇਸ ਦਾ ਅਨੁਵਾਦ ਕੀਤਾ ਜਿਸ ਦੀ ਬਦੌਲਤ ਇਸ ਦੇ ਪਾਠਕਾਂ, ਪਰਖਕਾਰਾਂ ਅਤੇ ਪਾਰਖੂਆਂ ਦਾ ਘੇਰਾ ਹੋਰ ਵੀ ਵਧ ਗਿਆ। ਵਾਰਿਸ ਸ਼ਾਹ ਦੇ ਜੀਵਨ ਤੇ ਉਸ ਨੇ 'ਵਾਰਿਸ' ਨਾਮੀਂ ਨਾਟਕ ਵੀ ਲਿਖਿਆ ਜਿਸ ਦੇ ਪਾਠ ਤੋਂ ਇਹ ਅਨੁਮਾਨ ਲਾਉਣਾ ਸੰਭਵ ਹੋ ਗਿਆ ਕਿ ਇਹ ਸ਼ਾਹਕਾਰ ਐਨੇ ਮਹੱਤਵ ਅਤੇ ਮੁੱਲ ਦਾ ਹੱਕਦਾਰ ਕਿਵੇਂ ਬਣ ਗਿਆ। ਝੰਗ ਦੀ ਉਪਭਾਖਾ ਵਿਚ ਉਸ ਨੇ **ਸਿਆਲਾਂ ਦੀ ਨੱਢੀ** ਨਾਮੀਂ ਨਾਟਕ ਲਿਖਣਾ ਵੀ ਯੋਗ ਸਮਝਿਆ ਜਿਸ ਤੋਂ ਦਮੋਦਰ ਅਤੇ ਮੁਕਬਲ ਦੀਆਂ ਕਿਰਤਾਂ ਵਿਚ ਜਿਵੇਂ ਹੀਰ-ਰਾਂਝਾ ਦੇ ਪ੍ਰੇਮ ਨੂੰ ਪੇਸ਼ ਕੀਤਾ ਗਿਆ ਉਸ ਦਾ ਪੰਜਾਬ ਵਾਸੀਆਂ ਦੇ ਮਨਾਂ ਵਿਚ ਵੱਸਣਾ ਅਤੇ ਲਬਾਂ ਤੋਂ ਟਪਕਣਾ ਕਿਉਂ ਸੁਭਾਵਕ ਨਹੀਂ ਸੀ। ਨਾਟਕ ਵਿਚ ਇਸ ਨੂੰ ਚਿਰਾਤਨ ਦਾ ਯਤਨ ਸੀ।

**ਹੀਰ ਦਮੋਦਰ** ਬਾਰੇ ਪਹਿਲੀ ਗੱਲ ਮਨ ਵਿਚ ਰੱਖਣ ਵਾਲੀ ਇਹ ਹੈ ਕਿ ਪੰਜਾਬੀ ਵਿਚ ਕਿੱਸਾ ਕਾਵਿ ਦਾ ਮੁੱਢ ਇਸੇ ਕਿਰਤ ਨਾਲ ਬੱਝਦਾ ਹੈ। ਨਾਲ ਹੀ ਦਮੋਦਰ ਦਾ ਇਹ ਦਾਅਵਾ ਵੀ ਹੈ ਕਿ ਹੀਰ ਰਾਂਝਾ ਦੇ ਜੀਵਨ ਵਿਚ ਜੋ ਕੁਝ ਵਾਪਰਿਆ, ਉਸ ਦਾ ਉਹ ਚਸ਼ਮਦੀਦ ਗਵਾਹ ਸੀ। ਸੋ ਕਿੱਸੇ ਵਿਚਾਲੇ ਬਿਰਤਾਂਤ ਨੂੰ ਵਿਉਂਤਣ ਵੇਲੇ ਉਸ ਨੇ ਅਜੇਹੀਆਂ ਘਟਨਾਵਾਂ ਨੂੰ ਸ਼ਾਮਿਲ ਕਰਨਾ ਬਿਹਤਰ ਸਮਝਿਆ ਜੋ ਉਸ ਨੇ ਖ਼ੁਦ ਆਪਣੀਆਂ ਅੱਖਾਂ ਨਾਲ ਦੇਖੀਆਂ ਸਨ। ਇਸ ਖ਼ਾਤਰ ਉਸ ਨੇ ਸੁਵਿਧਾ ਅਤੇ ਆਪਣੇ ਸੁਭਾਅ ਨੂੰ ਮੁੱਖ ਰੱਖਿਆ ਤਾਂ ਜੋ ਇਸ ਬਾਰੇ ਕਿਸੇ ਨੂੰ ਸ਼ੱਕ ਨਾ ਹੋਵੇ, ਉਸ ਨੇ ਆਪਣੇ ਕਾਵਿਕ ਗੁਣ ਬਾਰੇ ਕੁਝ ਨਾਂਹ ਕਹਿਣਾ ਹੀ ਬਿਹਤਰ ਸਮਝਿਆ :

*ਅੱਖੀਂ ਡਿੱਠਾ ਕਿੱਸਾ ਕੀਤਾ ਮੈਂ ਤਾਂ ਗਣੀ ਨਾ ਕੋਈ।*

... ... ... ...

*ਅਸਾਂ ਮੂੰਹੋਂ ਅਲਾਇਆ ਉਹੀ ਜੋ ਕੁਝ ਨਜ਼ਰ ਪਿਉ ਈ।*

ਕਿਸੇ ਨੂੰ ਸਮਾਪਤ ਕਰਨ ਮੌਕੇ ਵੀ ਉਸ ਨੇ ਇਹੋ ਪ੍ਰਣ ਪੁਗਾਇਆ ਸੀ। ਨਹੀਂ ਤਾਂ ਅੰਤ 'ਤੇ ਹੀਰ ਰਾਂਝਾ ਦੇ ਲੰਮੀ ਤਰਫ਼ ਸਾਧਣ ਵੇਲੇ ਉਹ ਇਹ ਦਾਅਵਾ ਕਿਵੇਂ ਕਰ ਸਕਦਾ ਸੀ ?

*ਆਖ ਦਮੋਦਰ ਮੈਂ ਆਖੀਂ ਡਿਠਾ ਜੋ ਲੰਮੀ ਤਰਫ਼ ਸਿਧਾਏ*
*ਜੋ ਕੋਹ ਤ੍ਰੈ ਗਏ ਅਗੇਰੇ ਅਸੀਂ ਵੀ ਨਾਲੇ ਆਹੇ।*
*ਨਾਮ ਦਮੋਦਰ ਜਾਤ ਗੁਲਾਟੀ ਡਿਠਾ ਸੋ ਲਿਖਿਓ ਈ।*

ਆਰੰਭ ਅਤੇ ਅੰਤ ਵਿਚਕਾਰ ਜਿਸ ਕਿਸੇ ਪੁਲ ਕੋਈ ਦੁਸ਼ਵਾਰੀ ਵਾਪਰਦੀ ਹੈ ਜਾਂ ਪਾਤਰਾਂ ਵਿਚਕਾਰ ਕੋਈ ਘਟਨਾ ਘਟਦੀ ਹੈ, ਉਲਝਣ ਪੈਦਾ ਹੁੰਦੀ ਹੈ ਤਾਂ ਸੁਤੇ-ਸਿੱਧ ਉਹ ਉਥੇ ਆਪਣੇ ਆਪ ਨੂੰ ਹਾਜ਼ਰ ਪਾਉਂਦਾ ਹੈ। ਕਈ ਵਾਰ ਤਾਂ ਉਹ ਹਾਜ਼ਰ ਹੋਣ ਦਾ ਕਾਰਨ ਵੀ ਦੱਸ ਦਿੰਦਾ ਹੈ। ਰਾਂਝੇ ਦੇ ਤਖ਼ਤ ਹਜ਼ਾਰੇ ਤੋਂ ਚੱਲਣ ਵੇਲੇ ਉਹ ਇਸ ਕਾਰਨ ਉਥੇ ਹਾਜ਼ਰ ਸੀ ਕਿਉਂਕਿ ਉਸ ਨੇ ਰਾਂਝੇ ਦੇ ਹੁਸਨ ਦੀ ਤਾਰੀਫ਼ ਸੁਣ ਰੱਖੀ ਸੀ। "ਸੁਣ ਦਮੋਦਰ ਸਿਰਫ਼ ਧੀਦੋ ਦੀ।" ਵਾਲੀ ਮਜਬੂਰੀ ਵਸ ਉਸ ਦਾ ਰਾਂਝੇ ਦੇ ਨਾਲ ਝੰਗ ਸਿਆਲ ਜਾਣਾ ਵੀ ਜ਼ਰੂਰੀ ਸੀ। ਝੰਗ ਸਿਆਲ ਉਸ ਦਾ ਵਸੇਵਾ ਸੀ ਜਿਸ ਕਾਰਨ ਜੋ ਪਹਿਲਾ ਦਿਲਗੀਰੀ ਉਸ ਦੇ ਪੱਲੇ ਪਈ ਸੀ, ਉਸ ਤੋਂ ਉਸ ਦਾ ਖਹਿੜਾ ਛੁੱਟ ਗਿਆ ਸੀ।

*ਚੂਚਕ ਬਹੁੰ ਦਿਲਾਸਾ ਦਿੱਤਾ ਤਾ ਦਿਲਗੀਰੀ ਲਾਹੀ*
*ਆਖ ਦਮੋਦਰ ਪਇਲਾਸਾ, ਹੱਟੀ ਉਥੇ ਪਾਈ।*

ਇਸ ਤਰ੍ਹਾਂ ਦੇ ਸਥਾਨਕ ਵੇਰਵੇ ਦੇ ਸੰਗ ਸਮੇਂ ਦਾ ਸੰਕੇਤ ਵੀ ਹੈ ਜਿਸ ਮੁਤਾਬਕ ਇਹ ਕਿੱਸਾ ਉਸ ਨੇ ਅਕਬਰ ਬਾਦਸ਼ਾਹ ਦੇ ਰਾਜਕਾਲ ਦੌਰਾਨ ਲਿਖਿਆ। "ਪਾਤਸ਼ਾਹੀ ਜੋ ਅਕਬਰ ਸੰਦੀ ਹੀਲ ਨਾ ਹੁੱਜਤ ਕਾਈ" ਸਮੇਤ "ਕਿਸ ਨੂੰ ਆਖਾਂ ਤੁਸੀਂ

ਸੁਣਾਈ ਕਿਛ ਅਕਬਰ ਮੈਥੋਂ ਧਾਇਆ'' ਆਦਿ ਸੰਕੇਤ ਇਸ ਦੇ ਰਚਨਾ ਕਾਲ ਦੀ ਪੁਸ਼ਟੀ ਕਰ ਦਿੰਦੇ ਹਨ।

ਇਹ ਦੋ ਸੰਕੇਤਾਂ ਦੇ ਆਧਾਰ 'ਤੇ ਕਿੱਸੇ ਦੀ ਜੋ ਵਿਵੇਸ਼ਤਾ ਹੈ ਉਸ ਨੂੰ ਪੇਸ਼ ਕਰਨ ਵਿਚ ਸੌਖ ਬਣ ਜਾਂਦੀ ਹੈ। ਨਾਲ ਹੀ ਉਸ ਔਖ ਨੂੰ ਚਿਤਾਰਣਾ ਵੀ ਸੁਭਾਵਕ ਲੱਗਣ ਲੱਗ ਪੈਂਦਾ ਹੈ ਜਿਸ ਨੇ ਇਸ ਕਿੱਸੇ ਦੇ ਪਾਠ ਨੂੰ ਪੰਜਾਬ ਵਾਸੀਆਂ ਦੇ ਮਨਾਂ ਵਿਚ ਵਸਣ ਅਤੇ ਲਬਾਂ 'ਤੇ ਟਪਕਣ ਤੋਂ ਹੋੜੀ ਰੱਖਿਆ ਹੈ।

ਪਰਤੱਖ ਹੀ ਹੀਰ ਰਾਂਝਾ ਦੇ ਪ੍ਰੇਮ ਦੀ ਕਥਾ ਨੂੰ ਚਿਤਰਣ ਖ਼ਾਤਰ ਦਮੋਦਰ ਨੇ ਹਰ ਥਾਂ ਹਾਜ਼ਰ ਹੋਣ ਦਾ ਢੰਗ ਅਪਣਾਇਆ ਹੈ। ਇਹ ਦ੍ਰਿਸ਼ਟੀ ਦਾ ਸਤਹੀ ਪੱਖ ਹੈ ਜਿਸ ਨੂੰ ਭਰਪੂਰ ਕਰਨ ਖ਼ਾਤਰ ਸਿਮਰਤੀ ਦਾ ਸਹਾਰਾ ਲੈਣਾ ਜ਼ਰੂਰੀ ਸੀ। ਨਿਰਸੰਦੇਹ ਉਸ ਸਮੇਂ ਤਕ ਇਸ ਨੇ ਸਿਮਰਤੀ ਵਿਚ ਉਸ ਤਰ੍ਹਾਂ ਦੀ ਹਿਰਦੇਵੇਦਕ ਥਾਂ ਨਹੀਂ ਬਣਾਈ ਸੀ ਜਿਸ ਤਰ੍ਹਾਂ ਦੀ ਵਾਰਸ ਸ਼ਾਹ ਦੇ ਵੇਲੇ ਤਕ ਬਣਾ ਸਕਣਾ ਇਸ ਲਈ ਸੰਭਵ ਹੋ ਚੁੱਕਾ ਸੀ। ਤਦ ਵੀ ਇਹ ਮੰਨਣਯੋਗ ਨਹੀਂ ਕਿ ਸਿਮਰਤੀ ਵਿਚ ਇਸ ਦੀ ਕੋਈ ਥਾਂ ਹੀ ਨਹੀਂ ਸੀ। ਸ਼ਾਹ ਹੁਸੈਨ, ਦਮੋਦਰ ਦਾ ਸਮਕਾਲੀ ਹੁੰਦਿਆਂ ਸੁੰਦਿਆਂ, ਇਸ ਪ੍ਰਕਾਰ ਦੇ ਵਿਸ਼ਵਾਸ ਦਾ ਧਾਰਨੀ ਸੀ :

*ਹੀਰ ਨੂੰ ਇਸ਼ਕ ਚਰੋਕਾ ਆਹਾ, ਜਾ ਆਈ ਦੁੱਧ ਵਾਤੀ।*
*ਵਿਚ ਪੰਘੂੜੇ ਦੇ ਉਹ ਤੜਫ਼ੇ, ਵੇਦਨ ਕਹੀ ਨਾ ਜਾਤੀ।*

ਇਸੇ ਪ੍ਰਕਾਰ ਭਾਈ ਗੁਰਦਾਸ, ਮੁੱਢੋਂ ਹੀ ਵੱਖਰੀ ਵੇਦਨਾ ਸੰਵੇਦਨਾ ਦਾ ਸੁਆਮੀ ਹੋਣ ਦੇ ਬਾਵਜੂਦ ਨਿਮਨ ਲਿਖਤ ਧਾਰਾ ਪ੍ਰਤੀ ਪ੍ਰੇਰਿਤ ਹੋਣ ਤੋਂ ਅਵੇਸਲਾ ਨਹੀਂ :

*ਰਾਂਝਾ ਹੀਰ ਵਖਾਲੀਐ ਉਹ ਪਰਮ ਪਿਰਾਤੀ।*

ਸਿੱਧ ਹੈ ਕਿ ਹੀਰ-ਰਾਂਝਾ ਦੀ ਪ੍ਰੇਮ-ਕਥਾ ਲਿਖਤੀ ਸਾਹਿਤ ਦਾ ਅੰਗ ਤਾਂ ਜ਼ਰੂਰ ਮੁਕਬਲ ਦੀ ਕਿਰਤ ਰਾਹੀਂ ਹੀ ਬਣੀ ਪਰੰਤੂ ਮੌਖਿਕ ਸਾਹਿਤ ਦਾ ਅੰਗ ਇਹ ਉਦੋਂ ਤਕ ਜ਼ਰੂਰ ਬਣ ਚੁੱਕੀ ਸੀ। ਨਹੀਂ ਤਾਂ ਕੋਈ ਕਾਰਨ ਨਹੀਂ ਕਿ ਸ਼ਾਹ ਹੁਸੈਨ ਵਰਗੇ ਦਰਵੇਸ਼ ਅਤੇ ਭਾਈ ਗੁਰਦਾਸ ਵਰਗੇ ਵਿਦਵਾਨ ਨੂੰ ਇਸ ਸੰਬੰਧੀ ਉਪਰੋਕਤ ਸੰਕੇਤ ਕਰਨ ਦੀ ਲੋੜ ਮਹਿਸੂਸ ਹੁੰਦੀ।

ਦਮੋਦਰ, ਦਰਵੇਸ਼ੀ ਅਤੇ ਵਿਦਵਤਾ, ਦੋਨਾਂ ਤੋਂ ਵੰਚਿਤ ਸੀ। ਇਹੋ ਹੀ ਨਹੀਂ, ਨਾ ਤਾਂ ਸ਼ਾਹ ਹੁਸੈਨ ਵਾਂਗ, ਇਸਲਾਮ ਦੇ ਪ੍ਰਥਮ ਭਾਗ ਤੋਂ ਇਨਕਾਰੀ ਹੋ ਕੇ ਇਸ ਦੇ ਗੌਣ ਭਾਗ, ਭਾਵ ਸੂਫ਼ੀ ਮੱਤ ਵਿਚ ਆਸਥਾ ਬਣਾ, ਉਹ ਸਥਾਪਤ ਕਦਰਾਂ-ਕੀਮਤਾਂ ਦਾ ਵਿਰੋਧ ਕਰਨ ਤੇ ਉਤਰ ਸਕਦਾ ਸੀ, ਨਾ ਭਾਈ ਗੁਰਦਾਸ ਵਾਂਗ ਸਵਾਧੀਨ ਅਤੇ ਸੁਤੰਤਰ ਜੀਵਨ-ਜਾਚ ਨਾਲ ਪ੍ਰਤੀਬੱਧ ਹੋ ਸਕਦਾ ਸੀ। ਮੱਤ ਅਤੇ ਕੁਮੱਤ ਤੋਂ ਪਾਰ ਕਿਸੇ ਸੁਮੱਤ ਅਨੁਸਾਰ ਅਤੀਤ ਦੀ ਇਉਂ ਪਰਖ ਕਰਨਾ ਕਿ ਹਰੇਕ ਪੜਾਅ ਤੇ ਅਤੀਤ ਦਾ ਵਰਤਮਾਨ ਹੁੰਦਾ ਹੈ ਅਤੇ ਹਰੇਕ ਵਰਤਮਾਨ ਨੇ ਭਵਿੱਖ ਵਿਚ ਢਲਣਾ ਹੁੰਦਾ ਹੈ, ਉਸ ਲਈ ਮੁੱਢੋਂ-ਸੁੱਢੋਂ ਅਣਹੋਣੀ ਗੱਲ ਸੀ। ਨਾਂਹ ਉਸ ਦੀ ਸਿਮਰਤੀ ਨੂੰ ਅਤੇ ਨਾਂਹ ਹੀ ਉਸ ਦੀ ਦ੍ਰਿਸ਼ਟੀ ਨੂੰ ਕਿਸੇ ਪਾਸਿਓਂ ਵੀ ਅਜਿਹਾ ਕਰਨ ਦਾ ਆਵੇਸ਼ ਹੋ ਸਕਦਾ ਸੀ। ਪ੍ਰਚੱਲਿਤ ਵਿਵਸਥਾ ਨਾਲ ਸੰਤੁਸ਼ਟੀ ਮਹਿਸੂਸ ਕਰਕੇ ਉਹ ਤਾਂ ਜੋ ਇਸ ਦੀਆਂ ਵਿਰਲਾਂ ਵਿਚੋਂ ਵਿਰੋਧੀ ਕਨਸੋਆਂ ਉੱਠਦੀਆਂ ਸਨ, ਉਨ੍ਹਾਂ ਦਾ ਸਹਿਣਯੋਗ ਹੁੰਗਾਰਾ ਹੀ ਭਰ ਸਕਦਾ ਸੀ।

ਪ੍ਰਮਾਣ ਸਰੂਪ **ਹੀਰ ਦਮੋਦਰ** ਵਿਚ ਪ੍ਰੇਮੀ ਤੇ ਪ੍ਰੇਮਿਕਾ ਦੇ ਪ੍ਰੇਮ ਨੂੰ ਉੱਚਾ ਸਿੱਧ ਕੀਤਾ ਗਿਆ ਹੈ, ਨਾਲ ਹੀ ਪਰ ਸਮਾਜਕ ਮਾਨਤਾਵਾਂ ਨੂੰ ਨਿੰਦਿਆ ਨਹੀਂ ਗਿਆ। ਕੇਵਲ ਉਨ੍ਹਾਂ ਦੀ ਸੰਕੀਰਣਤਾ ਪ੍ਰਤੀ ਇਤਰਾਜ਼ ਉਠਾਇਆ ਗਿਆ ਹੈ। ਉਨ੍ਹਾਂ ਦੀ ਸੀਮਾ ਨਿਰਧਾਰਿਤ ਕੀਤੀ ਗਈ ਹੈ ਅਤੇ ਬਿਨਾ ਕੋਈ ਤਮਸੀਲ ਬੰਨ੍ਹਣ ਦੇ, ਜੋ ਮੁੱਢ ਤੋਂ ਹੀ ਵਿਰੋਧ 'ਤੇ ਟਿਕੀ ਹੁੰਦੀ ਹੈ, ਸਾਹਿਬ ਦਾ ਨਾਂ ਲੈ ਅਤੇ ਕਿੱਸਾਕਾਰ ਦੀ ਜਾਤ ਦਰਸਾ ਕੇ, ਇਸ ਦਾ ਆਰੰਭ ਕਰ ਦਿੱਤਾ ਜਾਂਦਾ ਹੈ। "ਨਾਮ ਦਮੋਦਰ ਜਾਤ ਗੁਲਾਟੀ ਜੋ ਇਹ ਕਿੱਸਾ ਚਾਇਆ" ਉਸ ਦੀ ਇਸ ਰੁਚੀ 'ਤੇ ਮੋਹਰ ਲਗਾ ਦਿੰਦੀ ਹੈ। ਠੀਕ ਹੀ ਜਗਤ ਸਾਹਿਤ ਨੇ ਉਪਜਾਇਆ ਹੈ, ਜ਼ਿਮੀਂ ਅਸਮਾਨ ਨੂੰ ਦਰੁਸਤ ਹੀ ਕੁਦਰਤ ਨਾਲ ਸਜਾਇਆ ਹੈ ਜੋ ਪ੍ਰੇਮਿਕਾ ਦੀ ਹੋਣੀ ਨੂੰ ਸੁਤੇ-ਸਿੱਧ ਵਾਪਰਨ ਵਾਲੀ ਸਿੱਧ ਕਰ ਦਿੰਦੇ ਹਨ। ਬਾਅਦ ਦੇ ਕਿੱਸਿਆਂ ਦੇ ਉਲਟ, ਏਥੇ ਆਰੰਭ ਝੰਗ ਸਿਆਲ ਤੋਂ ਹੁੰਦਾ ਹੈ ਜਿਥੇ ਵੱਡੇ ਰਾਠ ਜ਼ਿਮੀਂ ਦੇ ਮਾਲਕ ਚੂਚਕ ਦੇ ਘਰ ਬੁੱਢੇ ਵਾਰੇ ਹੀਰ ਦਾ ਜਨਮ ਹੁੰਦਾ ਹੈ।

"ਵਾਰ ਬੁੱਢੇ ਦੀ ਮੁਹਰੀ ਕਦੋਂ ਆਪੋ ਫੁੱਟ ਵਿਆਈ" ਦੀ ਧਾਰਨਾ ਨੂੰ ਸੱਚ ਸਿੱਧ ਕਰਨ ਖ਼ਾਤਰ ਚੂਚਕ ਦੇ ਘਰ ਇਸ਼ਕ ਦੀ ਖਾਣ ਲੱਗ ਜਾਂਦੀ ਹੈ। ਮਾਂ-ਬਾਪ ਦੀ ਬੁੱਢੇ ਵਾਰੇ ਦੀ ਧੀ ਅਤੇ ਚਾਰ ਭਰਾਵਾਂ ਦੀ ਇਕੋ-ਇਕ ਭੈਣ ਹੋਣ ਕਾਰਨ ਹੀਰ ਲਾਡ ਪਿਆਰ ਦੀ ਕੁਝ ਵਧੇਰੇ ਹੀ ਹੱਕਦਾਰ ਸਮਝ ਲਈ ਜਾਂਦੀ ਹੈ। ਪੇਂਡੂ ਵਾਤਾਵਰਣ ਅਤੇ ਵਰਤਾਰੇ ਵਿਚ ਇਕ ਰਿਸ਼ਟ-ਪੁਸ਼ਟ ਸੁੰਦਰੀ ਵਜੋਂ ਪਾਲਣਾ ਕੁਦਰਤੀ ਬਣ ਜਾਂਦਾ ਹੈ। ਨਾਲ ਹੀ ਹਰੇਕ ਪ੍ਰਕਾਰ ਦੀ ਖੁੱਲ੍ਹ ਤੇ ਜਿਵੇਂ ਉਸ ਦਾ ਜਨਮ ਅਧਿਕਾਰ ਕਾਇਮ ਹੋ ਜਾਂਦਾ ਹੈ। ਭਾਵੇਂ ਉਸ ਨੂੰ ਸਖ਼ਤ ਮਿਹਨਤ ਕਰਨ ਦੀ ਕੋਈ ਲੋੜ ਅਤੇ ਮਜਬੂਰੀ ਨਹੀਂ ਪਰ ਰਾਠ ਅਤੇ ਵੱਡੇ ਜ਼ਿਮੀਂਦਾਰ ਦੇ ਘਰ ਜੰਮੀ ਪਲੀ ਹੋਣ ਕਾਰਨ ਉਹ ਰਿਸ਼ਟ-ਪੁਸ਼ਟ ਸੁੰਦਰੀ ਵਜੋਂ ਉੱਭਰ ਆਉਂਦੀ ਹੈ। ਹੋਰ ਤਾਂ

ਹੋਰ ਮਰਦਾਵੀਂ ਅਕਾਂਖਿਆ ਵੀ ਸੁਭਾਵਕ ਹੀ ਉਸ ’ਤੇ ਵਾਰਿਦ ਹੋ ਜਾਂਦੀ ਹੈ। ਰਣਖੇਤਰ ਵਿਚ ਕਿਸੇ ਯੋਧੇ ਵਾਂਗ ਵੈਰੀ ਦੀ ਧਾੜ ਨੂੰ ਵੰਗਾਰਣਾ ਅਤੇ ਲੋੜ ਪੈਣ ’ਤੇ ਭਿੜ ਜਾਣਾ ਵੀ ਉਸ ਦੇ ਸੁਭਾਅ ਦਾ ਰਚਵਾਂ ਅੰਗ ਹੋ ਨਿਬੜਦਾ ਹੈ। ਨੂਰੇ ਚੰਧੜ ਨਾਲ ਜੋ ਉਸ ਦਾ ਭੇੜ ਹੁੰਦਾ ਹੈ ਉਸ ਤੋਂ ਇਹ ਗੱਲ ਸਪਸ਼ਟ ਸਿੱਧ ਹੋ ਜਾਂਦੀ ਹੈ। ਆਪਣੀ ਬੇੜੀ ਨੂੰ ਵਾਪਸ ਲੈਣ ਲਈ ਉਹ ਜੋ ਧਾੜ ਲੈ ਕੇ ਆਉਂਦਾ ਹੈ, ਹੀਰ ਦੀ ਅਗਵਾਈ ਵਿਚ ਝੰਗ ਸਿਆਲ ਦੀਆਂ ਨੱਢੀਆਂ ਹੱਥੋਂ ਹਾਰ ਖਾ ਕੇ ਵਾਪਸ ਜਾਣ ’ਤੇ ਮਜਬੂਰ ਹੋ ਜਾਂਦਾ ਹੈ। ਇਸ ਭੇੜ ਵਿਚ ਹੀਰ ਯੋਧੇ ਵਾਂਗ ਵਿਚਰਦੀ ਹੈ ਅਤੇ ਇਕ ਪ੍ਰਕਾਰ ਦੀ ਵੀਰਾਂਗਣ ਬਣ ਜਾਣ ਦਾ ਪ੍ਰਮਾਣ ਦਿੰਦੀ ਹੈ।

ਬਚਪਨ ਵਿਚ ਉਸ ਦੀ ਕੁੜਮਾਈ ਹੋ ਚੁੱਕੀ ਪਰ ਕਿੱਸਾਕਾਰ ਲਈ ਇਹ ਕੋਈ ਵਿਰੋਧਾਭਾਸ ਦਾ ਕਾਰਨ ਨਹੀਂ। ਕਿਉਂ ਨਹੀਂ ਇਸ ਦੀ ਪੇਚੀਦਗੀ ਵਿਚ ਪੈਣ ਨੂੰ ਉਹ ਜ਼ਰੂਰੀ ਨਹੀਂ ਸਮਝਦਾ ਪਰ ਰਾਂਝੇ ਨਾਲ ਜਦ ਉਸ ਨੂੰ ਪ੍ਰੇਮ ਹੋ ਜਾਂਦਾ ਹੈ ਤਾਂ ਉਪਰੋਕਤ ਕਾਰਵਾਈਆਂ ਨੂੰ ਆਪਣੇ ਆਪ ਹੀ ਤਿਲਾਂਜਲੀ ਮਿਲ ਜਾਂਦੀ ਹੈ। ਵਿਰੋਧਾਭਾਸ ਵਜੋਂ ਲੈਣ ਦੀ ਥਾਂ, ਇਸ ਨੂੰ ਵੀ ਦਮੋਦਰ ਸੁਭਾਵਕ ਤੌਰ ’ਤੇ ਲੈਂਦਾ ਹੈ। ਫੇਰ ਤਾਂ ਉਹ ਰਾਂਝੇ ਦੇ ਪ੍ਰੇਮ ਵਿਚ ਖੋਈ ਰਹਿੰਦੀ ਹੈ। ਉਸ ਲਈ ਚੂਰੀ ਕੁੱਟਦੀ ਹੈ, ਪੇਂਡੂ ਵਰਤਾਰੇ ਦੀ ਸਭ ਤੋਂ ਵਡਮੁੱਲੀ ਸ਼ੈਅ ਵਿਚ ਗੁੰਨ੍ਹੀ ਚੂਰੀ ਨੂੰ ਰਾਂਝਾ ਜਦ ਮਿਜਾਜ਼ਾਂ ਨਾਲ ਖਾਂਦਾ ਹੈ ਤਾਂ ਉਹ ਉਸ ਨੂੰ ਪੱਖਾ ਝੱਲਦੀ ਹੈ। ਹਰੇਕ ਪਲ ਜੋ ਉਸ ਨੂੰ ਰਾਂਝੇ ਤੋਂ ਪਰ੍ਹਾਂ ਲੰਘਾਉਣਾ ਪੈਂਦਾ ਹੈ, ਉਸ ਲਈ ਝੂਰਣ ਦਾ ਕਾਰਨ ਹੈ। ਕਲਪਿਤ ਤੌਖ਼ਲੇ ਵੱਸ ਕਿ ਉਸ ਦੀਆਂ ਸਖੀਆਂ ਵਿਚੋਂ ਕੋਈ ਰਾਂਝੇ ਨੂੰ ਪਸੰਦ ਨਾ ਆ ਜਾਵੇ, ਉਹ ਗਲੇਡੂ ਭਰ ਲੈਂਦੀ ਹੈ।

ਇਹ ਨਹੀਂ ਕਿ ਇਸ ਤਰ੍ਹਾਂ ਦੀ ਤਬਦੀਲੀ ਵਾਪਰ ਨਹੀਂ ਸਕਦੀ ਅਤੇ ਨਿਰੋਲ ਅਣਹੋਣੀ ਗੱਲ ਹੈ। **ਹੀਰ ਦਮੋਦਰ** ਵਿਚ ਇਸ ਦਾ ਕਾਰਨ ਤਾਂ ਹੈ ਪਰੰਤੂ ਇਸ ਨੂੰ ਸੱਚਮੁੱਚ ਦਾ ਲਿਬਾਸ ਪਹਿਨਣ ਦੇ ਸਮਰੱਥ ਸਿੱਧ ਕਰਨ ਦਾ ਕਿੱਸਾਕਾਰ ਕੋਈ ਪ੍ਰਤੱਖ ਯਤਨ ਨਹੀਂ ਕਰਦਾ। ਇਸ ਕਾਰਨ ਤਾਂ ਇਸ ਤਬਦੀਲੀ ਨੂੰ ਯੋਗ ਸਮਝਿਆ ਜਾ ਸਕਦਾ ਹੈ ਕਿ ਰਾਂਝੇ ’ਤੇ ਉਸ ਦਾ ਅਧਿਕਾਰ ਭਾਵੇਂ ਕੁੜਮਾਈ ਕਾਰਨ ਤਾਂ ਨਹੀਂ ਪਰੰਤੂ ਪੰਜਾਂ ਪੀਰਾਂ ਵੱਲੋਂ ਹੀਰ ਨੂੰ ਰਾਂਝੇ ਦੀ ਬਖ਼ਸ਼ਿਸ਼ ਇਸ ਤੋਂ ਕਿਤੇ ਹਿਰਦੇਵੇਧਕ ਗੱਲ ਹੈ। ਤੌਖ਼ਲੇ ਦਾ ਕਾਰਨ ਵੀ ਘੱਟ ਨਿੱਗਰ ਨਹੀਂ; ਜਿਸ ਨਾਰ ਜਾਂ ਮੁਟਿਆਰ ਦੀ ਉਸ ’ਤੇ ਨਿਗਾਹ ਟਿਕਦੀ ਹੈ ਉਹ ਉਸ ’ਤੇ ਫ਼ਿਦਾ ਹੋ ਜਾਂਦੀ ਹੈ। ਜਦੋਂ ਉਹ ਮਸੀਤ ਵਿਚ ਠਹਿਰਿਆ ਹੋਇਆ ਹੈ ਤਾਂ ਝਿਊਰੀ ਦੀ ਕੁੜੀ ਦੇਖਦੇ ਸਾਰ ਉਸ ’ਤੇ ਮਰ ਮਿਟਣ ਲਈ ਤਿਆਰ ਹੋ ਜਾਂਦੀ ਹੈ। ਜਿੰਨਾ ਚਿਰ ਮਾਂ ਨੇ ਉਸ ਨੂੰ ਦੇਖਿਆ ਨਹੀਂ, ਉਹ ਆਪਣੀ ਧੀ ਨੂੰ ਵਰਜਦੀ ਹੈ। ਦੇਖਣ ਸਾਰ ਪਰ ਉਹ ਵੀ, ਉਸ ਨਾਲ ਨਿਕਾਹ ਪੜ੍ਹਵਾਣ ਲਈ ਬਹਿਬਲ ਹੋ ਉੱਠਦੀ ਹੈ। ਨਾਲੇ ਉਹ ਵੰਝਲੀ ਵੀ ਤਾਂ ਅਜੇਹੇ ਤਲਿੱਸਮੀ ਢੰਗ ਨਾਲ ਵਜਾਂਦਾ ਹੈ ਕਿ ਔਰਤਾਂ ਮਰਦ ਤਾਂ ਕੀ ਪੰਖ ਪੰਖੇਰੂ, ਪਸ਼ੂ ਆਦਿ ਸਭ ਝੂਮਣ ਲੱਗ ਪੈਂਦੇ ਹਨ।

ਦੋਨਾਂ ਦੀ ਪਹਿਲਾਂ ਹੋ ਚੁੱਕੀ ਕੁੜਮਾਈ, ਮਾਪਿਆਂ ਵੱਲੋਂ ਕਿਸੇ ਮੰਦ-ਭਾਵਨਾ ਦੇ ਕਾਰਨ ਨਹੀਂ। ਕੀਤੀਆਂ ਵੀ ਇਹ ਭਾਈਚਾਰੇ ਦੇ ਕਹਿਣ ਕਾਰਨ ਸਨ ਜਿਸ ਦਾ ਉਸ ਵੇਲੇ ਰਿਵਾਜ ਸੀ, ਜਿਸ ਨੂੰ ਸਦ-ਭਾਵਨਾ ਤੋਂ ਵੰਚਿਤ ਨਹੀਂ ਸੀ ਮੰਨਿਆ ਜਾ ਸਕਦਾ। ਬਾਅਦ ਦੇ ਕਿੱਸਾਕਾਰਾਂ ਵਿਚ ਜੇ ਹੀਰ ਦੀ ਕੁੜਮਾਈ ਉਸ ਦੀ ਮਰਜ਼ੀ ਦੇ ਵਿਰੁੱਧ ਖੇੜੇ ਕਰ ਦਿੱਤੀ ਜਾਂਦੀ ਹੈ, ਉਸ ਵਿਚ ਮੰਦ ਭਾਵਨਾ ਦਾ ਅੰਸ਼ ਜ਼ਰੂਰ ਹੈ। ਪ੍ਰਤੱਖ ਹੀ ਦਮੋਦਰ ਵੇਲੇ ਪੰਜਾਬ ਦੇ ਪੇਂਡੂ ਜੀਵਨ ਵਿਚ ਭਾਈਚਾਰੇ ਦਾ ਜ਼ਿਕਰਯੋਗ ਸਥਾਨ ਸੀ। ਕੀ ਸ਼ਹਿਨਸ਼ਾਹ ਅਕਬਰ ਦੇ ਰਾਜਪਾਟ ਦੌਰਾਨ ਜਿਸ ਪ੍ਰਕਾਰ ਵੱਖ-ਵੱਖ ਮਤਾਂ ਦੇ ਦਾਅਵਿਆਂ ਨੂੰ ਸਦਭਾਵੀ ਸੂਤਰ ਵਿਚ ਪਰੋਣ ਦਾ ਯਤਨ ਕੀਤਾ, ਉਸ ਨਾਲ ਇਸ ਦਾ ਕੋਈ ਨਾਤਾ ਬਣਦਾ ਸੀ ? ਸ਼ਾਇਦ ਇਹ ਮੰਨਣਾ ਅਯੋਗ ਨਹੀਂ ਸੀ ਭਾਵੇਂ ਇਸ ਪ੍ਰਸੰਗ ਵਿਚੋਂ ਕਿੰਤੂ ਪ੍ਰੰਤੂ ਨੂੰ ਖਾਰਜ ਵੀ ਨਹੀਂ ਕੀਤਾ ਜਾ ਸਕਦਾ। ਲਟਕਕਾਰ ਜਿਹੀ ਪ੍ਰਸਥਿਤੀ ਜੀ ਰਿਹਾ ਹੈ, ਜਿਸ ਦਾ ਨਿੱਜੀ ਪੱਧਰ ’ਤੇ ਪ੍ਰਮਾਣ ਕੈਦੋ ਦੀ ਕਾਰਵਾਈ ਤੋਂ ਪ੍ਰਤੱਖ ਵੀ ਹੋ ਨਿਬੜਦਾ ਹੈ।

ਬਾਅਦ ਦੇ ਕਿੱਸਿਆਂ ਵਿਚ ਜਿਵੇਂ ਪ੍ਰਤੱਖ ਹੀ ਵਾਪਰਦਾ ਹੈ ਇਸ ਕਿੱਸੇ ਵਿਚ ਹੀਰ ਰਾਂਝੇ ਦੇ ਮੇਲ ਦਾ ਭੇਦ ਪਾਉਣ ਅਤੇ ਖੁਣਾਮੀ ਵਜੋਂ ਇਸ ਨੂੰ ਨਸ਼ਰ ਕਰਨ ਦੀ ਕੈਦੋ ਆਪ ਕੋਈ ਮਨਸ਼ਾ ਨਹੀਂ ਰੱਖਦਾ। ਦਰਅਸਲ ਏਥੇ ਤਾਂ ਚੂਚਕ ਖ਼ੁਦ ਉਸ ਨੂੰ ਆਪਣੇ ਕੋਲ ਬੁਲਾਉਂਦਾ ਹੈ ਅਤੇ ਅਜੇਹਾ ਕਰਨ ਦਾ ਉਸ ਨੂੰ ਸੁਝਾਅ ਦਿੰਦਾ ਹੈ :

*ਹੋਇ ਦਿਵਾਨਾ ਚੂਚਕ ਖਾਨਾ, ਕੈਦੋ ਸੱਦ ਅਵਾਇਆ।*
*ਥੀਓ ਨਾ ਨਾਬਰ ਮੇਰੀ ਵਲੋਂ ਮੈਂਡੇ ਮਾਂ ਪਿਉ ਜਾਇਆ।*
*ਘਰ ਘਰ ਵਰਨੋ ਸੈਲ ਕਰੇਂਦਾ, ਤੈਂ ਵੀ ਸੁਣ ਕੁਝ ਪਾਇਆ।*
*ਆਖ ਭਰਾਉ ਸਚਾਈ ਮੈਨੂੰ ਕੁਛ ਤੈਂ ਵੀ ਨਦਰੀ ਆਇਆ।*

ਜਦ ਚੂਚਕ, ਭਰਾ ਦੀ ਬੇਨਤੀ ਨੂੰ ਖਿਦਮਤ ਜਾਣ, ਦੋਨਾਂ ਦੀ ਪੈੜ ਨੱਪਣ ਲਈ ਤਿਆਰ ਹੋ ਜਾਂਦਾ ਹੈ ਅਤੇ ਉਹ ਖ਼ਬਰ ਲਿਆਂਦਾ ਹੈ ਜੋ ਖੁਣਾਮੀ ਦਾ ਕਾਰਨ ਹੈ ਤਾਂ ਉਹ ਇਸ ਨੂੰ ਆਪਣੇ ’ਤੇ ਕੀਤਾ ਗਿਆ ਇਹਸਾਨ ਮੰਨਦਾ ਹੈ। ਇਹ ਵੀ

ਨਹੀਂ ਕਿ ਸ਼ਰੀਕਪੁਣੇ ਦਾ ਮੁੱਢੋਂ-ਸੁੱਢੋਂ ਹੀ ਅਭਾਵ ਹੈ। ਹੀਰ ਦੀਆਂ ਭਰਜਾਈਆਂ ਜਿਵੇਂ ਉਸ ਦੀ ਮਾਂ ਨਾਲ ਮਿਹਣੋਂ-ਮਿਹਣੀ ਹੁੰਦੀਆਂ ਹਨ, ਉਸ ਤੋਂ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਮਿਲ ਜਾਂਦਾ ਹੈ। ਇਸ ਤਰ੍ਹਾਂ ਦਾ ਲਿਹਾਜ਼ ਪਰ ਉਹ ਵੀ ਕਰਦੀਆਂ ਹਨ ਕਿ ਉਨ੍ਹਾਂ ਦੀ ਕੁੜੱਤਣ ਬੂਰੇ ਦੇ ਘਰ ਤੱਕ ਨਾ ਜਾ ਪਹੁੰਚੇ। ਵਿਚਰਦੇ ਸੰਬੰਧ ਅਤੇ ਦਵੰਦ ਵੇਲੇ ਦੇ ਸਮਾਚਾਰ ਦੀ ਤਰਜ਼ਮਾਨੀ ਖ਼ੂਬ ਕਰ ਦਿੰਦੇ ਹਨ।

**ਹੀਰ ਦਮੋਦਰ** ਦੇ ਸੁਖਾਂਤਕ ਮਨ ਨੂੰ ਇਸ ਕੁਲ ਵਰਤਾਰੇ ਨਾਲੋਂ ਵੱਖ ਨਹੀਂ ਰੱਖਿਆ ਜਾ ਸਕਦਾ। ਇਹ ਸੁਖਾਂਤਕ ਅੰਤ ਦਾ ਜੇ ਮਗਰਲੇ ਕਿੱਸਿਆਂ ਵਿਚ ਪੇਸ਼ ਹੀਰ-ਰਾਂਝਾ ਦੀ ਭੈਭੀਤ ਹੋਣੀ ਨਾਲ ਤਿੱਖਾ ਵਿਰੋਧ ਬਣਦਾ ਹੈ ਤਾਂ ਆਪਣੇ ਆਪ ਵਿਚ ਇਸ ਦੀ ਸੀਮਾ ਵੀ ਹੈ ਜਿਸ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਕੁੜਮਾਈਆਂ ਤੋਂ ਮੁਨਕਰ ਹੋ ਕੇ ਦੋਨਾਂ ਦੀ ਤੀਖਣ ਅਭਿਲਾਸ਼ਾ ਇਕੱਠੇ ਜੀਵਨ ਬਿਤਾਉਣ ਦੀ ਹੈ ਪਰ ਭਾਈਚਾਰੇ ਨੂੰ ਜਿਸ ਵਿਚ ਸ਼ਰੀਕੇ ਦਾ ਅੰਸ਼ ਵੀ ਨਿਹਿਤ, ਮੁੱਢੋਂ ਹੀ ਇਹ ਕਬੂਲ ਨਹੀਂ। ਭਾਈਚਾਰੇ ਵਿਚ ਇਸ ਦਾ ਅੰਗ ਬਣ ਕੇ ਜੀਵਨ ਬਤੀਤ ਕਰਨ ਦੀ ਉਨ੍ਹਾਂ ਨੂੰ ਮਨਾਹੀ ਹੋ ਜਾਂਦੀ ਹੈ। ਇਸ ਮਨਾਹੀ ਨੂੰ ਪੁਗਾਣ ਖ਼ਾਤਰ ਇਕ ਦੀ ਹੱਤਿਆ ਰਾਹੀਂ ਅਤੇ ਦੂਜੇ ਦੀ ਆਹ ਮਾਰਨ ਨਾਲ ਮੌਤ ਤਾਂ ਨਹੀਂ ਹੁੰਦੀ। ਮਨਾਹੀ ਕਾਰਨ ਦੋਨਾਂ ਨੂੰ ਵਿਗੋਚੇ ਦਾ ਸ਼ਿਕਾਰ ਹੋਣਾ ਪੈਂਦਾ ਹੈ। ਵਿਸ਼ਾਦ ਨੂੰ ਨਿਰਮੂਲ ਜਾਣਨ ਦੀ ਪ੍ਰਵਿਰਤੀ ਅਧੀਨ, ਉਨ੍ਹਾਂ ਨੂੰ 'ਲੰਮੀ ਤਰਫ਼' ਸਧਾਰ ਜਾਣ ਦਾ ਅਵਸਰ ਪ੍ਰਦਾਨ ਕਰ ਦਿੰਦਾ ਹੈ। ਵਾਸਤਵ ਵਿਚ ਦੁਖਾਂਤਕ ਅੰਤ ਨਾਲੋਂ ਇਹ ਸੁਖਦਾਈ ਜ਼ਰੂਰ ਹੈ ਪਰੰਤੂ ਅਨੁਭਵ ਤੋਂ ਪਾਰ, ਫਲਸਰੂਪ ਸਮੂਰਤ ਦੀ ਜਾਂ ਅਮੂਰਤ ਪ੍ਰਕਾਰ ਦਾ ਇਹ ਸੁਖ ਕਿੱਸੇ ਨੂੰ ਮੌਲਿਕ ਦ੍ਰਿਸ਼ਟੀ ਪ੍ਰਗਟ ਕਰਨ ਤੋਂ ਵੰਚਿਤ ਕਰ ਦਿੰਦਾ ਹੈ। ਪ੍ਰੇਮ-ਪ੍ਰਸੰਗ ਨੂੰ ਉਸ ਦੇ ਮੂਲਾਂ ਤਕ ਖੋਜਣ ਦੀ ਥਾਂ, ਇਹ ਸਹਿਣ ਅਤੇ ਸਹਾਰਣ ਨੂੰ ਯੋਗ ਮੰਨਣ ਵਾਲੇ ਪ੍ਰਸਤਾਵ ਨਾਲ ਹੀ ਸੰਤੋਖ ਕਰ ਲੈਂਦਾ ਹੈ। ਜਦੋਂ ਰਾਂਝਾ ਕੁਲ ਵਰਤਾਰੇ ਤੇ ਪਿਛਲਝਾਤ ਪਾਂਦਾ ਹੈ ਤਾਂ ਨਿਚਲਾ ਨਿਚੋੜ ਹੈ ਜੋ ਉਸ ਨੂੰ ਉਭਰਦਾ ਪ੍ਰਤੀਤ ਹੁੰਦਾ ਹੈ :

*ਤਖ਼ਤ ਹਜ਼ਾਰਾ ਵਤਨ ਅਸਾਡਾ, ਮੌਜਮ ਦਾ ਮੈਂ ਜਾਇਆ।*
*ਪਾਇਆ ਵਖ਼ਤ ਮੈਂ ਘਰ ਤੋਂ ਨਿਕਲਾ ਸਿੱਕ ਸਿਆਲੀਂ ਆਇਆ।*
*ਚੇਚਕ ਦੇ ਘਰ ਬੇਟੀ ਚੰਗੀ, ਹੀਰ ਸੁ ਨਾਉਂ ਰਖਾਇਆ।*
*ਵੇਖ ਵਿਲਾਣਾ ਉਸ ਦੇ ਪਿੱਛੇ ਉਸ ਮੇਰਾ ਜੀਉ ਫਹਾਇਆ।*
*ਪਰਨੀ ਗਈ ਦੇਸ ਖੇੜਿਆਂ ਦੇ ਤਾਂ ਮੈਂ ਕਜੀਆ ਪਾਇਆ।*

ਗੱਲ ਕੀ, ਭਾਈਚਾਰੇ ਦੇ ਸਹਿਯੋਗ, ਸ਼ਰੀਕੇ ਦੇ ਵਿਰੋਧ ਨਾਲੋਂ ਖ਼ੁਦ ਵਲੋਂ ਪਾਇਆ ਕਜ਼ੀਆ ਉਸ ਨੂੰ ਵਧੇਰੇ ਉਲੇਖਣੀ ਲੱਗਦਾ ਹੈ। ਆਪ-ਹੁਦਰਾ ਤਾਂ ਭਾਵੇਂ ਇਹ ਦਾਅਵਾ ਨਹੀਂ ਪਰ ਮਾਣਮੱਤਾ ਜ਼ਰੂਰ ਹੈ ਜੋ ਪੰਜਾਬ ਵਾਸੀਆਂ ਲਈ ਓਪਰਾ ਤਾਂ ਨਹੀਂ ਸੀ ਪਰ ਉਨ੍ਹਾਂ ਨੂੰ ਟੁੰਬ ਨਹੀਂ ਸੀ ਸਕਦਾ।

ਕਾਵਿ-ਭਾਸ਼ਾ, ਤੋਲ-ਤੁਕਾਂਤ, ਬਿੰਬ-ਪ੍ਰਬੰਧ ਆਦਿ ਵਿਚ ਭਿੰਨ ਹੋਣ ਦੇ ਬਾਵਜੂਦ ਮੁਕਬਲ ਦਾ ਕਿੱਸਾ **ਕਿੱਸਾ ਹੀਰ ਰਾਂਝਾ**, **ਹੀਰ ਦਮੋਦਰ** ਤੋਂ ਬਿਲਕੁਲ ਹੀ ਵੱਖਰਾ ਨਹੀਂ। ਦੋਨਾਂ ਦਾ ਸੰਬੰਧ ਸਿੱਕੇ ਦੇ ਦੋ ਪਾਸਿਆਂ ਵਾਲਾ ਹੈ : ਜਿਥੇ ਦਮੋਦਰ ਦੇ ਕਿੱਸੇ ਵਿਚ ਸ਼ਰੀਕੇ ਨੂੰ ਸਮਾ ਲੈਣ ਵਾਲੇ ਭਾਈਚਾਰੇ ਦਾ ਨਿਰਣਾਯਕ ਕਰਤੱਵ ਹੈ, ਉਥੇ ਮੁਕਬਲ ਦੇ ਕਿੱਸੇ ਵਿਚ ਇਹ ਮਹੱਤਵ ਪਰਵਰਦਿਗਾਰ ਨੂੰ ਪ੍ਰਾਪਤ ਹੈ। ਸਭ ਨਿਰਣਾ ਉਸੇ ਦੀ ਰਜ਼ਾ ਅਨੁਸਾਰ ਹੋਣਾ ਹੈ। ਜਾਤੀ ਕਾਰਨ ਤਾਂ ਇਹ ਹੈ ਹੀ ਸੀ ਕਿ ਮੁਕਬਲਾ ਜਿਸ ਦਾ ਮੁਢਲਾ ਨਾਂ ਵੇਲੇ ਦੇ ਸ਼ਹਿਨਸ਼ਾਹ ਸ਼ਾਹ ਜਹਾਨ ਵਾਲਾ ਸੀ, ਦਰਅਸਲ ਨੇਤਰਹੀਣ ਸੀ। ਜਿਹੜਾ ਉਸ ਨੇ 'ਜੰਗਨਾਮਾ' ਕਲਮਬੰਦ ਕੀਤਾ ਸੀ ਉਸ ਵਿਚ ਇਹ ਇਕਬਾਲ ਵੀ ਅੰਕਿਤ ਹੈ :

*ਤਖੱਲਸ ਏਸ ਫਕੀਰ ਦਾ ਮੁਕਬਲ ਹੈ ਮਸ਼ਹੂਰ।*
*ਇਹ ਆਜਿਜ਼ ਹੈ ਭਾਈਓ, ਅਖੀਆਂ ਥੀਂ ਮਹਿਜ਼ੂਰ।*

ਸੁਭਾਵਕ ਹੀ ਗੁਣਵਾਨ ਬੰਦਾ ਜਿਸ ਨੂੰ ਕਾਵਿ-ਰਚਨਾ ਦੀ ਬਖ਼ਸ਼ਿਸ਼ ਹੋਈ ਹੋਵੇ, ਅਜੇਹੀ ਕਰੋਪੀ ਦਾ ਸ਼ਿਕਾਰ ਹੋ ਕੇ ਪਰਵਰਦਿਗ਼ਾਰ ਤੋਂ ਮੁਨਕਰ ਹੋਣ ਦੀ ਥਾਂ, ਵਧੇਰੇ ਹੀ ਆਜਿਜ਼ ਤਬੀਅਤ ਵਾਲਾ ਬਣ ਜਾਂਦਾ ਹੈ। ਜੇ ਉਦਾਲੇ ਦੇ ਰਾਜਸੀ ਅਤੇ ਸਮਾਜਕ ਹਾਲਾਤ ਟੱਕਰ-ਟਕਰਾਅ ਵਾਲੇ ਹੋਣ, ਜਿਨ੍ਹਾਂ ਕਾਰਨ ਉਸ ਦੀ ਬੇਬਸੀ ਵਿਚ ਵਾਧਾ ਹੁੰਦਾ ਹੋਵੇ ਤਾਂ ਉਸ ਦਾ ਇਸ ਤਰ੍ਹਾਂ ਹੋ ਨਿਬੜਨਾ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ।

ਕਿੱਸਾ **ਹੀਰ ਰਾਂਝਾ** ਵਿਚ ਤਾਂ ਇਸ ਰੁਚੀ ਦੀ ਭਰਮਾਰ ਹੋਈ ਪਈ ਹੈ। ਮੁੱਢ ਵਿਚ ਮੁਖ਼ਤਸਰ ਜਹੀ ਤਮਸੀਲ ਹੈ ਖ਼ੁਦਾ ਦੀ ਸਿਫ਼ਤ, ਇਸ਼ਕ ਦੀ ਰੂਹਾਨੀ ਫ਼ਿਤਰਤ ਅਤੇ ਇਸ਼ਕ ਹਕੀਕੀ ਦੀ ਉੱਤਮਤਾ ਨੂੰ ਚਿਤਾਰ ਕੇ, ਇਸ ਕਿੱਸੇ ਨੂੰ "ਹੋ ਹੋ ਆਹੀ ਦੇ ਨਾਲ" ਸੁਣਾਉਣ ਦਾ ਇਕਰਾਰ ਹੈ ਜਿਸ ਨੂੰ ਨਿਭਾਉਣ ਵਿਚ ਆਜਿਜ਼ ਤਬੀਅਤ ਨੂੰ ਕਿਤੇ ਵੀ ਤਿਲਾਂਜਲੀ ਨਹੀਂ ਦਿੱਤੀ

ਗਈ। ਜਿਥੇ ਦਮੋਦਰ ਨੇ ਆਪਣੇ ਕਿੱਸੇ ਦਾ ਆਰੰਭ ਹੀਰ ਦੇ ਰਾਠ ਘਰ ਜਨਮ ਲੈਣ ਨਾਲ ਕੀਤਾ ਸੀ, ਉਥੇ ਮੁਕਬਲ ਆਪਣੇ ਕਿੱਸੇ ਦਾ ਆਰੰਭ ਰਾਂਝੇ ਦੇ ਵਰਣਨ ਨਾਲ ਕਰਦਾ ਹੈ। ਤਖ਼ਤ ਹਜ਼ਾਰੇ ਦੇ ਵਾਸੀ ਮੌਜੂ ਚੌਧਰੀ ਦਾ ਉਹ ਲਾਡਲਾ ਪੁੱਤਰ ਹੈ। ਬਹੁਤ ਹੀ ਮਿੱਠ-ਬੋਲੜਾ ਹੈ ਉਹ ਅਤੇ ਖ਼ੁਦਾ ਦੀ ਰਹਿਮਤ ਹੀ ਸਮਝੋ, ਉਸ ਨਾਲ ਇਹ ਭਾਣਾ ਵਰਤ ਜਾਂਦਾ ਹੈ :

*ਨੈਣਾਂ ਹੀਰ ਦਿਆਂ ਖ਼ਾਬ ਵਿਚ ਜਿਬਾਹ ਕੀਤਾ ਭੇਦ ਕਿਸੇ ਨੂੰ ਮੂਲ ਨਾ ਦਸਦਾ ਈ।*

ਉਧਰ ਮੌਜੂ ਦਾ ਦਿਹਾਂਤ ਹੋ ਜਾਂਦਾ ਹੈ ਅਤੇ ਭਾਈਆਂ ਵੱਲੋਂ ਨਿਸ਼ਾਵਰ ਹੁੰਦੇ ਮੋਹ, ਭਾਬੀਆਂ ਵੱਲੋਂ ਘੋਲ-ਘੱਤੀਆਂ ਬਣੇ ਰਹਿਣ ਦਾ ਇਕਰਾਰ ਉਸ ਨੂੰ ਰਤਾ ਭਰ ਨਹੀਂ ਭਾਉਂਦਾ। ਤਦ ਵੀ ਜੇ ਉਨ੍ਹਾਂ ਦੇ ਤਰਲਿਆਂ ਦਾ ਹਲੂਣਿਆ ਉਹ ਖੇਤ ਤੋਂ ਘਰ ਆਉਣਾ ਮੰਨ ਜਾਂਦਾ ਹੈ ਤਾਂ ਉਸ ਦਾ ਤਨ ਹੀ ਹੈ ਜੋ ਇਸ ਤਰ੍ਹਾਂ ਕਰਦਾ ਹੈ। ਉਸ ਦੀ ਰੂਹ ਤਾਂ ਹੀਰ ਦੇ ਖ਼ਿਆਲ ਵਿਚ ਖੋ ਕੇ ਭਰਾਵਾਂ ਅਤੇ ਭਾਬੀਆਂ ਨੂੰ ਅਲਵਿਦਾ ਕਹਿ ਚੁੱਕੀ ਹੈ। ਬਿਰਹਾ ਨੇ ਜਿਸ ਤਰ੍ਹਾਂ ਉਸ ਨੂੰ ਬੇਹਾਲ ਕੀਤਾ ਹੈ ਉਸ ਦਾ ਨਿਚੋੜ ਪੂਰੀ ਇਸ ਸਤਰ ਵਿਚ ਕਲਮਬੰਦ ਹੋ ਜਾਂਦਾ ਹੈ :

*ਸੀਨੇ ਵਿਚ ਤਨੂਰ ਤੂਫ਼ਾਨ ਤਪਿਆ, ਕਿਹਾ ਬਿਰਹੋਂ ਅਲੰਬੜਾ ਲਾਇਆ ਈ।*

ਇਸ ਤਰ੍ਹਾਂ ਬੇਹਾਲ, ਬਿਰਹਾ ਦਾ ਕੁੰਠਾ, ਆਪਣੇ ਆਪ ਤੋਂ ਬੇਸੁੱਧ ਉਹ ਝੰਗ ਸਿਆਲ ਦੇ ਰਾਹ ਪੈ ਜਾਂਦਾ ਹੈ। ਭਰਾਵਾਂ ਦੀਆਂ ਅਰਜ਼ੋਈਆਂ ਨੂੰ ਵੀ ਉਹ ਭਰੇ ਮਨ ਨਾਲ ਨਾਮਨਜ਼ੂਰ ਕਰ ਦਿੰਦਾ ਹੈ। ਇਸ ਤਰ੍ਹਾਂ ਤੁਰਦਾ ਜਿਸ ਦੀ ਲੜਖੜਾਉਣ ਨਾਲ ਭਲੀਭਾਂਤ ਹੀ ਤੁਲਨਾ ਹੋ ਜਾਂਦੀ ਹੈ, ਉਹ ਰਾਹ ਵਿਚ ਬਣੀ ਮਸੀਤ ਵਿਚ ਜਾ ਬੈਠਦਾ ਹੈ। ਉਸ ਨੂੰ ਲੋਹੜੇ ਦਾ ਦਿਲਗੀਰ ਦੇਖ ਕੇ, ਮਸੀਤ ਦੀ ਸਾਂਭ-ਸੰਭਾਲ ਕਰਨ ਵਾਲਾ ਮੁੱਲਾ, ਬਹੁਤ ਹਮਦਰਦ ਬਣ ਜਾਂਦਾ ਹੈ। ਮਸੀਤ ਵਿਚ ਪੜ੍ਹਦਿਆਂ ਬੱਚਿਆਂ ਨੂੰ ਘਰਾਂ ਤੋਂ ਖਾਣ ਲਈ ਸੁਆਦੀ ਭੋਜਨ ਲਿਆਉਣ ਦੀ ਤਾਕੀਦ ਕਰਦਾ ਹੈ ਅਤੇ ਰਾਤ ਭਰ ਉਥੇ ਚੈਨ ਦੀ ਨੀਂਦ ਸੌਣ ਦੀ ਸਲਾਹ ਦਿੰਦਾ ਹੈ। ਉਸ ਦੀ ਸਲਾਹ ਮੰਨ ਕੇ ਰਾਂਝਾ ਰਾਤ ਭਰ ਦੇ ਚੈਨ ਉਪਰੰਤ ਤਾਜ਼ਾ ਮਹਿਸੂਸ ਕਰਦਾ ਹੈ ਅਤੇ ਫਜ਼ਰ ਹੁੰਦਿਆਂ ਸਾਰ ਆਪਣੇ ਸਫ਼ਰ 'ਤੇ ਰਵਾਨਾ ਹੋ ਜਾਂਦਾ ਹੈ।

ਮਸੀਤ ਵਿਚ ਦੁਆ ਕਰਨ ਦਾ ਅਸਰ ਹੈ ਕਿ ਤਰੋ-ਤਾਜ਼ਾ ਸਫ਼ਰ 'ਤੇ ਤੁਰਦੇ ਹੋਏ ਨੂੰ ਪੰਜ ਪੀਰ ਆ ਮਿਲਦੇ ਹਨ। ਅਨੁਮਾਨ ਹੋ ਸਕਦਾ ਹੈ ਕਿ ਜਿਸ ਦੀਨ ਨੂੰ ਮੁੱਲਾ ਮੰਨਦਾ ਹੈ, ਉਸ ਨਾਲ ਪੰਜ ਪੀਰਾਂ ਦੀ ਪੂਰੀ ਸਹਿਮਤੀ ਹੈ। ਇਸ ਸਹਿਮਤੀ ਦਾ ਪ੍ਰਮਾਣ ਹੀ ਹੈ ਕਿ ਪੰਜ ਪੀਰ ਰਾਂਝੇ ਨੂੰ ਹੀਰ ਬਖ਼ਸ਼ ਦਿੰਦੇ ਹਨ ਜਿਸ ਕਾਰਨ ਉਹ ਐਨਾ ਨਿਹਾਲ ਹੋ ਜਾਂਦਾ ਹੈ ਕਿ ਆਪਣੇ ਚੋਲੇ ਵਿਚ ਸਮਾਉਣਾ ਵੀ ਉਸ ਨੂੰ ਔਖਾ ਅਨੁਭਵ ਹੁੰਦਾ ਹੈ। ਇਹ ਔਖ ਪਰ ਆਨੰਦ ਦੀ ਸੂਚਕ ਵੀ ਹੈ ਜਿਸ ਨੂੰ ਗੁਰਬਾਣੀ ਵਿਚ ਕੇਂਦਰੀ ਮਹੱਤਵ ਪ੍ਰਾਪਤ ਹੈ। ਆਨੰਦ ਦਾ ਅਨੁਭਵ ਹੀ ਉਸ ਲਈ ਓਪਰਾ ਨਹੀਂ ਜਿਸ ਨੂੰ ਇਸ ਤਰ੍ਹਾਂ ਮਹਿਸੂਸ ਕਰਨਾ, ਉਸ ਨੂੰ ਓਪਰਾ ਅਨੁਭਵ ਨਹੀਂ ਹੁੰਦਾ :

*ਪੰਜਾਂ ਪੀਰਾਂ ਨੇ ਰਾਂਝੇ ਨੂੰ ਹੀਰ ਬਖ਼ਸ਼ੀ, ਚੋਲੇ ਵਿਚ ਨਾ ਮੂਲ ਸਮਾਉਂਦਾ ਈ।*
*ਮੁਕਬਲਾ ਸਤਿਗੁਰ ਪੁਰਖ ਦਿਆਲ ਮੇਰਾ, ਕੁਲ ਖਲਕ ਦੀ ਆਸ ਪਜਾਉਂਦਾ ਈ।*

ਏਥੇ ਇਹ ਅਨੁਮਾਨ ਲਾਉਣਾ ਬੇਅਰਥ ਨਹੀਂ ਹੋਵੇਗਾ ਕਿ ਕਿੱਸਾਕਾਰ ਦੀ ਬਿਰਤੀ ਵਿਚ ਮੁਸਲਮਾਨੀ ਰਾਜ ਦਾ ਪ੍ਰਤੀਬਿੰਬ ਅੱਲ੍ਹਾ ਜਿਸ ਦੀ ਰਜ਼ਾ ਵਿਚ ਮਸੀਤ ਦਾ ਮੁੱਲਾ ਨੇਕੀ ਕਰਦਾ ਹੈ, ਪੰਜ ਪੀਰਾਂ ਦੀ ਦੁਆ ਨੂੰ ਕਬੂਲ ਕਰਨ ਵਾਲਾ ਨਬੀ ਰਸੂਲ ਅਤੇ ਗੁਰਬਾਣੀ ਵਿਚ ਪੁੰਜ ਮੰਨਿਆ ਜਾਂਦਾ ਸਤਿਗੁਰੂ, ਸਮਾਨ ਹਨ। ਜਿਸ ਬਹੁ-ਭਾਵੀ ਟੱਕਰ ਦਾ, ਉਸ ਮੋੜ 'ਤੇ ਪੰਜਾਬ ਧਰਾਤਲ ਬਣ ਰਿਹਾ ਸੀ, ਉਸ ਅਨੁਸਾਰ ਤਾਂ ਤਿੰਨਾਂ ਨੂੰ ਇਕ ਦੂਜੇ ਨਾਲੋਂ ਕਿਵੇਂ ਤਸੱਵੁਰ ਕਰਨਾ ਯੋਗ ਸੀ। ਤਿੰਨਾਂ ਵਿਚ ਸਮਾਨਤਾ ਦਾ ਪੱਖ ਪੂਰ ਕੇ, ਕਿੱਸਾਕਾਰ ਆਪਣੇ ਹਿਰਦੇ ਵਿਚ ਘਰ ਕਰ ਗਈ, ਮਾਨਵੀ ਹਮਦਰਦੀ ਦਾ ਪੱਖ ਪੂਰ ਰਿਹਾ ਸੀ। ਇਸੇ ਕਾਰਨ ਇਕ ਪਲ ਰਾਂਝੇ ਨੂੰ ਕੁੱਲ ਦੁੱਖਾਂ, ਕਲੇਸ਼ਾਂ ਅਤੇ ਕਸ਼ਟਾਂ ਦਾ ਭਾਗੀ ਦਰਸਾ ਕੇ, ਦੂਜੇ ਪਲ ਉਸ ਨੂੰ ਆਪਣੇ ਆਸ਼ੇ ਨੂੰ ਪ੍ਰਤੀਬੱਧ ਦੱਸ ਕੇ ਇਸ ਨੂੰ ਪਾ ਲੈਣ ਲਈ ਦ੍ਰਿੜ ਦਿਖਾ ਦਿੰਦਾ ਹੈ। ਅੱਲਾ ਨੂੰ ਉਸ 'ਤੇ ਤੁਠਾ ਦਰਸਾ ਕੇ ਅਤੇ ਪੰਜ ਪੀਰਾਂ ਦੀ ਉਸ ਨਾਲ ਪੂਰੀ ਸਾਂਝ ਪੁਆ ਕੇ ਜਿਸ ਦੇ ਪ੍ਰਮਾਣ ਵਜੋਂ ਉਹ ਉਸ ਨਾਲ ਬੈਠ ਕੇ ਭੋਜਨ ਵੀ ਖਾਂਦੇ ਹਨ, ਕਿੱਸਾਕਾਰ ਲੁੱਡਣ ਨੂੰ ਸੀਲ ਦਰਸਾਣ ਵਿਚ ਕੋਈ ਕਸਰ ਨਹੀਂ ਛੱਡਦਾ। ਫਲਸਰੂਪ ਹੀਰ ਲਈ ਸੰਵਰੀ ਸਜਾਈ ਬੇੜੀ ਵਿਚ ਰਾਂਝੇ ਦਾ ਲੇਟ ਜਾਣਾ ਕੁਦਰਤੀ ਹੋ ਨਿਬੜਦਾ ਹੈ। ਇਸ ਨੂੰ ਜਿਵੇਂ ਹੁਣ ਤਕ ਰਾਂਝਾ ਬਿਰਹਾ ਵਿਚ ਤੜਪਦਾ ਆਇਆ ਹੈ ਅਤੇ ਗ਼ੈਬੀ ਮਿਹਰ ਸਦਕਾ ਆਨੰਦ ਦਾ ਪੂਰ ਸਮਝਣ ਵਿਚ ਵੀ ਨਹੀਂ ਝਕਿਆ, ਉਸ ਨੂੰ ਹੇਠਲੇ ਬੰਦ ਵਿਚ ਪ੍ਰਗਟ ਕਰਦਾ ਉਹ ਆਪੇ ਤੋਂ ਬਾਹਰ ਹੋਇਆ ਲੱਗਦਾ ਹੈ :

*ਰਾਂਝੇ ਜੀਅ ਦੇ ਵਿਚ ਤਜਵੀਜ਼ ਕੀਤੀ, ਕਿਵੇਂ ਹੀਰ ਦਾ ਪਲੰਘ ਲਤਾੜੀਏ ਜੀ।*
*ਹੀਰ ਮਿਲੇ ਤਾਂ ਸ਼ੁਕਰ ਬਜਾ ਲਿਆਈਏ, ਹਾਵੇ ਨਾਲ ਰਕੀਬ ਨੂੰ ਸਾੜੀਏ ਜੀ।*

ਆਪਣੀ ਗਹਿਰ-ਗੰਭੀਰ ਸੰਵੇਦਨਾ ਨੂੰ ਪ੍ਰਚੱਲਿਤ ਰਵਾਇਤ ਤੇ ਕੁਰਬਾਨ ਕਰਕੇ ਕਿੱਸਾਕਾਰ ਦਿਖਾਉਂਦਾ ਹੈ ਕਿ ਰਾਂਝੇ

ਤੋਂ ਛਾਪ ਦੀ ਰਿਸ਼ਵਤ ਲੈ ਕੇ ਲੁੱਡਣ ਉਸ ਨੂੰ ਹਵਸਨੁਮਾ ਆਪਣੀ ਕਾਮਨਾ ਪੂਰੀ ਕਰਨ ਦਾ ਅਵਸਰ ਦੇ ਦਿੰਦਾ ਹੈ। ਪਲੰਘ 'ਤੇ ਲੇਟ ਕੇ ਉਹ ਐਸੀ ਝੋਕ ਲਾਉਂਦਾ ਹੈ ਕਿ ਦੋ ਪਹਿਰ ਉਸ ਨੂੰ ਕੋਈ ਖ਼ਬਰ ਨਹੀਂ ਰਹਿੰਦੀ। ਨੀਂਦ-ਵਿਗੁੱਤਾ ਉਹ ਆਨੰਦ ਨਾਲ ਬੇਸੁੱਧ ਹੋਇਆ ਪਲੰਘ 'ਤੇ ਲੇਟਿਆ ਰਹਿੰਦਾ ਹੈ। ਇਸ ਪੜਾਅ 'ਤੇ ਹੀਰ ਤਿੰਨ ਸੌ ਸੱਠ ਸਹੇਲੀਆਂ ਨਾਲ ਆ ਪਹੁੰਚਦੀ ਹੈ ਅਤੇ ਅਜਨਬੀ ਨੂੰ ਆਪਣੇ ਪਲੰਘ 'ਤੇ ਲੇਟਿਆ ਦੇਖ ਤੈਸ਼ ਵਿਚ ਆ ਜਾਂਦੀ ਹੈ। "ਲੱਤਾਂ, ਮੁੱਕੀਆਂ, ਸੋਟੜੇ" ਮਾਰ ਮਾਰ ਉਹ ਸਾਰੀਆਂ ਰਲ ਕੇ ਲੁੱਡਣ ਨੂੰ ਬੇਸੁੱਧ ਕਰ ਦਿੰਦੀਆਂ ਹਨ। ਏਥੇ ਹੀ ਕਿੱਸਾਕਾਰ ਆਪਣੀ ਗਹਿਰ-ਗੰਭੀਰ ਸੰਵੇਦਨਾ ਨੂੰ ਪ੍ਰਚੱਲਿਤ ਰਵਾਇਤ 'ਤੇ ਕੁਰਬਾਨ ਕਰ ਦਿੰਦਾ ਹੈ। ਕਾਰਨ ਇਸ ਦਾ ਇਹ ਹੈ ਕਿ ਜਿਸ ਤਰ੍ਹਾਂ ਸੰਜੀਦਾ, ਸਹਿਜ ਭਰਪੂਰ ਅਤੇ ਗੰਭੀਰ ਉਹ ਹੀਰ ਨੂੰ ਕੁਝ ਸਤਰਾਂ ਪਹਿਲਾਂ ਦਿਖਾ ਚੁੱਕਾ ਹੈ, ਉਸ ਨਾਲ ਇਹ ਉਸ ਦਾ ਵਿਹਾਰ ਮੇਲ ਨਹੀਂ ਖਾਂਦਾ। ਪਹਿਲੀਆਂ ਸਤਰਾਂ ਵਿਚ ਤਾਂ 'ਫਕਰ ਗਰੀਬ ਦੀ ਖਿਦਮਤ" ਕਰਨ ਵਾਲੀ ਉਹ "ਅਸਲ, ਅਸੀਲ ਕੁਆਰੀ" ਹੈ। ਇਸ ਤੋਂ ਵੀ ਅਗਾਂਹ—

*ਕਰੇ ਫਕਰ ਗਰੀਬ ਦੀ ਖਿਦਮਤ ਉਹ, ਅਸਲ ਅਸੀਲ ਜੋ ਅਜੇ ਕੁਆਰੀ।*
*ਦਿਨੇ ਪੜ੍ਹੇ ਕੁਰਾਨ ਤੇ ਰੱਖੇ ਰੋਜ਼ੇ, ਖੜੀ ਨਫਲ ਗੁਜ਼ਾਰਦੀ ਰਾਤ ਸਾਰੀ।*

ਜੇ ਇਸ ਅਨੁਸਾਰ ਉਸ ਦਾ ਪਹਿਲਾਂ ਵਾਲਾ ਵਿਹਾਰ ਮੰਨਣਯੋਗ ਨਹੀਂ ਤਾਂ ਇਸ ਦੇ ਨਤੀਜੇ ਵਜੋਂ ਉਸ ਦਾ ਨਿਚਲਾ ਵਿਹਾਰ ਭਰੋਸੇਯੋਗ ਪ੍ਰਤੀਤ ਹੁੰਦਾ ਹੈ :

*ਹੁਸਨ ਰਾਂਝੇ ਦਾ ਦੇਖ ਮੁਸ਼ਤਾਕ ਹੋਈ, ਗੱਲ ਨਹੀਂ ਸੁ ਆਂਵਦੀ ਕਾਇ ਮੀਆਂ।*
*ਅਚਨ ਚੇਤੜੀ ਚੁੱਪ ਚੁਪਾਤੜੀ ਨੂੰ ਚੋਲੇ ਹੀਰ ਸਿਆਲ ਦੇ ਚਿਣਗ ਪਾਈ।*
*ਚਾਹ ਬ੍ਰਿਹੋਂ ਦੀ ਹੀਰ ਨੂੰ ਲੱਗੀ ਡਾਢੀ, ਸੁੱਧ ਬੁੱਧ ਜਹਾਨ ਦੀ ਭੁੱਲ ਗਈ।*
*ਜੋ ਕੁਝ ਹੀਰ ਦੇ ਪਾਸ ਬਸਾਤ ਆਹੀ, ਪਾਪੀ ਬ੍ਰਿਹੋਂ ਨੇ ਬੰਨ੍ਹ ਕੇ ਲੁੱਟ ਲਈ।*

ਜਿਉਂ ਹੀ ਉਸ ਦੇ ਮਨ 'ਤੇ ਇਹ ਸੱਚਾਈ ਤਾਰਿਦ ਹੁੰਦੀ ਹੈ, ਹੀਰ ਸਹੇਲੀਆਂ ਨੂੰ ਸਭ ਕੁਝ ਦੱਸ ਦਿੰਦੀ ਹੈ। ਉਨ੍ਹਾਂ ਨੂੰ ਇਹ ਘੜੀ ਸੁਲੱਖਣੀ ਲੱਗ ਪੈਂਦੀ ਹੈ। ਪੰਜ ਪੀਰ ਵੀ ਰਾਂਝੇ ਦੇ ਯਾਦ ਕਰਨ 'ਤੇ ਆ ਬਹੁੜਦੇ ਹਨ। ਦੋਨਾਂ ਦਾ ਨਿਕਾਹ ਪੜ੍ਹਾ ਕੇ, ਲੋੜੀਂਦੀਆਂ ਨਸੀਹਤਾਂ ਦੇ ਕੇ ਵਿਦਾ ਹੁੰਦੇ ਹਨ ਪਰ ਦੋਨਾਂ ਪ੍ਰੇਮੀਆਂ ਨੂੰ ਕੋਈ ਅਜੇਹਾ ਪ੍ਰਬੰਧ ਕਰਨ ਦੇ ਆਹੁਰ ਵਿਚ ਪਾ ਜਾਂਦੇ ਹਨ ਤਾਂ ਜੋ ਉਹ ਸਦਾ ਇਕ ਦੂਜੇ ਦਾ ਸਾਥ ਮਾਣ ਸਕਣ। ਜਿਸ ਆਹੁਰ ਦਾ ਹੀਰ ਨੂੰ ਸੁਤੇ-ਸਿੱਧ ਖ਼ਿਆਲ ਆ ਸਕਦਾ ਹੈ ਉਹ ਹੈ ਰਾਂਝੇ ਨੂੰ ਮੱਝੀਆਂ ਚਾਰਣ 'ਤੇ ਰੱਖ ਲੈਣਾ ਜੋ ਚੂਚਕ ਨੂੰ ਬੜੀ ਯੋਗ ਗੱਲ ਪ੍ਰਤੀਤ ਹੁੰਦੀ ਹੈ।

ਪ੍ਰੇਮੀਆਂ ਲਈ ਤਾਂ ਸ਼ੁਭ ਸ਼ਗਨ ਹੈ ਪਰੰਤੂ ਜਲਦੀ ਹੀ ਇਸ 'ਤੇ ਕੁਸ਼ਗਨ ਵਜੋਂ ਵਾਰ ਹੋਣੇ ਆਰੰਭ ਹੋ ਜਾਂਦੇ ਹਨ। ਦੂਰੀਆਂ ਲੱਗਣ ਲੱਗ ਪੈਂਦੀਆਂ ਹਨ ਕਿ ਉਹ ਕੱਛੇ ਤਾਂ ਕੁਰਾਨ ਮਾਰ ਰੱਖਦੀ ਹੈ ਪਰ ਬੇਲੇ ਵਿਚ ਚਾਕ ਨਾਲ ਕਲੋਲਾਂ ਕਰਦੀ ਨਹੀਂ ਥੱਕਦੀ। ਮਾਂ ਇਨ੍ਹਾਂ ਦੂਤੀਆਂ ਨੂੰ ਸੁਣ ਕੇ ਪਰੇਸ਼ਾਨ ਹੀ ਨਹੀਂ, ਪਸ਼ੇਮਾਨ ਵੀ ਹੋ ਜਾਂਦੀ ਹੈ। ਜੇ ਉਸ ਦੀ ਲਾਡਲੀ ਧੀ ਆਪਣਾ ਵਿਹਾਰ ਨਹੀਂ ਬਦਲਦੀ ਤਾਂ ਰਾਂਝੇ ਨੂੰ ਚਾਕਰੀ ਤੋਂ ਹਟਾ ਦੇਣ ਦਾ ਡਰਾਵਾ ਦਿੰਦੀ ਹੈ :

*ਬਦਲੇ ਚਾਕ ਦੇ ਰੱਖਸਾਂ ਹੋਰ ਕਾਮਾ, ਸੁੰਞਾ ਚਾਕ ਹੈ ਨੱਢੀ ਦੇ ਨਾਲ ਰੱਤਾ।*

ਇਸ ਫ਼ੈਸਲੇ ਨੂੰ ਅਮੋੜ ਸਿੱਧ ਕਰਨ ਲਈ ਕੈਦੋਂ ਵੀ ਆ ਪਹੁੰਚਦਾ ਹੈ। ਭੋਲੇ ਭਾਲੇ ਰਾਂਝੇ ਤੋਂ ਚੂਰੀ ਲੈਣ ਵਿਚ ਸਫ਼ਲ ਉਹ ਘਰ ਵੱਲ ਬਹੁੜਦਾ ਹੈ ਪਰ ਰਾਹ ਵਿਚ ਹੀ ਹੀਰ ਤੋਂ ਧੌਲ ਧੱਫਾ ਹੋ ਕੇ ਬੇਜ਼ਾਰ ਹੋਇਆ ਖ਼ੁਦ ਨੂੰ ਜ਼ਖ਼ਮੀ ਕਰਕੇ, ਬਲਦੀ 'ਤੇ ਤੇਲ ਪਾਉਣ ਵਿਚ ਸਫਲ ਹੋ ਜਾਂਦਾ ਹੈ। ਇਸ ਮੋੜ 'ਤੇ ਪਹੁੰਚ ਹੀਰ ਲਈ ਵਰ ਲੱਭਣਾ ਅਮੋੜ ਹੋ ਜਾਂਦਾ ਹੈ ਜਿਸ ਦਾ ਕਾਜ਼ੀ ਦੇ ਕਹਿਣ 'ਤੇ ਗੁਣਾ ਖੇੜਿਆਂ ਦੇ ਪੈ ਜਾਂਦਾ ਹੈ। ਰੋਹ ਨਾਲ ਉਬਲਦੀ ਹੀਰ ਦਾ ਕੁੱਲ ਕਹਿਰ ਮਾਂ 'ਤੇ ਝੁੱਲਦਾ ਹੈ ਜਿਸ ਨੂੰ ਨਿਚਲਾ ਮਿਹਣਾ ਦੇਣ ਤੋਂ ਵਧੇਰੇ ਹੋਰ ਕਿਸੇ ਤਰ੍ਹਾਂ ਜਿੱਚ ਨਹੀਂ ਸੀ ਕੀਤਾ ਜਾ ਸਕਦਾ :

*ਦੂਜਾ ਖਸਮ ਦੇਵੇਂ ਨੱਢੀ ਆਪਣੀ ਨੂੰ, ਤੇਰੇ ਇਹ ਕੀ ਜੀਉ ਵਿਚ ਆਇਆ ਈ।*

ਬੇਬਸੀ ਨਾਲ ਓਤਪੋਤ ਹਿਰਖ ਵਿਚ ਉਬਲਦਾ ਰਾਂਝਾ, ਇਹੋ ਮਹਿਸੂਸ ਕਰ ਸਕਦਾ ਹੈ ਕਿ "ਬਾਝ ਮਲਾਮਤਾਂ ਆਸ਼ਕਾਂ, ਮਜ਼ਾ ਇਸ਼ਕ ਦਾ ਮੂਲ ਨਾ ਆਂਵਦਾ ਈ।" ਹੀਰ ਨੂੰ ਮਿਹਣੇ ਮਾਰਨ ਵਿਚੋਂ ਵੀ ਉਸ ਨੂੰ ਸੁਆਦ ਆਉਣ ਲੱਗ ਜਾਂਦਾ ਹੈ। ਨਹੀਂ ਤਾਂ ਕੋਈ ਕਾਰਨ ਨਹੀਂ ਕਿ ਬਾਰਾਂ ਬਰਸ ਚਾਕਰੀ ਕਰਨ ਦਾ ਮਿਹਣਾ ਉਹ ਅਜਾਈਂ ਹੀਰ ਦੇ ਸਿਰ ਥੋਪ ਦੇਵੇ। ਭਲੇ ਮਾਂ-ਬਾਪ ਨੂੰ ਲੱਗਦਾ ਹੈ ਕਿ ਮਿਹਣੇ ਵਿਚ ਸੱਚ ਨੂੰ ਭਾਵੇਂ ਵਧਾ-ਚੜ੍ਹਾ ਕੇ ਕਿਹਾ ਗਿਆ ਪਰ ਇਸ ਦਾ ਥੋੜ੍ਹਾ ਬਹੁਤ ਅਹਿਸਾਨ ਵੀ ਨਾਂਹ ਮੰਨਣਾ ਉਨ੍ਹਾਂ ਨੂੰ ਸੋਭਦਾ ਨਹੀਂ। ਸੋ ਚਾਕਰੀ ਉਸ ਦੀ ਕਾਇਮ ਰਹਿੰਦੀ ਹੈ ਜੋ ਹੀਰ ਨੂੰ ਆਪਣੇ ਨਿਰਣੇ 'ਤੇ ਹੋਰ ਵੀ ਦ੍ਰਿੜ੍ਹ ਬਣੀ ਰਹਿਣ ਦਾ ਅਵਸਰ ਪ੍ਰਦਾਨ ਕਰ ਦਿੰਦੀ ਹੈ। ਏਥੋਂ ਤਕ ਜਿਸ ਦ੍ਰਿੜ੍ਹਤਾ ਨਾਲ ਗੁਰੂ ਗੋਬਿੰਦ ਸਿੰਘ ਨੇ ਘੋਰ ਭੀੜ ਪੈਣ ਤੇ ਅਕਾਲ ਪੁਰਖ ਨਾਲ ਜੁੜੇ ਰਹਿਣ ਦਾ ਪ੍ਰਣ ਦੁਹਰਾਇਆ, ਉਸੇ ਦੀ ਗੂੰਜ ਨੂੰ ਦੁਹਰਾਂਦਾ ਹੀਰ ਦਾ

ਨਿਰਣਾ ਇਸ ਤਰ੍ਹਾਂ ਉਸ ਦੀ ਜ਼ਬਾਨ 'ਤੇ ਆ ਜਾਂਦਾ ਹੈ :

*ਸੱਥਰ ਰਾਂਝੇ ਦਾ ਲੇਫ ਨਿਹਾਲੀਆ ਨੀ, ਭਾਹ ਖੇੜਿਆਂ ਦੇ ਪਲੰਘ ਨੂੰ ਲਾਵਨੀ ਹਾਂ।*

ਉਸ ਨਾਲ ਜੋ ਮਾਰ-ਕੁੱਟ ਹੁੰਦੀ ਹੈ, ਬਾਵਜੂਦ ਇਸ ਦੇ ਉਹ ਅਡੋਲ ਰਹਿੰਦੀ ਹੈ। ਕੁਲ ਜੱਗ ਨੂੰ ਸੁਣਾਨ ਦੇ ਯਤਨ ਵਿਚ ਉਹ ਕੂਕ ਕੂਕ ਕੇ ਰਾਂਝੇ ਨਾਲ ਆਪਣਾ ਜੀਣਾ ਮਰਨਾ ਸਮਾਨ ਦਰਸਾਂਦੀ ਹੈ। ਜੇ ਉਸ ਦਾ ਭਰਾ ਸੁਲਤਾਨ ਉਸ ਦੀ ਹੱਤਿਆ ਕਰਨ ਤੋਂ ਰੁਕ ਜਾਂਦਾ ਹੈ ਤਾਂ ਕਾਰਨ ਲੋਕਾਂ ਵੱਲੋਂ ਕੀਤੀਆਂ ਮਿੰਨਤਾਂ ਹਨ। ਗਾਲ੍ਹਾਂ ਦੀ ਬੁਛਾੜ ਵੀ ਭਾਵੇਂ ਉਸ 'ਤੇ ਹੁੰਦੀ ਹੈ ਪਰ ਉਹ ਅਮੋੜ ਰਹਿੰਦੀ ਹੈ। ਠੀਕ ਹੈ ਧਿੰਙੋਜ਼ੋਰੀ ਉਸ ਦਾ ਖੇੜੇ ਨਾਲ ਨਿਕਾਹ ਕਰ ਦਿੱਤਾ ਜਾਂਦਾ ਹੈ ਪਰ ਸਹੁਰੀਂ ਪਹੁੰਚਣ ਤੋਂ ਪਹਿਲਾਂ "ਲਾਲ ਪਿਆਰੇ ਨੂੰ ਕੁੰਜ ਗੋਸ਼ੇ, ਰਾਤੀਂ ਇਕਸੇ ਸੇਜ ਸਲਾਵਸਾਂ ਮੈਂ" ਵਾਲਾ ਹਠ ਵੀ ਪੂਰਾ ਕਰ ਲੈਂਦੀ ਹੈ। ਜੇ ਰਾਂਝਾ ਫੇਰ ਵੀ ਤੁਹਮਤਾਂ ਲਾਉਣ ਤੋਂ ਨਹੀਂ ਰੁਕਦਾ, ਰੰਨਾਂ ਦੀ ਬੇਵਫ਼ਾਈ ਨੂੰ ਠੋਕ ਵਜਾ ਕੇ ਦੇਖਣ ਦਾ ਦਾਅਵਾ ਕਰਦਾ ਹੈ ਤਾਂ ਇਹ ਕਿੰਨਾ ਨਿਰਮੂਲ ਹੈ, ਇਸ ਦਾ ਅਨੁਮਾਨ ਵੀ ਲਗਾਇਆ ਨਹੀਂ ਜਾ ਸਕਦਾ।

ਨੇਤਰਹੀਣ ਕਿੱਸਾਕਾਰ ਦੀ ਦਿੱਬ-ਦ੍ਰਿਸ਼ਟੀ ਨੂੰ ਭਲੀਭਾਂਤ ਦਿਸਦਾ ਹੈ ਕਿ ਇਹ ਅਨਿਆਂ ਵਰਤਾਣ ਵੇਲੇ ਮਾਪਿਆਂ ਵਲੋਂ ਲਾਡ ਪਿਆਰ ਨੂੰ ਤਿਲਾਂਜਲੀ ਦੇ ਦਿੱਤੀ ਜਾਂਦੀ ਹੈ, ਭਰਾ ਹੱਤਿਆ 'ਤੇ ਉਤਰ ਆਉਂਦਾ ਹੈ, ਕਾਜ਼ੀ ਹੀਰ ਦੇ ਦਾਅਵਿਆਂ ਅੱਗੇ ਨਿਰੁੱਤਰ ਹੋ, ਰਿਸ਼ਵਤ ਲੈ ਕੇ ਖੇੜੇ ਨਾਲ ਨਿਕਾਹ ਕਰਵਾ ਦਿੰਦਾ ਹੈ। ਇਸ਼ਕ ਹਕੀਕੀ ਨਾਲ ਸੱਚਮੁੱਚ ਹੀ ਸੁਧਾ ਧੱਕਾ ਹੈ, ਹੀਰ ਦਾ ਦਾਅਵਾ ਇਸ ਪ੍ਰਕਾਰ ਹੈ :

*ਸਾਨੂੰ ਇਸ਼ਕ ਮਿਜਾਜ਼ੀ ਦੀ ਚਾਟ ਨਾਹੀ, ਮੌਲਾ ਜਾਣਦਾ ਇਸ਼ਕ ਹੈ ਪਾਕ ਮੇਰਾ।*


ਵਾਸਤਵ ਅਜੇਹੀ ਪ੍ਰਤੀਬੱਧਤਾ ਨੂੰ ਪ੍ਰਣਾਇਆ ਇਸ਼ਕ ਹਕੀਕੀ ਜੇ ਮਿਜ਼ਾਜੀ ਮੇਲ ਤੋਂ ਤੌਬਾ ਕਰੀ ਨਹੀਂ ਰੱਖਦਾ ਤਾਂ ਇਸ ਨੂੰ ਕੋਈ ਔਗੁਣ ਜਾਂ ਖੋਟ ਨਹੀਂ ਆਖਿਆ ਜਾ ਸਕਦਾ। ਚੇਤੰਨ ਰੂਪ ਵਿਚ ਕਿੱਸਾਕਾਰ ਦੀ ਭਾਵੇਂ ਇਸ ਨਾਲ ਸਹਿਮਤੀ ਨਹੀਂ ਪਰੰਤੂ ਕਿੱਸੇ ਵਿਚੋਂ ਅਜਿਹੀਆਂ ਅਕਾਂਖਿਆਵਾਂ ਦੀ ਭਿਣਕ ਪੈ ਜਾਂਦੀ ਹੈ। ਉਨ੍ਹਾਂ ਸਦਕਾ ਇਸ ਦੀ ਕਾਵਿ-ਭਾਸ਼ਾ ਅਤੇ ਤੋਲ-ਤੁਕਾਂਤ ਨੂੰ ਉਹ ਨਿਖਾਰ ਮਿਲਿਆ ਰਹਿੰਦਾ ਹੈ ਜਿਸ ਵਿਚੋਂ ਸਲੀਕਾ ਡੁੱਲ੍ਹ-ਡੁੱਲ੍ਹ ਪੈਂਦਾ ਹੈ। ਸੰਤ ਸਿੰਘ ਸੇਖੋਂ ਦੇ ਕਹਿਣ ਅਨੁਸਾਰ :

> "ਮੁਕਬਲ ਦਾ ਛੰਦ ਉਤੇ ਕਾਬੂ ਅਰ ਬੋਲੀ ਦੀ ਠੁੱਕ, ਵਾਰਿਸ ਸ਼ਾਹ ਨਾਲੋਂ ਜੇ ਕੁਝ ਵਧੇਰੇ ਨਹੀਂ ਤਾਂ ਘੱਟ ਕਿਸੇ ਹਾਲਤ ਵਿਚ ਵੀ ਨਹੀਂ। ਮੁਕਬਲ ਦੀ ਬੋਲੀ ਇਤਨੀ ਸਰਲ ਹੈ ਜਿਵੇਂ ਕੋਈ ਅੱਜ ਕੱਲ੍ਹ ਲਿਖ ਰਿਹਾ ਹੋਵੇ। ਫ਼ਾਰਸੀ ਸ਼ਬਦ ਇਸ ਵਿਚ ਮਿਲਦੇ ਹਨ ਪਰ ਵਾਰਿਸ ਆਦਿ ਹੋਰ ਮੁਸਲਮਾਨ ਕਵੀਆਂ ਨਾਲੋਂ ਬਹੁਤ ਘੱਟ। ਵਾਰਿਸ ਵਾਕੁਰ ਸ਼ਬਦਾਂ ਦੀ ਮੋੜ ਤੋੜ ਵੀ ਮੁਕਬਲ ਵਿਚ ਘੱਟ ਹੈ।"

ਇਸ ਕਥਨ ਨਾਲ ਕਿਸੇ ਮਤਭੇਦ ਦੀ ਗੁੰਜਾਇਸ਼ ਨਹੀਂ। ਇਸ ਦੇ ਬਾਵਜੂਦ ਆਰੰਭ ਵਿਚ ਧਾਰਨਾ ਪੇਸ਼ ਹੈ ਕਿ ਦਮੋਦਰ ਅਤੇ ਮੁਕਬਲ ਦੇ ਬੰਦਾਂ ਨੂੰ ਉਸ ਤਰ੍ਹਾਂ ਪੰਜਾਬ ਵਾਸੀਆਂ ਦੇ ਮਨਾਂ ਵਿਚ ਸਮਾਉਣ ਅਤੇ ਲਬਾਂ 'ਤੇ ਟਪਕਣ ਦਾ ਅਵਸਰ ਨਹੀਂ ਮਿਲਿਆ ਜੋ ਹੀਰ ਵਾਰਿਸ ਸ਼ਾਹ ਦੇ ਹਿੱਸੇ ਆਇਆ ਹੈ। ਇਸ ਨੂੰ ਹੋਰ ਫਰੋਲਣ ਅਤੇ ਖੋਜਣ ਦੀ ਲੋੜ ਹੈ।

ਇਹ ਫਰੋਲਾ-ਫਰਾਲੀ ਅਤੇ ਖੋਜ ਇਸ ਨਤੀਜੇ 'ਤੇ ਪਹੁੰਚਾ ਦਿੰਦੀ ਹੈ ਕਿ ਇਸ਼ਕ ਹਕੀਕੀ ਸੂਖ਼ਮ ਵਰਤਾਰਾ ਹੈ। ਇਸ ਦਾ ਦਾਅਵਾ ਵਿਸਥਾਰ ਨਾਲੋਂ ਦੁਹਰਾਉ ਨਾਲ ਵਾਸਤਾ ਰੱਖਦਾ ਹੈ। ਭਾਵੇਂ ਕਿਸੇ ਧਾਰਨਾ ਨੂੰ ਮਨ ਵਿਚ ਬਿਠਾਉਣ ਖ਼ਾਤਰ ਦੁਹਰਾਉ ਕਾਰਗਰ ਵਿਧਾ ਹੈ ਪਰੰਤੂ ਇਸ ਨਾਲ ਸੂਖ਼ਮ ਵਰਤਾਰੇ ਦੀਆਂ ਲੋਪ ਪਰਤਾਂ ਲੁਪਤ ਹੀ ਰਹਿੰਦੀਆਂ ਹਨ। ਪ੍ਰਮਾਣ ਸਰੂਪ ਦੁਹਰਾਉ ਦਾ ਅਕਰਮਕ ਹੋ ਨਿਬੜਨਾ ਸੁਭਾਵਕ ਹੋ ਜਾਂਦਾ ਹੈ। ਵਿਸਥਾਰ ਸਕਰਮਕ ਕਾਰਜ ਹੈ ਜੋ ਨਵੀਆਂ ਪਰਤਾਂ ਦ੍ਰਿਸ਼ਟਮਾਨ ਕਰਨ ਦੇ ਸਮਰੱਥ ਹੁੰਦਾ ਹੈ। ਇਸ਼ਕ ਮਿਜਾਜ਼ੀ ਇਸ ਦੇ ਵਧੇਰੇ ਅਨੁਕੂਲ ਬੈਠਦਾ ਹੈ, ਇਸ ਰਾਹੀਂ ਇਸ ਦੀਆਂ ਭਾਵੁਕ ਅਤੇ ਮਨੋਭਾਵੁਕ ਪਰਤਾਂ ਉਜਾਗਰ ਹੋ ਜਾਂਦੀਆਂ ਹਨ। ਸ਼ਾਇਦ ਇਹੋ ਕਾਰਨ ਹੈ ਕਿ ਇਸ਼ਕ ਮਿਜਾਜ਼ੀ ਲਈ ਤਨ ਦੀਆਂ ਵਿਰਲਾਂ, ਇਸ ਦੇ ਉਭਾਰਾਂ, ਇਸ ਦੇ ਉਤਾਰਾਂ ਅਤੇ ਚੜ੍ਹਾਵਾਂ ਨੂੰ ਆਰੰਭਕ ਮਿਥ ਦੇ ਭਾਵੁਕ ਅਤੇ ਮਨੋਭਾਵੁਕ ਪਾਸਾਰਾਂ ਨੂੰ ਉਚਿਆਣਾ ਅਤੇ ਸੁਚਿਆਣਾ ਓਪਰਾ ਅਮਲ ਨਹੀਂ ਹੈ। ਇਸ ਦੇ ਟਾਕਰੇ ਵਿਚ ਇਸ਼ਕ ਹਕੀਕੀ ਦਾ ਨਾ ਚਾਹੁੰਦੇ ਹੋਏ ਵੀ ਇਸ ਬਿਨਾ ਗੁਜ਼ਾਰਾ ਨਹੀਂ ਹੈ। **ਹੀਰ ਵਾਰਿਸ ਸ਼ਾਹ** ਵਿਚ ਇਸ਼ਕ ਮਿਜਾਜ਼ੀ ਦੀ ਪ੍ਰਕਿਰਿਆ ਸਹਿਜ ਸੁਭਾ ਚਲਦੀ ਹੈ। ਇਸੇ ਕਾਰਨ ਇਸ ਦੇ ਅਨੇਕ ਬੰਦ ਪੰਜਾਬ ਵਾਸੀਆਂ ਨੂੰ ਕੰਠ ਹਨ। ਸੁਖ ਦੁਖ ਵਿਚ ਉਹ ਉਨ੍ਹਾਂ ਦੇ ਅੰਗ-ਸੰਗ ਹੁੰਦੇ ਹਨ।

**Mob : 9815086016 E-mail : tejwant_gill@yahoo.com**



ਤੇਜਵੰਤ ਸਿੰਘ ਗਿੱਲ




# ਬਸਤੀਵਾਦ, ਫਿਰਕਾਪ੍ਰਸਤੀ ਰਾਸ਼ਟਰਵਾਦ ਅਤੇ ਭਾਰਤੀ ਰਾਜ

ਪਰਮਿੰਦਰ ਸਿੰਘ

1947 ਤੋਂ ਬਾਅਦ ਭਿਵੰਡੀ, ਭਾਗਲਪੁਰ, ਅਯੁਧਿਆ, ਅਹਿਮਦਾਬਾਦ, ਬੰਬਈ ਅਤੇ ਹੋਰ ਅਨੇਕ ਥਾਵਾਂ 'ਤੇ ਫਿਰਕੂ ਫਸਾਦ ਹੁੰਦੇ ਰਹੇ ਹਨ । ਇਹਨਾਂ ਫਸਾਦਾਂ ਵਿਚ ਕਿਸੇ ਇਕ ਫਿਰਕੇ ਦੇ ਲੋਕਾਂ ਵਲੋਂ ਦੂਜੇ ਫਿਰਕੇ ਨਾਲ ਸੰਬੰਧਤ ਲੋਕਾਂ ਉਪਰ ਬਰਬਰਤਾ ਅਤੇ ਵਹਿਸ਼ੀਪੁਣੇ ਦੀਆਂ ਹੱਦਾਂ ਬੰਨ੍ਹੇ ਟੱਪ ਕੇ ਘਿਨਾਉਣੇ ਵਾਰ ਹੁੰਦੇ ਰਹੇ ਹਨ । ਇਹਨਾਂ ਫਸਾਦਾਂ ਨੂੰ ਭੜਕਾਉਣ ਪਿੱਛੇ ਕੰਮ ਕਰਦੇ ਕਾਰਨਾਂ ਦਾ ਅਧਿਐਨ ਕਰਦੀਆਂ ਰਿਪੋਰਟਾਂ ਵਿਚ ਫਿਰਕੂ ਵਿਚਾਰਧਾਰਾ ਨਾਲ ਲੈਸ ਅਤੇ ਇਸੇ ਕਰਕੇ ਹੀ ਹੋਂਦ ਵਿਚ ਆਈਆਂ ਆਰ. ਐਸ.ਐਸ. ਵਰਗੀਆਂ ਆਪਣੇ ਆਪ ਨੂੰ ਸਮਾਜਕ ਅਤੇ ਸਭਿਆਚਾਰਕ ਕਹਾਉਂਦੀਆਂ ਜਥੇਬੰਦੀਆਂ, ਇਹਨਾਂ ਖੇਤਰਾਂ ਵਿਚ ਸ਼ਰਾਬ ਆਦਿ ਦੇ ਨਜਾਇਜ਼ ਧੰਦੇ ਕਰਦੇ ਸਮਾਜ ਵਿਰੋਧੀ ਅਨਸਰਾਂ ਜਾਂ ਫਿਰ ਇਲਾਕਾਈ ਅਰਥ ਵਿਵਸਥਾ ਦੀਆਂ ਗੁੱਝੀਆਂ ਸੰਰਚਨਾਵਾਂ ਨੂੰ ਫਿਰਕੂ ਰੰਗਤ ਦੇਣ ਆਦਿ ਵਰਗੇ ਕਾਰਨਾਂ ਦਾ ਜ਼ਿਕਰ ਕੀਤਾ ਗਿਆ ਹੈ ਪਰ ਉਨੀ ਸੌ ਅੱਸੀਵਿਆਂ ਤੋਂ ਸ਼ੁਰੂ ਹੋਈ ਪੰਜਾਬ ਦੀ ਸਮੱਸਿਆ ਅਤੇ 1984 ਵਿਚ ਦਿੱਲੀ ਅਤੇ ਪੰਜਾਬ ਤੋਂ ਬਾਹਰਲੇ ਹੋਰਨਾਂ ਸ਼ਹਿਰਾਂ ਵਿਚ ਕੀਤੇ ਸਿੱਖਾਂ ਦੇ ਕਤਲੇਆਮ ਤੋਂ ਬਾਅਦ ਅਜਿਹੇ ਫਿਰਕੂ ਨਰਸੰਘਾਰਾਂ ਨੇ ਪੂਰੇ ਮੁਲਕ ਦੀ ਸਿਆਸਤ 'ਤੇ ਅਸਰ ਅੰਦਾਜ਼ ਹੋਣਾ ਸ਼ੁਰੂ ਕਰ ਦਿਤਾ । 1984 ਵਿਚ ਰਜੀਵ ਗਾਂਧੀ ਦੁਆਰਾ ਲੜਿਆ ਆਪਣਾ ਪਹਿਲਾ ਪਾਰਲੀਮੈਂਟਰੀ ਇਲੈਕਸ਼ਨ ਫਿਰਕੂ ਸਿਆਸਤ ਅਤੇ ਰਾਜਸੀ ਸ਼ਕਤੀ ਦੇ

ਆਪਸੀ ਰਿਸ਼ਤੇ ਦੀ ਇਕ ਠੋਸ ਗਵਾਹੀ ਹੈ । ਇਸੇ ਤਰ੍ਹਾਂ ਹੀ ਰਾਮਮੰਦਰ ਦੀ ਉਸਾਰੀ ਅਤੇ ਬਾਬਰੀ ਮਸਜਿਦ ਢਾਹੁਣ ਦੇ ਪ੍ਰਸ਼ਨ ਦੇ ਦੁਆਲੇ ਸੰਘ ਪਰਿਵਾਰ ਦੁਆਰਾ ਖੜ੍ਹੀ ਕੀਤੀ ਫਿਰਕੂ ਲਹਿਰ ਨੇ ਭਾਰਤੀ ਜਨਤਾ ਪਾਰਟੀ ਦੀ ਰਾਜਸੀ ਸ਼ਕਤੀ ਨੂੰ ਅਜਿਹਾ ਬਲ ਦਿਤਾ ਕਿ ਪਹਿਲਾਂ ਤਾਂ ਇਹ ਮੁੱਖ-ਵਿਰੋਧੀ ਧਿਰ ਵਜੋਂ ਉਭਰੀ ਅਤੇ 1997 ਵਿਚ ਕੇਂਦਰ ਅਤੇ ਉਸ ਤੋਂ ਪਹਿਲਾਂ ਉੱਤਰ ਪਰਦੇਸ਼ ਅਤੇ ਕੁਝ ਹੋਰਨਾਂ ਸੂਬਿਆਂ ਵਿਚ ਆਪਣੀਆਂ ਸਰਕਾਰਾਂ ਸਥਾਪਤ ਕਰਨ ਵਿਚ ਕਾਮਯਾਬ ਹੋ ਗਈ । ਆਪਣੀ ਇਸੇ ਕਾਮਯਾਬੀ ਨੂੰ ਦੇਖਦਿਆਂ ਸੰਘ ਪਰਵਾਰ ਨੇ ਆਪਣੀ ਫਿਰਕੂ ਸਿਆਸਤ ਦਾ ਪੱਤਾ ਮੁਲਕ ਦੇ ਵੱਖ ਵੱਖ ਹਿੱਸਿਆਂ ਵਿਚ ਖੇਡਣਾ ਜਾਰੀ ਰੱਖਿਆ। ਆਪਣੇ ਫਿਰਕੂ ਪ੍ਰਵਚਨ ਵਿਚ ਮੁਸਲਮਾਨ ਅਤੇ ਈਸਾਈ ਭਾਈਚਾਰੇ ਨੂੰ ਦੁਸ਼ਮਣ ਐਲਾਨਣ ਦੀ ਆਪਣੀ ਮੂਲ ਵਿਚਾਰਧਾਰਾ ਨੂੰ ਅਮਲ ਵਿਚ ਲਿਆ ਕੇ ਆਪਣੀਆਂ ਵਿਸ਼ਵ ਹਿੰਦੂ ਪ੍ਰੀਸ਼ਦ, ਬਜਰੰਗ ਦਲ ਅਤੇ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਵਰਗੀਆਂ ਸੰਸਥਾਵਾਂ ਰਾਹੀਂ ਪਹਿਲਾਂ ਤਾਂ ਗੁਜਰਾਤ, ਮੱਧ ਪ੍ਰਦੇਸ਼ ਅਤੇ ਉੜੀਸਾ ਆਦਿ ਵਿਚ ਈਸਾਈਆਂ ਨੂੰ ਆਪਣੇ ਫਿਰਕੂ ਹਮਲਿਆਂ ਦਾ ਸ਼ਿਕਾਰ ਬਣਾਇਆ । ਇਸ ਤੋਂ ਪਿੱਛੋਂ ਗੁਜਰਾਤ ਨੂੰ ਆਪਣੀ ਫਿਰਕੂ ਫਾਸ਼ੀ ਵਿਚਾਰਧਾਰਾ ਨੂੰ ਇਕ ਬਹੁਤ ਹੀ ਵਸੀਹ ਪੈਮਾਨੇ 'ਤੇ ਅਮਲ ਵਿਚ ਲਿਆਉਣ ਲਈ ਇਕ ਪ੍ਰਯੋਗਸ਼ਾਲਾ ਦੇ ਵਾਂਗ ਸਥਾਪਤ ਕੀਤਾ । 2002 ਵਿਚ ਗੁਜਰਾਤ ਵਿਚ ਮੁਸਲਮਾਨਾਂ ਦੇ ਅਤਿ ਭਿਆਨਕ ਅਤੇ ਵਿਆਪਕ ਕਤਲੇਆਮ ਅਤੇ ਉਸ ਤੋਂ ਬਾਅਦ ਉਥੇ ਉਸਾਰਿਆ ਗਿਆ ਮੁਸਲਿਮ ਵਿਰੋਧੀ ਮਹੌਲ ਇਸੇ ਫਿਰਕੂਫਾਸ਼ੀ ਵਿਚਾਰਧਾਰਾ ਨੂੰ ਅਮਲੀ ਜਾਮਾ ਪਹਿਨਾਉਣ ਦੀ ਭਾਰਤ ਦੇ ਇਤਿਹਾਸ ਵਿਚ ਇਕ ਸਭ ਤੋਂ ਉਘੜਵੀਂ ਮਿਸਾਲ ਹੈ । ਇਸ ਅਮਲਦਾਰੀ ਦਾ ਰਾਜਸੀ ਲਾਹਾ ਗੁਜਰਾਤ ਵਿਚ ਭਾਰਤੀ ਜਨਤਾ ਪਾਰਟੀ ਅੱਜ ਤੱਕ ਲੈ ਰਹੀ ਹੈ । ਪਿਛਲੇ ਲਗਭਗ ਪੰਦਰਾਂ ਸਾਲਾਂ ਤੋਂ ਕੇਂਦਰ ਅਤੇ ਕਈ ਰਾਜਾਂ ਵਿਚ ਕਾਂਗਰਸ ਅਤੇ ਭਾਰਤੀ ਜਨਤਾ ਪਾਰਟੀ ਦੀਆਂ ਅੱਡ ਅੱਡ ਸਰਕਾਰਾਂ ਵਲੋਂ ਮੁਸਲਿਮ ਭਾਈਚਾਰੇ ਨਾਲ ਸੰਬੰਧਤ ਨੌਜਵਾਨਾਂ ਨੂੰ ਅਤਿਵਾਦ ਨੂੰ ਖ਼ਤਮ ਕਰਨ ਦੇ ਬਹਾਨੇ ਜੇਲ੍ਹਾਂ ਵਿਚ ਸਿੱਟਣਾ, ਝੂਠੇ ਪੁਲਸ ਮੁਕਾਬਲਿਆਂ ਵਿਚ ਮਾਰ ਦੇਣਾ ਅਤੇ ਅਦਾਲਤਾਂ ਦੁਆਰਾ ਫਾਂਸੀ ਦੀਆਂ ਸਜ਼ਾਵਾਂ ਸੁਣਾਉਣਾ ਇਸੇ ਫਿਰਕੂਫਾਸ਼ੀ ਵਿਚਾਰਧਾਰਾ ਦੇ ਅਮਲ ਦਾ ਹੀ ਇਕ ਹੋਰ ਰੂਪ ਹੈ ਭਾਵੇਂ ਕਿ ਬਹੁਤ ਵਾਰੀ ਇਸ ਤੇ ਮੁਲੰਮਾ ਕਨੂੰਨ ਦਾ ਚੜ੍ਹਿਆ ਹੁੰਦਾ ਹੈ । 2013 ਤੋਂ ਲੈ ਕੇ ਇਸੇ ਫਿਰਕੂ ਫਾਸ਼ੀ ਪ੍ਰਵਚਨ ਦਾ ਮੁਲਕ ਦੀ ਰਾਜਸੀ ਫਿਜ਼ਾਅ ਵਿਚ ਸੰਚਾਰ ਹੋਰ ਤੇਜ਼ ਕਰ ਦਿਤਾ ਗਿਆ ਹੈ। ਇਸ ਵਿਚ ਗਊ ਰੱਖਿਆ ਜਾਂ ਲਵ ਜਿਹਾਦ ਜਿਹੇ ਨਾਅਰਿਆਂ ਨੂੰ ਜੋੜ ਦਿਤਾ ਗਿਆ ਹੈ। ਉਤਰ ਪ੍ਰਦੇਸ਼ ਵਿਚ ਮੁਜ਼ੱਫਰਨਗਰ ਅਤੇ ਇਸ ਦੇ ਆਸ ਪਾਸ ਦੇ ਪਿੰਡਾਂ ਵਿਚ ਕਰਵਾਏ ਮੁਸਲਿਮ ਵਿਰੋਧੀ ਦੰਗੇ ਅਤੇ ਇਸੇ ਸੂਬੇ ਦੇ ਪਿੰਡ ਬਿਸਹੜਾ (ਦਾਦਰੀ) ਵਿਖੇ ਗਊ ਦਾ ਮਾਸ ਰੱਖਣ ਦੇ ਸ਼ੱਕ ਵਿਚ ਮੁਹਮੰਦ ਅਖ਼ਲਾਕ ਦੀ ਬੇਦਰਦ ਹੱਤਿਆ, ਗਊ ਰੱਖਿਆ ਦੇ ਨਾਂ 'ਤੇ ਗਊ 'ਰੱਖਿਅਕ' ਗਰੋਹਾਂ ਵਲੋਂ ਫੈਲਾਈ ਜਾਂਦੀ ਦਹਿਸ਼ਤ ਇਸੇ ਵਿਚਾਰਧਾਰਾ ਨੂੰ ਅਮਲ ਵਿਚ ਲਿਆਉਣ ਦੀਆਂ ਅੱਜ ਕੱਲ੍ਹ ਦੀਆਂ ਉਘੜਵੀਆਂ ਮਿਸਾਲਾਂ ਹਨ । ਇਹ ਕਹਿਣਾ ਵੀ ਅਤਿਕਥਨੀ ਨਹੀਂ ਹੋਵੇਗੀ ਕਿ 2014 ਦੀਆਂ ਪਾਰਲੀਮੈਂਟਰੀ ਚੋਣਾਂ ਨਰਿੰਦਰ ਮੋਦੀ ਦੀ ਅਗਵਾਈ ਵਿਚ ਭਾਰਤੀ ਜਨਤਾ ਪਾਰਟੀ ਨੇ ਇਸੇ ਫਿਰਕੂਫਾਸ਼ੀ ਪ੍ਰਵਚਨ ਨੂੰ ਧੁਰਾ ਬਣਾ ਕੇ ਹੀ ਲੜੀਆਂ ਸਨ ਅਤੇ ਇਸ ਦੇ ਜ਼ੋਰ 'ਤੇ ਹੀ ਇਸ ਪਾਰਟੀ ਦੀ ਸਰਕਾਰ ਲੋਕਾਂ ਅੰਦਰ ਇਕ ਖ਼ਿਆਲੀ ਚੇਤਨਾ ਪੈਦਾ ਕਰਕੇ ਆਪਣੇ ਆਪ ਨੂੰ ਕਾਇਮ ਰੱਖ ਰਹੀ ਹੈ ।

ਹਿੰਦੂ ਬਹੁਗਿਣਤੀ 'ਤੇ ਆਧਾਰਤ ਫਿਰਕੂ ਫਾਸ਼ੀ ਵਿਚਾਰਧਾਰਾ ਦਾ ਇਕ ਹੋਰ ਪਹਿਲੂ ਇਸ ਦਾ ਰਾਸ਼ਟਰਵਾਦ ਨਾਲ ਬਹੁਤ ਹੀ ਘਿਉ ਖਿਚੜੀ ਵਰਗਾ ਇਕਮਿਕਤਾ ਦਾ ਸੰਬੰਧ ਹੈ । ਫਿਰਕੂ ਵਿਚਾਰਧਾਰਾ ਨੂੰ ਹਮੇਸ਼ਾ ਹੀ ਭਾਰਤੀ ਰਾਸ਼ਟਰ ਦੀ ਹੋਂਦ ਨਾਲ ਸੰਬੰਧਤ ਕਰਕੇ ਜਾਇਜ਼ ਠਹਿਰਾਇਆ ਜਾਂਦਾ ਹੈ । ਇਸ ਦੀ ਹੋਂਦ ਦਾ ਕਾਰਨ ਹੀ ਇਸ ਦੁਆਰਾ ਚਿਤਵੇ ਹੋਏ ਰਾਸ਼ਟਰਵਾਦ ਦੇ ਸੰਕਲਪ ਵਿਚ ਦੇਖਿਆ ਜਾਂਦਾ ਹੈ । ਫਿਰਕੂ ਵਿਚਾਰਧਾਰਾ ਅਤੇ ਇਸ ਦੇ ਅਨੁਸਾਰ ਹੀ ਹੋਂਦ ਵਿਚ ਆਏ ਰਾਸ਼ਟਰਵਾਦ ਦੇ ਆਪਸੀ ਇਕਮਿਕਤਾ ਵਾਲੇ ਸੰਬੰਧਾਂ ਕਰਕੇ ਹੀ ਇਸ ਵਿਚਾਰਧਾਰਾ ਨੂੰ ਆਪਣੀ ਹੋਂਦ ਨੂੰ ਜਾਇਜ਼ ਠਹਿਰਾਉਣ ਦਾ ਬਹਾਨਾ ਮਿਲ ਜਾਂਦਾ ਹੈ ਪਰ ਇਸ ਇਕਮਿਕਤਾ ਦੇ ਰਿਸ਼ਤੇ ਦੇ ਬਾਵਜੂਦ ਇਸ ਅੰਦਰ ਪਈ ਕਿਸੇ ਦੂਜੇ ਫਿਰਕੇ ਪ੍ਰਤੀ ਦੁਸ਼ਮਣਾਨਾ ਨਫ਼ਰਤ ਅਤੇ ਲੋਕ ਵਿਰੋਧੀ ਹਿੰਸਾ ਨੂੰ ਕਿਸੇ ਵੀ ਤਰ੍ਹਾਂ ਘਟਾ ਕੇ ਨਹੀਂ ਦੇਖਿਆ ਜਾ ਸਕਦਾ । ਫਿਰਕੂ ਵਿਚਾਰਧਾਰਾ ਅਤੇ ਇਸ ਵਿਚੋਂ ਉਪਜੇ ਰਾਸ਼ਟਰਵਾਦ ਨੇ ਹਮੇਸ਼ਾ ਹੀ ਸਮਾਜ ਵਿਚ ਲੋਕਾਈ ਵਾਸਤੇ ਦਹਿਸ਼ਤ ਦਾ ਅਤੇ ਗਲ ਘੋਟੂ ਮਹੌਲ ਹੀ ਸਿਰਜਿਆ ਹੈ। ਕੁਝ ਇਹੋ ਜਿਹੇ ਮਹੌਲ ਨਾਲ ਹੀ ਸਾਡੇ ਲੋਕਾਂ ਨੂੰ ਖ਼ਾਸ ਤੌਰ 'ਤੇ ਪਿਛਲੇ ਢਾਈ ਕੁ ਸਾਲਾਂ ਤੋਂ ਦੋ ਚਾਰ ਹੋਣਾ ਪੈ ਰਿਹਾ ਹੈ ।ਦਹਿਸ਼ਤ ਨਾਲ ਲਬਰੇਜ਼ ਇਸ ਮਹੌਲ ਦੇ ਖ਼ਿਲਾਫ ਅਵਾਜ਼ ਉਠਾ ਕੇ ਇਸ ਨੂੰ ਜੜ੍ਹੋਂ ਉਖਾੜਨ ਦੀ ਲੋੜ ਅਜ ਦੇ ਸਮੇਂ ਵਿਚ ਬਹੁਤ ਮਹੱਤਵ ਰਖਦੀ ਹੈ ਪਰ ਅਜਿਹਾ ਇਸ ਫਿਰਕੂ ਵਿਚਾਰਧਾਰਾ ਅਤੇ ਰਾਸ਼ਟਰਵਾਦ ਨਾਲ ਇਸ ਦੀ ਅੰਤਰ ਸੰਬੰਧਤਾ ਦੇ ਅਸਲ ਮੂਲ ਨੂੰ ਸਮਝਣ ਤੋਂ ਬਗੈਰ ਨਹੀਂ ਕੀਤਾ ਜਾ ਸਕਦਾ ।

## ਹਿੰਦੂਤਵ, ਸਾਵਰਕਰ ਅਤੇ ਸੰਘ ਪਰਿਵਾਰ

ਅੱਜ ਦੇ ਸਮੇਂ ਵਿਚ ਜਿਸ ਹਿੰਦੂਤਵ ਦੀ ਵਿਚਾਰਧਾਰਾ ਨਾਲ ਓਤ ਪੋਤ ਫਿਰਕਾਪ੍ਰਸਤੀ ਦਾ ਬੋਲਬਾਲਾ ਸਾਡੀ ਰਾਜਸੀ ਵਿਵਸਥਾ ਅਤੇ ਸਭਿਆਚਾਰਕ ਮਹੌਲ ਵਿਚ ਨਜ਼ਰ ਆ ਰਿਹਾ ਹੈ ਉਸ ਦੀ ਜੜ੍ਹ ਵਿਚ ਵੀ.ਡੀ. ਸਾਵਰਕਰ ਦੀ ਹਿੰਦੂਤਵ ਦੀ ਵਿਆਖਿਆ ਅਤੇ ਇਸੇ ਹੀ ਅਧਾਰ ਉਪਰ ਉਸਾਰੇ ਗਏ ਰਾਸ਼ਟਰੀ ਸਵੈ ਸੇਵਕ ਸੰਗਠਨ (ਆਰ. ਐਸ.ਐਸ.)ਨੂੰ ਸੌਖਿਆਂ ਹੀ ਪਛਾਣਿਆ ਜਾ

ਸਕਦਾ ਹੈ। ਆਰ. ਐਸ.ਐਸ.ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਹੀ ਸਾਵਰਕਰ ਨੇ ਭਾਰਤੀ ਰਾਸ਼ਟਰ ਦਾ ਤਸੱਵੁਰ ਸਿਰਫ਼ ਹਿੰਦੂਆਂ ਦੇ ਰਾਸ਼ਟਰ ਦੇ ਤੌਰ 'ਤੇ ਹੀ ਕੀਤਾ । ਸਾਵਰਕਰ ਅਤੇ ਆਰ. ਐਸ.ਐਸ. ਦੁਆਰਾ ਕੀਤੀ ਰਾਸ਼ਟਰ ਦੀ ਵਿਆਖਿਆ ਵਿਚ ਸਭ ਤੋਂ ਪਹਿਲਾਂ ਭਾਰਤੀ ਉਪ ਮਹਾਂਦੀਪ ਦੇ ਭੂਗੋਲਿਕ ਖਿੱਤੇ ਨੂੰ ਕੁਦਰਤ ਵਲੋਂ ਹੀ ਭਾਰਤੀ ਰਾਸ਼ਟਰ ਦੇ ਖੇਤਰ ਵਜੋਂ ਸਥਾਪਤ ਕੀਤੇ ਜਾਣ ਉਪਰ ਜ਼ੋਰ ਦਿਤਾ ਗਿਆ ਹੈ । ਭਾਰਤੀ ਰਾਸ਼ਟਰ ਦੀ ਹੋਂਦ ਨੂੰ ਤਰਕ-ਸੰਗਤ ਠਹਿਰਾਉਣ ਲਈ ਸਾਵਰਕਰ ਆਦਿ ਵਲੋਂ ਕੀਤੀ ਗਈ ਬੌਧਿਕ ਮਸ਼ਕ ਦੀ ਇਹ ਪਹਿਲੀ ਪੌੜੀ ਸੀ । ਉਤਰ ਵੱਲ ਹਿਮਾਲੀਆ ਅਤੇ ਦੱਖਣ ਵੱਲ ਸਮੁੰਦਰ ਦੇ ਵਿਚਕਾਰ ਸਥਿਤ ਭੂਗੋਲਿਕ ਖਿੱਤੇ ਨੂੰ ਭਾਰਤੀ ਰਾਸ਼ਟਰ ਦੀ ਹੋਂਦ ਦੇ ਕੁਦਰਤ ਵਲੋਂ ਹੀ ਤਿਆਰ ਕੀਤੇ ਅਧਾਰ ਵਜੋਂ ਪੇਸ਼ ਕਰਕੇ ਇਸ ਨੂੰ ਇਕ ਮਿਥਿਹਾਸਕ ਮਹੱਤਤਾ ਨਾਲ ਲਬਰੇਜ਼ ਰੂਪ ਦਿਤਾ ਗਿਆ । ਇਸ ਤਰ੍ਹਾਂ ਭਾਰਤੀ ਰਾਸ਼ਟਰ ਦੀ ਉਤਪਤੀ ਅਤੇ ਵਿਕਾਸ ਨੂੰ ਇਕ ਇਤਿਹਾਸਕ ਵਰਤਾਰੇ ਵਜੋਂ ਪੇਸ਼ ਨਹੀਂ ਕੀਤਾ ਗਿਆ ।ਭਾਰਤੀ ਰਾਸ਼ਟਰ ਨੂੰ ਕਿਸੇ ਅਧਿਆਤਮਕ ਸ਼ਕਤੀ ਦੁਆਰਾ ਸਾਜਿਆ ਅਤੇ ਪ੍ਰਵਾਨਿਤ ਰਾਸ਼ਟਰ ਬਣਾਇਆ ਗਿਆ । ਇਸ ਤਰ੍ਹਾਂ ਦਾ ਮਿਥਿਹਾਸਕ ਤਰਕ ਸਿਰਜ ਕੇ ਸਾਵਰਕਰ ਉਪ ਮਹਾਂਦੀਪ ਦੇ ਖਿੱਤੇ ਨੂੰ ਇਤਿਹਾਸ ਦੇ ਮੁੱਢ ਕਦੀਮ ਤੋਂ ਹੀ ਇਕ ਰਾਸ਼ਟਰ ਦੇ ਰੂਪ ਵਿਚ ਸਿੱਧ ਕਰਨ ਦੀ ਕੋਸ਼ਿਸ਼ ਕਰਦਾ ਹੈ । ਹਿਮਾਲਿਆ ਅਤੇ ਹਿੰਦ ਮਹਾਂ ਸਾਗਰ ਦੇ ਵਿਚਕਾਰ ਚਿਤਵੇ ਇਸ 'ਰਾਸ਼ਟਰ' ਨੂੰ ਸਾਵਰਕਰ ਹਿੰਦੁਸਤਾਨ ਕਹਿੰਦਾ ਹੈ ਅਤੇ ਇਸ ਵਿਚ ਸ਼ੁਰੂ ਤੋਂ ਵਸਦੇ ਲੋਕਾਂ ਨੂੰ ਹੀ ਹਿੰਦੂ ਪਰਿਭਾਸ਼ਤ ਕਰਦਾ ਹੈ । ਰਾਸ਼ਟਰ ਦੇ ਇਸ ਸੰਕਲਪ ਦੀ ਕਾਲਪਨਿਕ ਮਿਥਿਹਾਸਕਤਾ ਇਸ ਗੱਲ ਤੋਂ ਵੀ ਸਿੱਧ ਹੋ ਜਾਂਦੀ ਹੈ ਕਿ ਸਾਵਰਕਰ ਨੇ ਇਸ ਦੀ ਪ੍ਰਮਾਣਿਕਤਾ ਸਿੱਧ ਕਰਨ ਲਈ ਰਾਮ ਚੰਦਰ ਦੀ ਮਿਥਿਹਾਸਕ ਕਹਾਣੀ ਵਿਚ ਉਹਨਾਂ ਦੇ ਲੰਕਾ ਵਿਚ ਪ੍ਰਵੇਸ਼ ਦੇ ਪ੍ਰਸੰਗ ਦਾ ਹਵਾਲਾ ਦੇ ਕੇ ਇਸ 'ਰਾਸ਼ਟਰ' ਦੇ ਫੈਲਾਓ ਨੂੰ ਉਤਰੀ ਭਾਰਤ ਤੋਂ ਹਿੰਦ ਮਹਾਂਸਾਗਰ ਤੱਕ ਦਿਖਾਇਆ ।[1] ਆਰ. ਐਸ.ਐਸ. ਦੇ ਦੂਜੇ ਸਰਸੰਘਚਾਲਕ ਗੋਲਵਾਲਕਰ ਨੇ ਵੀ ਭਾਰਤੀ ਰਾਸ਼ਟਰ ਦੀ ਪ੍ਰਾਚੀਨਤਾ ਨੂੰ ਸਿੱਧ ਕਰਨ ਲਈ ਇਸ ਨੂੰ ਮਿਥਿਹਾਸਕਤਾ ਦੇ ਹੋਰ ਵੀ ਹਨੇਰਿਆਂ ਵੱਲ ਧੱਕ ਦਿਤਾ । ਉਸ ਦੇ ਮੁਤਾਬਕ ਮਹਾਂਭਾਰਤ ਦਾ ਸਮਾਂਜੇਕਰ 4500-5000 ਵਰ੍ਹੇ ਪਹਿਲਾਂ ਦਾ ਹੈ ਅਤੇ ਜਦੋਂ ਕਿ ਉਸ ਅਨੁਸਾਰ ਇਹ ਰਾਸ਼ਟਰ ਸਭਿਅਤਾ ਦੇ ਸਿਖਰ 'ਤੇ ਸੀ ਤਾਂ ਅਜਿਹੀ ਸਭਿਅਤਾ ਤੱਕ ਪਹੁੰਚਣ ਲਈ ਇਸ ਨੂੰ ਅਵੱਸ਼ ਹੀ ਕਈ ਹਜ਼ਾਰ ਸਾਲ ਲੱਗ ਗਏ ਹੋਣਗੇ।[2] ਇਸ ਤੋਂ ਵੀ ਅੱਗੇ ਉਹ ਭੂ-ਵਿਗਿਆਨ ਦੇ ਖੇਤਰ ਵਿਚ ਡਾ. ਬੀਰਬਲ ਸਾਹਨੀ ਦੇ ਇਕ ਲੈਕਚਰ ਦਾ ਸਹਾਰਾ ਲੈ ਕੇ ਉਤਰੀ ਧਰੁਵ ਦੀ ਸਥਿਤੀ ਨੂੰ ਅੱਜ ਕੱਲ੍ਹ ਦੇ ਬਿਹਾਰ ਅਤੇ ਉੜੀਸਾ ਦੇ ਖੇਤਰ ਵਿਚ ਦਰਸਾ ਕੇ ਕਹਿੰਦਾ ਹੈ ਕਿ ਉਤਰੀ ਧਰੁਵ ਤਾਂ ਇਥੋਂ ਖਿਸਕ ਕੇ ਆਪਣੇ ਹੁਣ ਵਾਲੇ ਸਥਾਨ ਤੇ ਚਲਿਆ ਗਿਆ ਅਤੇ ਇਥੇ ਵਸਦੇ ਮਨੁੱਖ, ਜੋ ਕਿ ਹਿੰਦੂ ਸਨ, ਇਥੇ ਹੀ ਰਹਿ ਗਏ। ਇਸ ਤਰ੍ਹਾਂ, ਗੋਲਵਾਲਕਰ ਦੇ ਅਨੁਸਾਰ, ਹਿੰਦੁਸਤਾਨ ਅਤੇ ਹਿੰਦੂਆਂ ਦੀ ਹੋਂਦ ਲੱਖਾਂ ਸਾਲ ਪਿੱਛੇ ਚਲੀ ਜਾਂਦੀ ਹੈ ।[3]

ਸਾਵਰਕਰ ਦੁਆਰਾ ਭਾਰਤੀ ਰਾਸ਼ਟਰ ਦੀ ਮਿਥਿਹਾਸਕ ਪੱਧਰ 'ਤੇ ਚਿਤਵੀ ਹੋਈ ਪ੍ਰਾਚੀਨਤਾ ਅਤੇ ਇਥੋਂ ਦੇ ਸ਼ੁਰੂ ਤੋਂ ਰਹਿਣ ਵਾਲੇ ਬਾਸ਼ਿੰਦਿਆਂ, ਜਿਨ੍ਹਾਂ ਨੂੰ ਉਹ ਹਿੰਦੂ ਕਹਿੰਦਾ ਹੈ, ਦੀ ਕਿਸੇ ਵੀ ਹੋਰ ਮੁਲਕ ਤੋਂ ਵੱਧ ਆਪਣੇ ਭੂਗੋਲਿਕ ਖਿੱਤੇ ਨਾਲ ਇਕਜੁੱਟਤਾ ਦੀਆਂ ਕਈ ਅਰਥ ਸੰਭਾਵਨਾਵਾਂ ਹਨ । ਸਭ ਤੋਂ ਪਹਿਲੀ ਅਰਥ ਸੰਭਾਵਨਾ ਇਹ ਹੈ ਕਿ ਰਾਸ਼ਟਰ ਦਾ ਇਹ ਸੰਕਲਪ ਮੂਲ ਰੂਪ ਵਿਚ ਨਸਲਵਾਦੀ ਹੈ । ਇਹ ਇਥੋਂ ਦੇ ਰਹਿਣ ਵਾਲਿਆਂ ਦੀ ਨਸਲੀ ਪਵਿਤਰਤਾ ਨੂੰ ਪਹਿਚਾਣਨ ਅਤੇ ਇਸ ਨੂੰ ਬਰਕਰਾਰ ਰੱਖਣ ਉਤੇ ਹੀ ਨਿਰਭਰ ਕਰਦਾ ਹੈ। ਇਹ ਇਥੋਂ ਦੇ ਹਿੰਦੂਆਂ ਦੇ ਤੌਰ 'ਤੇ ਪਰਿਭਾਸ਼ਤ ਕੀਤੇ ਬਸ਼ਿੰਦਿਆਂ ਨੂੰ 'ਸਾਹਸੀ ਵੀਰ ਰਸ' ਨਾਲ ਭਰੇ ਹੋਏ, ਉਹਨਾਂ ਦੇ 'ਉਦਮਾਂ ਨੂੰ ਸਾਹਸਮਈ' ਅਤੇ ਇਸੇ ਕਰਕੇ ਹੀ ਉਹਨਾਂ ਨੂੰ ਇਕ ਮਹਾਨ ਅਤੇ ਚਿਰਸਥਾਈ ਸਭਿਅਤਾ ਦੀ ਨੀਂਹ ਰੱਖਣ ਵਾਲਿਆਂ ਵਜੋਂ ਪੇਸ਼ ਕਰਦਾ ਹੈ।[4] ਅਜਿਹਾ ਕਰਕੇ ਸਾਵਰਕਰ ਇਹਨਾਂ ਨੂੰ ਬਹਾਦਰੀ, ਨਿਡਰਤਾ ਵਰਗੇ ਕੁਝ ਗੁਣਾਂ ਦੇ ਧਾਰਨੀ ਬਣਾਉਂਦਾ ਹੈ ਜੋ ਕਿ ਉਹਨਾਂ ਦੀ ਇਕ ਜੀਵ ਦੇ ਵਜੋਂ (biological) ਹੋਂਦ ਵਿਚ ਸਮੋਏ ਹੋਏ ਹਨ ਜਾਂ ਉਸੇ ਕਰਕੇ ਹੀ ਹਨ । ਇਸ ਦਾ ਦੂਜਾ ਅਰਥ ਇਹ ਹੈ ਕਿ ਅਜਿਹੇ ਗੁਣ ਉਹਨਾਂ ਲੋਕਾਂ ਵਿਚ ਨਹੀਂ ਹੋਣਗੇ ਜਿਨ੍ਹਾਂ ਦੇ ਵੱਡੇ ਵਡੇਰੇ ਇਥੋਂ ਦੇ ਨਹੀਂ ਸਨ । ਇਹ ਸ਼ੁੱਧ ਨਸਲਵਾਦੀ ਵਿਚਾਰ ਹੈ ਜੋ ਕਿ ਉਨੀਵੀਂ ਸਦੀ ਦੇ ਅੰਤ ਵਿਚ ਯੂਰਪ ਵਿਚ ਪ੍ਰਚੱਲਿਤ ਸੀ ਅਤੇ ਜੋ ਫਾਸ਼ੀਵਾਦ ਦਾ ਵੀ ਦਾਰਸ਼ਨਿਕ ਆਧਾਰ ਸੀ। ਰਾਸ਼ਟਰ ਦੇ ਇਸ ਸੰਕਲਪ ਦੀ ਦੂਸਰੀ ਅਰਥ ਸੰਭਾਵਨਾ ਇਹ ਹੈ ਕਿ ਇਹ ਕਿਸੇ ਵੀ ਤਰ੍ਹਾਂ ਨਾਲ ਉਹਨਾਂ ਲੋਕਾਂ ਨੂੰ ਆਪਣਾ ਹਿੱਸਾ ਨਹੀਂ ਬਣਾਏਗਾ ਜੋ ਕਿ ਇਸ ਦੇ ਅਨੁਸਾਰ ਬਾਹਰੋਂ ਆਏ ਹੋਏ ਹਨ । ਫਾਸ਼ੀਵਾਦ ਦੇ ਬੁਨਿਆਦੀ ਸਿਧਾਂਤ ਅਨੁਸਾਰ ਰਾਸ਼ਟਰ ਦਾ ਇਹ ਸੰਕਲਪ 'ਸਾਡੇ' ਅਤੇ 'ਉਹਨਾਂ' ਦੇ ਵਿਰੋਧੀਆਂ ਖੇਮਿਆਂ ਵਿਚ ਵੰਡਿਆ ਹੋਇਆ ਹੈ । ਇਸ ਦੁਆਰਾ ਚਿਤਵੇ ਇਥੋਂ ਦੇ ਮੂਲ ਬਸ਼ਿੰਦਿਆਂ ਜੋ ਕਿ ਆਰੀਆ/ਹਿੰਦੂ ਸਨ, ਤੋਂ ਬਗੈਰ ਇਸਲਾਮ, ਈਸਾਈ ਆਦਿ ਧਰਮਾਂ ਨੂੰ ਮੰਨਣ ਵਾਲੇ ਬੇਗਾਨੇ ਹਨ ਅਤੇ ਇਸੇ ਕਰਕੇ ਉਹਨਾਂ ਨੂੰ ਇਸ ਰਾਸ਼ਟਰ ਦਾ ਹਿੱਸਾ ਬਣਨ ਦਾ ਕੋਈ ਹੱਕ ਨਹੀਂ ਹੈ । ਸਾਵਰਕਰ ਨੇ ਇਸੇ ਵਿਰੋਧਤਾ ਅਤੇ ਖਾਸ ਕਰਕੇ ਮੁਸਲਮਾਨਾਂ ਦੇ ਇਥੋਂ ਦੇ ਹੱਕੀ ਸ਼ਹਿਰੀ ਨਾ ਹੋਣ ਦੇ ਵਿਚਾਰ ਨੂੰ ਆਪਣੇ ਦੋ ਸੰਕਲਪਾਂ 'ਪਿਤਰ ਭੂਮੀ' ਅਤੇ 'ਪੁੰਨਯ ਭੂਮੀ' ਦੇ ਰਾਹੀਂ ਵੀ ਪ੍ਰਗਟਾਇਆ ਹੈ । ਉਸ ਦੇ ਅਨੁਸਾਰ ਹਿੰਦੂਆਂ ਦੀ ਪਿਤਰ ਅਤੇ ਪੁੰਨਯ ਭੂਮੀ ਹਿੰਦੁਸਤਾਨ ਹੀ ਹੈ । ਮੁਸਲਮਾਨਾਂ ਦੀ ਪਿਤਰ ਭੂਮੀ ਇਹ ਹੋ ਸਕਦੀ ਹੈ ਪਰ ਪੁਨਯ ਭੂਮੀ ਬਿਲਕੁਲ ਨਹੀਂ ਕਿਉਂਕਿ ਉਹਨਾਂ ਦਾ ਧਰਮ ਅਤੇ ਇਸੇ ਕਰਕੇ ਉਹਨਾਂ ਦਾ ਸਭਿਆਚਾਰ, ਸਾਵਰਕਰ ਅਨੁਸਾਰ, ਇਥੇ ਨਾ ਤਾਂ ਪੈਦਾ ਹੋਇਆ ਅਤੇ ਨਾ ਹੀ ਇਸ ਦਾ ਇਥੇ ਵਿਕਾਸ ਹੋਇਆ । ਇਸੇ ਕਰਕੇ ਮੁਸਲਮਾਨ ਅਤੇ ਈਸਾਈ ਉਦੋਂ ਤੱਕ ਹਿੰਦੁਸਤਾਨ ਦੇ ਸ਼ਹਿਰੀ ਨਹੀਂ ਬਣ ਸਕਦੇ ਜਦੋਂ ਤੱਕ ਕਿ ਉਹ

ਆਪਣਾ ਧਰਮ ਤਿਆਗ ਕੇ ਦੁਬਾਰਾ ਤੋਂ ਹਿੰਦੁਸਤਾਨ ਨੂੰ ਹੀ ਆਪਣੀ ਪੁੰਨਯ ਭੂਮੀ ਨਹੀਂ ਮੰਨਣ ਲਗਦੇ । (ਇਸ ਵਿਚਾਰਧਾਰਾ ਦੇ ਅਨੁਸਾਰ ਇਥੇ ਸਾਰੇ ਮੁਸਲਮਾਨ ਅਤੇ ਈਸਾਈ ਧਰਮ ਤਬਦੀਲੀ ਨਾਲ ਹੀ ਇਸਲਾਮ ਅਤੇ ਈਸਾਈਅਤ ਵਿਚ ਸ਼ਾਮਲ ਹੋਏ ਸਨ।) ਸਾਵਰਕਰ ਦੇ ਇਸੇ ਵਿਚਾਰ ਨੂੰ ਗੋਲਵਾਲਕਰ ਨੇ ਹੋਰ ਸਪੱਸ਼ਟ ਕਰਦੇ ਹੋਏ ਆਪਣੀ ਕਿਤਾਬ 'ਵੀ ਔਰ ਆਵਰ ਨੇਸ਼ਨਹੁੱਡ ਡਿਫਾਈਨਡ' ਵਿਚ ਮੁਸਲਮਾਨਾਂ ਦੇ ਭਾਰਤ ਦੀ ਧਰਤੀ ਵਿਚ ਦਾਖ਼ਲ ਹੋਣ ਦੇ ਦਿਨ ਨੂੰ 'ਇਕ ਬੁਰਾ ਦਿਨ' ਕਿਹਾ।[5] ਗੋਲਵਾਲਕਰ ਦੇਸ਼ ਅੰਦਰਲੇ ਲੋਕਾਂ ਦੇ ਉਹਨਾਂ ਹਿੱਸਿਆਂ ਲਈ ਸਿਰਫ ਦੋ ਰਾਹ ਹੀ ਛਡਦਾ ਹੈ ਜਿਨ੍ਹਾਂ ਨੂੰ ਉਹ 'ਬਦੇਸ਼ੀ ਹਿੱਸੇ' ਕਹਿੰਦਾ ਹੈ ਅਤੇ ਜੋ ਉਸ ਲਈ ਮੁੱਖ ਤੌਰ 'ਤੇ ਮੁਸਲਮਾਨ ਰਹੇ ਅਤੇ ਜਾਂ ਫਿਰ ਈਸਾਈ । ਉਹ ਲਿਖਦਾ ਹੈ ਕਿ ਇਹ ਹਿੱਸੇ 'ਜਾਂ ਤਾਂ ਰਾਸ਼ਟਰੀ ਨਸਲ ਵਿਚ ਸ਼ਾਮਲ ਹੋ ਜਾਣ ਅਤੇ ਇਸ ਦਾ ਸਭਿਆਚਾਰ ਆਪਣਾ ਲੈਣ ਅਤੇ ਜਾਂ ਫਿਰ ਰਾਸ਼ਟਰੀ ਨਸਲ ਦੇ ਰਹਿਮ 'ਤੇ ਉਨ੍ਹਾਂ ਚਿਰ ਰਹਿੰਦੇ ਰਹਿਣ ਜਦੋਂ ਤੱਕ ਉਹ ਉਹਨਾਂ ਨੂੰ ਰਹਿਣ ਦੀ ਆਗਿਆ ਦੇਵੇ ਅਤੇ ਜਾਂ ਫਿਰ ਰਾਸ਼ਟਰੀ ਨਸਲ ਦੀ ਆਪਣੀ ਹੀ ਮਰਜ਼ੀ ਤੋਂ ਬਾਅਦ ਇਸ ਨੂੰ ਛੱਡ ਕੇ ਚਲੇ ਜਾਣ।'[6] ਗੋਲਵਾਲਕਰ ਦੇ ਅਨੁਸਾਰ ਦੇਸ਼ ਦੀ ਅਬਾਦੀ ਦੇ ਇਹਨਾਂ ਹਿੱਸਿਆਂ, ਜਿਨ੍ਹਾਂ ਨੂੰ ਉਹ ਘੱਟ ਗਿਣਤੀਆਂ ਵਾਲੇ ਵੀ ਕਹਿੰਦਾ ਹੈ, ਲਈ ਹਿੰਦੂ ਸਭਿਆਚਾਰ ਅਤੇ ਭਾਸ਼ਾ ਅਪਣਾਉਣ ਤੋਂ ਬਗੈਰ ਹੋਰ ਕੋਈ ਰਾਹ ਨਹੀਂ ਹੈ । ਉਸ ਨੇ ਆਪਣੀ ਇਸ ਕਿਤਾਬ ਵਿਚ ਉਹਨਾਂ ਕੋਲ ਹਿੰਦੂ ਨਸਲ ਅਤੇ ਸਭਿਆਚਾਰ ਦਾ ਗੁਣਗਾਣ ਕਰਨ ਤੋਂ ਬਗ਼ੈਰ ਕਿਸੇ ਵੀ ਹੋਰ ਵਿਚਾਰ ਅਪਣਾਉਣ ਦੀ ਖੁੱਲ੍ਹ ਨਹੀਂ ਛੱਡੀ ਹੈ । ਉਹਨਾਂ ਕੋਲ ਆਪਣੀ ਵੱਖਰੀ ਹਸਤੀ ਬਰਕਰਾਰ ਰੱਖਣ ਦੀ ਆਜ਼ਾਦੀ ਵੀ ਨਹੀਂ ਛੱਡੀ ਹੈ । ਉਹਨਾਂ ਕੋਲ ਹਿੰਦੂ ਰਾਸ਼ਟਰ ਦੇ ਮਾਤਹਿਤ ਰਹਿਣ ਤੋਂ ਬਗ਼ੈਰ ਹੋਰ ਕੋਈ ਰਾਹ ਨਹੀਂ ਹੋ ਸਕਦਾ ।[7]

ਸਾਵਰਕਰ ਅਤੇ ਗੋਲਵਾਲਕਰ ਦੁਆਰਾ ਵਿਕਸਤ ਕੀਤੀ ਹਿੰਦੂਤਵ ਦੀ ਵਿਚਾਰਧਾਰਾ ਦੀਆਂ ਉਪਰੋਕਤ ਦਰਜ ਧਾਰਨਾਵਾਂ ਦੀਆਂ ਵੀ ਕੁਝ ਅਰਥ ਸੰਭਾਵਨਾਵਾਂ ਹਨ । ਸਭ ਤੋਂ ਪਹਿਲਾਂ ਤਾਂ ਇਸ ਵਿਚਾਰਧਾਰਾ ਦੇ ਅਨੁਸਾਰ ਹਿੰਦੂ ਪਹਿਚਾਣ ਨੂੰ ਅਜਿਹਾ ਠੋਸ ਅਤੇ ਆਪਣੀਆਂ ਪਰਿਭਾਸ਼ਤ ਸੀਮਾਵਾਂ ਦੇ ਅੰਦਰ ਇਕ ਅਜਿਹਾ ਰੂਪ ਦਿੱਤਾ ਗਿਆ ਹੈ ਜਿਸ ਵਿਚ, ਸਾਵਰਕਰ ਅਤੇ ਗੋਲਵਾਲਕਰ ਦੇ ਅਨੁਸਾਰ, ਇਸਲਾਮ ਅਤੇ ਈਸਾਈਅਤ ਤੋਂ ਬਗੈਰ ਸਭ ਕੁਝ ਸਮੋਅ ਜਾਂਦਾ ਹੈ । ਇਕ ਵਿਚਾਰਧਾਰਾ ਦੇ ਤੌਰ 'ਤੇ ਹਿੰਦੂਤਵ ਦਾ ਆਪਣਾ ਵਜੂਦ ਇਸਲਾਮ ਅਤੇ ਈਸਾਈਅਤ ਦੇ ਵਿਰੋਧ ਉਪਰ ਹੀ ਟਿਕਿਆ ਹੋਇਆ ਹੈ । ਕਿਸੇ ਵੀ ਤਰ੍ਹਾਂ ਦੀ ਫਾਸ਼ੀਵਾਦੀ ਵਿਚਾਰਧਾਰਾ ਦਾ ਆਧਾਰ ਹੀ ਕਿਸੇ ਦੇਸ਼ ਜਾਂ ਰਾਸ਼ਟਰ ਦੇ ਅੰਦਰ ਵਸਦੇ ਲੋਕਾਂ ਦੇ ਇਕ ਖ਼ਾਸ ਅਤੇ ਘੱਟ-ਗਿਣਤੀ ਸਮੂਹ ਨੂੰ ਉਸ ਦੇ ਮੂਲ, ਧਰਮ, ਸਭਿਆਚਾਰ ਅਤੇ ਨਸਲ ਦੇ ਆਧਾਰ 'ਤੇ ਉਥੋਂ ਦੀ ਬਹੁਗਿਣਤੀ ਦੇ ਵਿਰੋਧ ਵਿਚ ਚਿਤਵ ਕੇ ਉਸ ਨੂੰ ਤਾਂ ਦੁਸ਼ਮਣ ਦੇ ਸਥਾਨ 'ਤੇ ਰੱਖਿਆ ਜਾਂਦਾ ਹੈ ਅਤੇ ਬਹੁਗਿਣਤੀ ਨੂੰ ਹੀ ਉਸ ਦੇਸ਼ ਦੀ ਅਸਲ ਧਰੋਹਰ ਬਣਾਇਆ ਜਾਂਦਾ ਹੈ । ਹਿੰਦੂਤਵਵਾਦ ਫਾਸ਼ੀਵਾਦੀ ਵਿਚਾਰਧਾਰਾ ਵੀ ਇਸੇ ਮੂਲ ਧਾਰਨਾ ਦੇ ਉਪਰ ਹੀ ਟਿਕੀ ਹੋਈ ਹੈ। ਇਸ ਦੇ ਪੈਦਾ ਹੋਣ ਅਤੇ ਜਿਉਂਦੇ ਰਹਿਣ ਲਈ ਦੁਸ਼ਮਣੀ ਦੇ ਸਥਾਨ 'ਤੇ ਰੱਖੇ ਹੋਏ ਕਿਸੇ 'ਦੂਸਰੇ' (other) ਦੀ ਲੋੜ ਬੁਨਿਆਦੀ ਹੈ । ਭਾਰਤ ਦੇ ਸੰਦਰਭ ਵਿਚ ਇਸ ਵਿਚਾਰਧਾਰਾ ਦੇ ਅਨੁਸਾਰ ਹਿੰਦੂਆਂ ਦੇ ਵਿਰੋਧ ਵਿਚ ਦੁਸ਼ਮਣਾਨਾ ਸਥਿਤੀ ਵਾਲੇ 'ਦੂਸਰੇ' ਦੇ ਸਥਾਨ 'ਤੇ ਇਸਲਾਮ ਅਤੇ ਈਸਾਈਅਤ ਨੂੰ ਰੱਖਿਆ ਗਿਆ ਹੈ। ਇਹਨਾਂ ਵਿਚੋਂ ਵੀ ਮੁੱਖ ਸਥਾਨ ਇਸਲਾਮ ਨੂੰ ਦਿੱਤਾ ਗਿਆ । ਹਿੰਦੂਤਵ ਦੀ ਵਿਚਾਰਧਾਰਾ ਦੇ ਅਨੁਸਾਰ ਇਸਲਾਮ ਇਸ ਕਰਕੇ ਵੀ ਇਕ ਹਮਲਾਵਰ ਧਰਮ ਹੈ ਕਿਉਂਕਿ ਇਸ ਨੇ ਉਸ ਭੂਗੋਲਿਕ ਹੱਦ ਦੀ ਉਲੰਘਣਾ ਕੀਤੀ ਜੋ ਕਿ ਹਿੰਦੂਤਵਵਾਦੀ ਧਾਰਨਾਵਾਂ ਦੀਆਂ ਨਜ਼ਰਾਂ ਵਿਚ ਕਿਸੇ ਅਧਿਆਤਮਕ ਸ਼ਕਤੀ ਨੇ ਹਿੰਦੁਸਤਾਨੀ ਰਾਸ਼ਟਰ ਦੀ ਖੇਤਰੀ ਹੋਂਦ ਲਈ ਕੁਦਰਤੀ ਤੌਰ ਤੇ ਹੀ ਮੁੱਢ ਕਦੀਮ ਤੋਂ ਬਣਾਈ ਸੀ । ਇਸਲਾਮ ਨੂੰ ਬਾਹਰੀ ਅਤੇ ਹਮਲਾਵਰ ਧਰਮ ਦਿਖਾਉਣ ਲਈ ਹਿੰਦੂਤਵਵਾਦੀ ਆਰੀਆ ਲੋਕਾਂ ਅਤੇ ਸਭਿਅਤਾ ਨੂੰ ਭਾਰਤੀ ਉਪਮਹਾਂਦੀਪ ਦੇ ਮੂਲ ਬਸ਼ਿੰਦੇ ਅਤੇ ਮੂਲ ਸਭਿਅਤਾ ਵਜੋਂ ਪੇਸ਼ ਕਰਦੇ ਹਨ । ਅਜੇ ਹੁਣੇ ਜਿਹੇ ਹੀ ਬਨਾਰਸ ਹਿੰਦੂ ਯੂਨੀਵਰਸਿਟੀ ਦੇ ਇਕ ਸੇਵਾ ਮੁਕਤ ਪ੍ਰੋਫੈਸਰ ਠਾਕੁਰ ਪ੍ਰਸਾਦ ਵਰਮਾ ਨੇ ਸਿੰਧ ਘਾਟੀ ਦੀ ਸਭਿਅਤਾ ਵੇਲੇ ਦੀ ਨੱਚ ਰਹੀ ਔਰਤ ਦੀ ਮੂਰਤੀ ਨੂੰ ਦੇਵੀ ਪਾਰਵਤੀ ਦੀ ਮੂਰਤੀ ਵਜੋਂ ਦਿਖਾਉਣ ਦੀ ਕੋਸ਼ਿਸ਼ ਵੀ, ਇਸ ਕਰਕੇ ਹੀ ਕੀਤੀ ਹੈ ਤਾਂ ਕਿ ਸਿੰਧ ਘਾਟੀ ਦੀ ਸਭਿਅਤਾ ਨੂੰ ਆਰੀਆ ਸਭਿਅਤਾ ਦੇ ਤੌਰ ਤੇ ਪੇਸ਼ ਕੀਤਾ ਜਾ ਸਕੇ ਨਾ ਕਿ ਉਸ ਤੋਂ ਪਹਿਲਾਂ ਦੀ।[8] ਮੁੱਢ ਕਦੀਮ ਤੋਂ ਭਾਰਤੀ ਰਾਸ਼ਟਰ ਦੀ ਕਾਲਪਨਿਕ, ਤੱਥਾਂ ਤੋਂ ਰਹਿਤ ਅਤੇ ਆਪਣੇ ਦੁਆਰਾ ਬਣਾਈ ਪਛਾਣ ਦੀ ਗਵਾਹੀ ਇਸ ਦਿਲਚਸਪ ਪੇਸ਼ਕਾਰੀ ਤੋਂ ਵੀ ਮਿਲਦੀ ਹੈ ਕਿ ਹਿਮਾਲੀਆ ਪਰਬਤ ਦੀ ਕਦੇ ਵੀ ਨਾ ਉਲੰਘਣ ਵਾਲੀ ਕੁਦਰਤੀ ਤੌਰ 'ਤੇ ਸਥਾਪਤ ਹੱਦ ਦਾ ਜ਼ਿਕਰ ਕਰਦੇ ਹੋਏ ਇਸ ਦੀ ਹਿੰਦੂ ਕੁਸ਼ ਪਰਬਤਮਾਲਾ ਵਿਚ ਦਰਾ ਖ਼ੈਬਰ ਵਰਗੇ ਰਾਹਾਂ ਦਾ ਜ਼ਿਕਰ ਨਹੀਂ ਕੀਤਾ ਜਾਂਦਾ । ਇਹੀ ਕੁਦਰਤੀ ਰਾਹ ਸਨ ਜੋ ਕਿ ਇਸ ਬਰੇ ਸਗ਼ੀਰ ਨੂੰ ਉਤਰ ਪੱਛਮ ਵਾਲੇ ਪਾਸੇ ਦੁਨੀਆ ਦੇ ਹੋਰਨਾਂ ਹਿੱਸਿਆਂ ਨਾਲ ਜੋੜਦੇ ਸਨ । ਇਹਨਾਂ ਰਾਹਾਂ ਦਾ ਜ਼ਿਕਰ ਸਿਰਫ਼ ਹਮਲਾਵਰਾਂ ਦੇ ਆਉਣ ਵਾਲੇ ਰਾਹਾਂ ਦੇ ਤੌਰ 'ਤੇ ਹੀ ਕੀਤਾ ਜਾਂਦਾ ਰਿਹਾ ਹੈ ।

ਸਾਵਰਕਰ ਅਤੇ ਗੋਲਵਾਲਕਰ ਦੇ ਹਿੰਦੂਤਵ ਬਾਰੇ ਦਿੱਤੇ ਵਿਚਾਰਾਂ ਬਾਰੇ ਕੀਤੀ ਉਪਰੋਕਤ ਸੰਖੇਪ ਬਹਿਸ ਦਾ ਸਾਰ, ਕਰਿਸਟੌਫ ਜੈਫਰਲੌਟ ਦੇ ਸ਼ਬਦਾਂ ਵਿਚ, ਇਸ ਦੇ ਤਿੰਨ ਸਤੰਭਾਂ ਯਾਨੀ ਕਿ 'ਭੂਗੋਲਿਕ ਏਕਤਾ, ਨਸਲੀ ਨੈਣ ਨਕਸ਼ ਅਤੇ ਇਕ ਸਾਂਝੇ ਸਭਿਆਚਾਰ' ਵਿਚ ਦੇਖਿਆ ਜਾ ਸਕਦਾ ਹੈ ।[9] ਹਿੰਦੂਤਵਵਾਦ ਉਪਰ ਅਧਾਰਤ ਰਾਸ਼ਟਰ ਇਸ ਦੁਆਰਾ ਚਿਤਵੇ ਅਤੇ ਇਕ ਅਧਿਆਤਮਕ ਸ਼ਕਤੀ ਦੁਆਰਾ ਇਸ ਲਈ ਰਾਖਵੇਂ ਰੱਖੇ ਭੂਗੋਲਿਕ ਖਿੱਤੇ, ਇਸ ਦੁਆਰਾ ਹੀ ਖ਼ਿਆਲ ਕੀਤੇ ਆਰੀਅਨ ਨਸਲ

ਦੇ ਇਥੋਂ ਦੇ ਮੂਲ ਬਸ਼ਿੰਦਿਆਂ ਅਤੇ ਇਹਨਾਂ ਦੇ ਹੀ ਸਭਿਆਚਾਰ ਦੀ ਮਦਦ ਨਾਲ ਘੜਿਆ ਹੋਇਆ ਇਕ ਸੰਕਲਪ ਹੈ । ਇਸ ਤਰ੍ਹਾਂ ਦੇਖਿਆਂ ਹਿੰਦੂਤਵਵਾਦ ਕੋਈ ਧਾਰਮਕ ਵਿਚਾਰਧਾਰਾ ਨਾ ਹੋ ਕੇ ਇਕ ਰਾਜਨੀਤਕ ਵਿਚਾਰਧਾਰਾ ਹੈ । ਤੱਤਰੂਪ ਵਿਚ ਇਸ ਕਰਕੇ ਹੋਂਦ ਵਿਚ ਆਏ ਭਾਰਤੀ ਰਾਸ਼ਟਰ ਦੇ ਸੰਕਲਪ ਨੂੰ ਘੜਨ ਲਈ ਹੀ ਹਿੰਦੂ ਪਹਿਚਾਣ ਦੇ ਮੂਲ ਨੂੰ ਇਥੋਂ ਦੀ ਭੂਗੋਲਿਕਤਾ, ਇਤਿਹਾਸ ਦੀ ਸ਼ੁਰੂਆਤ ਤੋਂ ਵੀ ਪਹਿਲਾਂ ਕਲਪਿਤ ਕੀਤੀ ਇਥੇ ਵਸਦੀ ਨਸਲ ਅਤੇ ਇਸੇ ਦੇ ਨੈਣ ਨਕਸ਼ਾਂ ਦੇ ਅਨੁਸਾਰ ਉਸਾਰੇ ਸਭਿਆਚਾਰ ਵਿਚ ਹੀ ਪਛਾਣਨ ਦੀ ਕੋਸ਼ਿਸ਼ ਕੀਤੀ ਗਈ । ਹਿੰਦੂ ਧਰਮ ਦੀ ਅਜਿਹੀ ਪਛਾਣ, ਦੂਸਰੇ ਸ਼ਬਦਾਂ ਵਿਚ, ਹਿੰਦੂਤਵਵਾਦ ਦੇ ਪੈਦਾ ਅਤੇ ਵਿਕਸਤ ਹੋਣ ਲਈ ਮੂਲ ਕਾਰਨ ਨਾ ਹੋ ਕੇ ਇਸ ਦੇ ਵਜੂਦ ਨੂੰ ਘੜਨ ਲਈ ਇਕ ਸੰਦ (instrument) ਤੋਂ ਵੱਧ ਅਹਿਮੀਅਤ ਨਹੀਂ ਰਖਦੀ । ਇਸ ਸੰਦ ਦਾ ਪ੍ਰਯੋਗ ਕਰਕੇ ਹਿੰਦੂਤਵ ਦੀ ਵਿਚਾਰਧਾਰਾ ਨੂੰ ਇਕ ਤਾਰਕਿਕ ਸਿਸਟਮ ਦੇ ਵਾਂਗ ਵਿਕਸਤ ਕੀਤਾ ਗਿਆ । ਇਸ ਦੇ ਅਧਾਰ 'ਤੇ ਉਸਾਰੇ ਗਏ ਭਾਰਤੀ ਰਾਸ਼ਟਰ ਦੀ ਹੋਂਦ ਨੂੰ ਪਹਿਲਾਂ ਤਾਂ ਇਸਲਾਮ ਆਦਿ ਤੋਂ  ਇਸ ਵਾਸਤੇ ਖ਼ਤਰਾ ਘੜਿਆ ਗਿਆ ਅਤੇ ਫਿਰ ਇਸੇ ਨੂੰ ਖ਼ਤਮ ਕਰਨਾ ਹੀ ਇਸ ਦਾ ਨਿਸ਼ਾਨਾ ਮਿਥਿਆ ਗਿਆ । ਇਸ ਵਿਚਾਰਧਾਰਾ ਦੇ ਧਾਰਮਕ ਨਾ ਹੋਣ ਦੇ ਸੰਦਰਭ ਵਿਚ ਇਸ ਤੱਥ ਦਾ ਜ਼ਿਕਰ ਕਰਨਾ ਵੀ ਗ਼ੈਰਵਾਜਬ ਨਹੀਂ ਹੋਵੇਗਾ ਕਿ ਸਾਵਰਕਰ ਆਪ ਇਕ ਨਿਸ਼ਠਾਵਾਨ ਧਾਰਮਕ ਵਿਅਕਤੀ ਨਾ ਹੋ ਕੇ ਨਾਸਤਕ ਸੀ ।

## ਬਸਤੀਵਾਦ, ਧਾਰਮਕ ਪਹਿਚਾਣਾਂ ਅਤੇ ਫਿਰਕਾਪ੍ਰਸਤੀ

ਹਿੰਦੂਤਵ ਦੀ ਵਿਚਾਰਧਾਰਾ ਨੂੰ ਬਣਾਉਣ ਅਤੇ ਵਿਕਸਤ ਕਰਨ ਲਈ ਹਿੰਦੂ ਧਰਮ ਦੀ ਇਕ ਸੰਦ ਦੀ ਤਰ੍ਹਾਂ ਦੀ ਵਰਤੋਂ ਆਪਣੇ ਆਪ ਵਿਚ ਅਚਾਨਕ ਵਾਪਰੀ ਕੋਈ ਅਜਿਹੀ ਘਟਨਾ ਨਹੀਂ ਸੀ ਜਿਸ ਵਾਸਤੇ ਸਿਰਫ ਸਾਵਰਕਰ ਅਤੇ ਗੋਲਵਾਲਕਰ ਹੀ ਜ਼ਿੰਮੇਵਾਰ ਹੋਣ । ਅਸਲ ਵਿਚ ਹਿੰਦੂ ਧਰਮ ਦੀ ਅਜਿਹੀ ਵਰਤੋਂ ਇਸ ਦੀ ਇਕ ਇਹੋ ਜਿਹੀ ਧਾਰਮਕ ਪਹਿਚਾਣ ਅਤੇ ਇਸੇ ਉਪਰ ਹੀ ਅਧਾਰਤ ਇਕ ਧਾਰਮਕ ਭਾਈਚਾਰੇ ਦੇ ਹੋਂਦ ਵਿਚ ਆਉਣ ਤੋਂ ਬਾਅਦ ਹੀ ਸੰਭਵ ਹੋਈ ਅਤੇ ਕੀਤੀ ਗਈ । ਰੋਮਿਲਾ ਥਾਪਰ ਦੇ ਅਨੁਸਾਰ ਨੇੜਲੇ ਇਤਿਹਾਸ ਵਿਚ ਹਿੰਦੂ ਧਰਮ ਦੀ ਸਤੰਭ ਰੂਪੀ (monolithic) ਪਹਿਚਾਣ ਦੇ ਬਣਨ ਦੇ ਪਿੱਛੇ ਤਿੰਨ ਮੁੱਖ ਕਾਰਨ ਸਨ। ਪਹਿਲੇ ਕਾਰਨ ਦਾ ਸੰਬੰਧ ਈਸਾਈ ਮਿਸ਼ਨਰੀਆਂ ਦੀ ਉਸ ਪਹੁੰਚ ਨਾਲ ਸੀ ਜਿਸ ਕਰਕੇ ਉਹਨਾਂ ਦੁਆਰਾ ਤਸੱਵੁਰ ਕੀਤੇ ਹਿੰਦੂ ਧਰਮ ਵਿਚ ਪਾਠ ਪੂਜਾ ਅਤੇ ਰੀਤੀ ਰਿਵਾਜ ਦੀ ਬਹੁਲਤਾ ਸੀ ਤੇ ਜਿਸ ਨੂੰ ਉਹ ਇਸ ਦਾ ਪਛੜਾਪਣ ਸਮਝਦੇ ਸਨ । ਦੂਸਰੇ ਕਾਰਨ ਦਾ ਸੰਬੰਧ ਓਰੀਐਂਟਲਿਜ਼ਮ ਦੀ ਉਸ ਵਿਦਵਤਾ ਨਾਲ ਸੀ ਜੋ ਕਿ ਉਸ ਦੁਆਰਾ ਅੰਗੇ ਜਾਂਦੇ ਹਿੰਦੂ ਧਰਮ ਦੀ ਅੰਦਰੂਨੀ ਬਹੁਲਤਾ ਨੂੰ ਆਪਣੀ ਸਮਝ ਦੇ ਸਿਸਟਮ ਵਿਚ ਫਿੱਟ ਕਰਨ ਲਈ ਇਸ ਦੇ ਸਭ ਰੂਪਾਂ ਨੂੰ ਸਿਰਫ ਇਕ ਭਾਰੂ ਪੈਂਦੀ ਪਹਿਚਾਣ ਦੇ ਰੂਪ ਵਿਚ ਦੇਖਣਾ ਚਾਹੁੰਦੀ ਸੀ । ਤੀਸਰੇ ਕਾਰਨ ਦਾ ਸੰਬੰਧ ਉਸ ਵੇਲੇ ਪੈਦਾ ਹੋਈਆਂ ਸੁਧਾਰਵਾਦੀ ਲਹਿਰਾਂ ਨਾਲ ਸੀ ਜੋ ਕਿ ਹਿੰਦੂ ਧਰਮ ਨੂੰ ਇਸ ਵਿਚਲੇ 'ਪੁਰਾਤਨ' ਅਤੇ 'ਪਛੜੇ' ਹੋਏ ਪੱਖਾਂ ਤੋਂ ਆਜ਼ਾਦ  ਕਰਵਾਉਣਾ ਚਾਹੁੰਦੀਆਂ ਸਨ ।[10] ਇਹਨਾਂ ਕਾਰਨਾਂ ਨੂੰ ਧਿਆਨ ਵਿਚ ਰੱਖ ਕੇ ਇਹ ਕਿਹਾ ਜਾ ਸਕਦਾ ਹੈ ਕਿ ਸਤੰਭ ਰੂਪੀ ਧਾਰਮਕ ਪਹਿਚਾਣਾਂ ਦੇ ਉਸਰਨ ਦਾ ਸਮਾਂ ਕਾਲ ਇਥੇ ਅਠਾਰਵੀਂ ਸਦੀ ਵਿਚ ਅੰਗਰੇਜ਼ਾਂ ਦੇ ਆਉਣ ਦੇ ਸਮਾਂ ਕਾਲ ਨਾਲ ਮੇਲ ਖਾਂਦਾ ਹੈ । ਓਰੀਐਂਟਲਿਜ਼ਮ ਦੇ ਅਨੁਸ਼ਾਸ਼ਨ ਦੀਆਂ ਅੰਤਰ ਦ੍ਰਿਸ਼ਟੀਆਂ ਦੇ ਅਨੁਸਾਰ ਕਿਸੇ ਵੀ ਧਰਮ ਨੂੰ ਦੇਖਣ, ਪਰਖਣ ਅਤੇ ਸਮਝਣ ਲਈ ਈਸਾਈਅਤ ਦੀ ਤਰਜ਼ 'ਤੇ ਉਸਰਿਆ ਮਾਡਲ ਹੀ ਵਾਜਬ ਹੈ । ਇਸ ਦੇ ਅਨੁਸਾਰ ਕਿਸੇ ਵੀ ਧਰਮ ਦੀ ਇਕ ਪਵਿੱਤਰ ਕਿਤਾਬ, ਇਕ ਪੈਗ਼ੰਬਰ ਅਤੇ ਇਕ ਸੰਸਥਾਗਤ ਧਾਰਮਕ ਸੰਸਥਾ ਜਿਵੇਂ ਕਿ ਚਰਚ ਅਤੇ ਸੰਸਥਾਗਤ ਧਰਮ ਸ਼ਾਸਤਰ ਹੋਣੇ ਜ਼ਰੂਰੀ ਹਨ । ਅੱਜਕੱਲ੍ਹ ਹਿੰਦੂਵਾਦ ਦੀ ਪਹਿਚਾਣ ਰੱਖਣ ਵਾਲੇ ਧਰਮ ਵਿਚ ਇਹਨਾਂ ਵਿਚੋਂ ਕੁਝ ਵੀ ਪਹਿਲਾਂ ਨਹੀਂ ਸੀ। ਓਰੀਐਂਟਲਿਜ਼ਮ ਦੇ ਵਿਦਵਾਨਾਂ ਨੇ ਭਾਰਤ ਵਿਚ ਬ੍ਰਾਹਮਣਾਂ ਦੀ ਉਚੀ ਸਮਾਜਕ ਹੈਸੀਅਤ ਕਰਕੇ ਬ੍ਰਾਹਮਣਵਾਦ ਅਤੇ ਇਸ ਨਾਲ ਸੰਬੰਧਤ ਗ੍ਰੰਥਾਂ ਅਤੇ ਸੰਸਥਾਵਾਂ ਨੂੰ ਇਹ ਸਥਾਨ ਦੇਣ ਦੀ ਸ਼ੁਰੂਆਤ ਕਰਕੇ ਆਧੁਨਿਕ ਹਿੰਦੂ ਧਰਮ ਨੂੰ ਮਾਨਤਾ ਦਿਤੀ । ਇਹ ਕੰਮ ਕਲਕੱਤਾ ਵਿਖੇ ਏਸ਼ੀਐਟਿਕ ਸੁਸਾਇਟੀ ਦੀ 1784 ਵਿਚ ਸਥਾਪਨਾ ਕਰਕੇ ਵਿਲੀਅਮ ਜੋਨਜ਼ ਵਰਗੇ ਵਿਦਵਾਨਾਂ ਨੇ ਸ਼ੁਰੂ ਕੀਤਾ। ਇਹ ਉਹੀ ਸਮਾਂ ਹੈ ਜਦੋਂ ਕਿ ਧਰਮਸ਼ਾਸਤਰਾਂ ਅਤੇ ਹੋਰ ਗ੍ਰੰਥਾਂ ਦਾ ਅੰਗਰੇਜ਼ੀ ਅਤੇ ਹੋਰਨਾਂ ਯੂਰਪੀਨ ਭਾਸ਼ਾਵਾਂ ਵਿਚ ਅਨੁਵਾਦ ਕੀਤਾ ਗਿਆ । ਓਰੀਐਂਟਲਿਜ਼ਮ ਦੀਆਂ ਅੰਤਰ ਦ੍ਰਿਸ਼ਟੀਆਂ ਦੇ ਅਨੁਸਾਰ ਹੀ ਵੇਦਾਂ, ਉਪਨਿਸ਼ਦਾਂ ਅਤੇ ਧਰਮਸ਼ਾਸਤਰਾਂ ਵਿਚ ਦਰਜ ਦਾਰਸ਼ਨਿਕ ਵਿਚਾਰਾਂ ਅਤੇ ਰੀਤੀਆਂ ਤੇ ਅਨੁਸ਼ਠਾਨਾਂ ਦੇ ਅਧਾਰ 'ਤੇ ਹੀ ਹਿੰਦੂ ਧਰਮ ਦੀ ਠੋਸ ਪਹਿਚਾਣ ਉਸਾਰਨ ਦੀ ਕੋਸ਼ਿਸ਼ ਕੀਤੀ ਗਈ । ਪ੍ਰਾਚੀਨ ਤੇ ਮੱਧ ਕਾਲ ਦੇ ਦੌਰਾਨ 'ਹਿੰਦੂ' ਸ਼ਬਦ ਦਾ ਅਰਥ ਸਿੰਧ ਦਰਿਆ ਤੋਂ ਏਧਰਲੇ ਭੂਗੋਲਿਕ ਖਿੱਤਿਆਂ ਦੀ ਪਹਿਚਾਣ ਨਾਲ ਸੰਬੰਧਤ ਸੀ ਜਾਂ ਮੁਸਲਮਾਨ ਸ਼ਾਸਕਾਂ ਦੀ ਨਿਗਾਹ ਵਿਚ ਉਹਨਾਂ ਸਾਰੇ ਲੋਕਾਂ ਜਾਂ ਸੰਪਰਦਾਵਾਂ ਲਈ ਵਰਤਿਆ ਜਾਂਦਾ ਸੀ ਜੋ ਕਿ ਇਸਲਾਮਿਕ ਨਹੀਂ ਸਨ । ਪਰ ਓਰੀਐਂਟਲਿਜ਼ਮ ਅਤੇ ਈਸਾਈ ਮਿਸ਼ਨਰੀਆਂ ਦੇ ਅਸਰ ਹੇਠ ਵੈਦਿਕ ਰਿਵਾਇਤ ਅਤੇ ਬ੍ਰਾਹਮਣਵਾਦ ਦੇ 'ਉੱਚ' ਕਲਾਸਿਕੀ ਸਭਿਆਚਾਰ ਨੂੰ ਹਿੰਦੂ ਧਰਮ ਦੀ ਪਹਿਚਾਣ ਦਾ ਅਧਾਰ ਬਣਾ ਕੇ ਲੋਕਾਂ ਦੇ ਪੱਧਰ 'ਤੇ ਵਿਚਰ ਰਹੇ ਅਨੁਸ਼ਠਾਨਾਂ ਅਤੇ ਰੀਤੀਆਂ ਦੇ 'ਨੀਵੇਂ' ਸਭਿਆਚਾਰ ਦੀ ਹਸਤੀ ਨੂੰ ਇਸ ਵਿਚ ਹੀ ਸ਼ਾਮਲ ਕਰਨ ਦੀ ਪ੍ਰਵਿਰਤੀ ਨੇ ਜਨਮ ਲਿਆ । ਇਸ ਤਰ੍ਹਾਂ ਦੇਖਿਆਂ ਹਿੰਦੂ ਧਰਮ ਦੀ ਇਸ ਪਹਿਚਾਣ ਨੇ, ਰੋਮਿਲਾ ਥਾਪਰ ਦੇ ਸ਼ਬਦਾਂ ਵਿਚ, ਇਕ 'ਕਾਲਪਨਿਕ ਧਾਰਮਕ ਭਾਈਚਾਰੇ' ਨੂੰ ਜਨਮ ਦਿਤਾ ।

ਧਾਰਮਕ ਪਹਿਚਾਣਾਂ ਬਣਾਉਣ ਦਾ ਇਹ ਵਿਚਾਰਧਾਰਕ ਕਾਰਜ ਹੋਰਨਾਂ ਧਰਮਾਂ ਜਿਵੇਂ ਕਿ ਇਸਲਾਮ ਅਤੇ ਸਿੱਖ ਧਰਮ ਵਿਚ ਵੀ ਚੱਲਿਆ ।

ਓਰੀਐਂਟਲਿਜ਼ਮ ਦੇ ਅਨੁਸਾਸ਼ਨ ਦੇ ਵਿਚਾਰਧਾਰਾਈ ਚੌਖਟੇ ਦੇ ਅੰਦਰ ਧਾਰਮਿਕ ਪਹਿਚਾਣਾਂ ਬਣਨ ਦੀ ਇਸ ਪ੍ਰਕ੍ਰਿਆ ਦੇ ਨਾਲ ਨਾਲ ਅਜਿਹੀ ਹੀ ਸਮਝ ਦੇ ਅਸਰ ਹੇਠ ਬਸਤੀਵਾਦੀ ਪ੍ਰਸ਼ਾਸ਼ਨ ਨੇ ਵੀ ਭਾਰਤੀ ਲੋਕਾਂ ਨੂੰ ਵੱਖਰੀਆਂ ਵੱਖਰੀਆਂ ਧਾਰਮਿਕ ਪਹਿਚਾਣਾਂ ਵਿਚ ਰੱਖ ਕੇ ਹੀ ਦੇਖਣ ਦੀ ਕੋਸ਼ਿਸ਼ ਕੀਤੀ । ਇਸੇ ਕਰਕੇ ਪ੍ਰਸ਼ਾਸਨ ਦੁਆਰਾ ਕਰਵਾਈਆਂ ਮਰਦਮਸ਼ੁਮਾਰੀਆਂ ਵਿਚ ਲੋਕਾਂ ਦਾ ਧਰਮ ਜਾਣਨ ਲਈ ਵਿਸ਼ੇਸ਼ ਇੰਦਰਾਜ ਹਮੇਸ਼ਾ ਹੀ ਰੱਖਿਆ ਗਿਆ ਪਰ ਆਪਣੀਆਂ ਧਾਰਮਿਕ ਪਹਿਚਾਣਾਂ ਦੀਆਂ ਪ੍ਰੀਭਾਸ਼ਤ ਹੱਦਬੰਦੀਆ ਵਿਚ ਬੱਝੇ ਲੋਕਾਂ ਨੂੰ ਅਸਲੀਅਤ ਵਿਚ ਲੱਭਣਾ ਆਪਣੇ ਆਪ ਵਿਚ ਸਮੱਸਿਆਵਾਂ ਨਾਲ ਭਰਿਆ ਹੋਇਆ ਕੰਮ ਸੀ । ਹਰਜੋਤ ਓਬਰਾਇ ਨੇ ਆਪਣੀ ਬਹੁ ਚਰਚਿਤ ਕਿਤਾਬ 'ਦ ਕਨਸਟਰਕਸ਼ਨ ਔਫ ਰਿਲੀਜੀਅਸ ਬਾਊਂਡਰੀਜ਼' ਵਿਚ ਅਨੇਕਾਂ ਹੀ ਅਜਿਹੀਆਂ ਉਦਾਹਰਣਾਂ ਦਿੱਤੀਆਂ ਹਨ ਜਿਨ੍ਹਾਂ ਵਿਚ ਇਹ ਦੇਖਣਾ ਅਤਿਅੰਤ ਮੁਸ਼ਕਲ ਸੀ ਕਿ ਕੋਈ ਭਾਈਚਾਰਾ ਕਿਸ ਧਰਮ ਨਾਲ ਸੰਬੰਧ ਰੱਖਦਾ ਹੈ । 30 ਜੂਨ, 1986 ਦੇ ਇੰਡੀਆ ਟੂਡੇ ਵਿਚ ਛਪੀ ਇਕ ਰਿਪੋਰਟ ਦੇ ਮੁਤਾਬਕ ਰਾਜਸਥਾਨ ਵਿਚ ਆਪਣੇ ਆਪ ਨੂੰ ਪ੍ਰਿਥਵੀ ਰਾਜ ਚੌਹਾਨ ਦੇ ਵੰਸ਼ਜਾਂ ਵਿਚੋਂ ਸਮਝਣ ਵਾਲੇ ਮੈਹਰਤ ਰਾਜਪੂਤਾਂ ਦੇ ਨਵ ਜੰਮੇ ਮੁੰਡਿਆਂ ਦੀ ਸੁੰਨਤ ਕੀਤੀ ਜਾਂਦੀ ਹੈ, ਉਹਨਾਂ ਦੇ ਵਿਆਹ ਦੀਆਂ ਰਸਮਾਂ ਇਸਲਾਮਿਕ ਨਿਕਾਹ 'ਤੇ ਅਧਾਰਤ ਹੁੰਦੀਆਂ ਹਨ ਅਤੇ ਉਹ ਆਪਣੇ ਮ੍ਰਿਤਕਾਂ ਦਾ ਸਸਕਾਰ ਨਹੀਂ ਕਰਦੇ ਸਗੋਂ ਉਹਨਾਂ ਨੂੰ ਦਫਨਾਉਂਦੇ ਹਨ । ਇਸ ਤਰ੍ਹਾਂ ਇਹਨਾਂ ਰਾਜਪੂਤਾਂ ਨੂੰ ਹਿੰਦੂ ਜਾਂ ਮੁਸਲਮਾਨ ਕਹਿਣਾ ਅੱਜ ਵੀ ਮੁਸ਼ਕਲ ਹੈ ।[11] ਪੰਜਾਬ ਵਿਚ ਅੱਜ ਵੀ ਮੁਸਲਿਮ ਪਿਛੋਕੜ ਅਤੇ ਦਿੱਖ ਵਾਲੀਆਂ ਦਰਗਾਹਾਂ ਅਤੇ ਖ਼ਾਨਕਾਹਾਂ ਵਿਚ ਆਪਣੀਆਂ ਮੰਨਤਾਂ ਮਨਾਉਣ ਲਈ ਜਾਣ ਵਾਲਿਆਂ ਵਿਚ ਹਿੰਦੂ ਅਤੇ ਸਿੱਖਾਂ ਦੀ ਬਹੁਤਾਤ ਹੈ । ਧਰਮਾਂ ਦੀਆਂ ਹੱਦਬੰਦੀਆਂ ਦੇ ਆਪਸ ਵਿਚ ਰਲਗੱਡ ਹੋਣ ਦੀਆਂ ਮਿਸਾਲਾਂ ਪਹਿਲੇ ਸਮਿਆਂ ਵਿਚ ਬਹੁਤ ਜ਼ਿਆਦਾ ਸਨ। ਆਪਣੇ ਆਪ ਨੂੰ ਮਰਦਮਸ਼ੁਮਾਰੀ ਦੇ ਧਰਮ ਵਾਲੇ ਇੰਦਰਾਜ ਵਿਚ ਕੀ ਲਿਖਵਾਉਣਾ ਹੈ ਜਾਂ ਸਰਕਾਰੀ ਕਰਿੰਦੇ ਨੇ ਕੀ ਲਿਖ ਦੇਣਾ ਹੈ, ਇਸ ਬਾਰੇ ਭੰਬਲਭੂਸਾ ਉਨੀਵੀਂ ਸਦੀ ਦੇ ਅਖੀਰ ਅਤੇ ਵੀਹਵੀਂ ਸਦੀ ਦੀ ਸ਼ੁਰੂ ਵਾਲੀਆਂ ਮਰਦਮਸ਼ੁਮਾਰੀਆਂ ਵਿਚ ਬਣਿਆ ਰਿਹਾ । ਮਿਸਾਲ ਦੇ ਤੌਰ 'ਤੇ ਇਹ ਭਰਮ ਫੈਲਾਇਆ ਗਿਆ ਕਿ ਇਸ ਸਮੇਂ ਦੇ ਦੌਰਾਨ ਸਿੱਖਾਂ ਦੀ ਗਿਣਤੀ ਪੰਜਾਬ ਦੀ ਕੁੱਲ ਅਬਾਦੀ ਵਿਚੋਂ ਘਟ ਰਹੀ ਸੀ । ਇਹ ਇਸ ਕਰਕੇ ਵਾਪਰਿਆ ਕਿਉਂਕਿ ਬਰਤਾਨਵੀ ਸਰਕਾਰ ਦੀ ਨਿਗਾਹ ਵਿਚ ਸਿਰਫ ਉਹੀ ਸਿੱਖ ਸਨ ਜੋ ਕਿ ਖਾਲਸਾ ਪੰਥ ਦੀਆਂ ਰਹੁ ਰੀਤਾਂ ਦੇ ਅਨੁਸਾਰ ਸੰਪੂਰਨ ਸਿੱਖੀ ਸਰੂਪ ਰਖਦੇ ਸਨ । ਇਸ ਲਈ, ਉਦਾਹਰਣ ਦੇ ਤੌਰ ਤੇ, 1891 ਦੀ ਮਰਦਮਸ਼ੁਮਾਰੀ ਵਿਚ ਨਾਨਕਪੰਥੀ, ਨਿਰਮਲੇ, ਉਦਾਸੀ ਸਿੱਖਾਂ ਸਮੇਤ ਲਗਭਗ 24 ਸੰਪਰਦਾਵਾਂ ਨੂੰ ਸਿੱਖਾਂ ਦੀ ਗਿਣਤੀ ਵਿਚ ਸ਼ਾਮਲ ਹੀ ਨਹੀਂ ਕੀਤਾ ਗਿਆ। ਮਰਦਮਸ਼ੁਮਾਰੀ ਦੇ ਅੰਕੜਿਆਂ ਮੁਤਾਬਕ ਇਹ ਗਿਣਤੀ 1344862 ਬਣਦੀ ਹੈ।[12] ਦੂਸਰੇ ਪਾਸੇ ਕਿਸੇ ਵਿਅਕਤੀ ਦੇ ਪੱਧਰ 'ਤੇ ਵੀ ਇਹ ਜਾਣਨਾ ਮੁਸ਼ਕਲ ਸੀ ਕਿ ਉਹ ਕਿਸ ਧਰਮ ਨਾਲ ਸੰਬੰਧ ਰੱਖਦਾ ਸੀ । ਇਥੇ ਪ੍ਰੋਫੈਸਰ ਰੁਚੀ ਰਾਮ ਸਾਹਨੀ ਦੁਆਰਾ ਆਪਣੇ ਪਿਤਾ ਦੀਆਂ ਧਾਰਮਕ ਰਹੁ ਰੀਤਾਂ ਦਾ ਜ਼ਿਕਰ ਕਰਨਾ ਗ਼ੈਰ ਵਾਜਬ ਨਹੀਂ ਹੋਵੇਗਾ । ਪ੍ਰੋਫੈਸਰ ਸਾਹਨੀ ਦੇ ਮੁਤਾਬਕ ਉਸ ਦੇ ਪਿਤਾ ਜੀ ਹਰ ਰੋਜ਼ ਸੁਬਹ ਅਤੇ ਸ਼ਾਮ ਨੂੰ ਇਕ ਸੁਹਿਰਦ ਵਿਸ਼ਵਾਸ਼ੀ ਦੇ ਨਿੱਘ ਨਾਲ ਮੂਰਤੀਆਂ ਦੀ ਪੂਜਾ ਕਰਦੇ ਸਨ ਅਤੇ ਫਿਰ ਉਸੇ ਹੀ ਸੁਹਿਰਦਤਾ ਅਤੇ ਨਿੱਘ ਨਾਲ ਜਪੁਜੀ ਅਤੇ ਰਹਿਰਾਸ ਦਾ ਪਾਠ ਵੀ ਕਰਦੇ ਸਨ ।[13] ਉਹਨਾਂ ਵਾਸਤੇ ਇਹਨਾਂ ਦੋਹਾਂ ਤਰ੍ਹਾਂ ਦੀਆਂ ਪੂਜਾ ਕਰਨ ਦੀਆਂ ਵਿਧੀਆਂ ਵਿਚ ਕੋਈ ਵਖਰੇਵਾਂ ਨਹੀਂ ਸੀ । ਉਹਨਾਂ ਦੇ ਇਸ ਵਿਹਾਰ ਦੀ ਧਾਰਮਕ ਪੁਸਤਕਾਂ ਵਿਚ ਦਰਜ ਵਿਚਾਰਾਂ ਅਤੇ ਇਹਨਾਂ ਦੇ ਅਰਥਾਂ ਦੇ ਚੌਖਟੇ ਵਿਚ ਰੱਖ ਕੇ ਵਿਆਖਿਆ ਨਹੀਂ ਕੀਤੀ ਜਾ ਸਕਦੀ । ਨਾ ਹੀ ਇਸ ਦੀ ਵਿਆਖਿਆ ਧਰਮਾਂ ਦੀਆਂ ਪ੍ਰੀਭਾਸ਼ਤ ਹੱਦਬੰਦੀਆਂ ਦੇ ਅਨੁਸਾਰ ਕੀਤੀ ਜਾ ਸਕਦੀ ਹੈ। ਉਪਰੋਕਤ ਉਦਾਹਰਣਾਂ ਤੋਂ ਇਹ ਸਿੱਟਾ ਸੌਖਾਲੇ ਹੀ ਕੱਢਿਆ ਜਾ ਸਕਦਾ ਹੈ ਕਿ (ੳ) ਭਾਰਤ ਵਿਚਲੀ ਧਰਮਾਂ ਦੀ ਸਥਿਤੀ ਦੀ ਵਿਆਖਿਆ ਓਰੀਐਂਟਲਿਜ਼ਮ ਦੀਆਂ ਅੰਤਰ ਦ੍ਰਿਸ਼ਟੀਆਂ ਦੇ ਅਨੁਸਾਰ ਧਾਰਮਕ ਹੱਦ ਬੰਦੀਆਂ ਤਹਿ ਕਰਕੇ ਨਹੀਂ ਕੀਤੀ ਜਾ ਸਕਦੀ ਅਤੇ (ਅ) ਇਹ ਸਥਿਤੀ, ਹਰਜੋਤ ਓਬਰਾਇ ਦੇ ਸ਼ਬਦਾਂ ਵਿਚ, ਇਕ ਲਗਾਤਾਰਤਾ (continuum) ਵਾਂਗ ਹੈ ਨਾ ਕਿ ਹੱਦ ਬੰਦੀਆਂ ਦੇ ਅਨੁਸਾਰ ਇਕ ਦੂਜੇ ਤੋਂ ਬਿਲਕੁਲ ਵੱਖਰੇ ਅਤੇ ਫਿਰ ਵਿਰੋਧੀ ਧਾਰਮਕ ਖੇਮਿਆਂ ਵਾਲੀ ਹੈ।[14]

ਪਰ ਭਾਰਤ ਦੇ 18ਵੀਂ ਸਦੀ ਤੋਂ ਸ਼ੁਰੂ ਹੋਏ ਬਸਤੀਵਾਦੀ ਕਾਲ ਦੇ ਇਤਿਹਾਸ ਦਾ ਦੁਖਾਂਤ ਇਹ ਹੈ ਕਿ ਭਾਰਤ ਦੀ ਰਾਸ਼ਟਰ ਦੇ ਤੌਰ 'ਤੇ ਚੇਤਨਾ ਦੇ ਵਿਕਾਸ ਦੀ 'ਮੁੱਖ ਧਾਰਾ' ਦੀਆਂ ਨੀਹਾਂ ਵਿਚ ਮੋਟੇ ਤੌਰ 'ਤੇ ਉਪਰ ਬਹਿਸ ਅਧੀਨ ਲਿਆਂਦੀਆਂ ਓਰੀਐਂਟਲਿਜ਼ਮ ਦੀਆਂ ਅੰਤਰ ਦ੍ਰਿਸ਼ਟੀਆਂ ਹੀ ਪਈਆਂ ਹਨ । ਭਾਵੇਂ ਕਿ ਰਾਸ਼ਟਰਵਾਦੀ ਲਹਿਰ ਵਜੋਂ ਵਿਕਸਤ ਹੋਈ ਰਾਸ਼ਟਰੀ ਚੇਤਨਾ ਦੇ ਪੈਦਾ ਹੋਣ ਦਾ ਕਾਰਨ ਬਸਤੀਵਾਦੀ ਰਾਜ ਤੋਂ ਅਜ਼ਾਦ ਹੋ ਕੇ ਆਪਣੇ ਮੁਲਕ ਦੀ ਹੋਣੀ/ਹਸਤੀ ਨੂੰ ਪਛਾਣਨਾ ਸੀ ਪਰ ਇਹ ਚੇਤਨਾ ਇਕ ਅਜਿਹੇ ਪ੍ਰਾਚੀਨ ਕਾਲ ਵਿਚ ਤਲਾਸ਼ ਕੀਤੀ ਗਈ ਜਿਸ ਨੂੰ ਕਿ ਇਕ ਸੁਨਹਿਰੀ ਯੁੱਗ ਦੇ ਤੌਰ ਤੇ ਤਸੱਵੁਰ ਕੀਤਾ ਗਿਆ। ਅੱਜ ਇਕੀਵੀਂ ਸਦੀ ਤੱਕ ਇਸ ਸੁਨਹਿਰੀ ਯੁੱਗ ਦੀਆਂ ਵਿਗਿਆਨ, ਤਕਨਾਲੋਜੀ ਦੇ ਖੇਤਰਾਂ ਵਿਚ ਕਾਲਪਨਿਕ ਪ੍ਰਾਪਤੀਆਂ ਅਤੇ ਅਧਿਆਤਮਕਤਾ ਦੇ ਸਿਖ਼ਰ ਨੂੰ ਪਹੁੰਚਣ ਦੀ ਚਰਚਾ ਕੀਤੀ ਜਾਣੀ ਜਾਰੀ ਹੈ । ਸੰਜੋਗ ਨਾਲ ਭਾਰਤੀ ਸਭਿਅਤਾ ਵਿਚ ਅਧਿਆਤਮਕਤਾ ਦੇ ਅੰਸ਼ ਨੂੰ ਭਾਰੂ ਦਿਖਾਉਣਾ ਜਾਂ ਇਸ ਦਾ ਧੁਰਾ ਦਿਖਾਉਣਾ ਵੀ ਓਰੀਐਂਟਲਿਜ਼ਮ ਦੇ ਅਨੁਸਾਸ਼ਨ ਵਿਚ

ਖ਼ਾਸ ਥਾਂ ਰੱਖਦਾ ਰਿਹਾ ਹੈ । ਮੱਧਯੁੱਗ ਤੋਂ ਬਾਅਦ ਬਸਤੀਵਾਦੀ ਦੌਰ ਦੇ ਸਮੇਂ ਵਿਚ ਭਾਰਤੀ ਰਾਸ਼ਟਰ ਦੇ ਸੰਕਲਪ ਦੇ ਹੋਂਦ ਵਿਚ ਆਉਣ ਨੂੰ ਇਸ ਜ਼ਾਵੀਏ ਤੋਂ ਸਮਝਣ ਦਾ ਦੂਜਾ ਅਰਥ ਇਹ ਵੀ ਬਣਦਾ ਹੈ ਕਿ ਇਹ ਪੱਛਮੀ ਯੂਰਪ ਦੇ ਰਾਸ਼ਟਰਾਂ ਦੇ ਸੰਕਲਪ ਦੇ ਵਾਂਗ ਪੁਨਰ ਸੁਰਜੀਤੀ (renaissance) ਦੀ ਲਹਿਰ ਦੇ ਪਿਛੋਂ ਪੈਦਾ ਹੋਈ ਆਧੁਨਿਕਵਾਦੀ ਜਮਹੂਰੀਅਤ ਦੇ ਵਿਚਾਰਾਂ ਅਤੇ ਇਸ ਕਰਕੇ ਪੈਦਾ ਹੋਈਆਂ ਰਾਜਸੀ ਸੰਰਚਨਾਵਾਂ ਵਿਚੋਂ ਪੈਦਾ ਨਹੀਂ ਹੋਇਆ । ਇਸ ਦੇ ਮੂਲ ਸੁਭਾਅ ਨੂੰ ਪ੍ਰੀਭਾਸ਼ਤ ਕਰਨ ਵਾਲੀ ਪ੍ਰਾਚੀਨ ਕਾਲ ਦੀ ਵੈਦਿਕ ਪਰੰਪਰਾ ਹੀ ਰਹੀ ਹੈ । ਉਨੀਵੀਂ ਸਦੀ ਦੇ ਅਖੀਰ ਵਿਚ ਬੰਗਾਲ ਅਤੇ ਬੌਂਬੇ ਪ੍ਰੈਜ਼ੀਡੈਂਸੀ ਵਿਚ ਪੈਦਾ ਹੋਏ ਰਾਸ਼ਟਰਵਾਦੀ ਸੰਕਲਪਾਂ ਵਿਚੋਂ ਭਾਰਤ ਦਾ ਮੱਧ ਕਾਲ ਨਾ ਸਿਰਫ ਗ਼ਾਇਬ ਹੀ ਰਿਹਾ ਹੈ ਸਗੋਂ ਬਹੁਤ ਵਾਰੀ ਇਸ ਨੂੰ ਹਨੇਰੇ ਵਾਲਾ ਅਤੇ ਗੁਲਾਮੀ ਵਾਲਾ ਯੁੱਗ ਵੀ ਕਿਹਾ ਜਾਂਦਾ ਰਿਹਾ ਹੈ । ਇਸੇ ਕਰਕੇ ਰਾਸ਼ਟਰਵਾਦ ਦੀ ਇਸ ਤਰ੍ਹਾਂ ਦੀ ਉਤਪਤੀ ਦੇ ਸਿੱਟੇ ਵਜੋਂ ਇਸ ਦੁਆਰਾ ਟਿਕਿਆ ਹੋਇਆ ਇਸਦਾ ਦੁਸ਼ਮਣ ਇਸਲਾਮ ਸੀ । ਰਾਸ਼ਟਰਵਾਦ ਦੀ ਉਤਪਤੀ ਦੇ ਸ਼ੁਰੂਆਤੀ ਦੌਰ ਵਿਚ ਇਸ ਦੀ ਇਕ ਉਘੜਵੀਂ ਮਿਸਾਲ 1882 ਵਿਚ ਛਪਿਆ ਬੰਕਿਮ ਚੰਦਰ ਚਟੋਪਾਧਿਆਇ ਦੁਆਰਾ ਲਿਖਿਆ ਨਾਵਲ 'ਆਨੰਦ ਮੱਠ' ਹੈ । ਇਸ ਨਾਵਲ ਵਿਚ ਬੇਗਾਨੀਅਤ ਅਤੇ ਦੁਸ਼ਮਣ ਵਾਲੇ ਸਥਾਨ 'ਤੇ ਬਰਤਾਨਵੀ ਸਾਮਰਾਜ ਨਹੀਂ ਹੈ ਸਗੋਂ ਮੁਸਲਮਾਨ ਹਨ । ਇਸ ਤੋਂ ਵੀ ਪਹਿਲਾਂ ਰਾਜਾ ਰਾਮ ਮੋਹਨ ਰਾਏ ਵਰਗੇ ਵਿਦਵਾਨਾਂ ਨੇ ਭਾਵੇਂ ਸਤੀ ਵਰਗੀਆਂ ਕੁਰੀਤੀਆਂ ਅਤੇ ਵਿਧਵਾਵਾਂ ਦੀ ਦੁਰਦਸ਼ਾ ਦੇ ਖਿਲਾਫ਼ ਇਕ ਵਿਆਪਕ ਜੰਗ ਛੇੜੀ ਪਰ ਇਹਦੇ ਨਾਲ ਹੀ ਵੈਦਿਕ ਪਰੰਪਰਾ ਨੂੰ ਭਾਰਤੀ ਪਹਿਚਾਣ ਦਾ ਆਧਾਰ ਬਣਾਇਆ। ਇਸੇ ਵੈਦਿਕ ਪਰੰਪਰਾ ਦੇ ਅਧਾਰ ਉਪਰ ਹੀ ਆਉਣ ਵਾਲੇ ਸਮੇਂ ਵਿਚ ਫਿਰਕੂ ਵਿਚਾਰਧਾਰਾ ਦਾ ਉਸਾਰ ਦੇਖਿਆ ਜਾ ਸਕਦਾ ਹੈ । ਇਸ ਦੇ ਆਧਾਰ 'ਤੇ ਇਕ ਪਾਸੇ ਤਾਂ ਕੁਝ ਸਮਾਜ ਸੁਧਾਰ ਲਹਿਰਾਂ ਚਲੀਆਂ ਜਿਨ੍ਹਾਂ ਨੇ ਹਿੰਦੂ ਧਰਮ ਨੂੰ ਜਿਵੇਂ ਕਿ ਉਪਰ ਜ਼ਿਕਰ ਕੀਤਾ ਜਾ ਚੁੱਕਾ ਹੈ, ਪ੍ਰੀਭਾਸ਼ਤ ਕਰਕੇ ਇਸ ਦੀ ਇਕ ਠੋਸ ਪਹਿਚਾਣ ਬਣਾਈ ਅਤੇ ਨਾਲ ਹੀ ਇਸ ਵਿਚ, ਉਹਨਾਂ ਮੁਤਾਬਕ, ਆਈਆਂ ਕੁਰੀਤੀਆਂ ਤੋਂ ਇਸ ਨੂੰ ਅਜ਼ਾਦ ਕਰਨਾ ਚਾਹਿਆ ਪਰ ਇਸ ਦਾ ਇਕ ਗੰਭੀਰ ਸਿੱਟਾ ਫਿਰਕਾਪ੍ਰਸਤੀ ਦੇ ਜਨਮ ਅਤੇ ਵਿਕਾਸ ਵਿਚ ਨਿਕਲਿਆ ।

ਅਜਿਹੀ ਹੀ ਇਕ ਸੁਧਾਰਵਾਦੀ ਲਹਿਰ ਆਰੀਆ ਸਮਾਜ ਦੀ ਸੀ । ਇਸ ਲਹਿਰ ਦਾ ਬਾਨੀ ਸਵਾਮੀ ਦਯਾਨੰਦ ਭਾਵੇਂ ਗੁਜਰਾਤੀ ਸੀ ਪਰ ਇਹ ਸਭ ਤੋਂ ਪਹਿਲਾਂ ਉੱਨੀਵੀਂ ਸਦੀ ਦੇ ਆਖੀਰਲੇ ਦਹਾਕਿਆਂ ਵਿਚ ਸੰਗਠਤ ਪੰਜਾਬ ਵਿਚ ਹੋਈ । ਪਹਿਲ ਪ੍ਰਿਥਮੇ ਤਾਂ ਇਸ ਲਹਿਰ ਨੇ ਵੈਦਿਕ ਪਰੰਪਰਾ ਨੂੰ ਸਭ ਤੋਂ ਉੱਤਮ ਅਧਿਆਤਮਕ, ਪ੍ਰਾਚੀਨ ਅਤੇ ਸਭਿਅਕ ਪਰੰਪਰਾ ਸਿੱਧ ਕਰਨ ਦੀ ਕੋਸ਼ਿਸ਼ ਕੀਤੀ । ਸਵਾਮੀ ਦਯਾਨੰਦ ਦੇ ਅਨੁਸਾਰ ਵੇਦ ਹੀ ਅਜਿਹੇ ਗ੍ਰੰਥ ਹਨ, ਜੋ ਕਿ ਪ੍ਰਮਾਤਮਾ ਦੀ ਬਿਲਕੁਲ ਸਹੀ ਰੂਪ ਵਿਚ ਵਿਆਖਿਆ ਕਰਦੇ ਹਨ । ਇਸ ਕਰਕੇ ਇਹ ਗ੍ਰੰਥ ਪ੍ਰਮਾਤਮਾ ਦੇ ਆਪਣੇ ਹਨ ਨਾ ਕਿ ਕਿਸੇ ਹੋਰ ਦੇ । ਇਹਨਾਂ ਵਿਚ ਕੁਝ ਵੀ ਕੁਦਰਤ ਦੇ ਨੇਮਾਂ ਦੇ ਖ਼ਿਲਾਫ਼ ਨਹੀਂ ਹੈ ਅਤੇ ਨਾ ਹੀ ਤਰਕ ਦੇ ਨੇਮਾਂ ਦੇ ਖ਼ਿਲਾਫ਼। ਪਰ ਉਹ ਇਥੇ ਹੀ ਨਹੀਂ ਰੁਕਦਾ । ਵੇਦਾਂ ਦੀ ਉਤਮਤਾ ਸਿੱਧ ਕਰਨ ਲਈ ਉਹ ਦੂਜੇ ਧਰਮਾਂ ਦੇ ਗ੍ਰੰਥਾਂ ਨੂੰ ਗੌਣ ਦਰਜੇ 'ਤੇ ਰਖਦਾ ਹੈ । ਉਸ ਦੇ ਸ਼ਬਦਾਂ ਵਿਚ ਬਾਈਬਲ ਅਤੇ ਕੁਰਾਨ ਪ੍ਰਮਾਤਮਾ ਦੀ ਸਹੀ ਵਿਆਖਿਆ ਕਰਨ ਅਤੇ ਕੁਦਰਤ ਤੇ ਤਰਕ ਦੇ ਨੇਮਾਂ ਦੇ ਅਨੁਸਾਰੀ ਹੋਣ ਦਾ ਟੈਸਟ ਪਾਸ ਨਹੀਂ ਕਰਦੀਆਂ । ਇਸ ਕਰਕੇ ਉਹ ਪ੍ਰਮਾਤਮਾ ਦੀਆਂ ਆਪਣੀਆਂ ਕਿਤਾਬਾਂ ਨਹੀਂ ਹਨ।[15] ਸਾਵਰਕਰ ਦੀ ਹਿੰਦੂਤਵ ਦੀ ਵਿਚਾਰਧਾਰਾ ਦੇ ਆਉਣ ਤੋਂ ਪਹਿਲਾਂ ਹੀ ਸਵਾਮੀ ਦਯਾਨੰਦ ਨੇ ਆਰੀਆ ਸਭਿਅਤਾ ਜੋ ਕਿ ਅਸਲ ਵਿਚ ਵੈਦਿਕ ਪਰੰਪਰਾ ਦਾ ਹੀ ਦੂਜਾ ਨਾਂ ਹੈ, ਨੂੰ ਭਾਰਤ ਦੀ ਮੂਲ ਸਭਿਅਤਾ ਕਿਹਾ ਸੀ । ਨਾ ਸਿਰਫ ਇਹ ਸਗੋਂ ਆਰੀਆਂ ਨੂੰ ਸਭਿਅਕ ਲੋਕ ਪ੍ਰੀਭਾਸ਼ਤ ਕਰਕੇ ਇਥੇ ਵਸਦੇ ਬਾਕੀ ਲੋਕਾਂ ਨੂੰ ਦਾਸ ਜਾਂ ਅਸੁਰ ਕਹਿ ਕੇ ਅਸਭਿਅਕ ਵੀ ਕਿਹਾ ਸੀ । ਇਹੀ ਲੋਕ ਅਛੂਤ ਜਾਂ ਸ਼ੂਦਰ ਕਹਾਏ । ਸਵਾਮੀ ਦਯਾਨੰਦ ਦੀ ਨਿਗਾਹ ਵਿਚ ਵੈਦਿਕ ਪਰੰਪਰਾ ਦੀ ਉਤਮਤਾ ਇਸ ਗੱਲ ਵਿਚ ਵੀ ਪਈ ਸੀ ਕਿ ਆਰੀਅਨ ਹੀ ਅਜਿਹੇ ਲੋਕ ਸਨ ਜੋ ਕਿ ਇਤਿਹਾਸ ਦੇ ਸ਼ੁਰੂ ਤੋਂ ਹੀ ਵਿਦਿਆ ਗ੍ਰਹਿਣ ਕਰਕੇ ਸਭਿਅਤਾ ਦੀ ਰੌਸ਼ਨੀ ਵਿਚ ਆ ਚੁੱਕੇ ਸਨ ਜਦੋਂ ਕਿ ਯੂਰਪ ਅਤੇ ਏਸ਼ੀਆ ਦੇ ਬਾਕੀ ਹਿੱਸੇ ਓਦੋਂ ਤੱਕ ਅਸਭਿਅਕ ਅਤੇ ਹਨੇਰੇ ਵਿਚ ਹੀ ਜਿਉਂ ਰਹੇ ਸਨ । ਸਵਾਮੀ ਦਯਾਨੰਦ ਦੀਆਂ ਉਪਰੋਕਤ ਧਾਰਨਾਵਾਂ ਦੇ ਅਧਾਰ 'ਤੇ, ਕਰਿਸਟੋਫ ਜ਼ੈਫਰਲੌਟ ਦੇ ਸ਼ਬਦਾਂ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਭਾਵੇਂ ਉਸਨੇ ਬ੍ਰਾਹਮਣਾਂ ਨੂੰ ਭਾਰਤ ਅੰਦਰ ਫੈਲੇ ਅੰਧ ਵਿਸ਼ਵਾਸ਼ ਲਈ ਜ਼ੁੰਮੇਵਾਰ ਠਹਿਰਾਇਆ ਪਰ ਉਸ ਦਾ ਆਪਣਾ ਬਦਲਵਾਂ ਸਮਾਜਕ ਮਾਡਲ ਵੀ ਬ੍ਰਾਹਮਣਵਾਦ ਉਪਰ ਹੀ ਟਿਕਿਆ ਹੋਇਆ ਸੀ ।[16]

## ਧਾਰਮਕ ਪਹਿਚਾਣਾਂ ਅਤੇ ਬ੍ਰਿਟਿਸ਼ ਰਾਜ ਪ੍ਰਬੰਧ

ਬਸਤੀਵਾਦੀ ਰਾਜ ਦੇ ਸਮੇਂ ਤੋਂ ਧਾਰਮਕ ਪਹਿਚਾਣਾਂ ਬਣਾਉਣ ਦੇ ਸੰਬੰਧ ਵਿਚ ਇਹ ਪ੍ਰਸ਼ਨ ਉਠਾਇਆ ਜਾ ਸਕਦਾ ਹੈ ਕਿ ਕੀ ਇਹ ਧਾਰਮਕ ਪਹਿਚਾਣਾਂ ਸਿਰਫ਼ ਵੱਖ ਵੱਖ ਧਰਮਾਂ ਦੀਆਂ ਤਸੱਵੁਰ ਕੀਤੀਆਂ ਵੱਖ ਵੱਖ ਦਾਰਸ਼ਨਿਕ ਧਾਰਨਾਵਾਂ ਅਤੇ ਇਹਨਾਂ ਵਿਚਲੇ ਆਪਸੀ ਵਖਰੇਵਿਆਂ ਵਿਚੋਂ ਹੀ ਪੈਦਾ ਹੋਈਆਂ ? ਕੀ ਇਹਨਾਂ ਪਹਿਚਾਣਾਂ ਵਿਚ ਤਸੱਵੁਰ ਕੀਤੀ ਦਾਰਸ਼ਨਿਕ, ਸਭਿਆਚਾਰਕ ਅਤੇ ਨਸਲੀ ਵੱਖਰਤਾ ਹੀ ਇਹਨਾਂ ਦੇ ਪ੍ਰਵਚਨ ਦੇ ਲੋਕਾਂ ਵਿਚ ਪ੍ਰਚਲਿਤ ਹੋਣ ਦਾ ਕਾਰਨ ਸੀ ? ਉਸ ਵੇਲੇ ਦੀ ਰਾਜਸੀ ਸਥਿਤੀ ਵੱਲ ਧਿਆਨ ਮਾਰਨ 'ਤੇ ਪਤਾ ਲੱਗਦਾ ਹੈ ਕਿ ਅਜਿਹਾ ਨਹੀਂ ਸੀ । ਇਹਨਾਂ ਵੱਖ ਵੱਖ ਧਾਰਮਕ ਪਹਿਚਾਣਾਂ ਦੇ

ਵੱਖਰੇ ਅਤੇ ਆਪਸੀ ਵਿਰੋਧ ਵਾਲੇ ਫਿਰਕੂ ਪ੍ਰਵਚਨਾਂ ਦਾ ਲੋਕਾਂ ਵਿਚ ਪੈਰ ਧਰਾਵਾ ਅਤੇ ਮਕਬੂਲੀਅਤ ਨੂੰ ਉਸ ਵੇਲੇ ਦੀ ਰਾਜਸੀ ਸਥਿਤੀ ਅਤੇ ਬ੍ਰਿਟਿਸ਼ ਰਾਜ ਦੀਆਂ ਪ੍ਰਬੰਧਕੀ ਨੀਤੀਆਂ ਤੋਂ ਵੱਖਰਾ ਕਰਕੇ ਨਹੀਂ ਦੇਖਿਆ ਜਾ ਸਕਦਾ । ਉਨੀਵੀਂ ਸਦੀ ਦੇ ਅਖੀਰ ਤੋਂ ਹੀ ਮੁਕਾਮੀ ਸਰਕਾਰਾਂ ਤੇ ਪ੍ਰਬੰਧਕੀ ਅਦਾਰੇ ਅਤੇ ਸੂਬੇ ਤੇ ਦੇਸ਼ ਦੇ ਲੈਜਿਸਲੇਟਿਵ ਅਤੇ ਕਾਰਜਕਾਰੀ ਅਦਾਰਿਆਂ ਵਿਚ ਪ੍ਰਤੀਨਿਧਤਾ ਸਮਾਜ ਦੇ ਉਹਨਾਂ ਕੁਲੀਨ ਵਰਗਾਂ ਜਾਂ ਵਿਅਕਤੀਆਂ ਨੂੰ ਮਿਲਣੀ ਸ਼ੁਰੂ ਹੋਈ ਜੋ ਆਪਣੇ ਪਿੱਛੇ ਆਪਣੇ ਭਾਈਚਾਰੇ ਜੋ ਬਹੁਤ ਹੱਦ ਤੱਕ ਧਾਰਮਕ ਹੀ ਹੁੰਦਾ ਸੀ, ਦੀ ਹਮਾਇਤ ਰਖਦਾ ਸੀ । ਅਜਿਹੇ ਰਾਜ ਪ੍ਰਬੰਧ ਵਿਚ ਕਿਸੇ ਭਾਈਚਾਰੇ ਦੀ ਇਕਜੁੱਟਤਾ, ਉਸ ਦੀ ਸ਼ਕਤੀ ਅਤੇ ਉਸ ਦੀ ਗਿਣਤੀ ਹੀ ਉਸ ਭਾਈਚਾਰੇ ਦੀ ਸਮਾਜ ਅਤੇ ਰਾਜ ਪ੍ਰਬੰਧ ਵਿਚ ਉਸ ਦੀ ਸਥਿਤੀ ਦੀ ਜ਼ਾਮਨੀ ਬਣ ਸਕਦੀ ਸੀ । ਰਾਜਸੀ ਸਥਿਤੀ ਦੀ ਇਸ ਲੋੜ ਨੇ ਹੀ ਧਾਰਮਕ ਪਹਿਚਾਣਾਂ ਦੇ ਅਧਾਰ 'ਤੇ ਪਈਆਂ ਫਿਰਕੂ ਵੰਡਾਂ ਨੂੰ ਹੋਰ ਡੂੰਘਾ ਕੀਤਾ । ਇਹੋ ਜਿਹੀ ਸਥਿਤੀ ਵਿਚ ਬ੍ਰਿਟਿਸ਼ ਰਾਜ ਨੇ ਵੇਲੇ ਅਨੁਸਾਰ ਇਹਨਾਂ ਫਿਰਕੂ ਤਕਸੀਮਾਂ ਨੂੰ ਪੱਕਾ ਵੀ ਕੀਤਾ ਅਤੇ ਆਪਣੇ ਰਾਜ ਨੂੰ ਕਿਸੇ ਸੰਕਟ ਤੋਂ ਬਚਾਉਣ ਲਈ ਇਹਨਾਂ ਤਕਸੀਮਾਂ ਦਾ ਇਸਤੇਮਾਲ ਵੀ ਕੀਤਾ । 1909 ਵਿਚ ਫਿਰਕੂ ਅਧਾਰ 'ਤੇ ਹਿੰਦੂ ਅਤੇ ਮੁਸਲਿਮ ਵੋਟਰਾਂ ਦੇ ਹਲਕੇ ਧਰਮ ਦੇ ਆਧਾਰ ਉਤੇ ਵੰਡ ਦਿਤੇ । ਇਸ ਹਿੰਦੂ ਅਤੇ ਮੁਸਲਿਮ ਵੋਟਰਾਂ ਦੇ ਫਿਰਕੂ ਅਧਾਰ 'ਤੇ ਵੰਡੇ ਹਲਕਿਆਂ ਵਿਚ ਉਸੇ ਹੀ ਧਰਮ ਨਾਲ ਸੰਬੰਧਤ ਉਮੀਦਵਾਰ ਖੜ੍ਹੇ ਹੋ ਸਕਦੇ ਸਨ । ਧਰਮ ਦੇ ਅਧਾਰ 'ਤੇ ਵੱਖਰੇ ਚੋਣ ਹਲਕਿਆਂ ਨੂੰ ਮੰਗਣ ਪਿਛੇ ਦੋ ਤਰਕ ਕੰਮ ਕਰਦੇ ਸਨ । ਇਕ ਤਾਂ ਭਾਰਤੀ ਰਾਸ਼ਟਰ ਦੀ ਪ੍ਰੀਭਾਸ਼ਾ ਹੀ ਉਨੀਵੀਂ ਸਦੀ ਦੇ ਅਖੀਰ ਤੱਕ ਜਿਵੇਂ ਕਿ ਉਪਰ ਜ਼ਿਕਰ ਕੀਤਾ ਜਾ ਚੁਕਿਆ ਹੈ, ਹਿੰਦੂ ਧਰਮ ਦੀ ਇਕ ਠੋਸ ਪਹਿਚਾਣ ਉਸਾਰ ਕੇ ਉਸ ਦੇ ਅਧਾਰ ਤੇ ਹੀ ਬਣਾਈ ਗਈ ਸੀ । ਦੂਸਰੇ ਅਜਿਹਾ ਕਰਕੇ ਮੁਸਲਿਮ ਘੱਟ ਗਿਣਤੀ 'ਫਸਟ ਪਾਸਟ ਦਾ ਪੋਸਟ' ਦੇ ਸਿਧਾਂਤ ਉਪਰ ਹੋਣ ਵਾਲੀਆਂ ਚੋਣਾਂ ਵਿਚ ਆਪਣੀ ਨੁਮਾਇੰਦਗੀ ਪੱਕੀ ਕਰਨਾ ਚਾਹੁੰਦੀ ਸੀ ਪਰ ਇਹਨਾਂ ਕਾਰਨਾਂ ਦੇ ਬਾਵਜੂਦ ਧਰਮ ਦੇ ਅਧਾਰ 'ਤੇ ਵੱਖਰੇ ਚੋਣ ਹਲਕੇ ਬੁਨਿਆਦੀ ਤੌਰ 'ਤੇ ਫਿਰਕਾਪ੍ਰਸਤੀ ਦੀ ਨੀਂਹ ਨੂੰ ਮਜ਼ਬੂਤ ਕਰਦੇ ਸਨ ਅਤੇ ਸਮਾਜ ਵਿਚ ਪਾਈਆਂ ਜਾ ਰਹੀਆਂ ਫਿਰਕੂ ਲੀਹਾਂ ਨੂੰ ਹੋਰ ਡੂੰਘਾ । ਇਸ ਦੇ ਨਾਲ ਨਾਲ ਬਰਤਾਨਵੀ ਹਕੂਮਤ ਨੇ ਰਾਜ ਦੇ ਵੱਖ ਵੱਖ ਅਦਾਰਿਆਂ ਜਿਵੇਂ ਕਿ ਫੌਜ, ਪੁਲਿਸ ਆਦਿ ਵਿਚ ਭਰਤੀ ਵੀ ਉਹਨਾਂ ਦੁਆਰਾ ਹੀ ਨਸਲਵਾਦ ਦੇ ਅਧਾਰ 'ਤੇ ਸਿਰਜੀਆਂ ਮਾਰਸ਼ਲ ਕੌਮਾਂ ਵਿਚੋਂ ਹੀ ਕਰਨ ਦੀ ਨੀਤੀ ਅਪਣਾਈ । ਇਸ ਤਰ੍ਹਾਂ ਇਕ ਪਾਸੇ ਤਾਂ ਭਾਰਤੀ ਸਮਾਜ ਧਾਰਮਕ ਪਹਿਚਾਣਾਂ ਦੇ ਅਧਾਰ 'ਤੇ ਵੱਖ ਵੱਖ ਫਿਰਕਿਆਂ ਵਿਚ ਵੰਡਿਆ ਗਿਆ ਅਤੇ ਨਾਲ ਹੀ ਇਹਨਾਂ ਫਿਰਕਿਆਂ ਵਿਚ ਖਿੱਚੋਤਾਣ ਅਤੇ ਵਿਰੋਧ ਵਧਦੇ ਗਏ । ਇਹਨਾਂ ਕਾਰਨਾਂ ਨੂੰ ਧਿਆਨ ਵਿਚ ਰੱਖ ਕੇ ਹੀ, ਮਿਸਾਲ ਦੇ ਤੌਰ ਤੇ, ਪੰਜਾਬ ਵਿਚ ਆਰੀਆ ਸਮਾਜ, ਚੀਫ਼ ਖਾਲਸਾ ਦੀਵਾਨ ਅਤੇ ਸਿੰਘ ਸਭਾ ਆਦਿ ਦਾ ਗਠਨ ਹੋਇਆ । ਇਹਨਾਂ ਸਭ ਨੇ ਆਪਣੇ ਆਪਣੇ ਧਰਮਾਂ ਦੀਆਂ ਠੋਸ ਅਤੇ ਬਹੁਤ ਵਾਰੀ ਇਕ ਦੂਜੇ ਤੋਂ ਵਿਰੋਧੀ ਪਹਿਚਾਣਾਂ ਬਣਾਉਣ ਵਿਚ ਮੁੱਖ ਰੋਲ ਅਦਾ ਕੀਤਾ । ਇਸ ਦੇ ਸਿੱਟੇ ਵਜੋਂ ਭਾਰਤ ਅੰਦਰਲੇ ਸਾਂਝੇ ਸਭਿਆਚਾਰ ਨੂੰ ਗੰਭੀਰ ਸੱਟ ਵੱਜੀ । ਕਈ ਅਜਿਹੇ ਤਿਉਹਾਰ ਜਿਵੇਂ ਕਿ ਮੁਹੱਰਮ ਜੋ ਕਿ ਪਹਿਲਾਂ ਲੋਕ ਸਾਂਝੇ ਤੌਰ ਤੇ ਮਨਾਉਂਦੇ ਸਨ, ਕਿਸੇ ਇਕ ਧਰਮ ਦੇ ਹੋ ਕੇ ਰਹਿ ਗਏ ।

ਪੰਜਾਬ ਵਿਚ ਆਰੀਆ ਸਮਾਜ ਦੇ ਮੋਢੀ ਮੈਂਬਰਾਂ ਵਿਚੋਂ ਲਾਲ ਚੰਦ ਦਾ 'ਦ ਪੰਜਾਬੀ' ਨਾਂ ਦੇ ਅਖ਼ਬਾਰ ਵਿਚ 1909 ਵਿਚ ਲੇਖਾਂ ਦੀ ਲੜੀ ਦੇ ਰੂਪ ਵਿਚ ਅਤੇ ਬਾਅਦ ਵਿਚ ਇਕ ਪੈਂਫਲਿਟ ਦੇ ਰੂਪ ਵਿਚ ਪ੍ਰਕਾਸ਼ਤ ਹੋਇਆ ਲੰਬਾ ਲੇਖ 'ਰਾਜਨੀਤੀ ਵਿਚ ਆਪਾ ਤਿਆਗ' (Self-abnegation in politics)[17] ਇਕ ਧਰਮ ਦੀ ਪਹਿਚਾਣ ਦੇ ਆਧਾਰ 'ਤੇ ਉਸਰੇ ਫਿਰਕੇ ਅਤੇ ਇਸ ਦੇ ਰਾਜ ਪ੍ਰਬੰਧ ਅੰਦਰਲੇ ਸਥਾਨ ਦੀ ਅੰਤਰ ਸੰਬੰਧਤਾ ਉਤੇ ਰੌਸ਼ਨੀ ਪਾਉਂਦਾ ਹੈ । ਇਸ ਲੇਖ ਵਿਚ 1901 ਵਿਚ ਪਾਸ ਕੀਤੇ 'ਦ ਪੰਜਾਬ ਏਲੀਅਨੇਸ਼ਨ ਔਫ਼ ਲੈਂਡ ਐਕਟ' ਦੁਆਰਾ ਪੰਜਾਬ ਅੰਦਰਲੇ ਵਪਾਰੀ ਅਤੇ ਸੂਦਖੋਰ ਵਰਗ ਜੋ ਕਿ ਮੁਖ ਤੌਰ ਤੇ ਖਤਰੀ, ਅਰੋੜਾ ਜਾਤਾਂ ਨਾਲ ਸੰਬੰਧਤ ਸੀ, ਦੇ ਹਿਤਾਂ ਦੇ ਹੋਏ ਨੁਕਸਾਨ ਲਈ ਅੰਗਰੇਜ਼ ਸਰਕਾਰ ਦੁਆਰਾ ਮੁਸਲਮਾਨਾਂ ਪ੍ਰਤੀ ਸੁਵੱਲੀ ਨਜ਼ਰ ਰੱਖਣ ਨੂੰ ਜ਼ਿੰਮੇਵਾਰ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ । ਭਾਵੇਂ ਕਿ ਇਸ ਐਕਟ ਰਾਹੀਂ ਅੰਗਰੇਜ਼ ਸਰਕਾਰ ਨੇ ਪੰਜਾਬੀ ਸਮਾਜ ਨੂੰ ਕਾਸ਼ਤਕਾਰ ਅਤੇ ਗ਼ੈਰਕਾਸ਼ਤਕਾਰ ਜਾਤਾਂ ਵਿਚ ਕਨੂੰਨੀ ਤੌਰ ਤੇ ਵੰਡ ਦਿਤਾ ਅਤੇ ਜ਼ਮੀਨ ਦੀ ਮਾਲਕੀ ਦਾ ਹੱਕ ਸਿਰਫ਼ ਕਾਸ਼ਤਕਾਰ ਜਾਤਾਂ ਵਜੋਂ ਦਰਜ ਸਮਾਜ ਦੇ ਹਿੱਸਿਆਂ ਨੂੰ ਹੀ ਦਿਤਾ ਗਿਆ ਪਰ ਇਸ ਦੇ ਬਣਨ ਦਾ ਮੁੱਖ ਕਾਰਨ ਸੂਦਖੋਰਾਂ ਦੁਆਰਾ ਕਿਸਾਨੀ ਦੁਆਰਾ ਆਪਣਾ ਕਰਜ਼ਾ ਨਾ ਮੋੜਨ ਦੀ ਸੂਰਤ ਵਿਚ ਵੱਡੇ ਪੈਮਾਨੇ 'ਤੇ ਉਹਨਾਂ ਦੀ ਜ਼ਮੀਨ ਹੜੱਪਣਾ ਸੀ । ਪਰ ਲਾਲ ਚੰਦ ਨੇ ਇਸ ਸਾਰੇ ਹਾਲਾਤ ਨੂੰ ਹਿੰਦੂ/ਮੁਸਲਿਮ ਵਿਰੋਧ ਦੇ ਚੌਖਟੇ ਵਿਚ ਰੱਖ ਕੇ ਪੇਸ਼ ਕੀਤਾ । ਇਸੇ ਅਧਾਰ 'ਤੇ ਉਹ ਰਾਸ਼ਟਰ ਦੀ ਪ੍ਰੀਭਾਸ਼ਾ ਵੀ ਫਿਰਕੂ ਆਧਾਰ 'ਤੇ ਕਰਦਾ ਹੈ। ਉਸ ਦੇ ਅਨੁਸਾਰ 'ਬ੍ਰਹਿਮੰਡੀ ਭਰਾਤਰੀਭਾਵ' ਮਨੁੱਖਤਾ ਲਈ ਆਦਰਸ਼ ਤਾਂ ਹੋ ਸਕਦਾ ਹੈ ਪਰ ਅਸਲੀਅਤ ਨਹੀਂ ਕਿਉਂਕਿ ਨਸਲ ਅਤੇ ਰਾਸ਼ਟਰ ਦੀ ਹੋਂਦ ਤੋਂ ਅੱਖਾਂ ਨਹੀਂ ਮੀਟੀਆਂ ਜਾ ਸਕਦੀਆਂ । ਇਹ ਦੋਹੇਂ ਸੰਕਲਪ ਭਰਾਤਰੀਵਾਦ ਅਤੇ ਮਨੁੱਖੀ ਏਕਤਾ ਦਾ ਆਦਰਸ਼ ਕਿਤੇ ਵੀ ਪ੍ਰਾਪਤ ਨਹੀਂ ਕਰਨ ਦੇਣਗੇ । ਲਾਲ ਚੰਦ ਦੇ ਇਸ ਫਿਰਕੂ ਤਾਸੀਰ ਵਾਲੇ ਯਥਾਰਥਵਾਦ ਦੀ ਇਕੋ ਇਕ ਅਰਥ ਸੰਭਾਵਨਾ ਕਿਸੇ ਰਾਸ਼ਟਰ ਅੰਦਰ ਵਸਦੇ ਫਿਰਕਿਆਂ ਵਿਚ ਕਦੇ ਨਾ ਮੁਕਣ ਵਾਲੇ ਵਿਰੋਧ ਵਿਚ ਹੀ ਹੈ । ਇਸੇ ਵਿਰੋਧ ਵਿਚੋਂ ਆਪਣੀ ਜਿੱਤ ਪ੍ਰਾਪਤ ਕਰਨ ਲਈ ਉਹ ਹਿੰਦੂਆਂ ਨੂੰ, ਉਸ ਦੇ ਅਨੁਸਾਰ, ਆਪਣੀ ਕਮਜ਼ੋਰੀ ਵਾਲੀ ਮਨੋ-ਸਥਿਤੀ ਉਪਰ ਕਾਬੂ ਪਾਉਣ ਲਈ ਕਹਿੰਦਾ ਹੈ। ਹਿੰਦੂ ਫਿਰਕਾਪ੍ਰਸਤੀ ਦਾ ਇਕ ਪ੍ਰਮੁਖ ਲੱਛਣ ਹਿੰਦੂਆਂ ਨੂੰ ਮੁਸਲਮਾਨਾਂ ਦੇ ਮੁਕਾਬਲੇ ਕਮਜ਼ੋਰ ਅਤੇ ਬੁਜ਼ਦਿਲ ਦਿਖਾਉਣ ਦਾ ਰਿਹਾ ਹੈ । ਇਸ ਦਾ ਦੂਜਾ ਅਰਥ ਇਹ ਹੈ ਕਿ ਉਹਨਾਂ ਨੂੰ ਇਸ

ਕਿਸਮ ਦੀ ਬੁਜ਼ਦਿਲੀ ਛੱਡ ਕੇ ਮਰਦਾਵੀਂ ਬਹਾਦਰੀ, ਜੋ ਕਿ ਹਮਲਾਵਰ ਅਤੇ ਹਿੰਸਕ ਹੁੰਦੀ ਹੈ, ਵਾਲੇ ਰਾਹ ਪੈਣਾ ਚਾਹੀਦਾ ਹੈ । ਲਾਲ ਚੰਦ ਅਨੁਸਾਰ ਇਸੇ ਬੁਜ਼ਦਿਲੀ ਕਰਕੇ ਹੀ ਹਿੰਦੂਆਂ ਨੂੰ ਆਪਣੀ ਵਸੋਂ ਦੇ ਮੁਤਾਬਿਕ ਸਰਕਾਰੀ ਅਹੁਦਿਆਂ ਵਿਚ ਹਿੱਸਾ ਨਹੀਂ ਮਿਲਦਾ ਰਿਹਾ ਸੀ ।ਇਥੇ ਇਹ ਤੱਥ ਨੂੰ ਨੋਟ ਕਰਨਾ ਵੀ ਦਿਲਚਸਪ ਹੈ ਕਿ ਉਪਰ ਦਰਜ ਮਰਦਾਵੀਂ ਬਹਾਦਰੀ ਵਾਲੀ ਹਿੰਦੂ ਪਹਿਚਾਣ ਦੀ ਹੱਕ ਜਤਾਈ ਨੂੰ ਧਿਆਨ ਵਿਚ ਰੱਖ ਕੇ ਹੀ 1911 ਦੀ ਮਰਦਮਸ਼ੁਮਾਰੀ ਵਿਚ ਉਹਨਾਂ ਸਾਰਿਆਂ ਨੇ ਆਪਣੇ ਆਪ ਨੂੰ ਹਿੰਦੂ ਐਲਾਨਿਆ ਜੋ ਪਹਿਲਾਂ ਆਪਣੇ ਆਪ ਨੂੰ ਆਰੀਆ ਕਹਿੰਦੇ ਸਨ। ਇਸ ਤਰ੍ਹਾਂ ਇਹ ਹਿੰਦੂਵਾਦੀ ਪਹਿਚਾਣ ਹੋਂਦ ਵਿਚ ਆਈ ।

ਹਿੰਦੂਆਂ ਅਤੇ ਮੁਸਲਮਾਨਾਂ ਨੂੰ ਵੱਖੋ ਵੱਖਰੀਆਂ ਮਾਨਸਿਕ ਅਵਸਥਾਵਾਂ ਦੇ ਧਾਰਨੀਆਂ ਵਜੋਂ ਦੇਖਣਾ ਨਸਲਵਾਦ ਦੇ ਸਿਧਾਂਤ ਦੇ ਮੁਤਾਬਿਕ ਸੀ । ਇਸ ਅਨੁਸਾਰ ਮੁਸਲਮਾਨ ਆਪਣੇ ਨਸਲੀ ਸੁਭਾਅ ਕਰਕੇ ਹਮਲਾਵਰ ਅਤੇ ਧੱਕੜ ਬਿਰਤੀ ਵਾਲੇ ਹੀ ਪੇਸ਼ ਕੀਤੇ ਜਾਂਦੇ ਰਹੇ ਹਨ । ਇਸੇ ਵਿਚਾਰ ਦੀ ਤਰਜਮਾਨੀ ਕਰਨ ਵਾਲਾ ਮਦਨ ਮੋਹਨ ਮਾਲਵੀਆ ਦਾ ਹਿੰਦੂ ਮਹਾਂ ਸਭਾ ਦੀ 1923 ਦੀ ਸਾਲਾਨਾ ਮੀਟਿੰਗ ਵਿਚ ਦਿਤਾ ਪ੍ਰਧਾਨਗੀ ਭਾਸ਼ਣ ਹੈ । ਇਸ ਪ੍ਰਧਾਨਗੀ ਭਾਸ਼ਣ ਵਿਚ ਮਦਨ ਮੋਹਨ ਮਾਲਵੀਆ ਇਕ ਭਾਸ਼ਣ ਕਰਤਾ ਦੀ ਤਰਜ਼ ਵਿਚ ਇਹ ਐਲਾਨ ਕਰਦਾ ਹੈ ਕਿ ਉਸ ਨੂੰ ਪ੍ਰਮਾਤਮਾ ਵੱਡੀ ਤੋਂ ਵੱਡੀ ਸਜ਼ਾ ਦੇਵੇ ਜੇਕਰ ਉਹ ਮੁਸਲਮਾਨਾਂ ਦੇ ਉਪਰ ਹਿੰਦੂਆਂ ਦਾ ਦਬਦਬਾ ਬਣਾਉਣ ਦੀ ਕੋਸ਼ਿਸ਼ ਕਰੇ ਪਰ ਅਗਲੇ ਹੀ ਸਾਹ ਇਹ ਖ਼ਾਹਿਸ਼ ਵੀ ਉਹ ਉਤਨੇ ਹੀ ਜ਼ੋਰ ਨਾਲ ਪ੍ਰਗਟ ਕਰਦਾ ਹੈ ਕਿ ਹਿੰਦੂਆਂ ਨੂੰ ਇਤਨੇ ਬਲਵਾਨ ਹੋਣਾ ਚਾਹੀਦਾ ਹੈ ਕਿ ਉਹ ਆਪਣੀਆਂ ਧੀਆਂ ਭੈਣਾਂ ਦੀ ਇੱਜ਼ਤ ਦੀ ਰਖਵਾਲੀ ਕਰ ਸਕਣ । ਭਾਸ਼ਣ ਦੇ ਅਗਲੇ ਹਿੱਸੇ ਵਿਚ ਫਿਰਕੂ ਹਿੰਸਾਂ ਦੀਆਂ ਜਿੰਨੀਆਂ ਵੀ ਮਿਸਾਲਾਂ ਦਿੱਤੀਆਂ ਗਈਆਂ ਹਨ ਉਹਨਾਂ ਵਿਚ ਮੁਸਲਮਾਨਾਂ ਨੂੰ ਹੀ ਹਮਲਾਵਰ ਅਤੇ ਹਿੰਸਾ ਫੈਲਾਉਣ ਵਾਲੇ ਦਿਖਾਇਆ ਗਿਆ ਹੈ । ਇਸ ਤਰ੍ਹਾਂ ਸਿਰਫ ਉਹਨਾਂ ਨੂੰ ਹੀ ਫਿਰਕੂ ਹਿੰਸਾ ਲਈ ਜ਼ਿੰਮੇਵਾਰ ਬਣਾ ਕੇ ਪੇਸ਼ ਕੀਤਾ ਗਿਆ ਹੈ ।[18]

## ਰਾਸ਼ਟਰਵਾਦ, ਕਾਂਗਰਸ ਅਤੇ ਫਿਰਕਾਪ੍ਰਸਤੀ

ਰਾਸ਼ਟਰਵਾਦ ਅਤੇ ਫਿਰਕਾਪ੍ਰਸਤੀ ਦੇ ਆਪਸੀ ਰਿਸ਼ਤਿਆਂ ਵਿਚੋਂ ਉਪਜ ਰਹੀ ਰਾਜਸੀ, ਸਮਾਜਕ ਅਤੇ ਸਭਿਆਚਾਰਕ ਸਥਿਤੀ ਦੇ ਤੋੜ ਵਜੋਂ ਬਹੁਤ ਵਾਰੀ ਆਜ਼ਾਦੀ ਲਈ ਲੜੇ ਗਏ ਮੁਖਧਾਰਾ ਦੇ ਸੰਘਰਸ਼ ਨੂੰ ਪੇਸ਼ ਕੀਤਾ ਜਾਂਦਾ ਹੈ। ਆਜ਼ਾਦੀ ਦੇ ਇਸ ਸੰਘਰਸ਼ ਦੀ ਅਗਵਾਈ ਕਾਂਗਰਸ ਦੇ ਹੱਥ ਇਸ ਤਰ੍ਹਾਂ ਸੌਂਪ ਦਿੱਤੀ ਜਾਂਦੀ ਹੈ ਜਿਵੇਂ ਕਿ ਇਹ ਕੋਈ ਕੁਦਰਤੀ ਵਰਤਾਰਾ ਹੋਵੇ । ਆਜ਼ਾਦੀ ਦੇ ਇਸ ਸੰਘਰਸ਼ ਦੀ ਪਿੱਠ ਭੂਮੀ ਵਿਚ ਸਥਿਤ ਰਾਸ਼ਟਰਵਾਦ ਦੇ ਸੰਕਲਪ ਨੂੰ ਹੀ ਮੁੱਖਧਾਰਾ ਦਾ ਰਾਸ਼ਟਰਵਾਦ ਕਿਹਾ ਜਾ ਸਕਦਾ ਹੈ । ਇਸ ਵਿਚ ਭਾਰਤ ਦੀਆਂ ਭੂਗੋਲਿਕ ਹੱਦਾਂ ਅੰਦਰ ਵਸਦੇ ਸਾਰੇ ਲੋਕ ਆਪਣੀਆਂ ਅੱਡ ਅੱਡ ਧਾਰਮਕ ਪਹਿਚਾਣਾਂ ਦੇ ਬਾਵਜੂਦ ਬਰਾਬਰ ਦੇ ਹਿੱਸੇਦਾਰ ਗਿਣੇ ਜਾਂਦੇ ਹਨ । ਇਹਨਾਂ ਦੀ ਇਕਮੁੱਠਤਾ ਨੂੰ ਹੀ ਇਸ ਰਾਸ਼ਟਰਵਾਦ ਦਾ ਆਧਾਰ ਮੰਨਿਆ ਜਾਂਦਾ ਹੈ । ਇਸ ਤਰ੍ਹਾਂ ਇਸ ਰਾਸ਼ਟਰਵਾਦ ਨੂੰ ਸਭਿਆਚਾਰਕ ਰਾਸ਼ਟਰਵਾਦ ਤੋਂ ਵੱਖਰਾ ਕਰਕੇ ਦੇਖਿਆ ਜਾਂਦਾ ਹੈ। ਮੁੱਖਧਾਰਾ ਦੇ ਰਾਸ਼ਟਰਵਾਦ ਪ੍ਰਤੀ ਅਜਿਹੀ ਸਮਝ ਦੀ ਤਰਜਮਾਨੀ ਪ੍ਰੋਫੈਸਰ ਬਿਪਿਨ ਚੰਦਰ ਦਾ ਇਹ ਕਥਨ ਕਰਦਾ ਹੈ ਕਿ ਅਜ਼ਾਦੀ ਦੇ ਸੰਘਰਸ਼ ਦੇ ਕੇਂਦਰ ਵਿਚ ਕਾਂਗਰਸ ਹੀ ਰਹੀ ਹੈ ਜੋ ਕਿ 'ਦੇਸ਼ ਵਿਚਲੀ ਮੁੱਖ ਧਰਮ ਨਿਰਪੱਖ ਰਾਜਸੀ ਸ਼ਕਤੀ' ਹੈ ।[19] ਇਸੇ ਤਰ੍ਹਾਂ ਆਜ਼ਾਦੀ ਦੇ ਸੰਘਰਸ਼ ਦੀ ਇਤਿਹਾਸਕਾਰੀ ਵਿਚ ਇਹ ਨਿਰਣਾ ਵੀ ਬਹੁਤ ਪਰਪੱਕ ਗਿਣਿਆ ਜਾਂਦਾ ਹੈ ਕਿ ਹਿੰਦੂ ਰਾਸ਼ਟਰਵਾਦ, ਕਰਿਸਟੋਫ ਜ਼ੈਫਰਲੌਟ ਦੇ ਸ਼ਬਦਾਂ ਵਿਚ, 'ਕਾਂਗਰਸ ਪਾਰਟੀ ਦੀ ਹਾਵੀ ਰਹੀ ਭਾਰਤੀ ਰਾਜਨੀਤਕ ਰਵਾਇਤ ਦੇ ਸਮਾਨੰਤਰ ਚੱਲਿਆ ਜਿਸਨੂੰ 1920 ਵਿਚ ਗਾਂਧੀ ਨੇ ਵਿਸ਼ਾਲ ਆਧਾਰ ਵਾਲੀ ਲੋਕ ਜਥੇਬੰਦੀ ਵਿਚ ਤਬਦੀਲ ਕਰ ਦਿਤਾ।'[20] ਹਿੰਦੂ ਰਾਸ਼ਟਰਵਾਦ ਦੇ ਵਿਕਸਤ ਹੋਣ ਦੇ ਸੰਦਰਭ ਵਿਚ ਇਕ ਪੱਧਰ ਤੇ ਕਰਿਸਟੌਫ਼ ਜੈਫਰਲੌਟ ਦੇ ਕਥਨ ਵਿਚ ਸਚਾਈ ਪ੍ਰਤੀਤ ਹੁੰਦੀ ਹੈ । ਲਾਲ ਚੰਦ ਦੇ ਪਹਿਲਾਂ ਹੀ ਬਹਿਸ ਅਧੀਨ ਲਿਆਂਦੇ ਲੇਖ ਵਿਚ ਵੀ ਇਹ ਗੱਲ ਸਾਫ ਹੋ ਜਾਂਦੀ ਹੈ ਕਿ ਉਸ ਦੀ ਹਿੰਦੂਆਂ ਨੂੰ ਆਪਣੇ ਦੁਆਰਾ ਹੀ ਮਿਥੇ ਗਏ ਹਿਤਾਂ ਦੀ ਰਾਖੀ ਲਈ ਬਲਵਾਨ ਬਣਨ ਲਈ ਦਿਤੀ ਗਈ ਆਵਾਜ਼ ਦਾ ਕਾਰਨ ਹੀ ਕਾਂਗਰਸ ਦੁਆਰਾ ਇਹਨਾਂ ਹਿਤਾਂ ਤੋਂ ਕੰਨੀ ਵਮਟਣਾ ਸੀ । ਇਸ ਦੇ ਲਈ ਉਹ ਕਾਂਗਰਸ ਅੰਦਰ ਮੁਸਲਮਾਨਾਂ ਦੇ ਹਿਤਾਂ ਲਈ ਨਰਮੀ ਦੇ ਰੁਖ਼ ਦੀ ਨਿਸ਼ਾਨਦੇਹੀ ਕਰਦਾ ਹੈ । ਇਸੇ ਤਰ੍ਹਾਂ ਦੀ ਭਾਵਨਾ ਦਾ ਪ੍ਰਗਟਾਅ ਮਦਨ ਮੋਹਨ ਮਾਲਵੀਆ ਆਪਣੇ 1923 ਵਾਲੇ ਪ੍ਰਧਾਨਗੀ ਭਾਸ਼ਣ ਵਿਚ ਕਰਦਾ ਹੈ ।[21] ਇਹਨਾਂ ਦੋਹਾਂ ਦੁਆਰਾ ਹਿੰਦੂਆਂ ਨੂੰ ਬਲਵਾਨ ਬਣਨ ਲਈ ਕਹਿਣ ਦਾ ਸੰਦਰਭ ਵੀ ਕਾਂਗਰਸ ਦੀ ਅਹਿੰਸਾਵਾਦੀ ਨੀਤੀ ਹੈ ਪਰ ਲੇਖਾਂ ਨੂੰ ਗਹੁ ਨਾਲ ਪੜ੍ਹਿਆ ਇਹ ਅਹਿਸਾਸ ਵੀ ਹੋ ਜਾਂਦਾ ਹੈ ਕਿ ਉਹਨਾਂ ਦੁਆਰਾ ਇਹ ਉਲਾਂਭਾ ਕਿਸੇ ਆਪਣੇ ਨੂੰ ਹੀ ਦਿਤਾ ਲਗਦਾ ਹੈ । ਇਹ ਜਾਣਕਾਰੀ ਵੀ ਅਰਥ ਵਿਹੂਣੀ ਨਹੀਂ ਹੈ ਕਿ ਮਦਨ ਮੋਹਨ ਮਾਲਵੀਆ ਆਪ ਵੀ ਕਾਂਗਰਸ ਦਾ ਹਿੱਸਾ ਰਿਹਾ ਅਤੇ ਉਸ ਨੇ ਇਸ ਦੇ ਅੰਦਰ ਵੀ ਹਿੰਦੂ ਮਹਾਂਸਭਾ ਦਾ ਗਠਨ ਕੀਤਾ ।[22]

### ਮਹਾਤਮਾ ਗਾਂਧੀ ਅਤੇ ਹਿੰਦੂ ਧਰਮ

ਕਾਂਗਰਸ, ਗਾਂਧੀ ਦੀ ਵਿਚਾਰਧਾਰਾ ਅਤੇ ਹਿੰਦੂ ਰਾਸ਼ਟਰਵਾਦ ਦੇ ਆਪਸੀ ਰਿਸ਼ਤਿਆਂ ਨੂੰ ਸਮਝਣ ਲਈ ਮਹਾਤਮਾ ਗਾਂਧੀ ਦੇ

ਹਿੰਦੂ ਧਰਮ ਅਤੇ ਜਾਤ ਪਾਤ ਬਾਰੇ ਵਿਚਾਰ ਬਹਿਸ ਅਧੀਨ ਲਿਆਉਣੇ ਜ਼ਰੂਰੀ ਹਨ । ਕਰਿਸਟੌਫ ਜੈਫ਼ਰਲੌਟ ਦੇ ਅਨੁਸਾਰ ਮਹਾਤਮਾ ਗਾਂਧੀ ਨੇ ਹਿੰਦੂ ਧਰਮ ਦੇ ਏਕੀਕਰਨ ਕਰਨ ਵਾਲੇ ਅਤੇ ਅਧਿਆਤਮਕਤਾ ਵਾਲੇ ਬਰਾਂਡ ਨੂੰ ਪ੍ਰੋਤਸਾਹਿਤ ਕੀਤਾ ਜਿਸ ਵਿਚ ਕਿ ਸਭ ਮੱਤਾਂ ਦਾ ਸਮੋਣਾ ਲਾਜ਼ਮੀ ਸੀ ।[23] ਭਾਵੇਂ ਕਿ ਮਹਾਤਮਾ ਗਾਂਧੀ ਹਿੰਦੂਤਵ ਦੀ ਵਿਚਾਰਧਾਰਾ ਦੇ ਅਨੁਸਾਰ ਮੁਸਲਮਾਨਾਂ ਅਤੇ ਈਸਾਈਆਂ ਆਦਿ ਨੂੰ 'ਬੇਗਾਨੇ' ਅਤੇ 'ਦੂਸਰੇ' ਦੀ ਸਥਿਤੀ ਵਿਚ ਨਹੀਂ ਰਖਦਾ ਪਰ ਫਿਰ ਵੀ ਉਹ ਆਪਣੇ ਸੱਚ ਦੇ ਅਧਿਆਤਮਕ ਸੰਕਲਪ ਦੀ ਨਿਸ਼ਾਨਦੇਹੀ ਸਿਰਫ ਹਿੰਦੂ ਧਰਮ ਵਿਚ ਹੀ ਕਰਦਾ ਹੈ । ਉਸ ਦੇ ਵਾਸਤੇ ਵੀ ਹਿੰਦੂ ਧਰਮ ਦਾ ਸ੍ਰੋਤ ਵੇਦਾਂ, ਉਪਨਿਸ਼ਦਾਂ, ਪੁਰਾਣਾਂ ਅਤੇ ਖਾਸ ਕਰਕੇ ਗੀਤਾ ਅਤੇ ਰਮਾਇਣ ਵਿਚ ਹੀ ਹੈ । ਇਸ ਤਰ੍ਹਾਂ ਉਸ ਦੀ ਹਿੰਦੂ ਧਰਮ ਬਾਰੇ ਸਮਝ ਬ੍ਰਾਹਮਣਵਾਦ ਦੇ ਚੌਖਟੇ ਵਿਚਲੀ ਹੀ ਹੈ । ਉਹ ਆਪਣੇ ਵਿਸ਼ਵਾਸ਼ ਦੇ ਪੱਖੋਂ ਸਨਾਤਨੀ ਸੀ । ਇਸੇ ਕਰਕੇ ਉਹ ਮੂਰਤੀ ਪੂਜਾ ਅਤੇ ਪੁਨਰ ਜਨਮ ਨੂੰ ਨਕਾਰਦਾ ਨਹੀਂ ਸੀ । ਉਸ ਨੇ ਆਪਣੀਆਂ ਲਿਖਤਾਂ ਵਿਚ ਬਾਕੀ ਧਰਮਾਂ ਦੇ ਮੁਕਾਬਲੇ ਹਿੰਦੂ ਧਰਮ ਨੂੰ ਵੱਧ ਸਹਿਣਸ਼ੀਲ ਦੱਸਿਆ ।[24] ਉਸ ਦੀਆਂ ਨਜ਼ਰਾਂ ਵਿਚ ਹਿੰਦੂ ਧਰਮ ਅੰਦਰ ਸੱਚ ਨੂੰ ਖੋਜਣ ਅਤੇ ਪਾਉਣ ਦਾ ਤਰੀਕਾ ਮੁਕੰਮਲ ਰੂਪ ਵਿਚ ਅਹਿੰਸਾਵਾਦੀ ਹੈ ।[25] ਇਸ ਵਿਚ ਹਿੰਸਾ ਲਈ ਕੋਈ ਥਾਂ ਨਹੀਂ ਹੈ । ਉਸ ਦੇ ਅਨੁਸਾਰ ਇਹ ਧਰਮ ਇਤਨਾ ਵਿਸ਼ਾਲ ਅਤੇ ਆਪਣੇ ਆਪ ਵਿਚ ਹੀ ਸਭ ਕੁਝ ਨੂੰ ਸਮਾਉਣ ਵਾਲਾ ਹੈ ਕਿ ਇਸ ਵਿਚ 'ਹਰ ਧਰਮ ਦਾ ਸਾਰ ਮਿਲੇਗਾ ਅਤੇ ਜੋ ਚੀਜ਼ ਇਸ ਵਿਚ ਨਹੀਂ, ਉਹ ਬੇਅਰਥ ਜਾਂ ਗ਼ੈਰ ਜ਼ਰੂਰੀ ਹੈ।'[26] ਇਸ ਤਰ੍ਹਾਂ ਦੇਖਿਆਂ ਮਹਾਤਮਾ ਗਾਂਧੀ ਦੇ ਵਿਸ਼ਵਾਸ਼ ਦਾ ਪਾਤਰ ਹਿੰਦੂ ਧਰਮ ਆਪਣੇ ਆਪ ਹੀ ਬਾਕੀਆਂ ਦੇ ਮੁਕਾਬਲੇ ਉੱਤਮ ਬਣ ਜਾਂਦਾ ਹੈ ਅਤੇ ਨਾਲ ਹੀ ਬਾਕੀਆਂ ਨੂੰ ਆਪਣੇ ਹੀ ਕਲਾਵੇ ਵਿਚ ਲੈਣ ਵਾਲਾ । ਦੂਸਰੇ ਪਾਸੇ ਮਹਾਤਮਾ ਗਾਂਧੀ ਦੇ ਧਰਮ ਬਾਰੇ ਵਿਚਾਰ ਸਿਰਫ ਧਰਮਾਂ ਦੇ ਗ੍ਰੰਥਾਂ ਵਿਚ ਦਰਜ ਵਿਚਾਰਾਂ ਉਪਰ ਹੀ ਨਿਰਭਰ ਨਹੀਂ ਸਨ। ਧਾਰਮਕ, ਰਾਜਸੀ ਅਤੇ ਸਮਾਜਕ ਕਾਰਨਾਂ ਕਰਕੇ ਹੀ, ਉਸ ਦੇ ਅਨੁਸਾਰ, ਕਿਸੇ ਧਾਰਮਕ ਭਾਈਚਾਰੇ ਦਾ ਮੂਲ ਸੁਭਾਅ ਬਣਦਾ ਹੈ । ਇਸ ਸੰਦਰਭ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਦੇ ਮੂਲ ਸੁਭਾਵਾਂ ਦਰਮਿਆਨ ਕੁਝ ਬੁਨਿਆਦੀ ਫਰਕਾਂ ਬਾਰੇ ਮਹਾਤਮਾ ਗਾਂਧੀ ਨੇ ਲਿਖਿਆ ਕਿ "ਮੁਸਲਮਾਨ ਜ਼ਿਆਦਾ ਤੌਰ ਤੇ ਘਟ ਗਿਣਤੀ ਹੀ ਹਨ ਅਤੇ ਇਸੇ ਲਈ ਇਕ ਭਾਈਚਾਰੇ ਦੇ ਰੂਪ ਵਿਚ ਉਹ ਅੱਤਵਾਦੀ ਬਣ ਗਏ ਹਨ ।... ਮੇਰੀ ਰਾਇ ਵਿਚ ਤਾਂ ਕੁਰਾਨ ਵਿਚ ਅਹਿੰਸਾ ਦਾ ਮੁੱਖ ਸਥਾਨ ਹੈ, ਪਰ 1300 ਸਾਲ ਆਪਣੇ ਸਾਮਰਾਜ ਦਾ ਵਿਸਥਾਰ ਕਰਦੇ ਆਉਣ ਕਰਕੇ ਮੁਸਲਮਾਨ ਜਾਤੀ ਲੜਾਕੂ ਜਾਤੀ ਹੋ ਗਈ ਹੈ। ਇਸ ਕਰਕੇ ਉਹਨਾਂ ਨੂੰ ਲੜਾਈ ਝਗੜੇ ਦੀ ਆਦਤ ਪੈ ਗਈ ਹੈ । ਗੁੰਡਾਪਣ ਇਸ ਝਗਲਾੜੂਪੁਣੇ ਦਾ ਹੀ ਇਕ ਸੁਭਾਵਿਕ ਸਿੱਟਾ ਹੈ । ਹਿੰਦੂ ਲੋਕਾਂ ਦੀ ਸਭਿਅਤਾ ਬਹੁਤ ਪ੍ਰਾਚੀਨ ਹੈ ਅਤੇ ਉਹਨਾਂ ਵਿਚ ਅਹਿੰਸਾ ਸੰਜੋਈ ਹੋਈ ਹੈ । ਉਹਨਾਂ ਦੀ ਸਭਿਅਤਾ ਉਹਨਾਂ ਸਾਰੇ ਅਨੁਭਵਾਂ ਵਿਚੋਂ ਕਦੋਂ ਦੀ ਗੁਜ਼ਰ ਚੁੱਕੀ ਹੈ ਜਿਨ੍ਹਾਂ ਵਿਚੋਂ ਇਹ ਦੋ ਜਾਤੀਆਂ (ਦੂਸਰੀ ਸਿੱਖ; ਅਨੁਵਾਦਕ) ਅਜੇ ਗੁਜ਼ਰ ਰਹੀਆਂ ਹਨ। ਜੇਕਰ ਹਿੰਦੂ ਧਰਮ ਵਿਚ ਅੱਜ ਕੱਲ ਦੇ ਅਰਥਾਂ ਵਿਚ ਕਦੇ ਸਾਮਰਾਜਵਾਦੀ ਸੋਚ ਰਹੀ ਵੀ ਹੋਵੇ ਤਾਂ ਉਦੋਂ ਤੋਂ ਲੈ ਕੇ ਬਹੁਤ ਸਮਾਂ ਬੀਤ ਗਿਆ ਹੈ। ਇਸ ਕਰਕੇ ਅਤੇ ਦੂਸਰੇ ਉਸਨੇ ਜਾਂ ਤਾਂ ਆਪ ਹੀ ਸੋਚ ਵਿਚਾਰ ਕੇ ਜਾਂ ਸਮੇਂ ਦੀ ਗਤੀ ਕਰਕੇ ਉਸ ਦਾ ਤਿਆਗ ਕਰ ਦਿਤਾ ਹੈ ।...ਇਸ ਲਈ ਇਕ ਸਮਾਜ ਦੇ ਰੂਪ ਵਿਚ ਹਿੰਦੂਆਂ ਦੇ ਕੋਲ ਉਹ ਮਾਨਸਿਕ ਔਜ਼ਾਰ ਨਹੀਂ ਹਨ ਜੋ ਲੜਨ ਭਿੜਨ ਲਈ ਜ਼ਰੂਰੀ ਹੁੰਦੇ ਹਨ । ... ਸ਼ਸਤਰ ਦੀ ਵਰਤੋਂ ਦੇ ਢੰਗ ਨੂੰ ਨਾ ਜਾਣਨ ਕਰਕੇ ਅਤੇ ਉਸ ਦੇ ਪ੍ਰਤੀ ਝੁਕਾਅ ਨਾ ਹੋਣ ਦੇ ਕਾਰਨ ਉਹਨਾਂ ਵਿਚ ਇਨੀ ਨਿਮਰਤਾ ਆ ਗਈ ਹੈ ਕਿ ਜਿਸ ਨੂੰ ਦੱਬੂਪਣ ਵੀ ਕਿਹਾ ਜਾ ਸਕਦਾ ਹੈ। "[27] ਮਹਾਤਮਾ ਗਾਂਧੀ ਦੀਆਂ ਲਿਖਤਾਂ ਵਿਚੋਂ ਲਈ ਇਸ ਲੰਬੀ ਟੂਕ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਦੱਸੇ ਗਏ ਫਰਕ ਵੀ ਹਿੰਦੂਤਵ ਦੀ ਵਿਚਾਰਧਾਰਾ ਦੇ ਵਾਂਗ ਹੀ ਨਸਲਵਾਦ ਦੇ ਸਿਧਾਂਤ ਉਪਰ ਟਿਕੇ ਹੋਏ ਹਨ । ਉਸ ਦੀਆਂ ਨਜ਼ਰਾਂ ਵਿਚ ਗੁੰਡਾਪਣ ਮੁਸਲਮਾਨਾਂ ਦੇ ਮੂਲ ਸੁਭਾਅ ਦਾ ਹਿੱਸਾ ਬਣ ਗਿਆ ਹੈ ਭਾਵੇਂ ਕਿ ਇਸ ਦੀ ਪਿਠ ਭੂਮੀ ਵਿਚ ਉਹਨਾਂ ਦੁਆਰਾ ਆਪਣੇ ਸਾਮਰਾਜ ਨੂੰ ਫੈਲਾਉਣ ਲਈ ਲੜੀਆਂ ਲੜਾਈਆਂ ਦਾ ਇਤਿਹਾਸ ਹੀ ਕਿਉਂ ਨਾ ਹੋਵੇ । ਇਸ ਤਰ੍ਹਾਂ ਕਰਕੇ ਗਾਂਧੀ ਨੇ ਇਸਲਾਮ ਧਰਮ ਨੂੰ ਮੰਨਣ ਵਾਲੇ ਹੁਕਮਰਾਨਾਂ ਦੁਆਰਾ ਲੜੇ ਜਾਂਦੇ ਯੁੱਧਾਂ ਨੂੰ ਪੂਰੇ ਮੁਸਲਿਮ ਭਾਈਚਾਰੇ ਦੇ ਸੁਭਾਅ ਉਤੇ ਮੜ੍ਹਨ ਦੀ ਕੋਸ਼ਿਸ਼ ਕੀਤੀ ਹੈ । ਦੂਸਰਾ ਗਾਂਧੀ ਦੀ ਇਸ ਲੇਖਣੀ ਵਿਚ ਇਕ ਵਾਰ ਫਿਰ ਇਹ ਦਰਸਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਹਿੰਦੂ ਭਾਈਚਾਰਾ ਆਪਣੀ ਪ੍ਰਾਚੀਨ ਸਭਿਅਤਾ ਕਰਕੇ ਬਾਕੀਆਂ ਨਾਲੋ ਉੱਤਮ ਹੈ ਅਤੇ ਇਸ ਕਰਕੇ ਸਭਿਅਕ ਵੀ । ਇਸ ਤਰ੍ਹਾਂ ਦੇਖਿਆਂ ਇਹ ਦਲੀਲ ਦੇਣ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਗਾਂਧੀਵਾਦੀ ਵਿਚਾਰਧਾਰਾ ਵੀ ਸਿਫ਼ਤੀ ਤੌਰ 'ਤੇ ਹਿੰਦੂਤਵ ਦੇ ਚੌਖਟੇ ਤੋਂ ਬਾਹਰ ਨਹੀਂ ਹੈ । ਜੇ ਫਰਕ ਹੈ ਵੀ ਤਾਂ ਉਹ ਦਾਅਪੇਚ ਦਾ ਹੈ ਜਾਂ ਕੁਝ ਪੱਖਾਂ 'ਤੇ ਵੱਧ ਜਾਂ ਘੱਟ ਜ਼ੋਰ ਦੇਣ ਦਾ । ਇਸ ਦਾਅਪੇਚ ਦਾ ਇਕ ਪ੍ਰਮੁੱਖ ਕਾਰਨ ਮਹਾਤਮਾ ਗਾਂਧੀ ਦੁਆਰਾ ਅਹਿੰਸਾ 'ਤੇ ਜ਼ੋਰ ਦੇ ਕੇ ਆਪਣੇ ਬਣਾਏ ਪ੍ਰੋਗਰਾਮ ਅਨੁਸਾਰ ਹੀ ਲੋਕਾਂ ਨੂੰ ਵੱਡੀ ਪੱਧਰ 'ਤੇ ਆਪਣੇ ਦੁਆਰਾ ਹੀ ਪ੍ਰੀਭਾਸ਼ਤ ਕੀਤੇ ਸਵਰਾਜ ਲਈ ਸੰਘਰਸ਼ ਵਿਚ ਸ਼ਾਮਲ ਕਰਨਾ ਸੀ । ਹੋਰ ਸ਼ਬਦਾਂ ਵਿਚ ਲੋਕਾਂ ਦੇ ਸੰਘਰਸ਼ਾਂ ਵਿਚ ਅਹਿੰਸਾ ਉਪਰ ਨੀਤੀਗਤ ਜ਼ੋਰ ਬ੍ਰਿਟਿਸ਼ ਸਾਮਰਾਜ ਵਿਰੁਧ ਇਹਨਾਂ ਸੰਘਰਸ਼ਾਂ ਦੀ ਆਪਣੇ ਹੀ ਪ੍ਰੋਗਰਾਮ ਅਨੁਸਾਰ ਹਦਬੰਦੀ ਤਹਿ ਕਰਨ ਨਾਲ ਸੰਬੰਧਤ ਸੀ । ਮਹਾਤਮਾ ਗਾਂਧੀ ਦੁਆਰਾ ਆਪਣੇ ਸੰਘਰਸ਼ ਦੀ ਅੰਤਰ ਸੰਬੰਧਤਾ ਆਪਣੇ ਦੁਆਰਾ ਹੀ ਤਹਿ ਕੀਤੇ ਸੱਚ ਦੇ ਸੰਕਲਪ ਦੇ ਅਰਥਾਂ ਅਤੇ ਇਹਨਾਂ ਦੇ ਅਧਿਆਤਮਕ ਆਧਾਰ ਨਾਲ ਸਥਾਪਤ ਕਰਨ ਦਾ ਇਕ ਅਰਥ ਇਹ ਵੀ ਲਿਆ ਜਾ ਸਕਦਾ ਹੈ ਕਿ ਅਜਿਹਾ ਕਰਕੇ ਉਹ ਨਾ

ਸਿਰਫ ਆਪਣੇ ਸੰਘਰਸ਼ਾਂ ਵਿਚ ਸ਼ਾਮਲ ਲੋਕਾਂ ਦੀ ਪਹਿਲ ਕਦਮੀ ਨੂੰ ਸੀਮਿਤ ਕਰ ਰਿਹਾ ਸੀ ਸਗੋਂ ਇਸ ਦੇ ਨਾਲ ਹੀ ਇਸ ਤਰ੍ਹਾਂ ਦੀਆਂ ਰੋਕਾਂ ਪਿੱਛੇ ਇਕ ਵੱਡਾ ਅਧਿਆਤਮਕ ਪ੍ਰਕਾਰਜ ਤਹਿ ਕਰਕੇ ਇਹਨਾਂ ਨੂੰ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਵੀ ਕਰ ਰਿਹਾ ਸੀ ।

## ਰਾਸ਼ਟਰਵਾਦ ਅਤੇ ਇਸਲਾਮ

ਹੁਣ ਤੱਕ ਦੀ ਕੀਤੀ ਸੰਖੇਪ ਚਰਚਾ ਪਿਛੋਂ ਚਾਰ ਸਿੱਟੇ ਮੋਟੇ ਤੌਰ ਤੇ ਕੱਢੇ ਜਾ ਸਕਦੇ ਹਨ । ਇਹ ਹਨ : (1) ਉਨੀਵੀਂ ਸਦੀ ਤੋਂ ਹੀ ਰਾਸ਼ਟਰਵਾਦ ਦੀ ਉਤਪਤੀ ਅਤੇ ਵਿਕਾਸ ਮੁੱਖ ਤੌਰ 'ਤੇ ਹਿੰਦੂ ਧਰਮ ਦੀ ਬਣਾਈ ਪਹਿਚਾਣ ਵਿਚੋਂ ਹੀ ਹੋਇਆ ਸੀ । (2) ਇਸ ਤਰ੍ਹਾਂ ਪੈਦਾ ਹੋਏ ਰਾਸ਼ਟਰਵਾਦ ਵਿਚੋਂ ਹੀ ਫਿਰਕਾਪ੍ਰਸਤੀ ਨੇ ਜਨਮ ਲਿਆ ਅਤੇ ਉਹ ਵਧੀ ਫੂਲੀ । (3) ਅਜਿਹੇ ਰਾਸ਼ਟਰਵਾਦ ਦੇ ਨਿਸ਼ਾਨੇ 'ਤੇ 'ਦੂਸਰੇ' ਦੀ ਸਥਿਤੀ ਵਿਚ ਰੱਖਿਆ ਇਸਲਾਮ ਹੀ ਰਿਹਾ ਹੈ । (4) ਮੁੱਖਧਾਰਾ ਦੇ ਰਾਸ਼ਟਰਵਾਦ ਸਮੇਤ ਇਸ ਤਰ੍ਹਾਂ ਦੇ ਸੁਭਾਅ ਵਾਲੇ ਰਾਸ਼ਟਰਵਾਦ ਅਤੇ ਫਿਰਕਾਪ੍ਰਸਤੀ ਵਿਚਕਾਰ ਕੋਈ ਦੁਵੱਲੀ ਵਿਰੋਧਤਾ ਨਹੀਂ ਹੈ ।

ਜੇਕਰ ਅਜਿਹੇ ਫਿਰਕੂ ਸੁਭਾਅ ਵਾਲੇ ਰਾਸ਼ਟਰਵਾਦ ਦੇ ਨਿਸ਼ਾਨੇ 'ਤੇ 'ਦੂਸਰੇ' ਅਤੇ ਬੇਗਾਨੀਅਤ ਦੀ ਸਥਿਤੀ ਵਿਚ ਰੱਖਿਆ ਇਸਲਾਮ ਹੈ ਤਾਂ ਇਸ ਦੀਆਂ ਅਰਥ ਸੰਭਾਵਨਾਵਾਂ ਅਨੁਸਾਰ (ੳ) ਇਸਲਾਮ ਹੀ ਇਸ ਦੀ ਹੋਂਦ ਨੂੰ ਜਾਇਜ਼ ਠਹਿਰਾਉਣ ਅਤੇ ਜ਼ਿੰਦਾ ਰੱਖਣ ਦੀ ਲਾਜ਼ਮੀ ਸ਼ਰਤ ਹੈ ਅਤੇ (ਅ) ਇਸ ਤਰ੍ਹਾਂ ਦੇ ਰਾਸ਼ਟਰਵਾਦ ਦੀ ਨਜ਼ਰ ਵਿਚ ਇਸਲਾਮ ਦੀ ਠੋਸ ਅਤੇ ਇਕਹਿਰੀ ਪਹਿਚਾਣ ਇਸ ਦੇ ਵੱਖਵਾਦੀ ਅਤੇ ਰਾਸ਼ਟਰ ਵਿਰੋਧੀ ਹੋਣ ਦੀ ਹੈ । ਇਸ ਨਜ਼ਰ ਨਾਲ ਦੇਖਿਆਂ ਇਸਲਾਮ ਦੀ ਪਹਿਚਾਣ ਹੀ ਇਸ ਦੇ ਫਿਰਕੂ ਹੋਣ ਵਿਚ ਹੈ ਅਤੇ ਇਸੇ ਕਰਕੇ ਹੀ ਇਹ ਰਾਸ਼ਟਰਵਾਦੀ ਨਹੀਂ ਹੋ ਸਕਦਾ । ਇਸ ਸਥਿਤੀ ਦੀ ਇਹ ਵਿਡੰਬਨਾ ਹੀ ਕਹੀ ਜਾ ਸਕਦੀ ਹੈ ਕਿ ਭਾਰਤ ਵਿਚ ਧਰਮ ਨਿਰਪੱਖ ਲਿਖਤਾਂ ਵਿਚ ਸਿਰਫ਼ ਮੁਸਲਮਾਨਾਂ ਲਈ ਹੀ ਉਹਨਾਂ ਨੂੰ ਰਾਸ਼ਟਰਵਾਦੀ ਦਿਖਾਉਣ ਲਈ 'ਰਾਸ਼ਟਰਵਾਦੀ ਜਾਂ ਕੌਮੀ ਮੁਸਲਮਾਨ' ਵਰਗੇ ਲਕਬਾਂ ਦਾ ਇਸਤੇਮਾਲ ਕੀਤਾ ਜਾਂਦਾ ਰਿਹਾ ਹੈ । ਅਜਿਹਾ ਲਕਬ ਕਿਸੇ ਹੋਰ ਧਾਰਮਕ ਪਹਿਚਾਣ ਵਾਸਤੇ ਵਰਤੋਂ ਵਿਚ ਨਹੀਂ ਲਿਆਂਦਾ ਜਾਂਦਾ । ਬਰੇ ਸਗ਼ੀਰ ਦੇ ਮੁਸਲਮਾਨ ਭਾਈਚਾਰੇ/ਪਹਿਚਾਣ ਨੂੰ ਬਹਿਸ ਅਧੀਨ ਲਿਆਉਂਦੇ ਹੋਏ ਪਹਿਲਾ ਪ੍ਰਸ਼ਨ ਹੀ ਇਹ ਪੁੱਛਿਆ ਜਾ ਸਕਦਾ ਹੈ ਕਿ ਕੀ ਸਾਰੇ ਮੁਸਲਮਾਨ ਹੀ ਸਿਰਫ ਮੁਸਲਮਾਨ ਹੋਣ ਕਰਕੇ ਫਿਰਕੂ ਅਤੇ ਵੱਖਵਾਦੀ ਹਨ? ਇਹ ਪ੍ਰਸ਼ਨ ਅੱਜ ਕੱਲ ਹੋਰ ਵੀ ਅਹਿਮ ਬਣ ਗਿਆ ਹੈ ਕਿਉਂਕਿ ਸੰਘ ਪਰਿਵਾਰ ਨਾਲ ਸੰਬੰਧਤ ਨੇਤਾ ਥੋੜ੍ਹੀ ਬਹੁਤੀ ਗੱਲ 'ਤੇ ਹੀ ਇਹਨਾਂ ਨੂੰ ਪਾਕਿਸਤਾਨ ਭੇਜਣ ਦੀ ਧਮਕੀ ਦੇ ਛਡਦੇ ਹਨ । ਪ੍ਰਸਿੱਧ ਇਤਿਹਾਸਕਾਰ ਆਇਸ਼ਾ ਜਲਾਲ ਨੇ ਆਪਣੇ ਲੇਖ 'ਐਕਸਪਲੋਡਿੰਗ ਕੌਮਿਊਨਲਿਜ਼ਮ : ਦ ਪੋਲਿਟਿਕਸ ਔਫ ਮੁਸਲਿਮ ਆਈਡੈਂਟਿਟੀ ਇਨ ਸਾਊਥ ਏਸ਼ੀਆ' ਵਿਚ ਇਸੇ ਪ੍ਰਸ਼ਨ ਨੂੰ ਮੁਖ਼ਾਤਿਬ ਹੋ ਕੇ ਇਸ ਇਕਹਿਰੀ ਪਹਿਚਾਣ ਉਪਰ ਗੰਭੀਰ ਸੁਆਲੀਆ ਨਿਸ਼ਾਨ ਲਾਏ ਹਨ । ਇਸ ਲੇਖ ਦੇ ਸ਼ੁਰੂ ਵਿਚ ਹੀ ਆਇਸ਼ਾ ਜਲਾਲ ਨੇ ਅਲਤਾਫ਼ ਹੁਸੈਨ ਹਾਲੀ ਦੀ 1888 ਵਿਚ ਲਿਖੀ ਨਜ਼ਮ ਸ਼ਿਕਵਾ-ਏ-ਹਿੰਦ ਨੂੰ ਪੇਸ਼ ਕੀਤਾ ਹੈ। ਭਾਵੇਂ ਕਿ ਇਹ ਨਜ਼ਮ ਇਕ ਅਜਿਹੇ ਸ਼ਾਇਰ ਦੀ ਹੈ ਜੋ ਕਿ ਮੁਸਲਮਾਨਾਂ ਦੀ ਵੱਖਰੀ ਹਸਤੀ ਅਤੇ ਇਹਨਾਂ ਦੇ ਵੱਖਰੇ ਅਤੇ ਬਾਹਰਲੇ ਮੂਲ ਬਾਰੇ ਕਾਇਲ ਸੀ ਪਰ ਫਿਰ ਵੀ ਉਹ ਇਸ ਨਜ਼ਮ ਵਿਚ ਮੁਸਲਮਾਨਾਂ ਦੀ ਇਥੋਂ ਦੀ ਹਰ ਪ੍ਰਾਪਤੀ ਦਾ ਸਿਲਾ ਹਿੰਦੁਸਤਾਨ ਨੂੰ ਹੀ ਦਿੰਦਾ ਹੈ। ਉਨੀਵੀਂ ਸਦੀ ਦੇ ਅਖ਼ੀਰ ਵਿਚ ਪੈਦਾ ਹੋਏ ਹਾਲਾਤ ਅਤੇ ਇਹਨਾਂ ਵਿਚ, ਹਾਲੀ ਦੇ ਅਨੁਸਾਰ, ਮੁਸਲਮਾਨਾਂ ਦੀ ਬਣ ਰਹੀ ਬਦਤਰ ਸਥਿਤੀ ਲਈ ਹਿੰਦੁਸਤਾਨ ਪ੍ਰਤੀ ਗੁੱਸੇ ਦੀ ਜ਼ੁਬਾਨ ਦਾ ਇਸਤੇਮਾਲ ਨਾ ਕਰਕੇ ਸਿਰਫ਼ ਸ਼ਿਕਵੇ ਜਾਂ ਉਲਾਂਭੇ ਦੇ ਭਾਵ ਹੀ ਪ੍ਰਗਟ ਕਰਦਾ ਹੈ । ਉਸ ਦੀ ਨਿਗਾਹ ਵਿਚ ਹਿੰਦੁਸਤਾਨ ਮੁਕੰਮਲ ਤੌਰ 'ਤੇ ਅਜਿਹੀ ਦੁਸ਼ਮਣਾਨਾ ਸਥਿਤੀ ਵਿਚ ਸਥਿਤ ਨਹੀਂ ਹੈ ਜਿਸ ਦੇ ਖਿਲਾਫ਼ ਕੋਈ ਫੈਸਲਾਕੁੰਨ ਲੜਾਈ ਵਿੱਢੀ ਜਾਣੀ ਚਾਹੀਦੀ ਹੈ । ਇਸੇ ਕਰਕੇ ਇਸ ਨਜ਼ਮ ਨੇ ਉਸ ਦੀ ਭਾਰਤ ਪ੍ਰਤੀ ਵਫ਼ਾਦਾਰੀ ਦੀ ਕਾਲਪਨਿਕ ਅਣਹੋਂਦ ਦੇ ਸੰਬੰਧ ਵਿਚ ਕੋਈ ਗੰਭੀਰ ਵਿਵਾਦ ਖੜ੍ਹਾ ਨਹੀਂ ਕੀਤਾ ।[28] ਇਸੇ ਸ਼ਾਇਰ ਹਾਲੀ ਨੇ ਆਪਣੀ ਇਕ ਹੋਰ ਨਜ਼ਮ ਹੁਬ-ਏ-ਵਤਨ ਵਿਚ ਇਹ ਵੀ ਲਿਖਿਆ ਕਿ ਜਿਹੜੀ ਦੇਸ਼ ਭਗਤੀ ਆਪਣੇ ਭਾਈਚਾਰੇ ਨਾਲ ਲਗਾਓ ਤੋਂ ਅੱਗੇ ਨਹੀਂ ਜਾਂਦੀ ਉਹ ਸਵਾਰਥ ਤੋਂ ਵੱਧ ਕੁਝ ਵੀ ਨਹੀਂ ਹੋ ਸਕਦੀ। ਇਸੇ ਤਰ੍ਹਾਂ ਹੀ ਰਾਜ ਕਰਨ ਵਾਲੇ ਅਤੇ ਕੁਲੀਨ ਵਰਗ ਨਾਲ ਸੰਬੰਧਤ ਰਹੇ ਅਸ਼ਰਫ ਮੁਸਲਮਾਨਾਂ ਦੇ ਨੁਮਾਇੰਦੇ ਅਤੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੇ ਬਾਨੀ ਸਰ ਸਈਅਦ ਅਹਿਮਦ ਖ਼ਾਨ ਨੂੰ ਹੀ ਮੁਸਲਮਾਨਾਂ ਵਿਚ ਵੱਖਵਾਦ ਦੇ ਰਾਜਸੀ ਅਤੇ ਸਭਿਆਚਾਰਕ ਵਿਚਾਰਾਂ ਨੂੰ ਪੈਦਾ ਕਰਨ ਵਾਲੀ ਸ਼ਖ਼ਸੀਅਤ ਸਮਝਿਆ ਜਾਂਦਾ ਹੈ । ਉਹ ਅਸ਼ਰਫਾਂ ਦੀ ਕੁਲੀਨਤਾ ਪ੍ਰਤੀ ਘੁਮੰਡੀ ਹੋਣ ਤੱਕ ਚੇਤੰਨ ਸੀ ਪਰ ਉਸ ਦੀਆਂ ਲਿਖਤਾਂ ਜਾਂ ਭਾਸ਼ਣਾਂ ਵਿਚ ਹਿੰਦੂਆਂ ਪ੍ਰਤੀ ਕਿਸੇ ਗੁੱਸੇ, ਦਵੈਸ਼ ਭਾਵਨਾ ਜਾਂ ਬੇਗਾਨੀਅਤ ਦੀ ਝਲਕ ਨਹੀਂ ਮਿਲਦੀ ਅਤੇ ਨਾ ਹੀ ਅਜਿਹੀ ਝਲਕ ਹਿੰਦੁਸਤਾਨ ਪ੍ਰਤੀ ਦਿਖਾਈ ਦਿੰਦੀ ਹੈ । ਉਸ ਵੇਲੇ ਰਾਸ਼ਟਰਵਾਦੀ ਲਹਿਰ ਦੀ ਅਗਵਾਈ ਕਰਦੀ ਸਮਝੀ ਜਾਣ ਵਾਲੀ ਕਾਂਗਰਸ ਵਿਚ ਸ਼ਾਮਲ ਨਾ ਹੋਣ ਬਾਰੇ ਉਸ ਦਾ ਵਿਚਾਰ ਸੀ ਕਿ ਇਸ ਵਿਚ ਬੰਗਾਲੀ ਭਦਰ ਲੋਕਾਂ ਦਾ ਹੀ ਬੋਲਬਾਲਾ ਸੀ । ਇਸ ਪਿਛੇ ਤਰਕ ਧਾਰਮਕ ਨਾ ਹੋ ਕੇ ਮੁਲਕ ਦੀ ਇਕਸਾਰਤਾ ਤੋਂ ਰਹਿਤ ਤਰੱਕੀ ਨਾਲ ਸੰਬੰਧਤ ਸੀ । ਅਜਿਹਾ ਵਿਰੋਧ ਇਕ ਅਜਿਹੇ ਵਿਅਕਤੀ ਦਾ ਸੀ ਜੋ ਕਿ ਇਕ ਘੱਟ ਵਿਕਸਤ ਇਲਾਕੇ ਨਾਲ ਸੰਬੰਧ ਰਖਦਾ ਹੋਇਆ ਵੱਧ ਵਿਕਸਤ ਇਲਾਕੇ ਦੇ ਬੋਲਬਾਲੇ ਵਿਚ ਦਬਿਆ ਨਹੀਂ ਜਾਣਾ ਚਾਹੁੰਦਾ ਸੀ ।

ਇਕ ਹੋਰ ਪੱਧਰ ਤੇ ਸਰ ਸਈਅਦ ਅਹਿਮਦ ਦੀ ਪ੍ਰਤੀਬੱਧਤਾ ਆਧੁਨਿਕ ਵਿਚਾਰਾਂ ਅਤੇ ਵਿਦਿਆ ਨਾਲ ਸੀ । ਮੁਸਲਮਾਨਾਂ ਦੇ ਵਿਚ ਆਧੁਨਿਕਤਾ ਦੇ ਪਾਸਾਰ ਲਈ ਉਸ ਅਨੁਸਾਰ ਇਸ ਵਿਦਿਆ ਦਾ ਫੈਲਾਅ ਜ਼ਰੂਰੀ ਸੀ । ਇਸ ਕਰਕੇ ਉਸ ਦੇ ਲਈ ਆਪਣੇ ਆਪ ਨੂੰ ਬ੍ਰਿਟਿਸ਼ ਰਾਜ ਦੇ ਸ਼ਹਿਰੀ ਦੇ ਤੌਰ 'ਤੇ ਪੇਸ਼ ਕਰਨਾ ਜ਼ਰੂਰੀ ਸੀ ਤਾਂ ਕਿ ਉਹ ਸਕੂਲ, ਕਾਲਜ ਆਦਿ ਸਥਾਪਤ ਕਰਨ ਲਈ ਰਾਜ ਤੋਂ ਹਰ ਤਰ੍ਹਾਂ ਦੀ ਮਦਦ ਲੈ ਸਕੇ । ਕਿਸੇ ਹੱਦ ਤੱਕ ਉਸ ਦਾ ਇਹ ਪ੍ਰਾਜੈਕਟ ਮਦਨ ਮੋਹਨ ਮਾਲਵੀਆ ਜਾਂ ਆਰੀਆ ਸਮਾਜ ਦੁਆਰਾ ਦਯਾਨੰਦ ਦੇ ਨਾਂ ਤੇ ਵਿਦਿਅਕ ਸੰਸਥਾਵਾਂ ਸਥਾਪਤ ਕਰਨ ਨਾਲ ਮੇਲ ਖਾਂਦਾ ਸੀ ਪਰ ਉਹ ਆਰੀਆ ਸਮਾਜ ਵਾਂਗਰ ਸ਼ੁੱਧੀ ਪ੍ਰੋਗਰਾਮ ਜਾਂ ਧਰਮ ਪ੍ਰੀਵਰਤਨ ਵਰਗੀਆਂ ਗਤੀਵਿਧੀਆਂ ਵਿਚ ਨਹੀਂ ਪਿਆ ਪਰ ਇਸ ਪ੍ਰੋਗਰਾਮ ਕਰਕੇ ਉਸ ਦਾ ਵਿਰੋਧ ਇਸਲਾਮ ਦੇ ਅੰਦਰ ਹੀ ਦਿਓਬੰਦ ਸੰਸਥਾ  ਅਤੇ ਫਰੰਗੀ ਮਹਿਲ ਨਾਲ ਜ਼ਰੂਰ ਪਿਆ ਇਸਲਾਮ ਅੰਦਰਲੀਆਂ ਇਹ ਦੋਵੇਂ ਸੰਸਥਾਵਾਂ ਸ਼ਰੀਅਤ 'ਤੇ ਪਹਿਰਾ ਦੇਣ ਵਾਲੀਆਂ ਹਨ ਅਤੇ ਨਾਲ ਹੀ ਇਸਲਾਮ ਦੇ ਇਕ ਅਜਿਹੇ ਬ੍ਰਹਿਮੰਡੀ ਰੂਪ ਵਿਚ ਯਕੀਨ ਕਰਨ ਵਾਲੀਆਂ ਅਤੇ ਇਸ ਦੀ ਰਾਖੀ ਅਤੇ ਫੈਲਾਉਣ ਲਈ ਵਚਨਬੱਧ ਹਨ ਜੋ ਕਿ ਇਸਲਾਮ ਨੂੰ ਇਕ ਠੋਸ ਰੂਪ ਵਿਚ ਪ੍ਰੀਭਾਸ਼ਤ ਪਹਿਚਾਣ ਦਿੰਦਾ ਹੈ। ਇਸ ਪਹਿਚਾਣ ਦੀ ਪਹੁੰਚ ਦਾ ਫੈਲਾਅ ਪੂਰੀ ਦੁਨੀਆ ਵਿਚ ਤਸੱਵੁਰ ਕੀਤਾ ਜਾਂਦਾ ਹੈ । ਸਥਿਤੀ ਦੀ ਇਹ ਵਿਡੰਬਨਾ ਹੀ ਹੈ ਕਿ ਧਰਮ ਨਿਰਪੱਖ ਖ਼ਿਆਲ ਕੀਤੇ ਜਾਂਦੇ ਆਜ਼ਾਦੀ ਦੇ ਸੰਘਰਸ਼ ਵਿਚ ਚਲੀ ਖ਼ਿਲਾਫਤ ਲਹਿਰ ਵਿਚ ਫਰੰਗੀ ਮਹਿਲ ਵਰਗੀਆਂ ਇਸਲਾਮੀ ਸੰਸਥਾਵਾਂ ਨੇ ਵਧ ਚੜ੍ਹ ਕੇ ਹਿੱਸਾ ਲਿਆ। ਸਰ ਸਯੀਅਦ ਅਹਿਮਦ ਨੂੰ ਜਦੋਂ ਖ਼ਿਲਾਫਤ ਲਹਿਰ ਵਿਚ ਹਿੱਸਾ ਲੈਣ ਬਾਰੇ ਪੁੱਛਿਆ ਗਿਆ ਤਾਂ ਉਸ ਨੇ ਆਪਣੇ ਆਪ ਨੂੰ ਇਸ ਬ੍ਰਹਿਮੰਡੀ ਇਸਲਾਮੀ ਰੂਪ ਦਾ ਹਿੱਸਾ ਦੱਸਣ ਦੀ ਬਜਾਇ ਬ੍ਰਿਟਿਸ਼ ਪਰਜਾ ਦੱਸਣ ਨੂੰ ਤਰਜੀਹ ਦਿੱਤੀ । ਇਸ ਸਥਿਤੀ ਦੀ ਗੁੰਝਲਦਾਰ ਅਵਸਥਾ ਦਾ ਪਤਾ ਇਸ ਗੱਲੋਂ ਵੀ ਲਗਦਾ ਹੈ ਕਿ ਬਰਤਾਨਵੀ  ਵਿਰੋਧੀ ਲਹਿਰ ਵਿਚ ਉਹਨਾਂ ਇਸਲਾਮਿਕ ਸੰਸਥਾਵਾਂ ਨੇ ਹਿੱਸਾ ਲਿਆ ਜੋ ਕਿ ਸ਼ਰੀਅਤ ਨੂੰ ਰਵਾਇਤੀ ਰੂਪ ਨਾਲ ਮੇਲ ਖਾਂਦੀ ਠੋਸ ਸ਼ਕਲ ਦੇ ਕੇ ਇਸਲਾਮ ਦੀ ਇਕ ਵੱਖਰੀ ਪਹਿਚਾਣ ਦੇ ਰਹੀਆਂ ਸਨ। ਇਸ ਲਹਿਰ ਦੌਰਾਨ ਇਸ ਵੱਲ ਵੀ ਕੋਈ ਧਿਆਨ ਨਹੀਂ ਦਿਤਾ ਗਿਆ ਕਿ ਤੁਰਕੀ ਦੀ ਓਟੋਮੈਨ ਸਲਤਨਤ ਅਤੇ ਇਸ ਦੇ ਅਧਿਆਤਮਕ ਮੁਖੀ ਖ਼ਲੀਫੇ ਦਾ ਅਰਬ ਦੁਨੀਆ ਵਿਚ ਰੋਲ ਕਿਹੋ ਜਿਹਾ ਰਿਹਾ ਸੀ । ਖ਼ਿਲਾਫਤ ਲਹਿਰ, ਕਾਂਗਰਸ ਅਤੇ ਇਸ ਵਿਚ ਹਿੱਸਾ ਲੈਣ ਵਾਲਿਆਂ ਦੇ ਸੰਬੰਧ ਵਿਚ ਕੁਝ ਦਿਲਚਸਪ ਪਰ ਨਵੀਆਂ ਗੁੰਝਲਾਂ ਪੈਦਾ ਕਰਨ ਵਾਲੇ ਤੱਥਾਂ ਦਾ ਜ਼ਿਕਰ ਆਇਸ਼ਾ ਜਲਾਲ ਨੇ ਆਪਣੇ ਲੇਖ ਵਿਚ ਕੀਤਾ ਹੈ। ਇਹਨਾਂ ਵਿਚ ਇਕ ਤੱਥ ਮੌਲਾਨਾ ਅਬੁਲ ਕਲਾਮ ਆਜ਼ਾਦ ਨਾਲ ਸੰਬੰਧਤ ਹੈ । ਮੌਲਾਨਾ ਨੇ ਸ਼ਰੀਅਤ ਦੀ ਪ੍ਰਭੂਸਤਾ ਸਥਾਪਤ ਕਰਨ ਦੇ ਮਕਸਦ ਨਾਲ 1920 ਵਿਚ ਖ਼ਿਲਾਫਤ ਲਹਿਰ ਦੇ ਸਿਖ਼ਰ ਵੇਲੇ ਜਮਾਇਤ-ਉਲ-ਉਲੇਮਾ-ਏ-ਹਿੰਦ ਦੇ ਥਾਪੜੇ ਨਾਲ ਇਹ ਫ਼ਤਵਾ ਜਾਰੀ ਕੀਤਾ ਸੀ ਕਿ ਮੁਸਲਮਾਨਾਂ ਲਈ ਭਾਰਤ ਛੱਡ ਕੇ ਜਾਣਾ ਇਕ 'ਇਸਲਾਮੀ ਫਰਜ਼' ਹੈ।[29] 1940ਵਿਆਂ ਦੇ ਦੌਰਾਨ ਬਹੁਤ ਪ੍ਰਤਿਬੱਧ 'ਰਾਸ਼ਟਰਵਾਦੀ' ਨੇਤਾ ਦੇ ਵਜੋਂ ਜਾਣੇ ਜਾਂਦੇ ਮੌਲਾਨਾ ਅਬੁਲ ਕਲਾਮ ਆਜ਼ਾਦ ਦੀਆਂ ਪਹਿਲੇ ਦੌਰ ਯਾਨੀ ਕਿ ਵੀਹਵੀਂ ਸਦੀ ਦੇ ਪਹਿਲੇ ਦੋ ਦਹਾਕਿਆਂ ਦੀਆਂ ਲਿਖਤਾਂ ਵਿਚ ਧਰਮ ਅਤੇ ਰਾਜਨੀਤੀ ਨੂੰ ਇਕੱਠਾ ਰੱਖਣ ਦੀ ਵਕਾਲਤ ਕੀਤੀ ਗਈ ਹੈ ਅਤੇ ਆਪਣੇ ਹਮਧਰਮਾਂ ਨੂੰ ਇਕ ਅੱਡਰੇ ਭਾਈਚਾਰੇ ਦੇ ਤੌਰ 'ਤੇ ਏਕਾ ਕਰਨ ਅਤੇ ਜਥੇਬੰਦ ਹੋਣ ਦਾ ਸੱਦਾ ਦਿਤਾ ਗਿਆ ਹੈ। ਇਸੇ ਤਰ੍ਹਾਂ ਖ਼ਿਲਾਫਤ ਲਹਿਰ ਦੇ ਪ੍ਰਮੁਖ ਨੇਤਾ ਮੁਹੰਮਦ ਅਲੀ ਨੇ 1930 ਵਿਚ ਲੰਡਨ ਵਿਖੇ ਰਾਊਂਡ ਟੇਬਲ ਕਾਨਫਰੰਸ ਦੇ ਚੌਥੇ ਪਲੈਨਰੀ ਸੈਸ਼ਨ ਵਿਚ ਬੋਲਦੇ ਹੋਏ ਕਿਹਾ ਸੀ ਕਿ ਜਿਥੋਂ ਤੱਕ ਰੱਬ ਦੇ ਹੁਕਮ ਦਾ ਸੰਬੰਧ ਹੈ ਤਾਂ ਉਹ ਸਭ ਤੋਂ ਪਹਿਲਾਂ ਮੁਸਲਮਾਨ ਹੈ ਫਿਰ ਕੁਝ ਹੋਰ ਅਤੇ ਜਿਥੋਂ ਤੱਕ ਭਾਰਤ ਦੀ ਆਜ਼ਾਦੀ ਦਾ ਸੰਬੰਧ ਹੈ ਤਾਂ ਉਹ ਸਭ ਤੋਂ ਪਹਿਲਾਂ ਹਿੰਦੁਸਤਾਨੀ ਹੈ ਹੋਰ ਕੁਝ ਨਹੀਂ ।[30] ਆਇਸ਼ਾ ਜਲਾਲ ਦੇ ਮੁਤਾਬਿਕ ਇਹ ਵੀ ਇਕ ਇਤਿਹਾਸਕ ਸਚਾਈ ਹੈ ਕਿ ਉਪਰ ਜ਼ਿਕਰ ਕੀਤੇ ਮੌਲਾਨਾ ਅਬੁਲ ਕਮਾਲ ਅਜ਼ਾਦ ਅਤੇ ਮੁਹੰਮਦ ਅਲੀ ਵਰਗੇ ਬਹੁ-ਪਹਿਚਾਣਾਂ ਵਾਲੇ ਵਿਚਾਰ ਜੇਕਰ ਕਿਸੇ ਕਾਂਗਰਸ ਤੋਂ ਬਾਹਰਲੇ ਵਿਅਕਤੀ ਨੇ ਪ੍ਰਗਟ ਕੀਤੇ ਹੁੰਦੇ ਤਾਂ ਉਸ ਨੂੰ 'ਫਿਰਕਾਪ੍ਰਸਤ' ਐਲਾਨ ਦਿੱਤਾ ਜਾਣਾ ਸੀ । ਕਾਂਗਰਸ ਦੀ ਅਗਵਾਈ ਵਿਚ ਚੱਲੇ 'ਰਾਸ਼ਟਰਵਾਦੀ' ਅੰਦੋਲਨ ਦੀ ਇਕ ਵਿਡੰਬਨਾਤਮਕ ਸਚਾਈ ਇਹ ਵੀ ਹੈ ਕਿ ਇਸ ਦੇ ਅੰਦਰ ਜਾਂ ਇਸਦੀ ਹਮਾਇਤ ਦੇ ਘੇਰੇ ਵਿਚ ਮਦਨ ਮੋਹਨ ਮਾਲਵੀਆ, ਲਾਲਾ ਲਾਜਪਤ ਰਾਇ ਅਤੇ ਮੁਹੰਮਦ ਅਲੀ ਵਰਗੇ ਵਿਅਕਤੀ ਜਾਂ ਇਹਨਾਂ ਦੀ ਅਗਵਾਈ ਵਾਲੀਆਂ ਭੂਮਿਕਾਵਾਂ ਦੇ ਅਸਰ ਹੇਠ ਚਲੀਆਂ ਰਾਜਸੀ ਅਤੇ ਸਮਾਜਕ ਲਹਿਰਾਂ ਵੀ ਰਹੀਆਂ ਸਨ ਜਿਨ੍ਹਾਂ ਨੇ ਕਿ ਧਰਮਾਂ ਦੀਆਂ ਅੱਡ ਅੱਡ ਠੋਸ ਅਤੇ ਆਪਸ ਵਿਰੋਧੀ ਪਹਿਚਾਣਾਂ ਨੂੰ ਪੱਕਾ ਕੀਤਾ । ਇਹਨਾਂ ਹੀ ਧਾਰਮਕ ਪਹਿਚਾਣਾਂ ਨੇ ਫਿਰਕਾਪ੍ਰਸਤੀ ਦੀ ਵਿਚਾਰਧਾਰਾ ਦੀਆਂ ਜੜ੍ਹਾਂ ਲਾਈਆਂ ਅਤੇ ਇਸ ਨੂੰ ਫੈਲਾਇਆ ।

## ਕਾਂਗਰਸ, ਮੁਸਲਿਮ ਲੀਗ ਅਤੇ ਦੇਸ਼ ਦੀ ਵੰਡ

ਕਾਂਗਰਸ ਦੀ ਅਗਵਾਈ ਵਾਲੇ 'ਰਾਸ਼ਟਰਵਾਦੀ' ਅੰਦੋਲਨ ਨੂੰ ਭਾਵੇਂ ਪ੍ਰੋਫੈਸਰ ਬਿਪਿਨ ਚੰਦਰ ਵਰਗੇ ਇਤਿਹਾਸਕਾਰਾਂ ਨੇ ਭਾਰਤ ਅੰਦਰ ਧਰਮ ਨਿਰਪੱਖਤਾ ਦੀ ਸਭ ਤੋਂ ਪ੍ਰਮਾਣੀਕ ਅਤੇ ਅਗਵਾਈ ਦੇਣ ਵਾਲੀ ਧਰੋਹਰ ਕਿਹਾ ਹੈ ਪਰ ਇਸ ਦੇ ਅੰਦਰ ਫਿਰਕੂ ਵਿਚਾਰਧਾਰਾ ਦੀਆਂ ਜੜ੍ਹਾਂ ਵਿਚ ਪਈਆਂ ਠੋਸ ਧਾਰਮਕ ਪਹਿਚਾਣਾਂ ਦੇ ਅਲੰਮਬਰਦਾਰਾਂ ਲਈ ਜਗਹ ਇਕ ਅਜਿਹੇ ਵਿਰੋਧਾਭਾਸ ਦੀ ਲਖਾਇਕ ਹੈ ਜੋ ਇਸ ਅੰਦੋਲਨ ਬਾਰੇ ਗੰਭੀਰ ਪ੍ਰਸ਼ਨ ਪੈਦਾ ਕਰਦੀ ਹੈ। ਕੀ ਇਸ ਅੰਦੋਲਨ ਅਤੇ ਇਸ ਨੂੰ ਅਗਵਾਈ ਦੇਣ ਵਾਲੇ

ਵਿਅਕਤੀਆਂ ਦੇ ਰਾਜਸੀ ਫੈਸਲਿਆਂ ਅਤੇ ਸਮਾਜਕ ਗਤੀਵਿਧੀਆਂ ਨੂੰ ਹਕੀਕੀ ਮਾਅਨਿਆਂ ਵਿਚ ਧਰਮ ਨਿਰਪੱਖ ਕਿਹਾ ਜਾ ਸਕਦਾ ਹੈ? ਇਸ ਦੇ ਨਾਲ ਸੰਬੰਧਤ ਪ੍ਰਸ਼ਨ ਇਹ ਵੀ ਹੈ ਕਿ ਕੀ 1947 ਤੋਂ ਬਾਅਦ ਹੋਂਦ ਵਿਚ ਆਇਆ ਭਾਰਤੀ ਰਾਜ ਅਤੇ ਇਸ 'ਤੇ ਕਾਬਜ਼ ਹੋਣ ਲਈ ਜ਼ੋਰ ਅਜ਼ਮਾਈ ਕਰਨ ਵਾਲੀਆਂ ਰਾਜਸੀ ਧਿਰਾਂ ਆਪਣੇ ਵਿਹਾਰਕ ਕਾਰਜਾਂ ਵਿਚ ਧਰਮ ਨਿਰਪੱਖ ਰਹੀਆਂ ਹਨ ? ਖ਼ਾਸ ਤੌਰ ਤੇ ਵੀਹਵੀਂ ਸਦੀ ਦੇ ਅਖੀਰਲੇ ਦੋ ਦਹਾਕਿਆਂ ਅਤੇ ਇਕੀਵੀਂ ਸਦੀ ਦੇ ਪਹਿਲੇ ਸੋਲ੍ਹਾਂ ਸਾਲਾਂ ਦੇ ਸੰਦਰਭ ਵਿਚ ਇਹ ਪ੍ਰਸ਼ਨ ਵੀ ਪੁੱਛਿਆ ਜਾ ਸਕਦਾ ਹੈ ਕਿ ਕਾਂਗਰਸ ਅਤੇ ਭਾਰਤੀ ਜਨਤਾ ਪਾਰਟੀ ਵਿਚ ਨੀਤੀਆਂ, ਪ੍ਰੋਗਰਾਮ ਅਤੇ ਵਿਹਾਰਕ ਰਾਜਨੀਤੀ ਦੇ ਪੱਧਰ 'ਤੇ ਕੋਈ ਬੁਨਿਆਦੀ ਤੌਰ 'ਤੇ ਸਿਫਤੀ ਫਰਕ ਹੈ ਵੀ ਜਾਂ ਨਹੀਂ? ਇਹਨਾਂ ਪ੍ਰਸ਼ਨਾਂ ਦੇ ਉਤਰ ਜਾਣਨ ਲਈ 1947 ਤੋਂ ਇਕਦਮ ਪਹਿਲਾਂ ਅਤੇ ਉਸ ਤੋਂ ਬਾਅਦ ਦੇ ਇਤਿਹਾਸ ਨੂੰ ਸੰਖੇਪ ਰੂਪ ਵਿਚ ਫਰੋਲਣ ਦੀ ਲੋੜ ਹੈ ।

ਦੂਜੀ ਸੰਸਾਰ ਜੰਗ ਦੇ ਵੇਲੇ ਤੋਂ ਹੀ ਮੁਸਲਿਮ ਲੀਗ ਨੇ ਇਸਲਾਮ ਦੇ ਨਾਂ ਮੁਸਲਮਾਨਾਂ ਨੂੰ ਇਕ ਵੱਖਰੀ ਕੌਮ ਜਾਂ ਰਾਸ਼ਟਰ (Nation) ਐਲਾਨ ਕੇ ਇਸ ਲਈ ਇਕ ਵੱਖਰੇ ਖਿੱਤੇ (State) ਦੀ ਮੰਗ ਨੂੰ ਉਭਾਰਿਆ । ਆਇਸ਼ਾ ਜਲਾਲ ਦੇ ਵਿਚਾਰ ਅਨੁਸਾਰ ਇਹ ਮੰਗ ਮੁਸਲਿਮ ਬਹੁਗਿਣਤੀ ਵਾਲੇ ਸੂਬਿਆਂ ਅੰਦਰ ਵਸਦੇ ਮੁਸਲਮਾਨਾਂ ਦੇ ਹਿਤਾਂ ਅਨੁਸਾਰ ਹੀ ਉਠਾਈ ਗਈ ਸੀ।[31] ਇਹ ਮੰਗ ਅੰਗਰੇਜ਼ਾਂ ਦੇ ਰਾਜ ਦੇ ਅਖੀਰਲੇ ਵਰ੍ਹਿਆਂ ਤੱਕ ਹਿੰਦੁਸਤਾਨ ਤੋਂ ਵੱਖਰੇ ਪਾਕਿਸਤਾਨ ਦੀ ਮੰਗ ਨਹੀਂ ਬਣੀ ਸੀ । ਮੁਸਲਿਮ ਲੀਗ ਨੇ ਪਹਿਲਾਂ ਮੁਸਲਿਮ ਬਹੁਗਿਣਤੀ ਵਾਲੇ ਖ਼ਿੱਤਿਆਂ ਦੀ ਇਕ ਫੈਡਰੇਸ਼ਨ ਜਾਂ ਕਨਫੈਡਰੇਸ਼ਨ ਵਿਚ ਅੰਦਰੂਨੀ ਖ਼ੁਦਮੁਖਤਿਆਰੀ ਦੀ ਹੀ ਮੰਗ ਕੀਤੀ ਸੀ । ਇਹ ਦਲੀਲ ਦੇਣ ਵਿਚ ਵੀ ਕੋਈ ਹਰਜ਼ ਨਹੀਂ ਹੈ ਕਿ ਸੂਬਿਆਂ ਦੇ ਪੱਧਰ 'ਤੇ ਯੂਨੀਅਨਿਸਟ ਪਾਰਟੀ ਜਾਂ ਪਰਜਾ ਕ੍ਰਿਸ਼ਕ ਪਾਰਟੀ ਵਰਗੀਆਂ ਮੁਸਲਿਮ ਬਹੁਗਿਣਤੀ ਵਾਲੀਆਂ ਪਾਰਟੀਆਂ ਦੁਆਰਾ ਮੁਸਲਿਮ ਲੀਗ ਦੇ ਉਪਰੋਂ ਹੋ ਕੇ ਪ੍ਰਾਪਤ ਕੀਤੀ ਰਾਜਸੀ ਸ਼ਕਤੀ ਨੇ ਮੁਸਲਿਮ ਲੀਗ ਨੂੰ ਮੁਸਲਿਮ ਘੱਟ ਗਿਣਤੀ ਵਾਲੇ ਖ਼ਿੱਤਿਆਂ/ਸੂਬਿਆਂ ਦੀ ਨੁਮਾਇੰਦਾ ਧਿਰ ਤੱਕ ਹੀ ਸੁੰਗੇੜ ਦਿਤਾ ਸੀ । ਦੂਸਰੇ ਪਾਸੇ ਇਹ ਵੀ ਉਤਨੀ ਵੱਡੀ ਸੱਚਾਈ ਹੈ ਕਿ ਕਾਂਗਰਸ ਦੁਆਰਾ ਮੁਸਲਿਮ ਲੀਗ ਨੂੰ ਜਾਂ ਇਸ ਦੁਆਰਾ ਜਤਾਏ ਜਾਂਦੇ ਮੁਸਲਿਮ ਹਿਤਾਂ ਨੂੰ ਕਿਸੇ ਰਾਜਸੀ ਅਤੇ ਰਾਜ ਪ੍ਰਬੰਧਕ ਜੁਗਤ ਵਿਚ ਸਮਾਉਣ ਤੋਂ ਮੁਨਕਰ ਹੋਣ ਕਰਕੇ, ਮੁਸਲਿਮ ਲੀਗ ਇਕ ਸ਼ਕਤੀਸ਼ਾਲੀ ਰਾਜਸੀ ਧਿਰ ਵਜੋਂ ਉਭਰਨ ਵਿਚ ਕਾਮਯਾਬ ਹੋਈ। ਜਿਥੇ ਮੁਸਲਿਮ ਲੀਗ ਨੇ ਮੁਸਲਿਮ ਘਟਗਿਣਤੀ ਸੂਬਿਆਂ ਵਿਚ ਮੁਸਲਿਮ ਹਿਤਾਂ ਨੂੰ ਧਿਆਨ ਵਿਚ ਰਖਦੇ ਹੋਏ ਇਕ ਫੈਡਰੇਸ਼ਨ ਦੇ ਅੰਦਰ ਮੁਸਲਿਮ ਬਹੁਗਿਣਤੀ ਸੂਬਿਆਂ ਵਿਚ ਰਾਜਸੀ ਸ਼ਕਤੀ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ ਉਥੇ ਕਾਂਗਰਸ ਨੇ ਇਸ ਦੇ ਤੋੜ ਵਜੋਂ ਪੰਜਾਬ ਅੰਦਰ ਸਿੱਖ ਘਟਗਿਣਤੀ ਦੀ ਹਾਲਤ ਅਤੇ ਇਸ ਦੇ ਮਹਿਫੂਜ਼ ਰਹਿਣ ਦੇ ਫਿਕਰ ਨੂੰ ਉਭਾਰਿਆ । ਇਹ ਤੱਥ ਵੀ ਆਪਣੇ ਆਪ ਵਿਚ ਦਿਲਚਸਪ ਹੈ ਕਿ ਇਹ ਮਾਸਟਰ ਤਾਰਾ ਸਿੰਘ ਅਤੇ ਗਿਆਨੀ ਕਰਤਾਰ ਸਿੰਘ ਸਨ ਜਿਨ੍ਹਾਂ ਨੇ ਵਾਇਸਰਾਇ ਮਾਊਂਟਬੈਟਨ ਨਾਲ ਆਪਣੀ ਮੁਲਾਕਾਤ ਵਿਚ ਮਈ 1947 ਤੋਂ ਪਹਿਲਾਂ ਹੀ ਪੰਜਾਬ ਦੀ ਵੰਡ ਅਤੇ ਆਬਾਦੀ ਦੇ ਤਬਾਦਲੇ ਦੀ ਮੰਗ ਕੀਤੀ । ਇਸ ਤੋਂ ਵੀ ਪਹਿਲਾਂ 1932 ਦੀ ਗੋਲਮੇਜ਼ ਕਾਨਫਰੰਸ ਦੇ ਦੌਰਾਨ ਸਿੱਖ ਪ੍ਰਤੀਨਿਧਾਂ ਨੇ ਪੰਜਾਬ ਦੇ ਬਟਵਾਰੇ ਦੀ ਗੱਲ ਕੀਤੀ ਸੀ ।[32] ਇਸ ਤਰ੍ਹਾਂ ਕਾਂਗਰਸ ਵੀ ਦੇਸ਼ ਦੀ ਵੰਡ ਵਿਚ ਹੀ ਉਸ ਵੇਲੇ ਦੀ ਰਾਜਸੀ ਸਥਿਤੀ ਦਾ ਹੱਲ ਦੇਖ ਰਹੀ ਸੀ । ਇਸ ਤਰ੍ਹਾਂ ਕਰਕੇ ਹੀ ਉਹ ਮੁਸਲਿਮ ਬਹੁਗਿਣਤੀ ਦੇ ਖਿੱਤੇ ਬਾਹਰ ਕੱਢ ਕੇ ਮੁਸਲਿਮ ਲੀਗ ਤੋਂ ਬਗੈਰ ਹੀ ਬਾਕੀ ਬਚਦੇ ਹਿੰਦੁਸਤਾਨ 'ਤੇ ਇਕੱਲੀ ਰਾਜ ਕਰਨ ਦੇ ਕਾਬਲ ਹੋ ਸਕਦੀ ਸੀ । ਇਹਨਾਂ ਤੱਥਾਂ ਦੇ ਬਿਆਨ ਤੋਂ ਇਹ ਗੱਲ ਸਾਫ਼ ਹੋ ਜਾਂਦੀ ਹੈ ਕਿ ਸਾਰੀਆਂ ਰਾਜਸੀ ਧਿਰਾਂ, ਸਮੇਤ ਕਾਂਗਰਸ ਦੇ, ਅੱਡੋ ਅੱਡਰੀਆਂ ਜਾਂ ਬਹੁਤ ਵਾਰੀ ਵਿਰੋਧੀ ਹਿਤਾਂ ਵਾਲੀਆਂ ਸਮਝੀਆਂ ਅਤੇ ਪੇਸ਼ ਕੀਤੀਆਂ ਜਾਂਦੀਆਂ ਧਾਰਮਕ ਪਹਿਚਾਣਾਂ ਨੂੰ ਹੀ ਰਾਜਸੀ ਸ਼ਕਤੀ ਨੂੰ ਪ੍ਰਾਪਤ ਕਰਨ ਹਿਤ ਇਕ ਹਥਿਆਰ ਦੇ ਤੌਰ 'ਤੇ ਵਰਤ ਰਹੀਆਂ ਸਨ । ਉਸ ਵੇਲੇ ਕਈ ਅਜਿਹੇ ਮੌਲਾਨਾ ਹੁਸੈਨ ਅਹਮਦ ਮਦਨੀ ਵਰਗੇ ਉਲੇਮਾ ਸਨ ਜੋ ਕਾਂਗਰਸ ਦੇ 'ਇਕ ਕੌਮ' ਦੇ ਸਿਧਾਂਤ ਵਿਚ ਵੀ ਯਕੀਨ ਰਖਦੇ ਸਨ ਅਤੇ ਸ਼ਰੀਅਤ ਦੇ ਰਾਜ ਤੋਂ ਬਗ਼ੈਰ ਅਜ਼ਾਦ ਭਾਰਤ ਦਾ ਤਸੱਵੁਰ ਤਕ ਨਹੀਂ ਕਰਦੇ ਸਨ । ਅਜਿਹੇ ਹੀ ਉਲੇਮਾਂ ਨੇ ਜਿਨਾਹ ਅਤੇ ਮੁਸਲਿਮ ਲੀਗ ਦੇ ਵਿਰੋਧ ਤੋਂ ਬਾਅਦ ਸ਼ਰੀਅਤ ਦੇ ਰਾਜ ਨੂੰ ਸਥਾਪਤ ਕਰਨ ਲਈ ਬਾਅਦ ਵਿਚ ਪਾਕਿਸਤਾਨ ਦੀ ਮੰਗ ਦੀ ਹਮਾਇਤ ਕਰਨੀ ਸ਼ੁਰੂ ਕਰ ਦਿੱਤੀ ।

ਦੇਸ਼ ਦੀ ਵੰਡ ਬਾਰੇ ਸਿਧਾਂਤਕ ਤੌਰ 'ਤੇ ਸਹਿਮਤੀ ਬਣਨ ਪਿਛੋਂ ਦੋਹਾਂ ਪਾਸਿਆਂ ਨੇ ਕਿਸੇ ਵੀ ਖ਼ਿੱਤੇ ਦੇ ਲੋਕਾਂ ਜਾਂ ਉਥੋਂ ਦੀਆਂ ਰਾਜਸੀ ਧਿਰਾਂ ਦੀ ਮਰਜ਼ੀ ਤੋਂ ਬਾਹਰ ਜਾ ਕੇ ਆਪੋ ਆਪਣੇ ਮੁਲਕ ਦੇ ਖੇਤਰ ਵਧਾਉਣ ਲਈ ਹਰ ਹਰਬੇ ਵਰਤੇ । ਇਥੇ ਕੁਝ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ ਜੋ ਕਿ ਹੁਣ ਦੇ ਭਾਰਤ ਦੇ ਸੰਦਰਭ ਵਿਚ ਕਾਂਗਰਸ ਦੇ ਰੋਲ ਨੂੰ ਕਾਫ਼ੀ ਹੱਦ ਤੱਕ ਸਾਫ਼ ਕਰ ਸਕਦੀਆਂ ਹਨ । ਦੋ ਨਵੇਂ ਬਣ ਰਹੇ ਮੁਲਕਾਂ ਵਿਚਕਾਰ ਇਲਾਕੇ ਵੰਡਣ ਲਈ ਲੋਕਾਂ ਦੀ ਰਾਇ ਜਾਣਨਾ ਜ਼ਰੂਰੀ ਨਹੀਂ ਸੀ । ਕਿਸੇ ਵੀ ਸੂਬੇ ਦੀਆਂ ਅਸੈਂਬਲੀਆਂ ਨੇ ਹੀ ਵੰਡ ਦੇ ਹੱਕ ਵਿਚ ਜਾਂ ਖ਼ਿਲਾਫ ਫੈਸਲਾ ਕਰਨਾ ਸੀ । ਪੰਜਾਬ ਦੀ ਅਸੈਂਬਲੀ ਵਿਚ ਮੁਸਲਿਮ ਬਹੁਗਿਣਤੀ ਨੇ ਪਾਕਿਸਤਾਨ ਦੇ ਹੱਕ ਵਿਚ ਵੋਟ ਪਾਈ ਅਤੇ ਹਿੰਦੂ ਤੇ ਸਿੱਖ ਘੱਟ ਗਿਣਤੀ ਨੇ ਹਿੰਦੁਸਤਾਨ ਦੇ ਹੱਕ ਵਿਚ । ਇਸ ਤਰ੍ਹਾਂ ਫੈਸਲਾ ਪੰਜਾਬ ਦੀ ਵੰਡ ਦਾ ਨਹੀਂ ਹੁੰਦਾ ਸੀ। ਫਿਰ ਇਹਨਾਂ ਦੋਹਾਂ ਨੇ ਵੋਟਾਂ ਨੂੰ ਅੱਡ ਅੱਡ ਹੋ ਕੇ ਪਾਇਆ। ਇਸ ਤਰ੍ਹਾਂ ਧਰਮ ਦੇ ਆਧਾਰ 'ਤੇ ਪੰਜਾਬ ਦੀ ਵੰਡ ਦਾ ਫੈਸਲਾ ਹੋ ਗਿਆ । ਪਰ ਬੰਗਾਲ ਦਾ ਕਿੱਸਾ ਬਿਲਕੁਲ ਵੱਖਰਾ ਸੀ। ਬੰਗਾਲ ਦੀ ਵੰਡ ਦਾ ਫੈਸਲਾ ਪਹਿਲਾਂ ਹੀ ਤਹਿਸ਼ੁਦਾ ਫੈਸਲਾ ਨਹੀਂ ਸੀ। ਬੰਗਾਲ ਦੇ ਵਿਚ ਸੁਭਾਸ਼ ਚੰਦਰ ਬੋਸ ਦੇ ਭਰਾ ਸਰਤ ਚੰਦਰ ਬੋਸ ਅਤੇ ਮੁਸਲਿਮ

> "1947 ਤੋਂ ਬਾਅਦ ਸਥਾਪਤ ਕੀਤੇ ਭਾਰਤੀ ਰਾਜ ਅਤੇ ਇਸ ਉਪਰ ਰਾਜ ਕਰਨ ਵਾਲੀ ਰਾਜਸੀ ਧਿਰ ਕਾਂਗਰਸ ਨੇ ਰਾਸ਼ਟਰੀ ਉਸਾਰੀ ਦੇ ਨਾਂ 'ਤੇ ਆਪਣੇ ਰਾਜ ਦੀ ਸਰਦਾਰੀ (hegemony) ਲੋਕਾਂ ਦੇ ਮਨਾਂ 'ਤੇ ਬਣਾਈ ਰੱਖੀ । ਸ਼ੁਰੂ ਦੇ ਵਿਚ ਇਹ ਸਰਦਾਰੀ ਇਕੱਲੀ ਧੌਂਸ ਵਾਲੀ ਨਾ ਹੋ ਕੇ ਲੋਕਾਂ ਦੇ ਮਨਾਂ ਉਪਰ ਛਾਈ ਹੋਈ ਸੀ ਪਰ ਜਿਵੇਂ ਜਿਵੇਂ ਰਾਜ ਦੇ ਅੰਦਰਲਾ ਅਤੇ ਰਾਜ ਤੇ ਲੋਕਾਂ ਵਿਚਲਾ ਵਿਰੋਧਤਾਈ ਦਾ ਸੰਕਟ ਵਧਦਾ ਗਿਆ ਉਸੇ ਤਰ੍ਹਾਂ ਹੀ ਰਾਜ ਦੁਆਰਾ ਲੋਕਾਂ ਉਪਰ ਆਪਣੀ ਸਰਦਾਰੀ ਨੂੰ ਕਾਇਮ ਰੱਖਣ ਦੀ ਕਾਰਗਰਤਾ (efficacy) ਵੀ ਘਟਦੀ ਗਈ ।"

ਲੀਗ ਦੇ ਨੇਤਾ ਸੁਹਰਾਵਰਦੀ ਨੇ ਇਕ ਪਲੇਟਫਾਰਮ 'ਤੇ ਆਕੇ ਆਜ਼ਾਦ ਬੰਗਾਲ ਦੀ ਮੰਗ ਕੀਤੀ । ਇਸ ਨੂੰ ਜਿਨਾਹ ਨੇ ਤਾਂ ਮੰਨ ਲਿਆ ਪਰ ਹਿੰਦੂ ਮਹਾਂ ਸਭਾ ਨੇ ਇਹ ਕਹਿ ਕੇ ਨਾਮਨਜ਼ੂਰ ਕਰ ਦਿਤਾ ਕਿ ਬੰਗਾਲ ਦੀ ਵੀ ਧਰਮ ਦੇ ਆਧਾਰ 'ਤੇ ਵੰਡ ਕੀਤੀ ਜਾਵੇ । ਪੰਡਿਤ ਨਹਿਰੂ ਦੀ ਅਗਵਾਈ ਵਿਚ ਕਾਂਗਰਸ ਹਾਈ ਕਮਾਂਡ ਨੇ ਕਿਹਾ ਕਿ ਬੰਗਾਲ ਇਕੋ ਸ਼ਰਤ ਯਾਨੀ ਭਾਰਤ ਦੇ ਹਿੱਸੇ ਵਜੋਂ ਹੀ ਅਣਵੰਡਿਆ ਰਹਿ ਸਕਦਾ ਹੈ । ਕਾਂਗਰਸ ਦਾ ਮੱਤ ਸੀ ਕਿ ਆਜ਼ਾਦ ਬੰਗਾਲ ਸਿਰਫ ਮੁਸਲਿਮ ਲੀਗ ਦੇ ਉਸ ਉਪਰ ਗ਼ਲਬੇ ਦੀ ਹੀ ਸ਼ਾਹਦੀ ਭਰਦਾ ਹੈ । ਇਸ ਕਰਕੇ ਕਾਂਗਰਸ ਨੇ ਹਿੰਦੂ ਮਹਾਂ ਸਭਾ ਨਾਲ ਰਲ ਕੇ ਸਾਂਝੀਆਂ ਮੀਟਿੰਗਾਂ ਕੀਤੀਆਂ । ਜਦੋਂ ਵੰਡ ਦੇ ਮਤੇ ਉਤੇ ਬੰਗਾਲ ਅਸੈਂਬਲੀ ਦੇ ਸੈਸ਼ਨ ਵਿਚ ਵੋਟਾਂ ਪਾਈਆਂ ਗਈਆਂ ਤਾਂ 90 ਦੇ ਮੁਕਾਬਲੇ 126 ਮੈਂਬਰਾਂ ਨੇ ਵੰਡ ਦਾ ਵਿਰੋਧ ਕੀਤਾ । ਪਰ ਜਦੋਂ ਪੱਛਮੀ ਅਤੇ ਪੂਰਬੀ ਬੰਗਾਲ ਦੇ ਮੈਂਬਰਾਂ ਨੇ ਅੱਡੋ ਅੱਡ ਵੋਟ ਪਾਈ ਤਾਂ ਪੱਛਮੀ ਬੰਗਾਲ ਦੇ ਮੈਂਬਰਾ ਨੇ ਵੰਡ ਦੇ ਹੱਕ ਵਿਚ ਅਤੇ ਪੂਰਬੀ ਬੰਗਾਲ ਦੇ ਮੈਂਬਰਾ ਨੇ ਵੰਡ ਦੇ ਵਿਰੁਧ ਪਾਈ । ਇਸ ਤਰ੍ਹਾਂ ਇਕ ਵਾਰ ਫਿਰ ਤੋਂ ਬੰਗਾਲ ਦੀ ਵੰਡ ਦਾ ਫੈਸਲਾ ਫਿਰਕੂ ਆਧਾਰ 'ਤੇ ਹੋ ਗਿਆ ।[33] ਬੰਗਾਲ ਦੀ ਵੰਡ ਦੇ ਫੈਸਲੇ ਦੀ ਵਿਡੰਬਨਾ ਇਹ ਹੈ ਕਿ 1947 ਵਿਚ ਉਹਨਾਂ ਧਿਰਾਂ ਨੇ ਬੰਗਾਲ ਦੀ ਵੰਡ ਦੇ ਹੱਕ ਵਿਚ ਵੋਟ ਪਾਈ ਜਿਨ੍ਹਾਂ ਨੇ 1905 ਵਿਚ ਇਸੇ ਤਰ੍ਹਾਂ ਦੀ ਵੰਡ ਦਾ ਵਿਰੋਧ ਕੀਤਾ ਸੀ । ਬੰਗਾਲ ਦੀ ਵੰਡ ਦਾ ਇਕ ਹੋਰ ਦਿਲਚਸਪ ਪਹਿਲੂ ਸਨਅਤ ਤੇ ਵਪਾਰ, ਕਾਂਗਰਸ ਅਤੇ ਹਿੰਦੂਆਂ ਦੀ ਅੰਤਰ ਸੰਬੰਧਤਾ ਦਾ ਹੈ । ਬਿਦਿਯੂਤ ਚੱਕਰਵਰਤੀ ਨੇ ਆਪਣੀ ਕਿਤਾਬ 'ਦ ਪਾਰਟੀਸ਼ਨ ਆਫ਼ ਬੰਗਾਲ ਐਂਡ ਆਸਾਮ' ਵਿਚ ਕਿਹਾ ਹੈ ਕਿ ਬਿਰਲਾ ਤਾਂ 1942 ਵਿਚ ਹੀ ਬੰਗਾਲ ਦੀ ਵੰਡ ਦੇ ਹੱਕ ਵਿਚ ਸੀ । ਇਸ ਖਾਤਰ ਉਸ ਨੇ ਮਹਾਤਮਾ ਗਾਂਧੀ ਨੂੰ ਕਲਕੱਤਾ ਵਿਚ ਹਿੰਦੂ ਮੁਸਲਿਮ ਇਤਹਾਦ ਨੂੰ ਵੀਟੋ ਕਰਨ ਵਾਸਤੇ ਇਸ ਆਧਾਰ ਤੇ ਸਹਿਮਤ ਕਰਨ ਦੀ ਕੋਸ਼ਿਸ਼ ਕੀਤੀ ਸੀ ਕਿ ਇਸ ਨਾਲ ਮਾਰਵਾੜੀ ਭਾਈਚਾਰੇ ਦੇ ਵਪਾਰਕ ਹਿਤਾਂ ਦਾ ਨੁਕਸਾਨ ਹੋਵੇਗਾ।[34]

ਉਤਰ ਪੱਛਮੀ ਸਰਹੱਦੀ ਸੂਬੇ ਦਾ ਕੇਸ ਸਭ ਤੋਂ ਵੱਖਰਾ ਸੀ । ਬ੍ਰਿਟਿਸ਼ ਰਾਜ ਦੇ ਸਿੱਧੇ ਤੌਰ 'ਤੇ ਅਧੀਨ ਇਹ ਇਕੋ ਇਕ ਮੁਸਲਿਮ ਬਹੁਗਿਣਤੀ ਵਾਲਾ ਖਿੱਤਾ ਸੀ ਜਿਸ ਵਿਚ ਕਾਂਗਰਸ ਦਾ ਰਾਜ ਸੀ । ਅਸਲ ਵਿਚ ਕਾਂਗਰਸ ਨੂੰ ਇਹ ਜਿੱਤ ਖਾਨ ਅਬਦੁਲ ਗਫਾਰ ਖਾਨ ਜਾਂ ਜਿਸਨੂੰ ਸਰਹੱਦੀ ਗਾਂਧੀ  ਵੀ ਕਿਹਾ ਜਾਂਦਾ ਸੀ, ਦੀ ਜਥੇਬੰਦੀ ਰੈਡ ਸ਼ਰਟਸ (ਲਾਲ ਕੁੜਤੀ) ਨੇ ਅਣਵੰਡੇ ਜਾਂ ਮੁਤਾਹਿਦਾ ਹਿੰਦੁਸਤਾਨ ਦੇ ਨਾਅਰੇ 'ਤੇ ਦਿਵਾਈ ਸੀ । ਇਸੇ ਕਰਕੇ ਉਥੇ ਦੇਸ਼ ਦੀ ਵੰਡ ਦਾ ਵਿਰੋਧ ਸੀ ਭਾਵੇਂ ਕਿ 1947 ਦੇ ਪਹੁੰਚਦੇ ਪਹੁੰਚਦੇ ਇਸ ਸੂਬੇ ਅਤੇ ਇਸ ਦੇ ਨਾਲ ਲਗਦੇ ਕਬਾਇਲੀ ਇਲਾਕਿਆਂ ਵਿਚ ਮੁਸਲਿਮ ਲੀਗ ਵੀ ਜ਼ੋਰ ਫੜ ਰਹੀ ਸੀ। ਇਸ ਖਿੱਤੇ ਦੀ ਖ਼ਾਸੀਅਤ ਇਹ ਵੀ ਸੀ ਕਿ ਇਹ ਉਹਨਾਂ ਸੂਬਿਆਂ ਦੇ ਨਾਲ ਲਗਵਾਂ ਨਹੀਂ ਸੀ ਜਿਥੇ ਕਿ ਕਾਂਗਰਸ ਦਾ ਰਾਜ ਸੀ । ਇਹਨਾਂ ਹਾਲਤਾਂ ਨੂੰ ਧਿਆਨ ਵਿਚ ਰਖਦੇ ਹੋਏ ਇਸ ਸੂਬੇ ਵਿਚ ਵੰਡ ਦੇ ਪ੍ਰਸ਼ਨ 'ਤੇ ਰਾਏ ਸ਼ੁਮਾਰੀ ਕਰਵਾਈ ਗਈ । ਇਸ ਰਾਇ ਸ਼ੁਮਾਰੀ ਵਿਚ ਸਰਹੱਦੀ ਗਾਂਧੀ ਅਤੇ ਉਸ ਦੀ ਪਾਰਟੀ ਦੁਆਰਾ ਆਜ਼ਾਦ ਦੇਸ਼ ਵਜੋਂ ਵਿਚਰਨ ਦੀ ਆਪਸ਼ਨ ਦੀ ਮੰਗ ਕਾਂਗਰਸ ਦੇ ਕਹਿਣ 'ਤੇ ਲਾਰਡ ਮਾਊਂਟਬੈਟਨ ਨੇ ਸਵੀਕਾਰ ਨਹੀਂ ਕੀਤੀ । ਇਸ ਹਾਲਤ ਵਿਚ ਰੈਡ ਸ਼ਰਟ ਵਾਲਿਆਂ ਨੇ ਰਾਇ ਸ਼ੁਮਾਰੀ ਦਾ ਬਾਈਕਾਟ ਕੀਤਾ ਅਤੇ ਕਿਸੇ ਵੀ ਹੋਰ ਧਿਰ ਦੀ ਗ਼ੈਰ ਮੌਜੂਦਗੀ ਵਿਚ ਮੁਸਲਿਮ ਲੀਗ ਪਾਕਿਸਤਾਨ ਦੇ ਹੱਕ ਵਿਚ ਫਤਵਾ ਹਾਸਲ ਕਰਨ ਵਿਚ ਕਾਮਯਾਬ ਰਹੀ । ਸਰਹੱਦੀ ਸੂਬੇ ਦੇ ਪਾਕਿਸਤਾਨ ਵਿਚ ਸ਼ਾਮਲ ਹੋਣ ਦੇ ਫੈਸਲੇ 'ਤੇ ਟਿੱਪਣੀ ਕਰਦਿਆਂ ਸਰਹੱਦੀ ਗਾਂਧੀ ਨੇ ਮਹਾਤਮਾ ਗਾਂਧੀ ਨੂੰ ਉਲ੍ਹਾਮੇ ਭਰੇ ਗੁੱਸੇ ਵਿਚ ਲਿਖਿਆ ਕਿ 'ਤੁਸੀ ਸਾਨੂੰ ਬਘਿਆੜਾਂ ਦੇ ਅੱਗੇ ਸਿੱਟ ਦਿਤਾ ਹੈ।'[35] ਕਾਂਗਰਸ ਨੇ ਇਸੇ ਕਿਸਮ ਦਾ ਹੀ ਵਿਵਹਾਰ ਕੁਝ ਰਿਆਸਤਾਂ ਨੂੰ ਮੁਲਕ ਵਿਚ ਰਲਾਉਣ ਵਾਸਤੇ ਕੀਤਾ । ਕਿਤੇ ਪੁਲਿਸ ਜਾਂ ਫੌਜ ਭੇਜ ਕੇ ਜਿਵੇਂ ਕਿ ਹੈਦਰਾਬਾਦ ਅਤੇ ਕਿਤੇ ਰਾਇ ਸ਼ੁਮਾਰੀ ਕਰਾ ਕੇ ਜਿਵੇਂ ਕਿ ਜੂਨਾਗੜ੍ਹ । ਹੈਦਰਾਬਾਦ ਰਿਆਸਤ ਨੂੰ ਫੌਜੀ ਸ਼ਕਤੀ ਦੇ ਜ਼ੋਰ 'ਤੇ ਭਾਰਤ ਵਿਚ ਸ਼ਾਮਲ ਕਰਨ ਤੋਂ ਬਾਅਦ ਉਥੇ ਫੌਜ ਦੀ ਹੀ ਮਦਦ ਨਾਲ ਮੁਸਲਿਮ ਵਸੋਂ ਦਾ ਕਤਲੇਆਮ ਕੀਤਾ ਜਿਸ ਵਿਚ, ਏ. ਜੀ. ਨੂਰਾਨੀ ਦੇ ਲੇਖ ਅਨੁਸਾਰ 27 ਹਜ਼ਾਰ ਤੋਂ 40 ਹਜ਼ਾਰ ਦੀ ਗਿਣਤੀ ਵਿਚ ਮੁਸਲਮਾਨ ਮਾਰ ਦਿਤੇ ਗਏ । ਇਸ ਨਰ ਸੰਘਾਰ ਦੀ ਰਿਪੋਰਟ, ਜੋ ਕਿ ਮੌਲਾਨਾ ਅਜ਼ਾਦ ਦੇ ਜ਼ੋਰ ਦੇਣ 'ਤੇ ਭੇਜੀ ਗਈ ਟੀਮ ਨੇ ਤਿਆਰ ਕੀਤੀ ਸੀ, 'ਕੌਮੀ ਹਿਤਾਂ' ਨੂੰ ਧਿਆਨ ਵਿਚ ਰੱਖ ਕੇ ਨਾ ਨਹਿਰੂ ਨੇ ਅਤੇ ਨਾ ਹੀ ਇੰਦਰਾ ਗਾਂਧੀ ਨੇ ਨਸ਼ਰ ਕੀਤੀ।[36]

ਉਪਰੋਕਤ ਤੋਂ ਇਹ ਸਾਫ਼ ਹੋ ਜਾਂਦਾ ਹੈ ਕਿ ਭਾਰਤ ਦੀ ਵੰਡ ਅਤੇ ਇਸ ਤੋਂ ਬਾਅਦ ਵਿਚ ਹੋਂਦ ਵਿਚ ਆਏ ਦੋ ਰਾਜਾਂ ਦੀਆਂ

ਨੀਹਾਂ ਵਿਚ ਉਸੇ ਰਾਸ਼ਟਰਵਾਦ ਦੇ ਉਸ ਫਿਰਕੂ ਪ੍ਰਵਚਨ ਨੂੰ ਦੇਖਿਆ ਜਾ ਸਕਦਾ ਹੈ ਜੋ ਕਿ ਵੱਖਰੀਆਂ ਵੱਖਰੀਆਂ ਅਤੇ ਆਪਸ ਵਿਚ ਦੀ ਵਿਰੋਧੀ ਸਮਝੀਆਂ ਜਾਂਦੀਆਂ ਠੋਸ ਧਾਰਮਕ ਪਹਿਚਾਣਾਂ ਬਣਨ ਦੇ ਨਾਲ ਹੀ ਪੈਦਾ ਅਤੇ ਵਿਕਸਤ ਹੋਇਆ । ਇਹ ਰਾਸ਼ਟਰਵਾਦ ਅਤੇ ਇਸ ਦੇ ਆਧਾਰ ਤੇ ਸਥਾਪਤ ਹੋਇਆ ਭਾਰਤੀ ਰਾਜ ਹਰ ਤਰ੍ਹਾਂ ਦਾ ਹਰਬਾ ਵਰਤ ਕੇ ਆਪਣੇ ਆਪ ਨੂੰ ਫੈਲਾਉਣਾ ਚਾਹੁੰਦਾ ਹੈ। ਇਸ ਦੇ ਅਧਿਕਾਰ ਖੇਤਰ ਵਿਚ ਵਸਦੀ ਕਿਸੇ ਵੀ ਕੌਮੀਅਤ ਦੀ ਆਪਣੀ ਕੋਈ ਖ਼ੁਦਮੁਖਤਿਆਰ ਹਸਤੀ ਨਹੀਂ ਹੋ ਸਕਦੀ ਸੀ । ਇਸ ਦਾ ਇਕੋ ਇਕ ਟੀਚਾ ਰਾਜ ਦੀ ਸ਼ਕਤੀ ਵਿਚ ਵਾਧਾ ਕਰਦੇ ਰਹਿਣ ਦਾ ਹੀ ਰਿਹਾ ਹੈ । ਇਸ ਰਾਜ ਨੂੰ ਚਲਾਉਣ ਲਈ ਇਕ ਅਧਿਕਾਰਸ਼ੁਦਾ ਸੰਵਿਧਾਨ ਅਤੇ ਲੋਕਾਂ ਦੇ ਵੱਡੇ ਹਿੱਸੇ ਦਾ ਹੱਕ ਜਤਲਾਉਣ ਵਾਲੀ ਰਾਜਸੀ ਧਿਰ ਦੀ ਜ਼ਰੂਰਤ ਸੀ। ਸੰਵਿਧਾਨ ਬਣਾਉਣ ਲਈ ਜਿਸ ਸੰਵਿਧਾਨ ਘੜਨੀ ਅਸੈਂਬਲੀ ਨੂੰ ਸਥਾਪਤ ਕੀਤਾ ਗਿਆ ਉਹ ਵਿਸ਼ਾਲ ਲੋਕਾਈ ਦੀ ਪ੍ਰਤੀਨਿਧ ਨਾ ਹੋ ਕੇ ਪਹਿਲਾਂ ਹੀ ਬਸਤੀਵਾਦੀ ਰਾਜ ਦੀਆਂ ਲੋੜਾਂ ਅਨੁਸਾਰ ਜਾਇਦਾਦ ਦੇ ਆਧਾਰ 'ਤੇ ਲੋਕਾਂ ਦੇ ਘੱਟ ਹਿੱਸਿਆਂ ਦੀ ਨੁਮਾਇੰਦਗੀ ਕਰਨ ਵਾਲੀ ਅਸੈਂਬਲੀ ਹੀ ਸੀ । ਇਸ ਕਰਕੇ, ਜਿਵੇਂ ਕਿ ਸੁਨੀਲ ਖਿਲਨਾਨੀ ਨੇ ਲਿਖਿਆ ਸੀ, ਸੰਵਿਧਾਨ ਘੜਨੀ 'ਅਸੈਂਬਲੀ ਅੰਦਰ ਕਾਂਗਰਸ ਵਿਚ ਉਚੀਆਂ ਜਾਤਾਂ ਵਿਚਲਾ ਅਤੇ ਬ੍ਰਾਹਮਣਵਾਦੀ ਕੁਲੀਨ ਵਰਗ ਭਾਰੂ ਸੀ।' ਸਿੱਟੇ ਵਜੋਂ ਜੋ ਸੰਵਿਧਾਨ ਬਣਿਆ ਉਸ ਵਿਚਲੇ ਬੁਨਿਆਦੀ ਅਧਿਕਾਰ ਲੋਕਾਂ ਦੀ ਜ਼ਿੰਦਗੀ ਅਤੇ ਯਾਦਾਸ਼ਤ ਦਾ ਹਿੱਸਾ ਨਹੀਂ ਬਣ ਸਕੇ ਕਿਉਂਕਿ ਉਹ ਉਹਨਾਂ ਨੇ ਫਰਾਂਸੀਸੀ ਇਨਕਲਾਬ ਦੀ ਤਰਜ਼ 'ਤੇ ਆਪਣੀ ਸਾਂਝੀ ਸ਼ਮੂਲੀਅਤ ਵਾਲੀਆਂ ਗਤੀਵਿਧੀਆਂ ਵਿਚੋਂ ਪ੍ਰਾਪਤ ਨਹੀਂ ਕੀਤੇ ਸਨ।[37] ਭਾਰਤ ਅੰਦਰ ਸਥਾਪਤ ਹੋਇਆ ਰਾਜ ਦਾ ਢਾਂਚਾ ਇਸ ਤਰ੍ਹਾਂ ਹਕੀਕੀ ਜਮਹੂਰੀਅਤ 'ਤੇ ਖੜ੍ਹਾ ਨਾ ਹੋ ਕੇ ਮਾਲਕ/ਰਾਜਾ ਅਤੇ ਪਰਜਾ ਵਿਚਲੇ ਇਕ ਪਾਸੜ ਸੰਬੰਧਾਂ 'ਤੇ ਆਧਾਰਤ ਸੀ। ਇਸੇ ਦੀ ਹੀ ਤਰਜਮਾਨੀ ਕਾਂਗਰਸ ਦੀ ਹਮਾਇਤ ਵਿਚ ਖੜ੍ਹਾ ਉਹ ਜਮਾਤੀ ਮੁਹਾਜ਼ ਕਰਦਾ ਸੀ ਜਿਸ ਵਿਚ ਸਰਦਾਰੀ ਪੇਂਡੂ ਖੇਤਰ ਵਿਚ ਉਚੀਆਂ ਜਾਤਾਂ ਨਾਲ ਸੰਬੰਧਤ ਜਗੀਰਦਾਰੀ ਕੁਲੀਨ ਵਰਗ ਦੇ ਹੱਥ ਸੀ । ਇਸ ਵਿਚ ਹੀ ਇਹਨਾਂ ਹੀ ਜਾਤਾਂ ਦਾ ਵਪਾਰੀ ਵਰਗ, ਸ਼ਹਿਰ ਵਿਚ ਵਸਦੇ ਕੰਮਕਾਜੀ ਅਤੇ ਨੌਕਰਸ਼ਾਹ ਅਤੇ ਦਲਿਤਾਂ ਵਿਚ ਥਾਪਿਆ ਗਿਆ ਕੁਲੀਨ ਵਰਗ ਸੀ । ਧਰਮ ਦੇ ਖੇਤਰ ਵਿਚ ਕਾਂਗਰਸ ਦੇ ਹਮਾਇਤੀ ਆਧਾਰ ਵਿਚ ਪਿਛਾਖੜ ਬ੍ਰਾਹਮਣਵਾਦੀ ਅਤੇ ਮੁਸਲਮਾਨਾਂ ਵਿਚਲਾ ਉਲੇਮਾਂ ਅਤੇ ਮੌਲਾਣਿਆਂ ਦਾ ਵਰਗ ਸੀ । ਖਰੀ ਜਮਹੂਰੀਅਤ ਦਾ ਵਿਕਾਸ ਨਾ ਹੋਣ ਕਰਕੇ ਇਹ ਵਰਗ ਲੋਕਾਂ ਦੁਆਰਾ ਇਸਤੇਮਾਲ ਕੀਤੇ ਜਾਂਦੇ ਵੋਟਾਂ ਆਦਿ ਦੇ ਅਧਿਕਾਰਾਂ ਉਪਰ ਹਕੀਕੀ ਤੌਰ 'ਤੇ ਕਾਬਜ਼ ਰਹੇ । ਪਹਿਲਾਂ ਤੋਂ ਹੀ ਸਥਾਪਤ ਫਿਰਕੂ ਪ੍ਰਵਚਨ ਉਪਰ ਉਸਰੇ ਰਾਸ਼ਟਰਵਾਦ ਦੇ ਸਹਾਰੇ ਹੋਂਦ ਵਿਚ ਆਏ ਰਾਜ ਦੀ ਚਾਲਕ ਸ਼ਕਤੀ ਦੇ ਪਿੱਛੇ ਇਹਨਾਂ ਕੁਲੀਨ ਅਤੇ ਪਿਛਾਖੜੀ ਵਰਗਾਂ ਦੀ ਤਾਕਤ ਕੰਮ ਕਰਦੀ ਰਹੀ । ਇਸੇ ਕਰਕੇ ਹੀ ਇਹ ਰਾਜ ਅਤੇ ਇਸ 'ਤੇ ਕਾਬਜ਼ ਰਾਜਸੀ ਧਿਰ ਨੇ ਕਦੇ ਵੀ ਫਿਰਕਾਪ੍ਰਸਤੀ ਦੇ ਖ਼ਿਲਾਫ਼ ਕੋਈ ਫੈਸਲਾਕੁੰਨ ਲੜਾਈ ਨਹੀਂ ਲੜੀ। ਨਹਿਰੂ ਦੁਆਰਾ ਬਾਰ ਬਾਰ ਬਹੁਗਿਣਤੀ ਯਾਨੀ ਕਿ ਹਿੰਦੂ ਫ਼ਿਰਕਾਪ੍ਰਸਤੀ ਦੇ ਖ਼ਤਰੇ ਦੀ ਅਤੇ ਇਸ ਖ਼ਿਲਾਫ ਜੰਗ ਲੜਨ ਦੀ ਗੱਲ ਕਰਨੀ ਫੋਕੇ ਸ਼ਬਦਾਂ ਤੋਂ ਵੱਧ ਕੁਝ ਵੀ ਨਹੀਂ ਸੀ । ਨਹੀਂ ਤਾਂ ਕੀ ਕਾਰਨ ਹੈ ਕਿ 1949 ਵਿਚ ਅਯੁਧਿਆ ਦੀ ਬਾਬਰੀ ਮਸਜਿਦ ਦੇ ਇਕ ਹਿੱਸੇ ਵਿਚ ਭੇਦ ਭਰੇ ਢੰਗ ਨਾਲ ਮੂਰਤੀਆਂ 'ਪ੍ਰਗਟ' ਹੋਣ ਤੋਂ ਬਾਅਦ ਇਸ ਪੂਰੇ ਸਥਾਨ ਨੂੰ ਝਗੜੇ ਵਾਲੀ ਥਾਂ ਐਲਾਨ ਦਿਤਾ ਗਿਆ । ਜਿਥੇ ਮੂਰਤੀਆਂ 'ਪ੍ਰਗਟ' ਕਰਵਾਉਣ ਵਾਲੀ ਹਿੰਦੂਤਵਵਾਦੀ ਰਾਜਸੀ ਧਿਰ ਉਸ ਵੇਲੇ ਦੀ ਰਾਜਸੀ ਸਥਿਤੀ ਵਿਚ ਆਪਣੇ ਪੈਰ ਪਸਾਰਨੇ ਚਾਹੁੰਦੀ ਸੀ ਉਥੇ ਵੇਲੇ ਦੀ ਸਰਕਾਰ ਨੇ ਇਸ ਫਿਰਕੂ ਚਾਲ ਨੂੰ ਖਰੇ ਧਰਮ ਨਿਰਪੱਖ ਪੈਂਤੜੇ ਤੋਂ ਹਰਾਉਣਾ ਤਾਂ ਕੀ ਸੀ ਸਗੋਂ ਪੂਰੇ ਸਥਾਨ ਨੂੰ ਹੀ ਝਗੜੇ ਵਾਲਾ ਥਾਂ ਕਹਿ ਕੇ ਉਸ ਧਿਰ ਨੂੰ ਆਪਣੇ ਫੈਲਾਓ ਦਾ ਮੌਕਾ ਦੇ ਦਿਤਾ ।

## ਭਾਰਤੀ ਰਾਜ, ਇਸਦੀ ਕਾਰਗਰਤਾ ਅਤੇ ਦਮਨਕਾਰੀ ਕਾਨੂੰਨ

1947 ਤੋਂ ਬਾਅਦ ਸਥਾਪਤ ਕੀਤੇ ਭਾਰਤੀ ਰਾਜ ਅਤੇ ਇਸ ਉਪਰ ਰਾਜ ਕਰਨ ਵਾਲੀ ਰਾਜਸੀ ਧਿਰ ਕਾਂਗਰਸ ਨੇ ਰਾਸ਼ਟਰੀ ਉਸਾਰੀ ਦੇ ਨਾਂ 'ਤੇ ਆਪਣੇ ਰਾਜ ਦੀ ਸਰਦਾਰੀ (hegemony) ਲੋਕਾਂ ਦੇ ਮਨਾਂ 'ਤੇ ਬਣਾਈ ਰੱਖੀ । ਸ਼ੁਰੂ ਦੇ ਵਿਚ ਇਹ ਸਰਦਾਰੀ ਇਕੱਲੀ ਧੌਂਸ ਵਾਲੀ ਨਾ ਹੋ ਕੇ ਲੋਕਾਂ ਦੇ ਮਨਾਂ ਉਪਰ ਛਾਈ ਹੋਈ ਸੀ ਪਰ ਜਿਵੇਂ ਜਿਵੇਂ ਰਾਜ ਦੇ ਅੰਦਰਲਾ ਅਤੇ ਰਾਜ ਤੇ ਲੋਕਾਂ ਵਿਚਲਾ ਵਿਰੋਧਤਾਈ ਦਾ ਸੰਕਟ ਵਧਦਾ ਗਿਆ ਉਸੇ ਤਰ੍ਹਾਂ ਹੀ ਰਾਜ ਦੁਆਰਾ ਲੋਕਾਂ ਉਪਰ ਆਪਣੀ ਸਰਦਾਰੀ ਨੂੰ ਕਾਇਮ ਰੱਖਣ ਦੀ ਕਾਰਗਰਤਾ (efficacy) ਵੀ ਘਟਦੀ ਗਈ । ਇਸ ਕਾਰਗਰਤਾ ਨੂੰ ਬਣਾਈ ਰੱਖਣ ਲਈ ਰਾਜ ਕਰਦੀਆਂ ਧਿਰਾਂ ਨੇ ਮੁੱਖ ਤੌਰ 'ਤੇ ਦੋ ਢੰਗ ਅਪਣਾਏ ।

ਬਹੁਤ ਹੀ ਸੌਖੇ ਤੌਰ 'ਤੇ ਪਹਿਚਾਣ ਵਿਚ ਆਉਣ ਵਾਲਾ ਤਰੀਕਾ ਰਾਜ ਦੁਆਰਾ ਆਪਣੀ ਹਿੰਸਕ ਅਤੇ ਧੌਂਸ ਜਮਾਉਣ ਵਾਲੀ ਕਨੂੰਨੀ ਸ਼ਕਤੀ ਵਿਚ ਵਾਧਾ ਕਰਨਾ ਸੀ । ਸਭ ਤੋਂ ਪਹਿਲਾਂ ਤਾਂ ਅੰਗਰੇਜ਼ਾਂ ਦੁਆਰਾ ਬਣਾਏ ਪ੍ਰੀਵੈਂਟਿਵ ਰਿਟੈਂਨਸ਼ਨ (ਰੋਕਥਾਮ ਦੇ ਨਾਂ ਤੇ ਅਗਾਊਂ ਨਜ਼ਰਬੰਦੀ) ਦਾ ਕਨੂੰਨ ਉਸੇ ਤਰ੍ਹਾਂ ਹੀ ਰੱਖ ਲਿਆ ਗਿਆ । 1958 ਵਿਚ ਪਾਸ ਕੀਤੇ ਆਰਮਡ ਫੋਰਸਿਜ਼ ਸਪੈਸ਼ਲ ਪਾਵਰਜ਼ ਐਕਟ ਤੋਂ ਲੈ ਕੇ ਅਜਿਹੇ ਕਨੂੰਨਾਂ ਦੀ ਲਿਸਟ ਕਾਫੀ ਲੰਬੀ ਹੈ । ਇਹਨਾਂ ਵਿਚ ਨੈਸ਼ਨਲ ਸਕਿਉਰਿਟੀ ਐਕਟ (ਐਨ. ਐਸ. ਏ.), ਮੇਨਟਿਨੈਂਸ ਆਫ ਇਨਟਰਨਲ ਸਕਿਉਰਿਟੀ ਐਕਟ (ਮੀਸਾ), ਡਿਸਟਰਬ ਏਰੀਆਜ਼ ਐਕਟ, ਟੈਰੋਰਿਜ਼ਮ ਐਂਡ ਡਿਸਰਪਟਿਵ ਐਕਟੀਵਿਟੀਜ਼ (ਪ੍ਰੀਵੈਂਨਸ਼ਨ) ਐਕਟ (ਟਾਡਾ), ਪ੍ਰੀਵੈਨਸ਼ਨ ਆਫ਼ ਟੈਰੋਰਿਜ਼ਮ ਐਕਟੀਵਿਟੀਜ਼ ਐਕਟ (ਪੋਟਾ),

> "ਐਮਰਜੈਂਸੀ ਦੌਰਾਨ ਰਾਜ ਦੁਆਰਾ ਆਪਣੀ ਧੌਂਸ ਦੇ ਅਮਲ ਨੇ ਲੋਕਾਂ ਨੂੰ ਰਾਜ ਤੋਂ ਨਿਖੇੜੇ ਦੀ ਹਾਲਤ ਵਿਚ ਸਿੱਟ ਦਿਤਾ ਸੀ । ਸਿੱਟੇ ਵਜੋਂ ਰਾਜ ਅੰਦਰੋਂ ਖੋਖਲਾ ਹੋ ਗਿਆ ਸੀ । ਭਾਵੇਂ ਇੰਦਰਾ ਗਾਂਧੀ ਨੇ ਐਮਰਜੈਂਸੀ ਤੋਂ ਬਾਅਦ ਬਣੀ ਜਨਤਾ ਪਾਰਟੀ ਦੀ ਨਾਅਹਿਲ ਸਰਕਾਰ ਦੀ ਨਿਕੰਮੀ ਕਾਰਗੁਜ਼ਾਰੀ ਦਾ ਭਰਪੂਰ ਫਾਇਦਾ ਲਿਆ ਪਰ ਪਹਿਲਾਂ ਵਾਲੀਆਂ ਲੋਕ ਲੁਭਾਊ ਨੀਤੀਆਂ ਇਸ ਨੂੰ ਸਥਾਈ ਸਰਕਾਰ ਬਣਾਉਣ ਲਈ ਕਾਰਗਰ ਨਹੀਂ ਸਨ ।"

ਪਬਲਿਕ ਸੇਫਟੀ ਐਕਟ ਆਦਿ ਸ਼ਾਮਲ ਹਨ । ਇਹਨਾਂ ਦੇ ਨਾਲ ਨਾਲ ਅਰਧ ਸੈਨਿਕ ਬਲਾਂ ਅਤੇ ਫੌਜ ਦੀ ਨਫਰੀ ਵਿਚ ਵਾਧਾ ਕੀਤਾ ਗਿਆ। ਜੋ ਖ਼ਿੱਤੇ ਭਾਰਤੀ ਰਾਜ ਦੇ ਮੁਤਾਬਿਕ ਸ਼ਾਂਤੀ ਵਾਲੇ ਨਹੀਂ ਸਮਝੇ ਜਾਂਦੇ ਉਹਨਾਂ ਵਿਚ ਫੌਜ ਤਾਇਨਾਤ ਕਰਨੀ ਮਾਮੂਲ ਦੀ ਗੱਲ ਹੈ । ਕਸ਼ਮੀਰ ਅਤੇ ਉਤਰ ਪੂਰਬੀ ਖਿੱਤੇ ਇਸਦੀਆਂ ਦੋ ਉਘੜਵੀਆਂ ਮਿਸਾਲਾਂ ਹਨ । ਭਾਰਤੀ ਰਾਜ ਦੇ ਵਿਰੁੱਧ ਸਮਝੀਆਂ ਜਾਂਦੀਆਂ ਲਹਿਰਾਂ ਜਿਵੇਂ ਕਿ ਨਕਸਲਵਾਦੀ ਲਹਿਰ ਦੇ ਕਾਰਕੁਨਾਂ ਅਤੇ ਹਮਾਇਤੀਆਂ ਨੂੰ ਕਨੂੰਨ ਦੀ ਜ਼ੱਦ ਤੋਂ ਵੀ ਪਾਰ ਜਾ ਕੇ ਮੁਕਾਬਲਿਆਂ ਵਿਚ ਮਾਰਨਾ ਵੀ ਆਮ ਜਿਹੀ ਗੱਲ ਹੀ ਬਣ ਗਈ ਹੈ । ਅਰਧ ਸੈਨਿਕ ਬਲ, ਫੌਜ ਅਤੇ ਜਸੂਸੀ ਦੇ ਮਹਿਕਮਿਆਂ ਦੀ ਬਣਤਰ ਫਿਰਕੂ ਹੈ । ਇਹ ਇਕ ਅਣਲਿਖਿਆ ਨਿਯਮ ਹੀ ਹੈ ਕਿ ਰਾਅ, ਆਈ.ਬੀ., ਸਪੈਸ਼ਲ ਪ੍ਰੋਟੈਕਸ਼ਨ ਗਰੁੱਪ ਆਦਿ ਵਿਚ ਕੋਈ ਵੀ ਮੁਸਲਮਾਨ ਨਹੀਂ ਰੱਖਿਆ ਜਾਂਦਾ ।[38]

## ਭਾਰਤੀ ਰਾਜ, ਇਸ ਦੀ ਕਾਰਗਰਤਾ ਅਤੇ ਫਿਰਕਾ ਪ੍ਰਸਤੀ

ਆਪਣੀ ਸਰਦਾਰੀ ਨੂੰ ਕਾਇਮ ਰੱਖਣ ਲਈ ਜਾਂ ਇਉਂ ਵੀ ਕਿਹਾ ਜਾ ਸਕਦਾ ਹੈ ਕਿ ਆਪਣਾ ਰਾਜ ਚਲਦਾ ਰੱਖਣ ਲਈ ਰਾਜ ਕਰਦੀਆਂ ਧਿਰਾਂ ਵਲੋਂ ਫਿਰਕੂ ਰਾਸ਼ਟਰਵਾਦ ਨੂੰ ਇਕ ਵਾਰ ਫਿਰ ਤੋਂ ਅਗਾੜੀ ਭੂਮਿਕਾ ਵਿਚ ਲੈ ਕੇ ਆਂਦਾ । ਇਹ ਦੂਸਰਾ ਢੰਗ ਸੀ ਜੋ ਰਾਜ ਕਰਦੀਆਂ ਧਿਰਾਂ ਵਲੋਂ ਲੋਕਾਂ ਦਾ ਧਿਆਨ ਆਰਥਿਕਤਾ ਦੇ ਸੰਕਟ ਕਰਕੇ ਉਹਨਾਂ ਦੀਆਂ ਜ਼ਿੰਦਗੀਆਂ ਵਿਚ ਪੈਦਾ ਹੋਏ ਮਸਲਿਆਂ ਤੋਂ ਪਾਸੇ ਕਰਨ ਲਈ ਅਤੇ ਆਪਣੀ ਕਾਰਗਰਤਾ ਬਣਾਈ ਰੱਖਣ ਲਈ ਲਗਭਗ 1980 ਵਿਆਂ ਤੋਂ ਵਰਤਣਾ ਸ਼ੁਰੂ ਕੀਤਾ । ਪ੍ਰਮੁੱਖ ਰਾਜਸੀ ਧਿਰ ਕਾਂਗਰਸ ਵਲੋਂ ਇਸ ਤਰੀਕਾਕਾਰ ਨੂੰ ਅਪਣਾਉਣ ਪਿਛੇ ਹੋਰ ਕੁਝ ਕਾਰਨ ਹੇਠ ਲਿਖੇ ਅਨੁਸਾਰ ਸਨ । ਲਗਭਗ ਸੱਤਰਵਿਆਂ ਤੋਂ ਲੈ ਕੇ ਦੇਸ਼ ਭਰ ਵਿਚ ਖਾਸ ਤੌਰ ’ਤੇ ਨੌਜਵਾਨਾਂ, ਵਿਦਿਆਰਥੀਆਂ, ਮੱਧ ਵਰਗ, ਆਦਿਵਾਸੀਆਂ ਅਤੇ ਹੋਰ ਮਿਹਨਤਕਸ਼ਾਂ ਅੰਦਰ ਅੰਸਤੁਸ਼ਟੀ ਵਧਣ ਕਰਕੇ ਵਿਰੋਧ ਵਧ ਰਿਹਾ ਸੀ । ਕਾਂਗਰਸ ਦੇ ਦੇਸ਼ ਭਗਤੀ ਅਤੇ 'ਗ਼ਰੀਬੀ ਹਟਾਓ' ਵਰਗੇ ਲੋਕ ਲੁਭਾਊ ਨਾਅਰੇ ਵੀ ਆਪਣੀ ਉਮਰ ਲੰਘਾ ਚੁਕੇ ਸਨ । ਬਹੁਗਿਣਤੀ ਪ੍ਰਾਪਤ ਕਰਨ ਵਾਸਤੇ ਕਾਂਗਰਸ ਨੇ ਪਹਿਲਾਂ ਸਮਾਜਿਕ-ਆਰਥਿਕ ਆਧਾਰ 'ਤੇ ਗ਼ਰੀਬਾਂ ਦਾ ਇਕ ਮੁਹਾਜ਼ ਬਣਾਇਆ ਸੀ ਅਤੇ ਜਿਸ ਦੇ ਵਿਚ ਹਰੀਜਨ, ਮੁਸਲਮਾਨ ਅਤੇ ਆਦਿਵਾਸੀ ਸ਼ਾਮਲ ਸਨ । ਇਸ ਆਰਥਕ ਸਮਾਜਕ ਜੁਟ ਨੂੰ ਲੁਭਾਉਣ ਵਾਸਤੇ ਹੀ 'ਗ਼ਰੀਬੀ ਹਟਾਓ' ਦਾ ਨਾਅਰਾ ਦਿਤਾ ਸੀ । ਪਰ ਆਰਥਕ ਅਤੇ ਰਾਜਸੀ ਸੰਕਟ ਕਰਕੇ ਇਹ ਮੁਹਾਜ਼ ਵੀ ਆਪਣੀ ਸ਼ਕਤੀ ਗੁਆ ਚੁੱਕਾ ਸੀ । ਇਸ ਸੰਕਟ ਤੋਂ ਫੌਰੀ ਤੌਰ ਤੇ ਬਚਣ ਲਈ ਹੀ ਐਮਰਜੈਂਸੀ ਲਾਗੂ ਕੀਤੀ ਗਈ ਭਾਵੇਂ ਕਿ ਇਸ ਕਾਰਵਾਈ ਦੇ ਪਿੱਛੇ ਫੌਰੀ ਕਾਰਨ ਅਲਾਹਾਬਾਦ ਹਾਈ ਕੋਰਟ ਵਲੋਂ ਇੰਦਰਾ ਗਾਂਧੀ ਦੀ ਪਾਰਲੀਮੈਂਟ ਮੈਂਬਰ ਵਜੋਂ ਚੋਣ ਨੂੰ ਨਜਾਇਜ਼ ਠਹਿਰਾਉਣਾ ਸੀ । ਲੋਕਾਂ ਖ਼ਾਸ ਤੌਰ 'ਤੇ ਨੌਜਵਾਨਾਂ ਵਿਚਲੇ ਅੰਸਤੋਸ਼ ਦਾ ਫਾਇਦਾ ਜੈ ਪ੍ਰਕਾਸ਼ ਨਰਾਇਣ ਦੁਆਰਾ ਚਲਾਈ ਲਹਿਰ ਨੇ ਖੱਟਿਆ । ਇਸ ਲਹਿਰ ਵਿਚ ਪਹਿਲੀ ਵਾਰ ਵਿਸ਼ਾਲ ਲੋਕਾਈ ਵਿਚ ਆਰ. ਐਸ.ਐਸ. ਨੇ ਕੰਮ ਕੀਤਾ ਅਤੇ ਆਪਣੀ ਵਿਆਪਕ ਪਹਿਚਾਣ ਬਣਾਈ । ਪਰ ਐਮਰਜੈਂਸੀ ਦੌਰਾਨ ਰਾਜ ਦੁਆਰਾ ਆਪਣੀ ਧੌਂਸ ਦੇ ਅਮਲ ਨੇ ਲੋਕਾਂ ਨੂੰ ਰਾਜ ਤੋਂ ਨਿਖੇੜੇ ਦੀ ਹਾਲਤ ਵਿਚ ਸਿੱਟ ਦਿਤਾ ਸੀ । ਸਿੱਟੇ ਵਜੋਂ ਰਾਜ ਅੰਦਰੋਂ ਖੋਖਲਾ ਹੋ ਗਿਆ ਸੀ । ਭਾਵੇਂ ਇੰਦਰਾ ਗਾਂਧੀ ਨੇ ਐਮਰਜੈਂਸੀ ਤੋਂ ਬਾਅਦ ਬਣੀ ਜਨਤਾ ਪਾਰਟੀ ਦੀ ਨਾਅਹਿਲ ਸਰਕਾਰ ਦੀ ਨਿਕੰਮੀ ਕਾਰਗੁਜ਼ਾਰੀ ਦਾ ਭਰਪੂਰ ਫਾਇਦਾ ਲਿਆ ਪਰ ਪਹਿਲਾਂ ਵਾਲੀਆਂ ਲੋਕ ਲੁਭਾਊ ਨੀਤੀਆਂ ਇਸ ਨੂੰ ਸਥਾਈ ਸਰਕਾਰ ਬਣਾਉਣ ਲਈ ਕਾਰਗਰ ਨਹੀਂ ਸਨ । ਇਹੋ ਜਿਹੇ ਮੌਕੇ 'ਤੇ ਇੰਦਰਾ ਗਾਂਧੀ ਨੇ 'ਬਹੁਗਿਣਤੀ ਦੇ ਰਾਸ਼ਟਰਵਾਦ' ਯਾਨੀ ਕਿ ਹਿੰਦੂ ਬਹੁਗਿਣਤੀ ਨੂੰ ਅਪੀਲ ਕਰਨ ਵਾਲੇ ਰਾਸ਼ਟਰਵਾਦ ਨੂੰ ਖਤਰਾ ਦਿਖਾ ਕੇ ਵੋਟਾਂ ਹਾਸਲ ਕਰਨ ਦੀ ਨੀਤੀ ਅਪਣਾਈ । ਪਹਿਲੀ ਵਾਰ ਅਜਿਹੀ ਨੀਤੀ ਉਸ ਨੇ 1983 ਵਿਚ ਜੰਮੂ ਦੇ ਵੋਟਰਾਂ ਨੂੰ ਲੁਭਾਉਣ ਵਾਸਤੇ ਵਰਤੀ । ਸਿੱਧੇ ਪੱਧਰੇ ਰੂਪ ਵਿਚ ਇਹ ਹਿੰਦੂ ਸ਼ਾਵਨਵਾਦ ਨੂੰ ਹਵਾ ਦੇਣ ਦੀ ਨੀਤੀ ਸੀ । ਇਸ ਤੋਂ ਬਾਅਦ ਅਜਿਹੀ ਹੀ ਨੀਤੀ ਦਿੱਲੀ ਦੀ ਅਸੈਂਬਲੀ ਦੀਆਂ ਚੋਣਾ ਵੇਲੇ ਵਰਤੀ ਗਈ । ਦੋਵੇਂ ਵੇਲੇ ਹੀ ਰਾਸ਼ਟਰੀ ਸਵੈ-ਸੇਵਕ ਸੰਘ ਦੇ ਕਾਰਕੁਨਾਂ ਨੇ ਜਾਂ ਤਾਂ ਕਾਂਗਰਸ ਨੂੰ ਵੋਟ ਪਾਏ ਜਾਂ ਫਿਰ ਨਿਰਪੱਖ ਰਹੇ । ਇਹੋ ਨੀਤੀ ਹੀ ਇੰਦਰਾ ਗਾਂਧੀ ਤੋਂ ਪਿਛੋਂ ਰਾਜੀਵ ਗਾਂਧੀ ਨੇ ਜਾਰੀ ਰੱਖੀ । ਇਕ ਪਾਸੇ ਤਾਂ ਰਾਜੀਵ ਗਾਂਧੀ ਦੇ ਵੇਲੇ ਹੀ ਅਯੁਧਿਆ ਵਿਚ ਰਾਮ ਮੰਦਰ ਦਾ ਸ਼ਿਲਾ ਨਿਆਸ ਰੱਖਣ ਦੀ ਆਗਿਆ ਦਿਤੀ ਗਈ। ਆਪਣੀ ਚੋਣ ਮੁਹਿੰਮ ਦਾ ਆਗ਼ਾਜ਼ ਵੀ ਅਯੁੱਧਿਆ ਤੋਂ ਹੀ

ਰਾਮ ਰਾਜ ਬਣਾਉਣ ਦਾ ਸੁਪਨਾ ਦਿਖਾ ਕੇ ਕੀਤਾ। ਦੂਜੇ ਪਾਸੇ ਸ਼ਾਹ ਬਾਨੋ ਦੇ ਬਹੁ-ਚਰਚਿਤ ਕੇਸ ਦੇ ਸੰਬੰਧ ਵਿਚ ਪਾਰਲੀਮੈਂਟ ਤੋਂ ਉਹ ਕਨੂੰਨ ਪਾਸ ਕਰਵਾਇਆ ਜੋ ਕਿ ਇਸਲਾਮ ਵਿਚ ਅੰਧਵਿਸ਼ਵਾਸ਼ੀ ਅਤੇ ਪਿਛਾਖੜੀ ਅਨਸਰਾਂ ਦੀ ਇੱਛਾ ਦੇ ਅਨੁਕੂਲ ਸੀ। ਇੰਦਰਾ ਗਾਂਧੀ ਅਤੇ ਰਾਜੀਵ ਗਾਂਧੀ ਅਤੇ ਬਾਅਦ ਵਿਚ ਬਾਬਰੀ ਮਸਜਿਦ ਦੇ ਢਾਹੁਣ ਦੇ ਵੇਲੇ ਨਰਸਿਮਹਾ ਰਾਓ ਵਲੋਂ ਲਾਗੂ ਕੀਤੀ ਨੀਤੀ ਦੀਆਂ ਜੜ੍ਹਾਂ ਇਸ ਲੇਖ ਵਿਚ ਪਹਿਲਾਂ ਹੀ ਪ੍ਰੀਭਾਸ਼ਤ ਕੀਤੇ ਫਿਰਕੂ ਰਾਸ਼ਟਰਵਾਦ ਵਿਚ ਪਈਆਂ ਸਨ। ਇਹ ਨੀਤੀ 'ਬਹੁਗਿਣਤੀ ਰਾਸ਼ਟਰਵਾਦ' ਦੀ ਸੀ ਜੋ, ਸੁਮਾਂਤਰਾ ਬੋਸ ਦੇ ਅਨੁਸਾਰ, ਇਕ ਅਜਿਹਾ ਰਾਜਨੀਤੀ ਦਰਸ਼ਨ ਅਤੇ ਅਮਲਦਾਰੀ ਦਾ ਪ੍ਰੋਗਰਾਮ ਹੈ ਜਿਹੜਾ ਚੋਣਾਂ ਵਿਚ ਕਾਮਯਾਬੀ ਨੂੰ ਇਕ ਠੋਸ ਬਹੁਗਿਣਤੀ ਭਾਈਚਾਰੇ ਦੇ ਆਧਾਰ 'ਤੇ ਉਸਾਰਨਾ ਚਾਹੁੰਦਾ ਹੈ ਅਤੇ ਜਿਸ ਨੂੰ ਨਸਲ, ਭਾਸ਼ਾ ਜਾਂ ਧਰਮ ਵਰਗੇ ਜੁਜ਼ਾਂ ਰਾਹੀਂ ਹੀ ਪ੍ਰੀਭਾਸ਼ਤ ਕੀਤਾ ਜਾਂਦਾ ਹੈ।[39]

ਇਸੇ ਸਮੇਂ ਦੌਰਾਨ ਹੀ ਭਾਰਤੀ ਰਾਜ ਵਿਵਸਥਾ 'ਤੇ ਆਪਣਾ ਰਾਜ ਕਾਇਮ ਕਰਨ ਲਈ ਇਸੇ ਰਾਜ ਵਿਵਸਥਾ ਦੇ ਅੰਦਰ ਕਾਂਗਰਸ ਦੇ ਸ਼ਰੀਕ ਆਰ. ਐਸ.ਐਸ. ਦੇ ਰਾਜਸੀ ਸੰਗਠਨ ਭਾਰਤੀ ਜਨਤਾ ਪਾਰਟੀ ਨੇ ਵੀ ਅਯੁਧਿਆ ਵਿਚ ਬਾਬਰੀ ਮਸਜਿਦ ਢਾਹ ਕੇ ਰਾਮ ਮੰਦਰ ਬਣਾਉਣ ਦੇ ਪ੍ਰਸ਼ਨ ਤੇ ਆਪਣੀ ਮੁਹਿੰਮ ਤੇਜ਼ ਕਰ ਦਿਤੀ। ਇਸ ਮੁਹਿੰਮ ਵਿਚ ਵਧਵਾਂ ਰੋਲ ਇਸ ਦੇ ਸਹਿਯੋਗੀ ਸੰਗਠਨਾਂ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਬਜਰੰਗ ਦਲ ਨੇ ਅਦਾ ਕੀਤਾ। ਇਸੇ ਫਿਰਕੂ ਮੁਹਿੰਮ ਸਦਕਾ ਹੀ ਭਾਰਤੀ ਜਨਤਾ ਪਾਰਟੀ ਦੀ ਸਾਖ਼ ਦਿਨ-ਬ-ਦਿਨ ਵਧਣ ਲੱਗੀ। ਇਸ ਮੁਹਿੰਮ ਦਾ ਸਿਖਰ 6 ਦਸੰਬਰ 1992 ਨੂੰ ਸੰਘ ਦੇ ਕਾਰ ਸੇਵਕਾਂ ਦੁਆਰਾ ਬਾਬਰੀ ਮਸਜਿਦ ਢਾਹੁਣਾ ਅਤੇ ਬਾਅਦ ਵਿਚ ਉਤਰੀ ਤੇ ਮੱਧ ਭਾਰਤ ਅਤੇ ਮਹਾਰਾਸ਼ਟਰ ਵਿਚ ਵੱਡੀ ਗਿਣਤੀ ਵਿਚ ਮੁਸਲਮਾਨਾਂ ਨੂੰ ਮਾਰਨਾ ਸੀ। ਇਸ ਸਮੇਂ ਦੌਰਾਨ ਕਾਂਗਰਸ ਨੇ ਵੀ ਲੋਕ ਲੁਭਾਉਣੀਆਂ ਅਤੇ ਨਰਮ ਹਿੰਦੂਤਵ ਦੀਆਂ ਨੀਤੀਆਂ ਦਾ ਆਪਸ ਵਿਚਦੀ ਰਲਾਅ ਜਾਰੀ ਰੱਖਿਆ ਪਰ ਸੰਘ ਪਰਵਾਰ ਸ਼ਾਵਨਵਾਦ ਅਤੇ ਫਿਰਕਾਪ੍ਰਸਤੀ ਦੀ ਮੁਕਾਬਲੇਬਾਜ਼ੀ ਵਾਲੀ ਸਿਆਸਤ ਦੀ ਵਰਤੋਂ ਦਾ ਲਾਹਾ ਲੈਣ ਵਿਚ ਜ਼ਿਆਦਾ ਕਾਮਯਾਬ ਰਿਹਾ। ਇਹ ਇਸ ਕਰਕੇ ਵੀ ਹੋਇਆ ਕਿਉਂਕਿ ਕਾਂਗਰਸ ਸਰਕਾਰ ਦਾ ਬਿੰਬ ਇਸ ਦੀ ਨਾਅਹਿਲੀਅਤ ਅਤੇ ਰਿਸ਼ਵਤ ਲੈਣ ਦੇ ਕਈ ਸਕੈਂਡਲਾਂ ਕਰਕੇ ਵੀ ਡਿੱਗ ਰਿਹਾ ਸੀ। ਇਸ ਰਾਜਸੀ ਸੰਕਟ ਦੇ ਨਾਲ ਨਾਲ ਆਰਥਿਕ ਸੰਕਟ ਵੀ ਹੋਰ ਡੂੰਘਾ ਹੁੰਦਾ ਗਿਆ। ਰਾਜਨੀਤੀ ਜਾਤ ਅਤੇ ਧਰਮ ਦੀਆਂ ਪਹਿਚਾਣਾਂ ਦੇ ਆਸਰੇ 'ਤੇ ਉਸਰੇ ਹਮਾਇਤ ਦੇ ਅਧਾਰਾਂ ਉਪਰ ਹੀ ਕੇਂਦਰਤ ਹੋਣ ਲੱਗੀ। ਇਹ ਬਿਲਕੁਲ ਉਸੇ ਤਰ੍ਹਾਂ ਵਾਪਰਿਆ ਜਿਵੇਂ ਕਿ ਆਇਰਲੈਂਡ ਅਤੇ ਇਜ਼ਰਾਈਲ ਵਿਚ ਵਾਪਰਿਆ ਸੀ। ਪੈਰੀ ਐਂਡਰਸਨ ਦੇ ਅਨੁਸਾਰ ਇਹਨਾਂ ਤਿੰਨਾਂ ਮੁਲਕਾਂ ਆਇਰਲੈਂਡ, ਇਜ਼ਰਾਈਲ ਅਤੇ ਭਾਰਤ ਵਿਚ ਪਹਿਲਾਂ ਪਹਿਲਾਂ ਤਿੰਨ ਰਾਜ ਕਰਦੀਆਂ ਰਾਜਸੀ ਪਾਰਟੀਆਂ ਯਾਨੀ ਕਿ ਫਾਈਨ ਗਾਇਲ, ਮਪਾਈ ਅਤੇ ਕਾਂਗਰਸ ਨੇ ਆਪਣੇ ਆਪ ਨੂੰ ਧਾਰਮਕ ਪਹਿਚਾਣ ਦੀ ਉਸ ਰਾਜਨੀਤੀ ਤੋਂ ਦੂਰ ਕਰਨ ਦੀ ਕੋਸ਼ਿਸ਼ ਕੀਤੀ ਜੋ ਕਿ ਕਿਸੇ ਹੱਦ ਤਕ ਇਹਨਾਂ ਵਿਚ ਸਮਾਈ ਹੋਈ ਸੀ। ਪਰ ਇਹਨਾਂ ਪਾਰਟੀਆਂ ਨੇ ਕਦੇ ਵੀ ਇਸ ਰਾਜਨੀਤੀ ਨੂੰ ਸਾਹਮਣਿਓਂ ਟੱਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਜਿਵੇਂ ਜਿਵੇਂ ਇਹਨਾਂ ਪਾਰਟੀਆਂ ਦੀ ਚਮਕ ਘਟਦੀ ਗਈ ਤਿਵੇਂ ਤਿਵੇਂ ਹੀ ਧਾਰਮਕ ਪਹਿਚਾਣ ਵਾਲੀ ਰਾਜਨੀਤੀ ਪ੍ਰਤੱਖ ਰੂਪ ਵਿਚ ਜ਼ੋਰ ਫੜਦੀ ਗਈ। ਇਸੇ ਕਰਕੇ ਇਹਨਾਂ ਤਿੰਨਾਂ ਦੇਸ਼ਾਂ ਵਿਚ ਤਰਤੀਬਵਾਰ ਫਿਆਨਾ ਫੇਲ, ਲਿਕੁਡ ਅਤੇ ਭਾਰਤੀ ਜਨਤਾ ਪਾਰਟੀ ਦੀ ਚੜ੍ਹਤ ਹੁੰਦੀ ਗਈ।[40] ਅੰਤ ਨੂੰ ਭਾਰਤੀ ਜਨਤਾ ਪਾਰਟੀ 2014 ਵਿਚ ਆਪਣੀ ਬਹੁਗਿਣਤੀ ਵਾਲੀ ਸਰਕਾਰ ਬਣਾਉਣ ਵਿਚ ਕਾਮਯਾਬ ਹੋ ਗਈ।

## ਸਾਮਰਾਜ ਵਿਰੋਧੀ ਅਤੇ ਧਰਮ ਨਿਰਪੱਖ ਰਾਸ਼ਟਰਵਾਦ

ਫਿਰਕਾਪ੍ਰਸਤੀ ਅਤੇ ਰਾਸ਼ਟਰਵਾਦ ਦੀ ਅੰਤਰ ਸੰਬੰਧਤਾ ਬਾਰੇ ਕੀਤੀ ਉਪਰੋਕਤ ਸੰਖੇਪ ਜਿਹੀ ਚਰਚਾ ਤੋਂ ਇਕ ਪ੍ਰਸ਼ਨ ਸਹਿਜੇ ਹੀ ਮਨ ਵਿਚ ਪੈਦਾ ਹੋ ਸਕਦਾ ਹੈ ਕਿ ਕੀ ਭਾਰਤ ਵਿਚ ਅਜਿਹੇ ਰਾਸ਼ਟਰਵਾਦ ਤੋਂ ਬਗ਼ੈਰ ਵੀ ਕੋਈ ਰਾਸ਼ਟਰਵਾਦੀ ਸੰਕਲਪ ਸੀ ? ਭਾਰਤ ਦੇ ਇਤਿਹਾਸ ਦੇ ਸੰਦਰਭ ਵਿਚ ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਇਥੇ ਰਾਸ਼ਟਰਵਾਦ ਦੀ ਉਤਪਤੀ ਅਤੇ ਵਿਕਾਸ ਬਸਤੀਵਾਦੀ ਰਾਜ ਸਥਾਪਤ ਹੋਣ ਤੋਂ ਪਿੱਛੋਂ ਹੀ ਹੋਇਆ। ਇਸ ਕਰਕੇ ਇਸ ਰਾਸ਼ਟਰਵਾਦ ਦਾ ਬੁਨਿਆਦੀ ਵਿਰੋਧ ਸਾਮਰਾਜਵਾਦ ਨਾਲ ਹੋਣਾ ਲਾਜ਼ਮੀ ਸੀ ਪਰ ਮੁੱਖਧਾਰਾ ਦਾ ਰਾਸ਼ਟਰਵਾਦ ਇਕ ਪਾਸੇ ਤਾਂ ਧਾਰਮਕ ਪਹਿਚਾਣਾਂ ਖਾਸ ਕਰਕੇ ਹਿੰਦੂ ਧਰਮ ਦੀ ਬਣਾਈ ਪਹਿਚਾਣ ਦੀ ਪਿੱਠ ਭੂਮੀ ਵਿਚੋਂ ਪੈਦਾ ਹੋਇਆ ਤਾਂ ਦੂਜੇ ਪਾਸੇ ਇਸ ਨੇ ਸਾਮਰਾਜਵਾਦ ਦੇ ਖ਼ਿਲਾਫ ਫੈਸਲਾਕੁੰਨ ਸੰਘਰਸ਼ ਤੋਂ ਹਮੇਸ਼ਾ ਹੀ ਪਾਸਾ ਵੱਟਿਆ ਹੈ। ਇਸ ਸੰਦਰਭ ਵਿਚ ਰਾਸ਼ਟਰਵਾਦ ਦੀਆਂ ਦੋ ਧਾਰਾਵਾਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ ਜੋ ਕਿ ਉਨੀਵੀਂ ਸਦੀ ਦੇ ਅਖੀਰ ਵਿਚ ਪੈਦਾ ਹੋਈਆਂ। ਇਹਨਾਂ ਵਿਚੋਂ ਇਕ ਉਤਰ ਪੱਛਮੀ ਸੂਬਿਆਂ ਵਿਚ ਪੈਦਾ ਹੋਈ ਜਿਸ ਵਿਚ ਮੁੱਖ ਬੌਧਿਕ ਰੋਲ ਅਦਾਅ ਕਰਨ ਵਾਲਿਆਂ ਵਿਚ ਹਿੰਦੀ ਦੇ ਆਧੁਨਿਕ ਗਦ ਦੇ ਪਿਤਾਮਾ ਹਰੀਸ਼ਚੰਦਰ ਭਾਰਤੇਂਦੂ ਸਨ। ਇਹਨਾਂ ਦੇ ਨਾਲ ਹਿੰਦੀ ਨੂੰ ਸਰਕਾਰੀ ਭਾਸ਼ਾ ਦੇ ਤੌਰ 'ਤੇ ਲਾਗੂ ਕਰਵਾਉਣ ਵਾਲੀ ਮੁਹਿੰਮ ਨੂੰ ਚਲਾਉਣ ਵਾਲੇ ਅਤੇ 1892 ਵਿਚ ਸਥਾਪਤ ਨਾਗਰੀ ਪ੍ਰਚਾਰਣੀ ਸਭਾ ਦੇ ਹੋਰ ਮੈਂਬਰ ਜਿਵੇਂ ਕਿ ਪ੍ਰਤਾਪ ਨਰਾਇਣ ਮਿਸ਼ਰਾ, ਚੌਧਰੀ ਬਦਰੀਨਰਾਇਣ ਉਪਾਧਿਆਏ ਪ੍ਰੇਮਘਨ, ਰਾਮਧਨ ਗੋਕਲ ਆਦਿ ਵਰਗੇ ਵਿਦਵਾਨ ਸ਼ਾਮਲ ਸਨ। ਇਹਨਾਂ ਦੁਆਰਾ ਪ੍ਰਚਾਰਿਆ ਰਾਸ਼ਟਰਵਾਦ ਆਪਣੇ ਹੀ ਵਿਰੋਧਾਭਾਸ ਨਾਲ ਭਰਿਆ ਹੋਇਆ ਸੀ। ਇਹ ਵਿਦਵਾਨ ਜੇਕਰ ਇਕ ਪਾਸੇ ਆਧੁਨਿਕਤਾ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਸਨ

ਤਾਂ ਦੂਜੇ ਪਾਸੇ ਅੰਗਰੇਜ਼ ਸਰਕਾਰ ਪ੍ਰਤੀ ਵਫ਼ਾਦਾਰੀ ਦਾ ਦਮ ਵੀ ਭਰਦੇ ਸਨ। ਇਹਨਾਂ ਦੀ ਆਧੁਨਿਕਤਾ ਪੱਛਮ ਵਿਚ ਹੋਈ ਵਿਗਿਆਨ ਅਤੇ ਤਕਨਾਲੋਜੀ ਦੀ ਤਰੱਕੀ ਵੇਖ ਕੇ ਚਕਾਚੌਂਧ ਹੋਣ ਵਾਲੀ ਸੀ । ਭਾਰਤ ਅੰਦਰਲੇ ਹਾਲਾਤ ਨੂੰ ਇਹਨਾਂ ਨੇ ਪੱਛਮ ਵਿਚਲੀ ਤਰੱਕੀ ਦੀ ਤੁਲਨਾ ਵਿਚ ਹੀ ਦੇਖਿਆ । ਦੂਸਰੇ ਪਾਸੇ ਭਾਰਤ ਦੀ, ਉਹਨਾਂ ਮੁਤਾਬਿਕ, ਪ੍ਰਾਚੀਨ ਸਭਿਅਤਾ ਵਿਚਲੇ ਭਾਰੂ ਅਧਿਆਤਮਕ ਅੰਸ਼ ਦੇ ਮੁਕਾਬਲੇ ਵਿਚ ਭੌਤਿਕ ਤਰੱਕੀ ਦੌੜ ਭੱਜ ਵਾਲੇ ਮੁਕਾਬਲੇ ਨੂੰ ਹੀ ਜਨਮ ਦਿੰਦੀ ਹੈ। ਪੱਛਮੀ ਮੁਲਕਾਂ ਨੂੰ ਦੌੜ ਵਿਚ ਸ਼ਾਮਲ ਘੋੜਿਆਂ ਨਾਲ ਤਸ਼ਬੀਹ ਦੇ ਕੇ ਇਹਨਾਂ ਵਿਦਵਾਨਾਂ ਨੇ ਆਪਣੇ ਵਰਤਮਾਨ ਦੇ ਯੁੱਗ ਨੂੰ ਸਿਰਫ਼ ਵਣਜ ਅਤੇ ਵਪਾਰ ਦੇ ਚੌਖਟੇ ਵਿਚ ਰੱਖ ਕੇ ਹੀ ਪਰਖਿਆ ਅਤੇ ਇਸ ਤਰ੍ਹਾਂ ਇਸ ਪ੍ਰਤੀ ਕੋਈ ਹਾਂ ਪੱਖੀ ਰਵੱਈਆ ਨਹੀਂ ਅਪਣਾਇਆ । ਇਹ ਵਿਦਵਾਨ ਦਾਦਾ ਭਾਈ ਨਾਰੋਜੀ ਦੀਆਂ ਉਦਾਰਵਾਦੀ ਵਿਚਾਰਧਾਰਕ ਢਾਂਚੇ ਅੰਦਰ ਸਾਮਰਾਜੀ ਰਾਜ ਰਾਹੀਂ ਭਾਰਤ ਦੀ ਦੌਲਤ ਨੂੰ ਲੁੱਟ ਕੇ ਬਾਹਰ ਲਿਜਾਣ ਬਾਰੇ ਲਿਖੀਆਂ ਲਿਖਤਾਂ ਤੋਂ ਵੀ ਜਾਣੂ ਸਨ । ਇਸ ਕਰਕੇ ਭਾਰਤੀ ਆਰਥਿਕਤਾ ਦੇ ਇਸ ਪਹਿਲੂ ਨੂੰ ਆਪਣੀਆਂ ਲਿਖਤਾਂ ਵਿਚ ਉਜਾਗਰ ਵੀ ਕਰਦੇ ਸਨ। ਪਰ ਇਹਨਾਂ ਦਾ ਰਾਸ਼ਟਰਵਾਦ ਬਸਤੀਵਾਦੀ ਰਾਜ ਦੇ ਢਾਂਚੇ ਤੋਂ ਬਾਹਰ ਨਹੀਂ ਜਾਂਦਾ ਸੀ। ਹਰੀਸ਼ਚੰਦਰ ਭਾਰਤੇਂਦੂ ਤਾਂ ਵੈਸ਼ਨਵਾਂ, ਸ਼ਿਵ ਭਗਤਾਂ, ਸਿੱਖਾਂ, ਬ੍ਰਹਮੋ ਸਮਾਜੀਆਂ, ਆਰੀਆ ਸਮਾਜੀਆਂ ਆਦਿ ਨੂੰ ਆਪਣੇ 'ਕੁਦਰਤੀ' ਧਰਮ ਹਿੰਦੂ ਧਰਮ ਦੀ ਛੱਤਰਛਾਇਆ ਵਿਚ ਇਕ ਹੋਣ ਲਈ ਇਸ ਕਰਕੇ ਪ੍ਰੇਰਦਾ ਹੈ ਤਾਂ ਕਿ ਹਿੰਦੂ ਸਮਾਜ ਸਰਕਾਰੀ ਨੌਕਰੀਆਂ, ਆਰਥਕ ਸ੍ਰੋਤਾਂ ਅਤੇ ਰਾਜਸੀ ਸ਼ਕਤੀ ਉਪਰ ਮੁਸਲਮਾਨਾਂ ਅਤੇ ਈਸਾਈਆਂ ਵਰਗੇ ਧਾਰਮਕ ਭਾਈਚਾਰਿਆਂ ਦੇ ਮੁਕਾਬਲੇ ਵੱਧ ਕਾਬਜ਼ ਹੋ ਸਕੇ । ਭਾਰਤ ਅੰਦਰ ਉਭਰ ਰਹੇ ਰਾਸ਼ਟਰਵਾਦ ਦਾ ਇਹ ਪਾਸਾ ਬਰਤਾਨਵੀ ਰਾਜ ਦੁਆਰਾ ਭਾਰਤ ਦੀ ਕੀਤੀ ਜਾਂਦੀ ਲੁੱਟ ਪ੍ਰਤੀ ਕਿਸੇ ਹੱਦ ਤੱਕ ਜਾਗਰੂਕ ਹੋ ਕੇ ਵੀ ਇਸੇ ਰਾਜ ਪ੍ਰਤੀ ਵਫ਼ਾਦਾਰੀ ਅਤੇ ਮੁਸਲਿਮ ਵਿਰੋਧ ਤੋਂ ਉਪਰ ਨਹੀਂ ਉਠ ਸਕਿਆ । ਇਸ ਦੀ ਆਧੁਨਿਕਤਾ ਦਾ ਪ੍ਰਾਜੈਕਟ ਵੀ 'ਸੰਪਤੀ ਸ਼ਾਸਤਰ' ਵਰਗੀਆਂ ਲਿਖਤਾਂ ਕਰਕੇ ਰਾਜਨੀਤਕ ਆਰਥਿਕਤਾ ਨੂੰ ਇਕ ਵੱਖਰੇ ਅਨੁਸਾਸ਼ਨ ਵਜੋਂ ਪਛਾਣਨ ਤੋਂ ਅੱਗੇ ਨਹੀਂ ਜਾ ਸਕਿਆ । ਅਜਿਹਾ ਰਾਸ਼ਟਰਵਾਦ, ਜੋ ਕਿ ਸਾਮਰਾਜਵਾਦ ਦੇ ਵਿਰੋਧ ਦੇ ਰਾਹ ਪੈ ਸਕੇ ਅਤੇ ਇਸੇ ਕਰਕੇ ਜਮਹੂਰੀ ਤੇ ਧਰਮ ਨਿਰਪੱਖ ਹੋਵੇ, ਅਜੇ ਇਸ ਤੋਂ ਦੂਰ ਦੀ ਗੱਲ ਸੀ।

ਉਨੀਵੀਂ ਸਦੀ ਦੇ ਅਖੀਰ ਵਿਚ ਹੀ ਬੰਕਿਮ ਚੰਦਰ ਚਟੋਪਾਧਿਆਇ ਨੇ ਆਪਣੇ ਮਸ਼ਹੂਰ ਗੀਤ 'ਬੰਦੇ ਮਾਤਰਮ' ਵਿਚ ਭਾਰਤ ਮਾਤਾ ਨੂੰ ਦੁਰਗਾ ਮਾਤਾ ਦੇ ਰੂਪ ਵਿਚ ਦੇਖਿਆ, ਜਿਵੇਂ ਕਿ ਇਸ ਲੇਖ ਵਿਚ ਪਹਿਲਾਂ ਵੀ ਸੰਖੇਪ ਜਿਹਾ ਜ਼ਿਕਰ ਕੀਤਾ ਜਾ ਚੁੱਕਿਆ ਹੈ ਕਿ ਬੰਕਿਮ ਚੰਦਰ ਦੇ ਨਾਵਲ 'ਆਨੰਦ ਮੱਠ' ਵਿਚ ਦੁਸ਼ਮਣ ਦੇ ਸਥਾਨ 'ਤੇ ਬਰਤਾਨਵੀ ਹਾਕਮ ਨਾ ਹੋ ਕੇ ਮੁਸਲਮਾਨ ਸਨ । ਪਰ ਇਹ ਵੀ ਇਕ ਸਚਾਈ ਹੈ ਕਿ ਰਾਸ਼ਟਰ ਦੇ ਵਾਸਤੇ 'ਮਾਤਾ' ਵਰਗੇ ਚਿਹਨ ਦੀ ਵਰਤੋਂ ਆਪਣੇ ਆਪ ਵਿਚ ਹੀ ਫਿਰਕੂ ਨਹੀਂ ਸੀ । ਭਾਵੇਂ ਕਿ ਬਹੁਤ ਸਾਰੇ ਬੰਗਾਲੀ ਵਿਦਵਾਨਾਂ, ਸਾਹਿਤਕਾਰਾਂ ਅਤੇ ਦੇਸ਼ ਭਗਤਾਂ ਨੇ ਰਾਸ਼ਟਰ ਨੂੰ ਮਾਤਾ ਦੇ ਰੂਪ ਵਿਚ ਤਸੱਵੁਰ ਕੀਤਾ ਪਰ ਉਹਨਾਂ ਦੀ ਨਜ਼ਰ ਵਿਚ 'ਦੇਸ਼ ਮਾਤਾ' ਜਾਂ ਭਾਰਤ ਮਾਤਾ ਆਪਣੀ ਮਾਤਾ ਦੇ ਵਾਂਗ ਹੀ ਅਸਲੀ ਸੀ ਜੋ ਕਿ ਜਨਣੀ ਹੈ ਅਤੇ ਬੱਚਿਆਂ ਦੇ ਪਾਲਣ ਪੋਸ਼ਣ ਅਤੇ ਵਧਣ ਫੁਲਣ ਪਿਛੇ ਅਸਲੀ ਸ਼ਕਤੀ ਹੈ । ਬਿਪਨ ਚੰਦਰ ਪਾਲ ਲਈ ਮਾਤਾ ਦਾ ਇਹ ਸੰਕਲਪ ਨਿਰੋਲ ਅਧਿਆਤਮਕ ਨਹੀਂ ਸੀ। ਉਸ ਲਈ ਮਾਤਾ ਦਾ ਇਹ ਸੰਕਲਪ ਸਾਂਖ ਦਰਸ਼ਨ ਵਿਚ ਪ੍ਰਾਕਿਰਤੀ ਦੇ ਸੰਕਲਪ ਨਾਲ ਮੇਲ ਖਾਂਦਾ ਸੀ । ਇਸ ਦਰਸ਼ਨ ਦੇ ਅਨੁਸਾਰ ਪ੍ਰਾਕਿਰਤੀ ਹੀ ਇਸ ਸੰਸਾਰ ਅਤੇ ਇਥੇ ਰਹਿੰਦੇ ਜੀਵਾਂ ਦੀ ਜ਼ਿੰਦਗੀ ਅਤੇ ਇਸ ਸੰਸਾਰ ਦੀ ਪ੍ਰਗਤੀ ਪਿੱਛੇ ਕੰਮ ਕਰਦੀ ਪਦਾਰਥਕ ਸ਼ਕਤੀ ਹੈ। ਇਹ ਤੱਥ ਵੀ ਮਹੱਤਵਪੂਰਨ ਹੈ ਕਿ ਸਾਂਖ ਦਰਸ਼ਨ ਵੇਦਾਂਤ ਤੋਂ ਪਹਿਲੇ ਸਮਿਆਂ ਵਿਚ ਹੋਂਦ ਵਿਚ ਆਇਆ ਸੀ। ਇਸ ਕਰਕੇ 'ਮਾਤਾ' ਦੇ ਸੰਕਲਪ ਦੀ ਇਹ ਵਿਆਖਿਆ ਇਸ ਨੂੰ ਬ੍ਰਾਹਮਣਵਾਦ ਦੇ ਵਿਚਾਰਧਾਰਕ ਚੌਖਟੇ ਦਾ ਹਿੱਸਾ ਨਹੀਂ ਰਹਿਣ ਦਿੰਦੀ । ਇਸੇ ਤਰ੍ਹਾਂ ਰਜਨੀਕਾਂਤ ਸੇਨ ਦੀਆਂ ਸਵਦੇਸ਼ੀ ਲਹਿਰ ਦੇ ਸਮੇਂ ਦੀਆਂ ਲਿਖੀਆਂ ਕਵਿਤਾਵਾਂ ਵਿਚ ਵੀ ਮਾਤਾ ਨੂੰ ਆਮ ਲੋਕਾਂ ਵਾਸਤੇ ਮੋਟਾ ਚਾਵਲ ਵਰਗੀ ਆਮ ਖ਼ੁਰਾਕ ਅਤੇ ਮੋਟਾ ਕਪੜਾ ਮੁਹੱਈਆ ਕਰਵਾਉਣ ਵਾਲੀ ਇਕੋ ਇਕ ਸ਼ਕਤੀ ਦੇ ਰੂਪ ਵਿਚ ਦੇਖਿਆ ਗਿਆ ਹੈ ।[42] ਇਹਨਾਂ ਗੀਤਾਂ ਵਿਚ ਬਦੇਸ਼ੀਆਂ ਯਾਨੀ ਸਾਮਰਾਜਵਾਦੀਆਂ ਨੂੰ ਮਾਂ ਦੇ ਦੁਧ ਯਾਨੀ ਉਸ ਦੀ ਜੀਵਨ ਨੂੰ ਜ਼ਿੰਦਾ ਰੱਖਣ ਵਾਲੀ ਸ਼ਕਤੀ ਨੂੰ ਲੁੱਟ ਕੇ ਲਿਜਾਂਦੇ ਦਿਖਾਇਆ ਗਿਆ ਹੈ। ਮਾਤਾ ਬਾਰੇ ਅਜਿਹੀ ਸੰਕਲਪਾਤਮਕ ਸਮਝ ਇਸ ਨੂੰ ਧਰਮਾਂ ਦੀਆਂ ਵਲਗਣਾਂ ਤੋਂ ਉਪਰ ਲੈ ਜਾਂਦੀ ਹੈ। 1930 ਵਿਚ ਕਲਕੱਤਾ ਵਿਖੇ ਰਾਈਟਰਜ਼ ਬਿਲਡਿੰਗ 'ਤੇ ਹਮਲਾ ਕਰਨ ਵਾਲੇ ਇਕ ਦੇਸ਼ ਭਗਤ ਦਿਨੇਸ਼ ਗੁਪਤਾ ਨੇ ਫਾਂਸੀ ਲੱਗਣ ਤੋਂ ਪਹਿਲਾਂ ਆਪਣੀ ਬੌਦੀ (ਭਾਬੀ ਲਈ ਬੰਗਾਲੀ ਸ਼ਬਦ) ਨੂੰ ਇਕ ਖ਼ਤ ਵਿਚ ਹਰ ਇਕ ਧਰਮ ਯਾਨੀ ਹਿੰਦੂ, ਇਸਲਾਮ ਅਤੇ ਈਸਾਈਅਤ ਦਾ ਹਵਾਲਾ ਦੇ ਕੇ ਲਿਖਿਆ ਸੀ ਕਿ ਫਾਂਸੀ ਤੋਂ ਬਾਅਦ ਉਹ ਅਮਰ ਹੋ ਜਾਵੇਗਾ। ਉਸ ਨੇ ਇਹ ਵੀ ਲਿਖਿਆ ਸੀ ਕਿ ਉਹ ਅਜਿਹੇ ਧਰਮਾਂ ਦੇ ਚਿਹਰਿਆਂ ਨੂੰ ਅੱਗ ਨਾਲ ਲੂਹ ਦੇਵੇਗਾ ਜੋ ਕਿ ਇਕ ਛੋਟੀ ਜਿਹੀ ਗਾਂ ਜਾਂ ਢੋਲ ਢਮੱਕੇ ਵਾਲਾ ਸੰਗੀਤ ਵਜਾਉਣ ਕਰਕੇ ਲੋਕਾਂ ਨੂੰ ਆਪਸ ਵਿਚ ਮਾਰ ਮੁਕਾਉਣ ਲਈ ਉਕਸਾਉਂਦੇ ਹੋਣ । ਉਸ ਨੇ ਆਪਣੀ ਮਾਂ ਨੂੰ ਪੂਰੇ ਭਾਰਤ ਦੀ ਮਾਂ ਦਾ ਦਰਜਾ ਦੇਣ ਤੋਂ ਬਾਅਦ ਫਾਂਸੀ ਦਾ ਰੱਸਾ ਆਪਣੇ ਗਲ ਵਿਚ ਹਾਰ ਵਾਂਗ ਪੁਆ ਲਿਆ ਸੀ।[43] ਮਾਤਾ ਦਾ ਧਰਮਾਂ ਦੀਆਂ ਠੋਸ ਪਹਿਚਾਣਾਂ ਤੋਂ ਉਪਰ ਉਠਿਆ ਹੋਇਆ ਅਜਿਹਾ ਚਿਹਨਾਤਮਕ ਸੰਕਲਪ ਹੀ ਬੰਗਾਲ ਦੇ ਸੰਸਾਰ ਪ੍ਰਸਿੱਧ ਕਵੀ ਕਾਜ਼ੀ ਨਜ਼ਰੁਲ ਇਸਲਾਮ ਨੇ ਆਪਣੀਆਂ ਕਵਿਤਾਵਾਂ ਵਿਚ ਵਰਤਿਆ ਸੀ। ਆਪਣੇ ਇਕ ਬਹੁਤ ਹੀ ਮਕਬੂਲ ਗੀਤ ਵਿਚ ਉਸ ਨੇ ਇਕ ਰਾਸ਼ਟਰਵਾਦੀ ਨੇਤਾ ਨੂੰ ਇਕ ਡੁੱਬ ਰਹੇ ਸਮੁੰਦਰੀ ਜਹਾਜ਼ ਦਾ ਕੈਪਟਨ ਤਸੱਵੁਰ ਕਰਕੇ, ਉਸ ਨੂੰ ਆਪਣੇ ਦੇਸ਼ ਜਾਂ ਧਾਰਮਕ ਭਾਈਚਾਰੇ ਨੂੰ ਬਚਾਉਣ ਦਾ ਚੈਲਿੰਜ ਕਬੂਲ

ਕਰਨ ਲਈ ਭਾਵਨਾਤਮਕ ਸੱਦਾ ਇਸ ਕਰਕੇ ਦਿਤਾ ਸੀ ਕਿਉਂਕਿ ਡੁੱਬ ਰਹੇ ਸਾਰੇ ਮੁਸਾਫਿਰ/ਦੇਸ਼ਵਾਸੀ ਮਾਤਾ ਦੀ ਹੀ ਉਲਾਦ ਸਨ ।[44] ਇਥੇ ਇਹ ਕੁੱਝ ਉਦਹਾਰਣਾਂ ਦੇਣ ਦਾ ਮਕਸਦ ਇਹੀ ਹੈ ਕਿ ਰਾਸ਼ਟਰ ਨੂੰ ਮਾਤਾ ਦੇ ਤੌਰ 'ਤੇ ਪੇਸ਼ ਕਰਨ ਪਿਛੇ ਕਾਰਨ ਹਰ ਵਾਰੀ ਹਿੰਦੂ ਧਰਮ ਦੀ ਪਹਿਚਾਣ ਅਤੇ ਰਾਸ਼ਟਰ ਦੀ ਇਕਮਿਕਤਾ ਦਿਖਾਉਣਾ ਨਹੀਂ ਸੀ । ਬੰਕਿਮ ਆਦਿ ਦੇ ਸੰਕਲਪਾਤਮਕ ਚੌਖਟੇ ਦੇ ਸਮਾਂਤਰ ਰਾਸ਼ਟਰਵਾਦ ਦੀ ਇਕ ਅਜਿਹੀ ਲਹਿਰ ਵੀ ਵਿਕਸਤ ਹੋ ਰਹੀ ਸੀ ਜੋ ਕਿ ਆਪਣੇ ਖਾਸੇ ਵਜੋਂ ਸਾਮਰਾਜ ਵਿਰੋਧੀ ਸੀ ।

ਅਜਿਹੀ ਹੀ ਰਾਸ਼ਟਰਵਾਦੀ ਸਮਝ ਨੂੰ ਵਿਚਾਰਧਾਰਕ ਤੌਰ 'ਤੇ ਹੋਰ ਪਰਪੱਕ ਕਰਦੀ ਇਕ ਹੋਰ ਲਹਿਰ ਗ਼ਦਰ ਪਾਰਟੀ ਦੀ ਅਗਵਾਈ ਵਿਚ ਉਠੀ ਜਿਸ ਦਾ ਗਠਨ 1913 ਵਿਚ ਸਾਨ ਫਰਾਂਸਿਸਕੋ ਵਿਖੇ ਕੀਤਾ ਗਿਆ ।ਗ਼ਦਰ ਪਾਰਟੀ ਦੀਆਂ ਲਿਖਤਾਂ ਅਤੇ ਗਤੀਵਿਧੀਆਂ ਵਿਚ ਯੋਜਨਾਬੱਧ ਢੰਗ ਨਾਲ ਅੰਗਰੇਜ਼ੀ ਸਾਮਰਾਜ ਵਲੋਂ ਹਿੰਦੁਸਤਾਨੀ ਲੋਕਾਂ ਦੀ ਕੀਤੀ ਜਾਂਦੀ ਲੁੱਟ ਦਾ ਜ਼ਿਕਰ ਹੁੰਦਾ ਹੈ । ਇਹਨਾਂ ਲਿਖਤਾਂ ਵਿਚ ਇਸ ਲੁੱਟ ਤੋਂ ਨਿਜਾਤ ਹਾਸਲ ਕਰਨ ਲਈ ਹੀ ਆਜ਼ਾਦੀ ਦੇ ਸੰਘਰਸ਼ ਉਪਰ ਜ਼ੋਰ ਦਿਤਾ ਗਿਆ । ਸਾਮਰਾਜ ਦੁਆਰਾ ਕੀਤੀ ਜਾਂਦੀ ਲੁੱਟ ਅਤੇ ਇਸ ਨੂੰ ਜੜ੍ਹੋਂ ਪੁੱਟਣ ਲਈ ਉਲੀਕੇ ਸਾਮਰਾਜ ਵਿਰੋਧੀ ਸੰਘਰਸ਼ ਦਾ ਇਕ ਜ਼ਰੂਰੀ ਅੰਗ ਇਸ ਦਾ ਧਰਮ ਨਿਰਪੱਖ ਹੋਣਾ ਸੀ । ਇਸੇ ਕਰਕੇ ਗ਼ਦਰ ਲਹਿਰ ਦੀਆਂ ਲਿਖਤਾਂ ਵਿਚ ਧਾਰਮਕ ਪਹਿਚਾਣਾਂ ਦੇ ਫਿਰਕੂ ਵਿਰੋਧਾਂ ਦੇ ਖ਼ਿਲਾਫ਼ ਆਵਾਜ਼ ਉਠਾ ਕੇ ਲੋਕਾਂ ਦੀ ਖਰੀ ਏਕਤਾ ਉਪਰ ਜ਼ੋਰ ਦਿੱਤਾ ਗਿਆ ਹੈ । ਗ਼ਦਰ ਲਹਿਰ ਦੇ ਸਾਹਿਤ ਦੀ ਭਾਸ਼ਾ ਧਾਰਮਕ ਪਹਿਚਾਣਾਂ ਉਪਰ ਅਧਾਰਤ ਫਿਰਕੂ ਭਾਸ਼ਾ ਤੋਂ ਬਿਲਕੁਲ ਵੱਖਰੀ ਹੈ। ਇਸੇ ਸਾਮਰਾਜ ਵਿਰੋਧੀ ਵਿਚਾਰਾਂ ਵਾਲੀਆਂ ਲਿਖਤਾਂ ਅਤੇ ਇਹਨਾਂ ਦੇ ਆਧਾਰ 'ਤੇ ਸ਼ੁਰੂ ਕੀਤੀ ਲਹਿਰ ਦੀ ਵਿਕਸਤ ਪਰਤ ਸਾਨੂੰ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੀਆਂ ਲਿਖਤਾਂ ਵਿਚ ਮਿਲਦੀ ਹੈ । ਇਹਨਾਂ ਵਿਚ ਸਾਮਰਾਜਵਾਦ ਦੇ ਵਿਰੋਧ ਨੂੰ ਭਾਰਤ ਦੇ ਮਿਹਨਤਕਸ਼ ਲੋਕਾਂ ਦੇ ਜਮਾਤੀ ਨਜ਼ਰੀਏ ਤੋਂ ਵੇਖਿਆ ਗਿਆ । ਸਾਮਰਾਜ ਦਾ ਵਿਰੋਧ ਮਿਹਨਤਕਸ਼ ਲੋਕਾਂ ਦੁਆਰਾ ਪੂਰੇ ਸਮਾਜ ਨੂੰ ਬਦਲਣ ਦਾ ਪ੍ਰਾਜੈਕਟ ਬਣ ਗਿਆ । ਇਸ ਕਰਕੇ ਇਹਦਾ ਬੁਨਿਆਦੀ ਸੁਭਾਅ ਲੁੱਟਣ ਵਾਲੇ ਅਤੇ ਲੁਟੀਂਦੇ ਲੋਕਾਂ ਵਿਚਕਾਰ ਜਮਾਤੀ ਸੰਘਰਸ਼ ਦੇ ਦੁਆਲੇ ਕੇਂਦ੍ਰਿਤ ਹੋ ਗਿਆ । ਇਸ ਦਾ ਪ੍ਰਵਚਨ ਬ੍ਰਾਹਮਣਵਾਦੀ ਸੋਚ ਦੀ ਬਜਾਏ ਦਲਿਤ ਅਤੇ ਨਿਮਨ ਲੋਕਾਂ ਨਾਲ ਸੰਬੰਧਤ ਸੀ । ਧਾਰਮਕ ਪਹਿਚਾਣਾਂ ਵਾਲੇ ਰਾਸ਼ਟਰਵਾਦ ਨੇ ਜਿਸ ਤਰ੍ਹਾਂ ਜਮਾਤੀ ਨਜ਼ਰੀਏ ਤੋਂ ਧਿਆਨ ਪਾਸੇ ਕਰ ਦਿਤਾ ਸੀ, ਇਸ ਸਾਮਰਾਜ ਵਿਰੋਧੀ ਰਾਸ਼ਟਰਵਾਦ ਨੇ ਮਿਹਨਤਕਸ਼ ਲੋਕਾਂ ਦੇ ਜਮਾਤੀ ਆਧਾਰ ਨੂੰ ਹੀ ਆਪਣਾ ਕੇਂਦਰੀ ਬਿੰਦੂ ਬਣਾਇਆ । ਅੱਜ ਵੀ ਜੇਕਰ ਫਿਰਕਾਪ੍ਰਸਤੀ ਅਤੇ ਇਸ ਦੇ ਆਧਾਰ ਤੇ ਉਸਰੇ ਤੰਗਨਜ਼ਰ ਰਾਸ਼ਟਰਵਾਦ ਦੇ ਖ਼ਿਲਾਫ ਖਰਾ ਸੰਘਰਸ਼ ਕਰਨਾ ਹੈ ਤਾਂ ਉਹ ਇਸੇ ਨੁਕਤਾ ਨਿਗਾਹ ਤੋਂ ਹੀ ਕੀਤਾ ਜਾ ਸਕਦਾ ਹੈ । ਇਸ ਲਈ ਫਿਰਕਾਪ੍ਰਸਤੀ ਦਾ ਵਿਰੋਧ ਕਦੇ ਵੀ ਘੱਟ ਗਿਣਤੀ ਬਨਾਮ ਬਹੁਗਿਣਤੀ ਦੇ ਉਪਰ ਉਸਾਰੀ ਗਈ ਵਿਰੋਧਤਾ ਦੇ ਆਧਾਰ 'ਤੇ ਨਹੀਂ ਕੀਤਾ ਜਾ ਸਕਦਾ । ਇਸ ਤਰ੍ਹਾਂ ਕਰਕੇ ਤਾਂ ਸਗੋਂ ਬਸਤੀਵਾਦੀ ਦੌਰ ਦੇ ਦੌਰਾਨ ਹੋਂਦ ਵਿਚ ਆਈਆਂ ਠੋਸ ਧਾਰਮਕ ਪਹਿਚਾਣਾਂ ਅਤੇ ਇਹਨਾਂ 'ਤੇ ਉਸਰੇ ਸਮਾਜਕ ਅਤੇ ਰਾਜਨੀਤਕ ਪ੍ਰਵਚਨ ਹੋਰ ਪੱਕੇ ਹੋ ਜਾਣਗੇ। ਵਿਸ਼ਵੀਕਰਨ ਦੇ ਦੌਰ ਵਿਚ ਸਾਮਰਾਜ ਅਤੇ ਅਰਧ ਬਸਤੀਵਾਦੀ ਮੁਲਕਾਂ ਦੇ ਲੋਕਾਂ ਦਰਮਿਆਨ ਇਕ ਬੁਨਿਆਦੀ ਵਿਰੋਧਤਾ ਹੈ । ਇਹ ਵਿਰੋਧਤਾ ਉਹਨਾਂ ਉਪਰਲੀਆਂ ਜਮਾਤਾਂ ਨਾਲ ਵੀ ਹੈ ਜੋ ਕਿ ਸਾਮਰਾਜੀ ਅਰਥਿਕਤਾ ਦੇ ਹਿਤਾਂ ਦੀ ਪੂਰਤੀ ਕਰਦੀਆਂ ਹਨ । ਮਿਹਨਤਕਸ਼ ਲੋਕਾਂ ਦਾ ਵਿਸ਼ਾਲ ਏਕਾ ਹੀ ਫਿਰਕਾਪ੍ਰਸਤੀ ਅਤੇ ਤੰਗਨਜ਼ਰ ਰਾਸ਼ਟਰਵਾਦ ਦੇ ਜਮਾਂ ਦਾ ਮੁਕਾਬਲਾ ਕਰ ਸਕਦਾ ਹੈ ।

**Mob : 9501025030**

## ਹਵਾਲੇ


1. Savarkar, Vinayak Damodar. *Hindutva : Who is a Hindu?* in Jaffrelot, Christophe (ed.).*Hindu Nationalism : A Reader.* Ranikhet: Permanent Black, 2016, P 91.
2. Islam, Shamsul.*Golwalkar's We or Our Nationhood Defined.* New Delhi: Pharos Media & Publishing Pvt. Ltd., 2006, P. 5-6.
3. Ibid., P. 8.
4. Savarkar, Vinayak Damodar.*Hindutva : Who is a Hindu?*in Jaffrelot, Christophe (ed.).*Hindu Nationalism : A Reader.* Ranikhet : Permanent Black, 2016, P. 87.
5. Islam, Shamsul.*Golwalkar's We or Our Nationhood Defined.* New Delhi: Pharos Media & Publishing Pvt. Ltd., 2006, P. 12.
6. Ibid., P. 47.
7. Ibid., P. 47-48.

8. Indian express.com, December 26, 2016.
9. Jaffrelot, Christophe (ed.).*Hindu Nationalism : A Reader.* Ranikhet : Permanent Black, 2016, P . 86.
10. Thapar, Romila.*Cultural Pasts.* New Delhi: OUP, 2000, P. 974.
11. Oberoi, Harjot.*The Construction of Religious Boundaries : Culture, Identity and Diversity in the Sikh Tradition*.Delhi : OUP, 1997, P. 11.
12. Ibid., P. 212.
13. Ibid., P. 2.
14. Ibid., P. 12.
15. Jaffrelot, Christophe (ed.).*Hindu Nationalism : A Reader* Ranikhet: Permanent Black, 2016, P . 32.
16. Ibid., P. 30.
17. Ibid., P. 40-49.
18. Ibid., P. 64-69.
19. Chandra, Bipan.*Communalism : A Primer,* New Delhi : National Book Trust, 2008, P. 37.
20. Jaffrelot, Christophe (ed.).*Hindu Nationalism : A Reader.* Ranikhet: Permanent Black, 2016, P.3.
21. Ibid., P. 65.
22. Ibid., P. 62.
23. Ibid., P. 4.
24. ਗਾਂਧੀ, ਮਹਾਤਮਾ.ਹਿੰਦੂ-ਧਰਮ ਕਿਆ ਹੈ.ਨਵੀਂ ਦਿੱਲੀ : ਨੈਸ਼ਨਲ ਬੁਕ ਟਰੱਸਟ, 2013, ਸਫਾ 4.
25. ਉਹੀ, ਸਫਾ 1.
26. ਉਹੀ, ਸਫਾ 1.
27. ਉਹੀ, ਸਫਾ 20-21.
28. Jalal, Ayesha.*Exploding Communalism : The Politics of Muslim Identity in South Asia* in Bose, Sugata and Jalal, Ayesha (eds.).*Nationalism, Democracy & Development : State and Politics in India.* New Delhi : OUP, 1998, P. 80.
29. Ibid., P. 87.
30. Quoted in Ibid., P. 88.
31. Ibid., P. 91.
32. ਕਿਰਪਾਲ ਸਿੰਘ, ਡਾ. ਪੰਜਾਬ ਦਾ ਬਟਵਾਰਾ ਤੇ ਸਿੱਖ ਨੇਤਾ.ਅੰਮ੍ਰਿਤਸਰ : ਸਿੰਘ ਬ੍ਰਦਰਜ਼, 1997, ਸਫਾ 9-10.
33. Anderson, Perry.*The Indian Ideology.*Gurgaon : Three Essays Collective. 2015, P. 70-71.
34. Ibid., P. 71.
35. Ibid., P. 72.
36. Quoted in Ibid., P. 90.
37. Ibid., P. 106.
38. Ibid., P. 143.
39. Bose, Sumantra.*Hindu Nationalism and The Crisis of the Indian State : A Theoretical Perspective* in Bose, Sugata and Jalal, Ayesha (eds.).*Nationalism, Democracy &Development : State and Politics in India.* New Delhi : OUP, 1998, P. 114.
40. Anderson, Perry. *The Indian Ideology.*Gurgaon : Three Essays Collective, 2015, P. 146-147.
41. Singh, Mohinder. *Crisis and Critique : Diagnosis of the Present in the Nationalist Discourse in Hindi* (1870-1908) in Menon, Nivedita, Nigam et al. (eds.). *Critical Studies in Politics.* New Delhi: Orient Blackswan, 2014, P. 429.
42. Bose, Sugata. *Nation as Mother* in Bose, Sugata and Jalal, Ayesha. *Nationalism, Democracy & Development: State and Politics in India.* New Delhi: OUP, 1998, P. 61.
43. Ibid., P. 65.
44. Ibid., P. 63.

ਕਵਿਤਾਵਾਂ

## ਵਿਸ਼ਾਲ

### *ਸਾਵਣ ਕਵੀ ਦਰਬਾਰ*

ਸਾਵਣ ਕਵੀ ਦਰਬਾਰ ਦਾ ਸੱਦਾ ਆਇਆ ਹੈ
ਪਰ ਸਾਵਣ ਨਹੀਂ ਆਇਆ
ਕਿਉਂਕਿ ਉਹ ਗਿਆ ਹੀ ਇਸ ਤਰ੍ਹਾਂ ਸੀ ਕਿ
ਜੇ ਆਉਂਦਾ ਵੀ ਤਾਂ ਫਿਰ ਕਿਹੜੇ ਬਹਾਨੇ ???
ਤੇ ਆਪਣੀ ਸਾਰੀ ਪਿਆਸ ਨਾਲ
ਕੋਈ ਕਿਵੇਂ ਵਰ੍ਹ ਸਕਦਾ ਹੈ...ਕਿੰਨਾ ਕੁ ਵਰ੍ਹ ਸਕਦਾ ਹੈ...

ਸਾਵਣ ਬਾਰੇ ਕਵਿਤਾ ਲਿਖਣ ਬੈਠਦਾ ਹਾਂ
ਤਾਂ ਕਲਮ ਅੱਗੇ ਰੇਪ ਹੋਈ ਕੰਜਕ ਦੀ ਲਾਸ਼ ਆ ਡਿੱਗਦੀ ਹੈ
ਕਹਿੰਦੀ ਹੈ—
ਮੇਰੀ ਕੁੱਖ ਵਿਚਲੀ ਮੇਰੇ ਚਾਵਾਂ ਦੇ ਪੀਂਘ ਦੀ ਤੰਦ
ਮੇਰੇ ਹੀ ਬਾਪ ਨੇ ਤੋੜੀ ਹੈ
ਤੂੰ ਕਿਸ ਰੁੱਤ ਨੂੰ ਸਾਵਣ ਕਹੇਂਗਾ
ਮੇਰੀ ਚਿੱਟੀ ਚਾਦਰ 'ਤੇ ਮੇਰੇ ਬਾਪ ਦਾ ਦਾਗ਼ ਹੈ
ਪਲੀਤ ਹੋਈ ਕੁੱਖ ਮੇਰੀ 'ਚ 'ਸਲਵਾਨ' ਦਾ ਮਾਸ ਹੈ

ਮੈਂ ਅਜੇ 'ਸਾਵਣ' ਲਫ਼ਜ਼ ਹੀ ਲਿਖਦਾ ਹਾਂ
ਲਫ਼ਜ਼ ਲਹੂ ਨਾਲ ਭਿੱਜਿਆ ਹੈ
ਮੈਨੂੰ ਆਪਣੇ ਲਹੂ 'ਚੋਂ ਬੋਅ ਆਉਂਦੀ ਹੈ
ਮੇਰੀ ਕਲਮ ਰੁਕਦੀ ਹੈ

ਮੇਰੇ ਲਹੂ 'ਚ ਉਸ ਫ਼ੌਜੀ ਦੀ ਲਾਸ਼ ਤੈਰਦੀ ਹੈ
ਜਿਸ ਦਾ ਸਿਰ ਉਸ 'ਪਾਰ' ਵਾਲੇ ਲੈ ਗਏ ਸਨ
ਉਸ ਦੀ ਪਤਨੀ ਦੇ ਚੀਰ 'ਚ ਭਰੀ ਰਾਖ
ਮੇਰੀ ਕਲਮ ਅੱਗੇ ਝੜਦੀ ਹੈ
ਤੇ ਨਾਲ ਹੀ ਤਰੰਗਾ ਮੇਰੇ ਮੱਥੇ 'ਚ ਵੱਜਦਾ ਹੈ
ਆਵਾਜ਼ ਆਉਂਦੀ ਹੈ—
ਬੰਦੇ ਖ਼ਾਤਰਮ...ਸਾਵਣ ਮਾਤਮ...

ਮੇਰੀ ਪ੍ਰੇਸ਼ਾਨੀ ਵਧਦੀ ਹੈ ਕਿ
ਸਾਵਣ ਕਵੀ ਦਰਬਾਰ ਵਿਚ ਕੀ ਸੁਣਾਵਾਂਗਾ
ਏਨੇ ਨੂੰ ਗ੍ਰੰਥਾਂ ਦਾ ਝੁਲਸਿਆ ਹੋਇਆ ਪੰਨਾ
ਤੇ ਗੀਤਾ ਦਾ ਪਾਟਿਆ ਹੋਇਆ ਅਧਿਆਇ

ਮੇਰੇ ਟੇਬਲ 'ਤੇ ਆ ਡਿੱਗਦਾ ਹੈ
ਮੇਰੇ ਅੱਗੇ ਕਈ ਭੇਦ ਖੁੱਲ੍ਹਦੇ ਹਨ
ਸੱਚੇ ਪਾਤਸ਼ਾਹ ਦੇ ਅਰਥ ਬਦਲ ਗਏ ਹਨ
ਤੇ ਦ੍ਰੋਪਤੀ ਦੀ ਸਾੜ੍ਹੀ ਨੂੰ ਹੱਥ ਪੈਣ ਵਿਚ
ਕ੍ਰਿਸ਼ਨ ਦੀ ਹੀ ਕੋਈ ਚਾਲ ਸੀ
ਇਤਿਹਾਸ ਦਾ ਮੰਦਾ ਹਾਲ ਸੀ
ਰਾਵਣ ਤਾਂ ਐਵੇਂ ਖਲਨਾਇਕ ਬਣ ਗਿਆ
ਸਰੂਪਨਖਾ ਵੀ ਤਾਂ ਉਸ ਦੀ ਲਾਜ ਸੀ
ਟੱਲ ਖੜਕਦੇ ਹਨ—ਸੰਖ ਕੂਕਦੇ ਹਨ
ਤ੍ਰਿਸ਼ੂਲ ਤੇ ਕ੍ਰਿਪਾਨ ਡਟੇ ਹੋਏ ਹਨ
ਅਰਦਾਸ ਟੁੱਟਦੀ ਹੈ
ਭਾਈ ਦੇ ਹੱਥੋਂ ਪਰਸ਼ਾਦ ਡਿੱਗਦਾ ਹੈ
ਮੇਰਾ ਆਪਣੇ ਆਪ ਤੋਂ ਵਿਸ਼ਵਾਸ ਉੱਠਦਾ ਹੈ
ਕਵਿਤਾ ਟੁੱਟਦੀ ਹੈ...ਮੈਂ ਟੁੱਟਦਾ ਹਾਂ

ਪਰ ਫਿਰ ਵੀ ਕਿਤੇ ਸਾਵਣ ਬਚਦਾ ਹੈ
ਕਿਸੇ ਦੀ ਰੀਝ ਅੰਦਰ—ਕਿਸੇ ਦੀ ਪੀਂਘ ਅੰਦਰ
ਕਿਸੇ ਦੀ ਉਡੀਕ ਅੰਦਰ—ਕਿਸੇ ਦੀ ਅਸੀਸ ਅੰਦਰ
ਕਿਸੇ ਦੀ ਉਮੀਦ ਅੰਦਰ

ਸਾਵਣ ਫਿਰ ਵੀ ਕਿਤੇ ਵਰ੍ਹਦਾ ਹੈ
ਸਾਵਣ ਫਿਰ ਵੀ ਕਿਤੇ ਠਰਦਾ ਹੈ
ਸਾਵਣ ਫਿਰ ਵੀ ਕਿਤੇ ਮੱਚਦਾ ਹੈ

ਕਿਸੇ ਨੱਢੀ ਅੰਦਰ—ਕਿਸੇ ਦੀ ਅੱਡੀ ਅੰਦਰ
ਕਿਸੇ ਦੀ ਮੀਢੀ ਅੰਦਰ—ਕਬੀਰ ਦੀ ਖੱਡੀ ਅੰਦਰ

ਸਾਵਣ ਨੱਚਦਾ ਹੈ ਅਜੇ ਵੀ
ਕਿਸੇ ਦੀ ਅੱਖ ਅੰਦਰ
ਜਦੋਂ ਕੋਈ 'ਅੱਲ੍ਹੜ' ਅੰਬਰ ਵੱਲ ਤੱਕੇ, ਇਸ਼ਾਰਾ ਕਰੇ
ਸਾਵਣ ਅਜੇ ਵੀ ਗੱਜਦਾ ਹੈ

ਮੈਂ ਹੀ ਐਵੇਂ ਨਿਰਾਸ਼ ਹੋ ਗਿਆ ਸੀ
ਪਿੰਡ ਦੀ ਫਿਰਨੀ 'ਤੇ
ਸਾਵਣ ਤਾਂ ਰੋਜ਼ ਹੀ ਵਰ੍ਹਦਾ ਹੈ...

ਬਾਕੀ ਜੋ ਬਚਿਆ ਹੈ
ਉਸ ਨੂੰ ਬਚਾਉਣਾ ਚਾਹੀਦਾ ਹੈ
ਉਸ ਨੂੰ ਹੰਢਾਉਣਾ ਚਾਹੀਦਾ ਹੈ
ਸਾਵਣ ਦੇ ਬਹਾਨੇ ਹੀ ਸੀ
ਸਾਨੂੰ ਗਾਉਣਾ ਚਾਹੀਦਾ ਹੈ

ਬੋਲ ਜਿਉਂਦੇ ਹੋਣ ਦੀ ਨਿਸ਼ਾਨੀ ਹੈ

ਪਹਿਲੇ ਪਿਆਰ ਦੀ ਗਾਨੀ ਹੈ
ਕਵਿਤਾ ਲਿਖਣ ਵਾਲੀ ਕਾਨੀ ਹੈ

ਸਾਵਣ ਦੇ ਬਹਾਨੇ ਹੀ ਸੀ
ਸੁਪਨਿਆਂ ਨਾਲ ਗੱਲਾਂ ਕਰੀਏ
ਜਾਗਣ ਦਾ ਵੇਲਾ ਹੈ
ਮੇਰੇ ਹੋਏ ਵਕਤਾਂ 'ਚ
ਜਿਉਂਦੀ ਕਵਿਤਾ ਲਿਖੀਏ
ਲਿਖਣ ਦਾ ਵੇਲਾ ਹੈ...

## *ਗ਼ਦਰੀ ਬਾਬੇ*

ਉਹ ਜੋ ਤੁਰ ਗਏ
ਸਾਡੇ ਚੇਤਿਆਂ ਵਿਚ ਜਿਉਂਦੇ
ਉਨ੍ਹਾਂ ਦਾ ਜ਼ਿਕਰ ਕਰਨਾ ਬਣਦਾ ਹੈ
ਕਿਸੇ ਨਾ ਕਿਸੇ ਤਰ੍ਹਾਂ
ਸਾਡੇ ਘਰਾਂ ਅੰਦਰ ਵੀ ਉਨ੍ਹਾਂ ਦਾ ਜ਼ਿਕਰ ਹੋਵੇ
ਸਾਡੇ ਬੱਚਿਆਂ ਤੀਕ ਵੀ ਉਨ੍ਹਾਂ ਦੀ ਗੱਲ ਪਹੁੰਚੇ

ਬਾਤ ਪਾਈਏ ਉਨ੍ਹਾਂ ਦੀ
ਜਿਨ੍ਹਾਂ ਆਪਣੇ ਇਤਿਹਾਸ ਦਾ ਪੰਨਾ
ਆਪਣੇ ਲਹੂ ਨਾਲ ਲਿਖਿਆ
ਇੰਜ ਹੀ ਉਹ ਜਿਉਂਦੇ ਰਹਿ ਸਕਦੇ ਨੇ
ਖਲਲ ਪਾ ਸਕਦੇ ਨੇ ਸਾਡੇ ਮੱਥਿਆਂ ਅੰਦਰ...

ਲਹੂ ਦੇ ਗੇੜੇ ਨਾਲ ਮਘ ਸਕਦੇ
ਸਾਡੀਆਂ ਅੱਖਾਂ ਅੰਦਰ
ਆਪਣੇ ਬੱਚਿਆਂ ਨਾਲ
ਉਨ੍ਹਾਂ ਜਹਾਜ਼ਾਂ ਦਾ ਜ਼ਿਕਰ ਕਰੀਏ
ਜਿਸ 'ਚ ਉਨ੍ਹਾਂ ਆਜ਼ਾਦ ਫ਼ਿਜ਼ਾ ਦੇ ਸੁਪਨੇ ਲਏ

ਉਨ੍ਹਾਂ ਬਾਬਿਆਂ ਦੇ ਨਾਂ 'ਤੇ ਲੱਗਦੇ ਮੇਲਿਆਂ 'ਚ
ਸਾਨੂੰ ਉਨ੍ਹਾਂ ਦੀ ਆਵਾਜ਼ 'ਚ ਬੋਲਣਾ ਚਾਹੀਦਾ ਹੈ
ਬਲਦੇ ਅੱਖਰ ਢਲਣੇ ਚਾਹੀਦੇ
ਉਨ੍ਹਾਂ ਦੇ ਸੇਕ 'ਚੋਂ
ਤਾਂ ਹੀ ਉਨ੍ਹਾਂ ਦੇ ਹੱਥ
ਸਾਡੇ ਹੱਥਾਂ 'ਚ ਉੱਠ ਸਕਦੇ ਨੇ...
ਪੈਰ ਉਨ੍ਹਾਂ ਦੇ ਤੁਰ ਸਕਦੇ ਨੇ
ਸਾਡੇ ਪੈਰਾਂ ਅੰਦਰ

ਇਕ ਪਲ ਜੇ ਉਨ੍ਹਾਂ ਕੋਲ ਰੁਕੀਏ

ਉਨ੍ਹਾਂ ਦੀ ਗੱਲ ਹੀ
ਸਾਡੇ ਜਿਊਂਦੇ ਹੋਣ ਦਾ ਸਬੂਤ ਹੈ
ਤੇ ਉਨ੍ਹਾਂ ਦੀ ਗੱਲ ਕਰਨੀ ਹੀ ਬਣਦੀ ਹੈ

ਜਦ ਉਨ੍ਹਾਂ ਦੀਆਂ ਮਾਵਾਂ ਨੇ
ਜਿਊਣ ਜੋਗਿਆਂ ਦੇ ਸਿਰਾਂ ਤੋਂ ਪਾਣੀ ਵਾਰਨੇ ਸਨ
ਤਾਂ ਉਹ ਕਾਲੇ ਪਾਣੀਆਂ ਦੀ ਸਜ਼ਾ ਭੁਗਤਣ ਤੁਰ ਪਏ...
ਮਾਵਾਂ ਦੇ ਹੱਥਾਂ 'ਚ ਫੜੇ ਰਹਿ ਗਏ ਛੰਨੇ
ਉਨ੍ਹਾਂ ਦੀ ਰਹਿ ਗਈ ਘੋੜੀ
ਹੁਣ ਸਾਨੂੰ ਗਾਉਣੀ ਚਾਹੀਦੀ ਹੈ...

ਕਵਿਤਾ ਲਿਖਦਿਆਂ ਉਨ੍ਹਾਂ ਦਾ ਹੱਥ
ਸਾਡੇ ਹੱਥ 'ਚ ਹੋਵੇ
ਉਨ੍ਹਾਂ ਦੇ ਮੱਥੇ 'ਚੋਂ ਮਘਦਾ ਕੋਲਾ ਕੱਢ ਕੇ
ਆਪਣੇ ਪੈਰਾਂ ਅੱਗੇ ਰੱਖੋ

ਕਰੋ ਕੁਝ ਇਸ ਤਰ੍ਹਾਂ
ਕਿ ਉਹ ਫੋਟੋ 'ਚੋਂ ਨਿਕਲ ਕੇ
ਤੁਹਾਡੇ ਨਾਲ ਤੁਰ ਪੈਣ
ਤੇ ਹੋ ਜਾਣ ਤੁਹਾਡੇ ਲਹੂ ਦੇ ਗੇੜ 'ਚ ਸ਼ਾਮਿਲ

ਉਨ੍ਹਾਂ ਦਾ ਜ਼ਿਕਰ ਕਰਨਾ ਬਣਦਾ ਹੈ
ਰਹਿ ਸਕਦੇ ਨੇ ਉਹ ਜਿਊਂਦੇ ਇੰਜ ਹੀ...



ਬਿਆਸ ਸ਼ਹਿਰ ਦਾ ਨਿਵਾਸੀ ਸ਼ਾਇਰ **ਵਿਸ਼ਾਲ** ਦੀ ਕਵਿਤਾ ਵੀ ਬਿਆਸ ਦੇ ਪਾਣੀਆਂ ਵਰਗੀ ਹੀ ਹੈ, ਨਿਰੰਤਰ ਵਹਿੰਦੀ। ਉਹਦਾ ਜੀਵਨ ਢੰਗ ਵੀ ਕੁਝ ਇਸੇ ਤਰ੍ਹਾਂ ਹੀ ਹੈ, ਮਲੰਗੀ ਨਾਲ ਭਰਿਆ ਹੋਇਆ। ਉਹ ਦੋਸਤਾਂ, ਅਦੀਬਾਂ ਤੇ ਸਾਹਿਤਕ ਮਹਿਫ਼ਲਾਂ ਦਾ ਸ਼ਦਾਈ ਸ਼ਾਇਰ ਹੈ। ਉਹ ਅਦੀਬ ਦੋਸਤਾਂ ਦੀਆਂ ਮਹਿਫ਼ਲਾਂ ਵਿਚ ਜਿਵੇਂ ਖਿੜਦਾ, ਖੇਡਦਾ ਤੇ ਕਵਿਤਾ ਦੀਆਂ ਗੱਲਾਂ ਕਰਦਾ ਹੈ, ਉਹ ਵੇਖਦਿਆਂ ਮਹਿਸੂਸ ਕੀਤਾ ਜਾ ਸਕਦਾ ਹੈ। ਉਸ ਦੀਆਂ ਹੁਣ ਤਕ ਛਪੀਆਂ ਕਾਵਿ-ਪੁਸਤਕਾਂ ਉਸ ਦੀ ਕਵਿਤਾ ਦੀ ਗਵਾਹੀ ਭਰਦੀਆਂ ਹਨ ਤੇ ਉਸ ਨੂੰ ਮੋਹਰਲੇ ਕਵੀਆਂ ਦੀ ਕਤਾਰ ਵਿਚ ਖੜ੍ਹਾ ਕਰਦੀਆਂ ਹਨ।

**Mob : 9988423237**

## ਨਾਰੀਵਾਦੀ ਚਿੰਤਕ

# ਸਾਂਦਰਾ ਲੀ ਬਰਟਕੀ



ਜਾਣੀ ਪਛਾਣੀ ਨਾਰੀਵਾਦੀ ਚਿੰਤਕ ਸਾਂਦਰਾ ਲੀ ਬਰਟਕੀ 18 ਅਕਤੂਬਰ 2016 ਨੂੰ ਇਸ ਸੰਸਾਰ ਤੋਂ ਤੁਰ ਗਈ। ਨਾਰੀ ਦੇਹ ਬਾਰੇ ਉਹਦੇ ਵਿਚਾਰਾਂ ਦਾ ਆਪਣੀ ਪੀੜ੍ਹੀ ਦੇ ਲੋਕਾਂ 'ਤੇ ਚੋਖਾ ਪ੍ਰਭਾਵ ਪਿਆ। ਉਹ ਲੰਬੇ ਸਮੇਂ ਤਕ ਯੂਨੀਵਰਸਿਟੀ ਆਫ਼ ਇਲੀਨਾਇ, ਸ਼ਿਕਾਗੋ ਵਿਚ ਫ਼ਿਲਾਸਫ਼ੀ ਦੀ ਪ੍ਰੋਫ਼ੈਸਰ ਰਹੀ। ਉਹ 1970ਵਿਆਂ ਵਿਚ ਨਾਰੀਵਾਦੀ ਚਿੰਤਨ ਵਿਚ ਆਏ ਉਭਾਰ ਦੀ ਮੂਹਰੀ ਸੀ ਤੇ 1971 ਵਿਚ ਬਣੀ 'ਸੁਸਾਇਟੀ ਫਾਰ ਵੁਮੈਨ ਇਨ ਫ਼ਿਲਾਸਫ਼ੀ' ਦੀ ਮੁੱਢਲੀ ਮੈਂਬਰ। ਆਪਣੀਆਂ ਕਿਤਾਬਾਂ 'ਫੈਮਨਿਟੀ ਐਂਡ ਡਾਮੀਨੇਸ਼ਨ' (1990) ਤੇ 'ਸਿੰਪਥੀ ਐਂਡ ਸਾਲੀਡੈਰੀਟੀ ਐਂਡ ਅਦਰ ਐਸੇਜ' (2002) ਤੇ ਹੋਰ ਲੇਖਾਂ ਵਿਚ ਉਹਨੇ ਨਾਰੀ ਦੇਹ ਦੀ ਪਛਾਣ ਦੇ ਸਭਿਆਚਾਰਕ ਪੱਖਾਂ ਅਤੇ ਔਰਤਾਂ ਨਾਲ ਸੰਬੰਧਿਤ ਹੋਰ ਮਸਲਿਆਂ ਬਾਰੇ ਮੌਲਿਕ ਵਿਚਾਰ ਪੇਸ਼ ਕੀਤੇ। ਉਹਨੇ ਜੁਝਾਰੂ ਨਾਰੀਵਾਦ ਦੇ ਸਿਧਾਂਤ ਦਾ ਪੱਖ ਪੂਰਿਆ ਤੇ ਨਾਰੀਵਾਦੀ ਚਿੰਤਨ ਦੀਆਂ ਪੈੜਾਂ ਵਿਚ ਡੂੰਘੀ ਛਾਪ ਛੱਡੀ। *-ਸੰਪਾਦਕ*

# ਨਾਰੀ ਦੇਹ ਕੇਹੋ ਜਿਹੀ ਹੋਵੇ

## (ਸਾਂਦਰਾ ਲੀ ਬਰਟਕੀ ਦੇ ਤੁਰ ਜਾਣ ਦੇ ਸੰਦਰਭ ਵਿਚ)

ਸਵਰਾਜਬੀਰ

ਪੰਜਾਬੀ ਚਿੰਤਨ-ਖੇਤਰ ਤੇ ਸਾਹਿਤ ਵਿਚ ਔਰਤਾਂ ਦੁਆਰਾ ਆਜ਼ਾਦ ਚਿੰਤਨ ਦੀ ਅਣਹੋਂਦ ਰੜਕਦੀ ਹੈ। ਸਦੀਆਂ ਦੀਆਂ ਸਦੀਆਂ ਔਰਤ ਚੁੱਪ ਬੈਠੀ ਹੋਈ ਹੈ ਜਾਂ ਚੁੱਪ ਕਰਾ ਦਿੱਤੀ ਗਈ ਹੈ। ਮਰਦ ਉਹਦੀ ਪਰਿਭਾਸ਼ਾ ਘੜਦਾ ਹੈ—ਕਿਤੇ ਆਦਰਸ਼ ਮਾਂ, ਆਦਰਸ਼ ਭੈਣ ਤੇ ਆਦਰਸ਼ ਪਤਨੀ ਦੇ ਰੂਪ ਵਿਚ ਤੇ ਕਿਤੇ ਮੋਹ-ਭਿੰਨੀਆਂ ਨਾਨੀਆਂ-ਦਾਦੀਆਂ ਦੇ ਰੂਪ ਵਿਚ; ਕਿਤੇ ਕਾਮਨੀ ਰੂਪ ਵਿਚ, ਕਿਤੇ ਚਲਿੱਤਰਾਂ ਭਰੇ ਮੁਜੱਸਮੇ ਵਜੋਂ, ਕਿਤੇ ਪਾਪ ਦੇ ਘੜੇ ਵਜੋਂ, ਕਿਤੇ ਮਰਦ ਤੋਂ ਨੀਵੀਂ ਸਮਝ ਵਾਲੇ ਜੀਵ ਵਜੋਂ ਤੇ ਕਿਤੇ ਦੇਵੀ ਵਜੋਂ। ਦੁਰਗਾ, ਅਦਭੁਤ ਰਮਾਇਣ ਦੀ ਸੀਤਾ, ਰਾਧਾ, ਯੈਲੰਮਾ-ਰੇਣੁਕਾ ਆਦਿ ਤੇ ਪਿਤਰੀ ਸੋਚ ਦੇ ਵਿਰੋਧੀ ਬਿਰਤਾਂਤਾਂ ਨੂੰ ਵੀ ਕਿਸੇ ਨਾ ਕਿਸੇ ਤਰ੍ਹਾਂ ਪਿਤਰੀ ਸੋਚ ਪ੍ਰਣਾਲੀਆਂ ਵਿਚ ਪਰੋ ਲਿਆ ਜਾਂਦਾ ਹੈ ਤੇ ਸਮਾਜ ਵਿਚ ਔਰਤ ਦਾ ਸਥਾਨ ਗੌਣ ਹੋ ਕੇ ਰਹਿ ਜਾਂਦਾ ਹੈ। ਸੂਫ਼ੀ ਸਾਹਿਤ ਤੇ ਗੁਰਬਾਣੀ ਵਿਚ ਵੀ ਇਹ ਮਰਦ ਹੀ ਹੈ ਜੋ ਮਰਦ-ਖ਼ੁਦਾ ਨਾਲ ਬ੍ਰਿਹਾ ਤੇ ਵਸਲ ਦੇ ਰਿਸ਼ਤਿਆਂ ਦਾ ਸੂਤਰਧਾਰ ਬਣਦਾ ਹੈ। ਕਿੱਸਾਕਾਰ ਵੀ ਜ਼ਿਆਦਾਤਰ ਪ੍ਰੇਮ ਕਹਾਣੀਆਂ ਨੂੰ ਏਦਾਂ ਦੱਸਦੇ ਹਨ ਜਿਸ ਤਰ੍ਹਾਂ ਨਾਲ ਉਹ ਮਰਦ-ਨਜ਼ਰ ਤੋਂ ਪ੍ਰਵਾਨ ਹੋਣ। ਫਿਰ ਵੀ ਕਿੱਸਾ ਸਾਹਿਤ ਵਿਚ ਪਿਆਰ ਤੇ ਸਾਥੀ ਦੇ ਚੋਣ ਦੀ ਆਜ਼ਾਦੀ ਦੀ ਗੱਲ ਵਿਚ ਗ਼ਾਲਿਬ ਸਮਾਜਿਕ ਵਿਚਾਰਧਾਰਾ ਦੇ ਵਿਰੋਧੀ ਬੀਜ ਪਏ ਹੋਏ ਹਨ। ਜੇ ਕਿਤੇ ਔਰਤ ਬੋਲਦੀ ਦਿਸਦੀ ਹੈ ਤਾਂ ਉਹ ਬਾਰੀ ਲੋਕ-ਸਾਹਿਤ ਦੀ ਬਾਰੀ ਹੈ ਜਿਥੋਂ "ਬੂਹੇ ਬਾਰੀਆਂ ਨਾਲੇ ਕੰਧਾਂ ਟੱਪ ਕੇ, ਆਵਾਂਗੀ ਮੈਂ 'ਵਾ ਬਣ ਕੇ" ਜਿਹੇ ਸਿਆਸੀ ਬੋਲ ਸੁਣਾਈ ਦਿੰਦੇ ਹਨ। ਪਰ ਏਥੇ ਵੀ ਔਰਤ ਆਪਣੇ ਆਪ ਨੂੰ ਜ਼ਿਆਦਾ ਤੌਰ 'ਤੇ ਮਰਦ ਦੇ ਪੂਰਕ ਵਜੋਂ ਹੀ ਚਿਤਰਦੀ ਹੈ "ਚੁੰਨੀ ਰੰਗ ਦੇ ਲਲਾਰੀਆ ਮੇਰੀ, ਮਿੱਤਰਾਂ ਦੀ ਪੱਗ ਵਰਗੀ।" ਇਸ ਤੋਂ ਜ਼ਿਆਦਾ ਉੱਚੀ ਸੁਰ ਸਮਝਾਉਣ ਵਾਲੀ ਹੈ "ਧਾਰੀ ਬੰਨ ਸੁਰਮਾ ਨਾ ਪਾਈਏ, ਧੀਏ ਘਰ ਮਾਪਿਆਂ ਦੇ", "ਧਰਮੀ ਬਾਬਲ ਦੀ ਨਾ ਪੱਟੀਏ ਸਰਦਾਰੀ"। ਇਹ ਕਿਹੜਾ ਧਰਮ ਹੈ ਜਿਸ ਦੀ ਰਾਖੀ ਕਰਨ ਲਈ ਜਵਾਨ ਕੁੜੀਆਂ ਨੂੰ ਉਪਦੇਸ਼ ਦਿੱਤਾ ਜਾ ਰਿਹਾ ਹੈ ? ਇਸ ਧਰਮ ਦੀ ਨੀਂਹ ਕੁਆਰੀ ਕੁੜੀ ਦੇ ਕੁਆਰੇਪਣ ਨੂੰ ਕਾਇਮ ਰੱਖਣ ਤੇ ਜਿਸਮਾਨੀ ਖ਼ਾਹਿਸ਼ਾਂ ਨੂੰ ਦਬਾ ਕੇ ਰੱਖਣ 'ਤੇ ਰੱਖੀ ਜਾਂਦੀ ਹੈ। ਮੁੱਕਦੀ ਗੱਲ, ਕਾਲਾ ਡੋਰੀਆ ਕਿਤੇ ਵੀ ਆਜ਼ਾਦ ਹੋ ਕੇ ਨਹੀਂ ਉੱਡਦਾ, ਕੁੰਡੇ ਨਾਲ ਅੜਿਆ ਰਹਿੰਦਾ ਹੈ।

ਉਨ੍ਹੀਵੀਂ ਸਦੀਆਂ ਦੀਆਂ ਪੰਜਾਬੀ ਕਵਿਤਰੀਆਂ ਨੁਰੰਗ ਦੇਵੀ ਤੇ ਪੀਰੋ ਲੋਕ-ਲਾਜ ਨੂੰ ਤਜ ਕੇ ਆਪਣੇ ਮਰਦ ਸਾਥੀਆਂ ਕੋਲ ਪਹੁੰਚਦੀਆਂ ਤੇ ਉਨ੍ਹਾਂ ਦੇ ਨਾਲ ਰਹਿੰਦੀਆਂ ਹਨ। ਉਨ੍ਹਾਂ ਦੀਆਂ ਕਾਫ਼ੀਆਂ ਵਿਚ ਕਿਤੇ ਕਿਤੇ ਆਜ਼ਾਦ ਚਿੰਤਨ ਦੇ ਝਲਕਾਰੇ ਮਿਲਦੇ ਹਨ। ਪੀਰੋ ਲਿਖਦੀ ਹੈ :

*ਪੀਰੋ ਅਮਲ ਸਚਿ ਦੇ ਮੈਂ ਦੇਖੀ ਵੀ ਕੀਤੀ।*
*ਨਾਮੁ ਸੁਰਾਹੀ ਅਮਲ ਦੀ ਮੈਂ ਭਰਿ ਭਰਿ ਪੀਤੀ।*
*ਨਿਵਾਜਾਂ ਰੋਜੇ ਛੁਟਿ ਗਏ ਮਸਤਾਨੀ ਹੋਈ।*
*ਸੋਹੰ ਆਪ ਜਾਨ ਕੇ ਮੈਂ ਆਪੇ ਸੋਈ।*

ਇਹ ਸਤਰਾਂ ਧਿਆਨ ਨਾਲ ਪੜ੍ਹਨ ਵਾਲੀਆਂ ਹਨ। ਇਹ ਉਨ੍ਹੀਵੀਂ ਸਦੀ ਦੀ ਸ਼ਾਇਰਾ ਪੀਰੋ ਹੈ ਜੋ ਨਿਮਾਜ਼ਾਂ, ਰੋਜ਼ੇ ਛੱਡ ਦਿੰਦੀ ਹੈ। ਅੱਜ ਦੇ ਪੂਰਬੀ ਪੰਜਾਬ ਦੀਆਂ ਹਿੰਦੂ ਤੇ ਸਿੱਖ ਕੁੜੀਆਂ ਕਰਵਾ-ਚੌਥ ਵਰਤ ਰੱਖਦੀਆਂ ਹਨ ਤੇ ਅਸੀਂ ਉਨ੍ਹਾਂ 'ਤੇ ਬਣੇ ਸੀਰੀਅਲ ਟੀ.ਵੀ. 'ਤੇ ਦੇਖਦੇ ਹਾਂ। ਪੀਰੋ ਦੀ ਸਮਕਾਲੀ ਸ਼ਾਇਰਾ ਨੁਰੰਗ ਦੇਵੀ ਲਿਖਦੀ ਹੈ :

*ਨਿਆਇ ਸ਼ਾਸਤ੍ਰ ਨ ਈਸ਼ਵਰਵਾਦ ਮੁਈਏ, ਮਿਮਾਂਸਕ ਆਇ ਕੇ ਕਰਮ ਕਰਾਂਵਦਾ ਹੀ॥*
*ਕਾਲ ਵਾਦ ਹੈ ਕਹਿਆ ਵੈਸ਼ਸ਼ਨਿ ਨੇ, ਪਤੰਜਲ ਹੋਰ ਹੀ ਜੋਗ ਦ੍ਰਿੜਾਂਵਦਾ ਹੀ॥*

*ਪ੍ਰਕ੍ਰਿਤ ਪੁਰਖ ਹੈ ਦੋਇ ਸਾਂਖ ਕਹੇ, ਵੇਦਾਂਤ ਬ੍ਰਹਮ ਹੀ ਬ੍ਰਹਮ ਜਨਾਂਵਦਾ ਹੀ॥*
*ਖਟ ਵਾਕੇ ਮੈਂ ਵਾਦ ਨੁਰੰਗ ਦੇਵੀ, ਅਨਭੈ ਸੌ ਵਾਦ ਉਡਾਂਵਦਾ ਹੀ॥*

ਇਹ ਸਤਰਾਂ ਵੀ ਧਿਆਨ ਨਾਲ ਪੜ੍ਹਨ ਵਾਲੀਆਂ ਹਨ। 19ਵੀਂ ਸਦੀ ਦੀ ਪੰਜਾਬੀ ਔਰਤ ਖਟ-ਦਰਸ਼ਨ (ਦਰਸ਼ਨ ਦੀਆਂ ਛੇ ਸ਼ਾਖਾਵਾਂ) ਦਾ ਮੁਲ-ਅੰਕਣ ਕਰ ਰਹੀ ਹੈ, ਉਨ੍ਹਾਂ ਨੂੰ ਨਕਾਰ ਰਹੀ ਹੈ।

ਪਰ ਬਹੁਤੀਆਂ ਥਾਵਾਂ 'ਤੇ ਜਾਂ ਮੂਲ ਰੂਪ ਵਿਚ ਉਹ (ਪੀਰੋ ਤੇ ਨੁਰੰਗ ਦੇਵੀ) ਵੀ ਆਪਣੇ ਆਪ ਨੂੰ ਮਰਦ-ਗੁਰੂ ਦੇ ਪ੍ਰਛਾਵੇਂ ਵਜੋਂ ਹੀ ਚਿਤਵਦੀਆਂ ਹਨ, ਜਿਵੇਂ ਪੀਰੋ ਕਹਿੰਦੀ ਹੈ "ਪੀਰੋ ਨਾਮ ਜਹਾਜੁ ਹੈ ਗੁਰ ਖੇਵਟ ਮੇਰਾ" ਤੇ ਨੁਰੰਗ ਦੇਵੀ ਆਖਦੀ ਹੈ "ਗੁਰੂ ਮੇਰਾ ਹੈ ਸਭ ਦਾ ਸਾਂਝਾ, ਮੈਂ ਹਾਂ ਗੁਰੂ ਦੀ ਹੀਰ ਸਹੀਓ"। ਵੀਹਵੀਂ ਸਦੀ ਵਿਚ ਅੰਮ੍ਰਿਤਾ ਪ੍ਰੀਤਮ ਨਾਰੀ-ਆਵਾਜ਼ ਦੀ ਪ੍ਰਤੀਕ ਬਣਦੀ ਹੈ ਤੇ ਇਉਂ ਲੱਗਦਾ ਹੈ ਕਿ ਉਹ ਆਜ਼ਾਦ ਚਿੰਤਨ ਦੇ ਖੇਤਰ ਵਿਚ ਡੂੰਘੀਆਂ ਪੈੜਾਂ ਛੱਡੇਗੀ। ਪਰ ਮੁੱਢਲੀਆਂ ਤੇ ਕੁਝ ਬਾਅਦ ਵਾਲੀਆਂ ਕਵਿਤਾਵਾਂ ਤੋਂ ਬਾਅਦ ਉਹ ਓਸ਼ੋ ਤੇ ਹੋਰ ਸਨਾਤਨੀ ਸੋਚ ਪ੍ਰਣਾਲੀਆਂ ਦੀ ਦਲਦਲ ਵਿਚ ਖੁਭ ਜਾਂਦੀ ਹੈ। ਚਿੰਤਨ ਦੇ ਖੇਤਰ ਵਿਚ ਸ਼ਰਨ ਮੱਕੜ ਹੋਰਾਂ ਦਾ ਯਤਨ ਵੀ ਏਹੋ ਜਿਹੇ ਰਾਹਾਂ 'ਤੇ ਤੁਰਦਾ ਹੈ। ਮਨਜੀਤ ਟਿਵਾਣਾ, ਪਾਲ ਕੌਰ, ਮਨਜੀਤਪਾਲ ਕੌਰ, ਵਨੀਤਾ, ਸੁਖਵਿੰਦਰ ਅੰਮ੍ਰਿਤ, ਜਸਲੀਨ, ਨੀਤੂ ਅਰੋੜਾ ਤੇ ਕੁਝ ਹੋਰ ਨੌਜਵਾਨ ਕਵਿਤ੍ਰੀਆਂ ਮਰਦ-ਸੰਸਾਰ ਦੇ ਸ਼ੀਸ਼ਿਆਂ ਨੂੰ ਤੋੜਦੀਆਂ ਨਜ਼ਰ ਆਉਂਦੀਆਂ ਹਨ ਪਰ ਕਿਤੇ ਵੀ ਪਿਤਰੀ ਸੋਚ ਦੇ ਵਿਰੁੱਧ ਬੱਝਵੀਂ ਤੇ ਦੂਰ ਤਕ ਮਾਰ ਕਰਨ ਵਾਲੀ ਸੋਚ-ਪ੍ਰਣਾਲੀ ਬਣਦੀ ਨਹੀਂ ਦਿਸਦੀ। ਪੰਜਾਬ ਦੇ ਇਤਿਹਾਸ ਵਿਚ ਅੰਮ੍ਰਿਤਾ ਸ਼ੇਰਗਿਲ ਇਕੱਲੀ ਔਰਤ ਹੈ, ਜੋ ਆਪਣੇ ਆਪ ਨੂੰ ਆਪਣੇ ਚਿਤਵੇ ਤੇ ਸਮਝੇ ਨਾਰੀ-ਰੂਪ ਵਿਚ ਚਿਤਰਦੀ ਹੈ ਤੇ ਆਪਣਾ ਆਜ਼ਾਦ ਸੰਸਾਰ ਸਿਰਜਦੀ ਹੈ। ਪੰਜਾਬੀ ਔਰਤਾਂ 'ਚੋਂ ਰੋਮਿਲਾ ਥਾਪਰ ਨੇ ਇਤਿਹਾਸਕਾਰੀ ਵਿਚ ਅਤੇ ਅਨੀਆ ਲੂੰਬਾ ਨੇ ਰਾਜਨੀਤੀ ਸ਼ਾਸਤਰ ਵਿਚ ਡੂੰਘੀ ਛਾਪ ਛੱਡੀ ਹੈ ਪਰ ਉਨ੍ਹਾਂ ਦਾ ਨਾਰੀਵਾਦੀ ਚਿੰਤਨ ਨਾਲ ਕੋਈ ਸਿੱਧਾ ਰਿਸ਼ਤਾ ਨਹੀਂ।

ਯੂਰਪ, ਅਮਰੀਕਾ, ਦੱਖਣੀ ਅਫ਼ਰੀਕਾ, ਆਸਟ੍ਰੇਲੀਆ, ਨਿਊਜ਼ੀਲੈਂਡ ਆਦਿ ਵਿਚ ਅਠਾਰਵੀਂ ਸਦੀ ਦੇ ਪਿਛਲੇ ਦਹਾਕਿਆਂ ਤੋਂ ਲੈ ਕੇ ਹੁਣ ਤਕ ਔਰਤ ਦੇ ਆਜ਼ਾਦ ਚਿੰਤਨ ਦੀਆਂ ਆਵਾਜ਼ਾਂ ਬੁਲੰਦ ਹੁੰਦੀਆਂ ਰਹੀਆਂ ਹਨ। ਔਰਤਾਂ ਲਈ ਵੋਟ ਦਾ ਹੱਕ ਮੰਗਣ ਵਾਲੀਆਂ ਔਰਤਾਂ ਤੋਂ ਲੈ ਕੇ ਹੁਣ ਤਕ ਦੀਆਂ ਨਾਰੀਵਾਦੀ ਚਿੰਤਕਾਂ, ਸਿਆਸੀ, ਸਮਾਜਿਕ, ਸਭਿਆਚਾਰਕ ਤੇ ਆਰਥਿਕ ਖੇਤਰਾਂ ਵਿਚ ਗਹਿਗੱਚ ਸੰਘਰਸ਼ ਕਰਦੀਆਂ ਹਨ ਅਤੇ ਨਾਰੀਵਾਦੀ ਚਿੰਤਨ ਆਪਣੀ ਆਜ਼ਾਦ ਹਸਤੀ ਸਥਾਪਤ ਕਰਦਾ ਹੈ।

ਵਿਲਹਮੀਨਾ ਡਕਰ, ਐਮੀਲਾਈਨ ਪੰਕਹਰਸਟ ਤੇ ਵਿਰਜੀਨੀਆ ਵੂਲਫ ਤੋਂ ਸ਼ੁਰੂ ਹੁੰਦੇ ਇਸ ਸਫ਼ਰ ਵਿਚ ਅਨੇਕਾਂ ਨਾਰੀਵਾਦੀ ਚਿੰਤਕਾਂ ਤੇ ਲੇਖਕਾਂ ਨੇ ਆਪਣਾ ਹਿੱਸਾ ਪਾਇਆ ਹੈ। ਇਸ ਸਫ਼ਰ ਵਿਚ ਸਿਮੋਨ ਦੀ ਬੂਆ, ਜੂਲੀਆ ਕ੍ਰਿਸਤੇਵਾ, ਕੈਰੋਲ ਹੈਨੋਸ਼, ਫਰਾਂਕਾ ਰੇਮ, ਜੂਡਿਥ ਬਟਲਰ, ਲਾਰਵਾ ਮਲਵੇ, ਕਾਜਾ ਸਿਲਵਰਮੈਨ, ਲੂਸ ਇਰੀਗਾਰੇ, ਜੂਲੀਏਟ ਮਿਟਸ਼ੈਲ, ਕੇਟ ਮਿਲੇਟ ਤੇ ਹੋਰ ਅਨੇਕਾਂ ਨਾਂ ਹਨ, ਜਿਨ੍ਹਾਂ ਵਿਚੋਂ ਕੁਝ ਨੂੰ ਅਸੀਂ ਜਾਣਦੇ ਹਾਂ ਤੇ ਕੁਝ ਨੂੰ ਨਹੀਂ। ਹਰ ਔਰਤ ਸੰਘਰਸ਼ ਕਰਦੀ ਹੈ ਪਰ ਇਹ ਉਹ ਔਰਤਾਂ ਹਨ ਜਿਨ੍ਹਾਂ ਨੇ ਪਿਤਰੀ ਸੋਚ ਦੇ ਵਿਰੁੱਧ ਬਗ਼ਾਵਤੀ ਤੇਵਰ ਅਪਣਾਏ ਤੇ ਉਨ੍ਹਾਂ ਤੇਵਰਾਂ ਨੂੰ ਲਿਖਤ ਰੂਪ ਵੀ ਦਿੱਤਾ। ਇਹ ਲੇਖ ਇਕ ਅਜਿਹੀ ਚਿੰਤਕ ਸਾਂਦਰਾ ਲੀ ਬਰਟਕੀ ਨੂੰ ਯਾਦ ਕਰਨ ਲਈ ਹੈ ਜੋ ਪਿਛਲੇ ਦਿਨੀਂ ਅਕਤੂਬਰ 2016 ਵਿਚ ਇਸ ਸੰਸਾਰ ਨੂੰ ਅਲਵਿਦਾ ਕਹਿ ਗਈ। ਉਹ ਇਕਆਸੀਆਂ ਸਾਲਾਂ ਦੀ ਸੀ।

ਉਹਨੂੰ ਯਾਦ ਕਰਦਿਆਂ "ਦੀ ਨਿਊਯਾਰਕ ਟਾਈਮਜ਼ ਨਿਊਜ਼ ਸਰਵਿਜ਼" ਦਾ ਨਾਮਾਨਿਗਾਰ ਸੈਮ ਰਾਬਰਟ ਲਿਖਦਾ ਹੈ ਕਿ ਉਹ ਇਕ ਉਦਾਰਵਾਦੀ ਚਿੰਤਕ ਤੋਂ ਗਰਮ-ਖ਼ਿਆਲਾਂ ਵਾਲੀ ਨਾਰੀਵਾਦੀ ਚਿੰਤਕ ਬਣੀ ਹੈ ਤੇ ਉਸ ਨੇ ਫੂਕੋ ਦੀ ਇਹ ਸੋਚ "ਕਿ ਸਮਾਜ ਕਿਵੇਂ ਇਨਸਾਨਾਂ 'ਤੇ ਵੱਖ-ਵੱਖ ਤਰੀਕਿਆਂ ਨਾਲ ਸਮਾਜਿਕ ਜ਼ਾਬਤੇ ਥੋਪਦਾ ਹੈ" ਨੂੰ ਨਾਰੀਵਾਦੀ ਸ਼ੀਸ਼ਿਆਂ ਥਾਣੀਂ ਵੇਖਣ ਦੀ ਕੋਸ਼ਿਸ਼ ਕੀਤੀ।

ਸਾਂਦਰਾ ਲੀ ਬਰਟਕੀ ਆਪਣੀ ਪਰਖ ਪੜਚੋਲ ਲਈ ਮਿਸ਼ੈਲ ਫੂਕੋ ਦੇ ਵਿਚਾਰਾਂ ਦੀ ਤੰਦ ਫੜਦੀ ਹੈ। ਫੂਕੋ ਅਨੁਸਾਰ ਜਦ ਯੂਰੋਪ ਵਿਚ ਆਧੁਨਿਕਤਾ ਆ ਰਹੀ ਸੀ, ਲੋਕ-ਰਾਜ ਤੇ ਇਸ ਨਾਲ ਸੰਬੰਧਤ ਸੰਸਥਾਵਾਂ ਉਸਰ ਰਹੀਆਂ ਸਨ ਅਤੇ ਰਾਜਨੀਤਕ ਆਜ਼ਾਦੀ ਦੇ ਨਵੇਂ ਪਸਾਰ ਪੈਦਾ ਹੋ ਰਹੇ ਸਨ ਤਾਂ ਉਨ੍ਹਾਂ ਦੇ ਨਾਲ ਨਾਲ ਇਕ ਹਨੇਰਾ ਪੱਖ ਵੀ ਉਜਾਗਰ ਹੋ ਰਿਹਾ ਸੀ। ਉਹ ਹਨੇਰਾ ਪੱਖ ਕੀ ਸੀ ? ਉਹ ਸੀ, ਪਹਿਲਾਂ ਕਦੇ ਵੀ ਨਾ ਵੇਖਿਆ ਗਿਆ ਜ਼ਾਬਤਾ ਜੋ ਮਨੁੱਖੀ ਸਰੀਰਾਂ ਨੂੰ

> ਵਿਕਟੋਰੀਅਨ ਜ਼ਮਾਨੇ (ਮਹਾਰਾਣੀ ਵਿਕਟੋਰੀਆ ਦੇ ਸਮਿਆਂ) ਦੀ ਔਰਤ ਬੱਚੇਦਾਨੀ (ਜਾਂ ਅੰਡਕੋਸ਼) ਬਣ ਗਈ ਸੀ ਤੇ ਅੱਜ ਦੇ ਸਮਿਆਂ ਦੀ ਔਰਤ ਆਪਣਾ 'ਸੁਹੱਪਣ' ਬਣ ਗਈ ਹੈ।
>
> –*ਨਾਓਮੀ ਵੁਲਫ* "ਦੀ ਬਿਊਟੀ ਮਿਥ" ਵਿਚੋਂ


ਕਾਬੂ ਵਿਚ ਰੱਖਣ ਲਈ ਉਭਰ ਰਿਹਾ ਸੀ। ਇਹ ਜ਼ਾਬਤਾ ਮਨੁੱਖੀ ਸਰੀਰਾਂ ਤੇ ਅਣਦਿਸਦੀ ਜ਼ਬਤ 'ਤੇ ਕੰਟਰੋਲ ਹਾਸਿਲ ਕਰਨਾ ਚਾਹੁੰਦਾ ਸੀ।

ਫੂਕੋ ਅਨੁਸਾਰ ਪੁਨਰ ਜਾਗਰਣ (ਐੱਨਲਾਇਟਨਮੈਂਟ) ਤੋਂ ਪਹਿਲਾਂ ਸੱਤਾ ਨੂੰ ਬਣਾਏ ਰੱਖਣ ਦੇ ਸਾਰੇ ਜ਼ਾਬਤਿਆਂ ਨੂੰ ਲਾਗੂ ਕਰਨ ਦਾ ਹੱਕ ਸਿਰਫ਼ ਮਹਾਰਾਜੇ ਕੋਲ ਹੁੰਦਾ ਸੀ। ਸ਼ਹਿਨਸ਼ਾਹ ਸ਼ਾਹੀ ਕਾਨੂੰਨ ਦਾ ਪ੍ਰਤੀਕ ਸੀ। ਕਾਨੂੰਨ ਦੀ ਹੁਕਮਅਦੂਲੀ ਜਾਂ ਉਲੰਘਣਾ ਕਰਨ ਦਾ ਮਤਲਬ ਸੀ ਸ਼ਹਿਨਸ਼ਾਹ ਜਾਂ ਰਾਜ–ਪੁਰਖਾਂ ਦੇ ਹੁਕਮਾਂ ਦੀ ਹੁਕਮਅਦੂਲੀ। ਲੋਕਾਂ 'ਤੇ ਸ਼ਾਹੀ ਜ਼ਾਬਤਿਆਂ ਦੀ ਜ਼ਬਤ ਰੱਖਣ ਲਈ ਅਤੇ ਉਨ੍ਹਾਂ ਨੂੰ ਹਕੂਮਤ ਦਾ ਵਫ਼ਾਦਾਰ ਬਣਾਏ ਰੱਖਣ ਲਈ ਜਿਹੜੇ ਤੌਰ–ਤਰੀਕੇ ਅਪਣਾਏ ਜਾਂਦੇ ਸਨ ਉਹ ਬੜੇ ਕਠੋਰ ਤੇ ਕਰੂਰ ਸਨ। ਸਰੀਰਕ ਸਜ਼ਾ ਦੇਣ ਵਾਲੇ ਨਿਰਦਈ ਤੇ ਬੇਰਹਿਮ ਜ਼ਾਬਤੇ (ਉਦਾਹਰਣ ਦੇ ਤੌਰ 'ਤੇ ਕੋੜੇ ਮਾਰਨਾ, ਹੱਥ–ਪੈਰ ਵੱਢ ਦੇਣਾ, ਚੌਰਾਹਿਆਂ ਵਿਚ ਫਾਂਸੀ ਦੇਣਾ, ਬੜੀ ਬੇਰਹਿਮੀ ਨਾਲ ਬੇਗਾਰ ਕਰਾਉਣਾ)। ਇਸ ਤੋਂ ਉਲਟ ਆਧੁਨਿਕ ਸਮਾਜਾਂ ਵਿਚ ਜਿਹੜੇ ਜ਼ਾਬਤੇ ਉਭਰੇ ਉਹ ਵੱਖ–ਵੱਖ ਸੰਸਥਾਵਾਂ ਜਿਵੇਂ ਕੈਦਖਾਨਿਆਂ, ਹਸਪਤਾਲਾਂ, ਪਾਗਲਖਾਨਿਆਂ, ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਰਾਹੀਂ ਉੱਭਰੇ। ਪਹਿਲਾਂ ਪਹਿਲਾਂ ਇਨ੍ਹਾਂ ਜਾਬਤਿਆਂ ਵਿਚ ਬਾਹਰੀ ਕਠੋਰਤਾ ਦੇ ਤੱਤ ਸਨ ਪਰ ਹੌਲੀ ਹੌਲੀ ਇਨ੍ਹਾਂ ਦਾ ਰੂਪ ਸੂਖ਼ਮ ਹੁੰਦਾ ਗਿਆ, ਸਮਾਜਿਕ ਤੇ ਮਾਨਸਿਕ ਹੁੰਦਾ ਗਿਆ। ਫੂਕੋ ਅਨੁਸਾਰ ਆਧੁਨਿਕ ਸਮਾਜਾਂ ਵਿਚ ਸੱਤਾ ਜਾਂ ਤਾਕਤ ਦੇ ਅਖਤਿਆਰੀ ਰੂਪ ਬਹੁਤ ਹੀ ਮਹੀਨ ਤਰੀਕਿਆਂ ਨਾਲ ਲਾਗੂ ਹੁੰਦੇ ਹਨ (ਕਹਿਣ ਦਾ ਮਤਲਬ ਇਹ ਕਿ ਸੱਤਾ ਤੇ ਤਾਕਤ ਦੇ ਵੱਖ–ਵੱਖ ਰੂਪ ਅਣਦਿਸਦੇ ਤਰੀਕਿਆਂ ਰਾਹੀਂ ਸੰਚਾਰਿਤ ਹੁੰਦੇ ਹਨ) ਤੇ ਲੋਕਾਂ ਦੇ ਸਰੀਰਾਂ, ਉਨ੍ਹਾਂ ਦੇ ਦਿਨ–ਪ੍ਰਤੀਦਿਨ ਦੇ ਕੰਮਾਂ ਕਾਰਾਂ ਤੇ ਸਰੀਰਕ ਭਾਸ਼ਾ ਨੂੰ ਆਪਣੇ ਵੱਸ ਵਿਚ ਕਰ ਲੈਂਦੇ ਹਨ। ਸੱਤਾ ਜਾਂ ਸੱਤਾਮਈ ਤਾਕਤ ਹੁਣ ਲੋਕਾਂ ਨੂੰ ਸਰੀਰਕ ਤੌਰ 'ਤੇ ਨਹੀਂ ਕੋਂਹਦੀ ਸਗੋਂ ਉਹ ਲੋਕਾਂ ਦੇ ਦਿਮਾਗ਼ਾਂ ਨੂੰ ਵੱਸ ਵਿਚ ਕਰਨਾ ਲੋਚਦੀ ਹੈ ਤੇ ਬਹੁਤ ਹੱਦ ਤੱਕ ਇਸ ਕੰਮ ਵਿਚ ਸਫ਼ਲ ਵੀ ਹੁੰਦੀ ਹੈ। ਸੱਤਾਮਈ ਤਾਕਤ ਜਾਂ ਤਾਕਤਾਂ ਉਨ੍ਹਾਂ ਲੋਕਾਂ ਦੇ ਦਿਮਾਗ਼ਾਂ ਨੂੰ ਵੀ ਆਪਣੇ ਵੱਸ ਵਿਚ ਕਰਨਾ ਚਾਹੁੰਦੀਆਂ ਹਨ ਜੋ ਸੱਤਾਮਈ ਤਾਕਤਾਂ ਦਾ ਵਿਰੋਧ ਕਰ ਸਕਦੇ ਹਨ। ਦਿਮਾਗ਼ਾਂ ਨੂੰ ਵੱਸ ਵਿਚ ਕਰਨ ਲਈ ਦੋ ਚੀਜ਼ਾਂ ਜ਼ਰੂਰੀ ਹਨ। ਪਹਿਲੀ ਇਹ ਕਿ ਬੰਦੇ ਦੀ ਦਿਨਚਰਿਆ ਦੇ ਅਮਲ 'ਤੇ ਕਾਬੂ ਪਾਇਆ ਜਾਏ ਭਾਵ ਬੰਦੇ ਦਾ ਸਰੀਰ ਦਿਨ ਦੇ ਵੱਖ–ਵੱਖ ਸਮਿਆਂ ਵਿਚ ਕੀ ਕਰਦਾ ਹੈ ? ਅਣਦਿਸਦੇ ਤਰੀਕਿਆਂ ਰਾਹੀਂ ਉਸ ਸਮੇਂ ਨੂੰ ਜ਼ਾਬਤੇ ਵਿਚ ਬੰਨ੍ਹਿਆ ਜਾਏ। ਦੂਸਰੀ ਜ਼ਰੂਰੀ ਚੀਜ਼ ਹੈ ਕਿ ਬੰਦੇ ਦੀਆਂ ਸਰੀਰਕ ਹਰਕਤਾਂ ਨੂੰ ਅਣਦਿਸਦੇ ਜ਼ਾਬਤਿਆਂ ਵਿਚ ਬੰਨ੍ਹਿਆ ਜਾਏ। ਇਸ ਲਈ ਜ਼ਰੂਰਤ ਹੈ ਮਨੁੱਖ ਦੇ ਮਨ ਨੂੰ ਸਮਝਣ ਦੀ, ਆਧੁਨਿਕ ਮਨੋ–ਵਿਗਿਆਨ ਤੇ ਆਧੁਨਿਕ ਸਮਾਜ–ਵਿਗਿਆਨ (ਸਮਾਜ–ਸ਼ਾਸਤਰ) ਦੀ। ਮਨੁੱਖੀ ਸਰੀਰਾਂ ਨੂੰ ਵੱਸ ਵਿਚ ਰੱਖਣ ਵਾਲੇ ਇਹ ਜ਼ਾਬਤੇ ਸਨਅਤੀ ਪੈਦਾਵਾਰ, ਪੜ੍ਹਾਈ ਲਿਖਾਈ, ਸਮਾਜਿਕ ਭਲਾਈ ਦੇ ਕੰਮਾਂ ਕਾਰਾਂ, ਸਮਾਜਿਕ ਲੀਹਾਂ ਤੋਂ ਭਟਕੇ ਮਨੁੱਖਾਂ (ਪਾਗ਼ਲਾਂ, ਮੁਜਰਿਮਾਂ ਆਦਿ) ਨੂੰ ਮੁੜ ਲੀਹਾਂ 'ਤੇ ਪਾਉਣ ਵਾਲਿਆਂ ਅਦਾਰਿਆਂ (ਹਸਪਤਾਲ, ਪਾਗਲਖ਼ਾਨੇ, ਕੈਦਖ਼ਾਨੇ) ਨੂੰ ਆਪਣੇ ਕਾਬੂ ਵਿਚ ਰੱਖਦੇ ਹਨ ਪਰ ਉਸ ਤਰ੍ਹਾਂ ਨਹੀਂ ਜਿੱਦਾਂ ਰਾਜੇ, ਮਹਾਰਾਜੇ ਜਾਂ ਜਗੀਰਦਾਰੀ ਦੌਰ ਦੇ ਹਾਕਮ ਰੱਖਦੇ ਸਨ। ਇਨ੍ਹਾਂ ਜ਼ਾਬਤਿਆਂ ਦਾ ਰੂਪ ਚਿਹਰਾਹੀਣ ਹੈ, ਇਹ ਸਮਾਜ ਦੀ ਰਗ–ਰਗ ਵਿਚ ਸਮਾਏ ਹੋਏ ਹਨ। ਸੱਤਾਮਈ ਤਾਕਤ ਹਰ ਥਾਂ 'ਤੇ ਮੌਜੂਦ ਹੈ ਪਰ ਦਿਸਦੀ ਨਹੀਂ। ਅਸੀਂ ਇਨ੍ਹਾਂ ਜ਼ਾਬਤਿਆਂ ਦੇ ਅਧੀਨ ਵਿਚਰਦੇ ਹਾਂ, ਪਰ ਆਪਣੇ ਆਪ ਨੂੰ ਆਜ਼ਾਦ ਸਮਝਦੇ ਹਾਂ। ਅਸੀਂ ਆਪਣੇ ਆਪ ਨੂੰ ਇਨ੍ਹਾਂ ਜ਼ਾਬਤਿਆਂ ਦੇ ਬੰਦੀਖਾਨਿਆਂ ਵਿਚ ਰੱਖਣ ਵਾਲੇ ਜੇਲ੍ਹਰ ਖ਼ੁਦ ਆਪ ਬਣ ਜਾਂਦੇ ਹਾਂ।

ਫੂਕੋ ਅਨੁਸਾਰ ਇਨ੍ਹਾਂ ਜ਼ਾਬਤਿਆਂ (ਜੋ ਪਹਿਲਾਂ ਜ਼ਬਰ ਵਾਲੇ ਸਨ ਪਰ ਬਾਅਦ ਵਿਚ ਸੂਖ਼ਮ ਫ਼ਿਤਰਤ ਵਾਲੇ ਬਣ ਗਏ) ਦਾ ਮੁੱਖ ਮਕਸਦ ਸੀ (ਤੇ ਹੈ) ਅਸੀਲ ਸਰੀਰ (docile bodies) ਪੈਦਾ ਕਰਨਾ। ਅਸੀਲ ਸਰੀਰ ਜੋ ਸੱਤਾ ਤੇ ਸੱਤਾਮਈ ਵਰਤਾਰਿਆਂ ਨੂੰ ਮੰਨਣ ਵਾਲੇ ਹੋਣ, ਸੱਤਾਮਈ ਜ਼ਾਬਤਿਆਂ ਅਨੁਸਾਰ ਕੰਮ ਕਰਨ, ਵੱਧ ਤੋਂ ਵੱਧ ਪੈਦਾਵਾਰ ਕਰਨ; ਜ਼ਬਰ

ਰਾਹੀਂ ਨਹੀਂ ਸਗੋਂ ਖ਼ੁਦ ਬਣਾਏ ਤੇ ਅਪਣਾਏ ਸੰਜਮ ਰਾਹੀਂ। ਪੁਰਾਣੇ ਸਮਿਆਂ ਦੇ ਜ਼ਬਰ ਤੇ ਕਹਿਰ ਢਾਹੁਣ ਵਾਲੇ ਤੌਰ-ਤਰੀਕਿਆਂ ਦੀ ਥਾਂ ਇਨ੍ਹਾਂ ਸੂਖ਼ਮ ਸੱਤਾਮਈ ਵਰਤਾਰਿਆਂ ਨੇ ਲੈ ਲਈ ਹੈ। ਇਨ੍ਹਾਂ ਵਰਤਾਰਿਆਂ ਦੇ ਵਰਤਾਏ ਹੋਏ ਜ਼ਾਬਤੇ ਅਸੀਂ ਘਰਾਂ ਵਿਚ ਸਿਖਦੇ ਹਾਂ, ਸਕੂਲਾਂ ਤੇ ਕਾਲਜਾਂ ਵਿਚ ਸਿਖਦੇ ਹਾਂ, ਅਖ਼ਬਾਰਾਂ, ਟੈਲੀਵਿਜ਼ਨਾਂ, ਫ਼ਿਲਮਾਂ, ਕਿਤਾਬਾਂ ਤੇ ਸੰਚਾਰ ਦੇ ਹੋਰ ਸਾਧਨਾਂ ਰਾਹੀਂ ਸਿੱਖਦੇ ਹਾਂ ਤੇ ਅਸੀਲ ਸਰੀਰ ਬਣ ਜਾਂਦੇ ਹਾਂ। ਇਹ ਅਸੀਲ ਸਰੀਰ ਜ਼ਿਆਦਾ ਪੈਦਾਵਾਰ ਕਰਨ ਲਈ ਵਿੱਤੋਂ ਵੱਧ ਸਮਾਂ ਦੇਣ ਲਈ ਤਿਆਰ ਹੁੰਦੇ ਹਨ; ਸਮਾਜ ਦੇ ਕਣ ਕਣ ਵਿਚ ਸਮਾਈ ਸੱਤਾ ਨੂੰ ਸਵੀਕਾਰ ਕਰਨ ਵਾਲੇ ਹੁੰਦੇ ਹਨ; ਇਨ੍ਹਾਂ ਨੂੰ ਆਪਣੇ ਆਪ ਨੂੰ ਸੰਜਮ ਵਿਚ ਬਣਾਈ ਰੱਖਣ ਲਈ ਕੋਰੜਿਆਂ ਦੀ ਜ਼ਰੂਰਤ ਨਹੀਂ ਹੁੰਦੀ; ਇਹ ਆਪਣੇ ਮਨਾਂ ਤੇ ਦਿਮਾਗ਼ਾਂ 'ਤੇ ਆਪ ਕੋਰੜੇ ਮਾਰਦੇ ਹਨ ਤੇ ਆਪਣੇ ਆਪ ਨੂੰ ਦੇਸ, ਸਮਾਜ ਤੇ ਸਥਾਪਤ ਸਮਾਜਿਕ ਨਿਯਮਾਂ ਨਾਲ ਵਫ਼ਾ ਪਾਲਣ ਵਾਲੇ ਵਫ਼ਾਦਾਰ ਸ਼ਹਿਰੀਆਂ ਵਜੋਂ ਪੇਸ਼ ਕਰਕੇ ਖ਼ੁਸ਼ ਹੁੰਦੇ ਹਨ।

ਏਥੇ ਫੂਕੋ ਦੀ ਆਲੋਚਨਾ ਹੋ ਸਕਦੀ ਹੈ ਕਿ ਸਭ ਸਰੀਰ ਅਸੀਲ ਨਹੀਂ ਬਣਦੇ; ਸਰੀਰਾਂ ਵਿਚ ਕਾਮਨਾ ਹੁੰਦੀ ਹੈ, ਆਪਮੁਹਾਰਾਪਣ ਹੁੰਦਾ ਹੈ, ਕਾਮ-ਪ੍ਰੇਰਿਤ ਮਨੋ-ਸ਼ਕਤੀ ਹੁੰਦੀ ਹੈ, ਵਿਦਰੋਹ ਦੀ ਭਾਵਨਾ ਹੁੰਦੀ ਹੈ ਤੇ ਸਰੀਰ ਵਿਦਰੋਹ ਕਰਦੇ ਵੀ ਹਨ। ਇਹ ਵੀ ਕਿਹਾ ਜਾ ਸਕਦਾ ਹੈ ਕਿ ਸਰੀਰ ਭਾਵੇਂ ਮੁੱਖ ਰੂਪ ਵਿਚ ਅਸੀਲ ਬਣ ਜਾਂਦੇ ਹਨ ਪਰ ਉਨ੍ਹਾਂ ਵਿਚ ਇਹ ਸਾਰੇ ਵਿਦਰੋਹੀ ਕਣ ਮੌਜੂਦ ਰਹਿੰਦੇ ਹਨ ਤੇ ਇਹ ਕਣ ਕਦੇ ਵੀ ਫੁੱਟ ਕੇ ਬਾਹਰ ਆ ਸਕਦੇ ਹਨ। ਪਰ ਇਹ ਬਹਿਸ ਏਥੇ ਨਹੀਂ ਕੀਤੀ ਜਾ ਸਕਦੀ।




ਏਥੇ ਹੀ ਸਾਂਦਰਾ ਲੀ ਬਰਟਕੀ, ਫੂਕੋ ਨਾਲ ਅਸਹਿਮਤੀ ਜ਼ਾਹਰ ਕਰਦੀ ਹੈ। ਉਹ ਕਹਿੰਦੀ ਹੈ ਕਿ ਫੂਕੋ ਦੀ ਇਹ ਦਲੀਲ ਤਾਂ ਠੀਕ ਹੈ ਕਿ ਇਹ ਜ਼ਾਬਤੇ ਅਸੀਲ ਤੇ ਹੁਕਮ ਮੰਨਣ ਵਾਲੇ ਸਰੀਰ ਪੈਦਾ ਕਰਦੇ ਹਨ ਪਰ ਫੂਕੋ ਮਰਦ ਤੇ ਨਾਰੀ ਸਰੀਰਾਂ ਵਿਚਲੇ ਫ਼ਰਕ ਨੂੰ ਨਹੀਂ ਪਛਾਣਦਾ। ਬਰਟਕੀ ਅਨੁਸਾਰ ਔਰਤ ਦੀ ਦੇਹ ਨੂੰ ਜ਼ਿਆਦਾ ਅਸੀਲ ਬਣਾਇਆ ਜਾਂਦਾ ਹੈ, ਜ਼ਿਆਦਾ ਹੁਕਮ ਮੰਨਣ ਵਾਲੀ, ਜ਼ਿਆਦਾ ਸਾਊ। ਖ਼ਾਸ ਕਰਕੇ ਮਰਦ-ਸਰੀਰਾਂ ਤੋਂ ਜ਼ਿਆਦਾ ਅਸੀਲ ਤੇ ਜ਼ਿਆਦਾ ਸਾਊ।

ਆਪਣੇ ਲੇਖ "ਫੂਕੋ, ਫੈਮਨਿਨਿਟੀ ਐਂਡ ਮਾਡਰਨਾਈਜੇਸ਼ਨ ਆਫ਼ ਪੈਟਰੀਆਕਲ ਪਾਵਰ" ਵਿਚ ਸਾਂਦਰਾ ਲੀ ਬਰਟਕੀ ਉਨ੍ਹਾਂ ਜ਼ਾਬਤਿਆਂ ਦਾ ਜ਼ਿਕਰ ਕਰਦੀ ਹੈ ਜਿਹੜੇ ਉਸ ਨਾਰੀ-ਦੇਹ ਨੂੰ ਜਨਮ ਦਿੰਦੇ ਹਨ, ਜਿਹੜੀ ਹਾਵਾਂ ਭਾਵਾਂ ਤੇ ਦਿੱਖ ਦੇ ਪੱਖੋਂ ਏਹੋ ਜਿਹੀ ਹੋਵੇ ਜਿਸ ਵਿਚ ਨਾਰੀਤਵ ਜਾਂ ਇਸਤਰੀਤਵ ਸਮੋਇਆ ਹੋਇਆ ਹੋਵੇ, ਭਾਵ ਉਹ ਦੇਹ ਜਿਸ ਨੂੰ ਅਸੀਂ ਆਮ ਕਰਕੇ ਆਦਰਸ਼ਕ ਰੂਪ ਵਿਚ ਇਸਤਰਮਈ ਕਹਿੰਦੇ ਹਾਂ, ਨਾਰੀ ਦੇ ਆਦਰਸ਼ਕ, ਸ਼ਿੰਗਾਰਮਈ ਪਰ ਸੰਜਮ ਵਾਲੇ ਨਾਰੀ-ਰੂਪ ਵਿਚ ਢਲੀ ਹੋਈ ਦੇਹ। ਇਹ ਲੇਖ ਸਾਂਦਰਾ ਲੀ ਬਰਟਕੀ ਦੇ ਉੱਪਰ ਦੱਸੇ ਗਏ ਲੇਖ ਵਿਚਲੇ ਵਿਚਾਰਾਂ ਨੂੰ ਪਾਠਕਾਂ ਤਕ ਪਹੁੰਚਾਉਣ ਦਾ ਸੀਮਤ ਜਿਹਾ ਯਤਨ ਹੈ।

ਸਾਂਦਰਾ ਲੀ ਬਰਟਕੀ ਨਾਰੀ-ਦੇਹ ਨੂੰ ਅਸੀਲ ਬਣਾਉਣ ਦੇ ਤਰੀਕਿਆਂ ਨੂੰ ਤਿੰਨਾਂ ਵਰਗਾਂ, ਸ਼੍ਰੇਣੀਆਂ ਜਾਂ ਹਿੱਸਿਆਂ ਵਿਚ ਵੰਡਦੀ ਹੈ। ਪਹਿਲੇ ਵਰਗ ਵਿਚ ਉਹ ਉਨ੍ਹਾਂ ਨੂੰ ਜ਼ਾਬਤਿਆਂ ਜਾਂ ਨਿਯਮਾਂ ਨੂੰ ਰੱਖਦੀ ਹੈ ਜਿਹੜੇ ਨਾਰੀ-ਦੇਹ ਵਾਸਤੇ ਇਹ ਨਿਸਚਤ ਕਰਦੇ ਹਨ ਉਹਦਾ ਆਕਾਰ ਤੇ ਬਣਤਰ ਕੇਹੋ ਜਿਹੀ ਹੋਵੇ। ਦੂਸਰੀ ਸ਼੍ਰੇਣੀ ਵਿਚ ਉਹ ਜ਼ਾਬਤੇ ਆਉਂਦੇ ਹਨ ਜੋ ਔਰਤਾਂ ਨੂੰ ਇਹ ਦੱਸਦੇ ਹਨ ਕਿ ਉਨ੍ਹਾਂ ਦੇ ਹਾਵਾਂ-ਭਾਵਾਂ, ਹਰਕਤਾਂ, ਬਹਿਣ-ਖਲੋਣ ਤੇ ਤੁਰਨ-ਫਿਰਨ ਦੇ ਤਰੀਕਿਆਂ

ਔਰਤ ਦੇ ਪਤਲੇਪਣ ਬਾਰੇ ਸਭਿਆਚਾਰਕ ਨਿਸ਼ਾਨਦੇਹੀ ਔਰਤ ਦੇ ਸੁਹੱਪਣ ਨਾਲ ਸੰਬੰਧਿਤ ਖਬਤ ਨਹੀਂ ਹੈ ਸਗੋਂ ਇਹ ਖਬਤ ਔਰਤ ਦੀ ਅਧੀਨਗੀ ਤੇ ਉਹਦੇ ਤਾਬੇਦਾਰ ਹੋਣ ਬਾਰੇ ਹੈ।

–*ਨਾਓਮੀ ਵੁਲਫ,* "ਦੀ ਬਿਊਟੀ ਮਿਥ" ਵਿਚੋਂ

ਤੇ ਸੈਨਤਾਂ ਦਾ ਸੰਸਾਰ ਕਿਹੋ ਜਿਹਾ ਹੋਵੇ। ਤੀਸਰਾ ਵਰਗ ਉਨ੍ਹਾਂ ਨੇਮਾਂ ਤੇ ਜ਼ਾਬਤਿਆਂ ਦਾ ਹੈ ਜਿਹੜੇ ਨਾਰੀ–ਦੇਹ ਨੂੰ ਸ਼ਿੰਗਾਰਮਈ ਧਰਾਤਲ ਬਣਾਉਣ ਲਈ ਔਰਤਾਂ 'ਤੇ ਆਇਦ ਕੀਤੇ ਜਾਂਦੇ ਹਨ। ਉਹ ਇਹ ਪਰਖ–ਪੜਤਾਲ ਵੀ ਕਰਦੀ ਹੈ ਕਿ ਇਨ੍ਹਾਂ ਨੇਮਾਂ ਤੇ ਜ਼ਾਬਤਿਆਂ ਦੀ ਫ਼ਿਤਰਤ ਕੇਹੋ ਜਿਹੀ ਹੈ, ਉਹ ਕਿਵੇਂ ਲਾਗੂ ਕੀਤੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਕੌਣ ਲਾਗੂ ਕਰਦਾ ਹੈ।

ਪਹਿਲੇ ਵਰਗ ਦੇ ਜ਼ਾਬਤਿਆਂ ਦਾ ਜ਼ਿਕਰ ਕਰਦਿਆਂ ਸਾਂਦਰਾ ਲੀ ਬਰਟਕੀ ਬੁਨਿਆਦੀ ਤੌਰ 'ਤੇ ਇਹ ਦਲੀਲ ਦਿੰਦੀ ਹੈ ਕਿ ਇਹ ਮਰਦਾਂ ਦੀ ਸੋਚ, ਸਮਝ ਤੇ ਕਲਪਨਾ ਹੈ ਜੋ ਔਰਤਾਂ ਨੂੰ ਇਹ ਦੱਸ ਰਹੀ ਹੈ ਕਿ ਉਨ੍ਹਾਂ ਦੀ ਦੇਹ ਦਾ ਆਕਾਰ ਤੇ ਰੂਪ–ਸਰੂਪ ਕਿਸ ਤਰ੍ਹਾਂ ਦਾ ਹੋਵੇ। ਸਿਨੇਮੇ ਦੀ ਦੁਨੀਆ, ਫੈਸ਼ਨ–ਮੈਗ਼ਜ਼ੀਨਾਂ, ਫੈਸ਼ਨ–ਸ਼ੋਆਂ ਤੇ ਤਜ਼ਾਰਤੀ ਸੰਸਾਰ ਵਿਚ ਇਹ ਮਰਦ ਹੈ ਜੋ ਇਹ ਤਹਿ ਕਰ ਰਿਹਾ ਹੈ ਕਿ ਔਰਤ ਦੇ ਆਕਾਰ ਤੇ ਸੁੰਦਰਤਾ ਦਾ ਮੁੱਢਲਾ ਮਾਪ–ਦੰਡ ਉਹਦਾ ਪਤਲੇ ਹੋਣਾ ਹੈ। ਪਤਲੇਪਣ ਦੇ ਇਸ ਖ਼ਿਆਲ ਜਾਂ ਸੰਕਲਪ ਦੇ ਆਲੇ–ਦੁਆਲੇ ਇਕ ਵੱਖਰਾ ਸੰਸਾਰ ਵਿਚ ਉਸਾਰਿਆ ਜਾਂਦਾ ਹੈ ਜੋ ਦੱਸਦਾ ਹੈ ਕਿ ਨਾਰੀ–ਦੇਹ ਦੇ ਦੂਸਰੇ ਹਿੱਸੇ ਜਿਵੇਂ ਛਾਤੀਆਂ, ਪੱਟ, ਨਿਤੰਭ ਆਦਿ ਕਿਸ ਤਰ੍ਹਾਂ ਦੇ ਹੋਣ, ਉਨ੍ਹਾਂ ਦਾ ਰੂਪ ਤੇ ਆਕਾਰ ਕਿਹੋ ਜਿਹਾ ਹੋਵੇ। ਮਰਦਾਂ ਦੀ ਇਸ ਤਰ੍ਹਾਂ ਦੀ ਹਾਵੀ ਸੋਚ ਨੂੰ ਕਿਮ ਚੈਰਨਿਨ "ਪਤਲੇਪਣ ਦੀ ਤਾਨਸ਼ਾਹੀ ਵਾਲੀ ਸੋਚ" ਜਾਂ "ਪਤਲੇ ਰਹਿਣ ਦੀ ਸੋਚ ਦੀ ਤਾਨਾਸ਼ਾਹੀ" (Tyranny of Slenderness) ਕਹਿੰਦੀ ਹੈ।

ਸਾਂਦਰਾ ਲੀ ਬਰਟਕੀ ਕਹਿੰਦੀ ਹੈ ਕਿ ਜੋ ਔਰਤਾਂ ਪਤਲੀਆਂ ਬਣੇ ਰਹਿਣ ਵਿਚ ਕਾਮਯਾਬ ਨਹੀਂ ਰਹਿ ਸਕਦੀਆਂ ਉਹ ਅੰਦਰੋ–ਅੰਦਰ ਆਪਣੇ ਆਪ ਨੂੰ ਕੋਸਦੀਆਂ ਹਨ, ਉਨ੍ਹਾਂ ਵਿਚ ਦੋਸ਼–ਭਾਵਨਾ ਪਨਪਦੀ ਹੈ ਤੇ ਉਹ ਆਪਣੇ ਆਪ ਨੂੰ ਦੋਸ਼ੀ ਮਹਿਸੂਸ ਕਰਦੀਆਂ ਹਨ। ਬਰਟਕੀ ਸਾਡਾ ਧਿਆਨ ਇਸ ਗੱਲ ਵੱਲ ਵੀ ਖਿੱਚਦੀ ਹੈ ਕਿ ਬਹੁਤੀ ਵਾਰੀ ਇਸ ਤਰ੍ਹਾਂ ਦਾ ਵਰਤਾਰਾ ਇਸ ਕਰਕੇ ਵਾਪਰਦਾ ਹੈ ਕਿ ਆਲੇ–ਦੁਆਲੇ ਦੇ ਸਭਿਆਚਾਰਕ–ਸੰਸਾਰ 'ਚ ਔਰਤਾਂ ਨੂੰ ਇਹੋ ਜਿਹੇ ਸੰਕੇਤ ਮਿਲਦੇ ਹਨ ਕਿ ਜੇ ਉਨ੍ਹਾਂ ਦੇ ਸਰੀਰ ਇਨ੍ਹਾਂ ਮਿੱਥੇ ਹੋਏ ਮਾਪਦੰਡਾਂ ਤੋਂ ਅਗਾਂਹ–ਪਿਛਾਂਹ ਜਾਂ ਉੱਪਰ–ਥੱਲੇ ਹੋ ਗਏ ਤਾਂ ਉਹ ਅਣਚਾਹੀਆਂ ਹੋ ਜਾਣਗੀਆਂ ਅਤੇ ਉਨ੍ਹਾਂ ਦੀ ਸਮਾਜਿਕ ਹੈਸੀਅਤ ਤੇ ਅਕਸ ਵਿਚ ਫ਼ਰਕ ਪਵੇਗਾ।

ਬਰਟਕੀ ਲਿਖਦੀ ਹੈ ਕਿ ਔਰਤ–ਦੇਹ ਦਾ ਮਾਪਦੰਡ ਜੋ ਉਸ 'ਤੇ ਥੋਪਿਆ ਜਾ ਰਿਹਾ ਹੈ, ਉਹ ਅੱਲ੍ਹੜ ਉਮਰ ਵਾਲੇ ਸਰੀਰ ਦਾ ਮਾਪਦੰਡ ਹੈ, ਜਦ ਸਰੀਰ ਲਿੱਸਾ, ਲਚਕੀਲਾ ਤੇ ਪਤਲਾ ਹੁੰਦਾ ਹੈ, ਉਸ ਵਿਚ ਮਾਸ ਤੇ ਚਰਬੀ ਦੀ ਬਹੁਤਾਤ ਨਹੀਂ ਹੁੰਦੀ; ਇਹ ਉਹ ਸਰੀਰ ਹੈ ਜਿਸ ਨੂੰ ਜ਼ਿਆਦਾ ਸਰੀਰਕ ਤਜਰਬਾ ਨਹੀਂ ਹੁੰਦਾ। ਔਰਤ ਤੇ ਇਹ ਮਾਨਸਿਕ ਦਬਾਅ ਪਾਇਆ ਜਾਂਦਾ ਹੈ ਕਿ ਉਹ ਸਰੀਰ ਨੂੰ ਏਦਾਂ ਦਾ ਬਣਾ ਕੇ ਰੱਖੇ ਜਿਸ 'ਤੇ ਸਰੀਰਕ ਅਨੁਭਵਹੀਣਤਾ ਦਾ ਅਕਸ ਡੂੰਘਾ ਉਕਰਿਆ ਹੋਵੇ।

ਸਿਮੋਨ ਦੀ ਬੂਆ ਦਾ ਮਸ਼ਹੂਰ ਕਥਨ ਹੈ ਕਿ ਮਾਦਾ ਜੀਵ 'ਔਰਤ ਵਜੋਂ ਨਹੀਂ ਜੰਮਦੀ, ਸਗੋਂ ਔਰਤ ਬਣ ਜਾਂਦੀ ਹੈ।' ਉਹ ਲਿਖਦੀ ਹੈ ਕਿ "ਔਰਤਾਂ ਦਾ ਨਾ ਕੋਈ ਅਤੀਤ ਹੈ, ਨਾ ਇਤਿਹਾਸ ਤੇ ਨਾ ਕੋਈ ਆਪਣਾ ਧਰਮ"। ਜੂਲੀਆ ਕ੍ਰਿਸਤੇਵਾ, ਜੂਡਿਥ ਬਟਲਰ ਤੇ ਸਾਂਦਰਾ ਲੀ ਬਰਟਕੀ ਸਿਮੋਨ ਦੀ ਬੂਆ ਤੋਂ ਤੰਦ ਲੈ ਕੇ ਹੀ ਆਪਣੇ ਸੋਚ–ਸੰਸਾਰਾਂ ਦੀਆਂ ਚਾਦਰਾਂ ਬੁਣਦੀਆਂ ਹਨ। ਸਾਂਦਰਾ ਲੀ ਬਰਟਕੀ ਲਿਖਦੀ ਹੈ "ਅਸੀਂ ਨਰ ਜਾਂ ਮਾਦਾ ਵਜੋਂ ਜੰਮਦੇ ਹਾਂ, ਮਰਦ ਜਾਂ ਔਰਤ ਵਜੋਂ ਨਹੀਂ। ਤ੍ਰੀਮਤਪਨ (ਤ੍ਰੀਮਤਪਨ ਕੀ ਹੈ, ਦਾ ਸੋਚ–ਚੌਖਟਾ) ਇਕ ਹਥਕੰਡਾ ਹੈ, ਇਕ ਚਾਲ"। ਭਾਵ ਇਹ ਹੈ ਕਿ ਔਰਤ ਨੂੰ ਇਹ ਦੱਸਿਆ ਜਾਣਾ ਕਿ ਤ੍ਰੀਮਤਪਨ ਕੀ ਹੈ, ਮਰਦਾਂ ਦੀ ਸੋਚ ਸਮਝ ਦੁਆਰਾ ਬੁਣਿਆ ਗਿਆ ਜਾਲ ਹੈ; ਵਿਚਾਰਾਂ, ਰੀਤੀ ਰਿਵਾਜਾਂ, ਰਵਾਇਤਾਂ, ਤਥਾਕਥਿਤ ਮਰਿਆਦਾ ਤੇ ਪਿਤਰੀ ਸੋਚ ਨੂੰ ਪ੍ਰਣਾਈ ਹੋਈ ਭਾਸ਼ਾ ਦਾ ਜਾਲ;

ਜਿਸ ਵਿਚ ਔਰਤਾਂ ਫਸ ਜਾਂਦੀਆਂ ਹਨ। ਬਰਟਕੀ ਲਿਖਦੀ ਹੈ ਕਿ "ਤ੍ਰੀਮਤਪਨ ਇਕ ਚਾਲ ਹੈ, ਕਾਮਯਾਬੀ ਨਹੀਂ"। ਇਸ ਤਰ੍ਹਾਂ ਬਰਟਕੀ ਅਨੁਸਾਰ ਤ੍ਰੀਮਤਪਨ ਜਾਂ ਨਾਰੀਤਵ ਔਰਤਾਂ 'ਤੇ ਥੋਪਿਆ ਜਾਂਦਾ ਹੈ।

ਬਰਟਕੀ ਉਨ੍ਹਾਂ ਸਮਾਜਿਕ ਤੇ ਸਿਹਤ-ਵਿਗਿਆਨ ਨਾਲ ਸੰਬੰਧਿਤ ਜ਼ਾਬਤਿਆਂ ਦਾ ਵੀ ਜ਼ਿਕਰ ਕਰਦੀ ਹੈ ਜਿਹੜੇ ਔਰਤ ਨੂੰ ਅਪਨਾਉਣ ਲਈ ਕਹੇ ਜਾਂਦੇ ਹਨ ਜਿਨ੍ਹਾਂ ਨੂੰ ਅਪਨਾ ਕੇ ਔਰਤ ਦੀ ਦੇਹ ਇਸਤਰੀਵੀ (ਫ਼ੈਮਿਨਿਨ) ਲੱਗੇ। ਪਤਲੇ ਰਹਿਣ ਲਈ ਉਸ ਨੂੰ ਘੱਟ ਖਾਣ ਭਾਵ ਡਾਇਟਿੰਗ ਕਰਨ ਲਈ ਕਿਹਾ ਜਾਂਦਾ ਹੈ। ਏਹੋ ਜੇਹੀ ਸੋਚ ਦੀ ਰੌਸ਼ਨੀ ਵਿਚ ਔਰਤ ਆਪਣੇ ਸਰੀਰ ਨੂੰ ਹੀ ਵੈਰੀ ਸਮਝ ਬੈਠਦੀ ਹੈ।

ਦੂਸਰੇ ਵਰਗ ਦੇ ਜ਼ਾਬਤਿਆਂ ਦੀ ਚਰਚਾ ਕਰਦਿਆਂ ਬਰਟਕੀ ਲਿਖਦੀ ਹੈ ਕਿ ਔਰਤਾਂ 'ਤੇ ਮਰਦਾਂ ਦਿਆਂ ਸੈਨਤਾਂ ਕਰਨ ਦੇ ਤੌਰ-ਤਰੀਕਿਆਂ, ਸਰੀਰਕ ਹਰਕਤਾਂ, ਬਹਿਣ-ਖਲੋਣ ਤੇ ਤੁਰਨ-ਫਿਰਨ ਦੇ ਅੰਦਾਜ਼ਾਂ ਤੇ ਸਰੀਰਕ ਵਿਹਾਰ ਵਿਚ ਕਾਫ਼ੀ ਫ਼ਰਕ ਦਿਖਾਈ ਦਿੰਦੇ ਹਨ। ਉਸ ਦਾ ਕਹਿਣਾ ਹੈ ਕਿ ਔਰਤਾਂ ਦੀਆਂ ਸਰੀਰਕ ਹਰਕਤਾਂ ਤੇ ਉਨ੍ਹਾਂ ਦਾ ਵਿਸਤਾਰ ਮਰਦਾਂ ਦੇ ਮੁਕਾਬਲੇ ਬਹੁਤ ਬੰਦਿਸ਼ਾਂ ਵਾਲਾ ਹੈ। ਮਰਹੂਮ ਉਰਦੂ ਨਾਟਕਕਾਰ ਸ਼ਾਹਿਦ ਅਨਵਰ ਤੋਂ ਸ਼ਬਦ ਉਧਾਰੇ ਲੈ ਕੇ ਕਿਹਾ ਜਾ ਸਕਦਾ ਹੈ ਕਿ ਔਰਤਾਂ 'ਤੇ ਇਹ ਹੁਕਮ ਸਾਦਰ ਕੀਤਾ ਜਾਂਦਾ ਹੈ ਕਿ ਉਹ ਆਪਣੇ ਜਿਸਮਾਂ ਵਿਚ 'ਤਾਮੀਜ਼' ਪੈਦਾ ਕਰਨ। ਬਰਟਕੀ ਆਈਰਸ ਯੰਗ ਦੇ ਹਵਾਲੇ ਨਾਲ ਲਿਖਦੀ ਹੈ ਕਿ ਇਉਂ ਲੱਗਦਾ ਹੈ ਕਿ ਔਰਤਾਂ ਇਹ ਸੋਚਦੀਆਂ ਜਾਂ ਕਲਪਨਾ ਕਰਦੀਆਂ ਹਨ ਕਿ ਉਨ੍ਹਾਂ ਲਈ ਉਨ੍ਹਾਂ ਦੇ ਆਲੇ-ਦੁਆਲੇ ਇਕ ਖ਼ਾਸ ਤਰ੍ਹਾਂ ਦੀ ਥਾਂ ਜਾਂ ਸਪੇਸ ਨਿਸਚਤ ਕੀਤੀ ਗਈ ਹੈ ਜਿਸ ਤੋਂ ਅਗਾਂਹ ਜਾਣ 'ਤੇ ਉਹ ਝਿਜਕਦੀਆਂ ਤੇ ਹਿਚਕਿਚਾਉਂਦੀਆਂ ਹਨ (ਆਓ ਅਸੀਂ ਰਮਾਇਣ ਵਿਚ ਸੀਤਾ ਦੇ ਆਲੇ-ਦੁਆਲੇ ਖਿੱਚੀ ਗਈ ਲਕਸ਼ਮਣ-ਰੇਖਾ ਨੂੰ ਯਾਦ ਕਰੀਏ ਅਤੇ ਸੋਚੀਏ ਕਿ ਅੱਜ ਦੇ ਸਾਡੇ ਸਮਾਜ ਵਿਚ ਉਹ ਕਿਹੜੀਆਂ ਅਣਦਿਸਦੀਆਂ ਲਕਸ਼ਮਣ-ਰੇਖਾਵਾਂ ਹਨ ਜੋ ਮਰਦ-ਸੋਚ, ਔਰਤ-ਸੋਚ ਦੇ ਆਲੇ-ਦੁਆਲੇ ਖਿੱਚਦੀ ਹੈ ਜੋ ਉਨ੍ਹਾਂ ਦੇ ਸਰੀਰਕ ਵਿਹਾਰ 'ਤੇ ਪਾਬੰਦੀਆਂ ਲਾਉਂਦੀ ਹੈ)।

ਏਸ ਦਲੀਲ ਨੂੰ ਅਗਾਂਹ ਤੋਰਦਿਆਂ ਬਰਟਕੀ ਕਹਿੰਦੀ ਹੈ ਕਿ ਪਾਬੰਦੀਆਂ ਵਾਲੇ ਇਹ ਵਰਤਾਰੇ ਔਰਤਾਂ ਦੇ ਸਰੀਰਕ ਵਿਹਾਰ ਲਈ ਇਕ ਤਰ੍ਹਾਂ ਦੇ ਨੇਮ ਤੇ ਨਿਯਮ ਬਣ ਜਾਂਦੇ ਹਨ। ਇਹ ਵਰਤਾਰੇ ਖੇਡਾਂ ਜਾਂ ਹੋਰ ਕੰਮ ਜਿਨ੍ਹਾਂ ਵਿਚ ਸਰੀਰਕ ਬਲ ਦੀ ਜ਼ਿਆਦਾ ਲੋੜ ਹੁੰਦੀ ਹੈ, ਵਿਚ ਸਾਫ਼ ਤੇ ਸਪੱਸ਼ਟ ਤੌਰ 'ਤੇ ਦਿਖਾਈ ਦਿੰਦੇ ਹਨ। ਪਰ ਉਸ ਤੋਂ ਵੀ ਜ਼ਿਆਦਾ ਸਾਫ਼ ਤਰੀਕੇ ਨਾਲ ਇਹ ਵਰਤਾਰੇ ਸਧਾਰਨ ਜ਼ਿੰਦਗੀ ਵਿਚ ਦਿਖਾਈ ਦਿੰਦੇ ਹਨ ਜਿਹਦੇ ਵਿਚ ਔਰਤਾਂ ਬਹਿਣ ਖਲੋਣ ਤੇ ਤੁਰਨ ਫਿਰਨ ਲਈ ਸੰਕੋਚਵੇਂ ਤੇ ਬੰਦਸ਼ਮਈ ਅੰਦਾਜ਼ ਅਪਨਾ ਲੈਂਦੀਆਂ ਹਨ। ਜਿਹੜੀਆਂ ਔਰਤਾਂ ਇਨ੍ਹਾਂ ਬੰਦਸ਼ਮਈ ਅੰਦਾਜ਼ਾਂ ਦੀ ਉਲੰਘਣਾ ਕਰਦੀਆਂ ਹਨ, ਉਨ੍ਹਾਂ ਨੂੰ 'ਬੇਸ਼ਰਮ' ਜਾਂ 'ਚਾਲੂ' (loose) ਕਿਹਾ ਜਾਂਦਾ ਹੈ। ਜਰਮਨ ਫ਼ੋਟੋਗ੍ਰਾਫ਼ਰ ਮੈਰੀਅਨ ਵੈਕਸ ਦੀਆਂ ਖਿੱਚੀਆਂ ਤਸਵੀਰਾਂ ਦੇ ਹਵਾਲੇ ਨਾਲ ਬਰਟਕੀ ਦਰਸਾਉਂਦੀ ਹੈ ਕਿ ਕਿਵੇਂ ਬੱਸਾਂ, ਰੇਲ-ਗੱਡੀਆਂ, ਬਾਗ਼ਾਂ-ਬਗੀਚਿਆਂ, ਦਫ਼ਤਰਾਂ, ਹੋਟਲਾਂ ਤੇ ਹੋਰ ਸਰਵਜਨਕ ਸਥਾਨਾਂ ਵਿਚ ਔਰਤਾਂ ਇਸ ਤਰ੍ਹਾਂ ਦੇ ਸੰਕੋਚਮਈ ਢੰਗਾਂ ਨਾਲ ਬਹਿੰਦੀਆਂ-ਖਲੋਂਦੀਆਂ, ਚੱਲਦੀਆਂ-ਫਿਰਦੀਆਂ ਤੇ ਵਿਚਰਦੀਆਂ ਹਨ ਕਿ ਉਹ ਮਾਸੂਮ ਤੇ ਨੁਕਸਾਨ-ਰਹਿਤ ਲੱਗਣ ਜਦੋਂ ਕਿ ਮਰਦ ਆਜ਼ਾਦਾਨਾ ਤੌਰ-ਤਰੀਕਿਆਂ ਨਾਲ ਘੁੰਮਦੇ ਫਿਰਦੇ ਤੇ ਵਿਚਰਦੇ ਹਨ। ਮੈਰੀਅਨ ਵੈਕਸ ਸਾਡਾ ਧਿਆਨ ਮਰਦਾਂ ਦੇ ਬਹਿਣ ਦੇ ਇਕ ਖ਼ਾਸ ਅੰਦਾਜ਼ ਵੱਲ ਖਿੱਚਦੀ ਹੈ, ਜਿਸ ਨੂੰ ਉਹ "ਪੇਸ਼ਕਸ਼ ਕਰਨ ਵਾਲਾ ਆਸਣ ਜਾਂ ਅੰਦਾਜ਼" (Preferring Position) ਕਹਿੰਦੀ ਹੈ। ਇਸ ਅੰਦਾਜ਼ ਵਿਚ ਮਰਦ ਲੱਤਾਂ ਚੌੜੀਆਂ ਕਰਕੇ ਬਹਿੰਦੇ ਹਨ, ਉਨ੍ਹਾਂ ਦੇ ਚੱਡਿਆਂ ਦੇ ਜੋੜ ਬਾਹਰ ਨੂੰ ਉਲਰਦੇ ਹਨ, ਖਿਲਰਦੇ ਹਨ ਤੇ ਇਕ ਬਾਂਹ ਲਾਪਰਵਾਹੀ ਨਾਲ ਝੂਲਦੀ ਹੋਈ ਤੇ ਉਹ ਹੱਥ ਬੜੇ ਆਰਾਮ ਨਾਲ ਉਲਰੇ ਹੋਏ ਪੱਟ 'ਤੇ ਰੱਖਿਆ ਹੋਇਆ।

ਏਸ ਤਰ੍ਹਾਂ ਬਰਟਕੀ ਸਾਡਾ ਧਿਆਨ ਮਰਦਾਂ ਤੇ ਔਰਤਾਂ ਦੇ ਤੱਕਣ ਤੇ ਦੇਖਣ ਦੇ ਤਰੀਕਿਆਂ ਵੱਲ ਦਿਵਾਉਂਦੀ ਹੈ। ਮਰਦਾਂ ਦੀ ਪਰਖ-ਪੜਚੋਲ 'ਚੋਂ ਗੁਜ਼ਰਦਿਆਂ ਔਰਤਾਂ ਤੋਂ ਇਹ ਆਸ਼ਾ ਕੀਤੀ ਜਾਂਦੀ ਹੈ ਕਿ ਉਹ ਮਰਦਾਂ ਦੀਆਂ ਨਜ਼ਰਾਂ ਨਾਲ ਨਜ਼ਰਾਂ ਨਾ ਮਿਲਾਉਣ, ਨਜ਼ਰਾਂ ਨੀਵੀਆਂ ਰੱਖਣ, ਪਲਕਾਂ ਝੁਕਾ ਕੇ ਰੱਖਣ, ਧਰਮ-ਹਯਾ ਦੇ ਪਰਦੇ ਬਣਾਈ ਰੱਖਣ। 'ਚੰਗੀਆਂ' ਕੁੜੀਆਂ ਇਹ ਸਭ ਕੁਝ ਸਿੱਖ ਜਾਂਦੀਆਂ ਹਨ ਜਦੋਂ ਕਿ ਉਹ ਔਰਤਾਂ ਜੋ ਇਨ੍ਹਾਂ ਨੇਮਾਂ ਨੂੰ ਤੋੜਦੀਆਂ ਹਨ, ਜਿਵੇਂ ਉੱਪਰ ਕਿਹਾ ਗਿਆ ਹੈ ਉਨ੍ਹਾਂ ਨੂੰ 'ਬੇਸ਼ਰਮ' ਜਾਂ 'ਚਾਲੂ' ਕਿਹਾ ਜਾਂਦਾ ਹੈ। ਬਰਟਕੀ ਅਨੁਸਾਰ ਔਰਤਾਂ ਨੂੰ ਇਹ ਸਿਖਿਆ ਵੀ ਦਿੱਤੀ ਜਾਂਦੀ ਹੈ ਕਿ ਮਰਦਾਂ ਤੋਂ ਜ਼ਿਆਦਾ ਮੁਸਕਰਾਉਣ। ਔਰਤਾਂ ਲਈ ਟਕਸਾਲੀ ਸਮਝੀਆਂ ਜਾਂਦੀਆਂ ਬਹੁਤ ਸਾਰੀਆਂ ਨੌਕਰੀਆਂ ਵਿਚ ਕੋਮਲਤਾ, ਸਤਿਕਾਰ ਨਾਲ ਪੇਸ਼ ਆਉਣਾ, ਨਿਮਰ ਹੋਣਾ ਤੇ ਸੇਵਾ ਕਰਨ ਲਈ

ਉਹਦੇ (ਐਲਨ ਵੈਸਟ ਨਾਂ ਦੀ ਔਰਤ ਦੇ ਹਵਾਲੇ ਨਾਲ) ਕੋਲ ਵਧਣ ਫੁਲਣ, ਵਿਗਸਣ, ਤਰੱਕੀ ਕਰਨ ਤੇ ਆਪਣੇ ਆਪ ਨੂੰ ਅਰਥ ਭਰਪੂਰ ਬਣਾਉਣ ਦੇ ਜਿੰਨੇ ਵੀ ਮੌਕੇ ਸਨ, ਉਹ ਖ਼ਤਮ ਹੋ ਗਏ ਹਨ; ਕਿਉਂਕਿ ਆਪਣੇ ਸਰੀਰ 'ਤੇ ਕੇਂਦ੍ਰਿਤ ਉਹਦੀ ਖਬਤ ਬੁਨਿਆਦੀ ਤੌਰ 'ਤੇ ਉਸ ਤਸ਼ੱਦਦ ਦਾ ਪ੍ਰਗਟਾਉ ਹੈ ਜਿਹੜਾ ਤਸ਼ੱਦਦ ਉਹ ਆਪਣੀ ਰੂਹ 'ਤੇ ਕਰ ਰਹੀ ਹੈ।

–*ਕਿਮ ਚੈਰਨਿਨ*

"ਦੀ ਅਬਸੈਸ਼ਨ : ਰੀਫਲੈਕਸ਼ਨਜ਼ ਆਨ ਦੀ ਟਾਈਰਨੀ ਆਫ਼ ਸਲੈਂਡਰਨੈੱਸ"

ਹਰਦਮ ਤਿਆਰ ਰਹਿਣਾ ਆਦਿ ਨੂੰ ਨੌਕਰੀ ਦਾ ਜ਼ਰੂਰੀ ਹਿੱਸਾ ਮੰਨਿਆ ਜਾਂਦਾ ਹੈ। ਕੰਮ ਕਰਨ ਵਾਲੀ ਔਰਤ ਤੋਂ ਇਹ ਆਸ਼ਾ ਕੀਤੀ ਜਾਂਦੀ ਹੈ ਕਿ ਭਾਵੇਂ ਉਹਦੇ ਅੰਦਰੂਨੀ ਹਾਲਾਤ ਕਿੰਨੀ ਵੀ ਬੇਚੈਨੀ ਵਾਲੇ ਨਾ ਹੋਣ ਪਰ ਉਹ ਉਨ੍ਹਾਂ ਨੂੰ ਬਾਹਰ ਜ਼ਾਹਰ ਨਾ ਹੋਣ ਦੇਵੇ ਤੇ ਹੋਠਾਂ 'ਤੇ ਮੁਸਕਰਾਹਟ ਚਿਪਕਾਈ ਰੱਖੇ। ਭਾਵ ਕੰਮ ਕਰਨ ਵਾਲੀ ਔਰਤ ਅੰਦਰ ਭਾਵੇਂ ਕਿੰਨਾ ਵੀ ਰੌਲਾ ਕਿਉਂ ਨਾ ਪੈ ਰਿਹਾ ਹੋਵੇ ਪਰ ਬਾਹਰੀ ਤੌਰ 'ਤੇ ਮੁਸਕਰਾਉਂਦੀ ਹੋਈ ਪੁਤਲੀ ਬਣੀ ਰਹੇ। ਪਰ ਇਨ੍ਹਾਂ ਕਾਮੀਆਂ ਤੋਂ ਸਿਰਫ਼ ਕੋਮਲਤਾ ਦੀ ਹੀ ਆਸ਼ਾ ਹੀ ਨਹੀਂ ਕੀਤੀ ਜਾਂਦੀ ਸਗੋਂ ਇਹ ਵੀ ਆਸ਼ਾ ਕੀਤੀ ਜਾਂਦੀ ਹੈ ਕਿ ਉਨ੍ਹਾਂ ਦੇ ਹਾਵ–ਭਾਵ ਤੇ ਹਰਕਤਾਂ ਵਿਚ ਇਕ ਖ਼ਾਸ ਤਰ੍ਹਾਂ ਦੀ ਕਾਮੁਕਤਾ ਤੇ ਮਰਦ–ਮਨ ਨੂੰ ਲਭਾਉਣ ਵਾਲੇ ਅੰਦਾਜ਼ ਹੋਣ ਜਿਨ੍ਹਾਂ ਤੇ ਹਯਾ ਦਾ ਮਹੀਨ ਪਰਦਾ ਪਿਆ ਹੋਵੇ।

ਜ਼ਾਬਤਿਆਂ ਦੇ ਤੀਸਰੇ ਵਰਗ ਦੀਆਂ ਪਰਤਾਂ ਫਰੋਲਦੀ ਸਾਂਦਰਾ ਲੀ ਬਰਟਕੀ ਸਾਨੂੰ ਇਹ ਯਾਦ ਦਿਵਾਉਂਦੀ ਹੈ ਕਿ ਔਰਤ ਦਾ ਸਰੀਰ ਇਕ ਸ਼ਿੰਗਾਰਮਈ ਧਰਾਤਲ ਵੀ ਹੈ ਤੇ ਮਰਦ ਨੇ ਇਸ ਲਈ ਵੱਖਰੀ ਤਰ੍ਹਾਂ ਦਾ ਨਿਜ਼ਾਮ ਪੈਦਾ ਕੀਤਾ ਹੈ। ਇਸ ਨਿਜ਼ਾਮ ਦੇ ਕਈ ਹਿੱਸੇ ਹਨ। ਜਿਵੇਂ ਇਕ ਉਪ–ਵਰਗ ਹਿਦਾਇਤਾਂ ਦਿੰਦਾ ਹੈ ਕਿ ਔਰਤ ਦੀ ਚਮੜੀ ਕੋਮਲ, ਨਰਮ, ਕੂਲੀ, ਸਾਫ਼, ਸੋਹਲ, ਮੁਲਾਇਮ, ਚਿਕਨੀ ਤੇ ਵਾਲਹੀਣੀ ਹੋਣੀ ਚਾਹੀਦੀ ਹੈ। ਇਸ ਚਮੜੀ ਉੱਤੇ ਉਮਰ, ਅਨੁਭਵ, ਡੂੰਘੀ ਸੋਚ ਤੇ ਟੁੱਟ–ਭੱਜ ਦੀਆਂ ਪੈੜਾਂ ਨਹੀਂ ਝਲਕਣੀਆਂ ਚਾਹੀਦੀਆਂ। ਵਾਲ ਚਿਹਰੇ ਤੋਂ ਹੀ ਨਹੀਂ ਸਗੋਂ ਸਰੀਰ ਦੇ ਹੋਰਨਾਂ ਹਿੱਸਿਆਂ ਜਿਵੇਂ ਲੱਤਾਂ, ਬਾਹਾਂ, ਪੱਟਾਂ, ਕੱਛਾਂ, ਨੇਂਘ ਆਦਿ ਤੋਂ ਉਖਾੜ ਪਰ੍ਹੇ ਸੁੱਟਣੇ ਚਾਹੀਦੇ ਹਨ।

ਵਾਲਾਂ ਨੂੰ ਔਰਤ ਦੀ ਚਮੜੀ ਤੋਂ ਲਾਹੁਣ ਤੇ ਉਤਾਰਨ ਦੇ ਤਰੀਕਿਆਂ ਦੀ ਆਪਣੀ ਸਨਅਤ ਹੈ ਜਿਸ ਵਿਚ ਹਜ਼ਾਮਤ ਕਰਨਾ, ਚਮੜੀ 'ਤੇ ਰੇਗ–ਮਾਰ ਘਸਾਉਣਾ, ਵਾਲ–ਸਾਫ਼ ਕਰਨ ਵਾਲੀਆਂ ਕ੍ਰੀਮਾਂ ਤੇ ਘੋਲ ਲਗਾਉਣੇ, ਗਰਮ ਮੋਮ ਲਾਉਣੀ, ਪਾਣੀ ਥਾਣੀਂ ਬਿਜਲੀ ਲੰਘਾ ਕੇ ਵਾਲ ਲਾਹੁਣੇ, ਤਰ੍ਹਾਂ–ਤਰ੍ਹਾਂ ਦੀਆਂ ਲੇਜ਼ਰਾਂ ਨਾਲ ਵਾਲ ਉਤਾਰਨੇ, ਭਰਵੱਟਿਆਂ ਦੇ ਵਾਲਾਂ ਨੂੰ ਮੋਚਨਿਆਂ ਨਾਲ ਪੁੱਟਣਾ ਆਦਿ। ਗੱਲ ਕੀ ਔਰਤ ਦੀ ਚਮੜੀ ਨੂੰ ਏਦਾਂ ਰੰਦਿਆਂ ਤੇ ਛਿੱਲਿਆ ਜਾਣਾ ਚਾਹੀਦਾ ਹੈ ਕਿ ਉਹ ਕੋਮਲ ਤੇ ਮੁਲਾਇਮ ਲੱਗੇ।

ਨਾਰੀ ਸੁਹੱਪਣ ਨੂੰ ਕਾਇਮ ਰੱਖਣ ਲਈ ਸਲਾਹ ਦੇਣ ਵਾਲੇ ਮਾਹਰਾਂ ਦਾ ਆਪਣਾ ਸੰਸਾਰ ਹੈ ਜੋ ਦੱਸਦੇ ਹਨ ਕਿ ਔਰਤਾਂ ਨੂੰ ਚਿਹਰਿਆਂ 'ਤੇ ਸਖ਼ਤ ਤੇ ਪ੍ਰਚੰਡ ਹਾਵ–ਭਾਵ ਲਿਆਉਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਚਿਹਰੇ ਦੇ ਪੱਠਿਆਂ ਨੂੰ ਕਿਸ ਤਰ੍ਹਾਂ ਦੀ ਕਸਰਤ ਕਰਾਉਣੀ ਚਾਹੀਦੀ ਹੈ, ਚਮੜੀ ਦੀ ਸਾਂਭ–ਸੰਭਾਲ ਤੇ 'ਸਿਹਤ–ਮੰਦੀ' ਕਾਇਮ ਰੱਖਣ ਲਈ ਕਿਸ ਕਿਸ ਤਰ੍ਹਾਂ ਦੀਆਂ ਕਰੀਮਾਂ ਲਾਉਣੀਆਂ ਚਾਹੀਦੀਆਂ ਹਨ, ਪੋਰਾਂ 'ਚ ਫਸਿਆ ਗੰਦ ਕੱਢਣ ਲਈ ਕਿਹੜੇ ਲੋਸ਼ਨ ਲਾਉਣੇ ਚਾਹੀਦੇ ਹਨ। ਚਿਹਰਿਆਂ, ਹੱਥਾਂ ਤੇ ਸਰੀਰ ਦੇ ਵੱਖ–ਵੱਖ ਹਿੱਸਿਆਂ ਲਈ ਵੱਖ–ਵੱਖ ਤਰ੍ਹਾਂ ਦੀਆਂ ਕਰੀਮਾਂ ਹਨ, ਦਿਨ ਨੂੰ ਲਾਉਣ ਵਾਲੀਆਂ ਹੋਰ ਤੇ ਰਾਤਾਂ ਨੂੰ ਲਾਉਣ ਵਾਲੀਆਂ ਹੋਰ। ਤੇ ਫਿਰ ਮੇਕਅਪ ਨੂੰ ਲਾਹੁਣ ਵਾਲੇ ਲੋਸ਼ਨ ਹਨ। ਰੰਗ ਨੂੰ ਗੋਰੇ ਬਣਾਉਣ ਵਾਲੀਆਂ ਕਰੀਮਾਂ ਹਨ। ਚਿਹਰੇ ਨੂੰ ਭਾਫ਼ ਦੇਣ ਦੇ ਤਰੀਕੇ ਤੇ ਸੰਦ ਹਨ। ਝਿੰਮਣਾਂ ਨੂੰ ਸੰਵਾਰਨ ਲਈ ਤਰ੍ਹਾਂ–ਤਰ੍ਹਾਂ ਦੀਆਂ ਚੀਜ਼ਾਂ ਹਨ। ਨਹੁੰ–ਪਾਲਿਸ਼ਾਂ ਤੇ ਸੁਰਖੀਆਂ ਦਾ ਕੋਈ ਅੰਤ ਨਹੀਂ। ਪਰ ਇਨ੍ਹਾਂ ਸਭ ਕੰਮਾਂ ਉਪਰ ਇਕ ਖ਼ਾਸ ਤਰ੍ਹਾਂ ਦਾ ਜ਼ਾਬਤਾ ਹੈ ਕਿ ਸਭ ਕੁਝ ਕਰਨਾ 'ਸਲੀਕੇ' ਅਨੁਸਾਰ ਹੈ। ਜੋ ਔਰਤ ਇਹ ਸਭ ਕੁਝ 'ਸਲੀਕੇ' ਅਨੁਸਾਰ ਕਰੇਗੀ ਉਹ ਤਾਂ ਚੰਗੀ ਕਲਾਵੰਤ ਤੇ ਕਲਾਤਮਕ ਸੁਭਾਅ ਵਾਲੀ ਮੰਨੀ ਜਾਏਗੀ ਪਰ ਜਿਹੜੀ 'ਸਲੀਕੇ' ਤੋਂ 'ਗਾਂਹ ਜਾ ਕੇ ਕੋਈ ਸੁਰਖੀ, ਬਿੰਦੀ, ਕਰੀਮ ਦੀ ਵੱਧ ਵਰਤੋਂ ਕਰੇਗੀ, ਉਹ ਉਜੱਡ, ਗਵਾਰ ਤੇ ਲੱਚਰ।

ਇਹ ਸਭ ਕੁਝ ਕਿਉਂ ਹੁੰਦਾ ਹੈ ? ਬਰਟਕੀ ਲਿਖਦੀ ਹੈ ਕਿ ਸਾਨੂੰ ਦੱਸਿਆ ਜਾਂਦਾ ਹੈ ਕਿ ਇਹ ਖ਼ੁਦ ਔਰਤਾਂ ਹਨ ਜੋ ਇਕ ਦੂਸਰੇ ਤੋਂ ਚੰਗੀਆਂ ਤੇ ਸੋਹਣੀਆਂ ਦਿਸਣ ਲਈ ਇਹ ਸਭ ਕੁਝ ਕਰਦੀਆਂ ਹਨ। ਇਹਦੇ ਵਿਚ ਕੁਝ ਸੱਚ ਵੀ ਹੈ, ਪਰ ਅੰਦਰੋ-ਅੰਦਰੀ ਔਰਤਾਂ ਇਹ ਜਾਣਦੀਆਂ ਹਨ ਕਿ ਖੇਡ ਕਿਹਦੇ ਲਈ ਖੇਡੀ ਜਾ ਰਹੀ ਹੈ, ਮਰਦ-ਨਜ਼ਰ ਵਿਚ ਪਰਵਾਨ ਹੋਣ ਲਈ। ਇਕ ਸੋਹਣੀ ਸੁਨੱਖੀ ਜਾਬਤੇ 'ਚ ਸਜੀ ਜਵਾਨ ਕੁੜੀ ਦੇ ਕੋਲ ਏਅਰ-ਹੋਸਟੈੱਸ ਬਣਨ ਦੇ ਜ਼ਿਆਦਾ ਮੌਕੇ ਤੇ ਸੰਭਾਵਨਾਵਾਂ ਹਨ ਤੇ ਏਸੇ ਤਰ੍ਹਾਂ ਵੱਡੀ ਉਮਰ ਦੀ ਔਰਤ ਜੇ ਆਪਣੀ ਚਮੜੀ ਤੇ ਸਰੀਰ ਦੇ ਆਕਾਰ ਤੇ ਰੂਪ-ਸਰੂਪ ਦੀ ਸਾਂਭ-ਸੰਭਾਲ ਕਰ ਕੇ ਰੱਖੇ ਤਾਂ ਉਹਦੇ ਕੋਲ ਆਪਣੇ ਪਤੀ ਦੀਆਂ ਨਜ਼ਰਾਂ ਤੇ ਸਰੀਰਕ-ਸੰਸਾਰ ਵਿਚ ਜੀਵੰਤ ਰਹਿਣ ਦੀਆਂ ਸੰਭਾਵਨਾਵਾਂ ਜ਼ਿਆਦਾ ਹੋਣਗੀਆਂ। ਜਿਵੇਂ ਸਿਮੋਨ ਦੀ ਬੂਆ ਕਹਿੰਦੀ ਹੈ "ਇਹ ਮਰਦ ਲਈ ਹੈ ਕਿ ਅੱਖਾਂ ਨਿਰਮਲ ਝੀਲ ਵਰਗੀਆਂ ਹੋਣ ਤੇ ਗੱਲ੍ਹਾਂ, ਬਾਲਾਂ ਦੀਆਂ ਗੱਲ੍ਹਾਂ ਵਾਂਗ ਕੋਮਲ।"

ਬਰਟਕੀ ਅਨੁਸਾਰ ਅਜੋਕੇ ਪਿਤਰੀ ਸਭਿਆਚਾਰ 'ਚ ਵਿਚਰਦੀ ਹਰ ਔਰਤ ਦੀ ਚੇਤਨਾ ਦੇ ਅੰਦਰ ਇਕ ਮਰਦ-ਪਾਰਖੂ ਬੈਠਾ ਹੋਇਆ ਹੈ ਭਾਵ ਔਰਤਾਂ ਨੇ ਮਰਦ-ਸੋਚ ਨੂੰ ਆਤਮ-ਸਾਤ ਕਰ ਲਿਆ ਹੈ। ਮਰਦ-ਸੋਚ ਉਨ੍ਹਾਂ ਦੇ ਦਿਮਾਗ਼ ਅੰਦਰ ਘਰ ਕਰ ਗਈ ਹੈ। ਭਾਵੇਂ ਉਹ ਸੋਚਦੀਆਂ ਹਨ ਕਿ ਉਹ ਆਪਣੀ ਮਨਮਰਜ਼ੀ ਕਰ ਰਹੀਆਂ ਹਨ ਪਰ ਅਸਲ ਵਿਚ ਉਹ ਇਸ ਆਤਮ-ਸਾਤ ਕੀਤੀ ਮਰਦ-ਸੋਚ ਅਨੁਸਾਰ ਸਜਦੀਆਂ ਸੰਵਰਦੀਆਂ ਹਨ। ਇਸ ਤਰ੍ਹਾਂ ਔਰਤਾਂ ਹਮੇਸ਼ਾ ਆਪਣੇ ਅੰਦਰ ਆਤਮ-ਸਾਤ ਕੀਤੀ ਮਰਦ-ਸੋਚ ਤੇ ਮਰਦ-ਨਜ਼ਰ ਸਾਮ੍ਹਣੇ ਖਲੋਤੀਆਂ ਹੋਈਆਂ ਹਨ।

ਬਰਟਕੀ ਅਨੁਸਾਰ ਏਥੇ ਇਹ ਦਲੀਲ ਦਿੱਤੀ ਜਾ ਸਕਦੀ ਹੈ ਕਿ ਮਰਦ ਲਈ ਸਜਣਾ-ਸੰਵਰਨਾ ਕੋਈ ਤਾਹਣੇ-ਮਿਹਣੇ ਜਾਂ ਹੇਠੀ ਵਾਲੀ ਗੱਲ ਨਹੀਂ। ਨਾਟਕੀ-ਸੰਸਾਰ ਨਾਲ ਤੁਲਨਾ ਕਰਦਿਆਂ ਕਿਹਾ ਜਾ ਸਕਦਾ ਹੈ ਕਿ ਔਰਤਾਂ ਇਕ ਤਰ੍ਹਾਂ ਦੀ ਅਦਾਕਾਰੀ ਕਰ ਰਹੀਆਂ ਹਨ ਅਤੇ ਮਰਦ ਦਰਸ਼ਕ ਹਨ। ਬਰਟਕੀ ਅਨੁਸਾਰ ਇਸ ਤਰ੍ਹਾਂ ਦੀ ਦਲੀਲ ਗ਼ਲਤ ਹੈ। ਨਾਟਕਾਂ ਦੀ ਪੇਸ਼ਕਾਰੀ ਦੌਰਾਨ ਅਦਾਕਾਰ ਦਾ ਸਫ਼ਲ ਹੋਣਾ ਭਾਵੇਂ ਦਰਸ਼ਕ 'ਤੇ ਨਿਰਭਰ ਕਰਦਾ ਹੈ ਪਰ ਅਦਾਕਾਰ ਕਿਸੇ ਵੀ ਤਰ੍ਹਾਂ ਦਰਸ਼ਕ ਤੋਂ ਕਮਤਰ ਨਹੀਂ ਹੁੰਦਾ। ਅਦਾਕਾਰੀ ਕਿੱਤਾ ਹੈ ਜਦੋਂ ਕਿ ਔਰਤ ਦਾ ਮਰਦ-ਸੋਚ ਅਨੁਸਾਰ ਆਪਣੇ ਨਾਰੀਤਵ ਨੂੰ ਪੇਸ਼ ਕਰਨਾ, ਦਿਖਾਵਾ ਹੈ, ਮਰਦ-ਨਜ਼ਰ ਨੂੰ ਲੁਭਾਉਣ ਲਈ ਇਕ ਤਰ੍ਹਾਂ ਦਾ ਪ੍ਰਦਰਸ਼ਨ, ਤਮਾਸ਼ਾ, ਆਡੰਬਰ, ਇਕ ਤਰ੍ਹਾਂ ਦੀ ਸਪੈਕਟੇਕਲ। ਦੂਸਰੀ ਗੱਲ ਇਹ ਹੈ ਕਿ ਅਦਾਕਾਰਾਂ ਤੇ ਦਰਸ਼ਕਾਂ ਵਿਚਕਾਰਲਾ ਰਿਸ਼ਤਾ ਸਮਾਜਿਕ ਸ਼ਕਤੀ ਦੇ ਲਿੰਗ-ਅਧਾਰਿਤ ਸਮਤੋਲ 'ਤੇ ਨਿਰਭਰ ਨਹੀਂ ਕਰਦਾ ਜਦੋਂ ਕਿ ਆਮ ਜ਼ਿੰਦਗੀ ਵਿਚ ਮਰਦਾਂ ਤੇ ਔਰਤਾਂ ਵਿਚਲੇ ਰਿਸ਼ਤੇ ਸਮਾਜਿਕ ਸ਼ਕਤੀ ਦੀ ਲਿੰਗ-ਅਧਾਰਿਤ ਮਾਪ-ਦੰਡਾਂ ਦੇ ਮੁਥਾਜ ਤੇ ਅਧੀਨ ਹੁੰਦੇ ਹਨ। ਸਮਾਜ ਵਿਚ ਮਰਦ-ਸੋਚ 'ਤੇ ਅਧਾਰਿਤ ਨਾਰੀਤਵ ਤੇ ਸੁਹੱਪਣ ਦਾ ਮੁਹਾਵਰਾ ਤੇ ਸੌਂਦਰਯ ਸ਼ਾਸਤਰ ਇਹ ਤਹਿ ਕਰਦੇ ਹਨ ਕਿ ਨਾਰੀ ਕੋਮਲ, ਨਾਜ਼ੁਕ ਤੇ ਘੱਟ ਸ਼ਕਤੀਸ਼ਾਲੀ ਹੋਵੇ, ਉਹਦੇ ਪੱਠੇ ਘੱਟ ਵਿਕਸਤ ਹੋਏ ਹੋਣ, ਉਹਦੀ ਦੇਹ ਅਸੀਲ ਹੋਵੇ, ਜੋ ਮਰਦ ਦੀ ਜਿਸਮਾਨੀ ਬਦਸਲੂਕੀ ਅੱਗੇ ਟਿਕ ਨਾ ਸਕੇ। ਸਾਨੂੰ ਇਹ ਵੀ ਸਵੀਕਾਰ ਕਰਨਾ ਪਵੇਗਾ ਕਿ ਔਰਤਾਂ ਨਾਲ ਜਿਸਮਾਨੀ ਬਦਸਲੂਕੀ ਇਕ ਆਮ ਜਿਹੀ ਗੱਲ ਹੈ।




ਇਹ ਤਰਕ ਵੀ ਪੇਸ਼ ਕੀਤਾ ਜਾਂਦਾ ਹੈ ਕਿ ਸੋਹਣੀ ਤੇ ਕਾਮਮਈ ਦੇਹ ਸਮਾਜ ਵਿਚ ਸ਼ਲਾਘਾ ਖੱਟਦੀ ਹੈ। ਬਰਟਕੀ ਦੀ ਦਲੀਲ ਹੈ ਕਿ ਦੱਬੀ ਘੁਟਵੀਂ ਸ਼ਲਾਘਾ ਤਾਂ ਹੁੰਦੀ ਹੈ ਪਰ ਸੋਹਣੀ ਤੇ ਕਾਮਮਈ ਦੇਹ ਨੂੰ ਅਸਲੀ ਇੱਜ਼ਤ ਤੇ ਸਮਾਜਿਕ ਸ਼ਕਤੀ ਕਦੀ ਵੀ ਨਹੀਂ ਮਿਲਦੀ। ਦੱਬਵੀਂ ਘੁੱਟਵੀਂ ਸ਼ਲਾਘਾ ਦੇ ਨਾਲ-ਨਾਲ ਇਹ ਚਰਚਾ ਸ਼ੁਰੂ ਹੋ ਜਾਂਦੀ ਹੈ ਕਿ ਇਸ ਕੁੜੀ ਜਾਂ ਜ਼ਨਾਨੀ ਨੂੰ ਤਾਂ ਆਪਣੇ ਸੋਹਣੇ ਦਿਖਣ ਨਾਲ ਈ ਵਾਸਤਾ ਹੈ; ਇਹਦੇ ਸ਼ੌਕ ਸਜਣ-ਸੰਵਰਣ ਤਕ ਹੀ ਸੀਮਤ ਹਨ, ਜਿੰਦਾਂ ਅਸੀਂ ਪੰਜਾਬੀ ਵਿਚ ਕਹਿੰਦੇ ਹਾਂ ਏਹੋ ਜਿਹੀਆਂ ਕੁੜੀਆਂ (ਜਾਂ ਜ਼ਨਾਨੀਆਂ) ਨੇ ਹੋਰ ਕਰਨਾ ਵੀ ਕੀ ਹੈ।

ਬਰਟਕੀ ਦਾ ਖ਼ਿਆਲ ਹੈ ਕਿ ਨਾਰੀ-ਦੇਹ ਦੇ ਆਪਣੇ ਹੀਣੇ ਹੋਣ ਦੇ ਅਹਿਸਾਸ ਦਾ ਸਭ ਤੋਂ ਜ਼ਿਆਦਾ ਇਜ਼ਹਾਰ ਉਨ੍ਹਾਂ

ਔਰਤਾਂ ਆਪਣੇ ਸਰੀਰਾਂ ਨੂੰ ਪਤਲੇ ਕਰਨ ਤੇ ਰੱਖਣ ਦੀ ਖਬਤ ਨੂੰ ਪੂਰੀ ਕਰਨ ਦੀ ਕੋਸ਼ਿਸ਼ ਇਕਲਾਪੇ 'ਚ ਕਰਦੀਆਂ ਹਨ। ਇਕੱਲੀਆਂ, ਨਿਰਾਸ਼ਾ 'ਚ ਘਿਰੀਆਂ ਅਸੀਂ ਕਦੇ ਸ਼ੀਸ਼ੇ ਵੱਲ ਵੇਖਦੀਆਂ ਤੇ ਕਦੇ ਭਾਰ ਤੋਲਣ ਵਾਲੀ ਮਸ਼ੀਨ ਵੱਲ; ਆਪਣੇ ਸਰੀਰਾਂ ਨੂੰ ਘਟਾਉਣ ਦੀ ਤਮੰਨਾ 'ਤੇ ਆਸਵੰਦ ਹੁੰਦੀਆਂ ਤੇ ਫਿਰ ਨਿਰਾਸ਼ਾ 'ਚ ਘਿਰਦੀਆਂ ਹੋਈਆਂ।

–*ਕਿਮ ਚੈਰਨਿਨ*

"ਦੀ ਅਬਸੈਸ਼ਨ : ਰੀਫ਼ਲੈਕਸ਼ਨਜ਼ ਆਨ ਦੀ ਟਾਈਰਨੀ ਆਫ਼ ਸਲੈਂਡਰਨੈੱਸ"

ਬੰਦਸ਼ਮਈ ਤੌਰ-ਤਰੀਕਿਆਂ ਤੋਂ ਹੁੰਦਾ ਹੈ ਜਿਨ੍ਹਾਂ ਵਿਚ ਬੱਝੀਆਂ ਔਰਤਾਂ ਸੀਮਤ ਗਤੀਸ਼ੀਲਤਾ ਨਾਲ ਤੁਰਦੀਆਂ ਫਿਰਦੀਆਂ ਤੇ ਬਹਿੰਦੀਆਂ ਖਲੋਂਦੀਆਂ ਹਨ। ਬਰਟਕੀ ਦਲੀਲ ਦਿੰਦੀ ਹੈ ਔਰਤ ਦੇ ਬਹਿਣ ਖਲੋਣ ਦੇ ਸੁੰਗੜਵੇਂ ਤੇ ਸੰਕੋਚਵੇਂ ਅੰਦਾਜ਼ ਤੋਂ ਇਉਂ ਲੱਗਦਾ ਹੈ ਜਿਵੇਂ ਔਰਤ ਅਵਚੇਤਨ ਤੌਰ 'ਤੇ ਆਪਣੇ ਨੇਂਘ ਵਾਲੇ ਹਿੱਸੇ ਦੀ ਰਾਖੀ ਕਰ ਰਹੀ ਹੋਵੇ। ਬਰਟਕੀ ਅਨੁਸਾਰ ਔਰਤ ਦੀ ਟਕਸਾਲੀ ਸਰੀਰਕ ਭਾਸ਼ਾ ਇਕ ਕਸ਼ਮਕਸ਼ ਤੇ ਤਣਾਉ ਵਿਚ ਫਸੇ ਹੋਏ ਸਰੀਰ ਵਾਲੀ ਭਾਸ਼ਾ ਹੈ। ਆਪਣੇ ਆਪ ਨੂੰ ਸੰਗੜਾਉਣ ਜਾਂ ਆਪਣੇ ਆਪ ਵਿਚ ਸੁੰਗੜ ਕੇ ਰਹਿ ਜਾਣ ਵਾਲੀ ਸਰੀਰਕ ਭਾਸ਼ਾ ਹੈ। ਉਹਦੇ ਅਨੁਸਾਰ ਇਹ ਅਧੀਨਗੀ ਵਾਲੀ ਸਰੀਰਕ ਭਾਸ਼ਾ ਹੈ ਜੋ ਸਮਾਜ ਵਿਚ ਮਰਦ ਦੇ ਉੱਚੇ ਤੇ ਅਸਾਵੇਂ ਰੁਤਬੇ ਨੂੰ ਸਵੀਕਾਰ ਕਰਦੀ ਹੈ।

ਬਰਟਕੀ ਸਵਾਲ ਉਠਾਉਂਦੀ ਹੈ ਕਿ ਨਾਰੀਤਵ ਦਾ ਜ਼ਾਬਤਿਆਂ ਵਾਲਾ ਇਹ ਨਿਜ਼ਾਮ ਲਾਗੂ ਕੌਣ ਕਰਦਾ ਹੈ ? ਇਸ ਦੀ ਵਿਆਖਿਆ, ਉਹ ਫੂਕੋ ਦੇ ਸੂਖਮ-ਸ਼ਕਤੀ ਜਾਂ ਮਹੀਨ-ਤਾਕਤ (micro power) ਦੇ ਸਿਧਾਂਤ ਰਾਹੀਂ ਕਰਦੀ ਹੈ ਜਿਸ ਦਾ ਇਸ ਲੇਖ ਦੇ ਪਹਿਲੇ ਵਾਲੇ ਹਿੱਸੇ ਵਿਚ ਜ਼ਿਕਰ ਕੀਤਾ ਗਿਆ ਹੈ। ਪੁਰਾਣੇ ਵੇਲਿਆਂ ਦੇ ਪੱਛਮੀ ਸਮਾਜਾਂ ਵਿਚ ਕੋਈ ਮਰਦ ਔਰਤਾਂ ਵਾਲੇ ਕੱਪੜੇ ਪਾਉਂਦਾ ਜਾਂ ਔਰਤ ਮਰਦਾਂ ਵਾਲਾ ਲਿਬਾਸ ਪਹਿਨਦੀ ਤਾਂ ਉਨ੍ਹਾਂ ਨੂੰ ਕਾਨੂੰਨਨ ਗ੍ਰਿਫ਼ਤਾਰ ਕੀਤਾ ਜਾ ਸਕਦਾ ਸੀ। ਅਜੋਕੇ ਸਮਿਆਂ ਵਿਚ ਨਾਰੀਤਵ ਦਾ ਜ਼ਾਬਤਿਆਂ ਵਾਲਾ ਇਹ ਵਿਧਾਨ ਮਾਪਿਆਂ, ਅਧਿਆਪਕਾਂ ਤੇ ਸੰਚਾਰ ਦੇ ਸਾਧਨਾਂ ਰਾਹੀਂ ਸੰਚਾਰਿਤ ਤੇ ਲਾਗੂ ਹੁੰਦਾ ਹੈ। ਇਸ ਵਿਧਾਨ ਦੀਆਂ ਤੰਦਾਂ ਅਤਿਅੰਤ ਮਹੀਨ ਹਨ। ਇਹ ਘਰ-ਪਰਿਵਾਰ, ਸਕੂਲਾਂ-ਕਾਲਜਾਂ, ਧਾਰਮਿਕ ਸੰਸਥਾਵਾਂ ਤੇ ਹੋਰ ਸਮਾਜਿਕ ਅਦਾਰਿਆਂ ਦੀ ਰਗ਼-ਰਗ਼ ਵਿਚ ਸਮੋਇਆ ਹੋਇਆ ਹੈ। ਇਹ ਕਿਤੇ ਲਿਖਿਆ ਹੋਇਆ ਨਹੀਂ ਪਰ ਇਹ ਹਰ ਥਾਂ 'ਤੇ ਮੌਜੂਦ ਹੈ। ਖਿਲਰਿਆ ਹੋਇਆ ਹੈ, ਕਣ ਕਣ ਵਿਚ ਸਮਾਇਆ ਹੋਇਆ। ਇਹ ਹਰ ਖੇਤਰ ਤੇ ਹਰ ਸੰਸਥਾ ਵਿਚ ਮੌਜੂਦ ਹੈ ਤੇ ਸੰਸਥਾਵਾਂ ਤੋਂ ਆਜ਼ਾਦ ਵੀ। ਇਸ ਵਿਧਾਨ ਦੀ ਇਹ ਗੁੰਮਨਾਮੀ ਵਾਲੀ, ਹਰ ਥਾਂ 'ਤੇ ਇਕੋ ਵੇਲੇ ਹਾਜ਼ਰ ਤੇ ਗ਼ਾਇਬ ਰਹਿਣ ਵਾਲੀ ਤਾਕਤ ਹੀ ਇਸ ਦੀ ਅਸਲੀ ਤਾਕਤ ਹੈ।

• • •

ਇਸ ਸਾਰੀ ਬਹਿਸ ਦਾ ਨਤੀਜਾ ਕੀ ਨਿਕਲਦਾ ਹੈ ? ਬਰਟਕੀ ਅਨੁਸਾਰ ਜਿਹੜੀਆਂ ਔਰਤਾਂ ਇਨ੍ਹਾਂ ਸਰੀਰਕ ਜ਼ਾਬਤਿਆਂ ਦੀ ਉਲੰਘਣਾ ਕਰਦੀਆਂ ਹਨ, ਉਨ੍ਹਾਂ ਨੂੰ ਮਰਦਾਂ ਦੀ ਸਰਪ੍ਰਸਤੀ ਨਹੀਂ ਮਿਲਦੀ। ਮਨ-ਚਾਹੀਆਂ, ਨੌਕਰੀਆਂ ਨਹੀਂ ਮਿਲਦੀਆਂ। ਉਨ੍ਹਾਂ ਨੂੰ ਉਹ ਸਰੀਰਕ ਨਿੱਘ ਤੇ ਅਪਣੱਤ ਨਹੀਂ ਮਿਲਦੀ ਜੋ ਹਰ ਸਰੀਰ ਲਈ ਜ਼ਰੂਰੀ ਹੁੰਦੀ ਹੈ। ਬਹੁਤ ਵਾਰ ਅਜਿਹੀਆਂ ਔਰਤਾਂ ਨੂੰ ਆਪਣੇ ਆਪ 'ਤੇ ਸ਼ਰਮ ਆਉਂਦੀ ਹੈ। ਉਨ੍ਹਾਂ ਵਿਚ ਦੋਸ਼-ਭਾਵਨਾ ਪਨਪਦੀ ਹੈ ਕਿ ਉਨ੍ਹਾਂ ਦੇ ਸਰੀਰ ਮੋਟੇ, ਭੱਦੇ ਤੇ ਬੇਡੌਲ ਹਨ। ਏਥੇ ਬਰਟਕੀ ਸਵਾਲ ਉਠਾਉਂਦੀ ਹੈ ਕਿ ਔਰਤਾਂ ਇਨ੍ਹਾਂ ਸਰੀਰਕ ਜ਼ਾਬਤਿਆਂ ਦਾ ਵਿਰੋਧ ਕਿਉਂ ਨਹੀਂ ਕਰਦੀਆਂ ? ਉਹ ਨਾਰੀਵਾਦੀ (ਫੈਮਿਨਿਸਟ) ਕਿਉਂ ਨਹੀਂ ਬਣ ਜਾਂਦੀਆਂ ?

ਇਸ ਸਭ ਕੁਝ ਦਾ ਵਿਰੋਧ ਕਿਵੇਂ ਕੀਤਾ ਜਾਏ ? ਇਹਦੇ ਲਈ ਸਾਂਦਰਾ ਲੀ ਬਰਟਕੀ ਜੁਝਾਰੂ (ਰੈਡੀਕਲ) ਨਾਰੀਵਾਦੀ ਦਾ ਸਿਧਾਂਤ ਪੇਸ਼ ਕਰਦੀ ਹੈ ਭਾਵ ਬੁਨਿਆਦੀ ਤਬਦੀਲੀਆਂ ਚਾਹੁਣ ਵਾਲਾ ਨਾਰੀਵਾਦ। ਉਹਦੇ ਅਨੁਸਾਰ ਇਸ ਜੁਝਾਰੂ ਨਾਰੀਵਾਦ ਸਾਮ੍ਹਣੇ ਤਿੰਨ ਮੁੱਦੇ ਜਾਂ ਪ੍ਰਸ਼ਨ ਹਨ ਜਾਂ ਏਦਾਂ ਕਹਿ ਲਈਏ ਕਿ ਇਹਦੇ ਤਿੰਨ ਪਹਿਲੂ ਹਨ। ਪਹਿਲਾ ਮੁੱਦਾ

ਇਸ ਜੁਝਾਰੂ ਨਾਰੀਵਾਦ ਦੇ ਆਸ਼ੇ ਸੰਬੰਧੀ ਹੈ। ਇਹਦਾ ਪਹਿਲਾ ਆਸ਼ਾ ਹੈ, ਨਾਰੀ-ਦੇਹ ਦੇ ਪਿਤਰੀ ਸੋਚ-ਸਮਝ ਅਨੁਸਾਰ ਤਹਿ ਕੀਤੇ ਗਏ ਰੂਪ-ਸਰੂਪ ਤੇ ਆਕਾਰ ਦੇ ਸੰਕਲਪਾਂ ’ਤੇ ਪ੍ਰਸ਼ਨ ਕਰਨਾ ਤੇ ਉਨ੍ਹਾਂ ਨੂੰ ਨਕਾਰਣਾ। ਦੂਸਰਾ, ਇਹ ਜੁਝਾਰੂ ਨਾਰੀਵਾਦ ਔਰਤਾਂ ਤੋਂ ਇਹ ਮੰਗ ਕਰਦਾ ਹੈ ਕਿ ਉਹ ਏਹੋ ਜਿਹੇ ਕੰਮ ਕਰਨਾ ਛੱਡ ਦੇਣ ਜਿਨ੍ਹਾਂ ਨੂੰ ਕਰਨਾ ਔਰਤਾਂ ਲਈ ਬੜਾ ਹੀ ਕੁਦਰਤੀ ਮੰਨਿਆ ਜਾਂਦਾ ਹੈ (ਇਹਦੇ ਵਿਚ ਅਸੀਂ ਘਰਾਂ ਵਿਚ ਖਾਣਾ ਬਣਾਉਣਾ, ਭਾਂਡੇ ਮਾਂਜਣਾ, ਸਫ਼ਾਈਆਂ ਕਰਨਾ ਤੇ ਹੋਰ ਕਈ ਤਰ੍ਹਾਂ ਦੇ ਕੰਮਾਂ ਨੂੰ ਗਿਣ ਸਕਦੇ ਹਾਂ)। ਬਰਟਕੀ ਆਖਦੀ ਹੈ ਔਰਤਾਂ ਨੂੰ ਡੀਸਕਿਲ ਭਾਵ ਬੇਹੁਨਰੇ ਹੋਣ ਦੀ ਲੋੜ ਹੈ। ਬਰਟਕੀ ਅਨੁਸਾਰ ਔਰਤਾਂ ਨੂੰ ਚਾਹੀਦਾ ਹੈ ਕਿ ਉਹ ਕੰਮ ਕਰਨਾ ਬੰਦ ਕਰ ਦੇਣ ਜਿਨ੍ਹਾਂ ਨੂੰ ਕਰਨਾ ਔਰਤਾਂ ਦੀ ਕਿਸਮਤ ਮੰਨਿਆ ਜਾਂਦਾ ਹੈ।

ਜੁਝਾਰੂ ਨਾਰੀਵਾਦ ਦਾ ਤੀਸਰਾ ਪਹਿਲੂ ਇਹ ਹੈ ਕਿ ਇਹ (ਜੁਝਾਰੂ ਨਾਰੀਵਾਦ) ਨਾਰੀ ਦੀ ਨਿੱਜੀ ਪਛਾਣ ਦੇ ਉਸ ਪੱਖ ’ਤੇ ਪ੍ਰਸ਼ਨ ਲਾਉਂਦਾ ਹੈ ਜਿਹੜਾ ਪੱਖ ਇਸ ਪਛਾਣ ਨੂੰ ਬਣਾਉਣ ਤੇ ਸਿਰਜਣ ਨਾਲ ਜੁੜਿਆ ਹੈ। ਉਸ ਸੰਵੇਦਨਾ ਨਾਲ ਜੁੜਿਆ ਹੈ ਜਿਸ ਦੇ ਤਹਿਤ ਔਰਤਾਂ ਸਮਝਦੀਆਂ ਹਨ ਕਿ ਉਹ ਸਮਰੱਥ ਹੋ ਰਹੀਆਂ ਹਨ। ਬਰਟਕੀ ਅਨੁਸਾਰ ਬਹੁਤ ਸਾਰੀਆਂ ਔਰਤਾਂ ਸੁਹੱਪਣ ਦੇ ਉਨ੍ਹਾਂ ਮਾਪ-ਦੰਡਾਂ ਨੂੰ ਨਹੀਂ ਛੱਡਣਾ ਚਾਹੁਣਗੀਆਂ ਜਿਹਦੇ ਅਨੁਸਾਰ ਉਹ ਖ਼ੁਦ ਸਜਦੀਆਂ ਸੰਵਰਦੀਆਂ ਹਨ ਤੇ ਸਮਝਦੀਆਂ ਹਨ ਕਿ ਇਨ੍ਹਾਂ ਮਾਪਦੰਡਾਂ ਨੂੰ ਅਪਣਾ ਕੇ ਉਹ ਸੋਹਣੀਆਂ ਬਣ ਰਹੀਆਂ ਹਨ। ਇਸ ਤੋਂ ਜ਼ਿਆਦਾ ਉਹ ਤ੍ਰੀਮਤਪਣ ਦੇ ਉਸ ਸੰਕਲਪ ਨੂੰ ਨਹੀਂ ਛੱਡਣਾ ਚਾਹੁਣਗੀਆਂ ਜਿਹੜਾ ਪਿਤਰੀ ਸਮਾਜ ਉਨ੍ਹਾਂ ਲਈ ਬਣਾ ਚੁੱਕਾ ਹੈ। ਉਨ੍ਹਾਂ ਨੂੰ ਡਰ ਲੱਗੇਗਾ ਕਿ ਜੇ ਏਦਾਂ ਹੋਇਆ ਤਾਂ ਉਹ ਤ੍ਰੀਮਤਾਂ ਨਹੀਂ ਰਹਿਣਗੀਆਂ। ਉਨ੍ਹਾਂ ਨੂੰ ਲੱਗੇਗਾ ਕਿ ਉਨ੍ਹਾਂ ਦੀ ਹੋਂਦ ਤੇ ਹਸਤੀ ਓਦੋਂ ਤੱਕ ਹੀ ਕਾਇਮ ਹਨ ਜਦ ਤਕ ਉਹ ਸਰੀਰਕ ਤੌਰ ’ਤੇ ਦਿਲ-ਲੁਭਾਉਣੀਆਂ ਤੇ ਮਰਦਾਂ ਨੂੰ ਖਿੱਚ ਪਾਉਣ ਵਾਲੀਆਂ ਨੇ। ਉਨ੍ਹਾਂ ਨੂੰ ਲੱਗੇਗਾ ਕਿ ਜੁਝਾਰੂ ਨਾਰੀਵਾਦ ਦੀ ਇਹ ਵਿਉਂਤ ਉਨ੍ਹਾਂ ਦੀ ਹਸਤੀ ਨੂੰ ਮਿਟਾ ਦੇਵੇਗੀ; ਤੇ ਜੇ ਮਿਟਾਏਗੀ ਨਹੀਂ ਤਾਂ ਘੱਟੋ ਘੱਟ ਉਨ੍ਹਾਂ ਨੂੰ ਸਿੱਧ-ਪੱਧਰੀਆਂ ਤੇ ਅਣਇੱਛਤ ਵਸਤਾਂ ਵਿਚ ਬਦਲ ਦਏਗੀ। ਜੁਝਾਰੂ ਨਾਰੀਵਾਦ ਦਾ ਇਹ ਪਹਿਲੂ ਔਰਤਾਂ ਨੂੰ ਲੋਚਾ ਤੇ ਕਾਮਨਾ ਤੋਂ ਵਿਰਵੇ ਕਰ ਦੇਣ ਵਾਲਾ (ਡੀਸੈਕਸੂਅਲਆਈਜ਼) ਪੱਖ ਲੱਗੇਗਾ।

ਬਰਟਕੀ ਅਨੁਸਾਰ ਮਰਦਾਨਗੀ ਤੇ ਨਾਰੀਤਵ ਦੇ ਰਵਾਇਤੀ ਸੰਕਲਪ ਸਾਨੂੰ ਸਮਾਜ ਵਿਚ ਆਪਣੀ ਨਿੱਜੀ ਪਛਾਣ ਦਾ ਖਾਕਾ ਸਿਰਜਣ ਵਿਚ ਮਦਦ ਕਰਦੇ ਹਨ (ਭਾਵ ਨਾਰੀਤਵ ਦੇ ਸੰਕਲਪ ਨੂੰ ਪ੍ਰਣਾਈ ਹੋਈ ਨਾਰੀ ਝੱਟ ਸਮਝ ਜਾਂਦੀ ਹੈ ਕਿ ਉਹਨੇ ਕਿਹੋ ਜਿਹੇ ਕੱਪੜੇ ਪਾਉਣੇ ਨੇ, ਕਿਦਾਂ ਦਾ ਵਿਹਾਰ ਕਰਨਾ ਹੈ ਤੇ ਉਹਦਾ ਸਮਾਜ ਵਿਚ ਕੀ ਸਥਾਨ। ਮਰਦ ਵੀ ਏਦਾਂ ਹੀ ਮਰਦ ਹੋਣ ਦੀ ਸਮਝ ਨੂੰ ਸਵੀਕਾਰ ਕਰਦੇ ਹਨ ਕਿ ਉਨ੍ਹਾਂ ਨੇ ਕਿਹੜੇ ਕੰਮ ਕਰਨੇ ਹਨ ਜੋ ਕਰਕੇ ਉਹ ਮਰਦ ਬਨਣ, ਉਨ੍ਹਾਂ ਨੇ ਮਰਦਾਨਗੀ ਕਿਵੇਂ ਵਿਖਾਉਣੀ ਹੈ ਆਦਿ।)। ਇਸ ਤਰ੍ਹਾਂ ਮਰਦਾਨਗੀ ਤੇ ਨਾਰੀਤਵ ਦੇ ਇਹ ਨਜ਼ਰੀਏ ਸਾਡੀ ਸਾਦੀ ਸਮਝ ਵਾਲੀ ਸਮਾਜਿਕ ਹੋਂਦ-ਮੀਮਾਂਸਾ (ontology ਭਾਵ ਅਸੀਂ ਇਹ ਕਿਵੇਂ ਸਮਝਦੇ ਹਾਂ ਕਿ ਸਮਾਜ ਕਿਵੇਂ ਬਣਦਾ ਹੈ) ਦੇ ਅਤਿਅੰਤ ਮਹੱਤਵਪੂਰਨ ਤੱਤ ਹਨ। ਕਿਹਾ ਜਾ ਸਕਦਾ ਹੈ ਕਿ ਜਿਵੇਂ ਕਿਸੇ ਧਰਮ ਨੂੰ ਮੰਨ ਕੇ ਬੰਦਾ ਸੌਖੀ ਤਰ੍ਹਾਂ ਜੀ ਸਕਦਾ ਹੈ (ਭਾਵ ਉਹਨੂੰ ਇਨ੍ਹਾਂ ਪ੍ਰਸ਼ਨਾਂ ਨਾਲ ਘੁਲਣਾ ਨਹੀਂ ਪੈਂਦਾ ਕਿ ਸੰਸਾਰ ਕਿਵੇਂ ਬਣਿਆ ਤੇ ਕਿਵੇਂ ਚੱਲਦਾ ਹੈ ? ਏਥੇ ਅਨਿਆਂ ਕਿਉਂ ਹੁੰਦਾ ਹੈ ? ਧਰਮ ਸਾਫ਼ ਤੌਰ ’ਤੇ ਦੱਸਦਾ ਹੈ ਕਿ ਇਹ ਸਭ ਕੁਝ ਪ੍ਰਭੂ ਹੀ ਕਰ ਰਿਹਾ ਹੈ), ਏਸੇ ਤਰ੍ਹਾਂ ਨਾਰੀਤਵ ਤੇ ਮਰਦਾਨਗੀ ਦੇ ਪ੍ਰਚਲਿਤ ਨਜ਼ਰੀਏ ਸਵੀਕਾਰ ਕਰਕੇ, ਮਰਦ ਤੇ ਔਰਤਾਂ ਸਮਾਜ ਵਿਚ ਆਪਣੇ ਦਿੱਤੇ ਹੋਏ ਕਿਰਦਾਰਾਂ ਨੂੰ ਸਵੀਕਾਰ ਕਰ ਲੈਂਦੇ ਹਨ ਤੇ ਉਨ੍ਹਾਂ ਨੂੰ ਉਨ੍ਹਾਂ ਮੌਲਿਕ ਪ੍ਰਸ਼ਨਾਂ ਨਾਲ ਘੁਲਣਾ ਨਹੀਂ ਪੈਂਦਾ ਜਿਹੜੇ ਇਨ੍ਹਾਂ ਰਵਾਇਤੀ ਸੰਕਲਪਾਂ ਤੇ ਪ੍ਰਸ਼ਨ-ਚਿੰਨ੍ਹ ਲਾਉਂਦੇ ਹਨ। ਇਸ ਤਰ੍ਹਾਂ ਨਾਰੀਤਵ ਦੀ ਸਮਾਜਿਕ ਸਮਝ ਤੇ ਪ੍ਰਸ਼ਨ ਲਾਉਂਦਾ ਹੋਇਆ ਜੁਝਾਰੂ ਨਾਰੀਵਾਦ ਉਸ ਸਮਝ ਲਈ ਹੀ ਖ਼ਤਰਾ ਪੈਦਾ ਨਹੀਂ ਕਰਦਾ ਜਿਹਦੇ ਅਨੁਸਾਰ ਔਰਤਾਂ ਆਪਣੀ ਪਛਾਣ ਸਿਰਜਦੀਆਂ ਹਨ ਸਗੋਂ ਇਹ ਔਰਤਾਂ ਦੇ ਆਪਣੇ ਅੰਦਰ ਤੇ ਬਾਹਰ ਬਣਾਏ ਗਏ ਤੇ ਸਵੀਕਾਰ ਕੀਤੇ ਗਏ ਸਮਾਜਿਕ ਸੰਸਾਰ ਉੱਤੇ ਵੀ ਹਮਲਾ ਕਰਦਾ ਹੈ।

ਬਰਟਕੀ ਕਹਿੰਦੀ ਹੈ ਕਿ ਬਹੁਤ ਸਾਰੀਆਂ ਨਾਰੀਵਾਦੀ ਚਿੰਤਕ ਔਰਤਾਂ ਉਨ੍ਹਾਂ ਸਿਆਸੀ ਤੇ ਆਰਥਿਕ ਅੰਦੋਲਨਾਂ ਦੀ ਹਿਮਾਇਤ ਕਰਦੀਆਂ ਹਨ ਜਿਹੜੇ ਔਰਤਾਂ ਲਈ ਬਰਾਬਰਤਾ ਦੀ ਮੰਗ ਕਰਦੇ ਹਨ। ਪਰ ਬਹੁਤ ਸਾਰੀਆਂ ਉਦਾਰਵਾਦੀ ਤੇ ਮਾਰਕਸੀ ਨਾਰੀਵਾਦੀ ਚਿੰਤਕ ਔਰਤਾਂ ਸਿਆਸੀ ਤੇ ਆਰਥਿਕ ਖੇਤਰਾਂ ਵਿਚ ਬਰਾਬਰਤਾ ਦੀ ਮੰਗ ਕਰਨ ਦੇ ਨਾਲ ਨਾਲ ਪਿਤਰੀ ਸਮਾਜ ਦੁਆਰਾ ਸਥਾਪਤ ਕੀਤੇ ਗਏ ਨਾਰੀਤਵ ਦੇ ਸੰਕਲਪ ਨੂੰ ਬਣਾਈ ਰੱਖਣਾ ਚਾਹੁੰਦੀਆਂ ਹਨ।

ਬਰਟਕੀ ਅਨੁਸਾਰ ਇਸ ਤਰ੍ਹਾਂ ਦਾ ਨਾਰੀਵਾਦ ਤਿਲਕਵਾਂ ਹੈ, ਅਸੰਗਤੀਆਂ ਨਾਲ ਭਰਿਆ ਹੋਇਆ ਹੈ, ਗ਼ਲਤ ਹੈ।

ਇਸ ਤਰ੍ਹਾਂ ਦੇ ਤਿਲਕਵੇਂ ਨਾਰੀਵਾਦ ਦਾ ਵਿਰੋਧ ਕਰਦਿਆਂ, ਬਰਟਕੀ ਫਿਰ ਫੂਕੋ ਦੇ ਵਿਚਾਰਾਂ ਦੀ ਤੰਦ ਫੜਦੀ ਹੈ। ਫੂਕੋ ਬੁਰਜੂਆ ਲੋਕਰਾਜ ਦਾ ਵਿਰੋਧ ਕਰਦਿਆਂ ਲਿਖਦਾ ਹੈ ਕਿ ਅੱਜ ਦੇ ਬੁਰਜੂਆ ਲੋਕਰਾਜ ਪ੍ਰਬੰਧਾਂ ਦਾ ਲੋਕਰਾਜ ਦਾ ਸੰਕਲਪ ਬਹੁਤ ਤਿੜਕਿਆ ਹੋਇਆ ਹੈ। ਕਿਉਂ ਤਿੜਕਿਆ ਹੋਇਆ ਹੈ ? ਇਸ ਲਈ ਤਿੜਕਿਆ ਹੋਇਆ ਹੈ ਕਿਉਂਕਿ (ਫੂਕੋ ਦੇ ਅਨੁਸਾਰ) ਇਕ ਪਾਸੇ ਬੁਰਜੂਆ ਲੋਕਰਾਜ ਮਨੁੱਖ ਦੀ ਆਜ਼ਾਦੀ ਲਈ ਪੁਕਾਰ ਕਰਦਾ ਹੈ ਪਰ ਦੂਸਰੇ ਪਾਸੇ ਇਹ (ਬੁਰਜੂਆ ਲੋਕਰਾਜ) ਉਹ ਮਹੀਨ ਤੰਦਾਂ ਵਾਲੀ ਤਾਕਤ (micro-power) ਲੋਚਦਾ ਹੈ ਜੋ ਮਨੁੱਖ ਨੂੰ ਅੰਦਰੂਨੀ ਤੌਰ 'ਤੇ ਗ਼ੁਲਾਮ ਬਣਾ ਦਿੰਦੀ ਹੈ। ਏਸ ਤਰ੍ਹਾਂ ਉਦਾਰਵਾਦੀ ਤੇ ਮਾਰਕਸੀ ਨਾਰੀਵਾਦ ਦੇ ਸੰਕਲਪ ਤਿੜਕੇ ਹੋਏ ਹਨ।

ਉਦਾਰਵਾਦੀ ਨਾਰੀਵਾਦੀ ਚਿੰਤਕ ਔਰਤਾਂ ਲਈ ਬਰਾਬਰ ਦੇ ਹੱਕਾਂ ਦੀ ਮੰਗ ਕਰਦੀਆਂ ਹਨ। ਮਾਰਕਸੀ ਨਾਰੀਵਾਦੀ ਚਿੰਤਕ ਔਰਤਾਂ ਇਹ ਮੰਗ ਕਰਦੀਆਂ ਕਿ ਔਰਤਾਂ ਨੂੰ ਖੇਤੀ ਤੇ ਸਨਅਤੀ ਪੈਦਾਵਾਰ ਦੇ ਖੇਤਰਾਂ ਵਿਚ ਬੰਦਿਆਂ ਦੇ ਬਰਾਬਰ ਹਿੱਸਾ ਤੇ ਹਕੂਕ ਦਿੱਤੇ ਜਾਣ, ਘਰ ਦੇ ਕੰਮ ਮਰਦ ਵੀ ਕਰਨ, ਪ੍ਰੋਲੇਤਾਰੀ ਇਨਕਲਾਬ ਵਿਚ ਔਰਤਾਂ ਬਰਾਬਰ ਦੀਆਂ ਹਿੱਸੇਦਾਰ ਹੋਣ। ਪਰ ਇਹ ਉਦਾਰਵਾਦੀ ਤੇ ਮਾਰਕਸੀ ਨਾਰੀਵਾਦੀ ਚਿੰਤਕ ਔਰਤਾਂ ਮਰਦਾਨਗੀ ਤੇ ਨਾਰੀਤਵ ਦੇ ਪਿਤਰੀ ਸੋਚ ਦੁਆਰਾ ਉਸਾਰੇ ਗਏ ਨਜ਼ਰੀਏ ਤੇ ਕਿੰਤੂ ਨਹੀਂ ਕਰਦੀਆਂ। ਨਾਰੀਤਵ ਮਰਦ ਦੁਆਰਾ ਪਰਿਭਾਸ਼ਤ ਤੇ ਨਿਸ਼ਚਤ ਕੀਤੇ ਗਏ ਸੰਕਲਪਾਂ 'ਚੋਂ ਕਿਵੇਂ ਉਭਰੇ ਤੇ ਬਾਹਰ ਆਵੇ, ਇਹ ਬਹੁਤ ਹੀ ਮੁਸ਼ਕਿਲ ਸਵਾਲ ਹੈ। ਨਾਰੀਤਵ ਨੂੰ ਇਸ ਨਜ਼ਰੀਏ ਕਿ ਨਾਰੀ-ਦੇਹ ਇਕ ਖ਼ਾਸ ਤਰ੍ਹਾਂ ਦੀ ਪੇਸ਼ਕਾਰੀ ਹੈ, ਤੋਂ ਅਗਾਂਹ ਜਾਣਾ ਪਵੇਗਾ। ਪਰ ਅਗਾਂਹ ਜਾਣ ਦਾ ਮਤਲਬ ਇਹ ਨਹੀਂ (ਬਰਟਕੀ ਅਨੁਸਾਰ) ਕਿ ਔਰਤਾਂ ਮਰਦਾਂ ਵਰਗੀਆਂ ਬਣ ਜਾਣ ਜਾਂ ਬਣ ਜਾਣ ਦਾ ਯਤਨ ਕਰਨ। ਅਗਾਂਹ ਜਾਣ ਦਾ ਮਤਲਬ ਇਹ ਵੀ ਨਹੀਂ ਕਿ ਔਰਤਾਂ ਮਰਦਾਨਗੀ ਦੇ ਮਾਡਲ ਵੱਲ ਤੱਕਣ। ਬਰਟਕੀ ਅਨੁਸਾਰ ਅਗਾਂਹ ਨੂੰ ਜਾਂਦਾ ਹੋਇਆ ਇਹ ਸਫ਼ਰ ਅਨੋਖਾ ਹੋਵੇਗਾ, ਜ਼ੋਖ਼ਮ ਨਾਲ ਭਰਿਆ, ਨਾਰੀ-ਦੇਹ ਨੂੰ ਏਦਾਂ ਤਬਦੀਲ ਕਰ ਦੇਣ ਵਾਲਾ ਜਿਸ ਦੀ ਕਲਪਨਾ ਹੁਣ ਤਕ ਨਹੀਂ ਕੀਤੀ ਗਈ।

• • •

ਅੱਜ ਦੇ ਪੰਜਾਬ ਵਿਚ ਧੀਆਂ ਨੂੰ ਗਰਭ ਵਿਚ ਹੀ ਮਾਰ ਦਿੱਤਾ ਜਾਂਦਾ ਹੈ। ਅੱਜ ਦੇ ਪੰਜਾਬ ਵਿਚ ਗਾਏ ਜਾ ਰਹੇ ਪੰਜਾਬੀ ਗੀਤਾਂ ਵਿਚ ਔਰਤ-ਦੇਹ ਨੂੰ ਨਜ਼ਾਰਾ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਭਰਾਵਾਂ ਤੇ ਪਰਿਵਾਰਾਂ ਦੀ ਭਲਾਈ ਲਈ ਧੀਆਂ ਨੂੰ ਬਦੇਸ਼ਾਂ ਵਿਚ ਧੱਕਣ ਲਈ ਸੌਦੇ ਹੁੰਦੇ ਹਨ। ਕੋਈ ਕੁੜੀ ਜਾਤ ਤੋਂ ਬਾਹਰਲਾ ਸਾਥੀ ਲੋਚੇ ਤਾਂ ਉਹਨੂੰ ਪਰਿਵਾਰ ਤੇ ਸਮਾਜ ਦੀ ਹਰ ਪੱਧਰ 'ਤੇ ਵਿਰੋਧ ਦਾ ਸਾਮ੍ਹਣਾ ਕਰਨਾ ਪੈਂਦਾ ਹੈ; ਹੋ ਸਕਦਾ ਹੈ ਉਹਦਾ ਜਾਂ ਉਹਦੇ ਮੀਤ ਦਾ ਕਤਲ ਹੀ ਕਰ ਦਿੱਤਾ ਜਾਏ। ਅੱਜ ਦੇ ਪੰਜਾਬ ਨੂੰ ਆਪਣੀਆਂ ਸਾਂਦਰਾ ਲੀ ਬਰਟਕੀਆਂ ਦੀ ਲੋੜ ਹੈ।

• • •

### *ਸੰਦਰਭ ਪੁਸਤਕਾਂ ਤੇ ਟਿੱਪਣੀਆਂ*


- ਸਾਂਦਰਾ ਲੀ ਬਰਟਕੀ, "ਫੈਮਨਿਨਿਟੀ ਐਂਡ ਡਾਮੀਨੇਸ਼ਨ : ਸਟਡੀਜ਼ ਇਨ ਫਿਨਾਮੀਨਾਲੋਜੀ ਆਫ਼ ਆਪਰੈਸ਼ਨ (ਥਿੰਕਗ ਜੈਂਡਰ), ਰਾਊਟਲੈਜ ਪਬਲਿਸ਼ਰਜ਼, 1971
- ਸਿਮੋਨ ਦੀ ਬੁਆ, 'ਦੀ ਸੈਕੰਡ ਸੈਕਸ', ਐਵਰੀਮੈਨ ਪਬਲਿਸ਼ਰਜ਼, ਲੰਡਨ, 1993.
- ਰੋਜ ਵਾਈਤਸ, 'ਦੀ ਪਾਲੇਟਿਕਸ ਆਫ ਵੁਮੈਨ'ਜ ਬਾਡੀਜ, ਸੈਕਸੁਐਲਟੀ, ਅਪੀਰੈਂਸਜ ਐਂਡ ਬੀਹੇਵੀਅਰ', ਆਕਸਫੋਰਡ ਯੂਨੀਵਰਸਿਟੀ ਪ੍ਰੈੱਸ, ਨਿਊਯਾਰਕ, 1998.
- ਕਿਮ ਚੈਰਨਿਨ, "ਦੀ ਆਬਸੈਸ਼ਨ : ਰੀਫਲੈਕਸ਼ਨਜ਼ ਆਨ ਦੀ ਟਾਈਰਨੀ ਆਫ ਸਲੈਂਡਰਨੈੱਸ", ਹਾਰਪਰ ਪੈਰੀਨਅਲ ਪਬਲਿਸ਼ਰਜ਼, 1994.
- ਨਿਓਮੀ ਵੁਲਫ, "ਬਿਊਟੀ ਮਿਥ : ਹਾਊ ਇਮੇਜਜ ਆਫ ਬਿਊਟੀ ਆਰ ਯੂਜਿਡ ਅਗੇਨਸਟ ਵੁਮੈਨ', ਵਿੰਟੈਜ ਪਬਲਿਸ਼ਰਜ਼, 1991.
- ਸ਼ਾਹਿਦ ਅਨਵਰ, 'ਸਾਰਾ' (ਨਾਟਕ), ਪੰਜਾਬੀ ਅਨੁਵਾਦ : ਤੇਜਿੰਦਰ ਬਾਵਾ, ਪ੍ਰਵੇਸ਼ ਅੰਕ ਵਾਹਗਾ, ਜਨਵਰੀ 2016.


• • •

ਇਹ ਲੇਖ **ਸਾਂਦਰਾ ਲੀ ਬਰਟਕੀ** ਦੀ ਪੁਸਤਕ ("ਫੈਮਨਿਨਿਟੀ ਐਂਡ ਡਾਮੀਨੇਸ਼ਨ : ਸਟਡੀਜ਼ ਇਨ ਫਿਨਾਮੀਨਾਲੋਜੀ ਆਫ਼ ਆਪਰੈਸ਼ਨ (ਥਿੰਕਗ ਜੈਂਡਰ), ਰਾਊਟਲੈਜ ਪਬਲਿਸ਼ਰਜ਼, 1971) ਦੇ ਲੇਖ "ਫੂਕੋ, ਫੈਮਨਿਨਿਟੀ ਐਂਡ ਮਾਡਰਨਾਈਜੇਸ਼ਨ ਆਫ਼ ਪੈਟਰੀਆਰਕਲ ਪਾਵਰ' ਵਿਚਲੀਆਂ ਧਾਰਨਾਵਾਂ ਨੂੰ ਪੇਸ਼ ਕਰਨ ਦਾ ਸੀਮਤ ਜਿਹਾ ਯਤਨ ਹੈ।

ਜਨਮ ਸ਼ਤਾਬਦੀ ਵਿਸ਼ੇਸ਼



# ਉਪੇਰਿਆਂ ਵਾਲੀ ਸ਼ੀਲਾ ਭਾਟੀਆ

ਕੇਵਲ ਧਾਲੀਵਾਲ

ਸੌ ਵਰ੍ਹੇ ਪਹਿਲਾਂ 1916 ਵਿਚ ਜਨਮੀ ਸ਼ੀਲਾ ਭਾਟੀਆ ਨੂੰ ਪੰਜਾਬੀ ਨਾਟ ਉਪੇਰਾ ਦੀ ਜਨਮ ਦਾਤੀ ਕਿਹਾ ਜਾਂਦਾ ਹੈ। ਉਸਨੇ ਭਾਰਤੀ ਰੰਗਮੰਚ ਰਾਹੀਂ ਪੰਜਾਬੀ ਉਪੇਰੇ ਨੂੰ ਕੌਮੀ ਪਹਿਜਾਣ ਦਵਾਈ। ਭਾਵੇਂ ਉਹ ਸਰੀਰਕ ਤੌਰ ’ਤੇ ਇਸ ਵੇਲੇ ਰੰਗਮੰਚ ਦੀ ਦੁਨੀਆ ਵਿਚ ਨਹੀਂ ਹੈ ਪਰ ਉਸ ਵੱਲੋਂ ਪੰਜਾਬੀ ਰੰਗਮੰਚ ਲਈ ਕੀਤੇ ਕੰਮ ਹਮੇਸ਼ਾ ਹੀ ਜ਼ਿੰਦਾ ਰਹਿਣਗੇ। ਉਹ ਪਹਿਲੀ ਪੰਜਾਬੀ ਰੰਗਕਰਮੀ ਅਭਿਨੇਤਰੀ ਸੀ, ਜਿਸ ਨੂੰ ਏਸ਼ੀਆ ਦੇ ਸਭ ਤੋਂ ਵੱਡੇ ਥੀਏਟਰ ਇੰਸਟੀਚਿਊਟ ਨੈਸ਼ਨਲ ਸਕੂਲ ਆਫ਼ ਡਰਾਮਾ ਨਵੀਂ ਦਿੱਲੀ ਵਿਚ ਬਤੌਰ ਐਕਟਿੰਗ ਅਧਿਆਪਕ ਵਜੋਂ 14 ਸਾਲ ਪੜ੍ਹਾਉਣ ਦਾ ਮੌਕਾ ਮਿਲਿਆ। ਉਸ ਨੇ “ਦਿੱਲੀ ਆਰਟ ਥੀਏਟਰ” ਨਾਮ ਤੇ ਪ੍ਰੋਫ਼ੈਸ਼ਨਲ ਥੀਏਟਰ ਗਰੁੱਪ ਬਣਾ ਕੇ ਸਰਗਰਮੀਆਂ ਕੀਤੀਆਂ। ਸ਼ੀਲਾ ਭਾਟੀਆ ਦਾ ਬਚਪਨ ਸਿਆਲਕੋਟ ’ਚ ਗੁਜਰਿਆ। ਉਸ ਸਮੇਂ ਦਾ ਮਾਹੌਲ ਚੰਗਾ ਸੀ। ਉਸਦੀ ਮੁਢਲੀ ਪੜਾਈ ਸਿਆਲਕੋਟ ਤੋਂ ਹੀ ਹੋਈ। ਉਹ ਜਦੋਂ ਪੰਜਵੀਂ ’ਚ ਪੜ੍ਹਦੀ ਸੀ, ਉਸ ਨੂੰ ਵਜੀਫ਼ਾ ਮਿਲਣਾ ਸ਼ੁਰੂ ਹੋ ਗਿਆ ਸੀ। ਪੰਜ ਰੁਪਏ ਮਹੀਨਾ। ਉਨ੍ਹਾਂ ਦਿਨਾਂ ’ਚ ਪੰਜ ਰੁਪਏ ਕਾਫ਼ੀ ਜ਼ਿਆਦਾ ਹੁੰਦੇ ਸਨ। ਉਸ ਤੋਂ ਬਾਅਦ ਉਹ ਇਕ ਮਿਸ਼ਨ ਸਕੂਲ ’ਚ ਗਈ, ਜਿੱਥੋਂ ਉਸਨੇ 10ਵੀਂ ਪਾਸ ਕੀਤੀ। 5ਵੀਂ ਜਮਾਤ ਤੋਂ ਮਿਲਣ ਵਾਲਾ ਵਜੀਫ਼ਾ ਪੜ੍ਹਾਈ ਪੂਰੀ ਹੋਣ ਤੱਕ ਉਸਨੂੰ ਮਿਲਦਾ ਰਿਹਾ। ਉਸਨੂੰ ਕਾਲਜ ’ਚ ਵੀਹ ਰੁਪਏ ਮਿਲਦੇ ਸਨ। ਉਸ ਸਮੇਂ ਦੇ ਹਿਸਾਬ ਨਾਲ ਕਾਫ਼ੀ ਵੱਡੀ ਰਕਮ ਸੀ। ਕਾਲਜ

ਸਿਆਲਕੋਟ 'ਚ ਤਾਂ ਹੈ ਨਹੀਂ ਸੀ, ਇਸ ਲਈ ਉਸ ਨੂੰ ਲਾਹੌਰ ਜਾਣਾ ਪਿਆ। ਬਚਪਨ ਤੋਂ ਹੀ ਉਸ ਨੂੰ ਤੁਕਬੰਦੀ ਦਾ ਸ਼ੌਕ ਸੀ। ਆਪਣੀਆਂ ਸਹੇਲੀਆਂ ਦੇ ਨਾਲ ਬੈਠ ਕੇ ਉਹ ਜੋੜ-ਤੋੜ ਕਰਦੀ ਸੀ। ਇਕ ਲਾਈਨ ਉਹ ਬੋਲਦੀ ਅਤੇ ਦੂਜੀ ਕੋਈ ਹੋਰ। ਇਸ ਤਰ੍ਹਾਂ ਲਿਖਣ ਦਾ ਸ਼ੌਕ ਵੀ ਬਚਪਨ ਤੋਂ ਹੀ ਜਾਗਣ ਲੱਗਾ ਸੀ :

*"ਉਠ ਖੜ ਕੁੜੀਏ ਮੁਟਿਆਰੇ ਨੀ, ਤੇਰਾ ਦੇਸ਼ ਤੈਨੂੰ ਲਲਕਾਰੇ ਨੀ*
*ਤੂੰ ਆਪੇ ਭੁਖ ਮਿਟਾਣੀ ਏਂ, ਤੂੰ ਆਪੇ ਨੰਗ ਮਿਟਾਣੀ ਏਂ*
*ਇੱਜ਼ਤ ਤੂੰ ਆਪ ਬਚਾਣੀ ਏਂ, ਸਾਡੇ ਲੀਡਰ ਸੁਣਨੋਂ ਹਾਰੇ ਨੀ।*

"ਉਠ ਖੜ੍ਹ ਕੁੜੀਏ ਮੁਟਿਆਰੇ ਨੀ" ਵੰਡ ਤੱਕ ਉਸਨੇ ਅਜਿਹੇ ਸੈਂਕੜੇ ਗੀਤ ਲਿਖੇ। ਗੀਤ ਬਹੁਤ ਹਰ-ਦਿਲ-ਅਜ਼ੀਜ਼ ਹੋਏ। ਇਹਨਾਂ ਗੀਤਾਂ ਨੂੰ ਉਸਨੇ ਸਟੇਜ ਉਪਰ ਪੇਸ਼ ਕਰਨਾ ਸ਼ੁਰੂ ਕੀਤਾ। ਉਸਦੇ ਗੀਤ ਸਿਆਸੀ ਹਰਕਤ ਦੇ ਬਹੁਤ ਨੇੜੇ ਸੀ। ਉਹ ਵੱਖ-ਵੱਖ ਪਹਿਲੂਆਂ 'ਤੇ ਗੀਤ ਲਿਖਦੀ ਰਹਿੰਦੀ। ਸਟੇਜ ਉਪਰ ਉਨ੍ਹਾਂ ਨੂੰ ਛੋਟੇ ਜਿਹੇ ਸੰਗੀਤ ਨਾਟਕ ਦੇ ਰੂਪ 'ਚ ਪੇਸ਼ ਕੀਤਾ ਜਾਂਦਾ। ਵੰਡ ਦਾ ਸਮਾਂ ਆਉਣ ਤੱਕ ਉਹ ਹਿਸਟਰੀ ਆਫ਼ ਕਾਂਗਰਸ ਮੂਵਮੈਂਟ ਗੀਤਾਂ ਦੀ ਸ਼ਕਲ 'ਚ ਲਿਖ ਚੁੱਕੀ ਸੀ। ਸ਼ੁਰੂਆਤ ਇਕ ਗੀਤ ਤੋਂ ਹੋਈ, ਫਿਰ ਕਦੇ-ਕਦੇ ਦੋ ਗੀਤ ਵੀ ਲਿਖੇ ਜਾਂਦੇ, ਕਦੇ ਤਿੰਨ ਵੀ। ਇਹ ਜਿਹੜਾ ਸ਼ੌਕ ਸ਼ੁਰੂ ਹੋਇਆ ਤਾਂ ਵਧਦਾ ਹੀ ਗਿਆ। 'ਹੁੱਲੇ-ਹੁਲਾਰੇ' ਆਜ਼ਾਦੀ ਦੀ ਜੰਗ ਦਾ ਇਤਿਹਾਸ ਸੀ। ਸ਼ੀਲਾ ਭਾਟੀਆ ਗੀਤ ਸਿਰਫ਼ ਆਪਣਾ ਦੁੱਖ ਰੋਣ ਲਈ ਨਹੀਂ ਲਿਖ ਰਹੀ ਸੀ, ਉਹ ਕੌਮ ਦੇ ਬਾਰੇ 'ਚ, ਮੁਲਕ ਦੇ ਬਾਰੇ 'ਚ ਗੀਤ ਲਿਖ ਰਹੀ ਸੀ। ਥੀਏਟਰ ਦਾ ਇਹ ਅੰਦਾਜ਼, ਦੇਖਣ ਵਾਲਿਆਂ ਨੂੰ ਬਹੁਤ ਪਸੰਦ ਆਇਆ। ਦਰਸ਼ਕਾਂ ਦੀ ਗਿਣਤੀ 'ਚ ਵਾਧਾ ਹੋਇਆ। ਉਸਨੇ 1944 ਵਿਚ ਲਿਖਿਆ :

*ਹੁੱਲੇ ਹੁਲਾਰੇ ਹੁੱਲੇ ਹੁੱਲੇ ਹੁੱਲੇ*
*ਹੈ ਕੋਈ ਨੇੜੇ ਤੇੜੇ*
*ਨੀ ਇਕ ਗੱਲ ਸੁਣਾਵਾਂ*
*ਏਹਨੂੰ ਸੁੱਟ ਨਾ ਪਾਣਾ*
*ਕੀਕਣ ਆਏ ਫਿਰੰਗੀ*
*ਬੈਠੇ ਬਣ ਕੇ ਵਪਾਰੀ*
*ਆਏ ਅੱਗ ਲੈਣ ਨੂੰ*
*ਬੈਠੇ ਬਣ ਘਰਵਾਲੇ*
*ਏਹੇ ਜੇਹੇ ਨੀਚ ਫਿਰੰਗੀ ਨੂੰ*
*ਪੁਚਾ ਦਿਉ ਪਾਰ ਫਿਰੰਗੀ ਨੂੰ"*

ਇਸ ਓਪੇਰੇ ਦੇ ਲਾਹੌਰ ਤੇ ਅੰਮ੍ਰਿਤਸਰ ਵਿਚ 20 ਤੋਂ ਵੱਧ ਸ਼ੋਅ ਹੋਏ ਪਰ ਅੰਗਰੇਜ਼ ਸਰਕਾਰ ਨੂੰ ਇਸ ਉਪੇਰੇ ਵਿਚ ਬਗਾਵਤ ਨਜ਼ਰ ਆਈ ਤੇ ਅੰਗਰੇਜ਼ਾਂ ਨੇ ਇਸ ਉਪੇਰੇ ਵਿਚ ਕੰਮ ਕਰਨ ਵਾਲੀਆਂ ਸੱਤ ਕੁੜੀਆਂ (ਉਮਾ ਗੁਰਬਖਸ਼ ਸਿੰਘ, ਉਰਮਿਲਾ, ਪ੍ਰਤਿਮਾ, ਸ਼ਕੁੰਤਲਾ, ਸ਼ੀਲਾ ਸੰਧੂ, ਸੁਰਜੀਤ ਕੌਰ ਅਤੇ ਇਕ ਹੋਰ) ਨੂੰ ਇਕ ਮਹੀਨਾ ਅੰਮ੍ਰਿਤਸਰ ਦੀ ਜੇਲ੍ਹ ਭੇਜ ਦਿੱਤਾ। ਸ਼ੀਲਾ ਭਾਟੀਆ ਨੇ 1942 ਦੇ ਲਗਭਗ ਲਾਹੌਰ ਤੋਂ ਹੀ ਸ਼ੁਰੂਆਤ ਕੀਤੀ ਤੇ ਫੇਰ ਔਰਤਾਂ ਦੀ ਇਕ ਟੋਲੀ ਰਾਹੀਂ ਕ੍ਰਾਂਤੀਕਾਰੀ ਅੰਦੋਲਨ ਦੇ ਵਿਚ ਹਿੱਸਾ ਵੀ ਪਾਇਆ। ਉਸੇ ਦੌਰ 'ਚ ਲਾਹੌਰ ਇਪਟਾ ਦੀ ਬ੍ਰਾਂਚ ਬਣੀ। ਇਹ ਕਮਿਊਨਿਸਟ ਪਾਰਟੀ ਦਾ ਸਭਿਆਚਾਰਕ ਵਿੰਗ ਸੀ ਉਸਦੀ ਇਕ ਇਕਾਈ ਦਾ ਮੈਂਬਰ ਸ਼ੀਲਾ ਭਾਟੀਆ ਨੂੰ ਬਣਾਇਆ ਗਿਆ। ਸ਼ੀਲਾ ਭਾਟੀਆ ਨੇ ਸ਼ਾਂਤਾ ਗਾਂਧੀ ਦੇ ਨਾਟਕਾਂ ਦਾ ਪ੍ਰਭਾਵ ਵੀ ਕਬੂਲਿਆ। ਉਦੋਂ ਇਪਟਾ ਦਾ ਬੋਲਬਾਲਾ ਸੀ। ਸਭਿਆਚਾਰਕ ਪ੍ਰੋਗਰਾਮ ਰਾਹੀਂ ਲੋਕਾਂ ਤੱਕ ਪਹੁੰਚਣਾ, ਉਨ੍ਹਾਂ ਦੇ ਦਿਮਾਗ 'ਚ ਗਾ ਕੇ, ਨੱਚ ਕੇ ਜਾਂ ਨਾਟਕ ਦੇ ਰਾਹੀਂ ਸਿਆਸੀ ਸਵਾਲ ਵੀ ਅਤੇ ਜਵਾਬ ਵੀ ਪਾਉਣੇ ਇਕ ਪੁਰ -ਅਸਰ ਗੱਲ ਸੀ ਅਤੇ ਸੈਂਕੜੇ ਲੋਕ ਇਹ ਪ੍ਰੋਗਰਾਮ ਦੇਖਦੇ ਸਨ। ਸ਼ੀਲਾ ਭਾਟੀਆ ਨੇ ਲੋਕਾਂ ਤੱਕ ਪਹੁੰਚਣ ਦਾ ਇਹ ਇਕ ਬਹੁਤ ਵਧੀਆ ਤਰੀਕਾ ਸੋਚਿਆ ਸੀ। ਇਹ ਗੱਲ ਵੀ ਸੋਚਣ ਦੀ ਹੈ ਕਿ ਕਾਂਗਰਸ ਜਾ ਕਿਸੇ ਹੋਰ ਪਾਰਟੀ ਨੇ ਇਹ ਕਿਉਂ ਨਹੀਂ ਸੋਚਿਆ ? ਬੰਬਈ ਇਪਟਾ ਨੇ ਬੰਗਾਲ ਕਾਲ ਦੇ ਦੌਰਾਨ ਪੈਸੇ ਜਮ੍ਹਾਂ ਕਰਨ ਲਈ ਲਾਹੌਰ 'ਚ ਇਕ ਪ੍ਰੋਗਰਾਮ ਕੀਤਾ। ਉਹ ਪ੍ਰੋਗਰਾਮ ਇੰਨਾ ਅਸਰਦਾਰ ਸੀ ਕਿ ਦਰਸ਼ਕਾਂ 'ਚੋਂ ਕੁਝ ਔਰਤਾਂ ਨੇ ਆਪਣੀਆਂ ਸੋਨੇ ਦੀਆਂ ਚੂੜੀਆਂ ਲਾਹ ਕੇ ਸਟੇਜ 'ਤੇ ਸੁੱਟ ਦਿੱਤੀਆਂ। ਬੰਬਈ ਇਪਟਾ ਦੇ ਸ਼ੋਅ ਤੋਂ ਪ੍ਰਭਾਵਿਤ ਹੋ ਕੇ ਸ਼ੀਲਾ ਭਾਟੀਆ ਨੇ ਇਕ ਗੀਤ ਲਿਖਿਆ ਸੀ, ਜਿਹੜਾ ਜਦੋਂ ਮਜਮੇ 'ਚ ਗਾਇਆ ਜਾਂਦਾ ਤਾਂ ਸੁਣਨ ਵਾਲੇ ਹਜ਼ਾਰਾਂ ਲੋਕਾਂ ਦੀਆਂ ਅੱਖਾਂ ਭਰ ਆਉਂਦੀਆਂ। 'ਸਾਡਾ ਲੁਟਿਆ ਵੇ ਦੇਸ ਅਮੋਲ, ਹਿੰਦੀਓ ਵੇ ਬਖਬਰੇ' ਇੰਨਾਂ ਹੀ ਨਹੀਂ, ਇਕ ਸਾਲ ਬਾਅਦ ਓਥੇ ਹੀ ਆਸ-ਪਾਸ ਕੋਈ ਹੋਰ ਕਾਨਫਰੰਸ ਸੀ। ਸ਼ੀਲਾ ਭਾਟੀਆ ਨੂੰ ਉਥੇ ਜਾਣ ਦਾ ਮੌਕਾ ਮਿਲਿਆ ਤਾਂ ਉਥੇ ਇਕ ਔਰਤ ਉਸਨੂੰ ਮਿਲੀ। ਸਿਰ 'ਤੇ ਪਾਣੀ ਦਾ ਘੜਾ ਚੁੱਕ ਕੇ, ਉਹ ਤੁਰਦੀ-ਤੁਰਦੀ ਸ਼ੀਲਾ ਭਾਟੀਆ ਦੇ ਸਾਹਮਣੇ ਆ ਕੇ ਖੜ੍ਹੀ ਹੋ ਗਈ, ਅਤੇ ਕਹਿਣ ਲੱਗੀ, 'ਤੁਸੀਂ ਓਹੀ ਹੋ

ਨਾ ਜਿਹਨੇ ਪਿਛਲੇ ਸਾਲ ਬੰਗਾਲ ਰੋਇਆ ਸੀ ?' ਦਿਲ ਨੂੰ ਛੂ ਜਾਣ ਵਾਲੇ ਇਸ ਹਾਦਸੇ ਨੂੰ ਸ਼ੀਲਾ ਭਾਟੀਆ ਕਦੇ ਨਹੀਂ ਭੁੱਲ ਸਕੀ। ਇਕ ਤਰ੍ਹਾਂ ਨਾਲ ਇਸ ਦੀ ਸ਼ੁਰੂਆਤ ਲਾਹੌਰ ਵਿਚੋਂ ਹੀ ਹੋ ਗਈ ਸੀ। ਲਾਹੌਰ ਵਿਚ ਹੀ ਸ਼ੀਲਾ ਭਾਟੀਆ ਤੇ ਕਈ ਹੋਰ ਲੜਕੀਆਂ ਨੇ ਮਿਲ ਕੇ ਹਿੰਦੂ-ਮੁਸਲਮਾਨ ਦੰਗਿਆਂ ਦੇ ਖ਼ਿਲਾਫ਼ ਕਵਿਤਾਵਾਂ ਤੇ ਗੀਤ ਲਿਖੇ। ਇਹਨਾਂ ਨੂੰ ਜਾ ਜਾ ਕੇ ਸ਼ੀਲਾ ਭਾਟੀਆ ਤੇ ਸਾਥੀ ਗਾਉਂਦੇ ਸੀ ਤੇ ਮੰਚਿਤ ਕਰਦੇ ਸੀ। ਉਹਨਾਂ ਸਭ ਦਾ ਇਕ ਕਿਤਾਬਚਾ ਲਾਹੌਰ ਵਿਚ ਛਪਿਆ ਵੀ ਸੀ ਪਰ ਹੁਣ ਉਹ ਸਭ ਉਪਲਬਧ ਨਹੀਂ। ਉਹਨਾਂ ਸਾਰੇ ਗੀਤਾਂ ਨੂੰ ਭਾਰਤ ਆ ਕੇ 'ਚੰਨ ਬੱਦਲਾਂ ਦਾ' ਦੇ ਮਾਧਿਅਮ ਰਾਹੀਂ ਸ਼ੀਲਾ ਭਾਟੀਆ ਨੇ ਪੁਨਰ-ਜੀਵਤ ਕਰਨ ਦੀ ਕੋਸ਼ਿਸ਼ ਜ਼ਰੂਰ ਕੀਤੀ ਸੀ ਪਰ ਸ਼ੀਲਾ ਭਾਟੀਆ ਦੀ ਸੰਜੀਦਗੀ ਨਾਲ ਪੇਸ਼ੇਵਰ ਰੰਗਕਰਮ ਦੀ ਸ਼ੁਰੂਆਤ, ਪੰਜਾਬ ਦੀ ਵੰਡ ਤੋਂ ਬਾਅਦ ਹੀ ਹੋਈ। ਜਦੋਂ ਦੇਸ਼ ਵੰਡਿਆ ਗਿਆ ਤਾਂ ਸ਼ੀਲਾ ਭਾਟੀਆ ਕਸ਼ਮੀਰ ਗਈ ਹੋਈ ਸੀ, ਆਪਣੀ ਇਕ ਸਹੇਲੀ ਆਚਾਰੀਆ ਦੇ ਨਾਲ। ਸ਼ੀਲਾ ਭਾਟੀਆ ਤੇ ਉਹ ਜਿਵੇਂ-ਤਿਵੇਂ ਕਰਕੇ ਜੰਮੂ ਪਹੁੰਚੇ। ਓਡੀਅਨ ਸਿਨੇਮਾ ਵਾਲੇ ਲਾਹੌਰ ਤੋਂ ਹੀ ਉਹਨਾਂ ਦੇ ਦੋਸਤ ਸੀ। ਉਹਨਾਂ ਨੇ ਇਕ ਕੋਨੇ ਵਿਚ ਉਹਨਾਂ ਲਈ ਪਲੰਘ ਲੁਆ ਦਿੱਤੇ ਤੇ ਸਹਾਰਾ ਦਿੱਤਾ। ਦਿੱਲੀ ਆ ਕੇ ਸ਼ੀਲਾ ਭਾਟੀਆ ਨੇ ਇਕ ਨੌਕਰੀ ਕੀਤੀ ਤੇ ਬਾਕਾਇਦਾ ਥੀਏਟਰ ਕਰਨਾ ਸ਼ੁਰੂ ਕੀਤਾ। ਉਸਨੇ ਆਪਣੇ ਮੁੱਢਲੇ ਨਾਟਕ ਦਿੱਲੀ ਦੀਆਂ ਬੱਸਾਂ ਵਿਚ ਸਫ਼ਰ ਕਰਦੇ ਹੋਏ ਲਿਖੇ। ਇਸ ਦੌਰਾਨ ਉਹ ਇਕ ਸਾਲ ਲਈ ਸ਼ੇਖ ਅਬਦੁੱਲਾ ਅਤੇ ਸਾਦਿਕ ਸਾਹਿਬ ਦੇ ਸੱਦੇ 'ਤੇ ਕਸ਼ਮੀਰ ਵਿਚ ਸਭਿਆਚਾਰਕ ਗਤੀਵਿਧੀਆਂ ਦੇ ਸੰਯੋਜਨ ਲਈ ਗਈ। ਉਥੋਂ ਵਾਪਸ ਆਈ ਤਾਂ ਕਮਲਾ ਦੇਵੀ ਚਟੋਪਾਧਿਆਇ ਨੇ ਰਾਸ਼ਟਰੀ ਨਾਟ ਵਿਦਿਆਲਾ ਸ਼ੁਰੂ ਕਰਨ ਦੀ ਜ਼ਿੰਮੇਵਾਰੀ ਦਿੱਤੀ। ਜਦੋਂ ਐਨ. ਐਸ. ਡੀ. ਸ਼ੁਰੂ ਹੋਇਆ ਤਾਂ ਨੇਮੀ ਚੰਦਰ ਜੈਨ ਸੀ ਤੇ ਸ਼ੀਲਾ ਭਾਟੀਆ ਸੀ। ਸ਼ੀਲਾ ਭਾਟੀਆ ਐਕਟਿੰਗ ਵਿਭਾਗ ਦੀ ਚੇਅਰਮੈਨ ਸੀ। ਇਸੇ ਦੌਰਾਨ ਉਹ ਲਗਾਤਾਰ ਦਿੱਲੀ ਆਰਟ ਥੀਏਟਰ ਨਾਲ ਵੀ ਜੁੜੀ ਰਹੀ।ਉਹ ਜਦੋਂ ਕਸ਼ਮੀਰ ਤੋਂ ਵਾਪਸ ਆਈ ਤਾਂ ਇਕ ਅੰਬੈਸੀ 'ਚ ਕੰਮ ਕਰਨ ਲੱਗੀ। ਉਹ ਰੋਜ਼ ਬੱਸ ਰਾਹੀਂ ਹੀ ਅੰਬੈਸੀ ਦਫ਼ਤਰ ਜਾਂਦੀ ਹੁੰਦੀ ਸੀ। 'ਹੀਰ-ਰਾਂਝਾ' ਲਿਖਣ ਦੇ ਦੌਰਾਨ ਬੱਸ ਦੇ ਸਫ਼ਰ 'ਚ ਕੁਝ ਬੋਲ ਉਸਦੇ ਦਿਮਾਗ 'ਚ ਆਉਂਦੇ ਸੀ, ਜਿਨ੍ਹਾਂ ਦੀ ਧੁਨ ਉਹ ਬਣਾਉਂਦੀ ਸੀ, ਅਤੇ ਬਚਪਨ 'ਚ ਗੱਤੇ 'ਤੇ ਬਣਾਈ ਸਰਗਮ ਦੇ ਨਿਸ਼ਾਨਾਂ ਦੀ ਤਰ੍ਹਾਂ ਕਾਗਜ਼ 'ਤੇ ਧੁਨਾਂ ਦੀ ਨੋਟੇਸ਼ਨ ਵੀ ਬਣਾ ਲੈਂਦੀ ਸੀ। ਹਾਲਾਂਕਿ ਉਹ ਇਕ ਫੁੱਲ-ਟਾਈਮ ਨੌਕਰੀ ਕਰਦੀ ਸੀ, ਫਿਰ ਵੀ ਸਾਰਿਆਂ ਲਈ ਸਮਾਂ ਕੱਢ ਲੈਂਦੀ ਸੀ। ਸਿਰਜਣਾਂ ਦੇ ਪਲਾਂ ਦਾ ਤਾਂ ਮੰਜ਼ਰ ਹੀ ਹੋਰ ਹੁੰਦਾ ਹੈ, ਮਸਤੀ ਈ ਹੋਰ ਹੁੰਦੀ ਹੈ, ਕਪੈਸਿਟੀ ਵੀ ਹੋਰ ਤਰ੍ਹਾਂ ਦੀ ਹੁੰਦੀ ਹੈ। ਇਸ ਤਰ੍ਹਾਂ 'ਹੀਰ-ਰਾਂਝਾ' ਲਿਖਿਆ ਗਿਆ। ਮੈਂ ਐਨ. ਐਸ. ਡੀ. ਪੜ੍ਹਦਿਆਂ 1988 ਵਿਚ 'ਹੀਰ ਰਾਂਝਾ' ਦੀ ਪੇਸ਼ਕਾਰੀ ਨਹਿਰੂ ਸ਼ਤਾਬਦੀ ਥੀਏਟਰ ਫੈਸਟੀਵਲ ਦੌਰਾਨ ਵੇਖੀ ਹੈ।'ਹੀਰ-ਰਾਂਝਾ' ਸਭ ਤੋਂ ਪਹਿਲੀ ਵਾਰ 1956 'ਚ ਹੋਇਆ। ਇਸਦੇ ਵਿਚਕਾਰ ਉਸਦਾ ਨਾਟ-ਗਰੁੱਪ ਲਗਾਤਾਰ ਦੂਸਰੇ ਨਾਟਕ ਕਰਦਾ ਰਿਹਾ। 'ਹੀਰ ਰਾਂਝਾ' ਜਦੋਂ ਸ਼ੁਰੂ ਹੋਇਆ ਅਤੇ ਉਹ ਇੰਨਾ ਮਸ਼ਹੂਰ ਹੋਇਆ ਕਿ ਸ਼ੀਲਾ ਭਾਟੀਆ ਤੇ ਉਸਦੀ ਟੀਮ ਨੇ ਇਹ ਸੋਚ ਲਿਆ ਕਿ ਲੋਕ ਤਾਂ ਸਾਨੂੰ ਇਸ ਤਰ੍ਹਾਂ ਦੀ ਪੇਸ਼ਕਾਰੀ ਤੋਂ ਜਾਣਦੇ ਹਨ। ਓਹੋ ਜਿਹਾ ਹੀ ਕੁਝ ਹੁੰਦਾ ਰਹਿਣਾ ਚਾਹੀਦਾ।

ਸ਼ੀਲਾ ਭਾਟੀਆ ਜੀ ਇਕ ਗੱਲਬਾਤ ਦੌਰਾਨ ਕਹਿੰਦੇ ਨੇ ਕਿ ਜਦੋਂ 'ਹੀਰ-ਰਾਂਝਾ' ਉਪਰ ਕੰਮ ਕਰ ਰਹੀ ਸੀ ਤਾਂ ਮੈਨੂੰ ਬਚਪਨ ਦੀ ਗੱਲ ਯਾਦ ਸੀ ਕਿ ਲੜਕੀਆਂ ਹੀਰ ਨਹੀਂ ਪੜ੍ਹਦੀਆਂ। ਮੈਂ ਵਾਰਿਸ ਸ਼ਾਹ ਦੀ 'ਹੀਰ' ਪੜ੍ਹਨੀ ਸ਼ੁਰੂ ਕੀਤੀ। ਉਹਦੇ ਨਾਲ ਹੋਰ ਚੀਜ਼ਾਂ ਨੂੰ ਵੀ ਪੜ੍ਹਿਆ। ਇਸ ਵਿਚ ਕਾਫ਼ੀ ਸੰਭਾਵਨਾਵਾਂ ਨਜ਼ਰ ਆਈਆਂ। ਮੈਂ ਕੁਝ ਛੋਟ ਵੀ ਲਈ। ਵਾਰਿਸ ਸ਼ਾਹ ਦੀ ਕਹਾਣੀ 'ਚ ਹੀਰ ਦਾ ਚਾਚਾ ਉਸਨੂੰ ਜ਼ਹਿਰ ਦਿੰਦਾ ਹੈ ਅਤੇ ਮੈਂ ਮਾਂ ਤੋਂ ਜ਼ਹਿਰ ਦੁਆਇਆ, ਜਿਸ ਨੂੰ ਪੂਰੇ ਪਿੰਡ ਦਾ ਪ੍ਰਭਾਵ ਅਜਿਹਾ ਕਰਨ ਲਈ ਮਜ਼ਬੂਰ ਕਰਦਾ ਹੈ। 'ਹੀਰ-ਰਾਂਝਾ' ਦੀ ਖ਼ਾਸ ਗੱਲ ਇਹ ਸੀ ਕਿ ਉਸਨੇ ਆਮ ਬੋਲ-ਚਾਲ ਦੀਆਂ ਗੱਲਾਂ ਵੀ ਕਲਾਕਾਰਾਂ ਤੋਂ ਗਵਾਈਆਂ। ਜਿਵੇਂ 'ਹੀਰੇ ਨੀ ਹੀਰੇ ਰਾਂਝੜੇ ਨੇ ਤੈਨੂੰ ਖੂਹ 'ਤੇ ਬੁਲਾਇਆ'। ਕਦੇ ਸੋਚਿਆ ਵੀ ਨਹੀਂ ਜਾ ਸਕਦਾ ਕਿ ਡਾਇਲਾਗ ਗਾਏ ਵੀ ਜਾ ਸਕਦੇ ਹਨ। ਮਾਂ ਹੀਰ ਨੂੰ ਸਮਝਾ ਰਹੀ ਹੈ, ਪਿੰਡ ਦੀਆਂ ਔਰਤਾਂ ਲੜ ਰਹੀਆਂ ਹਨ, ਉਸ ਨੂੰ ਜ਼ਹਿਰ ਦੇ ਰਹੀਆਂ ਹਨ, ਚਾਚਾ ਸ਼ਿਕਾਇਤ ਕਰ ਰਿਹਾ ਹੈ। ਇਹ ਸਾਰਾ ਸੰਗੀਤ 'ਚ ਗਾਇਆ ਜਾ ਰਿਹਾ ਸੀ। ਪਤਾ ਨਹੀਂ ਇਹ ਸਾਰਾ ਕੁੱਝ ਸ਼ੀਲਾ ਭਾਟੀਆ ਨੇ ਕਿਵੇਂ ਸਿਰਜਿਆ, ਇਹ ਕਮਾਲ ਸੀ। ਸ਼ਾਇਦ ਕਿਤੇ, ਉਸਦੀ ਸੋਲ 'ਚ ਇਹ ਧੁਨਾਂ, ਇਹ ਗੀਤ, ਦੱਬੇ ਪਏ ਹੋਣਗੇ। ਕੁਝ ਤਜਰਬੇ ਕਰਨ ਦੀ ਖਾਹਸ਼ ਉਸਦੇ ਅੰਦਰ ਕਿੱਤੇ ਲੁਕੀ ਹੋਵੇਗੀ। ਪਰ ਨਤੀਜਾ ਬਹੁਤ ਵਧੀਆ ਸੀ। 'ਹੀਰ-ਰਾਂਝਾ' ਦੀ ਪੇਸ਼ਕਾਰੀ ਭਾਰਤੀ ਰੰਗਮੰਚ ਅੰਦਰ ਇਹ ਇਕ ਨਵਾਂ ਮੋੜ ਮੰਨਿਆ ਗਿਆ ਸੀ। 'ਹੀਰ-ਰਾਂਝਾ' ਤੋਂ ਪਹਿਲਾਂ ਸੰਗੀਤ ਨਾਟਕ ਅਕਾਦਮੀ ਅਤੇ ਅਜਿਹੇ ਹੀ ਅਦਾਰੇ ਸੈਮੀਨਾਰਾਂ 'ਚ, ਫੋਕ ਮਿਊਜਿਕ ਨੂੰ ਇਕ ਲਾਡਲੇ (ਪਿਆਰੇ) ਬੱਚੇ ਦੀ ਤਰ੍ਹਾਂ ਪਾਲ ਰਹੇ ਸੀ। ਉਨ੍ਹਾਂ ਨੂੰ ਲੱਗਦਾ ਸੀ ਕਿ ਇਹ ਕਿਤੇ ਮਰ ਨਾ ਜਾਵੇ। ਉਹ ਚਾਹੁੰਦੇ ਸੀ ਕਿ ਇਸਨੂੰ ਇਕ ਡੱਬੀ 'ਚ ਬੰਦ ਰੱਖਿਆ ਜਾਵੇ, ਇਸ ਨੂੰ ਹਵਾ ਨਾ ਲੱਗ ਜਾਵੇ। ਜੇ ਸ਼ਹਿਰ ਦੀ ਹਵਾ ਲੱਗ ਗਈ ਤਾਂ ਇਹ ਖ਼ਰਾਬ ਹੋ ਜਾਵੇਗਾ। ਉਹ ਭੁੱਲ ਜਾਂਦੇ ਸੀ ਕਿ ਫ਼ਿਲਮਾਂ 'ਚ ਪਹਿਲਾਂ ਹੀ ਉਸਦੀ ਦੁਰਦਸ਼ਾ ਹੋ ਰਹੀ ਹੈ। ਇਸ ਉਪੇਰਾ ਸ਼ੈਲੀ ਦਾ ਇਹ ਫਾਇਦਾ ਸੀ ਕਿ ਇਕ ਲੋਕ ਗੀਤ ਜਿਸ ਤਰ੍ਹਾਂ ਸਾਡੀ ਦਾਦੀ ਨੇ, ਮਾਂ ਨੇ ਜਾ ਵੱਡੀ ਭੈਣ ਨੇ ਗਾਏ ਸੀ, ਉਸਦਾ ਰਫ਼ ਜਾਂ ਤਿਆਰ ਰੂਪ ਸੀ, ਜ਼ਮੀਨ ਦਾ ਖੁਰਦਰਾਪਣ ਸੀ, ਸ਼ੀਲਾ ਭਾਟੀਆ ਨੇ ਉਸਨੂੰ ਥੋੜਾ ਸਾਫ਼ ਕਰ ਦਿੱਤਾ। ਉਹ ਜਦੋਂ ਪਿੰਡ ਦੀ ਹੱਦ ਪਾਰ ਕਰਕੇ ਸ਼ਹਿਰ ਆਇਆ , ਜਿਥੇ ਸ਼ਾਸਤਰੀ ਸੰਗੀਤ ਸੀ, ਹੋਰ ਵੀ ਕਈ ਤਰ੍ਹਾਂ ਦਾ ਸੰਗੀਤ ਸੀ, ਤਾਂ ਉਹ ਉਸ ਵਿਚ ਸਮਾਅ ਗਿਆ ਅਤੇ ਉਸਦਾ ਜਿਹੜਾ ਖੁਰਦਰਾਪਣ ਸੀ ਉਹ ਨਹੀਂ ਸੀ ਰਿਹਾ। ਉਹ ਆਪਣੀ ਵਧੀਆ ਸ਼ਕਲ 'ਚ ਲੋਕਾਂ ਦੇ ਸਾਹਮਣੇ ਆਇਆ ਸੀ ਅਤੇ ਸਾਰਿਆਂ ਦਾ ਦਿਲ ਜਿੱਤ ਲਿਆ। ਇਸ ਤਰ੍ਹਾਂ 'ਹੀਰ-ਰਾਂਝਾ' ਪਿੰਡਾਂ ਦੇ ਲੋਕ ਸੰਗੀਤ ਅਤੇ ਮਾਡਰਨ ਉਪੇਰਾ ਦੇ ਵਿਚਕਾਰ ਦਾ ਇਕ ਪੁਲ ਜਿਹਾ

ਸੀ। ਇਹ ਸ਼ੀਲਾ ਭਾਟੀਆ ਦੇ ਹੀਰ ਰਾਂਝਾ ਦਾ ਸਭ ਤੋਂ ਵੱਡਾ ਯੋਗਦਾਨ ਸੀ ਭਾਰਤੀ ਥੀਏਟਰ ਵਿਚ।ਜਦੋਂ ਸ਼ੀਲਾ ਭਾਟੀਆ ਨੇ 'ਹੀਰ-ਰਾਂਝਾ' ਦੂਜੀ ਵਾਰ ਕੀਤਾ ਤਾਂ ਪ੍ਰਿਥਵੀ ਰਾਜ ਚੌਹਾਨ ਦਾ ਰੋਲ ਕਰਨ ਵਾਲੇ ਕਲਾਕਾਰ ਮਹੇਂਦਰ ਚੋਪੜਾ ਨੇ ਰਾਂਝੇ ਦਾ ਰੋਲ ਕੀਤਾ। ਪਹਿਲੀ ਹੀਰ ਸ਼ੰਨੋ ਖੁਰਾਨਾ ਸੀ ਅਤੇ ਨਿਸ਼ੀ ਨਾਕਰਾ ਰਾਂਝਾ। ਸ਼ੀਲਾ ਭਾਟੀਆ ਨੇ ਤਿੰਨ ਵਾਰੀ 'ਹੀਰ-ਰਾਂਝਾ' ਕੀਤਾ। ਤਿੰਨ ਹੀਰਾਂ ਅਤੇ ਤਿੰਨ ਰਾਂਝੇ ਸੀ। ਮਦਨ ਬਾਲਾ ਸਿੱਧੂ ਵੀ ਹੀਰ ਬਣੀ ਸੀ। ਹਾਲੀ ਕੈਦੋਂ ਬਣਿਆ ਸੀ। ਕਮਾਲ ਦੇ ਐਕਸਪ੍ਰੈਸ਼ਨ ਸੀ। 'ਹੀਰ-ਰਾਂਝਾ' 'ਚ ਸਨੇਹਲਤਾ ਸਾਨਿਯਾਲ ਅਤੇ ਉਸਦੀ ਲੜਕੀ ਅੰਬਾ ਨੂੰ ਕੌਣ ਭੁੱਲ ਸਕਦਾ ਹੈ। ਵਿਨੋਦ ਨਾਗਪਾਲ, ਅਭੈ ਭਾਰਗਵ ਅਤੇ ਜੌਲੀ ਵੀ ਉਸ ਟੀਮ ਦਾ ਹਿੱਸਾ ਸਨ। ਸ਼ੀਲਾ ਭਾਟੀਆ ਉਹਨਾਂ ਦਿਨਾਂ ਨੂੰ ਯਾਦ ਕਰਕੇ ਕਹਿੰਦੇ ਹਨ ਲੋਕ ਇਮਾਨਦਾਰ ਸੀ। ਕੰਮ ਨਹੀਂ ਹੁੰਦਾ ਸੀ, ਤਾਂ ਰਿਹਰਸਲ ਦੇਖਣ ਦੇ ਬਹਾਨੇ ਆਉਂਦੇ ਸੀ। ਉਨ੍ਹਾਂ ਨੂੰ ਲੱਗਦਾ ਸੀ ਕਿ ਆਪਣਾ ਥੀਏਟਰ ਹੈ। ਇਥੋਂ ਕੁਝ ਸਿੱਖਿਆ ਹੈ ਕੁਝ ਪਾਇਆ ਹੈ। ਸ਼ੀਲਾ ਭਾਟੀਆ ਆਪਣੀਆਂ ਨਾਟ ਪੇਸ਼ਕਾਰੀਆਂ ਦੇ ਮਿਆਰ ਨੂੰ ਉੱਚ ਪੱਧਰ ਬਣਾਈ ਰੱਖਣ ਲਈ ਕਿਸੇ ਵੀ ਹੱਦ ਤੱਕ ਚਲੀ ਜਾਂਦੀ। 'ਇਨੈਕਟ' ਥੀਏਟਰ ਜਰਨਲ ਦੇ ਸੰਪਾਦਕ ਸਵ: ਰਾਜੇਂਦਰ ਪਾਲ ਜਦੋਂ ਸੰਗੀਤ ਨਾਟਕ ਅਕਾਦਮੀ ਦੇ ਵਾਈਸ ਚੇਅਰਮੈਨ ਬਣੇ ਤਾਂ ਉਨ੍ਹਾਂ ਨੇ ਸ਼ੀਲਾ ਜੀ ਨੂੰ 1988 'ਚ ਅਗਲੇ ਸਾਲ ਹੋਣ ਵਾਲੇ ਨਹਿਰੂ ਸ਼ਤਾਬਦੀ ਨਾਟ ਸਮਾਰੋਹ 'ਚ 'ਹੀਰ ਰਾਂਝਾ' ਦੁਬਾਰਾ ਪੇਸ਼ ਕਰਨ ਲਈ ਅਪੀਲ ਕੀਤੀ। ਸ਼ੀਲਾ ਜੀ ਨੇ ਦਿੱਲੀ, ਚੰਡੀਗੜ੍ਹ, ਅੰਮ੍ਰਿਤਸਰ, ਸ਼ਿਮਲਾ, ਮੁੰਬਈ ਆਦਿ 'ਚ ਆਪਣੀ 'ਹੀਰ' ਨੂੰ ਬੜਾ ਲੱਭਿਆ, ਪਰ ਉਹ ਨਹੀਂ ਮਿਲੀ। ਉਨ੍ਹਾਂ ਨੇ ਕਿਸੇ ਘੱਟ ਯੋਗ ਕਲਾਕਾਰ ਦੇ ਨਾਲ ਨਾਟਕ ਪੇਸ਼ ਕਰਨ ਦੀ ਥਾਂ ਅਕਾਦਮੀ ਤੋਂ 40,000 ਰੁਪਏ ਦੀ ਪਹਿਲਾਂ ਮਿਲੀ ਰਕਮ ਵਾਪਸ ਕਰ ਦਿੱਤੀ।ਸ਼ੀਲਾ ਭਾਟੀਆ ਨੇ ਪੰਜਾਬੀ ਫੋਕ ਉਪੇਰਾ ਦੀ ਇਕ ਨਵੀਂ ਸ਼ੁਰੂਆਤ ਕੀਤੀ ਸੀ। ਡਰਾਮੇ 'ਚ ਹਰ ਚੀਜ਼ ਮਿਊਜਿਕ 'ਚ ਬੋਲੀ ਜਾਏ। ਜਦੋਂ ਸ਼ੀਲਾ ਜੀ ਨੇ 'ਹੀਰ-ਰਾਂਝਾ' ਕੀਤਾ, ਚਾਰਲਸ ਫ਼ਾਬਰੀ ਨੇ, ਲੋਕਾਂ ਨੇ, ਸਰਕਾਰ ਨੇ, ਆਲੋਚਕਾਂ ਨੇ ਜ਼ੋਰ-ਸ਼ੋਰ ਨਾਲ ਕਿਹਾ ਕਿ ਭਾਰਤੀ ਥੀਏਟਰ 'ਚ ਇਹ ਇਕ ਖ਼ਾਸ ਚੀਜ਼ ਪੈਦਾ ਹੋਈ ਹੈ। ਮਰਹੂਮ ਫ਼ਾਬਰੀ ਜਿਹੜੇ ਅਵੱਲ ਨੰਬਰ ਦੇ ਆਰਟ ਕ੍ਰਿਟਿਕ ਸਨ, ਉਨ੍ਹਾਂ ਨੇ ਇਸ ਨੂੰ ਫ਼ੋਕ ਓਪੇਰਾ ਕਿਹਾ ਸੀ। ਸ਼ੀਲਾ ਭਾਟੀਆ ਨੇ ਸੋਚਿਆ ਸੀ ਕਿ ਇਕ ਐਮੇਚਯੋਰ ਥੀਏਟਰ ਇਸਦੇ ਨਾਲ ਇਨਸਾਫ਼ ਨਹੀਂ ਕਰ ਸਕਦਾ। ਫੇਰ ਉਸਨੇ ਆਪਣੇ ਅੰਦਾਜ਼ ਨਾਲ ਵਿਦੇਸ਼ੀ ਓਪੇਰੇ ਨੂੰ ਵੇਖਿਆ, ਪਰ ਸ਼ੀਲਾ ਭਾਟੀਆ ਉਥੇ ਹੀ ਰੁਕੀ ਨਹੀਂ, ਉਸਨੇ ਸੰਗੀਤ ਤੇ ਨਾਟ ਦਾ ਮੇਲ ਕੀਤਾ, ਲੋਕ ਧੁਨਾਂ ਦਾ ਰੰਗਮੰਚੀਕਰਨ ਕੀਤਾ। ਜਦੋਂ ਇਕ ਵਾਰੀ ਸ਼ੀਲਾ ਭਾਟੀਆ ਜੀ ਨੂੰ ਪੁੱਛਿਆ ਗਿਆ ਕਿ ਹੀਰ ਰਾਂਝੇ ਦੀ ਕਹਾਣੀ ਤੁਸੀਂ ਕਿਉਂ ਚੁਣੀ ਤਾਂ ਉਸਨੇ ਕਿਹਾ ਕਿ "ਮੇਰੇ ਦਿਮਾਗ ਦੀਆਂ ਡੂੰਘਾਈਆਂ 'ਚ ਇਸ ਅਮਰ ਕਿੱਸੇ ਦੇ ਬਾਰੇ 'ਚ ਹੋਰ ਜਾਣਨ ਦੀ ਇੱਛਾ ਦੱਬੀ ਹੋਈ ਸੀ। ਮੈਨੂੰ ਯਾਦ ਹੈ ਕਿ ਮੇਰੇ ਪਿਤਾ ਨੇ ਕਿਹਾ ਸੀ ਕਿ ਲੜਕੀਆਂ ਨੂੰ ਇਹ ਕਿੱਸਾ ਨਹੀਂ ਪੜ੍ਹਨਾ ਚਾਹੀਦਾ। ਮੈਨੂੰ ਕਹਾਣੀ ਥੋੜੀ ਜਿਹੀ ਯਾਦ ਸੀ ਅਤੇ ਮੈਨੂੰ ਉਹ ਬਹੁਤ ਖਿੱਚਦੀ ਸੀ। ਇਹ ਹੀਰ ਅਤੇ ਰਾਂਝਾ ਦੇ ਵਿਚ ਰੋਮਾਂਸ ਜਾ ਪ੍ਰੇਮ-ਸਬੰਧ ਹੀ ਨਹੀਂ ਸੀ, ਜਿਹੜੇ ਮੈਨੂੰ ਖਿੱਚ ਰਿਹਾ ਸੀ, ਬਲਕਿ ਆਪਣੀਆਂ ਖੁਸ਼ੀਆਂ ਅਤੇ ਪੀੜਾ ਦੇ ਨਾਲ ਪ੍ਰੇਮ ਸਬੰਧ ਹਮੇਸ਼ਾ ਵਧੀਆ ਹੁੰਦੇ ਹਨ। ਹੀਰ-ਰਾਂਝੇ ਦਾ ਕਿੱਸਾ ਤਾਂ ਇਕ ਮਹਾਂ ਕਾਵ ਦਾ ਸਮਾਜਿਕ ਵਿਸ਼ਾ ਸੀ, ਮੈਨੂੰ ਸਭ ਤੋਂ ਜ਼ਿਆਦਾ ਇਸ ਗੱਲ ਨੇ ਝੰਜੋੜਿਆ ਕਿ ਉਸਦੀ ਮਾਂ ਖੁਦ ਨੂੰ ਇੰਨੀ ਲਾਚਾਰ ਮਹਿਸੂਸ ਕਰਦੀ ਹੈ ਕਿ ਉਸਨੂੰ ਬਚਾਅ ਵੀ ਨਾ ਸਕੇ ? ਸਮਾਜ ਕੈਦੋਂ ਜਿਹੇ ਖਲਨਾਇਕਾਂ ਨੂੰ ਜਨਮ ਕਿਉਂ ਦਿੰਦਾ ਹੈ ?" ਇਹ ਅਜਿਹੇ ਸਵਾਲ ਸੀ, ਜਿਹੜੇ ਸ਼ੀਲਾ ਭਾਟੀਆ ਨੂੰ ਤੰਗ ਕਰ ਰਹੇ ਸਨ ਅਤੇ ਜਿਨ੍ਹਾਂ ਦੇ ਕਾਰਨ ਉਸਨੇ ਮੂਲ ਕਥਾ 'ਚ ਬਦਲਾਅ ਵੀ ਕੀਤਾ। ਉਦਾਹਰਣ ਦੇ ਲਈ ਵਾਰਿਸ ਸ਼ਾਹ ਨੇ ਆਖ਼ਿਰੀ ਪ੍ਰਸੰਗ ਨੂੰ ਕੁਝ ਹੀ ਪੰਨਿਆਂ 'ਚ ਖ਼ਤਮ ਕਰ ਦਿੱਤਾ ਸੀ। ਮੂਲ ਕਥਾ 'ਚ ਹੀਰ ਨੂੰ ਜ਼ਹਿਰ ਦੇਣ ਵਾਲਾ ਉਸਦਾ ਚਾਚਾ ਹੈ, ਪਰ ਆਪਣੇ ਓਪੇਰੇ 'ਚ ਸ਼ੀਲਾ ਭਾਟੀਆ ਨੇ ਇਹ ਕੰਮ ਉਸਦੀ ਮਾਂ ਤੋਂ ਕਰਵਾਇਆ ਕਿਉਂਕਿ ਉਹ ਸਮਾਜਿਕ ਦਬਾਅ ਤੋਂ ਡਰਦੀ ਹੈ ਅਤੇ ਇਹ ਵੀ ਨਹੀਂ ਚਾਹੁੰਦੀ ਕਿ ਮੇਰੀ ਲੜਕੀ ਨੂੰ ਰੂੜੀਵਾਦੀ ਸਮਾਜ ਟੁਕੜੇ-ਟੁਕੜੇ ਕਰਕੇ ਮਾਰ ਦੇਵੇ। ਔਰਤ ਅੱਜ ਵੀ ਜਿਸ ਹਾਲਾਤ 'ਚ ਰਹਿ ਰਹੀ ਹੈ, ਜਿੱਥੇ ਉਸਦੇ ਫ਼ੈਸਲੇ ਦੂਸਰੇ ਲੋਕ ਕਰਦੇ ਨੇ ਅਤੇ ਉਸਦੇ ਕੋਲ ਉਨ੍ਹਾਂ ਨੂੰ ਸਵੀਕਾਰ ਕਰਨ ਤੋਂ ਇਲਾਵਾ ਕੋਈ ਹੱਲ ਨਹੀਂ ਹੈ।'ਹੀਰ-ਰਾਂਝਾ' 'ਚ ਸ਼ੀਲਾ ਨੇ ਲੋਕ ਮੁਹਾਵਰੇ ਅਤੇ ਸ਼ੈਲੀਬੱਧ ਅਦਾਕਾਰੀ ਨੂੰ ਜੋੜ ਕੇ ਇਕ ਯਾਦਗਾਰ ਕੋਲਾਜ ਪੇਸ਼ ਕੀਤਾ ਸੀ। ਅਸਲ ਵਿਚ ਉਹ ਭਾਵੁਕਤਾ ਭਰੇ ਬੋਲ 'ਚ ਸਵੀਕਾਰ ਕਰਦੀ ਹੈ, 'ਦਰਸ਼ਕ ਆਪਣਾ ਪਹਿਲਾ ਪਿਆਰ ਕਦੇ ਨਹੀਂ ਭੁੱਲਦੇ'। ਸ਼ੀਲਾ ਭਾਟੀਆ ਨੇ ਪ੍ਰੇਮਕਥਾ ਅਤੇ ਹੀਰ ਦੇ ਸਾਹਮਣੇ ਅਣਹੋਣੀ ਦੁਬਿਧਾ 'ਤੇ ਕੇਂਦਰਿਤ ਰਹਿਣ ਦੇ ਨਾਲ ਨਾਲ ਵਾਰਿਸ ਸ਼ਾਹ ਦੀ ਕਾਵਿ-ਕਥਾ ਦੇ ਨਾਲ ਮਹਤਵਪੂਰਣ ਛੋਟ ਵੀ ਲਈ ਹੈ। ਉਸਨੇ ਨੀਚ ਚਾਚਾ ਕੈਦੋਂ ਤੋਂ ਹੀਰ ਨੂੰ ਜ਼ਹਿਰ ਨਹੀਂ ਦੁਆਇਆ। ਓਪੇਰਾ ਦੇ ਅਖ਼ੀਰ 'ਚ ਜਦੋਂ ਸਾਰਾ ਪਿੰਡ 'ਹੀਰ ਪਿੰਡ ਵਿਚ ਨਹੀਂ ਰਹੇਗੀ' ਚੀਖਦੇ ਹੋਏ ਉਸ ਵਿਚਾਰੀ ਦੇ ਵਿਰੁੱਧ ਖੜ੍ਹਾ ਹੋ ਜਾਂਦਾ ਹੈ। (ਜਦਕਿ ਹੀਰ ਦੇ ਮਾਤਾ-ਪਿਤਾ ਰਾਂਝੇ ਨਾਲ ਉਸਦੇ ਵਿਆਹ ਨੂੰ ਲੈ ਕੇ ਆਪਣੇ ਆਪ ਨੂੰ ਸਮਝਾ ਚੁੱਕੇ ਹਨ) ਤਾਂ ਹੀਰ ਦੀ ਮਾਂ ਸਾਰੇ ਪਿੰਡ ਦੇ ਗੁੱਸੇ ਦਾ ਸਾਹਮਣਾ ਕਰਨ ਦੀ ਅਸਮਰਥਾ ਨੂੰ ਸਮਝ ਲੈਂਦੀ ਅਤੇ ਅਤੇ ਆਪਣੇ ਹੱਥਾਂ ਨਾਲ ਆਪਣੀ ਲਾਡਲੀ ਧੀ ਦੀ ਜੀਵਨ ਲੀਲ੍ਹਾ ਖ਼ਤਮ ਕਰ ਦਿੰਦੀ ਹੈ। ਉਨ੍ਹਾਂ ਦੇ ਪਹਿਲੇ ਪੰਜਾਬੀ ਓਪੇਰੇ 'ਹੀਰ-ਰਾਂਝਾ' ਜਿਸ ਵਿਚ ਸ਼ੰਨੋ ਖ਼ੁਰਾਨਾ ਨੇ ਹੀਰ ਅਤੇ ਸਨੇਹ ਸਨਿਆਲ ਨੇ ਮਾਂ ਦੀ ਭੂਮਿਕਾ ਨਿਭਾਈ ਸੀ, ਦੀ ਸ਼ਕਤੀ, ਸੰਵੇਦਨਾ ਅਤੇ ਨਾਟਕੀ ਨਵੀਨਤਾ ਨੇ ਸੱਠ ਦੇ ਦਹਾਕੇ ਨੂੰ ਦਿੱਲੀ ਰੰਗਮੰਚ ਦਾ ਸੁਨਹਿਰਾ ਯੁੱਗ ਬਣਾ ਦਿੱਤਾ ਸੀ। ਭਾਰਤੀ ਨਾਰੀ ਦੀ ਇਤਿਹਾਸਕ ਬੇਇੱਜ਼ਤੀ ਅਤੇ ਕਮਜ਼ੋਰੀ ਦੇ ਪ੍ਰਤੀ ਸ਼ੀਲਾ ਦੀ ਵਿਸ਼ੇਸ਼ ਸੰਵੇਦਨਾ 'ਹੀਰ-ਰਾਂਝਾ' 'ਚ ਵੀ ਪੈਦਾ ਹੋਈ ਸੀ। ਜਿਵੇਂ ਕਿ ਸਾਮੰਤੀ ਇਸਲਾਮੀ ਸਮਾਜਾਂ 'ਚ ਹੁੰਦਾ ਹੈ। ਉਸ ਸਮੇਂ ਵਾਰਿਸ ਸ਼ਾਹ ਦੀ ਹੀਰ ਨਾਲੋਂ ਵੱਧ ਸ਼ੀਲਾ ਭਾਟੀਆ ਦੀ ਪੇਸ਼ਕਾਰੀ ਦਾ ਨਾਟਕੀ ਚਮਤਕਾਰ ਸੀ।

ਸ਼ੀਲਾ ਭਾਟੀਆ ਦਾ ਦੂਸਰਾ ਫ਼ਿਕਰ ਔਰਤ ਹੈ। ਔਰਤ ਅਤੇ ਸੰਪਰਦਾਇਕ ਸਦਭਾਵ ਸ਼ੀਲਾ ਭਾਟੀਆ ਲਈ ਫੈਸ਼ਨ ਨਹੀਂ ਹੈ। ਉਸਨੇ ਔਰਤ ਦੇ ਕਈ ਪੱਖ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ। ਇਹ ਉਸਦੇ ਅਨੁਭਵ ਦਾ ਨਿਚੋੜ ਸੀ, ਜਿਹੜਾ ਟੁਕੜਿਆਂ-ਟੁਕੜਿਆਂ 'ਚ ਮੰਚ 'ਤੇ ਪੇਸ਼ ਹੋਇਆ ਸੀ। ਸ਼ੀਲਾ ਭਾਟੀਆ ਦੇ ਇਸ ਨਵੇਂ ਕਦਮ ਨੂੰ ਸਾਰਿਆਂ ਨੇ ਸਲਾਹਿਆ। ਦੇਸ਼ ਦੇ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਦੇ ਨਾਲ-ਨਾਲ ਥੀਏਟਰ ਦੇ ਚੋਟੀ ਦੇ ਰੰਗਕਰਮੀਆਂ ਨੇ ਹੀਰ-ਰਾਂਝਾ ਨੂੰ ਦੇਖਿਆ। ਇਕ ਯੂਰਪੀ ਦਰਸ਼ਕ 'ਹੀਰ-ਰਾਂਝਾ' ਖ਼ਤਮ ਹੋਣ 'ਤੇ ਮੰਚ 'ਤੇ ਆਇਆ ਅਤੇ ਬੋਲਿਆ 'ਤੁਸੀਂ ਸਾਨੂੰ ਯੂਰਪ ਦਾ ਓਪੇਰਾ ਦਿਖਾ ਦਿੱਤਾ। ਪੰਜਾਬੀ ਨਾਟ ਉਪੇਰੇ ਨੂੰ ਇਕ ਲਹਿਰ 'ਚ ਬਦਲਣ ਲਈ ਓਪੇਰੇ ਦੀਆਂ ਬਰੀਕੀਆਂ ਸਿਖਾਉਣ ਲਈ ਸ਼ੀਲਾ ਭਾਟੀਆ ਦੇ ਦੋਸਤਾਂ ਨੇ ਉਪੇਰਾ ਇੰਸਟੀਚਿਊਟ ਖੋਲ੍ਹਣ ਦੀ ਖ਼ਾਹਸ਼ ਜਾਹਿਰ ਕੀਤੀ। ਪਰ ਸ਼ੀਲਾ ਜੀ ਨੇ ਆਪਣੇ ਢੰਗ ਨਾਲ ਕੰਮ ਦਾ ਸਿਲਸਿਲਾ ਜ਼ਾਰੀ ਰੱਖਿਆ। ਸੰਸਥਾ ਨਾਲ ਜੁੜੇ ਕਲਾਕਾਰਾਂ ਨੇ ਸ਼ੀਲਾ ਜੀ ਦੇ ਓਪੇਰਿਆਂ 'ਚ ਸ਼ਮੂਲੀਅਤ ਕੀਤੀ ਪਰ ਫਿਰ ਉਹ ਵੀ ਆਪਣੀ-ਆਪਣੀ ਮੰਜ਼ਿਲ ਦੀ ਭਾਲ 'ਚ ਨਿਕਲ ਗਏ ਅਤੇ ਇਸ ਤਰ੍ਹਾਂ ਓਪੇਰਾ ਇਕ ਲਹਿਰ ਬਣਦਾ-ਬਣਦਾ ਰਹਿ ਗਿਆ। ਸ਼ੀਲਾ ਭਾਟੀਆ ਨੇ ਲਗਭਗ 20 ਮੌਲਿਕ ਓਪੇਰੇ ਲਿਖੇ। ਉਸਨੇ ਵਿਦੇਸ਼ੀ ਨਾਟਕਕਾਰ "ਲੋਰਕਾ" ਦੀਆਂ ਦੋ ਨਾਟ ਕ੍ਰਿਤੀਆਂ ਨੂੰ ਆਪਣੇ ਰੰਗ 'ਚ ਰੰਗਣ ਦੀ ਕੋਸ਼ਿਸ਼ ਕੀਤੀ ਹੈ। ਮਾਨਵਤਾ ਦੇ ਸਬੰਧਾਂ ਦਾ ਗਰਮਜੋਸ਼ੀ ਨਾਲ ਚਿੱਤਰਣ ਕਰਨ ਕਰਕੇ ਹੀ "ਲੋਰਕਾ" ਹਮੇਸ਼ਾ ਹੀ ਸ਼ੀਲਾ ਜੀ ਦੇ ਪਸੰਦੀਦਾ ਲੇਖਕ ਰਹੇ ਸਨ। ਲੋਰਕਾ ਦੀ ਕਲਪਨਾ ਸ਼ਕਤੀ ਬਹੁਤ ਡੂੰਘੀ ਅਤੇ ਤਾਜ਼ਗੀ ਨਾਲ ਭਰੀ ਹੈ। ਹੱਡ-ਮਾਸ ਨਾਲ ਬਣੇ ਲੋਰਕਾ ਦੇ ਪਾਤਰ ਯਾਦਗਾਰ ਬਣ ਜਾਂਦੇ ਨੇ। ਲੋਰਕਾ ਦੇ ਰਹਸਮਈ ਅਤੇ ਚਮਤਕਾਰੀ ਪਾਤਰਾਂ ਵੱਲੋਂ ਕਥਾ ਦੇ ਮੁੱਖ ਮੁੱਦੇ ਨੂੰ ਅੱਗੇ ਵਧਾਉਣਾ ਬੜਾ ਤਰਕਸੰਗਤ ਲੱਗਦਾ ਹੈ। ਲੋਰਕਾ ਦੇ ਨਾਟਕਾਂ ਵਿਚ ਇਕ ਸ਼ਬਦ ਵੀ ਬੇਕਾਰ ਨਹੀਂ ਲੱਗਦਾ, ਨਾ ਹੀ ਇਕ ਸ਼ਬਦ ਦੀ ਲੋੜ ਨਜ਼ਰ ਆਉਂਦੀ ਹੈ। ਗੀਤ ਅਤੇ ਮਨਬਚਨੀ ਨਾਲ ਭਰਪੂਰ ਤਰਕ ਸੰਗਤ ਘਟਨਾਵਾਂ ਪਾਤਰਾਂ ਨੂੰ ਉਨ੍ਹਾਂ ਦੀ ਨਿਯਤੀ ਵੱਲ ਲੈ ਜਾਂਦੀਆਂ ਨੇ। ਮਨੁੱਖੀ-ਮਨ ਦੀ ਕਰੂਰਤਾ ਬਹੁਤ ਤੇਜ਼ੀ ਅਤੇ ਪ੍ਰਬਲਤਾ ਨਾਲ ਸਾਹਮਣੇ ਆਉਂਦੀ ਹੈ। ਸ਼ੀਲਾ ਭਾਟੀਆ ਖੁਦ ਗੀਤ ਅਤੇ ਤਾਲ ਦੇ ਨਾਟਕ ਦੀ ਐਕਸਪਰਟ ਹੋਣ ਕਾਰਨ ਲੋਰਕਾ ਦੇ ਨਾਟਕਾਂ 'ਚ ਕਵਿਤਾ ਅਤੇ ਨਾਟਕੀਅਤਾ ਦੇ ਗੁਣਾਂ ਨੂੰ ਤੀਬਰਤਾ ਨਾਲ ਉਭਾਰਦੀ ਰਹੀ। ਲੋਰਕਾ ਦੇ ਨਾਟਕਾਂ 'ਚ ਗਰਮ ਖ਼ੂਨ ਦਾ ਜੋਸ਼ ਹੈ। ਸ਼ੀਲਾ ਭਾਟੀਆ ਨੇ ਜਾਣ ਬੁੱਝ ਕੇ ਜਿਉਂਦੀ ਜਾਗਦੀ ਭਾਸ਼ਾ ਪੰਜਾਬੀ 'ਚ ਲੋਰਕਾ ਦੇ ਵਿਚਾਰਾਂ ਅਤੇ ਭਾਵਨਾਵਾਂ ਨੂੰ ਪੇਸ਼ ਕਰਨ ਦਾ ਫ਼ੈਸਲਾ ਲਿਆ।ਲੋਰਕਾ ਦਾ ਪਹਿਲਾ ਨਾਟਕ 'ਯਰਮਾ' ਉਸਨੇ ਅਨੁਵਾਦ ਰੂਪ 'ਚ ਖੇਡਿਆ ਸੀ। ਪਰ ਲੋਰਕਾ ਦੇ 'ਬਲੱਡ ਵੈਡਿੰਗ' 'ਚ ਦਰਸਾਏ ਵਿਚਾਰਾਂ ਨੂੰ ਆਪਣੀ ਮਾਤ ਭਾਸ਼ਾ 'ਚ ਰੂਪਾਂਤਰਿਤ ਕਰਨਾ ਸ਼ੀਲਾ ਭਾਟੀਆ ਲਈ ਰੋਮਾਂਚਤ ਅਤੇ ਚੁਣੌਤੀਪੂਰਨ ਸੀ। ਉਸਨੇ ਇਸ ਨੂੰ ਇਕ ਵਿਸ਼ਵਾਸੀ ਧਰਤੀ, ਵਾਤਾਵਰਣ ਅਤੇ ਕਨਵਿਸਿੰਗ ਚਰਿੱਤਰ ਦਿੱਤੇ। ਉਸਨੇ ਪੂਰਬੀ ਪੰਜਾਬ ਦੇ ਸਰਹੱਦ ਨੇੜਲੇ ਖੇਤਰ ਦੀਆਂ ਪਹਾੜੀਆਂ 'ਚ ਰਹਿੰਦੇ ਦੋ ਕਾਸ਼ਤਕਾਰ ਘਰਾਣਿਆਂ ਨੂੰ ਚੁਣਿਆ, ਜਿਹੜੇ ਉਨ੍ਹਾਂ ਸਾਰੀਆਂ ਸਥਿਤੀਆਂ ਅਤੇ ਡਰਾਮੇ 'ਚ ਨਜ਼ਰ ਆਉਂਦੇ ਹਨ, ਜਿਨ੍ਹਾਂ ਦਾ ਚਿੱਤਰਣ ਨਾਟਕ "ਤੇਰੇ ਮੇਰੇ ਲੇਖ' 'ਚ ਹੈ। ਸ਼ੀਲਾ ਭਾਟੀਆ ਨੇ ਇਸ ਨਾਟਕ ਬਾਰੇ ਗੱਲ ਕਰਦਿਆਂ ਇਕ ਜਗ੍ਹਾ ਕਿਹਾ ਕਿ ਜਿਵੇਂ 'ਸੋਹਣੀ-ਮਹਿਵਾਲ' ਅਤੇ 'ਹੀਰ-ਰਾਂਝਾ' ਦੀ ਧਰਤੀ ਹੈ, ਜਿਥੇ ਇਕ ਵਿਆਹ ਲਈ ਇੰਨਾ ਖ਼ੂਨ ਡੁੱਲ ਜਾਂਦਾ ਹੈ ਅਤੇ ਧਰਤੀ ਮਾਤਾ ਉਹ ਖ਼ੂਨ ਪੀ ਲੈਂਦੀ ਹੈ। ਜਿਵੇਂ ਕਹਿ ਰਹੀ ਹੋਵੇ , 'ਹੋਰ ਚਾਹੀਦਾ, ਹੋਰ ਚਾਹੀਦਾ'।ਇਹ ਖ਼ੂਨ-ਖ਼ਰਾਬਾ ਕਿਉਂ ਹੁੰਦਾ ਹੈ ? ਪਰਿਵਾਰਾਂ ਦੇ ਝਗੜੇ, ਮਰਦ ਅਤੇ ਔਰਤਾਂ 'ਚ ਸੰਭਾਵਿਤ ਰਿਸ਼ਤੇ, ਸੰਬੰਧ, ਈਰਖਾ, ਜ਼ਮੀਨ-ਜਾਇਦਾਦ ਅਤੇ ਹੋਰ ਚੀਜ਼ਾਂ ਦੇ ਲਈ, ਬਦਲੇ ਦੀ ਭਾਵਨਾ, ਨਿੱਕੀਆਂ-ਨਿੱਕੀਆਂ ਗੱਲਾਂ ਦਾ ਸੌ ਗੁਣਾ, ਹਜ਼ਾਰ ਗੁਣਾ ਹੋ ਜਾਣਾ। ਉਹ ਦੋ ਵਿਅਕਤੀ ਹੋਣ ਜਾਂ ਦੋ ਕਬੀਲੇ। ਦੋ ਸੂਬੇ ਹੋਣ ਜਾਂ ਦੋ ਦੇਸ਼। ਦੁਨੀਆਂ ਅਲੱਗ-ਥਲੱਗ ਹੋ ਰਹੀ ਹੈ ਅਤੇ ਵਿਨਾਸ਼ ਦੇ ਕੰਢੇ 'ਤੇ ਖੜ੍ਹੀ ਹੈ। ਕਾਸ਼ ਕਿ ਬਰਬਾਦੀ ਦੇ ਹਥਿਆਰ ਕਦੇ ਬਣੇ ਨਾ ਹੁੰਦੇ ! ਇਕ ਛੋਟੀ ਜਿਹੀ ਕਟਾਰ, ਪੱਥਰ ਦੀ ਹੋਵੇ ਜਾਂ ਲੋਹੇ ਦੀ, ਤਲਵਾਰ, ਪਿਸਤੌਲ, ਬੰਮ, ਪਰਮਾਣੂੰ ਬੰਮ, ਵਿਕਾਸਸ਼ੀਲ ਸਭਿਅਤਾ ਦੇ ਨਿਸ਼ਾਨ ! ਅਗਰ ਬਰਬਾਦੀ ਦੇ ਇਹ ਹਥਿਆਰ ਨਾ ਹੁੰਦੇ ਤਾਂ ਲੱਖਾਂ-ਕਰੋੜਾਂ ਜ਼ਿੰਦਗੀਆਂ ਦਾ ਕੋਈ ਦੂਜਾ ਹੀ ਰੂਪ ਹੁੰਦਾ। ਸ਼ੀਲਾ ਭਾਟੀਆ ਨੂੰ ਲੱਗਾ ਕਿ ਨਾਟਕ ਪੰਜਾਬ, ਆਸਾਮ, ਕਸ਼ਮੀਰ ਆਦਿ ਦੇ ਲਈ ਬਹੁਤ ਪ੍ਰਸੰਗਿਕ ਹੈ। ਹਿੰਸਾ ਦੀ ਅਰਥਹੀਣਤਾ ਅਤੇ ਨਾਟਕ ਦੀਆਂ ਦੂਸਰੀਆਂ ਖ਼ੂਬੀਆਂ ਦੇ ਨਾਲ-ਨਾਲ ਮੁੱਖ ਤੌਰ 'ਤੇ ਹਿੰਸਾ ਸਬੰਧੀ ਵਿਚਾਰਾਂ ਨੇ ਸ਼ੀਲਾ ਜੀ ਨੂੰ ਪ੍ਰਭਾਵਤ ਕੀਤਾ। ਇਸੇ ਤਰ੍ਹਾਂ ਸ਼ੀਲਾ ਭਾਟੀਆ ਨੇ ਆਪਣੇ ਓਪੇਰੇ 'ਆਈ ਆਜ਼ਾਦੀ' ਵਿਚ ਹਰ ਵਰਗ ਦੀ ਬਰਬਾਦੀ ਨੂੰ ਅਖੌਤੀ ਆਜ਼ਾਦੀ ਦੇ ਦੰਭ ਤੋਂ ਜਾਣੂੰ ਵੀ ਕਰਵਾਇਆ ਤੇ ਅਸਲੀ ਆਜ਼ਾਦੀ ਦੀ ਬਾਤ ਵੀ ਪਾਈ :

*ਮੱਧਵਰਗੀ ਨੌਜਵਾਨ :*
*ਛੁੱਟੇ ਸਾਡੇ ਹੌਸਲੇ ਤੇ ਟੁੱਟਾ ਮਿੱਠਾ ਸੁਪਨਾ*
*ਮਹਿੰਗਾਈ ਬੇਰੁਜ਼ਗਾਰੀ ਨਾਲ ਬੰਦ ਬੰਦ ਦੁੱਖਣਾ*
*ਟੁੱਟੇ ਲੱਕ ਕਾਲੀ ਮੰਡੀ ਅੰਨ੍ਹੀ ਲੁੱਟ ਪਈ*
*ਕਿਹੀ ਆਜ਼ਾਦੀ ਆਈ ਵੇ ਲੋਕੋ*
*ਕਿਹੀ ਆਜ਼ਾਦੀ ਆਈ ....*

(ਜਾਂਦਾ ਹੈ ਅਤੇ ਇਕ ਦੁਖੀ ਔਰਤ ਆਉਂਦੀ ਹੈ।)

*ਔਰਤ :*

*ਵਿਲਕਣ ਅੰਞਾਣੇ ਟੱਲੇ ਟੁੱਕਰ ਨੂੰ ਸਹਿਕਦੇ*
*ਉਜੜੀ ਗ੍ਰਹਿਸਤੀ 'ਚ ਨਾ, ਕਦੇ ਵੀ ਉਹ ਚਹਿਕਦੇ*
*ਆਜ਼ਾਦੀ ਬਰਬਾਦੀ ਆਂਦੀ, ਛਾਈ ਇਕ ਤਬਾਹੀ*
*ਕਿਹੀ ਆਜ਼ਾਦੀ ਆਈ ਵੇ ਲੋਕੋ*
*ਕਿਹੀ ਆਜ਼ਾਦੀ ਆਈ .........*

(ਜਾਂਦੀ ਹੈ ਅਤੇ ਇਕ ਥੱਕਿਆ ਟੁੱਟਿਆ ਕਿਸਾਨ ਦਾਖ਼ਲ ਹੁੰਦਾ ਹੈ।)

*ਕਿਸਾਨ :*

*ਪਾੜ ਸੀਨਾ ਧਰਤ ਦਾ ਅੰਬਾਰ ਲਾਵਾਂ ਅਨਾਜ ਦਾ*
*ਘੁੱਟਾਂ ਢਿੱਡ, ਪੂਰ ਸਕਾਂ, ਮੱਥਾ ਨਾ ਵਿਆਜ ਦਾ*
*ਏਸ ਆਜ਼ਾਦੀ ਮੋਹਰੇ ਲਾਏ ਲੁੱਟੜ ਚੋਰ-ਬਜ਼ਾਰੀ*
*ਕਿਹੀ ਆਜ਼ਾਦੀ ਆਈ ਵੇ ਲੋਕੋ*
*ਕਿਹੀ ਆਜ਼ਾਦੀ ਆਈ ........*

(ਫਿਰ ਗੁੱਸੇ ਵਿਚ)

*ਕੱਠੇ ਹੋ ਕੇ ਖੋਹਵੋ ਜ਼ਮੀਨਾਂ, ਰਾਜ ਕਿਸਾਨ ਬਣਾਉਣ*
*ਫੇਰ ਆਜ਼ਾਦੀ ਪਾਉ ਵੇ ਲੋਕੋ*
*ਫੇਰ ਆਜ਼ਾਦੀ ਪਾਉ ?*

(ਜਾਂਦਾ ਹੈ ਅਤੇ ਹੱਥ ਵਿਚ ਹਥੌੜਾ ਫੜੀ ਇਕ ਮਜ਼ਦੂਰ ਆਉਂਦਾ ਹੈ।)

*ਮਜ਼ਦੂਰ :*

*ਦਸੀਂ ਨਹੁੰਆਂ ਘੜਾਂ, ਕੁਲ ਜੱਗ ਦੀਆਂ ਨੇਹਮਤਾਂ*
*ਰਵ੍ਹਾਂ ਵਾਂਝਾ ਘੇਰੀ ਬੈਠਣ ਫਾਕੇ ਦੀਆਂ ਜ਼ਹਿਮਤਾਂ*
*ਬਿਰਕੋ, ਖਾਉ ਗੋਲੀ, ਲੋਕੋ ਚੁੱਕੀ ਪੁਲਿਸ ਤਬਾਹੀ*
*ਕਿਹੀ ਆਜ਼ਾਦੀ ਆਈ ਵੇ ਲੋਕੋ*
*ਕਿਹੀ ਆਜ਼ਾਦੀ ਆਈ ....*

(ਫਿਰ ਗੁੱਸੇ ਵਿਚ)

*ਚੋਰਾਂ ਪਿੱਛੇ ਪੈ ਜਾਉ ਕੱਠੇ ਲੋਕ ਰਾਜ ਬਣਾਉ*
*ਫੇਰ ਆਜ਼ਾਦੀ ਪਾਉ ਵੇ ਲੋਕੋ*
*ਫੇਰ ਆਜ਼ਾਦੀ ਪਾਉ ..........*

ਸ਼ੀਲਾ ਭਾਟੀਆ ਨੂੰ ਇਸ ਗੱਲ ਦੀ ਚੰਗੀ ਤਰ੍ਹਾਂ ਸਮਝ ਸੀ ਕਿ "ਰੰਗਮੰਚ ਅਸਲੀਅਤ ਤੋਂ ਵੱਖਰਾ ਹੋ ਹੀ ਨਹੀਂ ਸਕਦਾ। ਬਲਕਿ ਰੰਗਮੰਚ ਤਾਂ ਸਮਾਜ ਦੀ ਗੂੰਜ ਹੈ, ਉਸਦਾ ਅਕਸ ਹੈ।"

ਸ਼ੀਲਾ ਭਾਟੀਆ ਦੇ ਰੰਗਮੰਚ ਦਾ ਝੁਕਾਅ ਨਿਸਚਿਤ ਰੂਪ 'ਚ ਲੋਕ ਤੱਤਾਂ ਵਾਲਾ ਰਿਹਾ ਹੈ। ਉਨ੍ਹਾਂ ਨੇ ਲੋਕ ਮੁਹਾਵਰੇ ਨੂੰ ਇਕ ਨਫ਼ਾਸਤ ਦਿੱਤੀ, ਪਰੰਤੂ ਉਸਦੇ ਮੂਲ ਚਰਿੱਤਰ ਅਤੇ ਖ਼ੁਸ਼ਬੂ ਨੂੰ ਕਾਇਮ ਰੱਖਿਆ ਹੈ। ਸ਼ੀਲਾ ਭਾਟੀਆ ਨੇ ਇਕ ਜਗ੍ਹਾ ਬਹੁਤ ਖ਼ੂਬਸੂਰਤ ਕਿਹਾ ਹੈ 'ਪਰੰਪਰਾ ਨੂੰ ਅੱਗੇ ਵਧਾਉਣਾ ਪੈਂਦਾ ਹੈ, ਨਹੀਂ ਤਾਂ ਉਹ ਲੋਕ ਪਰੰਪਰਾ ਨਹੀਂ ਰਹੇਗੀ', 'ਚੰਨ ਬੱਦਲਾਂ ਦਾ', 'ਦਰਦ ਆਏਗਾ ਦਬੇ ਪਾਂਵ' ਅਤੇ 'ਗ਼ਾਲਿਬ ਕੌਣ ਹੈ' ਜਿਹੀਆਂ ਕਈ ਪੇਸ਼ਕਾਰੀਆਂ 'ਚ ਸ਼ੀਲਾ ਭਾਟੀਆ ਨੇ ਲੋਕ ਵਿਰਾਸਤ ਨੂੰ ਨਾਟਕੀ ਰੂਪ 'ਚ ਪੇਸ਼ ਕੀਤਾ । ਉਸਦੇ ਨਾਟ-ਉਪਰੇ "ਚੰਨ ਬੱਦਲਾਂ ਦਾ" ਵਿਚ ਉਸਦੀ ਕਾਵਿਕਤਾ 47 ਦੇ ਉਜਾੜੇ ਦੀ ਤਸਵੀਰ ਬਣ ਜਾਂਦੀ ਹੈ ਤੇ ਲੋਕ

ਵੇਦਨਾ ਗੀਤ ਰਾਹੀਂ, ਉਜਾੜੇ ਦੇ ਦਰਦ, ਵਿਛੋੜੇ ਦੀ ਵੇਦਨਾ ਤੇ ਰਾਜਨੀਤਕ ਕੁਚਾਲਾਂ ਨੂੰ ਪੇਸ਼ ਕਰਦੀ ਹੈ:

*ਚੰਨਾ ਵੇ ਤੇਰਾ ਚਾਨਣਾ / ਵੇ ਚੰਨ ਬੱਦਲਾਂ ਦਾ*
*ਘਟ ਕਾਲੀ ਫੁਟ ਛਾਈ / ਵਿਛੋੜਾ ਸੱਜਣਾਂ ਦਾ*

*ਚੰਨਾ ਵੇ ਤੇਰਾ ਚਾਨਣਾ / ਤਾਰਿਆ ਵੇ ਤੇਰੀ ਲੋ*
*ਹੌਲੀ ਹੌਲੀ ਸੌਂ ਗਏ / ਨਿੰਮ੍ਹੇ ਦਿਨ ਦਿਨ ਹੋ*
*ਲੁਕ ਗਿਆ ਅੱਜ ਸਬੂਤੜਾ / ਚੰਨ ਸੱਧਰਾਂ ਦਾ-ਘਟ ਕਾਲੀ ..*
*ਬਾਰੀ ਹੇਠੋਂ ਜਾਂਦਿਆਂ ਵੇ / ਵੇ ਰਾਹੀਆ ਤੂਹੀਉਂ ਬੋਲ*
*ਕਿਉਂ ਆਪੇ ਵਿਚ ਲੜ ਪਏ / ਛੱਡ ਆਜ਼ਾਦੀ ਦੇ ਘੋਲ*
*ਸੰਗਲ ਚੁਫੇਰਿਓਂ ਲਾਉਣ ਦੀ ਥਾਂ / ਪੈ ਗਏ ਪਾਸੇ ਹੋਰ*
*ਸੰਗਲਾਂ ਦੀ ਥਾਂ ਲਾ ਲਿਆ / ਸਿਰ ਮਿੱਤਰਾਂ ਦਾ-ਘਟ ਕਾਲੀ ........*

*ਮਾਵਾਂ ਭੈਣਾਂ ਆਪਣੀਆਂ / ਆਪਣੀ ਈ ਤਲਵਾਰ*
*ਆਪਣੇ ਧੀਆਂ ਪੁੱਤ ਕੋਹ ਲਏ / ਆਪਣੇ ਚਾਕੂ ਨਾਲ*
*ਟੱਬਰ ਆਪਣੇ ਭੁੰਨ ਸੁੱਟੇ / ਆਪਣੇ ਹੱਥਾਂ ਦੇ ਨਾਲ*
*ਦੱਸ ਖਾਂ ਰਾਹੀਆ / ਕੰਮ ਏ ਕਿਹੜੀਆਂ ਅਕਲਾਂ ਦਾ-ਘਟ ਕਾਲੀ .....*

*ਬਾਣਾ ਦੇਸ ਭਗਤ ਦਾ ਤੇਰਾ / ਕੰਮ ਵਾਂਗੂੰ ਜੱਲਾਦ*
*ਹਿੰਦੂ-ਮੁਸਲਿਮ ਟੋਪੀਆਂ ਨੂੰ / ਕਿਉਂ ਲਾਉਣੈਂ ਵੀਰਾ ਲਾਜ*
*ਲਹੂ ਦੇ ਛੱਪੜ ਡੋਲ੍ਹ ਰਚੇ / ਕਿਸ ਆਜ਼ਾਦੀ ਸਾਜ਼*
*ਚੀਕ ਚਿਹਾੜਾ ਜ਼ਖ਼ਮੀਆਂ ਦਾ / ਕਿਸ ਆਜ਼ਾਦੀ ਦਾ ਰਾਗ*
*ਬਣਿਐਂ ਤੂੰ ਕਿਉਂ ਕਾਤਿਲ / ਅੱਜ ਹਮਵਤਨਾਂ ਦਾ*
*ਬੇ ਗੁਨਾਹਵਾਂ ਭੋਲਿਆ / ਸੱਜਣਾਂ ਦਾ / ਚੰਨ ਬੱਦਲਾਂ ਦਾ*

ਆਪਣੇ ਨਾਟ ਓਪੇਰੇ 'ਚੰਨ ਬੱਦਲਾਂ ਦਾ' ਬਾਰੇ ਗੱਲ ਸਾਂਝੀ ਕਰਦਿਆਂ ਉਸਨੇ ਲਿਖਿਆ 'ਵੈਸੇ ਤਾਂ ਮਾਂ ਨੂੰ ਭੇਦ ਨਹੀਂ ਕਰਨਾ ਚਾਹੀਦਾ, ਫਿਰ ਵੀ ਮੇਰਾ ਝੁਕਾਅ 'ਚੰਨ ਬੱਦਲਾਂ ਦਾ' ਵੱਲ ਜ਼ਿਆਦਾ ਹੈ। ਇਸ ਲਈ ਨਹੀਂ ਕਿ ਉਸਦੇ ਸੈਂਕੜੇ ਸ਼ੋਅ ਹੋਏ, ਸਗੋਂ ਇਸ ਲਈ ਕਿ ਉਸ ਤੋਂ ਮਾਨਸਿਕ ਸਕੂਨ ਮਿਲਦਾ ਹੈ। 1966 ਵਿਚ ਹਰਿਆਣਾ ਦੇ ਗਠਨ ਤੋਂ ਮੈਂ ਅਸ਼ਾਂਤ ਹੋ ਉੱਠੀ ਕਿਉਂ ਕਿ ਇਸ ਦਾ ਅਰਥ ਸੀ- ਮੇਰੇ ਪੰਜਾਬ ਦੀ ਇਕ ਹੋਰ ਵੰਡ। ਮੇਰੀ ਆਤਮਾ ਨੇ ਇਸ ਦੀ ਪ੍ਰਤਿਕ੍ਰਿਆ ਵਿਚ ਪੂਰਬੀ ਤੇ ਪੱਛਮੀ ਪੰਜਾਬੀ ਲੋਕ ਸੰਸਕ੍ਰਿਤੀ ਦੇ ਇਕ ਸੰਗੀਤ ਕੋਲਾਜ ਦੀ ਰਚਨਾ ਕੀਤੀ। ਜਦ ਕੜਕਦੀ ਠੰਡ ਵਿਚ ਹਰ ਵਰਗ ਅਤੇ ਹਰ ਉਮਰ ਦੇ ਲੋਕ ਓਪਨ ਏਅਰ ਥੀਏਟਰ ਵਿਚ ਉਸਨੂੰ ਦੇਖਣ ਆਏ ਤਾਂ ਮੈਨੂੰ ਯਕੀਨ ਹੋ ਗਿਆ ਕਿ ਪੰਜਾਬੀਅਤ ਨੂੰ ਕੋਈ ਰਾਜਨੀਤਕ ਕਪਟ ਨਹੀਂ ਮਾਰ ਸਕਦਾ।'

ਸ਼ੀਲਾ ਭਾਟੀਆ ਨੇ ਜਿਸ ਦੌਰ ਵਿਚ ਹੋਸ਼ ਸੰਭਾਲਿਆ, ਉਹ ਸਮਾਂ ਹੀ ਅਜਿਹਾ ਸੀ ਕਿ ਤੁਸੀਂ ਚੁੱਪ ਨਹੀਂ ਬੈਠ ਸਕਦੇ ਸੀ। ਪ੍ਰੇਰਣਾਵਾਂ ਨਾਲ ਭਰਿਆ ਪੂਰਾ ਜ਼ਮਾਨਾ ਸੀ ਉਹ। ਤੁਸੀਂ ਲੋਕਾਂ ਦੀ ਖੁਸ਼ੀ-ਗ਼ਮੀ ਵਿਚ ਸ਼ਾਮਿਲ ਹੋਏ ਬਿਨਾ ਰਹਿ ਹੀ ਨਹੀਂ ਸੀ ਸਕਦੇ। ਸ਼ੀਲਾ ਭਾਟੀਆ ਸਿਆਲਕੋਟ ਪੰਜਾਬ ਵਿਚ ਪੈਦਾ ਹੋਈ। ਉਸਦੇ ਪਿਤਾ ਜੀ ਪੱਤਰਕਾਰ ਸਨ ਤੇ ਮਾਂ ਘਰੇਲੂ ਔਰਤ ਸੀ ਪਰ ਉਹ ਬਹੁਤ ਵਧੀਆ ਗਾਉਂਦੀ ਸੀ। ਸਿਆਲਕੋਟ ਸ਼ਹਿਰ ਰਾਜਨੀਤੀ ਵਿਚ ਕਾਫ਼ੀ ਗ਼ਰਮ ਸ਼ਹਿਰ ਸੀ, ਉਦੋਂ ਸ਼ਹਿਰ ਵਿਚ ਹੰਗਾਮੇ ਹੁੰਦੇ ਰਹਿੰਦੇ ਸਨ। ਮਜ਼ਬ ਦੇ ਨਾਂਅ 'ਤੇ ਵੀ ਸ਼ਹਿਰ ਵੰਡਿਆ ਜਾ ਰਿਹਾ ਸੀ। ਉਹਨਾਂ ਦਿਨਾਂ ਵਿਚ ਭਗਤ ਸਿੰਘ ਦੀ ਫਾਂਸੀ ਦਾ ਮੁੱਦਾ ਵੀ ਬੜਾ ਚਰਚਿਤ ਸੀ। ਸ਼ੀਲਾ ਭਾਟੀਆ ਦੇ ਘਰ ਵਿਚ ਇਸ ਸਭ ਕੁਝ ਨੂੰ ਲੈ ਕੇ ਖ਼ੂਬ ਗੱਲਬਾਤ ਹੁੰਦੀ ਸੀ। ਉਸਦੇ ਰਿਸ਼ਤੇ 'ਚੋਂ ਭਾਈ-ਭੈਣ ਲਾਹੌਰ ਤੋਂ ਆ ਕੇ ਬਹੁਤ ਸਾਰੀਆਂ ਕਹਾਣੀਆਂ ਸੁਣਾਉਂਦੇ ਸਨ। ਉਹ ਘਰ ਵਿਚ ਬੈਠੀ ਘੁਟਣ ਮਹਿਸੂਸ ਕਰਦੀ ਸੀ। ਉਸ ਨੂੰ ਵੀ ਪੜ੍ਹਨ ਲਈ ਲਾਹੌਰ ਭੇਜ ਦਿੱਤਾ ਗਿਆ। ਇਹ ਉਸ ਲਈ ਬਹੁਤ ਚੰਗਾ ਰਿਹਾ, ਉਸਨੂੰ ਕੁਝ ਆਜ਼ਾਦੀ ਮਿਲੀ ਤੇ ਇਕ ਦਿਨ ਉਹ ਭਗਤ ਸਿੰਘ ਦੀ ਫਾਂਸੀ ਦੇ ਖ਼ਿਲਾਫ਼ ਇਕ ਪ੍ਰਭਾਤ ਫੇਰੀ ਵਿਚ ਸ਼ਾਮਿਲ ਹੋਣ ਲਈ ਗਈ। ਉਥੇ ਸਰਬ-ਭਾਰਤੀ ਮਹਿਲਾ ਸੰਮੇਲਨ ਦੀਆਂ ਭੈਣਾਂ ਨਾਲ ਮੁਲਾਕਾਤ ਹੋਈ। ਉਹਨੀਂ ਦਿਨੀ ਲਾਹੌਰ ਵਿਚ ਕਰਫਿਊ ਤੇ ਦੰਗਿਆਂ ਦਾ ਰਾਜ ਸੀ। ਉਹਨਾਂ ਵਿਚੋਂ ਕੁੱਝ

ਲੜਕੀਆਂ ਨੇ ਤੈਅ ਕੀਤਾ ਕਿ ਅਸੀਂ ਦੰਗਿਆਂ ਦੇ ਖ਼ਿਲਾਫ਼ ਮੁਹੱਲਿਆਂ ਵਿਚ ਜਾ ਕੇ ਗਾਵਾਂਗੇ। ਸ਼ੀਲਾ ਭਾਟੀਆ ਨੂੰ ਆਪਣੀ ਮਾਂ ਦੀ ਤਰ੍ਹਾਂ ਇਕ ਸੁਰੀਲਾ ਤੇ ਜਾਨਦਾਰ ਗਲਾ ਮਿਲਿਆ ਹੋਇਆ ਸੀ। ਇਹ ਕੁੜੀਆਂ ਗਾਣਿਆਂ ਦੇ ਨਾਲ ਨਾਲ ਅਦਾਕਾਰੀ ਵੀ ਕਰਦੀਆਂ ਸੀ ਅਤੇ ਇਸ ਤਰ੍ਹਾਂ ਹਾਲਾਤ ਨੇ ਸ਼ੀਲਾ ਭਾਟੀਆ ਨੂੰ ਇਕ ਰੰਗਕਰਮੀ ਬਣਾ ਦਿੱਤਾ।

ਸ਼ੀਲਾ ਭਾਟੀਆ ਨੇ ਉਜਾੜੇ ਅਤੇ ਜੰਗ ਦੇ ਜੋ ਪ੍ਰਭਾਵ ਵੇਖੇ ਸਨ, ਉਹਨਾਂ ਨੂੰ ਆਪਣੇ ਨਾਟ ਉਪੇਰੇ 'ਕਾਗ਼ਜ਼ ਤੇ ਕੈਨਵਸ' ਵਿਚ ਵੀ ਬਿਆਨ ਕੀਤਾ।

(ਜੰਗ ਦੇ ਬਿਗਲ ਵੱਜੇ। ਗੋਲ਼ੇ ਬੰਦੂਕਾਂ। ਫੌਜੀ ਮਾਰਚ। ਕੁੜੀਆਂ ਤ੍ਰਭਕ ਜਾਂਦੀਆਂ ਹਨ। ਮਰਦ ਸਹਿਮੇ ਸਹਿਮੇ ਦਾਖਲ ਹੁੰਦੇ ਹਨ।)

***ਕੋਰਸ :***
*ਤ੍ਰਾਟ ਤ੍ਰਾਟ ਅੱਜ ਨੈਣ ਸਮੇਂ ਦੇ*
*ਚਿਲੂੰ ਚਿਲੂੰ ਉਹਦੇ ਪੈਰ*
*ਦੇਸ ਦੇਸ ਦਾ ਕੌਮ ਕੌਮ ਦਾ*
*ਮਨੁੱਖ ਮਨੁੱਖ ਦਾ ਵੈਰ*

(ਮਰਦ ਆਪਸ ਵਿਚ ਗੱਲਾਂ ਕਰਦੇ ਹਨ। ਕੁੜੀਆਂ ਸਹਿਮੀਆਂ-ਸਹਿਮੀਆਂ ਸੁਣਦੀਆਂ ਨੇ।)

*ਰਾਜ ਸੱਤਾ ਦਾ ਗੁਮਾਨ*
*ਰਾਜ ਸੱਤਾ*
*ਇਕ ਕਾਰਖਾਨਾ ਜੰਗ ਦਾ*
*ਰੋਜ਼ ਚਿਮਨੀ ਦੇ ਵਿਚੋਂ*
*ਹਉਕਿਆਂ ਤੇ ਚੀਕਾਂ ਦਾ ਧੂੰਆਂ ਨਿਕਲਦਾ*
*ਰਾਜ ਸੱਤਾ*
*ਇਸੇ ਕਾਰਖਾਨੇ 'ਚ ਤਿਆਰ ਹੁੰਦੀ ਹੈ।*
*ਲੋਕ ਮਾਸ ਦੀਆਂ ਗੰਢਾਂ*
*ਸਿਰਫ਼ ਕੱਚਾ ਮਾਲ ਹਨ*
*ਜੋ ਰਾਜਨੀਤੀ ਦੇ ਵਪਾਰੀ*
*ਸਮੇਂ ਤੋਂ ਖਰੀਦਦੇ*
*ਤੇ ਕਾਰਖਾਨੇ ਦੀ ਭੱਠੀ 'ਤੇ ਸੇਕਦੇ*
*ਰੱਬ ਮਾਸ ਦੀਆਂ ਗੰਢਾਂ ਦਾ*
*ਸਿਰਫ਼ ਇਕ ਆੜ੍ਹਤੀ*

(ਸਭ ਮਿਲ ਕੇ ਗਾਉਂਦੇ ਨੇ, ਫੇਰ ਜੰਗ ਦਾ ਬਿਗਲ)

*ਮਰਦਾਂ ਦਾ ਕੋਰਸ :*
*ਬੱਦਲਾਂ ਨੇ ਅੱਜ ਰੁਣ-ਝੁਣ ਲਾਈ,*
*ਸਾਵਣ ਲਾਈਆਂ ਝੜੀਆਂ,*
*ਚਾਰੇ ਕੰਧਾਂ ਮੇਰੀਆਂ ਹਿੱਲੀਆਂ,*
*ਗੱਲਾਂ ਜੰਗ ਦੀਆਂ ਛਿੜੀਆਂ,*
*ਗੱਲ ਨਾਲ ਲਾ ਕੇ ਬੋਟ ਇੰਜਾਣੇ,*
*ਥਰ ਥਰ ਕੰਬਣ ਚਿੜੀਆਂ,*
*ਵੇ ਕੱਚਾ ਰੰਗ ਰੰਗਿਆ, ਅੱਜ ਰੋਣ ਖੇਸ ਦੀਆਂ ਪਿੜੀਆਂ*

(ਬੀਰੂ ਸਾਥੀਆਂ ਦੇ ਗਲੇ ਮਿਲਿਆ, ਰੂਪਾ ਵੱਲ ਮਜ਼ਬੂਰ ਅੱਖਾਂ ਨਾਲ ਵੇਖਦਾ ਰਿਹਾ। ਬੁਚਕੀ ਚੁੱਕ ਕੇ ਟੁਰ ਪਿਆ। ਬਾਕੀ ਮਰਦ

ਉਹਨੂੰ ਵਿਦਾ ਕਰ ਕੇ ਚਲੇ ਗਏ।)

*ਔਰਤਾਂ ਦਾ ਕੋਰਸ :*
*ਕਲੀਆਂ ਹਾਲੀਂ ਖਿੜੀਆਂ ਹੀ ਨਹੀਂ, ਜੰਗ ਛਿੜ ਗਈ।*
*ਵਿਚ ਕਲੇਜਿਓਂ ਬੱਦਲੀ ਉਠੀ*
*ਅੱਖੀਆਂ ਵਿਚੋਂ ਸਿੰਮੀ ਗਲ ਦਾ ਮੇਰਾ ਕੁੜਤਾ ਭਿਜਾ*
*ਸਿਰ ਦੀ ਭਿਜ ਗਈ ਚੁੰਨੀ*
*ਗਿੱਧਾ ਰੋਵੇ ਝੁੰਮਰ ਹੋਵੇ*
*ਰੋਂਦੀ ਏ ਉਸ ਦੀ ਸੰਮੀ*
*ਨੀ ਕਿੰਝ ਬੀਤੇਗੀ*
*ਏ ਰਾਤ ਉਮਰ ਤੋਂ ਲੰਮੀ*

ਸ਼ੀਲਾ ਭਾਟੀਆ ਨੇ 1951 ਤੋਂ 1999 ਤੱਕ 25 ਉਪੇਰੇ ਲਿਖੇ, ਜਿਨ੍ਹਾਂ ਵਿਚ 'ਕਾਲ ਆਫ਼ ਦਿ ਵੈਲੀ' (ਵਾਦੀ ਦੀ ਗੂੰਜ) (1951), 'ਸੁੱਕੇ ਖੇਤ' (1953), 'ਹੀਰ-ਰਾਂਝਾ' (1956), ' ਪ੍ਰਿਥਵੀ ਰਾਜ ਚੌਹਾਨ' (1963), ' ਚੰਨ ਬੱਦਲਾਂ ਦਾ' (1966), 'ਕਿੱਸਾ ਯੇਹ ਔਰਤ ਕਾ ਹਵਾ ਸੇ ਸਿਪੀ ਤੱਕ' (1972), 'ਨਾਦਿਰ ਸ਼ਾਹ' (1977) , 'ਯਾਸਮੀਨ (ਲੋਰਕਾ ਕ੍ਰਿਤ 'ਯਰਮਾ') (1977), ' ਜੁਗਨੀ' (1978), 'ਜੀਵਨ ਕੀ ਹੈ' (1978), 'ਦਰਦ ਆਏਗਾ ਦਬੇ ਪਾਂਵ' (ਫੈਜ਼ ਅਹਿਮਦ ਫੈਜ਼ ਬਾਰੇ) (1979), 'ਯੇ ਇਸ਼ਕ ਨਹੀਂ ਆਸਾਂ' (1980), 'ਮਾਨਸਰੋਵਰ' (1981), 'ਸ਼ਹਿਨਸ਼ਾਹ ਅਕਬਰ' (1981), 'ਸੁਲਗਦੇ ਦਰਿਆ' (1983), 'ਕਾਗ਼ਜ਼ ਤੇ ਕੈਨਵਸ' (1985), 'ਤੇਰੇ ਮੇਰੇ ਲੇਖ (ਲੋਰਕਾ ਕ੍ਰਿਤ 'ਬਲੱਡ ਵੈਡਿੰਗ') (1985), 'ਕਤਾਰ (ਹਰ ਰਾਹ ਮੇਂ ਮੁਝ ਕੋ ਗੀਤ ਮਿਲੇ)' (1985), 'ਉਮਰ ਖ਼ਿਆਮ' (1990), 'ਜੀਵਨ ਰਾਗ' (1990), 'ਸ਼ਬਨਮ' (1992), 'ਮੁਕੱਦਰ (ਫਰਾਂਸ ਦੇ ਫ਼ਿਲਾਸਫਰ ਵਾਲੇਤਅਰ ਦੇ ਜੀਵਨ ਉਤੇ ਅਧਾਰਿਤ)' (1993), 'ਧਰਤੀ' (1995), 'ਨਸੀਬ (ਲੋਰਕਾ ਕ੍ਰਿਤ 'ਬਲੱਡ ਵੈਡਿੰਗ' ਦਾ ਉਰਦੂ ਰੂਪਾਂਤਰਣ) (1997), ਅਤੇ ' ਮੈਂ ਔਰ ਵਹ' (1999)।

ਇਹਨਾਂ ਸਾਰੀਆਂ ਰਚਨਾਵਾਂ 'ਚ ਸ਼ੀਲਾ ਭਾਟੀਆ ਨੇ ਜਾਂ ਤਾਂ ਪੁਰਾਣੇ ਗੀਤਾਂ ਨੂੰ ਦੋਬਾਰਾ ਜਿਉਂਦਾ ਕਰਕੇ ਉਨ੍ਹਾਂ ਨੂੰ ਇਕ ਲੜੀ 'ਚ ਪਾ ਦਿੱਤਾ ਜਾਂ ਆਪਣੇ ਮੌਲਿਕ ਗੀਤਾਂ ਦੇ ਲਈ ਪੁਰਾਣੀਆਂ ਧੁਨਾਂ ਦੀ ਵਰਤੋਂ ਕੀਤੀ ਸੀ। ਹਾਲਾਂਕਿ ਇਹ ਕੋਸ਼ਿਸ਼ 'ਟੋਟਲ ਥੀਏਟਰ' ਦੀ ਦਿਸ਼ਾ 'ਚ ਸੀ, ਜਿਸ ਵਿਚ ਸੰਗੀਤ, ਨ੍ਰਿਤ, ਨਾਟਕ, ਗੀਤ, ਕਵਿਤਾ, ਮਾਇਮ, ਗਤੀਆਂ ਸਾਰੇ ਤੱਤ ਸੀ। ਇਸ ਲਈ ਉਹ ਭਾਸ਼ਾ ਦੀਆਂ ਸੀਮਾਂ ਨੂੰ ਪਾਰ ਕਰਨ 'ਚ ਸਫ਼ਲ ਹੋਈ।

ਉਸਨੇ ਥੀਏਟਰ ਦਾ ਜੀਵਨ ਪੰਜਾਹ ਸਾਲ ਤੋਂ ਵੀ ਜ਼ਿਆਦਾ ਹੰਢਾਇਆ। ਉਸਦੇ ਹਰ ਸਾਹ 'ਚ ਥੀਏਟਰ ਹੀ ਸੀ। ਢੋਲਕ ਦੀ ਥਾਪ ਉਸਨੂੰ ਹਮੇਸ਼ਾ ਪਸੰਦ ਰਹੀ ਹੈ। ਸਵਾਂਗ, ਸਿੱਠਨਿਆਂ ਦੀ ਵਰਤੋਂ ਉਪੇਰਿਆਂ 'ਚ ਕੀਤੀ। ਬਹੁਤ ਸਾਰਾ ਕੰਮ ਕੀਤਾ। ਉਸ ਦੀਆਂ ਕਾਫ਼ੀ ਸਾਰੀਆਂ ਕੋਸ਼ਿਸ਼ਾਂ ਪੂਰੀਆਂ ਹੋਈਆਂ ਹਨ। ਸ਼ੀਲਾ ਭਾਟੀਆ ਹਮੇਸ਼ਾ ਕਹਿੰਦੀ "ਜਿੱਥੋਂ ਤੱਕ ਖੁਆਬ ਪੂਰੇ ਹੋਣ ਦਾ ਸਵਾਲ ਹੈ, ਖੁਆਬ ਕਦੇ ਪੂਰੇ ਨਹੀਂ ਹੁੰਦੇ। ਜੇ ਖੁਆਬ ਪੂਰੇ ਹੋ ਜਾਣ ਤਾਂ ਇਨਸਾਨ ਮਰ ਜਾਂਦਾ ਹੈ ਅਤੇ ਮੈਂ ਬਹੁਤ ਜਿਉਣਾ ਚਾਹੁੰਦੀ ਹਾਂ।" ਤੇ ਸੱਚਮੁੱਚ ਸ਼ੀਲਾ ਭਾਟੀਆ ਅਜੇ ਵੀ ਜਿਊਂਦੀ ਹੈ।

ਇਨ੍ਹਾਂ ਨਾਟ ਉਪੇਰਿਆਂ ਨਾਲ ਸ਼ੀਲਾ ਭਾਟੀਆ ਨੇ ਹਿੰਦੁਸਤਾਨ ਦੇ ਰੰਗਮੰਚ ਨੂੰ ਉਚਾਈਆਂ ਦਿੱਤੀਆਂ। ਸ਼ੀਲਾ ਭਾਟੀਆ ਦੀ ਪੰਜਾਬੀ ਲੋਕ ਸੰਗੀਤ ਉਪੇਰੇ ਨੂੰ ਦੇਣ ਹਮੇਸ਼ਾਂ ਹੀ ਮਾਣ ਵਾਲੀ ਰਹੇਗੀਤੇ ਪੰਜਾਬੀ ਰੰਗਮੰਚ ਸ਼ੀਲਾ ਭਾਟੀਆ ਨੂੰ ਸਲਾਮ ਕਰਦਾ ਰਹੇਗਾ। ਵ




ਸੁਘੜ ਨਾਟ ਨਿਰਦੇਸ਼ਕ ਕੇਵਲ ਧਾਲੀਵਾਲ ਦੀ ਮਾਨਤਾ ਪੰਜਾਬ ਅਤੇ ਭਾਰਤ ਵਿਚ ਹੀ ਨਹੀਂ, ਬਲਕਿ ਦੇਸ਼ਾਂ ਵਿਦੇਸ਼ਾਂ ਵਿਚ ਵੀ ਹੈ। ਉਸ ਨੇ ਆਪਣੇ ਜੀਵਨ ਕਾਲ ਵਿਚ ਅਨੇਕਾਂ ਨਾਟਕਾਂ ਦਾ ਨਿਰਦੇਸ਼ਨ ਕਰਨ ਦੇ ਨਾਲ-ਨਾਲ ਨਾਟਕ-ਲੇਖਣ ਵਿਚ ਵੀ ਕਾਫ਼ੀ ਨਾਮਣਾ ਖੱਟਿਆ ਤੇ ਰੰਗਮੰਚ ਦੀ ਸਮਝ ਨੂੰ ਪਕੇਰਾ ਕਰਨ ਲਈ ਕਈ ਪੁਸਤਕਾਂ ਦੀ ਰਚਨਾ ਕੀਤੀ ਅਤੇ ਨਾਲ ਹੀ ਨਾਲ ਚੰਗੇ ਨਾਟਕਾਂ ਨੂੰ ਅਨੁਵਾਦ ਕਰਕੇ ਰੰਗਮੰਚ ਦੇ ਪਾਠਕਾਂ ਤਕ ਪਹੁੰਚਾਇਆ। ਹਰ ਸਾਲ ਕਲਾਕਾਰਾਂ ਦੀ ਨਵੀਂ ਪਨੀਰੀ ਨੂੰ ਤਿਆਰ ਕਰਨ ਲਈ ਕੇਵਲ ਧਾਲੀਵਾਲ ਵੱਲੋਂ ਲਗਾਈ ਜਾਂਦੀ ਥੀਏਟਰ ਵਰਕਸ਼ਾਪ ਆਪਣੇ ਆਪ ਵਿਚ ਮਹੱਤਵਪੂਰਨ ਕਾਰਜ ਹੈ।


**Mob : 98142 99422 • Email : manchrangmanch@yahoo.com**




ਕਸ਼ਮੀਰ ਦੀਆਂ ਵਾਦੀਆਂ ਵਿਚ ਸ਼ੀਲਾ ਭਾਟੀਆ (1948-49)



ਸ਼ੀਲਾ ਭਾਟੀਆ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਕੋਲੋਂ
ਸੰਗੀਤ ਨਾਟਕ ਅਕਾਦਮੀ ਪੁਰਸਕਾਰ (1982) ਪ੍ਰਾਪਤ ਕਰਦੇ ਹੋਏ ।


ਸ਼ੀਲਾ ਭਾਟੀਆ ਪਿੰਡ ਪ੍ਰਾਂਤਰ ਵਿਚ (1946)।


ਹਾਲੀ ਵਤਸ ਅਤੇ ਸ਼ੀਲਾ ਭਾਟੀਆ ਮੰਚ ਉੱਤੇ



ਵੀਨਾ ਖੰਨਾ 'ਹੱਵਾ ਤੇ ਹਿੱਪੀ ਤਕ' (1972) ਦੇ ਇਕ ਦ੍ਰਿਸ਼ 'ਚ।




ਪੰਡਤ ਜਵਾਹਰ ਲਾਲ ਨਹਿਰੂ 'ਹੀਰ ਰਾਂਝਾ' (1956) ਦੇ ਕਲਾਕਾਰਾਂ ਅਤੇ ਸ਼ੀਲਾ ਭਾਟੀਆ ਦੇ ਨਾਲ।



'ਰੁੱਖੇ ਖੇਤ' (1953) ਵਿਚ ਸ਼ੀਲਾ ਭਾਟੀਆ ਅਤੇ ਅਸੀਮ ਭੱਟਾਚਾਰੀਆ।

ਪ੍ਰਿਥਵੀ ਰਾਜ ਚੌਹਾਨ (1963) ਵਿਚ ਜੈਚੰਦ (ਹਾਲੀ ਵਤਸ) ਦਾ ਦਰਬਾਰ।



ਕਵਿਤਾ

## ਮਲਵਿੰਦਰ

### *ਚੁੱਪ ਦੇ ਬਹਾਨੇ*

ਚੁੱਪ ਕੋਲ ਬੋਲ ਹੁੰਦੇ
ਇਕਰਾਰ ਹੁੰਦਾ,ਇਜ਼ਹਾਰ ਹੁੰਦਾ

ਚੁੱਪ ਕਈ ਸ਼ੰਕੇ ਨਵ੍ਰਿਤ ਕਰਦੀ
ਅੰਦਰਲੇ ਕਈ ਓਹਲੇ ਬੇਪਰਦ ਕਰਦੀ

ਚੁੱਪ ਉਹ ਕਹਿੰਦੀ
ਬੋਲ ਜੋ ਕਹਿ ਨਾ ਸਕਦੇ
ਉਹ ਬੋਲਦੀ
ਸ਼ਬਦ ਜੋ ਲਿਖ ਨਾ ਸਕਦੇ

ਚੁੱਪ ਨੂੰ ਸੁਣਦਿਆਂ
ਕੰਨਾਂ 'ਚ ਇਲਾਹੀ ਰਾਗ ਗੂੰਜਦਾ
ਚੁੱਪ ਕੋਲ ਬੈਠਿਆਂ ਤੇਰੀ ਹੋਂਦ ਦਾ ਅਹਿਸਾਸ ਹੁੰਦਾ

ਚੁੱਪ ਨਾਲ ਗੱਲਾਂ ਕਰਦਿਆਂ
ਸ਼ਬਦ ਅਰਥਾਂ ਨਾਲ ਭਰ ਜਾਂਦੇ

ਜਦ ਬੋਲਣ ਨੂੰ ਕੁੱਝ ਨਾ ਬਚਦਾ
ਚੁੱਪ ਬੋਲਦੀ
ਅਧਵਾਟੇ ਰਹਿ ਗਏ ਛਿਣਾਂ ਨੂੰ ਸਾਕਾਰ ਕਰਦੀ

ਚੁੱਪ ਸਭ ਤੋਂ ਪਿਆਰੀ ਅਵਸਥਾ ਹੁੰਦੀ
ਸਭ ਤੋਂ ਨੇੜਲਾ ਰਿਸ਼ਤਾ ਹੁੰਦੀ
ਚੁੱਪ ਨਾਲ ਸੰਵਾਦ ਰਚਾਉਣ ਨੂੰ ਮਨ ਕਰਦਾ

ਚੁੱਪ ਬੰਸਰੀ ਦੀ ਮਧੁਰ ਆਵਾਜ਼ ਹੁੰਦੀ
ਝਾਂਜਰ ਦੀ ਦਿਲਕਸ਼ ਛਣਕਾਰ ਹੁੰਦੀ
ਚੁੱਪ ਮਨ ਦੀ ਹਰ ਅਵਸਥਾ ਬਿਆਨ ਕਰ ਜਾਂਦੀ
ਚੁੱਪ ਸਮਰਪਿਤ ਜਿਸਮ ਹੁੰਦੀ

ਚੁੱਪ ਮੁਹੱਬਤ ਨੂੰ ਉਸਦੇ ਅਰਥਾਂ ਦੀ
ਗਹਿਰਾਈ ਤਕ ਲੈ ਜਾਂਦੀ
ਇਹ ਵਰਜਿਤ ਇਛਾਂਵਾਂ ਦਾ ਬਿਆਨ ਹੁੰਦੀ
ਸ਼ਬਦਾਂ ਨਾਲ ਸੰਭੋਗ ਕਰਦੀ
ਕਵਿਤਾ ਨੂੰ ਜਨਮ ਦਿੰਦੀ
ਇਹ ਜੰਮਣ ਪੀੜਾਂ ਦਾ ਮਿੱਠਾ ਅਹਿਸਾਸ ਹੁੰਦੀ

ਚੁੱਪ ਹਰ ਪਲ ਆਕਾਰ ਬਦਲਦੀ

ਹਰ ਛਿਣ ਸੰਵਾਦ ਬਦਲਦੀ
ਚੁੱਪ ਦਾ ਸਫ਼ਰ
ਖੰਡ,ਬ੍ਰਹਿਮੰਡ ਗਾਹ ਆਉਂਦਾ

ਚੁੱਪ ਸਾਡੀ ਹੋਂਦ ਦਾ ਉਹ ਵਿਸਥਾਰ ਹੁੰਦੀ
ਜੋ ਅਸੀਂ ਨਹੀਂ ਹੁੰਦੇ
ਇਹ ਸਿਰਜਣ ਛਿਣਾਂ ਨਾਲ ਭਰਿਆ
ਕਾਵਿਕ ਅੰਬਰ ਹੁੰਦੀ
ਵਰਜਿਤ ਸੰਵਾਦ ਰਚਾਉਂਦੀ
ਡੋਲਦੇ ਰਿਸ਼ਤਿਆਂ ਨੂੰ ਠਹਿਰਾਅ ਦਿੰਦੀ
ਬੇਚੈਨ ਮਨ ਨੂੰ ਸ਼ਾਂਤੀ ਨਾਲ ਭਰ ਦਿੰਦੀ

ਚੁੱਪ ਚੁਫੇਰੇ ਪਸਰੇ ਹਰ ਤਣਾਅ ਤੋਂ ਮੁਕਤ ਕਰਦੀ
ਇਹ ਰੂਹਾਂ ਦਾ ਰੱਜ ਹੁੰਦੀ ਜੀਣ ਦਾ ਚੱਜ ਹੁੰਦੀ

ਚੁੱਪ ਨਾਲ ਗੁਜ਼ਾਰੇ ਛਿਣ
ਤਾ-ਉਮਰ ਨਾਲ ਤੁਰਦੇ
ਸਾਂਝੇ ਕੀਤੇ ਬੋਲ ਇਤਿਹਾਸ ਵਾਂਗ ਲਿਖੇ ਜਾਂਦੇ

ਚੁੱਪ ਉੱਜੜੇ ਮਨ ਦੀ ਰੌਣਕ ਹੁੰਦੀ
ਇਹ ਉਦਾਸ ਮਨ ਨੂੰ ਉਦਾਸੀ 'ਤੇ ਲੈ ਜਾਂਦੀ
ਕੋਰੇ ਛਿਣਾਂ ਨੂੰ ਸ਼ਬਦਾਂ ਨਾਲ ਭਰ ਦਿੰਦੀ

ਚੁੱਪ,ਕਵੀ ਲਈ ਸਭ ਤੋਂ ਸੁਖਾਂਵਾਂ ਪਲ ਹੁੰਦੀ
ਫ਼ਿਕਰਾਂ,ਝਮੇਲਿਆਂ ਨੂੰ ਵਿਸਰ ਜਾਣ ਦੀ ਦਵਾ ਹੁੰਦੀ

ਚੁੱਪ ਨਾਲ ਸਾਰੇ ਸ਼ੋਰ ਚੁੱਪ ਹੋ ਜਾਂਦੇ
ਚੁੱਪ ਸਿਰਜਣ ਛਿਣਾਂ ਦਾ ਸੰਗ੍ਰਿਹ ਬਣਦੀ
ਇਹ ਸਾਡੇ ਮਨ ਦਾ ਪੁਸਤਕਾਲਾ ਹੁੰਦੀ

ਚੁੱਪ 'ਚ ਵਗਦੀ ਪੌਣ ਦੀ ਆਵਾਜ਼
ਪਹਾੜੀ ਨਦੀ ਦਾ ਸ਼ੋਰ
ਮੈਦਾਨੀ ਦਰਿਆ ਦਾ ਸਹਿਜ ਹੁੰਦਾ

ਚੁੱਪ 'ਚ
ਰਿਸ਼ਤਿਆਂ ਦੀ ਸ਼ਨਾਖਤ ਹੁੰਦੀ
ਭੁੱਲਾਂ ਦੀ ਮੁਆਫ਼ੀ ਹੁੰਦੀ, ਰੀਝਾਂ ਦੀ ਪੂਰਤੀ ਹੁੰਦੀ

ਚੁੱਪ ਸਾਨੂੰ ਸਾਡੇ ਨਾਲ ਜੋੜਦੀ

ਚੁੱਪ,ਦਰਿੰਦਗੀ ਤੋਂ ਮੁਹੱਬਤ ਤਕ ਦਾ
ਸੁਖਾਵਾਂ ਸਫ਼ਰ ਹੁੰਦੀ
ਅੰਨ੍ਹੇ ਖ਼ੂਹ 'ਚ ਗਵਾਚ ਗਿਆ ਖੜਾਕ ਹੁੰਦੀ
ਕਠੋਰ ਜ਼ਿੰਦਗੀ ਦਾ ਦ੍ਰਵਿਤ ਛਿਣ ਹੁੰਦੀ

ਚੁੱਪ,ਸ਼ਹੀਦ ਹੋਏ ਛਿਣਾਂ ਦਾ
ਪੀੜ੍ਹੀ-ਦਰ ਪੀੜ੍ਹੀ ਤੁਰਦਾ ਇਤਿਹਾਸ ਹੁੰਦੀ

ਇਜ਼ਹਾਰ ਨੂੰ ਤਰਸਦੀਆਂ
ਭਾਵਨਾਵਾਂ ਦਾ ਤਣਾਅ ਹੁੰਦੀ
ਅਣਦੇਖੀ ਦਾ ਸ਼ਿਕਾਰ ਬੰਦੇ ਦਾ ਵਿਰੋਧ ਹੁੰਦੀ
ਆਪਣੇ ਹੀ ਘਰ 'ਚ ਬੇਗਾਨਗੀ ਹੰਢਾਉਂਦੇ
ਛਿਣ ਦਾ ਵਿਰਲਾਪ ਹੁੰਦੀ

ਚੁੱਪ,ਅਣਚਾਹੀ ਮੁਹੱਬਤ ਦਾ ਬੇਲੋੜਾ ਹੁੰਗਾਰਾ ਹੁੰਦੀ
ਮਨੁੱਖ ਦੇ ਨਾਲ ਦਫ਼ਨ ਹੋਏ ਭੇਤ ਹੁੰਦੀ
ਬਲਦੇ ਚਿਰਾਗਾਂ ਦੀ ਰੋਸ਼ਨੀ ਦਾ ਪੈਗਾਮ ਹੁੰਦੀ
ਬੇਗਾਨੇ ਹੋ ਗਏ ਕਿਸੇ ਆਪਣੇ ਦਾ ਮੁਹਾਂਦਰਾ ਹੁੰਦੀ
ਕੱਚੀ ਤੰਦ ਦਾ ਰਿਸ਼ਤੇ ਨੂੰ ਸਹਾਰਾ ਹੁੰਦੀ

ਚੁੱਪ,ਨੇਰ੍ਹੇ ਦੀ ਬੁੱਕਲ 'ਚੋਂ ਅਗੜਾਈ ਲੈਂਦੀ
ਚਾਨਣ ਦੀ ਦੂਧੀਆ ਕਿਰਨ ਹੁੰਦੀ
ਪੀੜ੍ਹ ਵਿੰਨ੍ਹੇ ਜਿਸਮ ਦੇ ਮੱਥੇ ਦੀ ਤਰੇਲੀ ਹੁੰਦੀ
ਕਿਰਤੀ ਪਲਾਂ ਨੂੰ ਮਿਲੀ ਵਿਹਲ ਹੁੰਦੀ
ਕਮਰੇ ਅੰਦਰਲੇ ਮੌਸਮ ਦਾ ਉਡੀਕ ਸੰਗ ਸੰਵਾਦ ਹੁੰਦੀ
ਮੌਸਮ ਦੀ ਕਰਵਟ ਦਾ ਪੁੰਗਾਰਾ ਹੁੰਦੀ
ਕਮਰੇ ਅੰਦਰਲੇ ਹੁੰਮਸ ਦਾ ਸਰਘੀ ਨੂੰ ਸਜਦਾ ਹੁੰਦੀ
ਕਿਸੇ ਭੁੱਲੇ ਵਿਸਰੇ ਰੰਗੀਨ ਪਲ ਦਾ
ਆਇਆ ਚੇਤਾ ਹੁੰਦੀ
ਬਿਰਖਾਂ ਦੇ ਪੱਤਿਆਂ 'ਤੇ ਉਕਰਿਆ ਮੌਸਮ ਹੁੰਦੀ

ਚੁੱਪ,ਵਗਦੇ ਪਾਣੀਆਂ ਕੰਢੇ ਬਹਿਕੇ
ਆਪਣੇ ਨਾਲ ਕੀਤੀ ਗੱਲ ਹੁੰਦੀ
ਨ੍ਹੇਰੇ ਨਾਲ ਤੈ ਹੋਈ ਗੋਸ਼ਟੀ ਦੀ ਤਾਰੀਕ ਹੁੰਦੀ
ਸ਼ੋਸ਼ਲ ਮੀਡੀਆ ਸੰਗ ਪਰਚੀ ਸੋਚ ਦਾ ਦੁਖਾਂਤ ਹੁੰਦੀ
ਨ੍ਹੇਰੀ ਗੁਫ਼ਾ 'ਚ ਦੁਬਕੀ ਬੈਠੀ ਚਾਨਣੀ ਹੁੰਦੀ
ਮਾਤਮੀ ਮੌਸਮ ਨੂੰ ਸੁਣਾਈ ਬਾਤ ਹੁੰਦੀ

ਚੁੱਪ,ਰੁੱਖ ਨਾਲ ਸਾਂਝੀ ਕੀਤੀ ਦੁੱਖਾਂ ਦੀ ਕਵਿਤਾ ਹੁੰਦੀ
ਸ਼ਬਦਾਂ ਨਾਲ ਖੇਡੀ ਲੁਕਣ-ਮੀਟੀ ਹੁੰਦੀ
ਦੂਰ-ਪਾਰੋਂ ਪਰਤੀ ਹਾਦਸੇ ਦੀ ਖ਼ਬਰ ਹੁੰਦੀ
ਮਨ ਦੇ ਬੂਹੇ 'ਤੇ ਸੁਪਨੇ ਦੀ ਦਸਤਕ ਹੁੰਦੀ
ਅਤੀਤ ਦੀ ਨਜ਼ਮ 'ਚੋਂ ਉੱਠਦੀ ਚੀਸ ਹੁੰਦੀ
ਅਸਤ ਹੋ ਰਹੇ ਸੂਰਜ ਦੀ ਘੁਸਰ-ਮੁਸਰ ਹੁੰਦੀ ਚੁੱਪ
ਸਿਰ ਵਿਹੂਣੇ ਧੜਾਂ ਦੀ ਬਹਿਸ ਹੁੰਦੀ ਚੁੱਪ

ਚੁੱਪ,ਬ੍ਰਹਿਮੰਡ ਦੀ ਗਤੀਸ਼ੀਲਤਾ 'ਚ
ਠਹਿਰਿਆ ਛਿਣ ਹੁੰਦੀ
ਜੰਗਲ 'ਚ ਗੁਆਚੇ ਸੂਰਜ ਦੀ ਤਲਾਸ਼ ਹੁੰਦੀ
ਹੂੰਗ ਰਹੇ ਵਕਤ ਦੀ ਬੇਬੱਸੀ ਹੁੰਦੀ
ਕੰਡਿਆਂ 'ਚ ਪਰੁੰਨੇ ਗਏ ਸੁਪਨੇ ਦੀ ਚੀਕ ਹੁੰਦੀ
ਚਾਵਾਂ ਨੂੰ ਜ਼ਖਮੀ ਕਰਦੀ ਸੋਚ ਹੁੰਦੀ
ਤ੍ਰਕਲਿਉਂ ਟੁੱਟੀ ਤੰਦ ਹੁੰਦੀ

ਖੇਤੋਂ ਗੁਆਚੇ ਖ਼ੂਹ ਦਾ ਸਿਰਨਾਵਾਂ ਹੁੰਦੀ

ਰੰਗਾਂ 'ਚ ਚਿਤਰੀਆਂ ਸੋਚਾਂ ਦਾ
ਪੁੱਠਾ ਪਾਸਾ ਹੁੰਦੀ ਚੁੱਪ
ਬਦਲਿਆ ਮੌਸਮ,ਮੌਲਦੀ ਸੋਚ ਤੇ
ਬਹੁੜਦੀ ਕਵਿਤਾ ਹੁੰਦੀ ਚੁੱਪ
ਸ਼ਹਿਰ 'ਚ ਜੰਗਲ ਦੇ ਵਿਵਹਾਰ ਦੀ ਦਸਤਕ ਹੁੰਦੀ
ਘਰ ਤੋਂ ਦੂਰ ਵਸਾਏ ਘਰ ਦਾ ਸ਼ੋਰ ਹੁੰਦੀ

ਚੁੱਪ, ਸਾਕਾਰ ਹੋਏ ਸੁਪਨੇ ਨੂੰ ਦਿੱਤਾ ਅਰਘ ਹੁੰਦੀ
ਪੱਥਰਾਂ ਨੂੰ ਪੂਜਦੀ ਸ਼ਰਧਾ ਦੀ ਆਸਥਾ ਹੁੰਦੀ
ਮਹਿਫ਼ਲ 'ਚੋਂ ਵਿਦਾ ਹੋਈ ਤਾਰਿਆਂ ਦੀ ਲੋਅ ਹੁੰਦੀ
ਹਵਾ ਦੀ ਤੋਰ 'ਚ ਦਿੱਸਦੀ
ਬਿਰਖਾਂ ਦੀ ਸਰਸਰਾਹਟ ਹੁੰਦੀ ਚੁੱਪ
ਚੁੱਪ,ਅਤੀਤ ਦੇ ਹੇਰਵੇ ਦਾ ਕਾਵਿਕ ਹੁੰਗਾਰਾ ਹੁੰਦੀ


ਕੁੱਦਰਤ ਦੀ ਮਹਾਨਤਾ ਦਾ ਗੀਤ ਗਾਉਂਦੀ
ਲਫ਼ਜ਼ਾਂ ਤੋਂ ਪਾਰ ਦੀ ਕਵਿਤਾ ਹੁੰਦੀ ਚੁੱਪ
ਦੁਬਿਧਾ ਨੂੰ ਮਿਲਿਆ ਕਾਇਨਾਤ ਦਾ
ਹੁੰਗਾਰਾ ਹੁੰਦੀ ਚੁੱਪ
ਚੁੱਪ,ਚਾਵਾਂ ਦੇ ਪੈਰੀਂ ਪਈ ਝਾਂਜਰ ਦਾ ਸ਼ੋਰ ਹੁੰਦੀ
ਮੁਸਕਰਾ ਰਹੀ ਸ੍ਰਿਸ਼ਟੀ ਦੇ ਸਾਹਾਂ ਦੀ ਮਹਿਕ ਹੁੰਦੀ
ਭਰੇ ਭਾਂਡੇ ਦੀ ਮੌਨ ਅਵਸਥਾ ਹੁੰਦੀ

ਚੁੱਪ,ਬਜ਼ੁਰਗ ਬੋਲਾਂ 'ਚ ਲਰਜ਼ਦੀ ਪੀੜ੍ਹ ਹੁੰਦੀ
ਗੀਤ ਦੀ ਮੌਤ ਦਾ ਮਾਤਮੀ ਲਮਹਾ ਹੁੰਦੀ
ਘਣੇ ਰੁੱਖ ਦੀ ਛਾਂਵੇਂ ਉੱਗੇ
ਬੌਣੇ ਬਿਰਖ ਦਾ ਪਛਤਾਵਾ ਹੁੰਦੀ ਚੁੱਪ
ਅੰਦਰ ਬਾਹਰ ਫੈਲੇ ਸ਼ੋਰ ਦੇ ਨਕਸ਼ ਹੁੰਦੀ
ਮਕਾਨਾਂ ਅੰਦਰ ਘਰਾਂ ਨੂੰ ਤਰਸਦੀ
ਜ਼ਿੰਦਗੀ ਦਾ ਤਰਲਾ ਹੁੰਦੀ ਚੁੱਪ
ਇਹ ਸੋਚ ਦੇ ਮੱਥੇ 'ਚ ਦਗਦੇ ਸੂਰਜਾਂ ਦੀ ਲੋਅ ਹੁੰਦੀ ਵ

**(ਲੰਮੀ ਕਵਿਤਾ ਚੋਂ)**



**ਮਲਵਿੰਦਰ** ਕਵਿਤਾ ਦਾ ਜੋਬਨ ਹੰਢਾ ਰਿਹਾ ਹੈ। ਉਸ ਨੂੰ ਕਵਿਤਾ ਲਿਖਣ ਲਈ ਵਿਸ਼ੇ ਦੀ ਤਲਾਸ਼ ਨਹੀਂ ਕਰਨੀ ਪੈਂਦੀ। ਸਮਾਜਿਕ ਵਰਤਾਰੇ ਉਸ ਨੂੰ ਬੇਚੈਨ ਕਰਦੇ ਰਹਿੰਦੇ ਹਨ ਤੇ ਉਸ ਦੀ ਰਚਨਾ ਪ੍ਰਕਿਰਿਆ ਨੂੰ ਜਾਰੀ ਰੱਖਦੇ ਹਨ। ਉਸ ਨੇ ਕਵਿਤਾ ਤੋਂ ਇਲਾਵਾ ਹਾਇਕੂ ਵੀ ਲਿਖੇ ਤੇ ਵਾਰਤਕ ਵੀ। ਉਹ ਇਕ ਮਿਆਰੀ ਪਰਚੇ 'ਸਤਰੰਗੀ' ਦਾ ਸੰਪਾਦਕ ਵੀ ਹੈ। ਇਸ ਵਕਤ ਉਹ ਸਾਹਿਤਕ ਸਰਗਰਮੀਆਂ ਵਿਚ ਪੂਰਾ ਸਰਗਰਮ ਹੈ ਤੇ ਆਪਣਾ ਬਹੁਤਾ ਸਮਾਂ ਕਵਿਤਾ ਨੂੰ ਹੀ ਦੇਂਦਾ ਹੈ। ਉਸ ਦੀਆਂ ਤਿੰਨ ਕਾਵਿ-ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। **ਮੋਬਾ : 97795 91344**



ਹਿੰਦੀ ਕਹਾਣੀ

# ਫਰੀਦਾ ਮੈਂ ਜਾਨਿਆ ਦੁਖ ਮੁਝ ਕੋ


**ਦੀਪਕ ਭੁੱਲਰ ਸ਼ਰਮਾ**

ਅਨੁਵਾਦ : ਅਰਵਿੰਦਰ ਧਾਲੀਵਾਲ


ਉਸ ਤਜਰਬੇ ਤੋਂ ਬਾਅਦ ਹੀ ਮੈਂ ਜਾਨਿਆ ਅੱਖਾਂ ਦੀ ਬਜਾਇ ਸਾਡੇ ਕੰਨ ਜ਼ਿਆਦਾ ਤੇਜ਼ੀ ਵਿਖਾਉਂਦੇ ਨੇ। ਅੱਖਾਂ ਤੋਂ ਪਹਿਲਾਂ ਕੰਨ ਜਾਣ ਜਾਂਦੇ ਨੇ, ਘਟਨਾ ਨੇ ਆਪਣਾ ਵਿਸਥਾਰ ਕਿਸ ਪਲ ਜੋੜਿਆ।

ਕਿਸੇ ਵੀ ਘਟਨਾ ਨੂੰ ਉਹ ਉਸੇ ਪਲ ਹੀ ਨਹੀਂ ਸਮਝਦੇ।

ਪਰ ਕੁਝ ਅਜਿਹਾ ਹੈ ਜੋ ਪਹਿਲਾਂ ਵਾਪਰਦਾ ਹੈ ਤੇ ਕੰਨਾਂ ਕੋਲ ਜਾ ਕੇ ਖੜਕਦਾ ਹੈ ਅਤੇ ਕੰਨ ਉਸ ਘਟਨਾ ਦੀ ਲੰਬਾਈ, ਉਸ ਦੀ ਨਿਸਚਤ ਮੁੱਦਤ ਦੀ ਅੱਖ ਤੋਂ ਪਹਿਲਾਂ ਫੜਦੇ ਹਨ।

ਇਹ ਅਨੁਭਵ ਸੰਨ ਸੰਤਾਲੀ ਦੇ ਅਗਸਤ ਮਹੀਨੇ ਦਾ ਹੈ।

ਇਸ ਦਾ ਸੰਬੰਧ ਅੰਮ੍ਰਿਤਸਰ ਦੀ ਰਹੀਮ ਬਖ਼ਸ਼ ਰੋਡ ਦੀ ਉਸ 'ਬਰਕਤ ਬਿਲਡਿੰਗ' ਨਾਲ ਹੈ ਜੋ ਅਸੀਂ ਪੰਤਾਲੀ ਰੁਪਏ ਮਹੀਨੇ ਦੇ ਹਿਸਾਬ ਨਾਲ ਕਿਰਾਏ 'ਤੇ ਰਿਹਾਇਸ਼ ਵਾਸਤੇ ਲਈ ਸੀ।

ਉਸ ਬਿਲਡਿੰਗ ਦੀ ਦੂਜੀ ਮੰਜ਼ਿਲ 'ਤੇ ਬਣੀ ਉਸ ਬਾਲਣ ਦੀ ਕੋਠੜੀ ਨਾਲ ਹੈ ਜਿਸ ਵੱਲੋਂ ਇਕ ਚਾਰ ਪੈਰਾ ਆਕਾਰ ਰਾਤ ਦੀ ਚੁੱਪ ਵਿਚ ਆਪਣੀ ਮਟਰਗਸ਼ਤੀ ਸ਼ੁਰੂ ਕਰਦਾ ਅਤੇ ਝੂਲਦੇ ਡੋਲਦੇ ਉਸ ਦੇ ਕਦਮਾਂ ਦੀ ਆਵਾਜ਼ ਗਲਿਆਰੇ ਵਿਚ ਜਾ ਕੇ ਅਲੋਪ ਹੋ ਜਾਂਦੀ।

ਉਸ ਸਰਸਰਾਹਟ ਨਾਲ ਹੈ ਜੋ ਮੈਨੂੰ ਆਪਣੀ ਗੂੜ੍ਹੀ ਨੀਂਦ 'ਚੋਂ ਉਠਾ ਕੇ ਬਿਠਾ ਦਿੰਦੀ, 'ਅੜਿਆ, ਤੂੰ ਮੈਨੂੰ ਆਪਣੇ ਨਾਲ ਖੜਨ ਆਇਆ ਏਂ ਕੀ ?'

ਪੱਛਮੀ ਤੋਂ ਪੂਰਬੀ ਪੰਜਾਬ ਸਾਡਾ ਪਰਿਵਾਰ ਚਾਰ ਵੱਖੋ-ਵੱਖ ਟੋਲੀਆਂ ਵਿਚ ਵੱਖੋ-ਵੱਖ ਥਾਵਾਂ ਤੋਂ ਵੱਖੋ-ਵੱਖ

ਜ਼ਰੀਏ ਨਾਲ ਵੱਖੋ-ਵੱਖ ਥਾਵਾਂ 'ਤੇ, ਵੱਖੋ-ਵੱਖ ਰਸਤਿਆਂ ਤੋਂ ਪਹੁੰਚਿਆ ਸੀ :

ਪੈਦਲ—ਨਾਰੋਵਾਲ ਤੋਂ ਡੇਰਾ ਬਾਬਾ ਨਾਨਕ,

ਘੋੜਿਆਂ 'ਤੇ—ਕਸੂਰ ਤੋਂ ਫ਼ਿਰੋਜ਼ਪੁਰ,

ਲਾਰੀਆਂ 'ਤੇ—ਮਿੰਟਗੁਮਰੀ ਤੋਂ ਫ਼ਾਜ਼ਿਲਕਾ ਤੇ ਲਾਹੌਰ ਤੋਂ ਅੰਮ੍ਰਿਤਸਰ ਰੇਲਗੱਡੀ 'ਤੇ।

ਰੇਲਗੱਡੀ 'ਤੇ ਅੰਮ੍ਰਿਤਸਰ ਪਹੁੰਚਣ ਵਾਲੇ ਸਾਡੇ ਜਥੇ ਵਿਚ ਛੇ ਜਣੇ ਸੀ : ਮੇਰੇ ਪਿਤਾ, ਮੈਂ, ਛੋਟਾ ਮਾਮਾ, ਵਿਚਕਾਰਲਾ ਮਾਮਾ, ਉਹਦੀ ਇਸਾਈ ਘਰਵਾਲੀ, ਐਡਨਾ ਮਾਮੀ ਅਤੇ ਦੁੱਧ ਪੀਂਦੀ ਬੱਚੀ ਕਿਰਨਾ।

ਦਿਨ ਸੀ : 14 ਅਗਸਤ 1947।

ਲਾਹੌਰ ਦੇ ਸਿੱਖ ਨੈਸ਼ਨਲ ਕਾਲਜ ਵਿਚ ਅੰਗਰੇਜ਼ੀ ਸਾਹਿਤ ਪੜ੍ਹਾਉਣ ਵਾਲੇ ਮੇਰੇ ਛੋਟੇ ਮਾਮੇ ਉਜਵਲ ਸਿੰਘ, ਲਾਹੌਰ ਦੇ ਕੈਂਟ ਰੇਲਵੇ ਸਟੇਸ਼ਨ ਉੱਤੇ ਤਾਇਨਾਤ ਮਿਲਟਰੀ ਦੇ ਇਕ ਸਿੱਖ ਫ਼ੌਜੀ ਦੇ ਅਧਿਆਪਕ ਰਹਿ ਚੁੱਕੇ ਸੀ, ਜਿਸ ਨੇ ਫਰੰਟੀਅਰ ਮੇਲ ਦੇ ਆਪਣੇ ਮਿਲਟਰੀ ਕੰਪਾਰਟਮੈਂਟ ਵਿਚ ਯਾਤਰਾ ਕਰ ਰਹੇ ਇਕ ਐਂਗਲੋ-ਇੰਡੀਅਨ ਪਰਿਵਾਰ ਦੀਆਂ ਸੀਟਾਂ ਥੱਲੇ ਲੁਕਣ ਵਿਚ ਸਾਡੀ ਮਦਦ ਕਰ ਦਿੱਤੀ ਸੀ ਅਤੇ ਅਸੀਂ ਅੰਮ੍ਰਿਤਸਰ ਪਹੁੰਚ ਗਏ ਸੀ।

ਸਟੇਸ਼ਨ ਤੋਂ ਨਿਕਲਦਿਆਂ ਹੀ ਸਾਡੇ ਸਾਹਮਣੇ ਗ੍ਰੀਨ ਹੋਟਲ ਦੀ ਇਮਾਰਤ ਵਿਖਾਈ ਦੇ ਗਈ ਸੀ ਅਤੇ ਅਸੀਂ ਉਥੇ ਠਹਿਰ ਗਏ ਸੀ। ਫਿਰ ਉਥੋਂ ਦੇ ਮਹਿੰਗੇ ਕਿਰਾਏ ਅਤੇ ਖਾਣੇ ਨੂੰ ਵੇਖਦੇ ਹੋਏ ਤੀਜੇ ਹੀ ਦਿਨ ਰਹੀਮ ਬਖ਼ਸ਼ ਰੋਡ ਉੱਤੇ ਮੇਰੇ ਦੋਵੇਂ ਮਾਮੇ ਸਾਨੂੰ ਇਸ 'ਬਰਕਤ ਬਿਲਡਿੰਗ' ਵਿਚ ਖਿਸਕਾ ਲਿਆਏ ਸੀ।

"ਭਰਪੂਰ ਕੁਰ ਉਸ ਬਾਲਣ ਵਾਲੀ ਕੋਠੜੀ ਵਿਚ ਆਉਂਦੀ ਜਾਂਦੀ ਮੈਨੂੰ ਵਿਖਾਈ ਦੇ ਰਹੀ ਏ", ਪਹਿਲੀ ਹੀ ਰਾਤ ਦੇ ਕਿਸੇ ਪਹਿਰ ਮੇਰੇ ਪਿਤਾ ਨੇ ਉੱਜਵਲ ਮਾਮੇ ਨੂੰ ਆ ਜਗਾਇਆ।

"ਬੀਜੀ ਵਿਖਾਈ ਦਿੱਤੇ ਨੇ ?" ਮਾਂ ਦਾ ਨਾਂ ਸੁਣਦਿਆਂ ਹੀ ਮੈਂ ਨਾਲ ਵਾਲੀ ਮੰਜੀ 'ਤੇ ਭੁੜਕ ਪਿਆ।

"ਵਿਖਾਈ ਤਾਂ ਦੇਵੇਗੀ ਹੀ।" ਉੱਜਵਲ ਮਾਮੇ ਨੇ ਪਾਸਾ ਬਦਲਿਆ, "ਉਹਨੂੰ ਦੱਸੇ ਬਗ਼ੈਰ ਤੁਸੀਂ ਇਧਰ ਜੋ ਭੱਜ ਆਏ...।"

ਉਸ ਦਸ ਅਗਸਤ ਨੂੰ ਸ਼ੇਖ਼ੂਪੁਰੇ ਦੇ ਡਿਪਟੀ ਕਮਿਸ਼ਨਰ ਦੇ ਸਟੈਨੋ ਨਾਲ ਮੇਰੇ ਪਿਤਾ ਸੁਭਾਵਕ ਹੀ ਮਿਲੇ ਸੀ ਅਤੇ ਉਸ ਨੇ ਮੇਰੇ ਨਾਨੇ ਦੀ ਲਿਹਾਜ਼ਦਾਰੀ ਵਿਚ ਮੇਰੇ ਪਿਤਾ ਨੂੰ ਖ਼ਬਰ ਦਿੱਤੀ ਸੀ—ਮੁਸਲਿਮ ਲੀਗ ਦੇ ਕਰਾਮਤ ਅਲੀ ਨੇ ਆਪਣੇ ਸਾਥੀਆਂ ਦੇ ਨਾਲ ਸਾਰੇ ਗ਼ੈਰ-ਮੁਸਲਿਮ ਜ਼ਿਮੀਂਦਾਰਾਂ ਦੀ ਜਿਹੜੀ ਸੂਚੀ ਤਿਆਰ ਕੀਤੀ ਹੈ, ਉਸ ਵਿਚ ਸਾਡੇ ਦੋਵਾਂ ਘਰਾਂ ਦੇ ਨਾਂ ਹਨ। ਉਸੇ ਖ਼ਬਰ ਤੋਂ ਘਬਰਾ ਕੇ ਮੇਰੇ ਪਿਤਾ ਨੇ ਆਪਣੇ ਪਿੰਡ ਮਾਧੋਚੱਕ ਪਰਤਣ ਦੀ ਬਜਾਇ ਸਾਡੇ ਕੋਲ ਲਾਹੌਰ ਤੁਰ ਆਏ ਸੀ, ਰਾਵੀ ਨਦੀ ਦੇ ਕੰਢੇ-ਕੰਢੇ। ਲਾਹੌਰ ਤੋਂ ਰਾਵੀ ਨਦੀ ਕੁਲ ਜਮ੍ਹਾਂ ਤਿੰਨ ਮੀਲ ਦੂਰ ਰਹੀ।

"ਉਹਨੂੰ ਲਵਾਰਿਸ ਛੱਡ ਕੇ ਆਇਆ ਹਾਂ ਕੀ ?" ਮੇਰੇ ਪਿਤਾ ਖਿਝ ਗਏ, "ਬੇਬੇ ਵੀ ਮੇਰੀ ਉਹਦੇ ਨਾਲ ਐ...।"

"ਚੰਗਾ ਪਹਿਰਾ ਦੇ ਲਵੇਗੀ ਉਹ।" ਉੱਜਵਲ ਮਾਮਾ ਹੌਲੀ ਜਿਹੀ ਬੁੜਬੁੜਾਇਆ ਅਤੇ ਫਿਰ ਸੌਂ ਗਿਆ।

ਮੇਰੀ ਦਾਦੀ ਦੇ ਬਾਰੇ ਮੇਰੇ ਨਾਨਕਿਆਂ ਦੀ ਇਕ ਸਲਾਹ ਕਦੇ ਨਹੀਂ ਰਹੀ। ਇਕ ਪਾਸੇ ਜਿਥੇ ਉਨ੍ਹਾਂ ਨੂੰ ਮੇਰੇ ਇਹ ਦੋਵੇਂ ਮਾਮੇ ਗ਼ੈਰ-ਜ਼ਿੰਮੇਵਾਰ, ਅਫੀਮਚੀ ਸਮਝਦੇ ਸੀ, ਉਥੇ ਮੇਰਾ ਵੱਡਾ ਮਾਮਾ ਅਤੇ ਨਾਨਾ ਨਾਨੀ ਉਨ੍ਹਾਂ ਨੂੰ ਹੁਸ਼ਿਆਰ, ਛੱਕੇ-ਪੰਜੇ ਵਾਲੀ ਚੰਡੀ ਸਮਝਦੇ ਸੀ। ਸੰਨ ਉੱਨੀ ਸੌ ਅਠਾਰ੍ਹਾਂ ਵਿਚ ਪੰਜਾਬ ਵਿਚ ਫੈਲੇ ਫਲੂ ਨੇ ਜਿਹੜੇ ਇਕ ਲੱਖ ਪੰਜਾਬੀਆਂ ਨੂੰ ਮੌਤ ਦੀ ਨੀਂਦ ਸੁਆਂ ਦਿੱਤਾ ਸੀ, ਮੇਰਾ ਦਾਦਾ ਵੀ ਉਨ੍ਹਾਂ 'ਚੋਂ ਇਕ ਸੀ। ਅਜਿਹੇ ਵੇਲੇ ਆਪਣੇ ਦਸ ਵਰ੍ਹਿਆਂ ਦੇ ਇਕਲੌਤੇ ਮੇਰੇ ਪਿਤਾ ਦਾ ਵਿਆਹ ਮੇਰੀ ਦਾਦੀ ਨੇ ਆਪਣੇ ਗੁਆਂਢ ਦੇ ਪਿੰਡ, ਭੁੱਲਰ ਚੱਕ ਦੇ ਸਭ ਤੋਂ ਵੱਡੇ ਜ਼ਿਮੀਂਦਾਰ, ਮੇਰੇ ਨਾਨੇ ਦੀ ਪੰਦਰਾਂ ਵਰ੍ਹਿਆਂ ਦੀ ਧੀ ਨਾਲ ਉਸ ਵੇਲੇ ਕਰ ਦਿੱਤਾ ਸੀ ਜਦੋਂ ਉਹਨੂੰ ਵਿਧਵਾ ਹੋਈ ਨੂੰ ਅਜੇ ਇਕ ਮਹੀਨਾ ਵੀ ਨਹੀਂ ਬੀਤਿਆ ਸੀ। ਸਿਰਫ਼ ਆਪਣੇ ਪੁੱਤ ਦੇ ਹਿੱਸੇ ਆਉਣ ਵਾਲੀ ਸੈਂਕੜੇ ਏਕੜ ਜ਼ਮੀਨ, ਉਦ੍ਹੇ ਸਹੁਰਿਆਂ ਦੇ ਸਿਰ 'ਤੇ ਆਪਣੇ ਸਹੁਰਿਆਂ ਤੋਂ ਕਾਬੂ ਕਰਨ ਖ਼ਾਤਰ। ਉਹਦੇ ਆਪਣੇ ਪੇਕੇ ਕਮਜ਼ੋਰ ਸੀ ਅਤੇ ਸਹੁਰੇ ਚੰਗੇ ਜ਼ੋਰਾਵਾਰ।

"ਤੂੰ ਚੱਲਦਾ ਏਂ ਮੇਰੇ ਨਾਲ ?" ਮੇਰੇ ਪਿਤਾ ਮੇਰੇ ਵੱਲ ਮੁੜੇ।

"ਚਲੋ !" ਮੈਂ ਉਸੇ ਪਲ ਉਨ੍ਹਾਂ ਨਾਲ ਤੁਰ ਪਿਆ।

ਮਾਂ ਨੂੰ ਵੇਖਣ ਦੀ ਸੰਭਾਵਨਾ ਨੇ ਇਕ ਉਤਸੁਕਤਾ ਮੇਰੇ ਅੰਦਰ ਜਗਾ ਦਿੱਤੀ। ਪੂਰੀ ਦੁਨੀਆ ਵਿਚ ਇਕ ਉਹੀ ਸੀ ਜਿਸ ਨਾਲ ਮਨ ਦੀ ਗੱਲ ਮੈਂ ਨਿਝੱਕ ਕਰ ਲੈਂਦਾ ਅਤੇ ਉਹ ਸਹਿਜੇ ਹੀ ਵਿਸ਼ਵਾਸ ਵੀ ਕਰ ਲੈਂਦੀ।

ਗਲਿਆਰਾ ਪਾਰ ਕਰਕੇ ਅਸੀਂ ਉਸ ਵਿਹੜੇ ਵਿਚ ਪਹੁੰਚ ਗਏ ਜਿਸ ਦੇ ਸਿਰ 'ਤੇ ਬਾਲਣ ਵਾਲੀ ਕੋਠੜੀ ਸੀ। ਹੈਂਡਪੰਪ

ਦੇ ਨਾਲ ਕਰਕੇ।

ਮੈਂ ਆਪਣੇ ਪਿਤਾ ਦੇ ਮੰਜੇ 'ਤੇ ਲੇਟ ਗਿਆ।

"ਅੜਿਆ, ਤੂੰ ਮੈਨੂੰ ਆਪਣੇ ਨਾਲ ਖੜਨ ਆਇਆਂ ਕੀ ?" ਮੈਂ ਜ਼ਰੂਰ ਗੂੜ੍ਹੀ ਨੀਂਦ ਵਿਚ ਸੀ, ਜਦ ਉਹ ਆਵਾਜ਼ ਮੇਰੇ ਕੰਨਾਂ ਵਿਚ ਖੜਕੀ।

ਮੇਰੀ ਨੀਂਦ ਉੱਖੜੀ ਤਾਂ ਮੇਰੇ ਕੰਨਾਂ ਨੇ ਇਕ ਖੜਾਕ ਸੁਣਿਆ ਪਰ ਮੈਥੋਂ ਦੂਰ ਜਾ ਰਿਹਾ ਉਹ ਖੜਾਕ ਦੋ ਪੈਰਾਂ ਦਾ ਨਹੀਂ, ਚਾਰ ਪੈਰਾਂ ਦਾ ਸੀ।

ਮੈਂ ਮੰਜੀ 'ਤੇ ਉੱਠ ਬੈਠਾ।

ਇਕ ਚਾਰ ਪੈਰਾ ਆਕਾਰ ਬਾਲਣ ਵਾਲੀ ਕੋਠੜੀ ਵੱਲ ਜਾ ਰਿਹਾ ਸੀ। "ਭਾਈਆ ਜੀ" ਮੇਰੇ ਤਿੰਨੇ ਮਾਮੇ ਮੇਰੇ ਪਿਤਾ ਨੂੰ ਇੰਜ ਹੀ ਬੁਲਾਇਆ ਕਰਦੇ। ਪੰਜਾਬੀ ਵਿਚ ਜੀਜੇ ਨੂੰ ਭਾਈਆ ਕਿਹਾ ਜਾਂਦਾ ਹੈ—"ਵੇਖੋ, ਬੀਜੀ ਕਿੱਦਾਂ ਤੁਰ ਰਹੀ ਏ...।"

"ਜਾ, ਉਹਨੂੰ ਫੜ ਕੇ ਇਧਰ ਲਿਆ।" ਮੇਰੇ ਪਿਤਾ ਵੀ ਮੰਜੇ ਤੋਂ ਉੱਠ ਬੈਠੇ।

"ਮੈਂ ?" ਮੈਨੂੰ ਵਿਸ਼ਵਾਸ ਨਾ ਆਇਆ ਕਿ ਉਹ ਮੇਰੀ ਸਲਾਮਤੀ ਪ੍ਰਤੀ ਇੰਨੇ ਲਾਪਰਵਾਹ ਹੋ ਸਕਦੇ ਸੀ।

ਚਾਰ ਪੈਰਾ ਆਕਾਰ ਕਿਸੇ ਦਾ ਵੀ ਹੋ ਸਕਦਾ ਸੀ। ਮਾਂ ਦਾ ਨਹੀਂ ਵੀ।

"ਚੱਲ ਉੱਠ !" ਉਨ੍ਹਾਂ ਫਿਰ ਜ਼ੋਰ ਦਿੱਤਾ।

ਜਦ ਤਕ ਮੈਂ ਉੱਠਿਆ, ਉਹ ਆਕਾਰ ਅਲੋਪ ਹੋ ਗਿਆ।

"ਕੀ ਹੋ ਰਿਹਾ ਏ ?" ਹੈਂਡਪੰਪ ਵਾਲੇ ਹਿੱਸੇ ਵਿਚ ਮੈਨੂੰ ਖਲੋਤਾ ਵੇਖ ਕੇ ਉੱਜਵਲ ਮਾਮੇ ਹੁਰੀਂ ਇਧਰ ਆ ਗਏ।

"ਇਧਰ ਕੋਈ ਘੁੰਮ ਰਿਹਾ ਸੀ।" ਮੈਂ ਕਿਹਾ।

"ਭਰਪੂਰ ਕੌਰ।" ਮੇਰੇ ਪਿਤਾ ਨੇ ਕਿਹਾ।

"ਭਾਈਆ ਜੀ ਤਾਂ ਆਪਣੀ ਅਫ਼ੀਮ ਦੀ ਮੌਜ ਵਿਚ ਨੇ।" ਉੱਜਵਲ ਮਾਮੇ ਨੇ ਮੇਰਾ ਹੱਥ ਆ ਫੜਿਆ, "ਤੂੰ ਕਿਉਂ ਬੇਹਾਲ ਹੋਈ ਜਾ ਰਿਹਾ ਏਂ ? ਚੱਲ, ਆਪਣੀ ਮੰਜੀ 'ਤੇ ਵਾਪਸ ਚੱਲ ਮੇਰੇ ਕੋਲ।"

ਵਿਚਕਾਰਲਾ ਮਾਮਾ ਆਪਣੇ ਪਰਿਵਾਰ ਨਾਲ ਥੱਲੇ ਸੌਂ ਰਿਹਾ ਸੀ।

"ਮਕਾਨ ਸਾਰਾ ਚੁੱਕ ਲੈ ਗਏ" ਉਹੀ ਆਵਾਜ਼ ਫਿਰ ਥੋੜੀ ਦੇਰ ਬਾਦ ਮੇਰੇ ਕੋਲ ਤੁਰ ਆਈ, "ਨਾਲ ਖੜਨ ਨੂੰ ਕੱਖ ਨਹੀਂ ਬਚਿਆ।" ਆਵਾਜ਼ ਬੁੜਬੁੜਾਈ।

"ਬਾਲਣ ਬਚਿਆ ਏ ?" ਮੈਂ ਕਿਹਾ।

"ਇਸ 'ਚ ਬਾਲਣ ਭਰਿਆ ਏ" ਪਿਛਲੀ ਸ਼ਾਮ ਇਸ ਮਕਾਨ ਦਾ ਕਬਜ਼ਾ ਦੇਂਦਿਆਂ ਮਕਾਨ ਮਾਲਕ ਦੇ ਆਦਮੀ ਨੇ ਇਸ ਕੋਠੜੀ ਦੇ ਦਰਵਾਜ਼ੇ ਦਾ ਕੁੰਡਾ ਲੱਗਾ ਦਾ ਲੱਗਾ ਹੀ ਰਹਿਣ ਦਿੱਤਾ ਸੀ, ਜਦਕਿ ਸਾਨੂੰ ਦੂਜੇ ਸਾਰੇ ਕਮਰੇ ਉਸ ਨੇ ਖੋਲ੍ਹ ਕੇ ਵਿਖਾਏ ਸੀ : ਇਕਦਮ ਖ਼ਾਲੀ ਅਤੇ ਸਾਫ਼।

"ਪਾਥੀਆਂ ਦਾ ਗੀਰ੍ਹਾ, ਚੁੱਲ੍ਹੇ ਦੀਆਂ ਲੱਕੜਾਂ, ਅੰਗੀਠੀ ਦੇ ਕੋਲੇ ਤੇ ਕਾਗਦ ਦੇ ਅੰਬਾਰ" ਬੁੜਬੁੜ ਦੇ ਨਾਲ ਬਾਲਣ ਦੀ ਕੋਠੜੀ ਦਾ ਕੁੰਡਾ ਚੜ੍ਹਾ ਦਿੱਤਾ ਗਿਆ।

"ਤੂੰ ਫਿਰ ਉਥੇ ਪਹੁੰਚ ਗਿਆ ?" ਉੱਜਵਲ ਮਾਮੇ ਦੀ ਆਵਾਜ਼ ਮੇਰੇ ਤੱਕ ਤੈਰ ਆਈ।

"ਬੀਜੀ !" ਮੈਂ ਰੋਣ ਲੱਗਾ।

"ਚੱਲ ਸੌਂ ਆ ਕੇ !" ਉੱਜਵਲ ਮਾਮੇ ਨੇ ਮੇਰੀ ਪਿੱਠ ਵੱਲ ਲਈ।

ਜਦੋਂ ਮੈਂ ਸੁੱਤਾ ਤਾਂ ਮੈਨੂੰ ਲੱਗਾ...ਤਿੰਨ ਮੰਜ਼ਲੇ ਇਸ ਬਿਗਾਨੇ ਮਕਾਨ ਦੇ ਅੱਗੇ ਮਾਂ ਤੇ ਮੈਂ ਪੌੜੀਆਂ ਦੇ ਥੱਲੇ ਖੜ੍ਹੇ ਆਂ...ਇਕੱਲੇ...ਬਰੂਹਾਂ 'ਚੋਂ ਪੌੜੀਆਂ ਪਾਰ ਕਰਦੇ ਹਾਂ...।

ਪਹਿਲੀ ਮੰਜ਼ਲ ਦੇ ਆਦਮਕੱਦ ਦਰਵਾਜ਼ੇ 'ਤੇ ਪਹੁੰਚਦੇ ਹਾਂ...

ਦਰਵਾਜ਼ਾ ਖੁੱਲ੍ਹਾ ਹੈ...

ਵਿਹੜੇ ਦੇ ਤਿੰਨ ਚੌਥਾਈ ਹਿੱਸੇ 'ਤੇ ਛੱਤ ਨਹੀਂ ਹੈ...ਚੌਥੇ ਹਿੱਸੇ 'ਤੇ ਹੈ...

ਮਾਮਾ, ਐਡਨਾ ਮਾਮੀ ਤੇ ਕਿਰਨਾ ਬਾਹਰ ਉਥੇ ਸੌਂ ਰਹੇ ਹਨ...

ਵਿਹੜੇ ਦੇ ਖੱਬੇ ਸੱਜੇ ਦੋਵੇਂ ਪਾਸੇ ਕਮਰੇ ਹਨ...

ਅਸੀਂ ਖੱਬੇ ਮੁੜ ਜਾਂਦੇ ਹਾਂ...

ਚਾਰ ਆਦਮਕੱਦ ਦਰਵਾਜ਼ੇ ਮੂੰਹ ਖੋਲ੍ਹੀ ਖੜ੍ਹੇ ਹਨ...

ਪੌੜੀਆਂ ਦੀ ਦੀਵਾਰ ਦੇ ਸਾਹਮਣੇ ਇਕ ਹੈਂਡਪੰਪ ਹੈ...

ਆਦਮਕੱਦ ਦਰਵਾਜ਼ਿਆਂ ਵਿਚ ਦੋ ਪਹਿਲੇ ਕਮਰਿਆਂ ਦੇ ਅਤੇ ਦੋ ਕੁਝ ਗਜ਼ ਅੱਗੇ ਆਉਣ ਵਾਲੇ ਦੂਜੇ ਕਮਰੇ ਦੇ ਹਨ...ਦੂਜੇ ਕਮਰੇ ਵਿਚ ਤਿੰਨ ਆਦਮਕੱਦ ਖਿੜਕੀਆਂ ਹਨ, ਜਿਨ੍ਹਾਂ ਦੇ ਇਕ ਤਿਹਾਈ ਹਿੱਸੇ ਵਿਚ ਲੋਹੇ ਦੇ ਛੇਕਾਂ ਵਾਲੇ ਭਰੇ ਜੰਗਲੇ ਲੱਗੇ ਹਨ।

"ਖ਼ਾਲੀ, ਸਭ ਖ਼ਾਲੀ", ਮਾਂ ਅਲਮਾਰੀਆਂ ਖੋਲ੍ਹਦੀ ਹੈ...ਆਦਮਕੱਦ ਉਨ੍ਹਾਂ ਦਰਵਾਜ਼ਿਆਂ ਤੋਂ ਅੱਧੇ ਨਾਪ ਦੀਆਂ...।

ਦੋਵੇਂ ਕਮਰਿਆਂ ਵਿਚ ਇਕ-ਇਕ ਦੀਵਾਰ ਵਿਚ ਦੋ-ਦੋ ਅਲਮਾਰੀਆਂ ਫਿੱਟ ਹਨ...।

ਵਿਹੜਾ ਪਾਰ ਕਰਕੇ ਅਸੀਂ ਸੱਜੇ ਪਾਸੇ ਦਾਖ਼ਲ ਹੁੰਦੇ ਹਾਂ...

ਉਥੇ ਇਕ ਕਮਰਾ ਹੈ...

ਇਕ ਹੀ ਦਰਵਾਜ਼ੇ ਵਾਲਾ...

ਇਥੇ ਚਾਰ ਖਿੜਕੀਆਂ ਹਨ...

ਉਹੋ ਜਿਹੀਆਂ ਆਦਮਕੱਦ...

ਲੋਹੇ ਦੇ ਉਹੋ ਜਿਹੇ ਭਾਰੇ ਜੰਗਲਿਆਂ ਵਾਲੀਆਂ...

ਰਹੀਮ ਬਖ਼ਸ਼ ਰੋਡ ਵੱਲ ਖੁੱਲ੍ਹਦੀਆਂ ਹੋਈਆਂ...।

"ਖ਼ਾਲੀ, ਸਭ ਖ਼ਾਲੀ" ਇਥੇ ਅਲਮਾਰੀਆਂ ਵਿਹੜੇ ਦੇ ਦਰਵਾਜ਼ੇ ਵਾਲੀ ਦੀਵਾਰ ਵਿਚ ਬਣੀਆਂ ਹਨ, ਦਰਵਾਜ਼ੇ ਦੇ ਆਸੇ ਪਾਸੇ...

ਉਹੋ ਜਿਹੀਆਂ ਅੱਧੇ ਨਾਪ ਦੀਆਂ...

ਦਰਵਾਜ਼ਾ ਲੰਘ ਕੇ ਅਸੀਂ ਵਿਹੜੇ ਦੇ ਛੱਤ ਵਾਲੇ ਹਿੱਸੇ ਦੇ ਸਿਰੇ 'ਤੇ ਜਾ ਖਲੋਂਦੇ ਹਾਂ...

ਦੂਜੀ ਮੰਜ਼ਿਲ ਦੀਆਂ ਪੌੜੀਆਂ ਇਥੋਂ ਸ਼ੁਰੂ ਹੁੰਦੀਆਂ ਹਨ...

ਪਹਿਲੀ ਮੰਜ਼ਿਲ ਦੀਆਂ ਪੌੜੀਆਂ ਦੇ ਐਨ ਉੱਪਰ ਬਣੀਆਂ ਇਹ ਪੌੜੀਆਂ ਵੀ ਛੱਤੀਆਂ ਹੋਈਆਂ ਹਨ...

ਪੌੜੀਆਂ ਦੋ ਦਰਵਾਜ਼ਿਆਂ 'ਤੇ ਜਾ ਮੁੱਕਦੀਆਂ ਹਨ...

ਇਕ ਦਰਵਾਜ਼ਾ ਅੱਧੇ ਨਾਪ ਦਾ ਹੈ ਅਤੇ ਪਰਲੇ ਪਾਸਿਉਂ ਬੰਦ ਹੈ...

ਦੂਜਾ ਦਰਵਾਜ਼ਾ ਆਦਮਕੱਦ ਹੈ ਤੇ ਖੁੱਲ੍ਹਿਆ ਹੋਇਆ ਹੈ...

ਅਸੀਂ ਉਥੋਂ ਅੰਦਰ ਹੁੰਦੇ ਹਾਂ...

ਵਿਹੜੇ ਦੇ ਛੱਤ ਵਾਲੇ ਹਿੱਸੇ ਦੀ ਛੱਤ ਉੱਤੇ ਅਸੀਂ ਖੜ੍ਹੇ ਹਾਂ...

ਇਹ ਗਲਿਆਰਾ ਹੈ...

ਲੋਹੇ ਦੇ ਛੇਕਾਂ ਵਾਲੇ ਜੰਗਲੇ ਵਿਚ ਵਿਹੜੇ ਵੱਲ ਝਾਕਦਾ ਹੋਇਆ...

ਤੀਜੀ ਮੰਜ਼ਲ ਦੀਆਂ ਖੁੱਲ੍ਹੀਆਂ ਪੌੜੀਆਂ ਦੀ ਉੱਚੀ ਕੰਧ ਦੀ ਓਟ ਵਿਚ...

ਗਲਿਆਰੇ ਦਾ ਬਨੇਰਾ ਉਸ ਦੀਆਂ ਚਾਰੇ ਨੁੱਕਰਾਂ ਤੋਂ ਉਦ੍ਹੇ ਨਾਲ ਨਾਲ ਚੱਲਦਾ ਹੈ...

ਉੱਜਵਲ ਮਾਮਾ ਤੇ ਮੈਂ ਇਸ ਵਿਹੜੇ ਵਿਚ ਸੌਂ ਰਹੇ ਹਾਂ...

ਮੈਂ ਮਾਂ ਦੇ ਨਾਲ ਵੀ ਖੜ੍ਹਾ ਹਾਂ ਅਤੇ ਉੱਜਵਲ ਮਾਮੇ ਦੇ ਮੰਜੇ ਦੇ ਨਾਲ ਲੱਗੇ ਆਪਣੇ ਮੰਜੇ 'ਤੇ ਸੌਂ ਵੀ ਰਿਹਾ ਹਾਂ...

ਖੱਬਾ ਵਿਹੜਾ ਛੋਟਾ ਹੈ...

ਉਹ ਥੱਲਿਓਂ ਨਾਲ ਜੁੜੇ ਕਮਰਿਆਂ ਦੀ ਛੱਤ 'ਤੇ ਬਣਿਆ ਹੈ...

ਸਿਰੇ ਦਾ ਹੈਂਡਪੰਪ ਵੀ ਥੱਲੇ ਦੇ ਹੈਂਡਪੰਪ ਦੇ ਐਨ ਉੱਤੇ ਖਲੋਤਾ ਹੈ...

ਥੱਲੇ ਦੇ ਦੂਜੇ ਕਮਰੇ ਉੱਤੇ ਰਸੋਈ ਬਣੀ ਹੈ...

ਉਹੋ ਜਿਹੇ ਹੀ ਦੋ ਆਦਮਕੱਦ ਦਰਵਾਜ਼ਿਆਂ ਵਾਲੀ, ਜੋ ਇਸ ਵਿਹੜੇ ਵਿਚ ਖੁੱਲ੍ਹਦੇ ਹਨ...

ਮੇਰੇ ਪਿਤਾ ਇਥੇ ਸੁੱਤੇ ਹੋਏ ਹਨ...

ਉਨ੍ਹਾਂ ਦੇ ਮੰਜੇ ਤੋਂ ਮੈਂ ਗ਼ਾਇਬ ਹਾਂ...।

"ਖ਼ਾਲੀ, ਖ਼ਾਲੀ, ਸਭ ਖ਼ਾਲੀ", ਰਸੋਈ ਦੇ ਆਰ-ਪਾਰ ਦੀਆਂ ਦੋਵੇਂ ਦੀਵਾਰਾਂ ਵਿਚ ਦੋ-ਦੋ ਅਲਮਾਰੀਆਂ ਬਣੀਆਂ ਹੋਈਆਂ ਹਨ...

ਮਾਂ ਉਨ੍ਹਾਂ ਨੂੰ ਖੋਲ੍ਹਦੀ ਹੈ ਤੇ ਫਿਰ ਬੰਦ ਕਰ ਦੇਂਦੀ ਹੈ...

"ਆਹ ਵੇਖੋ" ਮੈਂ ਬਾਲਣ ਵਾਲੀ ਕੋਠੜੀ ਵੱਲ ਕਦਮ ਵਧਾਉਂਦਾ ਹਾਂ...

ਇਸ ਛੋਟੇ ਵਿਹੜੇ ਵੱਲ ਖੁੱਲ੍ਹਣ ਵਾਲਾ ਉਸ ਦਾ ਦੂਜਾ ਦਰਵਾਜ਼ਾ ਵੀ ਪੌੜੀਆਂ ਵੱਲੋਂ ਬੰਦ ਰਹੇ ਦਰਵਾਜ਼ਿਆਂ ਵਾਂਗ ਅੱਧੇ ਨਾਪ ਦਾ ਹੈ...

ਦਰਵਾਜ਼ੇ 'ਤੇ ਕੁੰਡਾ ਵੱਜਾ ਹੈ...

ਮੈਂ ਕੁੰਡਾ ਖੋਲ੍ਹਦਾ ਹਾਂ...

ਮਾਂ ਕੋਠੜੀ ਵਿਚ ਕਦਮ ਰੱਖਦੀ ਹੈ...

ਝੁਕ ਕੇ ਹੱਥਾਂ ਦੇ ਸਹਾਰੇ ਦਰਵਾਜ਼ਾ ਪਾਰ ਕਰਦੀ ਹੈ...

ਚਾਰ ਪੈਰਾਂ ਵਾਲੇ ਕਿਸੇ ਹਿਰਨ ਵਾਂਗ...

ਅੱਧੇ ਨਾਪ ਦੇ ਉਸ ਦਰਵਾਜ਼ੇ ਤੋਂ ਮੈਂ ਵੀ ਦੋ ਹੱਥ ਉੱਚਾ ਹਾਂ...

ਮੈਂ ਝੁਕਦਾ ਹਾਂ...

ਅੰਦਰ ਹਨੇਰਾ ਹੈ, ਘੁੱਪ ਹਨੇਰਾ...

ਬਲਬ ਇਸ ਵਿਹੜੇ ਵਿਚ ਕੋਈ ਨਹੀਂ...

"ਬੀਜੀ!" ਮੈਂ ਉਨ੍ਹਾਂ ਨੂੰ ਛੂਹਣਾ ਚਾਹੁੰਦਾ ਹਾਂ...

ਉਦੋਂ ਹੀ ਇਕ ਚਾਮਚੜਿੱਕ ਮੇਰੇ ਦੁਆਲੇ ਮੰਡਰਾਉਣ ਲੱਗਦੀ ਹੈ...

"ਬੀਜੀ!" ਮੈਂ ਚੀਕਦਾ ਹਾਂ।

"ਤੈਨੂੰ ਕੀ ਹੋ ਗਿਆ ਹੈ?" ਉੱਜਵਲ ਮਾਮਾ ਮੇਰੇ ਸਰ੍ਹਾਣੇ ਆ ਬੈਠਾ।

"ਬੀਜੀ ਇਧਰ ਆਏ ਸੀ।" ਮੈਂ ਰੋਣ ਲੱਗ ਪਿਆ।

"ਤੂੰ ਵੀ ਆਪਣੀ ਦਾਦੀ ਤੇ ਸਾਡੇ ਭਾਈਆ ਜੀ ਦੀ ਬੋਲੀ ਬੋਲਣ ਲੱਗਾ?" ਉੱਜਵਲ ਮਾਮਾ ਹੱਸਣ ਲੱਗਾ।

ਆਪਣੇ ਬਚਪਨ ਤੋਂ ਹੀ ਮੈਂ ਸੁਣਦਾ ਆਇਆ ਸੀ, ਇਕ ਹੀ ਸਮੇਂ 'ਤੇ ਦੋ ਥਾਵਾਂ ਉੱਤੇ ਮੌਜੂਦ ਰਹਿਣ ਦੀ ਬੇਜੋੜ ਤਾਕਤ ਰੱਖਦੀ ਸੀ ਮਾਂ। ਦਾਦੀ ਕਹਿੰਦੀ—ਇਕ ਹੀ ਸਮੇਂ ਅੰਦਰ ਕਮਰੇ 'ਚੋਂ ਉਹਦੀ ਦਹੀਂ ਰਿੜਕਣ ਦੀ ਬੁਲਕ-ਬੁਲਕ ਸੁਣਾਈ ਦੇਂਦੀ ਹੁੰਦੀ ਅਤੇ ਤੰਦੂਰ ਦੀ ਲਾਟ ਦੇ ਕੋਲ ਆਟੇ ਦੇ ਪੇੜਿਆਂ ਦੀ ਥਪਕ-ਥਪਕ ਜਾਂ ਫਿਰ ਪਾਣੀ ਦੀ ਛੱਪ-ਛੱਪ ਦੇ ਨਾਲ-ਨਾਲ ਚੱਕੀ ਦੀ ਚਿਰ...ਰ-ਚਿਰ...ਰ। ਮੇਰੇ ਪਿਤਾ ਕਹਿੰਦੇ, ਜਦੋਂ ਵੀ ਮਾਂ ਸ਼ੀਸ਼ੇ ਦੇ ਸਾਹਮਣੇ ਖੜ੍ਹੀ ਹੁੰਦੀ, ਸ਼ੀਸ਼ੇ ਵਿਚ ਉਨ੍ਹਾਂ ਨੂੰ ਹਮੇਸ਼ਾ ਦੋ-ਦੋ ਅਕਸ ਨਜ਼ਰ ਆਇਆ ਕਰਦੇ ਅਤੇ ਜਿੰਨੀ ਵੀ ਵਾਰੀ ਆਪਣੇ ਅਵਿਸ਼ਵਾਸੀ ਮਾਮੇ ਹੁਰਾਂ ਦੇ ਸਾਹਮਣੇ ਮੈਂ ਉਹ ਕਿੱਸੇ ਦੁਹਰਾਏ ਸੀ, ਮੇਰੇ ਦੋਵੇਂ ਕੰਨ ਹਰ ਵਾਰੀ ਖਿੱਚ ਦਿੱਤੇ ਗਏ ਸਨ, 'ਸਾਡਾ ਉਹ ਭਾਈਆ ਅਤੇ ਇਹ ਬੇਬੇ ਉਸ ਦੇ ਦੋਵੇਂ ਹੀ ਬਿਲਕੁਲ ਉਲਟ ਅਤੇ ਅਨਰਥ ਬੋਲਦੇ ਹਨ। ਬਿਨ-ਕਹੇ, ਇਕੱਲੀ ਹੱਥ, ਨਿਰਹੰਕਾਰ ਅਤੇ ਅਣਥੱਕ ਸਾਰੇ ਕੰਮ ਨਬੇੜਦੀ ਹੋਈ ਸਾਡੀ ਵਿਚਾਰੀ ਭੈਣ ਵਿਚ ਦੂਜੀ ਕੋਈ ਖੋਟ ਅਫੀਮਚੀ ਮਾਂ-ਪੁੱਤ ਜਦੋਂ ਨਹੀਂ ਲੱਭਦੇ ਪਾਉਂਦੇ ਤਾਂ ਆਪਣੀ ਬੇਰਹਿਮੀ ਅਤੇ ਬੇਕਦਰੀ ਨੂੰ ਢਕਣ ਲਈ ਅਜਿਹੇ ਬੇਤੁਕੇ ਕਿੱਸੇ ਘੜਨ ਲੱਗਦੇ ਨੇ; ਦੋਵਾਂ ਮਾਮਿਆਂ ਨੂੰ ਯਕੀਨ ਸੀ, ਹੋਵੇ ਨਾ ਹੋਵੇ ਮੇਰੇ ਪਿਤਾ ਨੂੰ ਅਫੀਮ ਦੀ ਆਦਤ ਮੇਰੀ ਦਾਦੀ ਨੇ ਹੀ ਲਾਈ ਸੀ।

ਕੀ ਮੈਂ ਨੀਂਦ ਵਿਚ ਤੁਰਦਾ ਰਿਹਾ ਸੀ?

ਜਾਂ ਉਹ ਮੇਰੀ ਮਨੋ ਕਲਪਨਾ ਦਾ ਸਵਾਂਗ ਸੀ? ਮਾਤਮ ਭਰਮ?

ਮਾਰੂਥਲ ਦੇ ਮੈਦਾਨਾਂ ਵਿਚ ਕੜਾਕੀ ਧੁੱਪ ਦੇ ਸਮੇਂ ਵਿਖਾਈ ਦੇਣ ਵਾਲਾ ਮਿਰਗ-ਛਲ?

"ਰੈੱਡਕਲਿਫ ਦੀ ਰਿਪੋਰਟ ਸ਼ੇਖ਼ੂਪੁਰੇ ਵਿਚ ਆ ਪਹੁੰਚੀ ਹੈ" ਉੱਜਵਲ ਮਾਮੇ ਨੇ ਮੇਰੇ ਮੱਥੇ 'ਤੇ ਹੱਥ ਨਾਲ ਪਲੋਸਿਆ, "ਉਦ੍ਹਾ ਅਸਰ ਸ਼ੁਰੂ ਹੋਣ ਤੋਂ ਪਹਿਲਾਂ ਹੀ ਬਾਪੂ ਜੀ ਕੋਈ ਤਰਕੀਬ ਕੱਢ ਲੈਣਗੇ। ਤੂੰ ਫ਼ਿਕਰ ਨਾ ਕਰ। ਸਮਝ ਲੈ, ਕੱਲ੍ਹ

ਸਵੇਰੇ ਜਾਂ ਫਿਰ ਪਰਸੋਂ ਦੁਪਹਿਰ ਤਕ ਤੂੰ ਸਾਡੀ ਭੈਣ ਦੇ ਮੋਢਿਆਂ ’ਤੇ ਝੂਟ ਰਿਹਾ ਹੋਵੇਂਗਾ।”

ਆਪਣੇ ਇਨ੍ਹਾਂ ਦੋਵੇਂ ਮਾਮਿਆਂ ’ਤੇ ਮੈਂ ਵਿਸ਼ਵਾਸ ਰੱਖਦਾ ਹਾਂ। ਮੇਰੇ ਪਿਤਾ ਤੇ ਮੇਰੀ ਦਾਦੀ ਦੋਵੇਂ ਹੀ ਜਾਂ ਆਪਣੇ ਆਪ ’ਚ ਮਸਤ ਰਹਿੰਦੇ ਜਾਂ ਫਿਰ ਕਿਸੇ ਨਾ ਕਿਸੇ ‘ਆਫ਼ਤ’ ਦੇ ਸ਼ਿਕਾਰ। ਅਜਿਹੇ ਵਿਚ ਮੇਰੀ ਪੜ੍ਹਾਈ ਦਾ ਜ਼ਿੰਮਾ ਸ਼ੁਰੂ ਤੋਂ ਹੀ ਮੇਰੇ ਇਨ੍ਹਾਂ ਦੋਵਾਂ ਮਾਮਿਆਂ ਨੂੰ ਮਾਂ ਨੇ ਦੇ ਛੱਡਿਆ ਸੀ। ਦੋਵੇਂ ਲਾਹੌਰ ਦੀ ਮਾਲ ਰੋਡ ’ਤੇ ਬਣੀ ਇਕ ਕੋਠੀ ਕਿਰਾਏ ’ਤੇ ਲੈ ਕੇ ਰਹਿੰਦੇ ਸਨ। ਛੋਟੇ ਮਾਮੇ ਹੁਰੀਂ ਸਿੱਖ ਨੈਸ਼ਨਲ ਕਾਲਜ ਵਿਚ ਅੰਗਰੇਜ਼ੀ ਪੜ੍ਹਾਉਂਦੇ ਸਨ ਅਤੇ ਵਿਚਕਾਲੇ ਮਾਮੇ ਹੁਰੀਂ ਟੈਲੀਫ਼ੋਨ ਐਕਸਚੇਂਜ ਵਿਚ ਅਸਿਸਟੈਂਟ ਇੰਜੀਨੀਅਰ ਦੀ ਨੌਕਰੀ ਕਰਦੇ ਸਨ। ਅਜੇ ਪੰਜ ਦਿਨ ਪਹਿਲਾਂ, ਤੇਰਾਂ ਅਗਸਤ ਤਕ...।”

“ਲਾਹੌਰ ਆਪਣੇ ਪਾਸੇ ਨਹੀਂ ਆਇਆ”, ਤੇਰਾਂ ਅਗਸਤ ਨੂੰ ਵਿਚਕਾਰਲੇ ਮਾਮੇ ਹੁਰੀਂ ਆਪਣੇ ਦਫ਼ਤਰ ਤੋਂ ਛੇਤੀ ਪਰਤ ਆਏ ਸੀ, “ਰੈੱਡਕਲਿਫ਼ ਦਾ ਨਕਸ਼ਾ ਮਾਊਂਟਬੇਟਨ ਨੂੰ ਕੱਲ੍ਹ ਸੌਂਪਿਆ ਜਾ ਚੁੱਕਾ ਹੈ। ਐਲਾਨਿਆ ਅਜੇ ਸੋਲਾਂ ਜਾਂ ਸਤਾਰ੍ਹਾਂ ਨੂੰ ਜਾਏਗਾ ਤਾਂ ਕਿ ਦੋਵੇਂ ਦੇਸ਼ ਆਪਣੀ-ਆਪਣੀ ਆਜ਼ਾਦੀ ਦਾ ਜਸ਼ਨ ਪੂਰੀ ਗਰਮਜੋਸ਼ੀ ਨਾਲ ਮਨਾ ਸਕਣ...।”

“ਤੇ ਸ਼ੇਖ਼ੂਪੁਰਾ ?” ਮੇਰੇ ਪਿਤਾ ਤੇ ਮੇਰੇ ਨਾਨਕੇ ਦੋਵਾਂ ਦੇ ਪਿੰਡ ਸ਼ੇਖ਼ੂਪੁਰਾ ਵਿਚ ਪੈਂਦੇ ਸਨ।

“ਉਹ ਵੀ ਨਹੀਂ।” ਵਿਚਕਾਰਲੇ ਮਾਮੇ ਨੇ ਕਿਹਾ।

“ਖ਼ਬਰ ਪੱਕੀ ਹੈ ?” ਐਡਨਾ ਮਾਮੀ ਰੋਣ ਲੱਗੀ। ਉਨ੍ਹਾਂ ਦੇ ਪਿਤਾ ਸੈਂਟਰਲ ਮਾਡਲ ਸਕੂਲ ਵਿਚ ਪੜ੍ਹਾਉਂਦੇ ਸਨ ਜਿਥੇ ਮੈਂ ਪਿਛਲੇ ਤਿੰਨ ਸਾਲਾਂ ਤੋਂ ਪੜ੍ਹ ਰਿਹਾ ਸੀ। ਵਿਚਕਾਰਲੇ ਮਾਮੇ ਦੀ ਐਡਨਾ ਮਾਮੀ ਨਾਲ ਮੁਲਾਕਾਤ ਵੀ ਉਥੇ ਹੀ ਹੋਈ ਸੀ ਮੇਰੇ ਕਾਰਨ।

“ਮੇਰੇ ਡੀ.ਈ. (ਡਿਵਿਜ਼ਨਲ ਇੰਜੀਨੀਅਰ) ਨੇ ਮੈਨੂੰ ਬੁਲਾ ਕੇ ਪੁੱਛਿਆ ਵੀ ਕਿ ਬਦਲੀ ਵਿਚ ਮੈਂ ਕਿੱਥੇ ਜਾਣਾ ਚਾਹਵਾਂਗਾ ?” ਵਿਚਕਾਰਲੇ ਮਾਮੇ ਨੇ ਮੈਨੂੰ ਕਿਹਾ ਤੇ ਮੇਰੇ ਹੈਰਾਨ ਰਹਿ ਜਾਣ ’ਤੇ ਅੰਮ੍ਰਿਤਸਰ ਨਾਮ ਦਾ, ਉਨ੍ਹਾਂ ਨੇ ਹੀ ਮਸ਼ਵਰਾ ਦਿੱਤਾ।

“ਆਪਣੇ ਜਾਣ ਦੀ ਖ਼ਬਰ ਕਿਵੇਂ ਦੇਈਏ ?” ਐਡਨਾ ਮਾਮੀ ਘਬਰਾ ਗਈ, “ਇਧਰ ਕਰਫ਼ਿਊ ਲੱਗਾ ਹੈ ਤੇ ਟੈਲੀਫ਼ੋਨ ਕੰਮ ਨਹੀਂ ਕਰ ਰਿਹਾ।”

“ਉਧਰ ਦਫ਼ਤਰ ਵਿਚ ਅਫ਼ਵਾਹ ਗਰਮ ਰਹੀ ਕਿ ਸਿੱਖ ਅਤੇ ਹਿੰਦੂ ਪਰਿਵਾਰਾਂ ਦੇ ਟੈਲੀਫ਼ੋਨ ਹਰ ਥਾਂ ਕੱਟ ਦਿੱਤੇ ਗਏ ਹਨ ਪਰ ਤੁਸੀਂ ਘਬਰਾਉ ਨਹੀਂ, ਸਾਡੀ ਖ਼ਬਰ ਉਹ ਖੋਜ ਲੈਣਗੇ। ਮੇਰੇ ਦਫ਼ਤਰ ਫ਼ੋਨ ਕਰਨਗੇ ਤੇ ਸਾਡੇ ਅੰਮ੍ਰਿਤਸਰ ਪਹੁੰਚਣ ਦੀ ਖ਼ਬਰ ਉਨ੍ਹਾਂ ਨੂੰ ਮਿਲ ਜਾਵੇਗੀ...।”

“ਖ਼ਬਰ ਤਾਂ ਬਾਪੂ ਜੀ ਨੂੰ ਵੀ ਦੇਣੀ ਚਾਹੀਦੀ ਏ” ਉੱਜਵਲ ਮਾਮਾ ਤਰਸ ਉੱਠੇ, “ਉਹ ਗਿਆਨੀ ਕਰਤਾਰ ਸਿੰਘ ਦੇ ਸਿੱਖ ਮੈਮੋਰੈਂਡਮ ’ਤੇ ਆਸ ਰੱਖੀ ਬੈਠੇ ਨੇ।”

ਅਪ੍ਰੈਲ ਸੰਨ ਸੰਤਾਲੀ ਵਿਚ ਗਿਆਨੀ ਕਰਤਾਰ ਸਿੰਘ ਨੇ ਅਕਾਲੀ ਦਲ ਦੀ ਪ੍ਰਧਾਨਗੀ ਸੰਭਾਲੀ ਸੀ ਅਤੇ ਜੁਲਾਈ ਵਿਚ ਉਨ੍ਹਾਂ ਨੇ ਪੰਜਾਬ ਵਿਧਾਨ ਸਭਾ ਦੇ ਬੱਤੀ ਸਿੱਖ ਮੈਂਬਰਾਂ ਦੇ ਦਸਤਖ਼ਤਾਂ ਸਮੇਤ ਗਵਰਨਰ ਇਵਾਨ ਜੈਨਕਿਜ ਨੂੰ ਇਕ ਮੈਮੋਰੈਂਡਮ ਦਿੱਤਾ ਸੀ—‘ਦ ਸਿੱਖ ਮੈਮੋਰੈਂਡਮ ਟੂ ਦ ਬਾਊਂਡਰੀ ਕਮਿਸ਼ਨ’ ਮੈਮੋਰੈਂਡਮ ਵਿਚ ਮੰਗ ਕੀਤੀ ਗਈ ਸੀ ਕਿ ਬਾਊਂਡਰੀ ਝਨਾਅ ਦਰਿਆ ਦੇ ਕੰਢੇ ਖਿੱਚੀ ਜਾਵੇ, ਜਿਸ ਨਾਲ ਨੱਬੇ ਪ੍ਰਤੀਸ਼ਤ ਸਿੱਖ ਪੂਰਬੀ ਪੰਜਾਬ ਵਿਚ ਇਕ ਸੰਘਣੀ ਆਬਾਦੀ ਕਾਇਮ ਰੱਖ ਸਕਣ। ਸਾਰੇ ਇਤਿਹਾਸਕ ਗੁਰਦੁਆਰੇ ਕੀ ਤੇ ਸਭ ਤੋਂ ਜ਼ਿਆਦਾ ਉਪਜਾਊ ਜ਼ਮੀਨ ਕੀ, ਸਭ ਉਧਰ ਹੀ ਤੇ ਰਹਿ ਗਿਆ। ਫਿਰ ਉਸ ਵਿਚ ਇਕ ਗੱਲ ਵੀ ਚੁੱਕੀ ਗਈ ਸੀ ਕਿ ਜਿਸ ਜਨਸੰਖਿਆ ਦੇ ਆਧਾਰ ’ਤੇ ਬਾਊਂਡਰੀ ਕਮਿਸ਼ਨਰ ਵੰਡ ਕਰਨ ਜਾ ਰਿਹਾ ਸੀ, ਉਹ ਜਨਸੰਖਿਆ ਦੀ ਰਿਪੋਰਟ ਇਕਦਮ ਗ਼ਲਤ ਸੀ, ਗਿਣਤੀ ਵਿਚ ਰੱਖੇ ਜਾਣ ਵਾਲੇ ਮੁਸਲਮਾਨਾਂ ਦੀ ਗਿਣਤੀ ਦਾ ਇਕ ਵੱਡਾ ਹਿੱਸਾ ਖ਼ਾਨਾਬਦੋਸ਼ ਕਬੀਲਿਆਂ ਦਾ ਸੀ।

“ਸ਼ੇਖ਼ੂਪੁਰਾ ਦੇ ਡਿਜ਼ਨੀ ਨਾਲ ਵੀ ਮੈਂ ਟੈਲੀਫ਼ੋਨ ’ਤੇ ਗੱਲ ਕੀਤੀ”, ਵਿਚਕਾਰਲੇ ਮਾਮੇ ਨੇ ਕਿਹਾ, “ਐਂਗਲੋ ਇੰਡੀਅਨ ਡਿਜ਼ਨੀ ਸ਼ੇਖ਼ੂਪੁਰਾ ਦੇ ਉਨ੍ਹਾਂ ਦਿਨਾਂ ਦਾ ਡਿਪਟੀ ਕਮਿਸ਼ਨਰ ਸੀ ਅਤੇ ਸਾਡੇ ਬਾਗ਼ਾਂ ਦੇ ਫ਼ਲਾਂ ਦਾ ਸ਼ੌਕੀਨ—ਉਹਨੇ ਮੈਨੂੰ ਤਸੱਲੀ ਦਿੱਤੀ ਹੈ, ਉਹ ਸਾਡੇ ਪਰਿਵਾਰਾਂ ਦੇ ਜਾਨ ਮਾਲ ਦੀ ਰਾਖੀ ਕਰੇਗਾ।”

“ਰੈੱਡਕਲਿਫ ਨੇ ਹੋਰ ਕੀ ਕੀ ਕਹਿਰ ਢਾਹੇ ਨੇ ?” ਉੱਜਵਲ ਮਾਮੇ ਨੇ ਪੁੱਛਿਆ।

“ਪੰਜਾਬ ਦਾ ਬਾਹਠ ਪਰਸੈਂਟ ਏਰੀਆ ਤੇ ਪੈਂਹਠ ਪਰਸੈਂਟ ਜਨਸੰਖਿਆ ਪਾਕਿਸਤਾਨ ਨੂੰ ਦੇ ਦਿੱਤੀ ਹੈ। ਉਨੱਤੀ

ਜ਼ਿਲ੍ਹਿਆਂ ਵਿਚੋਂ ਸਾਨੂੰ ਸਿਰਫ਼ ਤੇਰਾਂ ਜ਼ਿਲ੍ਹੇ ਮਿਲੇ ਨੇ ਤੇ ਸਤਲੁਜ, ਬਿਆਸ ਅਤੇ ਰਾਵੀ ਦਾ ਉਤਲਾ ਹਿੱਸਾ...।"

"ਕਿਹੜੇ ਕਿਹੜੇ ਜ਼ਿਲ੍ਹੇ ?" ਮੇਰੇ ਪਿਤਾ ਨੇ ਪੁੱਛਿਆ।

"ਅੰਬਾਲਾ ਡਿਵੀਜ਼ਨ ਅਤੇ ਜਲੰਧਰ ਡਿਵੀਜ਼ਨ ਦੇ ਜ਼ਿਲ੍ਹੇ, ਅੰਮ੍ਰਿਤਸਰ ਦਾ ਜ਼ਿਲ੍ਹਾ ਤੇ ਲਾਹੌਰ ਤੇ ਗੁਰਦਾਸਪੁਰ ਦੀਆਂ ਕੁਝ ਤਹਿਸੀਲਾਂ...।"

"ਇਹ ਤਾਂ ਬਹੁਤ ਬੁਰਾ ਹੋਇਆ" ਮੇਰੇ ਪਿਤਾ ਕੰਬਣ ਲੱਗੇ, "ਚਾਰ ਕਰੋੜ ਸਾਡੀ ਕੌਮ ਦੀ ਗਿਣਤੀ ਤੇ ਕਿਸੇ ਲੇਖੇ ਨਹੀਂ...।"

"ਭਾਈਆ ਜੀ", ਉੱਜਵਲ ਨੇ ਕਿਹਾ, "ਜਾਂ ਸਮਝ ਲਉ, ਸਾਡੀ ਕੌਮ ਨੂੰ ਵਿਚੋਂ ਵਿਚ ਚੀਰ ਰਹੇ ਨੇ। ਉਹ ਕਹਾਣੀ ਸੀ ਨਾ ਸੁਲੇਮਾਨ ਦੀ, ਉਨ੍ਹਾਂ ਦੋ ਜ਼ਨਾਨੀਆਂ ਦੇ ਨਾਲ ਜੋ ਇਕ ਬੱਚੇ ਦੀ ਮਾਲਕੀ 'ਤੇ ਲੜ ਰਹੀਆਂ ਸੀ ਅਤੇ ਸੁਲੇਮਾਨ ਨੇ ਹੱਲ ਦਿੱਤਾ ਸੀ, ਬੱਚੇ ਨੂੰ ਵਿਚੋਂ ਵਿਚ ਚੀਰ ਦਿਉ ਤੇ ਦੋਵਾਂ ਜ਼ਨਾਨੀਆਂ ਨੂੰ ਇਕ ਇਕ ਟੋਟਾ ਵੰਡ ਦਿਉ...।"

ਸਵੇਰੇ ਜਦ ਮੇਰੀ ਨੀਂਦ ਖੁੱਲ੍ਹੀ ਤਾਂ ਮੇਰੇ ਦੋਵੇਂ ਮਾਮੇ ਸਲਾਹ ਕਰ ਰਹੇ ਸੀ, ਬਾਲਣ ਵਾਲੀ ਕੋਠੜੀ ਉਨ੍ਹਾਂ ਨੂੰ ਮਕਾਨ ਮਾਲਕ ਦੇ ਆਦਮੀ ਸਾਹਮਣੇ ਖੁਲ੍ਹਾਉਣੀ ਚਾਹੀਦੀ ਏ।

"ਵੇਖੋ ਜੀ", ਮਕਾਨ ਮਾਲਕ ਕੋਲ ਮੈਂ ਵੀ ਆਪਣੇ ਮਾਮਿਆਂ ਨਾਲ ਗਿਆ, "ਤੁਹਾਡੇ ਲੋਕਾਂ ਨਾਲ ਮੇਰੀ ਹਮਦਰਦੀ ਏ। ਪਰ ਇਧਰ ਮੇਰੇ ਕੋਲ ਆਦਮੀਆਂ ਦੀ ਬਹੁਤ ਕਮੀ ਏ। ਡੇਢ ਦਿਨ ਦੇ ਵਿਚ ਵਿਚ ਮੇਰੀ ਅੱਸੀ ਪ੍ਰਤੀਸ਼ਤ ਲੇਬਰ ਗ਼ਾਇਬ ਹੋ ਗਈ ਹੈ...।"

"ਮੁਸਲਮਾਨ ਸੀਗੇ ਕੀ ?" ਉੱਜਵਲ ਮਾਮੇ ਨੇ ਪੁੱਛਿਆ।

"ਅਜਿਹਾ ਹੀ ਸਮਝ ਲਉ।" ਮਕਾਨ ਮਾਲਕ ਬੇ-ਆਰਾਮ ਹੋ ਗਿਆ।

"ਪਰਸੋਂ ਚੌਥੇ ਬੀ.ਬੀ.ਸੀ. 'ਚ ਦੱਸਿਆ ਜਾ ਰਿਹਾ ਸੀ", ਉੱਜਵਲ ਮਾਮੇ ਨੇ ਕਿਹਾ, "ਲਾਹੌਰ ਵਾਂਗੂੰ ਇਧਰ ਚੌਦਾਂ ਅਗਸਤ ਦੇ ਦਿਨ ਚੌਂਕ ਫਵਾਰੇ ਅਤੇ ਮਲਿਕਾ ਦੇ ਬੁੱਤ ਕੋਲ ਮੁਸਲਮਾਨ ਤੇ ਗ਼ੈਰ-ਮੁਸਲਮਾਨ ਲੋਕਾਂ ਦਰਮਿਆਨ ਜਮ ਕੇ ਲੜਾਈ ਹੋਈ।"

ਤੇਰਾਂ ਅਗਸਤ ਨੂੰ ਕਰਫ਼ਿਊ ਦੇ ਬਾਵਜੂਦ ਲਾਹੌਰ ਰੇਲਵੇ ਸਟੇਸ਼ਨ ਉੱਤੇ ਬੜੀ ਵੱਡੀ ਗਿਣਤੀ ਵਿਚ ਵੱਢ-ਟੁੱਕ ਅਤੇ ਆਪਣੀ ਸਰਕੂਲਰ ਰੋਡ ਦੇ ਨਾਲ-ਨਾਲ ਚਲਦੇ ਸਾਰੇ ਬਾਜ਼ਾਰਾਂ ਵਿਚ ਲਾਈਆਂ ਗਈਆਂ ਅੱਗਾਂ ਤੋਂ ਉੱਠ ਰਹੇ ਧੂੰਏਂ ਦੇ 'ਸੈਮੀ ਸਰਕਲ' ਦੀ 'ਕਨਟੀਨਿਊਟੀ' ਦੀ ਖ਼ਬਰ ਦੁਪਹਿਰ ਤੋਂ ਹੀ ਬੀ.ਬੀ.ਸੀ. ਤੋਂ ਬ੍ਰਾਡਕਾਸਟ ਹੁੰਦੀ ਰਹੀ ਸੀ। ਆਪਣੇ ਸਮਾਨ ਦੇ ਨਾਂ 'ਤੇ ਉੱਜਵਲ ਮਾਮੇ ਆਪਣਾ ਰੇਡੀਉ ਚੁੱਕ ਲਿਆਂਦਾ ਸੀ। ਇਥੇ ਵੀ ਰੇਡੀਉ ਹੀ ਉਨ੍ਹਾਂ ਦਾ ਅਣਲੱਗ ਸਾਥੀ ਬਣਿਆ ਹੋਇਆ ਸੀ, ਲਾਹੌਰ ਵਾਂਗੂੰ।

"ਉਥੇ ਈ ਨਹੀਂ ਜੀ" ਮਕਾਨ ਮਾਲਕ ਨੇ ਆਪਣੀ ਆਵਾਜ਼ ਹੌਲੀ ਕਰ ਲਈ, ਚੀਲ੍ਹ ਮੰਡੀ, ਕੋਟ ਆਤਮਾ ਸਿੰਘ, ਚੌਕ ਫੁੱਲਾਂ ਵਾਲਾ ਵਿਚ ਵੀ ਬਹੁਤੇ ਛੁਰੇ-ਕਟਾਰ ਆਹਮਣੇ-ਸਾਹਮਣੇ ਖਲੋਤੇ ਸੀ ਤੇ ਖੜਕਦੇ ਵੀ ਕਿਉਂ ਨਾ ? ਤੁਸੀਂ ਸਾਡੀ ਕੌਮ ਦੇ ਸਿੱਖ ਭਰਾ ਓ, ਤੁਹਾਥੋਂ ਕਾਹਦਾ ਲੁਕਾ ? ਮਾਰਚ ਵਿਚ ਹੀ ਉਧਰ ਸ਼ਰੀਫ਼ਪੁਰੇ 'ਚ ਇਹ ਲੋਕ ਪਠਾਨਕੋਟ ਅਤੇ ਜਲੰਧਰ ਤੋਂ ਆਉਣ ਵਾਲੀ ਹਰ ਰੇਲਗੱਡੀ ਰੋਕ ਕੇ ਸਾਡੇ ਹਿੰਦੂ ਤੇ ਸਿੱਖ ਮੁਸਾਫ਼ਰਾਂ ਨੂੰ ਵੱਢਿਆ ਕਰਦੇ ਸਨ। ਲੁੱਟ ਲੈਂਦੇ ਸਨ। ਹਾਲ ਬਾਜ਼ਾਰ, ਛੱਜੂ ਮਿਸ਼ਰਾ ਗਲੀ, ਇਸਲਾਮਾਬਾਦ, ਸੱਤੋ ਵਾਲੀ ਗਲੀ, ਗੋਕੁਲ ਆਬਾਦੀ, ਕਿਲ੍ਹਾ ਭੰਗੀਆਂ, ਦੇਵੀ ਵਾਲੀ ਗਲੀ, ਸਭ ਲੁੱਟ ਮਾਰ ਕਰ ਰਹੇ ਸਨ। ਫਿਰ ਅਸੀਂ ਹੱਲਾ ਬੋਲਿਆ ਤਾਂ ਵੇਖੋ ਪੂਰਾ ਅੰਮ੍ਰਿਤਸਰ ਖ਼ਾਲੀ ਕਰਾ ਲਿਆ, ਜਦੋਂ ਕਿ ਅੰਮ੍ਰਿਤਸਰ ਵਿਚ ਇਨ੍ਹਾਂ ਦੀ ਗਿਣਤੀ ਸਾਡੇ ਬਰਾਬਰ ਹੁੰਦੀ ਸੀ...।"

"ਬਲਕਿ ਹਿੰਦੂ ਸਿੱਖ ਦੀ ਗਿਣਤੀ ਵੱਖ-ਵੱਖ ਕੀਤੀ ਜਾਂਦੀ।" ਵਿਚਕਾਰਲੇ ਮਾਮੇ ਨੇ ਕਿਹਾ, "ਤਾਂ ਮੁਸਲਮਾਨ ਤਿੰਨ ਕੌਮਾਂ ਵਿਚ ਸਭ ਤੋਂ ਵੱਧ ਗਿਣਤੀ 'ਚ ਸਨ...।"

"ਵੇਖੋ ਜੀ" ਮਕਾਨ ਮਾਲਕ ਨੇ ਆਪਣੀ ਆਵਾਜ਼ ਹੋਰ ਹੌਲੀ ਕਰ ਲਈ, "ਇਕ ਤਰੀਕੇ ਵੇਖਿਆ ਜਾਏ ਤਾਂ ਜੋ ਹੋਇਆ, ਸਹੀ ਹੋਇਆ। ਇਨ੍ਹਾਂ ਨੂੰ ਆਪਣੀ ਕਰਨੀ ਦਾ ਫਲ ਮਿਲਿਆ ਹੈ। ਹਜ਼ਾਰਾਂ 'ਚ ਤਾਂ ਇਨ੍ਹਾਂ ਨੇ ਆਪਣੇ ਮੁਸਲਿਮ ਨੈਸ਼ਨਲ ਗਾਰਡਜ਼ ਤਿਆਰ ਕੀਤੇ ਹੋਏ ਸਨ, ਗ਼ੈਰ ਮੁਸਲਿਮ ਲੋਕਾਂ ਦੀ ਜ਼ਮੀਨ-ਜਾਇਦਾਦ, ਮਕਾਨ ਅਤੇ ਦੁਕਾਨਾਂ ਦੀਆਂ ਲਿਸਟਾਂ ਬਣਾਈਆਂ ਹੋਈਆਂ ਸਨ, ਨਾਹਰੇ ਲਾਇਆ ਕਰਦੇ ਸਨ—'ਲੜ ਕੇ ਲੇਂਗੇ ਪਾਕਿਸਤਾਨ', 'ਖ਼ੂਨ ਸੇ ਲੇਂਗੇ ਪਾਕਿਸਤਾਨ', 'ਦੇਨਾ ਹੋਗਾ ਪਾਕਿਸਤਾਨ', 'ਲੇ ਕੇ ਰਹੇਂਗੇ ਪਾਕਿਸਤਾਨ...।'

"ਕਿਉਂ ਬੋਲੇ ਅਜਿਹਾ ਉਹ ?" ਵਿਚਕਾਰਲਾ ਮਾਮਾ ਭੜਕ ਉੱਠਿਆ, "ਕਿਉਂ ਬੋਲਣਾ ਪਿਆ ਉਨ੍ਹਾਂ ਨੂੰ ਅਜਿਹਾ ?

ਹਿੰਦੂ ਰਾਜ ਦੀ ਗੱਲ ਕਿਸ ਨੇ ਸ਼ੁਰੂ ਕੀਤੀ ? ਸੰਨ ਉੱਨੀ ਸੌ ਚੌਵੀ ਵਿਚ ਹੀ ਕਾਂਗਰਸ ਪ੍ਰੈਜ਼ੀਡੈਂਟ, ਲਾਲਾ ਲਾਜਪਤ ਰਾਏ ਵੰਡ ਦੀ ਗੱਲ ਰੱਖ ਚੁੱਕੇ ਸੀ। ਤੇਰਾਂ ਲੇਖ ਲਿਖੇ ਸੀ ਉਨ੍ਹਾਂ ਨੇ ਮੁਸਲਿਮ ਭਾਰਤ 'ਤੇ...।"

"ਕਾਂਗਰਸ ਤਾਂ ਸ਼ੁਰੂ ਤੋਂ ਹੀ ਸੱਤਾ ਦੀ ਭੁੱਖੀ ਰਹੀ" ਛੋਟੇ ਮਾਮੇ ਨੇ ਕਿਹਾ, "ਉਨ੍ਹਾਂ ਦੇ ਆਪਣੇ ਰਜਿੰਦਰ ਪ੍ਰਸਾਦ ਤੱਕ ਕਹਿੰਦੇ ਹਨ ਕਿ ਸੰਨ ਸੈਂਤੀ ਵਿਚ ਜੇਕਰ ਯੂ.ਪੀ. ਕਾਂਗਰਸ ਨੇ ਮੁਸਲਿਮ ਲੀਗ ਦੀ ਗੱਲ ਮੰਨ ਕੇ ਸਾਂਝੀ ਸਰਕਾਰ ਬਣਾਈ ਹੁੰਦੀ ਤਾਂ ਮੁਸਲਿਮ ਤੇ ਗ਼ੈਰ ਮੁਸਲਿਮਾਂ ਵਿਚ ਅਜਿਹੇ ਤਿੱਖੇ ਵੈਰ ਵਿਰੋਧ ਦੀ ਨੌਬਤ ਆਉਂਦੀ ਹੀ ਨਾ...।"

"ਯੂ.ਪੀ. ਨੇ ਤਾਂ ਸੰਨ ਸੈਂਤੀ ਵਿਚ ਕਿੰਨਾ ਦੰਗਾ ਫਸਾਦ ਵੇਖਿਆ", ਵਿਚਕਾਲੇ ਮਾਮੇ ਨੇ ਕਿਹਾ, "ਦੁਸਹਿਰੇ 'ਤੇ, ਹੋਲੀ 'ਤੇ। ਬਲੀਆ ਵਿਚ, ਕਾਨਪੁਰ ਵਿਚ, ਇਲਾਹਾਬਾਦ ਵਿਚ, ਬਨਾਰਸ ਵਿਚ...।"

"ਉਧਰ ਸੰਨ ਚਾਲੀ ਵਿਚ ਅਹਿਮਦਾਬਾਦ ਦੀਆਂ ਮਿੱਲਾਂ ਵਿਚੋਂ ਹਿੰਦੂ ਮਾਲਕਾਂ ਨੇ ਦਸ ਹਜ਼ਾਰ ਦੀ ਗਿਣਤੀ ਵਿਚ ਆਪਣੇ ਮੁਸਲਮਾਨ ਮਜ਼ਦੂਰ ਬਾਹਰ ਕੱਢ ਦਿੱਤੇ ਸਨ।"

ਉੱਜਵਲ ਮਾਮੇ ਨੇ ਕਿਹਾ, "ਤੇ ਇਹ ਜਿਹੜੇ ਤੁਸੀਂ ਮੁਸਲਿਮ ਨੈਸ਼ਨਲ ਗਾਰਡਜ਼ ਗਿਣ ਰਹੇ ਹੋ ਨਾ, ਇਸੇ ਜੂਨ ਦੀ ਰਿਪੋਰਟ ਮੁਤਾਬਕ ਜਦੋਂ ਤੱਕ ਉਨ੍ਹਾਂ ਦੀ ਗਿਣਤੀ ਉਨਤਾਲੀ ਹਜ਼ਾਰ ਤਕ ਪਹੁੰਚ ਰਹੀ ਸੀ ਤਾਂ ਉਧਰ ਆਰ.ਐੱਸ.ਐੱਸ. 'ਚ ਅਠਵਿੰਜਾ ਹਜ਼ਾਰ ਅਤੇ ਸਿੱਖ ਅਕਾਲੀ ਫ਼ੌਜ ਵਿਚ ਅੱਠ ਹਜ਼ਾਰ ਲੋਕ ਭਰਤੀ ਹੋ ਚੁੱਕੇ ਸਨ...।"

"ਤੁਸੀਂ ਦੋਵੇਂ ਭਰਾ ਕੀ ਕਹਿਣਾ ਚਾਹੁੰਦੇ ਹੋ ?" ਮਕਾਨ ਮਾਲਕ ਖਿਝ ਗਿਆ, "ਇਹ ਜੋ ਪੰਜਾਂ ਮਹੀਨਿਆਂ ਤੋਂ ਤਬਾਹੀ ਤੇ ਕਤਲੇਆਮ ਹੋ ਰਿਹਾ ਸੀ, ਇਹ ਸਭ ਠੀਕ ਸੀ ? ਕਿਉਂਕਿ ਇਨ੍ਹਾਂ ਦੇ ਪਿੱਛੇ ਉਨ੍ਹਾਂ ਮੁਸਲਮਾਨਾਂ 'ਤੇ ਹੋਏ ਜ਼ੁਲਮ ਜੋ ਮਹਾਰਾਸ਼ਟਰ ਜਾਂ ਯੂ.ਪੀ. ਦੇ ਗ਼ੈਰ-ਮੁਸਲਮਾਨ ਲੋਕਾਂ ਨੇ ਕੀਤੇ ? ਅਤੇ ਕਲਕੱਤਾ ਵਿਚ ਹੋਈਆਂ 'ਕਿਲਿੰਗਜ਼' ? ਉਨ੍ਹਾਂ ਦੇ ਘਰਾਂ ਦੀ ਲੁੱਟ ਖਸੁੱਟ ? ਉਹ ਤਾਂ ਮੁਸਲਮਾਨ ਲੋਕਾਂ ਦੀਆਂ ਕਰਤੂਤਾਂ ਸਨ ?"

"ਤੁਹਾਨੂੰ ਅੰਮ੍ਰਿਤਸਰ ਕਿਹਨੇ ਦਿੱਤਾ ਸੀ ?" ਵਿਚਕਾਰਲੇ ਮਾਮੇ ਨੇ ਕਿਹਾ, "ਇਹ ਦਰਬਾਰ ਸਾਹਿਬ ਕਿਸ ਦੀ ਦੇਣ ਹੈ ? ਇਸ ਦੀ ਥਾਂ ਸਰੋਵਰ ਦੇ ਨਾਲ ਕਿਸ ਨੇ ਚੁਣੀ ? ਕਿਸ ਨੇ ਭੇਟ ਕੀਤੀ ? ਅਕਬਰ ਨੇ ਹੀ ਤਾਂ ? ਸੰਨ ਪੰਦਰਾਂ ਸੌ ਸਤੱਤਰ ਵਿਚ...।"

"ਵੇਖੋ ਜੀ।" ਮਕਾਨ ਮਾਲਕ ਨੇ ਕੁਝ ਕਹਿਣਾ ਚਾਹਿਆ, "ਤੁਸੀਂ ਉਨ੍ਹਾਂ ਵੱਲ ਦੀ ਕੋਈ ਵੀ ਗੱਲ ਕਹਿ ਲਉ...।"

"ਪਾਕਿਸਤਾਨ ਦੀ ਨੀਂਹ ਮੇਰੇ ਖ਼ਿਆਲ 'ਚ ਹਿੰਦੂ ਤੇ ਮੁਸਲਮਾਨਾਂ ਵਿਚਲੇ ਤਸੱਵੁਰ ਕੀਤੇ ਵੈਰ ਨੇ ਨਹੀਂ ਰੱਖੀ।" ਵਿਚਕਾਰਲੇ ਮਾਮੇ ਦੀ ਆਵਾਜ਼ ਉਤੇਜਿਤ ਹੋ ਗਈ, "ਜਿਨਾਹ ਤੇ ਨਹਿਰੂ ਦੇ ਸੱਤਾ ਪ੍ਰੇਮ ਨੇ ਰੱਖੀ ਹੈ, ਅੰਗਰੇਜ਼ ਸਰਕਾਰ ਦੀ 'ਡਿਵਾਈਡ ਐਂਡ ਰੂਲ' ਦੀ ਪਾਲਿਸੀ ਨੇ ਰੱਖੀ ਹੈ...।"

"ਹਰ ਪੂੰਜੀਪਤੀ ਵਾਂਗ ਉਹ ਸਿਰਫ਼ ਲਾਭ ਹਾਸਲ ਕਰਨਾ ਚਾਹੁੰਦੇ ਰਹੇ।" ਉੱਜਵਲ ਮਾਮੇ ਨੇ ਕਿਹਾ, "ਆਪਣੇ ਨਹਿਰੂ ਨੂੰ ਹੀ ਵੇਖ ਲਉ, ਆਮ ਲੋਕਾਂ ਵਿਚ ਆਪਣੇ ਬਾਰੇ ਉਸ ਨੇ ਕਿਹੋ ਜਿਹੀ ਲੋਕ ਚਰਚਾ ਜਾਣ ਬੁਝ ਕੇ ਫੈਲਾਈ, ਉਹ ਇਲਾਹਾਬਾਦ ਦੇ ਇਕ ਰਾਜਸੀ ਮਹਿਲ ਵਿਚ ਪੈਦਾ ਹੋਇਆ, ਉਹਦੇ ਕੱਪੜੇ ਲੰਦਨ ਤੋਂ ਸਵਾਏਂ ਜਾਂਦੇ ਰਹੇ, ਪੈਰਿਸ ਤੋਂ ਧੁਆਏ ਜਾਂਦੇ ਰਹੇ, ਜਦੋਂ ਵਾਇਸਰਾਏ ਉਸ ਨੂੰ ਮਿਲਣ ਗਿਆ ਤਾਂ ਚਾਹ ਪਿਆਉਣ ਦੇ ਉਚੇਚ ਵਿਚ ਉਸ ਨੇ ਬੇਹੱਦ ਖਰਚ ਕਰ ਛੱਡਿਆ। ਉਸ ਦੀ ਚਮੜੀ ਇੰਨੀ ਕੋਮਲ ਸੀ ਕਿ ਜਦੋਂ ਉਹਨੇ ਪਹਿਲੀ ਵਾਰ ਖ਼ੱਦਰ ਪਾਇਆ ਤਾਂ ਉਹਨੂੰ ਛਾਲੇ ਪੈ ਗਏ।"

"ਵੇਖੋ ਜੀ" ਮਕਾਨ ਮਾਲਕ ਬੋਲਿਆ, "ਮੈਂ ਤਾਂ ਇੰਨਾ ਜਾਣਦਾ ਹਾਂ ਕਿ ਅਸੀਂ ਆਪਣੇ ਹੀ ਮੁਲਕ ਵਿਚ ਜੀਊਣ ਲਈ ਤਰਸਣ ਲੱਗੇ ਸੀ। ਨਹਿਰੂ ਹੋਰਾਂ ਜਿਹੜੀਆਂ ਵੀ ਗ਼ਲਤੀਆਂ ਕੀਤੀਆਂ ਹੋਣ, ਜਿਨਾਹ ਨੇ ਹੋਰ ਜਿਹੜੀਆਂ ਗ਼ਲਤੀਆਂ ਕੀਤੀਆਂ ਹੋਣ ਪਰੰਤੂ ਪਾਕਿਸਤਾਨ ਬਣਾ ਕੇ ਉਨ੍ਹਾਂ ਦੋਵਾਂ ਨੇ ਸਾਡਾ ਤਾਂ ਭਲਾ ਹੀ ਕੀਤਾ...।"

"ਨਹਿਰੂ ਦੀ ਵੀ ਸੁਣ ਲਉ।" ਉੱਜਵਲ ਮਾਮਾ ਬੋਲਿਆ, "ਮਾਉਂਟਬੇਟਨ ਨੇ ਬਾਊਂਡਰੀ ਫੋਰਸ ਵਿਚ ਪੰਜਾਹ ਹਜ਼ਾਰ ਅੰਗਰੇਜ਼ ਰੱਖਣੇ ਚਾਹੇ ਸੀ ਪਰ ਨਹਿਰੂ ਨੇ ਇਹ ਸੁਝਾਅ ਠੁਕਰਾ ਦਿੱਤਾ...ਬੀ.ਬੀ.ਸੀ. ਵਿਚ ਵਾਰ-ਵਾਰ ਇਹ ਗੱਲ ਲਿਆਂਦੀ ਜਾ ਰਹੀ ਏ...।"

"ਮਾਉਂਟਬੇਟਨ ਦੀ ਗੱਲ ਤਾਂ ਨਾ ਕੀਤੀ ਜਾਵੇ।" ਵਿਚਕਾਰਲੇ ਮਾਮੇ ਨੇ ਕਿਹਾ, "ਬਾਰਾਂ ਨੂੰ ਰੈਂਡਕਲਿਫ ਉਹਨੂੰ ਆਪਣਾ ਅਵਾਰਡ ਸਾਈਨ ਕਰਕੇ ਫੜਾਉਂਦਾ ਹੈ ਪਰ ਰੇਡੀਓ ਉੱਤੇ ਉਹ ਪਬਲਿਕ ਹੁੰਦਾ ਹੈ ਸੋਲਾਂ ਅਗਸਤ ਨੂੰ, ਜਦੋਂ ਵੱਢ-ਟੁੱਕ ਆਪਣੇ ਪੂਰੇ ਜ਼ੋਰਾਂ 'ਤੇ ਹੈ, ਚਾਰ ਦਿਨ ਤਕ ਮਾਊਂਟਬੇਟਨ ਉਹ ਨਕਸ਼ਾ ਦਬਾ ਕੇ ਰੱਖਦਾ ਹੈ। ਕਿਸ ਨੇ ਉਹਨੂੰ ਸਹੀ ਦੱਸਿਆ ਸੀ—ਡਿੱਕੀ ਯੂ ਆਰ ਸ਼ੋਕਰਕਡ ਦੈਟ ਇਫ਼ ਯੂ ਸਵੈਲੋਡ ਅ ਨੇਲ, ਯੂ ਵੁੱਡ ਸ਼ਿਟ ਅ ਕੌਕਰਜ਼ਸਕਰੂ...।"

"ਇਹਦਾ ਮਤਲਬ ਕੀ ਹੋਇਆ ਜੀ ?" ਮਕਾਨ ਮਾਲਕ ਨੇ ਪੁੱਛਿਆ।

"ਜੇਕਰ ਮਾਊਂਟਬੇਟਨ ਦੇ ਢਿੱਡ ਵਿਚ ਕੋਈ ਕਿੱਲ ਚਲਾ ਜਾਂਦਾ ਤਾਂ ਉਹ ਕਿੱਲ ਫਿਰ ਪੇਚ ਬਣ ਕੇ ਹੀ ਬਾਹਰ ਆਉਂਦਾ...।"

ਮਕਾਨ ਮਾਲਕ ਆਪਣਾ ਢਿੱਡ ਫੜ ਕੇ ਹੱਸਣ ਲੱਗਾ, "ਅੱਛਾ, ਬਹੁਤ ਅੱਛਾ।"

"ਹੁਣ ਤੁਸੀਂ ਇਹ ਦੱਸੋ, ਸਾਡੀ ਬਾਲਣ ਵਾਲੀ ਕੋਠੜੀ ਤੁਸੀਂ ਕਦੋਂ ਖੁਲਾਓਗੇ ?" ਉੱਜਵਲ ਮਾਮੇ ਦੇ ਹੱਥ ਆਪਣੀ ਗੱਲ ਮਨਵਾਉਣ ਦਾ ਚੰਗਾ ਮੌਕਾ ਲੱਗਾ, "ਉਸ ਵਿਚੋਂ ਅਜੀਬ ਬੋ ਆ ਰਹੀ ਹੈ।"

"ਬਸ ਇਕ ਦਿਨ ਹੋਰ ਦਮ ਖਾ ਜਾਉ।" ਮਕਾਨ ਮਾਲਕ ਨੇ ਕਿਹਾ, "ਕੱਲ੍ਹ ਸਵੇਰ ਹੁੰਦੇ ਹੀ ਆਪਣੇ ਦੋ ਆਦਮੀ ਮੈਂ ਨਾਲ ਲੈਂਦਾ ਆਵਾਂਗਾ ਅਤੇ ਉਹਨੂੰ ਖੁਲ੍ਹਵਾ ਲਿਆ ਜਾਵੇਗਾ।"

"ਅੜਿਆ, ਤੂੰ ਮੈਨੂੰ ਨਾਲ ਖੜਨ ਆਇਆਂ ਏ ਕੀ ?" ਉਸ ਰਾਤ ਆਵਾਜ਼ ਫਿਰ ਮੇਰੇ ਕੋਲ ਤੁਰ ਆਈ।

"ਦੱਸੋ, ਤੁਸਾਂ ਕਿੱਥੇ ਜਾਣਾ ਆਂ ?" ਮੈਂ ਜਬਰਦਸਤੀ ਆਪਣੀ ਅਰਧ ਚੇਤਨ ਅਵਸਥਾ ਬਣਾਈ ਰੱਖੀ, "ਕਿਹਦੇ ਕੋਲ ਜਾਣਾ ਆਂ ?"

"ਆਪਣੇ ਦੁਸ਼ਮਣਾਂ ਕੋਲ ਜਾਣਾ ਆਂ। ਮੈਨੂੰ ਛੱਡ ਕੇ ਜੋ ਆਪ ਟੁਰ ਗਏ ਹਨ...।"

"ਤੁਹਾਨੂੰ ਕਿਉਂ ਛੱਡ ਗਏ...?"

"ਛੱਡੀ ਜੋ ਸਾਂ..."

"ਕਿਉਂ ਛੱਡੇ ਸੀ ?"

"ਫ਼ੈਕਟਰੀ ਪਿੱਛੇ।"

"ਇਥੇ ਸੁੱਟੀ ਗਈ, ਮੂੰਹ ਦੇ ਟਿੱਕੇ, ਚੁੱਲ੍ਹੇ ਦੀਆਂ ਲੱਕੜਾਂ, ਅੰਗੀਠੀ ਦੇ ਕੋਲੇ, ਕਾਗਦ ਦੇ ਅੰਬਾਰ ਹੇਠ...।"

"ਤੁਸੀਂ ਚਾਰ ਪੈਰੀਂ ਕਿਉਂ ਟੁਰਦੇ ਹੋ ?" ਮੈਂ ਪੁੱਛਿਆ।

"ਗੈਂਠੀਏ ਕਰਕੇ, ਮੈਥੋਂ ਦੋ ਪੈਰੀਂ ਖੜ੍ਹਿਆ ਨਹੀਂ ਜਾਂਦਾ, ਹੱਥਾਂ ਵਿਚ ਕੁਝ ਫੜਿਆ ਨਹੀਂ ਜਾਂਦਾ। ਗੋਡੇ, ਗਿੱਟੇ, ਪੋਟੇ, ਵੀਣੀਂ ਮੇਰੇ ਸਭ ਵਿੰਗੇ ਈ ਵਿੰਗੇ।"

"ਵਖਾਓ" ਉੱਠ ਕੇ ਮੈਂ ਉਨ੍ਹਾਂ ਦੇ ਹੱਥਾਂ ਦੀਆਂ ਉਂਗਲਾਂ ਖੋਲ੍ਹਣ ਦੀ ਕੋਸ਼ਿਸ਼ ਕੀਤੀ ਪਰ ਉਹ ਜੁੜੀਆਂ ਹੋਈਆਂ ਸਨ, ਜੁੜੀਆਂ ਹੀ ਰਹੀਆਂ।

ਜੇ ਮੈਂ ਇਥੇ ਇਹ ਬਿਰਤਾਂਤ ਰੋਕ ਕੇ ਤੁਹਾਨੂੰ ਇਹ ਦੱਸ ਦਿਆਂ—ਵੀਹ ਸਾਲ ਬਾਅਦ ਆਪਣੀ ਮਾਂ ਦੇ ਹੱਥ-ਪੈਰ ਹੂ-ਬ-ਹੂ ਉਸੇ ਹਾਲਤ ਵਿਚ ਮੁੜੇ ਮੈਂ ਵੇਖੇ ਸੰਨ ਸਤਾਹਠ ਵਿਚ, ਤਾਂ ਤੁਸੀਂ ਅੱਗੇ ਪੜ੍ਹਨਾ ਬੰਦ ਕਰ ਦਿਉਗੇ ਕੀ ?

ਮੈਨੂੰ ਮੋਹ-ਭਰਮ ਦਾ ਸ਼ਿਕਾਰ ਮੰਨ ਕੇ ?

ਜਾਂ ਮਿਰਗ ਤ੍ਰਿਸ਼ਨਾ ਵਿਚ, ਪ੍ਰੇਤ ਦਰਸ਼ਨ ਵਿਚ ਤੁਹਾਡਾ ਯਕੀਨ ਦੁੱਗਣਾ ਪੱਕਾ ਹੋ ਜਾਵੇਗਾ ?

ਮੇਰੀ ਬੇਚੈਨੀ ਨੇ ਮੈਨੂੰ ਡੰਗ ਲਿਆ ਸੀ ਕੀ ?

ਜਾਂ ਕਿਸੇ ਆਦਮਖੋਰ ਦੇ ਤਹਿਤ ਸਮੇਂ ਤੋਂ ਪਹਿਲਾਂ ਮੈਂ ਉਨ੍ਹਾਂ ਮਾਨਸਿਕ ਪ੍ਰਤਿਬਿੰਬਾਂ ਨੂੰ ਆਪਣੇ ਅਧਿਕਾਰ ਵਿਚ ਲੈ ਲਿਆ ਸੀ ?

"ਹਾਏ !" ਆਕਾਰ ਮੇਰੇ ਨਾਲ ਲੇਟ ਗਿਆ। ਉਹਦੇ ਹੱਥ ਉਹਦੇ ਪੇਟ ਦੀ ਦਿਸ਼ਾ ਵਿਚ ਮੁੜ ਗਏ ਤੇ ਗਿੱਟਿਆਂ ਦੀ ਦਿਸ਼ਾ ਵਿਚ ਉਹਦੇ ਪੈਰ।

"ਤੁਸੀਂ ਸਾਡੇ ਨਾਲ ਰਹੋ।" ਮੈਂ ਕਿਹਾ।

"ਨਾ" ਉਹ ਬੋਲੀ, ਬੜੀ ਹੌਲੀ ਜਿਹੀ ਬੋਲੀ—"ਤੁਸੀਂ ਮੇਰੀ ਕਬਰ ਮੇਰੇ ਤੋਂ ਖੋਹ ਲੈਣੀ ਐ। ਮੈਨੂੰ ਦੂਜੀ ਮੁਲਕੀਂ ਲੈ ਚੱਲ।"

"ਕੀ ਕਰਾਂਗੇ ?" ਵਿਚਕਾਰਲੇ ਮਾਮੇ ਨੇ ਮਕਾਨ ਮਾਲਕ ਤੋਂ ਪੁੱਛਿਆ, "ਤੁਸੀਂ ਇਨ੍ਹਾਂ ਨੂੰ ਨਹੀਂ ਪਛਾਣਦੇ ?"

"ਪਛਾਣਦਾ ਹਾਂ, ਚੰਗੀ ਤਰ੍ਹਾਂ ਪਛਾਣਦਾ ਹਾਂ। ਤੁਹਾਡੇ ਆਉਣ ਤੋਂ ਪਹਿਲਾਂ ਇਨ੍ਹਾਂ ਦਾ ਪਰਿਵਾਰ ਇਥੇ ਰਹਿੰਦਾ ਸੀ...।"

"ਉਹ ਲੋਕ ਕਦੋਂ ਗਏ ?" ਮੈਂ ਬਿਹਬਲ ਹੋ ਉੱਠਿਆ।

"ਇਹੀ ਕੋਈ ਚਾਰ ਦਿਨ ਪਹਿਲਾਂ।" ਮਕਾਨ ਮਾਲਕ ਨੇ ਕਿਹਾ, "ਉਨ੍ਹਾਂ ਲੋਕਾਂ ਨੇ ਮੈਨੂੰ ਕਿਹਾ, ਸਾਨੂੰ ਟਰੱਕ ਮੰਗਾ ਦਿਉ।

ਅਸੀਂ ਟਰੱਕ ਮੰਗਾ ਦਿੱਤਾ। ਹੁਣ ਗਿਣ ਕੇ ਤਾਂ ਨਹੀਂ ਵੇਖਿਆ ਕਿ ਪਰਿਵਾਰ ਦੇ ਸਾਰੇ ਜੀਅ ਜਾ ਰਹੇ ਨੇ ਜਾਂ ਨਹੀਂ। ਕੌਣ ਕਿਆਸ ਕਰ ਸਕਦਾ ਸੀ, ਪੁਰਾਣੀਆਂ ਅਖ਼ਬਾਰਾਂ ਤੇ ਲੱਕੜ-ਕੋਲੇ ਵਿਚ ਕੋਈ ਆਪਣੀ ਬੇਗ਼ਮ ਹੀ ਸੁੱਟ ਜਾਏਗਾ ?"

"ਹੁਣ ਕੀ ਕਰਾਂਗੇ ?" ਵਿਚਕਾਰਲੇ ਮਾਮੇ ਨੇ ਪੁੱਛਿਆ।

"ਮਿਊਂਸੀਪਲਿਟੀ ਦੀ ਲਾਰੀ ਮੰਗਾਉਂਦਾ ਹਾਂ।" ਮਕਾਨ ਮਾਲਕ ਨੇ ਕਿਹਾ, "ਲਵਾਰਿਸ ਲਾਸ਼ ਹੋਰ ਕਿਧਰੇ ਪੁਚਾਵਾਂਗੇ ?"

"ਇਨ੍ਹਾਂ ਨੂੰ ਇਨ੍ਹਾਂ ਦੀ ਕਬਰ ਚਾਹੀਦੀ ਏ।" ਮੈਂ ਕਿਹਾ, "ਇਨ੍ਹਾਂ ਦੀ ਕਬਰ ਇਨ੍ਹਾਂ ਤੋਂ ਨਾ ਖੋਵੋ।"

"ਹਾਂ" ਐਡਨਾ ਮਾਮੀ ਨੇ ਕਿਹਾ, "ਮੁੰਡਾ ਠੀਕ ਕਹਿੰਦਾ ਹੈ। ਜਿਹੜਾ ਵੀ ਇਨ੍ਹਾਂ ਦੀ ਬਾੱਡੀ ਲੈ ਕੇ ਜਾਵੇ, ਉਹਨੂੰ ਇਹ ਦੱਸਣਾ ਜ਼ਰੂਰੀ ਹੈ, ਇਨ੍ਹਾਂ ਨੂੰ ਦਫ਼ਨਾਇਆ ਜਾਏਗਾ, ਜਲਾਇਆ ਨਹੀਂ...।"

"ਵੇਖੋ ਜੀ।" ਮਕਾਨ ਮਾਲਕ ਤੁਰਨ ਨੂੰ ਹੋਇਆ, "ਮੈਂ ਹੁਣੇ ਹੁਣੇ ਵਾਪਸ ਆ ਕੇ ਦੱਸਦਾ ਹਾਂ, ਕੀ ਇੰਤਜ਼ਾਮ ਕੀਤਾ ਜਾ ਸਕਦਾ ਏ...।"

"ਇਹ ਕੌਣ ਲੋਕ ਸਨ ?" ਜਿਸ ਆਦਮੀ ਨੇ ਉਨ੍ਹਾਂ ਨੂੰ 'ਬੜੀ ਬੇਗ਼ਮ' ਕਿਹਾ ਸੀ, ਮੈਂ ਉਸ ਨਾਲ ਤੁਰ ਪਿਆ।

"ਇਹ ਜੋ ਰਹੀਮ ਬਖ਼ਸ਼ ਰੋਡ ਹੈ, ਇਹ ਬੇਗ਼ਮ ਰਹੀਮ ਬਖ਼ਸ਼ ਸਾਹਬ ਦੀ ਇਕਲੌਤੀ ਧੀ ਸਨ। ਇਹ ਪੂਰਾ ਇਮਾਰਤਦਾਰ ਇਲਾਕਾ ਇਨ੍ਹਾਂ ਦੇ ਨਾਂ 'ਤੇ ਖਰੀਦਿਆ ਗਿਆ ਸੀ—ਬਰਕਤ ਬਿਲਡਿੰਗ। ਉੱਨੀ ਸੌ ਇਕ ਵਿਚ। ਪਰ ਰਹੀਮ ਬਖ਼ਸ਼ ਸਾਹਬ ਇਕ ਸੜਕ ਹਾਦਸੇ ਵਿਚ ਛੇਤੀ ਹੀ ਕੂਚ ਕਰ ਗਏ। ਉਨ੍ਹਾਂ ਦੇ ਵੱਡੇ ਭਰਾ ਫਿਰ ਇਧਰ ਆ ਵਸੇ ਅਤੇ ਆਪਣੇ ਇਕਲੌਤੇ ਪੁੱਤਰ ਨਾਲ ਇਸ ਬਰਕਤ ਬੇਗ਼ਮ ਨੂੰ ਵਿਆਹ ਦਿੱਤਾ। ਕੁਝ ਸਾਲਾਂ ਬਾਅਦ ਪੁੱਤਰ ਨੇ ਇਕ ਖੱਡੀ ਦੀ ਮਾਲਕਣ ਨਾਲ ਵਿਆਹ ਕਰ ਲਿਆ ਜਿਨ੍ਹੇ ਵਿਆਹ ਦੀ ਇਹ ਸ਼ਰਤ ਰੱਖੀ, 'ਬਰਕਤ ਬੇਗ਼ਮ ਮੈਨੂੰ ਦਿਖਾਈ ਨਾ ਦੇਵੇ'।"

"ਖੱਡੀ ਦੀ ਉਸੇ ਫ਼ੈਕਟਰੀ ਦੀ ਅੱਸੀ ਪ੍ਰਤੀਸ਼ਤ ਲੇਬਰ ਗ਼ਾਇਬ ਹੋਈ ਸੀ ਕੀ ?" ਐਡਨਾ ਮਾਮੀ ਸਾਡੇ ਕੋਲ ਖਿਸਕ ਆਈ।

"ਜੀ ਮੈਡਮ...।"

"ਉਹ ਫ਼ੈਕਟਰੀ ਅਤੇ ਇਹ ਬਰਕਤ ਬਿਲਡਿੰਗ ਇਸ ਮਕਾਨ ਮਾਲਕ ਨੇ ਉਨ੍ਹਾਂ ਤੋਂ ਖ਼ਰੀਦੀ ਸੀ ਕੀ ?"

"ਹੁਣ ਕੀ ਦੱਸੀਏ ਮੈਡਮ ? ਜਿਹਨੂੰ ਤੁਸੀਂ ਮਕਾਨ ਮਾਲਕ ਸਮਝ ਬੈਠੇ ਹੋ, ਉਹ ਇਨ੍ਹਾਂ ਲੋਕਾਂ ਦਾ ਮੁਨੀਮ ਹੋਇਆ ਕਰਦਾ ਸੀ। ਹੁਣ ਅਸੀਂ ਤਾਂ ਕੋਈ ਟਰੱਕ ਇਧਰੋਂ ਜਾਂਦਾ ਹੋਇਆ ਵੇਖਿਆ ਨਹੀਂ। ਲੋਕੀ ਤਾਂ ਇਹੀ ਕਹਿੰਦੇ ਨੇ, ਇਧਰ ਵੱਢ-ਟੁੱਕ ਹੋਈ ਹੈ, ਲੁੱਟ-ਖਸੁੱਟ ਹੋਈ ਹੈ। ਜਿੰਨਾ ਇਹ ਮੁਨੀਮ ਆਪਣਾ ਘਰ ਭਰ ਸਕਿਆ, ਓਨਾ ਭਰ ਲਿਆ ਜਾਂ ਰਿਸ਼ਤੇਦਾਰਾਂ ਵਿਚ ਵੰਡ ਦਿੱਤਾ ਅਤੇ ਹੁਣ ਇਹ ਕਿਰਾਏ 'ਤੇ ਚੜ੍ਹਾ ਦਿੱਤਾ...।"

'ਪਰ ਬਰਕਤ ਸਾਹਿਬਾ ?" ਐਡਨਾ ਮਾਮੀ ਨੇ ਪੁੱਛਿਆ, "ਇਹ ਇਧਰ ਕਿੰਜ ਰਹਿ ਗਈ ?"

"ਸੁਣਨ 'ਚ ਆਉਂਦਾ ਸੀ ਕਿ ਜਿਥੇ ਕਿਧਰੇ ਇਹ ਬਰਕਤ ਸਾਹਿਬਾ ਇਨ੍ਹਾਂ ਦੇ ਘਰਵਾਲੇ ਨੂੰ ਨਜ਼ਰ ਆਉਂਦੀ ਸੀ, ਉਹ ਉਹਨੂੰ ਸਜ਼ਾ ਦੇ ਤੌਰ 'ਤੇ ਬਾਲਣ ਦੀ ਇਸ ਕੋਠੜੀ ਵਿਚ ਬੰਦ ਕਰ ਦਿਆ ਕਰਦੇ ਸਨ...।"

"ਕਰੂਅਲ, ਕਰੂਅਲ, ਕਰੂਅਲ।" ਐਡਨਾ ਮਾਮੀ ਬੋਲ ਪਈ।

"ਕੌਣ ਕਰੂਅਲ ਹੈ ?" ਵਿਚਕਾਰਲੇ ਮਾਮੇ ਹੁਰੀਂ ਇਧਰ ਤੁਰ ਆਏ।

"ਵੀ ਆਲ।"



**ਦੀਪਕ ਭੁੱਲਰ ਸ਼ਰਮਾ** (30 ਨਵੰਬਰ 1946), 1968 'ਚ ਪੰਜਾਬ ਯੂਨੀਵਰਸਿਟੀ 'ਚੋਂ ਅੰਗਰੇਜ਼ੀ ਦੀ ਐੱਮ.ਏ., ਸਰਕਾਰੀ ਕਾਲਜ ਅੰਮ੍ਰਿਤਸਰ ਤੇ ਕ੍ਰਿਸਚੀਅਨ ਡਿਗਰੀ ਕਾਲਜ ਲਖਨਊ 'ਚ ਪੜ੍ਹਾਇਆ। ਹਿੰਦੀ ਦੀ ਪਰਪੱਕ ਕਲਮ। 15 ਕਹਾਣੀ ਸੰਗ੍ਰਹਿ—'ਸ਼ੀਸ਼ਾ', 'ਚਾਬਕ ਸਵਾਰ', 'ਬਵੰਡਰ' ਤੇ ਹੋਰ। ਸ਼ੁਰੂ ਵਿਚ ਪ੍ਰੀਤਲੜੀ ਲਈ ਪੰਜਾਬੀ 'ਚ ਲਿਖਦੇ ਰਹੇ ਹਨ, ਦੀਪਕ ਭੁੱਲਰ ਕੁਆਰੇ ਨਾਮ ਹੇ। ਜੂਨ 1970 ਦੇ ਪ੍ਰੀਤਲੜੀ 'ਚ ਛਪੀ ਉਨ੍ਹਾਂ ਦੀ ਕਹਾਣੀ 'ਅਚਨਚੇਤੀ ਪਰਾਹੁਣਾ' ਨੂੰ ਭਰਪੂਰ ਦਾਦ ਮਿਲੀ। ਸੰਪਰਕ : ਬੀ-35, ਸੈਕਟਰ-ਸੀ, ਅਲੀਗੰਜ, ਲਖਨਊ-24, ਫ਼ੋਨ : 80098 00539

ਕਵਿਤਾਵਾਂ

## ਸੁਖਿੰਦਰ

### *ਅਨਪੜ੍ਹ, ਸਿੱਧੇ, ਸਾਦੇ, ਬੰਦੇ*

ਅਸੀਂ, ਕੋਈ, ਭਾਸ਼ਾ ਵਿਗਿਆਨੀ ਨਹੀਂ
ਅਸੀਂ, ਤਾਂ, ਅਨਪੜ੍ਹ, ਸਿੱਧੇ, ਸਾਦੇ, ਬੰਦੇ ਹਾਂ
ਸਾਨੂੰ ਕੀ ਪਤਾ ਸੀ ਕਿ
ਗਾਂਧੀ ਦੀ ਬੱਕਰੀ ਦੀ
ਮਿਆਂ ਮਿਆਂ ਨਾਲ ਹੀ
ਦੇਸ ਨੂੰ ਆਜ਼ਾਦੀ ਮਿਲੀ ਹੈ-
ਅਸੀਂ, ਤਾਂ, ਆਜ਼ਾਦ, ਭਗਤ, ਸਰਾਭੇ, ਜਿਹੇ
ਕਰਾਂਤੀਕਾਰੀਆਂ ਦੀਆਂ ਕੁਰਬਾਨੀਆਂ ਨੂੰ ਹੀ
ਮਹਾਨ ਮੰਨਦੇ ਰਹੇ

ਅਸੀਂ, ਕੋਈ, ਭਾਸ਼ਾ ਵਿਗਿਆਨੀ ਨਹੀਂ
ਅਸੀਂ, ਤਾਂ, ਅਨਪੜ੍ਹ, ਸਿੱਧੇ, ਸਾਦੇ, ਬੰਦੇ ਹਾਂ
ਸਾਨੂੰ ਕੀ ਪਤਾ ਸੀ ਕਿ
ਰਾਮ ਮੰਦਿਰ ਅਤੇ ਬਾਬਰੀ ਮਸਜਿਦ ਦੇ
ਝਗੜੇ ਨੂੰ ਹੀ ਕਾਇਮ ਰੱਖਕੇ
ਦੇਸ ਦੀਆਂ ਚੋਣਾਂ
ਜਿੱਤੀਆਂ ਜਾ ਸਕਦੀਆਂ ਹਨ-
ਅਸੀਂ, ਤਾਂ, ਉਮਰ ਭਰ, ਦੇਸ ਦੀ ਏਕਤਾ
ਅਤੇ ਅਖੰਡਤਾ ਦੇ ਨਾਹਰਿਆਂ
ਵਿੱਚ ਹੀ ਵਿਸ਼ਵਾਸ ਕਰਦੇ ਰਹੇ

ਅਸੀਂ, ਕੋਈ, ਭਾਸ਼ਾ ਵਿਗਿਆਨੀ ਨਹੀਂ
ਅਸੀਂ, ਤਾਂ, ਅਨਪੜ੍ਹ, ਸਿੱਧੇ, ਸਾਦੇ, ਬੰਦੇ ਹਾਂ
ਸਾਨੂੰ ਕੀ ਪਤਾ ਸੀ ਕਿ
ਭਾਰਤ, ਤਾਂ, ਸਿਰਫ
ਆਰ ਐਸ ਐਸ ਦੇ
ਭਗਤਾਂ ਦਾ ਹੀ ਦੇਸ ਹੈ-
ਅਸੀਂ, ਤਾਂ, ਇਸ ਨੂੰ
ਸਿੱਖਾਂ, ਹਿੰਦੂਆਂ, ਮੁਸਲਮਾਨਾਂ, ਈਸਾਈਆਂ, ਜੈਨੀਆਂ, ਬੋਧੀਆਂ ਦਾ
ਸਰਬ ਸਾਂਝਾ ਦੇਸ ਹੀ ਮੰਨਦੇ ਸੀ

ਅਸੀਂ, ਕੋਈ, ਭਾਸ਼ਾ ਵਿਗਿਆਨੀ ਨਹੀਂ
ਅਸੀਂ, ਤਾਂ, ਅਨਪੜ੍ਹ, ਸਿੱਧੇ, ਸਾਦੇ, ਬੰਦੇ ਹਾਂ

ਸਾਨੂੰ ਕੀ ਪਤਾ ਸੀ ਕਿ
ਭਾਰਤ ਦੀਆਂ ਸੜਕਾਂ ਉੱਤੇ
ਇੱਕ ਆਦਮੀ ਇੱਕ ਔਰਤ ਦਾ
ਹੱਥ ਫੜਕੇ ਵੀ ਨਹੀਂ ਤੁਰ ਸਕਦਾ-
ਅਸੀਂ, ਤਾਂ, ਇਸ ਨੂੰ
ਕ੍ਰਿਸ਼ਨ ਦਾ ਦੇਸ ਮੰਨਦੇ ਸੀ
ਜਿੱਥੇ ਕ੍ਰਿਸ਼ਨ ਹਜ਼ਾਰਾਂ ਗੋਪੀਆਂ ਦੇ
ਹੱਥ ਫੜਕੇ, ਆਜ਼ਾਦ ਅਤੇ ਬੇਪ੍ਰਵਾਹ
ਬਾਗ਼ਾਂ 'ਚ, ਰਾਸ ਰਚਾ ਸਕਦਾ ਸੀ
ਅਸੀਂ, ਕੋਈ, ਭਾਸ਼ਾ ਵਿਗਿਆਨੀ ਨਹੀਂ
ਅਸੀਂ, ਤਾਂ, ਅਨਪੜ੍ਹ, ਸਿੱਧੇ, ਸਾਦੇ, ਬੰਦੇ ਹਾਂ
ਸਾਨੂੰ ਕੀ ਪਤਾ ਸੀ ਕਿ
ਗਾਂ ਦਾ ਮਾਸ ਖਾਣ ਵਾਲੇ ਨੂੰ
ਕਤਲ ਕਰ ਦਿੱਤਾ ਜਾਂਦਾ ਹੈ-
ਅਸੀਂ, ਤਾਂ, ਇਹੀ ਸਮਝਦੇ ਰਹੇ ਸਾਂ ਕਿ
ਗਾਂ ਦੀ ਬਲੀ ਦੇਣ ਤੋਂ ਬਿਨ੍ਹਾਂ, ਤਾਂ
ਭਾਰਤ ਵਿੱਚ, ਮਹਾਂ-ਰਿਸ਼ੀਆਂ ਦਾ
ਯੱਗ ਹੀ ਸੰਪੂਰਨ ਨਹੀਂ ਹੁੰਦਾ

ਅਸੀਂ, ਕੋਈ, ਭਾਸ਼ਾ ਵਿਗਿਆਨੀ ਨਹੀਂ
ਅਸੀਂ, ਤਾਂ, ਅਨਪੜ੍ਹ, ਸਿੱਧੇ, ਸਾਦੇ, ਬੰਦੇ ਹਾਂ
ਸਾਨੂੰ ਕੀ ਪਤਾ ਸੀ ਕਿ
ਨੱਥੂ ਰਾਮ ਗੋਡਸੇ ਹੀ, ਰਾਸ਼ਟਰ ਪਿਤਾ
ਮਹਾਤਮਾ ਗਾਂਧੀ ਦਾ ਕਾਤਲ ਸੀ-
ਅਸੀਂ, ਤਾਂ, ਦੇਸ ਦੇ ਨੇਤਾਵਾਂ ਨੂੰ
ਨੱਥੂ ਰਾਮ ਗੋਡਸੇ ਅਤੇ
ਮਹਾਤਮਾ ਗਾਂਧੀ ਦੇ ਗਲਿਆਂ 'ਚ
ਫੁੱਲਾਂ ਦੇ ਹਾਰ ਪਾਂਦੇ ਹੋਏ
ਦੇਖਦੇ ਰਹੇ ਸਾਂ

## *ਰੱਬ ਤੁਹਾਡਾ ਭਲਾ ਕਰੇਗਾ*

ਰਾਜਨੀਤੀਵਾਨ ਨੇ ਲੋਕਾਂ ਦੇ ਦਰਵਾਜ਼ਿਆਂ ਉੱਤੇ
ਦਸਤਕ ਦਿੰਦਿਆਂ ਕਿਹਾ :
'ਰੱਬ ਤੁਹਾਡਾ ਭਲਾ ਕਰੇਗਾ
ਵੋਟ ਸਾਨੂੰ ਪਾਓ'
ਚੋਣਾਂ ਜਿੱਤਦਿਆਂ ਹੀ, ਲੋਕਾਂ ਨੇ
ਦੇਸ਼ ਵਿੱਚ ਫਿਰਕੂ ਦੰਗੇ ਸ਼ੁਰੂ ਕਰ ਦਿੱਤੇ

ਲੇਖਕ ਨੇ ਪਾਠਕਾਂ ਨੂੰ

ਭਾਸ਼ਨ ਦਿੰਦਿਆਂ ਕਿਹਾ :
'ਰੱਬ ਤੁਹਾਡਾ ਭਲਾ ਕਰੇਗਾ
ਮੇਰੀ ਪੁਸਤਕ ਜ਼ਰੂਰ ਪੜ੍ਹੋ'
ਪੁਸਤਕ ਪੜ੍ਹਦਿਆਂ ਹੀ, ਪਾਠਕਾਂ ਨੇ
ਘਰਾਂ ਨੂੰ ਅੱਗਾਂ ਲਾਣੀਆਂ ਸ਼ੁਰੂ ਕਰ ਦਿੱਤੀਆਂ

ਗਾਇਕ ਨੇ ਸਰੋਤਿਆਂ ਨੂੰ
ਮੁਖਾਤਿਬ ਹੁੰਦਿਆਂ ਕਿਹਾ :
'ਰੱਬ ਤੁਹਾਡਾ ਭਲਾ ਕਰੇਗਾ
ਮੇਰੇ ਗੀਤਾਂ ਦੀ ਸੀਡੀ ਖਰੀਦੋ'
ਸੀਡੀ ਸੁਣਦਿਆਂ ਹੀ, ਸਰੋਤਿਆਂ ਨੇ
ਔਰਤਾਂ ਦੇ ਬਲਾਤਕਾਰ ਕਰਨੇ ਸ਼ੁਰੂ ਕਰ ਦਿੱਤੇ

ਵਪਾਰੀ ਨੇ ਗਾਹਕ ਨੂੰ
ਨਿਮਰਤਾ ਨਾਲ ਕਿਹਾ :
'ਰੱਬ ਤੁਹਾਡਾ ਭਲਾ ਕਰੇਗਾ
ਸਾਡੀ ਕੰਪਨੀ ਦਾ ਬਣਾਇਆ ਭੋਜਨ ਖਰੀਦੋ'
ਭੋਜਨ ਖਾਂਦਿਆਂ ਹੀ, ਲੋਕ
ਸਖਤ ਢਿੱਡ ਪੀੜ ਨਾਲ ਚੀਖਣ ਲੱਗੇ

ਧਰਮੀ ਆਗੂ ਨੇ ਸ਼ਰਧਾਲੂਆਂ ਨੂੰ
ਭਾਸ਼ਨ ਦਿੰਦਿਆਂ ਕਿਹਾ :
'ਰੱਬ ਤੁਹਾਡਾ ਭਲਾ ਕਰੇਗਾ
ਮੇਰੀਆਂ ਗੱਲਾਂ ਯਾਦ ਰੱਖਣਾ'
ਧਰਮ ਸਥਾਨ 'ਚੋਂ ਨਿਕਲਦਿਆਂ ਹੀ, ਸ਼ਰਧਾਲੂਆਂ ਨੇ
ਗੈਰਧਰਮੀ ਲੋਕਾਂ ਨੂੰ ਕਤਲ ਕਰਨਾ ਸ਼ੁਰੂ ਕਰ ਦਿੱਤਾ


**ਸੁਖਿੰਦਰ** ਕੈਨੇਡਾ ਨਿਵਾਸੀ। ਉਸ ਨੇ ਪੰਜਾਬੀ ਵਿਚ ਅਸਲੋਂ ਵੱਖਰੇ ਵਿਸ਼ਿਆਂ 'ਤੇ ਕਵਿਤਾ ਲਿਖੀ। 'ਕੁੱਤਿਆਂ ਬਾਰੇ ਕਵਿਤਾ' ਉਸ ਦੀ ਅਸਲੋਂ ਨਿਵੇਕਲੀ ਪੁਸਤਕ ਹੈ। ਉਹ ਕਵਿਤਾ ਲਿਖਣ ਦੇ ਨਾਲ ਨਾਲ 'ਸੰਵਾਦ' ਨਾਂ ਦਾ ਪਰਚਾ ਵੀ ਸੰਪਾਦਤ ਕਰਦਾ ਹੈ ਤੇ ਸਮਾਜਿਕ ਤੇ ਸਾਹਿਤਕ ਵਿਸ਼ਿਆਂ 'ਤੇ ਆਪਣੀਆਂ ਬੇਬਾਕ ਰਾਵਾਂ ਵੀ ਪੇਸ਼ ਕਰਦਾ ਸਾਹਿਤ ਦੇ ਖੇਤਰ ਵਿਚ ਕਾਫ਼ੀ ਸਰਗਰਮ ਹੈ। ਉਸ ਦੁਆਰਾ ਸੋਸ਼ਲ ਮੀਡੀਆ 'ਤੇ ਸਾਹਿਤ ਸੰਬੰਧੀ ਕੀਤੀਆਂ ਟਿੱਪਣੀਆਂ ਅਕਸਰ ਚਰਚਾ ਦਾ ਵਿਸ਼ਾ ਬਣਦੀਆਂ ਰਹਿੰਦੀਆਂ ਹਨ।





# ਦਲਜੀਤ ਮੋਖਾ

### ਪਿੰਡ, ਸ਼ਹਿਰ, ਨਿਊਯਾਰਕ ਤੇ ਪੰਜਾਬੀ ਲੇਖਕ



ਨਵਤੇਜ ਭਾਰਤੀ

ਨਿਊਯਾਰਕ ਪਹਿਲੀ ਵਾਰ ਮੈਨੂੰ ਦਲਜੀਤ ਮੋਖਾ ਨੇ ਵਿਖਾਇਆ ਤੇ ਨਿਊਯਾਰਕ ਨੇ ਪਹਿਲੀ ਵਾਰ ਦਲਜੀਤ ਮੋਖਾ। ਜਿੰਨੇ ਕੁ ਵੇਖੇ ਉਹ ਦੋਵੇਂ ਓਦੋਂ ਕਿਤੇ ਵੱਧ ਸਨ। ਨਿਊਯਾਰਕ ਵਿਚ ਕਈ ਨਿਊਯਾਰਕ ਸਨ ਤੇ ਮੋਖਾ ਵਿਚ ਕਈ ਮੋਖੇ। ਜਿੰਨੀ ਵਾਰ ਦੋਨਾਂ ਨੂੰ ਮਿਲਿਆਂ ਕੁਝ ਅਣਵੇਖਿਆ ਰਹਿ ਜਾਂਦਾ। ਮੈਂ ਉਨ੍ਹਾਂ ਨੂੰ ਹਰ ਵਾਰ ਜਿਵੇਂ ਪਹਿਲੀ ਵਾਰ ਵੇਖਦਾ ਸੀ।

ਮੈਂ ਪਹਿਲੀ ਵਾਰ 1994 ਵਿਚ ਨਿਊਯਾਰਕ ਗਿਆ; ਕੋਈ ਸਾਹਿਤਕ ਸੰਮੇਲਨ ਸੀ। ਓਥੇ ਦਲਜੀਤ ਮੋਖਾ ਮਿਲਿਆ ਤੇ ਸ਼ਾਮ ਨੂੰ ਮੈਨੂੰ ਆਪਣੇ ਘਰ ਲੈ ਗਿਆ। ਉਹ, ਕਵੀ ਅਜਾਇਬ ਕੰਵਲ ਦੇ ਬੇਟੇ, ਕਮਲਦੀਪ ਨਾਲ ਰਹਿੰਦਾ ਸੀ। ਕਿਰਾਏ ਦਾ ਮਕਾਨ; ਦੋ ਕਮਰੇ, ਰਸੋਈ ਤੇ ਗੁਸਲਖ਼ਾਨਾ। ਕਲਮਦੀਪ ਰਾਤ ਨੂੰ ਟੈਕਸੀ ਚਲਾਉਂਦਾ ਸੀ, ਦਿਨੇ ਸੌਂਦਾ ਸੀ। ਦਲਜੀਤ ਕਿਹੜਾ ਕੰਮ ਕਰਦਾ ਸੀ, ਮੈਨੂੰ ਪਤਾ ਨਹੀਂ। ਮੈਂ ਦਲਜੀਤ ਨੂੰ ਜਾਣਦਾ ਨਹੀਂ ਸੀ। ਨਹੀਂ ਪਤਾ ਸੀ ਉਹ ਕਵੀ ਹੈ, 'ਸਮੁੰਦਰੀ ਹਵਾ' ਦਾ ਕਰਤਾ ਹੈ ਤੇ ਜਲੰਧਰ ਦੇ ਸਾਹਿਤਕ ਵਾਤਾਵਰਣ ਵਿਚ ਮਕਬੂਲ ਰਿਹਾ ਹੈ। ਪ੍ਰੇਮ ਪ੍ਰਕਾਸ਼, ਜਸਵੰਤ ਦੀਦ ਤੇ ਆਰਟਿਸਟ ਸੁਰਜੀਤ ਕੌਰ ਉਹਦੇ ਮਿੱਤਰਾਂ ਵਿਚੋਂ ਸਨ। ਮੈਂ 1968 ਵਿਚ ਕੈਨੇਡਾ ਆ ਗਿਆ ਤੇ ਸਾਹਿਤਕਾਰੀ ਨੂੰ ਵਿਦਾ ਕਹਿ ਆਇਆ ਸੀ। ਮੋਖੇ ਨੇ ਉਦੋਂ ਹੀ ਕਿਤੇ ਲਿਖਣਾ ਆਰੰਭ ਕੀਤਾ ਹੋਣਾ ਹੈ। ਇਸੇ ਕਰਕੇ ਮੋਖੇ ਦੇ ਪੂਰ ਦੇ ਕਵੀਆਂ ਨੂੰ ਮੈਂ ਜਾਣਦਾ ਨਹੀਂ ਸੀ ਤੇ ਨਾ ਹੀ ਉਹ ਮੈਨੂੰ। ਮੇਰੀ ਕੋਈ ਕਾਵਿ ਪੁਸਤਕ ਵੀ ਨਹੀਂ ਛਪੀ ਸੀ। ਫੇਰ ਵੀ ਦਲਜੀਤ ਮੈਨੂੰ ਓਪਰਾ ਨਾ ਲੱਗਾ, ਨਾ ਹੀ ਨਿਊਯਾਰਕ। ਘਰ ਪਹੁੰਚਣ ਤਕ ਸਾਡੇ ਵਿਚ ਕਵਿਤਾ ਦੀ ਸਕੀਰੀ ਨਿਕਲ ਆਈ ਸੀ। ਪੂਰੇ ਦੋ ਦਿਨ ਉਹਨੇ ਮੇਰੇ ਲੇਖੇ ਲਾ ਦਿੱਤੇ ਤੇ ਆਪਣੀ ਮਲੰਗੀ ਵਿਚ ਸ਼ਾਮਲ ਕਰ ਲਿਆ।

ਇਨ੍ਹਾਂ ਦੋ ਦਿਨਾਂ ਵਿਚ ਅਸੀਂ ਨਿਊਯਾਰਕ ਥੋੜ੍ਹਾ ਵੇਖਿਆ, ਇਹਦੀਆਂ ਗੱਲਾਂ ਵੱਧ ਕੀਤੀਆਂ; ਘਰ ਬੈਠਿਆਂ, ਸੜਕਾਂ 'ਤੇ ਤੁਰਦਿਆਂ, ਕਾਫ਼ੀ ਘਰ ਵਿਚ ਕਾਫ਼ੀ ਪੀਂਦਿਆਂ। ਦਲਜੀਤ ਗੱਲ ਵਿਚੋਂ ਗੱਲ ਫੜ ਲੈਂਦਾ, ਆਰੰਭ ਕਰਕੇ ਉਹਦੇ ਵਿਚੋਂ ਨਿਕਲ ਜਾਂਦਾ ਤੇ ਤੰਦ ਮੈਨੂੰ ਫੜਾ ਦਿੰਦਾ। ਉਹ ਅੰਗਰੇਜ਼ੀ ਦੀ ਮਾਸਟਰਜ਼ ਸੀ ਤੇ ਇਸ ਭਾਸ਼ਾ ਦੇ ਸੰਸਾਰ ਤਕ ਉਹਦੀ ਪਹੁੰਚ ਸੀ। ਉਹ ਆਮ

ਗੱਲ ਨੂੰ ਵੀ ਕਿਸੇ ਵੱਡੇ ਪ੍ਰਸੰਗ ਵਿਚ ਸਮਝਣ ਦਾ ਯਤਨ ਕਰਦਾ ਸੀ।

ਮੈਨੂੰ ਨਿਊਯਾਰਕ ਵਿਖਾਉਣ ਦੀ ਪੇਸ਼ਕਸ਼ ਉਹਨੇ ਆਪ ਹੀ ਕੀਤੀ ਸੀ। ਏਥੋਂ ਗੱਲਾਂ ਉਧੜ ਪਈਆਂ—ਵੇਖਣਾ ਕੀ ਹੈ ? ਪਿੰਡ ਵਾਲਾ ਸ਼ਹਿਰ ਨੂੰ ਕਿਵੇਂ ਵੇਖਦਾ ਹੈ, ਸ਼ਹਿਰ ਨੂੰ ਵੇਖਣਾ ਕਿਉਂ ਜ਼ਰੂਰੀ ਹੈ, ਪੰਜਾਬੀ ਲੇਖਕ ਨਿਊਯਾਰਕ ਨੂੰ ਕਿਵੇਂ ਵੇਖਦੇ ਹਨ ਤੇ ਹੋਰ।

"ਭਾਰਤ ਤੋਂ ਆਏ ਹਰ ਪੰਜਾਬੀ ਮਿੱਤਰ ਨੂੰ ਮੈਂ ਨਿਊਯਾਰਕ ਵਿਖਾਉਂਦਾ ਹਾਂ। ਪਰ ਲੱਗਦਾ ਹੈ ਕਿਸੇ ਨੂੰ ਇਹ ਵੱਡਾ ਲੁਧਿਆਣਾ ਦਿਸਦਾ ਹੈ, ਕਿਸੇ ਨੂੰ ਪਟਿਆਲਾ ਤੇ ਕਿਸੇ ਨੂੰ ਜਲੰਧਰ। ਕਿਸੇ ਵਿਰਲੇ ਨੂੰ ਹੀ ਭਾਵੇਂ ਇਹ ਨਿਊਯਾਰਕ ਦਿਸਦਾ ਹੋਵੇ", ਦਲਜੀਤ ਨੇ ਚਾਹ ਦੀ ਘੁੱਟ ਭਰਦਿਆਂ ਗੱਲ ਸ਼ੁਰੂ ਕੀਤੀ।

ਉਹ ਸਵੇਰੇ ਸਵੇਰੇ ਚਾਹ ਬਣਾ ਲਿਆਇਆ ਸੀ। ਚਾਹ ਦੀ ਸਿਫ਼ਤ ਹੈ ਇਹਨੂੰ ਪੀਂਦਿਆਂ ਗੱਲਾਂ ਕਰਨ ਨੂੰ ਵੱਧ ਜੀਅ ਕਰਦਾ ਹੈ। ਗੱਲਾਂ ਭਾਵੇਂ ਫ਼ਲਸਫ਼ੇ ਦੀਆਂ ਹੋਣ ਭਾਵੇਂ ਉੱਘ ਪਤਾਲ ਦੀਆਂ, ਨਾ ਵਿਆਕਰਣ ਦੀ ਚਿੰਤਾ, ਨਾ ਸਹੀ ਗ਼ਲਤ ਹੋਣ ਦੀ।

ਪਿਆਲਾ ਫੜੀ ਦਲਜੀਤ ਮੇਰੇ ਨਾਲ ਮੰਜੇ ਉੱਤੇ ਬਹਿ ਗਿਆ। ਰਾਤ ਨੂੰ ਉਹਨੇ ਆਸਣ ਧਰਤੀ 'ਤੇ ਲਾਇਆ ਸੀ—ਮੰਜਾ ਮੈਨੂੰ ਦਿੱਤਾ ਸੀ। ਅਸੀਂ ਦੋਵੇਂ ਮੰਜੇ 'ਤੇ ਪੈ ਸਕਦੇ ਸੀ ਪਰ ਮੇਰੇ ਲੱਖ ਕਹਿਣ 'ਤੇ ਵੀ ਮੰਨਿਆ ਨਹੀਂ ਸੀ।

"ਇਹ ਕਿਵੇਂ ਹੁੰਦਾ ਹੈ, ਬੰਦਾ ਫਿਰੇ ਨਿਊਯਾਰਕ, ਵੇਖੇ ਦਿੱਲੀ", ਮੈਂ ਕਿਹਾ।

"ਮੈਨੂੰ ਪਤਾ ਨਹੀਂ। ਮੈਂ ਸਮਝਦਾ ਸੀ ਵੇਖਣਾ ਸੁਤੇ ਸਿਧ ਹੁੰਦਾ ਹੈ; ਅੱਖ ਖੁੱਲ੍ਹੀ ਤੇ ਦੁਨੀਆ ਦਿਸੀ। ਹੁਣ ਲਗਦਾ ਹੈ ਅੱਖ ਖੁੱਲ੍ਹੀ ਹੀ ਨਹੀਂ, ਖ਼ਾਲੀ ਵੀ ਹੋਣੀ ਚਾਹੀਦੀ ਹੈ। ਜਿੰਨਾ ਚਿਰ ਅੰਦਰ ਦਿੱਲੀ ਹੈ, ਨਿਊਯਾਰਕ ਨਹੀਂ ਦਿਸਦਾ।"

"ਸੰਭਵ ਹੈ ਤੁਹਾਡੇ ਦੋਸਤ ਪਹਿਲੀ ਵਾਰ ਨਿਊਯਾਰਕ ਨੂੰ ਵੇਖਣ ਤੋਂ ਡਰਦੇ ਹੋਣ। ਨਵੀਂ ਚੀਜ਼ ਤੋਂ ਸ਼ਾਇਦ ਹਰ ਬੰਦਾ ਡਰਦਾ ਹੈ, ਭਾਵੇਂ ਉਹ ਸੂਰਬੀਰ ਅਰਜੁਨ ਹੀ ਹੋਵੇ। ਤੁਹਾਡੇ ਮਿੱਤਰ ਓਹੀ ਨਿਊਯਾਰਕ ਵੇਖਦੇ ਹੋਣ ਜਿਸ ਤੋਂ ਡਰ ਨਹੀਂ ਲੱਗਦਾ। ਡਰ, ਸਰਵਾਈਵਲ ਦੀ ਲੋੜ ਵੀ ਹੋ ਸਕਦਾ ਹੈ।"

"ਤੇ ਇਹ ਵੀ ਹੋ ਸਕਦਾ ਹੈ", ਮੈਂ ਚਾਹ ਦੀ ਘੁੱਟ ਭਰਦਿਆਂ ਗੱਲ ਅੱਗੇ ਤੋਰੀ, "ਉਨ੍ਹਾਂ ਨੂੰ ਦਿੱਲੀ ਤੇ ਨਿਊਯਾਰਕ ਇਕੋ ਜਿਹੇ ਲੱਗਦੇ ਹੋਣ। ਫ਼ਰਕ ਇਹੀ ਲੱਗਦਾ ਹੋਵੇ ਕਿ ਨਿਊਯਾਰਕ ਦਿੱਲੀ ਤੋਂ ਵੱਡਾ ਹੈ, ਬਿਲਡਿੰਗਾਂ ਉੱਚੀਆਂ ਹਨ, ਸਟੋਰਾਂ ਵਿਚ ਚੀਜ਼ਾਂ ਬਹੁਤੀਆਂ ਹਨ ਤੇ ਸੜਕਾਂ ਦਫ਼ਤਰਾਂ ਵਿਚ ਲੋਕ ਵੱਖਰੇ ਹਨ ਤੇ ਬੋਲੀ ਵੱਖਰੀ ਹੈ। ਉਨ੍ਹਾਂ ਨੂੰ ਦਿੱਲੀ, ਬੰਬਈ ਭਵਿੱਖੀ ਵਿਚ ਬਣ ਰਹੇ ਨਿਊਯਾਰਕ ਦਿਸਦੇ ਹੋਣ।"

ਦਲਜੀਤ ਨੇ ਗਰਮ ਚਾਹ ਨਾਲ ਪਿਆਲੇ ਫੇਰ ਭਰ ਦਿੱਤੇ। ਪਿਆਲੇ ਨੂੰ ਪਲੋਸਦਾ ਭਾਫ਼ ਦੇ ਛੱਲੇ ਵੇਖਣ ਲੱਗ ਗਿਆ। ਦੋ ਮਿੰਟ ਚੁੱਪ ਰਿਹਾ, ਫੇਰ ਕਹਿੰਦਾ—"ਚਾਹ ਦਾ ਸੁਆਦ ਕੀਹਦੇ ਵਿਚ ਹੈ, ਘੁੱਟਾਂ ਵਿਚ ਜਾਂ ਭਾਫ਼ ਦੇ ਕੁੰਡਲਾਂ ਵਿਚ ?"

"ਦੋਹਾਂ ਵਿਚ ਤੇ ਹੋਰ ਚੀਜ਼ਾਂ ਵਿਚ ਵੀ ਜਿਵੇਂ ਪਿਆਲੇ ਵਿਚ ਚਮਚਾ ਖੜਕਣ ਵਿਚ, ਤੱਤੀ ਘੁੱਟ ਨਾਲ ਸੁੜਾਕਾ ਮਾਰਨ ਵਿਚ। ਖ਼ਾਲੀ ਪਿਆਲੇ ਨੂੰ ਭਰਦਾ ਵੇਖਣ ਵਿਚ।" ਮੈਂ ਕਿਹਾ।

ਅਛੋਪਲੇ ਹੀ ਚਾਹ ਨੇ ਸਾਨੂੰ ਬੋਝਲ ਹੋ ਰਹੀ ਗੱਲਬਾਤ ਵਿਚੋਂ ਬਾਹਰ ਕੱਢ ਲਿਆ ਸੀ। ਅਸੀਂ ਤੱਤੇ-ਠੰਢੇ, ਖਿੰਡੇ-ਪੁੰਡੇ 'ਹੁਣ' ਦੇ ਵੇਲੇ ਵਿਚ ਪਰਤ ਆਏ ਸੀ। ਭੁੱਲ ਗਏ ਸੀ ਭਾਰੀਆਂ ਗੱਲਾਂ, ਵੇਖਣਾ ਕੀ ਹੈ ਤੇ ਕੋਈ ਕਿਵੇਂ ਵੇਖਦਾ ਹੈ।

ਮੈਂ ਉਹਨੂੰ ਦੱਸਿਆ ਕੈਨੇਡਾ ਦੀ ਵਿਕਟੋਰੀਆ ਯੂਨੀਵਰਸਿਟੀ ਵਿਚ ਸਾਡਾ ਫ਼ਿਲਾਸਫ਼ੀ ਦਾ ਇਕ ਪ੍ਰੋਫ਼ੈਸਰ ਕਲਾਸ ਵਿਚ ਸਾਡੇ ਪੰਜਾਂ ਵਾਸਤੇ ਤੇ ਆਪਣੇ ਵਾਸਤੇ ਵਾਈਨ ਦੀ ਬੋਤਲ ਲੈ ਕੇ ਆਉਂਦਾ ਹੁੰਦਾ ਸੀ ਤੇ ਨਾਲ ਸੱਤ ਗਲਾਸ। ਹਫ਼ਤੇ ਵਿਚ ਇਕ ਦਿਨ ਪੜ੍ਹਾਉਂਦਾ ਸੀ। ਛੇ ਗਲਾਸਾਂ ਵਿਚ ਵਾਈਨ ਪਾ ਕੇ ਪੰਜ ਉਹ ਸਾਨੂੰ ਵਰਤਾ ਦਿੰਦਾ ਸੀ, ਛੇਵਾਂ ਆਪਣੇ ਲਈ ਰੱਖ ਲੈਂਦਾ। "ਜੋ ਕੁਝ ਪਹਿਲਾਂ ਪੜ੍ਹਿਆ ਹੈ, ਇਕ ਘੰਟੇ ਤਕ ਭੁੱਲ ਜਾਓ, ਖ਼ਾਲੀ ਹੋ ਜਾਓ", ਉਹ ਸਾਨੂੰ ਕਹਿੰਦਾ ਤੇ ਵਾਈਨ ਸਿੱਪ ਕਰਕੇ ਆਪਣੇ ਲੈਕਚਰ ਆਰੰਭ ਕਰ ਦਿੰਦਾ। "ਜਿਥੇ ਕਿਤੇ ਮੇਰੀ ਗੱਲ ਬੋਝਲ ਹੁੰਦੀ ਲੱਗੇ, ਇਕ ਸਿੱਪ ਲੈ ਲਵੋ। ਵਾਈਨ ਪੀਣ ਨਾਲ ਫ਼ਿਲਾਸਫ਼ੀ ਵਧੇਰੇ ਸਮਝ ਆਉਂਦੀ ਹੈ ਤੇ ਫ਼ਿਲਾਸਫ਼ੀ ਪੜ੍ਹਨ ਨਾਲ ਵਾਈਨ ਵਧੇਰੇ ਸੁਆਦ ਲੱਗਦੀ ਹੈ।"


ਸੱਤਵਾਂ ਗਲਾਸ ਸਾਡੇ ਸਾਹਮਣੇ ਖ਼ਾਲੀ ਪਿਆ ਰਹਿੰਦਾ ਸੀ। ਇਹ ਕੀਹਦੇ ਵਾਸਤੇ ਸੀ, ਅਸੀਂ ਕਦੇ ਪੁੱਛਿਆ ਨਹੀਂ ਸੀ। ਕਦੇ ਕਦੇ ਮਹਿਸੂਸ ਹੁੰਦਾ ਸੀ ਜਿਵੇਂ ਸਾਡੇ ਵਿਚ ਕੋਈ ਸੱਤਵਾਂ ਜਣਾ ਵੀ ਬੈਠਾ ਹੈ ਜਾਂ ਆਉਣ ਵਾਲਾ ਹੈ।

"ਸ਼ਾਇਦ ਉਹ ਸੱਤਵਾਂ ਮੈਂ ਹੀ ਸੀ, ਬਸ ਥੋੜ੍ਹਾ ਜਿਹਾ ਪੱਛੜ ਗਿਆ ਸੀ।" ਮੋਖੇ ਨੇ ਕਿਹਾ।

"ਏਥੇ ਧਿਆਨ ਨਾਲ ਤੁਰਨਾ, ਕਈ ਵਾਰ ਨਵੇਂ ਆਇਆਂ ਦੀ ਜੇਬ ਹਲਕੀ ਹੋ ਜਾਂਦੀ ਹੈ ?" ਦਲਜੀਤ ਨੇ ਆਖਿਆ। ਅਸੀਂ ਮੈਨਹੈਟਨ ਦੀਆਂ ਸੜਕਾਂ 'ਤੇ ਫਿਰ ਰਹੇ ਸੀ।

"ਨਵੇਂ ਆਏ ਦਾ ਕਿਵੇਂ ਪਤਾ ਲੱਗਦਾ ਹੈ ?"

"ਉਹਦੀ ਤੋਰ ਤੋਂ", ਮੋਖੇ ਨੇ ਉਤਰ ਦਿੱਤਾ। ਨਿਊਯਾਰਕੀਏ ਜਾਣਦੇ ਹਨ ਮਨੁੱਖ ਜਿਹੜੀ ਧਰਤੀ 'ਤੇ ਤੁਰਦਾ ਰਿਹਾ ਹੈ, ਉਹ ਛੇਤੀ ਕੀਤਿਆਂ ਪੈਰਾਂ ਤੋਂ ਲਹਿੰਦੀ ਨਹੀਂ। ਸਿੱਖਣ, ਭੁੱਲਣ ਦਾ ਬਹੁਤਾ ਕੰਮ ਸਿਰ ਵਿਚ ਹੁੰਦਾ ਹੈ, ਪੈਰ ਸਿਰ ਤੋਂ ਦੂਰ ਹਨ। ਪੰਜਾਬੀ ਦੇ ਜਿਨ੍ਹਾਂ ਲੇਖਕਾਂ ਦੇ ਪੈਰਾਂ ਨੂੰ ਕੱਚੇ ਰਾਹ ਲੱਗੇ ਹੋਏ ਹਨ ਤੇ ਉਹ ਉਨ੍ਹਾਂ ਦੇ ਅਲੋਪ ਹੋਣ ਦੀ ਕਥਾ ਕਹਿਣੀ ਚਾਹੁੰਦੇ ਹਨ ਉਨ੍ਹਾਂ ਨੂੰ ਨਿਊਯਾਰਕ




ਦਲਜੀਤ ਮੋਖਾ, ਨਵਤੇਜ ਭਾਰਤੀ ਨਾਲ



ਸਵਰਨਜੀਤ ਸਵੀ, ਪ੍ਰੇਮ ਮਾਨ, ਸ਼ਸ਼ੀਕਾਂਤ ਉੱਪਲ, ਡਾ. ਬਲਦੇਵ ਧਾਲੀਵਾਲ ਤੇ ਦਲਜੀਤ ਮੋਖਾ

ਵਿਚ ਤੁਰਨ ਦੀ ਲੋੜ ਹੈ ਤੇ ਉਨ੍ਹਾਂ ਲੇਖਕਾਂ ਨੂੰ ਵੀ ਜਿਹੜੇ ਪੱਕੇ ਰਾਹ 'ਤੇ ਦੌੜ ਰਹੇ ਮਨੁੱਖ ਦੀ ਕਥਾ ਕਹਿਣੀ ਚਾਹੁੰਦੇ ਹਨ।"

"ਮੈਨੂੰ ਲਗਦਾ ਹੈ", ਮੈਂ ਕਿਹਾ, "ਕਈ ਲੇਖਕ ਸ਼ਹਿਰ ਨੂੰ ਸਵੀਕਾਰ ਨਹੀਂ ਕਰਦੇ ਇਸ ਕਰਕੇ ਵੇਖਦੇ ਨਹੀਂ। ਰਹਿੰਦੇ ਸ਼ਹਿਰ ਵਿਚ ਹਨ ਪਰ 'ਸ਼ਹਿਰੀਏ' ਅਖਵਾਉਣਾ ਨਹੀਂ ਚਾਹੁੰਦੇ। ਪਿੰਡ ਉਨ੍ਹਾਂ ਦਾ ਯੂਟੋਪੀਆ ਹੈ, ਸ਼ਹਿਰ ਇਹਦਾ ਉਲਟ। ਪਿੰਡ ਰੋਮਾਂਟਿਕ ਹੈ, ਕਾਵਿਕ ਹੈ, ਸ਼ਹਿਰ ਕਾਰ-ਵਿਹਾਰੀ ਤੇ ਖ਼ੁਸ਼ਕ ਵਾਰਤਕੀ।"

"ਹੁਣ ਤਾਂ ਉਹ ਰੋਮਾਂਟਿਕ ਪਿੰਡ ਵੀ ਨਹੀਂ ਰਹੇ।" ਦਲਜੀਤ ਨੇ ਕਿਹਾ। "ਸ਼ਾਇਦ ਰੋਮਾਂਸ ਦਾ ਪਿੰਡ 'ਹੁੰਦਾ' ਹੀ ਨਹੀਂ। ਸੌ ਵਰ੍ਹੇ ਪਹਿਲਾਂ ਵੀ ਪੂਰਨ ਸਿੰਘ ਪੁਰਾਣੇ ਪੰਜਾਬ ਨੂੰ ਆਵਾਜ਼ਾਂ ਮਾਰਦਾ ਸੀ।"

"ਪਿੰਡ ਦਾ ਅਲੋਪ ਹੋਣਾ ਸਾਡੇ ਇਤਿਹਾਸ ਦੀ ਵੱਡੀ ਘਟਨਾ ਹੈ", ਮੈਂ ਕਿਹਾ। "ਇਹਨੇ ਪੰਜਾਬੀ ਮਨੁੱਖ ਨੂੰ ਅੱਧਾ ਸ਼ਹਿਰੀ ਅੱਧਾ ਪੇਂਡੂ ਕਰ ਦਿੱਤਾ ਹੈ। ਉਹਦਾ ਇਕ ਪੈਰ ਪਿੰਡ ਵਿਚ, ਦੂਜਾ ਸ਼ਹਿਰ ਵਿਚ ਹੈ। ਇਹ ਨਿਵੇਕਲਾ ਪਰਵਾਸ ਹੈ। ਇਹਦੀ ਟੁੱਟ ਭੱਜ ਵਧੇਰੇ ਦੁੱਖ ਵਾਲੀ ਹੈ। ਇਸ ਦੁੱਖ ਨੂੰ ਦੱਸਣ ਵਾਲਾ ਮੁਹਾਵਰਾ ਵੀ ਨਹੀਂ ਬਣ ਸਕਿਆ। ਸ਼ਹਿਰ ਦੇ ਮਨੁੱਖ ਨੂੰ 'ਸ਼ਹਿਰੀਏ' ਕਹਿਣ ਦਾ ਇਹ ਵੀ ਕਾਰਨ ਹੈ। ਸ਼ਹਿਰ ਦਾ ਵਿਰੋਧ ਵੀ ਏਥੋਂ ਹੀ ਆਇਆ ਲਗਦਾ ਹੈ।"

"ਏਸੇ ਕਰਕੇ ਸ਼ਹਿਰ ਨੂੰ ਸਮਝਣਾ ਜ਼ਰੂਰੀ ਹੈ", ਦਲਜੀਤ ਨੇ ਕਿਹਾ। "ਹੁਣ ਪਿੰਡ ਨੂੰ ਪਰਤਣ ਦਾ ਕੋਈ ਰਾਹ ਨਹੀਂ ਜਾਂਦਾ। ਜੇ ਕੋਈ ਜਾਂਦਾ ਹੈ ਤਾਂ ਓਸ ਪਿੰਡ ਨਹੀਂ ਜਾਂਦਾ ਜੀਹਦੇ ਵਿਚ ਬੋਹੜ ਪਿੱਪਲ ਕਿੱਕਰਾਂ ਤੇ ਛੱਪੜ ਟੋਭੇ ਹੁੰਦੇ ਸਨ ਤੇ ਲੋਕ ਸੱਥਾਂ ਵਿਚ ਬਹਿ ਕੇ ਆਲੇ-ਦੁਆਲੇ ਦੀਆਂ ਵਾਰਦਾਤਾਂ ਸੁਣਦੇ ਸੁਣਾਉਂਦੇ ਸਨ। ਹੁਣ ਘਰਾਂ ਵਿਚ ਟੈਲੀਵਿਜ਼ਨ ਤੇ ਹੱਥਾਂ ਵਿਚ ਮੋਬਾਇਲ ਪਹੁੰਚ ਗਏ ਹਨ। ਗੱਭਰੂ ਧੂੰਹਵੇਂ ਚਾਦਰਿਆਂ ਦੀ ਥਾਂ ਪੈਂਟਾਂ ਤੇ ਸਿਆਣੇ ਪਜਾਮੇ ਪਾਉਂਦੇ ਹਨ। ਬੱਚੇ ਅੰਗਰੇਜ਼ੀ ਸਕੂਲਾਂ 'ਚ ਪੜ੍ਹਦੇ ਹਨ। ਪੜ੍ਹ ਕੇ ਉਨ੍ਹਾਂ ਨੇ ਸ਼ਹਿਰ ਵਸਣਾ ਹੈ। ਪੰਜਾਬ ਤੋਂ ਸ਼ਹਿਰ ਵੀ ਪਰ੍ਹਾਂ ਅਮਰੀਕਾ ਕੈਨੇਡਾ ਜਾਂ ਬਾਹਰਲੇ ਕਿਸੇ ਹੋਰ ਦੇਸ ਵਿਚ ਜਾਣ ਦੀ ਵਾਹ ਲਾਉਣੀ ਹੈ। ਸ਼ਹਿਰ ਨੂੰ ਸਮਝਣਾ ਅੱਜ ਦੇ ਬੰਦੇ ਨੂੰ ਸਮਝਣਾ ਹੈ। ਨਿਊਯਾਰਕ ਇਕ ਵੱਡੀ ਪੁਸਤਕ ਹੈ। ਦਿਨ ਰਾਤ ਖੁੱਲ੍ਹੀ ਰਹਿੰਦੀ ਹੈ। ਪੰਜਾਬ ਤੋਂ ਆਏ ਹਰ ਮਿੱਤਰ ਨੂੰ ਮੈਂ ਇਸ ਪੁਸਤਕ ਦੇ ਦਰਸ਼ਨ ਕਰਵਾਉਂਦਾ ਹਾਂ। ਵਿਰਲੇ ਹੀ ਇਹਨੂੰ ਪੜ੍ਹਨ ਦਾ ਜਤਨ ਕਰਦੇ ਹਨ। ਬਹੁਤੇ ਇਹਦੇ ਜਲੌਅ ਨਾਲ ਚੁੰਧਿਆਏ ਜਾਂਦੇ ਹਨ, ਸੰਮੋਹਿਤ ਹੋ ਜਾਂਦੇ ਹਨ। ਸੈਰ ਸਪਾਟਾ ਕਰਕੇ ਪਰਤ ਜਾਂਦੇ ਹਨ।"

"ਮੈਨੂੰ ਨਿਊਯਾਰਕ ਆਕਾਸ਼ ਨਾਲ ਬਿਦ ਰਿਹਾ ਦਿਸਦਾ ਹੈ।" ਮੈਂ ਵਰਲਡ ਟਰੇਡ ਸੈਂਟਰ ਵੱਲ ਵੇਖਦਿਆਂ ਕਿਹਾ।

"ਤੁਸੀਂ ਸਹੀ ਹੋ। ਟਰੇਡ ਸੈਂਟਰ ਬਾਈਬਲ ਵਿਚਲਾ ਅੱਜ ਕੱਲ੍ਹ ਦਾ ਬਾਬਲ ਦਾ ਬੁਰਜ (The Tower of Babel) ਹੈ; ਦੁਨੀਆ ਉੱਤੇ ਸਦਰਾਰੀ ਦੀ ਝੰਡੀ। ਜਿੰਨਾ ਇਹ ਉੱਚਾ ਹੈ ਇਹਦਾ ਪਰਛਾਵਾਂ ਓਦੋਂ ਲੰਬਾ ਹੈ। ਇਸ ਗਲੋਬ ਵਿਚ ਕੋਈ ਵਿਰਲੀ ਥਾਂ ਹੀ ਇਹਤੋਂ ਬਚੀ ਹੋਵੇਗੀ। ਤੁਹਾਨੂੰ ਪਤਾ ਹੀ ਹੈ ਇਹ ਪਰਛਾਵਾਂ ਕੀ ਕਰਦਾ ਹੈ ? ਇਹਦੀ ਇਕ ਤਸਵੀਰ ਕੱਲ੍ਹ ਨੂੰ ਆਪਾਂ ਹਾਰਲਮ ਜਾ ਕੇ ਵੇਖਾਂਗੇ।"

"ਇਹ ਬਰੌਡਵੇਅ ਹੈ", ਦਲਜੀਤ ਨੇ ਗੱਲ ਚਾਲੂ ਰੱਖੀ। ਅਸੀਂ ਥੀਏਟਰ ਡਿਸਟ੍ਰਿਕਟ ਵਿਚ ਘੁੰਮਦੇ ਏਥੇ ਆ ਗਏ ਸੀ। ਦਲਜੀਤ ਦੇ ਮਨ ਪਸੰਦ ਲੇਖਕ ਟੀ.ਐੱਸ. ਐਲਅਿਟ ਦਾ ਬਿੱਲੀਆਂ (Cats) ਦਾ ਸ਼ੋਅ ਚਲ ਰਿਹਾ ਸੀ। ਇਹ 1982 ਤੋਂ ਲਗਾਤਾਰ ਹੋ ਰਿਹਾ ਸੀ। ਦਲਜੀਤ ਨੇ ਸ਼ੋਅ ਦੇ ਵੱਡੇ ਪੋਸਟਰ ਦੇ ਸਾਹਮਣੇ ਮੇਰੀ ਤਸਵੀਰ ਖਿੱਚੀ। ਸ਼ੋਅ ਸ਼ਾਮ ਨੂੰ ਹੋਣਾ ਸੀ। ਸਾਡੇ ਕੋਲ ਟਿਕਟ ਜੋਗੇ ਪੈਸੇ ਵੀ ਨਹੀਂ ਸਨ। ਥੀਏਟਰ ਡਿਸਟ੍ਰਿਕਟ ਦੇ ਸਾਰੇ ਨਾਟਘਰ ਕਮਰਸ਼ਲ ਹਨ ਤੇ ਮਹਿੰਗੇ ਹਨ। ਪੰਜਾਬ ਦੇ ਕਿਸੇ ਸ਼ਹਿਰ ਵਿਚ ਪ੍ਰੋਫ਼ੈਸ਼ਨਲ ਨਾਟਘਰ ਨਹੀਂ ਬਣ ਸਕਿਆ। ਹਰਪਾਲ ਟਿਵਾਣੇ ਦਾ ਲੁਧਿਆਣੇ ਕੀਤਾ ਜਤਨ ਵੀ ਸਿਰੇ ਨਹੀਂ ਚੜ੍ਹ ਸਕਿਆ।

"ਨਿਊਯਾਰਕ ਨੂੰ ਸਾਹ ਕਿੱਥੋਂ ਆਉਂਦਾ ਹੈ ?" ਮੈਂ ਪੁੱਛਿਆ। ਉੱਚੀਆਂ ਇਮਾਰਤਾਂ ਵਿਚ ਦੀ ਅਸਮਾਨ ਟੁਕੜਿਆਂ ਵਿਚ ਦਿਸਦਾ ਹੈ। ਫੁਟਪਾਥਾਂ ਉੱਤੇ ਲੱਗੇ ਬਿਰਖਾਂ ਨੂੰ ਵਧ ਜੋਗੀ ਥਾਂ ਨਹੀਂ ਮਿਲਦੀ। ਤੁਰਦਿਆਂ ਮੋਢੇ ਨਾਲ ਮੋਢੇ ਵਜਦਾ ਹੈ। ਸੜਕਾਂ 'ਤੇ ਕਾਰਾਂ ਧੂੰਆਂ ਤੇ ਦੁਰਗੰਧ ਥੁਕਦੀਆਂ ਜਾਂਦੀਆਂ ਹਨ।

"ਏਸ ਪ੍ਰਸ਼ਨ ਦੇ ਉਤਰ ਵੱਲ ਹੀ ਆਪਾਂ ਜਾ ਰਹੇ ਹਾਂ।" ਦਲਜੀਤ ਨੇ ਕਿਹਾ। ਥੋੜ੍ਹੇ ਚਿਰ ਪਿੱਛੋਂ ਅਸੀਂ ਸੰਘਣੇ ਲੰਮੇ ਬਿਰਖਾਂ ਵਿਚ ਪਹੁੰਚ ਗਏ।

"ਇਹ ਸੈਂਟਰ ਪਾਰਕ ਹੈ, ਨਿਊਯਾਰਕ ਦੇ ਫੇਫੜੇ। ਏਸ ਬੈਂਚ ਉੱਤੇ", ਉਹ ਤੁਰਦਿਆਂ ਰੁਕ ਗਿਆ, "ਕਦੇ ਇਕ ਕਵੀ ਬੈਠਦਾ ਹੁੰਦਾ ਸੀ। ਜੇ ਕੋਈ ਕੋਲ ਦੀ ਲੰਘਦਾ ਕਹਿੰਦਾ, ਮੇਰੀ ਕਵਿਤਾ ਬਣਾ। ਕਵੀ ਦੀਆਂ ਟਾਈਪ ਰਾਈਟਰ 'ਤੇ ਉਂਗਲਾਂ ਚੱਲਣ ਲੱਗ ਪੈਂਦੀਆਂ। ਕਵਿਤਾ ਬਣਦੀ, ਉਹ ਉੱਚੀ ਪੜ੍ਹ ਕੇ ਸੁਣਾਉਂਦਾ ਤੇ ਉਹਨੂੰ ਦੇ ਦਿੰਦਾ। ਘਾਹ ਦੇ ਪੱਤਿਆਂ ਵਾਲਾ ਕਵੀ ਵਾਲਟ ਵਿਟਮੈਨ ਵੀ ਏਨ੍ਹਾਂ ਦਰਖ਼ਤਾਂ ਨਾਲ ਗੱਲਾਂ ਕਰਨ ਆਉਂਦਾ ਸੀ।

"ਮੈਨੂੰ ਵਿਹਲਾ ਹੋ ਲੈਣ ਦਿਓ, ਫੇਰ ਆਪਾਂ ਏਥੇ ਬਹਿ ਕੇ ਕਵਿਤਾ ਲਿਖਾਂਗੇ। ਕਵਿਤਾ ਕਰਕੇ ਹੀ ਨਿਯੂਯਾਰਕ ਬਚਿਆ ਹੋਇਆ ਹੈ।"

ਦਲਜੀਤ ਨੇ ਆਉਣ ਵਾਲੇ ਵਰ੍ਹੇ ਵਿਹਲਾ ਹੋ ਜਾਣਾ ਸੀ। ਵਿਹਲਾ ਹੋਣ ਤੋਂ ਪਹਿਲਾਂ ਹੀ ਵਿਦਾ ਹੋ ਗਿਆ। ਹੁਣ ਜਦ ਕਦੇ ਮੈਂ ਸੈਂਟਰਲ ਪਾਰਕ ਜਾਂਦਾ ਹਾਂ, ਉਸ ਬੈਂਚ 'ਤੇ ਬਹਿ ਕੇ ਅੱਗੇ ਪਿੱਛੇ ਉਹਨੂੰ ਵੇਖਦਾ ਹਾਂ। ਹੱਥ ਵਿਚ ਕਾਗਦ ਤੇ ਕਲਮ ਹੁੰਦੀ ਹੈ।

**E-mail : navtejbharti@gmail.com**

ਕਵਿਤਾ

**ਤਨਵੀਰ**

## •ਰਿਦਮ 'ਚ ਹੋਣਾ

ਮੈਂ ਉਨ੍ਹਾਂ ਨੂੰ ਪਿਆਰ ਕਰਦਾਂ
ਜੋ ਮੈਂ ਆਪ ਨਹੀਂ ਹਾਂ

ਫੁੱਲਾਂ ਨੂੰ, ਪੰਛੀਆਂ ਨੂੰ, ਬੱਚਿਆਂ ਨੂੰ, ਬਾਗ਼ੀਆਂ ਨੂੰ
ਆਪਣੇ ਉਸ ਆਪੇ ਨੂੰ

ਜੋ ਮੈਂ ਆਪ ਨਹੀਂ ਹਾਂ
ਜੇ ਮੈਂ ਅਸਲ ਆਪੇ ਨੂੰ ਪਿਆਰ ਕਰਾਂ
ਹੋ ਜਾਵਾਂਗਾ
ਫੁੱਲ ਵੀ, ਪੰਛੀ ਵੀ, ਬੱਚਾ ਵੀ, ਬਾਗ਼ੀ ਵੀ

## •ਕੋਈ ਸੁਣਦਾ ਹੈ

ਖ਼ਾਮੋਸ਼ ਚਾਨਣੀ ਰਾਤ
ਫ਼ਸਲਾਂ ਛੂਹ ਲੰਘਦੀ ਸੀਤ ਹਵਾ
ਪਿੱਪਲ ਦੇ ਪੱਤਿਆਂ ਦੀ ਸਰ-ਸਰਾਹਟ
ਡੱਡਾਂ-ਬੀਡਿਆਂ ਦੀ ਜੁਗਲਬੰਦੀ
ਜ਼ਹਾਜ਼ ਦੀ ਗੂੰਜ
ਬੋਲਦੀ ਟਟੀਰੀ
ਦੁੱਧ ਚਿੱਟੇ ਚੰਨ ਅੱਗੋਂ ਲੰਘਦੀ
ਤਿੱਤਰ-ਖੰਭੀ ਬੱਦਲੀ
ਖਾਲ਼ 'ਚ ਡਿਗਦੀ ਪਾਣੀ ਦੀ ਧਾਰ
ਖੱਡ 'ਚ ਪੈਂਦੇ ਪਾਣੀ ਦੀ ਆਵਾਜ਼
ਨੱਕਾ ਪੋਚਣ ਦੀ ਆਵਾਜ਼
ਸ਼ਾਂਤ ਵਗਦੇ ਖਾਲ਼ 'ਚ ਪੈਰ ਘਸੀਟ ਤੁਰਨਾ

ਪਹੀ 'ਚ ਤ੍ਰੇਲ਼ ਭਿੱਜੇ ਘਾਹ 'ਤੇ ਤੁਰਨਾ
ਲੰਘੇ ਵਾਹਨ ਦੀ ਪਿਛੇ ਰਹੀ ਆਵਾਜ਼
ਖੱਚਰ ਦੇ ਖੁਰਾਂ ਦੀ ਖੜ-ਖੜ ਨਾਲ

ਗਲ ਦੇ ਘੁੰਗਰੂਆਂ ਦੀ ਲੈਅਬੱਧ ਤਾਲ
ਦੂਰੋਂ ਸੁਣਦੀ ਰੇਲ-ਗੱਡੀ ਦੀ ਕੂਕ
ਦੂਰ ਭੌਂਕਦੇ ਕੁੱਤਿਆਂ ਦੀ ਆਵਾਜ਼

## •ਸ਼ੂਟ ਵੈਲੀ

ਸ਼ਾਲ ਵੇਚਣ ਆਇਆ ਬਸ਼ੀਰ
ਹਰ ਸਾਲ ਵਾਂਗ ਸਾਡੇ ਘਰ ਆਇਆ
ਟੱਬਰ ਉਸ ਨਾਲ ਗੱਲੀਂ ਲੱਗਿਐ
ਉਹ ਸਾਨੂੰ ਕਸ਼ਮੀਰ ਆਉਣ ਦਾ ਸੱਦਾ ਦਿੰਦਾ ਹੈ

ਨੇੜੇ ਖੇਡਦਾ ਮੇਰਾ ਬੇਟਾ
ਉਸ ਵੱਲ ਏ. ਕੇ. 47 ਸੇਧਦਾ ਹੈ
ਬਸ਼ੀਰ ਉਸਨੂੰ ਬੁੱਕਲ 'ਚ ਲੈ ਆਖਦਾ ਹੈ-
ਚੱਲ ਮੇਰੇ ਨਾਲ ਤੈਨੂੰ ਉਥੋਂ ਅਸਲੀ ਗੰਨ ਲੈ ਦੇਵਾਂਗਾ

ਮਾਂ ਆਖਦੀ ਹੈ-
ਬਸ਼ੀਰ, ਅਸਲੀ ਗੰਨਾਂ ਤਾਂ ਕਦੇ ਇਥੇ ਵੀ ਮਿਲਦੀਆਂ ਸੀ ਪੁੱਤ
ਪਰ ਮਾਵਾਂ ਨੂੰ ਗੰਨਾਂ ਨਾਲ ਮਰੇ ਅਸਲੀ ਪੁੱਤ
ਨਾ ਤੇਰੀ ਧਰਤੀ ਦੇ ਸਕਦੀ ਹੈ ਨਾ ਸਾਡੀ

ਬਸ਼ੀਰ ਆਖਦਾ ਹੈ-
ਸਾਡੇ ਤਾਂ ਇਹ ਨਕਲੀ ਹੀ ਮਿਲ ਜਾਵੇ ਤਾਂ
'ਸਾਲਾ ਬੱਚੇ ਕੋ ਟਰੇਨਿੰਗ ਦੇਤਾ ਹੋਗਾ' ਕਹਿ
ਸ਼ੂਟ ਕਰ ਦੇਣ

## •ਅਪਣੇ ਅਪਣੇ ਐਵਰੈਸਟ

ਲੇਹ ਜਾਂਦੇ

ਤਾਗਲਾਂਗਲਾ ਪਾਸ 'ਤੇ ਰੁਕਦੇ ਹਾਂ
ਸਾਹਮਣੇ ਪੱਥਰ 'ਤੇ ਲਿਖਿਆ ਹੈ;

ਸੈਕੰਡ ਹਾਈਐਸਟ ਪਾਸ ਆਫ ਦਾ ਵਰਲਡ'

ਮੈਂ ਪੱਥਰ ਕੋਲ ਖੜ੍ਹੇ ਦੋਸਤਾਂ ਦੀ ਫੋਟੋ ਖਿੱਚਣ ਲੱਗਦਾ ਹਾਂ

ਇੱਕ ਦੋਸਤ ਜਾਣਬੁੱਝ ਕੇ "ਸੈਕੰਡ" ਸ਼ਬਦ ਢੱਕ ਲੈਂਦਾ ਹੈ

ਦੂਜਾ ਖੋਦ ਰਿਹਾ ਹੈ ਪੱਥਰ 'ਤੇ ਨਾਮ ਆਪਣਾ

ਸਭ ਕਰ ਰਹੇ ਨੇ ਅਪਣੇ ਅਪਣੇ ਢੰਗ ਨਾਲ ਦਰਜ
ਇਹ ਪ੍ਰਾਪਤੀ ਅਪਣੇ ਅੰਦਰਲੇ ਪੱਥਰਾਂ 'ਤੇ

## •ਫ਼ਾਸਿਲਾ

ਮੈਂ ਮਹਾਂ ਨਗਰ ਦੇ
ਮਹਾਂ ਵਿਦਿਆਲੇ 'ਚ ਪੜ੍ਹਦਾ

ਛੁੱਟੀਆਂ 'ਚ ਪਿੰਡ ਆਇਆ

ਅੱਜ ਵਾਪਿਸ ਚਲਿਆ
ਬਚਪਨ ਦਾ ਦੋਸਤ
ਸ਼ਹਿਰ 'ਚ
ਮਿੱਟੀ ਦੀ ਟਰਾਲੀ ਸੁੱਟ

ਪਿੰਡ ਆ ਰਿਹੈ

ਮੈਂ ਕਾਰ ਰੋਕ ਲੈਨਾਂ
ਪਛਾਣਨ ਦੇ ਬਾਵਜੂਦ
ਨਹੀਂ ਰੁਕਦਾ ਉਹ

ਚਿਹਰਾ ਖਾਲੀ ਹੈ ਉਸਦਾ

## •ਕਾਰਨ ਦੱਸੋ ਨੋਟਿਸ

ਕਦੇ-ਕਦੇ
ਬਿਨ੍ਹਾਂ ਕਾਰਨ
'ਹੋਣਾ' ਚੰਗਾ-ਚੰਗਾ ਲੱਗਣ ਲੱਗਦਾ ਹੈ

ਸੁਰ ਹੋ ਜਾਂਦੇ ਨੇ ਸਭ ਸਾਜ਼
ਕਦੇ-ਕਦੇ
ਬਿਨ੍ਹਾਂ ਕਾਰਨ
'ਹੋਣਾ' ਬੇਅਰਥ ਲੱਗਣ ਲੱਗਦਾ ਹੈ

ਸ਼ੋਰ ਹੋ ਜਾਂਦੇ ਨੇ ਸਭ ਸਾਜ਼
ਮੈਂ ਤਾਂ ਸਦਾ

ਕਾਰਨ 'ਚ ਜਿਉਂਦਾ ਹਾਂ
ਫੇਰ ਉਹ ਕੌਣ ਹੈ
ਜੋ ਅਕਾਰਨ ਜਿਉਂਦਾ ਹੈ ਵ



**Mob : 8146096501**
**E-mail : tanvirzorba8500@gmail.com**

ਗ਼ਜ਼ਲਾਂ

**ਸੁਰਿੰਦਰ ਸੋਹਲ**

## ਹਵਾ 'ਚ ਫੈਲਿਆ

ਹਵਾ 'ਚ ਫੈਲਿਆ ਗਰਦੋ-ਗ਼ੁਬਾਰ ਰੰਗਾਂ ਦਾ।
ਢਿਹਾ ਹੈ ਰੇਤ ਦੇ ਵਾਂਗੂੰ ਮਿਨਾਰ ਰੰਗਾਂ ਦਾ।

ਅਜੇ ਤਾਂ ਬੀਜ ਦੇ ਅੰਦਰ ਨੇ ਸੌਂ ਰਹੇ ਸੁਪਨੇ,
ਅਜੇ ਤਾਂ ਜਾਗਣਾ ਹੈ ਆਬਸ਼ਾਰ ਰੰਗਾਂ ਦਾ।

ਬਚਾ ਕੇ ਵਕਤ ਦੀ ਬਾਰਿਸ਼ ਤੋਂ ਰੱਖ ਜਲੌ ਅਪਣਾ,
ਤੇਰੇ ਤੋਂ ਝੱਲ ਨਾ ਹੋਣਾ ਉਤਾਰ ਰੰਗਾਂ ਦਾ।

ਜਦੋਂ ਦੇ ਰੰਗ ਸਿਆਸਤ 'ਚ ਹੋ ਗਏ ਸ਼ਾਮਿਲ,
ਉਦੋਂ ਦਾ ਵਧ ਗਿਆ ਕਿੰਨਾ ਵਪਾਰ ਰੰਗਾਂ ਦਾ!

ਹਵਾ ਵੀ ਕਿਰਮਚੀ ਤੇ ਰਾਤ ਵੀ ਦਿਸੇ ਸੰਦਲੀ,
ਜਦੋਂ ਦਾ ਹੋ ਗਿਆ ਹੈ ਦਿਲ ਸ਼ਿਕਾਰ ਰੰਗਾਂ ਦਾ।

ਉਨ੍ਹਾਂ ਦੇ ਮੂੰਹ 'ਤੇ ਸਿਆਹੀ* ਜਨੂੰਨ ਮਲ਼ਦਾ ਹੈ,
ਜਿਨ੍ਹਾਂ ਨੇ ਸਾਂਭ ਕੇ ਰੱਖਿਆ ਵਕਾਰ ਰੰਗਾਂ ਦਾ।

ਨਾ ਦਿਲਕਸ਼ੀ ਹੈ ਨਾ ਉਡਦੇ ਗੁਲਾਲ ਸ਼ਹਿਰ ਅੰਦਰ,
ਹਰੇਕ ਮੋੜ 'ਤੇ ਉਂਝ ਹੈ ਬਜ਼ਾਰ ਰੰਗਾਂ ਦਾ।

*ਪਾਕਿਸਤਾਨ ਦੇ ਸਾਬਕਾ ਵਿਦੇਸ਼ ਮੰਤਰੀ ਕਸੂਰੀ ਦੀ ਪੁਸਤਕ ਦੇ ਰਲੀਜ਼ ਸਮਾਗਮ ਨੂੰ ਰੋਕਣ ਵਾਸਤੇ ਸ਼ਿਵ ਸੈਨਾ ਵਲੋਂ ਜ਼ਬਰਦਸਤੀ ਇਸ ਸਮਾਗਮ ਦੇ ਪ੍ਰਬੰਧਕ ਸੁਧੀਂਦ੍ਰ ਕੁਲਕਰਨੀ ਦੇ ਮੂੰਹ 'ਤੇ ਕਾਲ਼ਾ ਰੰਗ ਮਲ਼ ਦਿੱਤਾ ਗਿਆ ਸੀ।

## ਬਹੁਤ ਹੀ ਸ਼ਾਂਤ ਹੈ ਸਾਗਰ

ਬਹੁਤ ਹੀ ਸ਼ਾਂਤ ਹੈ ਸਾਗਰ ਜਿਵੇਂ ਤੁਫ਼ਾਨ ਤੋਂ ਬਾਦ।
ਖ਼ਮੋਸ਼ ਇਉਂ ਹੈ ਅਦਾਲਤ ਮੇਰੇ ਬਿਆਨ ਤੋਂ ਬਾਦ।

ਤੁਸੀਂ ਨਿਵਾਣ ਉਤਰਦੇ ਈ ਹਫ਼ ਗਏ ਏਨਾ,
ਅਜੇ ਤਾਂ ਸਖ਼ਤ ਚੜ੍ਹਾਈ ਵੀ ਹੈ ਢਲਾਨ ਤੋਂ ਬਾਦ।

ਪਤਾ ਨਹੀਂ ਹੈ ਕਦੋਂ ਮੁੜ ਕੇ ਆ ਪਵੇ ਦੁਸ਼ਮਣ,
ਬਚਾ ਕੇ ਹੌਸਲਾ ਬਾਕੀ ਵੀ ਰੱਖ ਥਕਾਨ ਤੋਂ ਬਾਦ।

ਇਦ੍ਹੇ 'ਚ ਬੀਜੀ ਹੈ ਬੱਜਰੀ, ਇਮਾਰਤਾਂ ਉੱਗੀਆਂ,
ਜ਼ਮੀਂ ਵਪਾਰੀਆਂ ਵਾਹੀ ਹੈ ਇਉਂ ਕਿਸਾਨ ਤੋਂ ਬਾਦ।

ਰਹੀ ਨਾ ਰੀਝ ਕਰਾਂ ਹੋਰ ਥਾਂ 'ਤੇ ਪਰਿਕਰਮਾ,
ਸਥਾਨ ਹੋਰ ਵੀ ਉਂਞ ਸੀ ਤੇਰੇ 'ਸਥਾਨ' ਤੋਂ ਬਾਦ।

ਜ਼ਮੀਨ 'ਤੇ ਨਾ ਮੁੜਾਂਗਾ, ਅਗਾਂਹ ਹੀ ਜਾਵਾਂਗਾ,
ਪੜ੍ਹਾਅ ਕਰਾਂਗਾ ਕਿਤੇ ਹੋਰ, ਆਸਮਾਨ ਤੋਂ ਬਾਦ।

ਮੇਰੇ ਸਫ਼ਰ ਦਾ ਇਹ ਅੰਤਿਮ ਪੜ੍ਹਾਅ ਹੋਏ ਜੀਕੂੰ,
ਤੁਰੇ ਨਾ ਪੈਰ ਅਗਾਂਹ ਨੂੰ ਤੇਰੇ ਮਕਾਨ ਤੋਂ ਬਾਦ।

ਚਲਾ ਗਿਆ ਹੈ ਜੋ ਵਾਪਸ ਕਦੇ ਨਹੀਂ ਮੁੜਿਆ,
ਕੋਈ ਤਾਂ ਦਿਲਕਸ਼ੀ ਹੋਵੇਗੀ ਇਸ ਜਹਾਨ ਤੋਂ ਬਾਦ।

## ਮੇਰੇ ਸ਼ਿਅਰ 'ਤੇ

ਮੇਰੇ ਸ਼ਿਅਰ 'ਤੇ ਜ਼ਰਾ ਗ਼ੌਰ ਕਰ
ਇਹ ਖ਼ਿਆਲ ਕੁਝ ਕੁ ਮਹੀਨ ਹੈ।
ਜੋ ਯੁਗਾਂ ਯੁਗਾਂ ਦੀ ਹੈ ਭਟਕਣਾ,
ਉਹ ਗ਼ਜ਼ਲ ਮੇਰੀ ਦੀ ਜ਼ਮੀਨ ਹੈ।

ਕਦੇ ਰਿਸ਼ਤਿਆਂ ਨੂੰ ਨਿਚੋੜਦਾ,
ਕਦੇ ਦੋਸਤੀ ਨੂੰ ਕਸ਼ੀਦਦਾ,
ਤੇਰੇ ਸ਼ਹਿਰ ਦਾ ਹਰ ਸ਼ਖ਼ਸ ਹੀ,
ਮਿਠਬੋਲੜਾ ਤੇ ਜ਼ਹੀਨ ਹੈ।

ਕਿਵੇਂ ਚਾਨਣੀ ਦੇ ਤਲਾਬ ਵਿਚ,
ਨੇ ਸਿਤਾਰਿਆਂ ਦੇ ਖਿੜੇ ਕੰਵਲ,
ਤੇਰਾ ਹਰ ਸਰੂਪ ਕਮਾਲ ਹੈ
ਤੇਰੀ ਹਰ ਅਦਾ ਈ ਹੁਸੀਨ ਹੈ।

ਅਜੇ ਧੁੰਦਲਕਾ ਹੈ ਤਾਂ ਏਸ ਵਿਚ,
ਨਿਰਾ ਧੁੰਦ ਦਾ ਹੀ ਕਸੂਰ ਨਾ,
ਮੇਰੇ ਵਕਤ ਵਿਚ ਨਵੇਂ ਸੂਰਜਾਂ
ਦਾ ਕੁਝ ਅਕਸ ਵੀ ਤਾਂ ਮਲੀਨ ਹੈ।




ਪੰਜਾਬੀ ਦਾ ਸਮਰੱਥ ਗ਼ਜ਼ਲਕਾਰ। ਲੰਮੇ ਸਮੇਂ ਤੋਂ ਪਰਵਾਸ ਹੰਢਾ ਰਹੇ
ਸੁਰਿੰਦਰ ਸੋਹਲ ਦੀ ਸ਼ਾਇਰੀ ਵਿਚ ਭੂ-ਹੇਰਵਾ ਨਹੀਂ ਸਗੋਂ ਜੀਣ ਦਾ ਜਜ਼ਬਾ ਝਲਕਦਾ ਹੈ।

**Phone : +1-646-220 2586**
**E-mail : surindersohal@hotmail.com**



ਸਕੈਚ : ਸੰਧੂ

*ਕਹਾਣੀ*

# ਗਹਿਰ

## ਸਰਵਣ ਮਿਨਹਾਸ

ਅਮਰ ਨੇ ਕਿਤਾਬ ਇਕ ਪਾਸੇ ਰੱਖ ਦਿੱਤੀ। ਪਲੈਟੋ ਦੇ ਡਾਇਲਾਗ ਸੀ। ਪੜ੍ਹਦਾ-ਪੜ੍ਹਦਾ ਕਿਸੇ ਹੋਰ ਹੀ ਦੁਨੀਆ ਵਿਚ ਖੋ ਗਿਆ ਸੀ ਉਹ। ਉਹਨੂੰ ਲੱਗਿਆ ਕਿੰਨਾ ਕੁਝ ਹੈ ਪਲੈਟੋ ਵਿਚ ! ਉਹ ਗਿਆਨ ਦਾ ਇਕ ਵਿਸ਼ਾਲ ਸਰੋਵਰ ਹੈ, ਜਿਥੋਂ ਕਈ ਗੜਵੀਆਂ ਭਰ-ਭਰ ਕੇ ਲੈ ਗਏ। ਨਿਤਸ਼ੇ, ਹਾਈਡੈਗਰ ਜਾਂ ਦਰੀਦਾ ਜੋ ਮਰਜ਼ੀ ਕਹੀ ਜਾਣ।

ਅਮਰ ਨੇ ਕੰਧ 'ਤੇ ਲੱਗੀ ਕਲਾਕ ਵੱਲ ਦੇਖਿਆ। ਉਹਦੀ ਕਲਾਸ ਦਾ ਵਕਤ ਹੋ ਚੁੱਕਾ ਸੀ, ਪਰ ਉਹਨੂੰ ਪਤਾ ਸੀ ਅੱਜ ਕਿਸੇ ਨੇ ਨਹੀਂ ਆਉਣਾ। ਕੱਲ੍ਹ ਛੁੱਟੀ ਸੀ ਤੇ ਅੱਗੇ ਬਾਰ-ਐਤਵਾਰ। ਵਿਦਿਆਰਥੀ ਤੇ ਘਰਾਂ ਨੂੰ ਭੱਜ ਗਏ ਹੋਣਗੇ। ਏਥੇ ਇਹੋ ਰਿਵਾਜ਼ ਹੈ : ਇਕ ਛੁੱਟੀ ਹੋਈ, ਦੋ ਆਪ ਰਲਾ ਲਈਆਂ। ਕੋਈ ਪੜ੍ਹਨਾ ਨਹੀਂ ਚਾਹੁੰਦਾ, ਕੋਈ ਪੜ੍ਹਾਉਣਾ ਨਹੀਂ ਚਾਹੁੰਦਾ। ਫਿਰ ਵੀ ਉਹਨੇ ਕਮਰੇ 'ਚੋਂ ਬਾਹਰ ਨਿਕਲ ਕੇ ਦੇਖਿਆ—ਸੁੰਨ-ਮਸਾਨ ਸੀ। ਵਿਦਿਆਰਥੀ ਤਾਂ ਕੀ ਕੋਈ ਟੀਚਰ ਵੀ ਡੀਪਾਰਟਮੈਂਟ 'ਚ ਹਾਜ਼ਰ ਨਹੀਂ ਸੀ ਜਾਪਦਾ। ਸਭ ਦੇ ਕਮਰਿਆਂ ਨੂੰ ਜਿੰਦੇ-ਕੁੰਡੇ ਲੱਗੇ ਹੋਏ ਸੀ।

ਉਹ ਵਾਪਸ ਕਮਰੇ ਵਿਚ ਆ ਗਿਆ। ਬੈਠਾ ਹੀ ਸੀ ਕਿ ਇਕ ਸਟੂਡੈਂਟ ਪਰਦਾ ਹਟਾ ਕੇ ਅੰਦਰ ਆਈ। "ਕਲਾਸ ਲੱਗੇਗੀ ਸਰ ?" ਥੋੜ੍ਹਾ ਹਫੀ ਜਿਹੀ ਸੀ ਉਹ, ਜਿਵੇਂ ਭੱਜੀ-ਭੱਜੀ ਆਈ ਹੋਵੇ। "ਮੈਂ ਤੇ ਏਸੇ ਲਈ ਬੈਠਾਂ," ਅਮਰ ਨੇ ਮੁਖ਼ਤਸਰ ਜਵਾਬ ਦਿੱਤਾ। "ਸਟੂਡੈਂਟਸ ਤੇ ਕੋਈ ਹੈ ਨਹੀਂ ਸਰ।" "ਸੋ ?" "ਸਰ, ਸਾਰੇ ਘਰੀਂ ਚਲੇ ਗਏ—ਆਹ ਰੋਲ ਨੰਬਰ ਲਿਖ ਕੇ ਫੜਾ ਗਏ ਮੈਨੂੰ।" ਉਹਨੇ ਇਕ ਸਲਿਪ ਮੇਜ਼ 'ਤੇ ਰੱਖ ਦਿੱਤੀ। "ਸੌਰੀ ਹਾਜ਼ਰੀ ਨਹੀਂ ਲੱਗੇਗੀ, ਦਿਸ ਇਜ਼ ਮਾਸ ਬੰਕ," ਕਹਿ ਕੇ ਸਲਿੱਪ ਅਮਰ ਨੇ ਉਹਦੇ ਵੱਲ ਸਰਕਾ ਦਿੱਤੀ ਤੇ ਮੁਸਕਰਾਉਂਦੀ ਉਹ ਚਲੇ ਗਈ।

ਅਮਰ ਸੋਚਣ ਲੱਗਾ 'ਹੁਣ ਕੀ ਕਰਨੈ ਮੈਂ ? ਹੁਣੇ ਹੀ ਘਰ ਜਾ ਕੇ ਵੀ ਕੀ ਕਰੂੰਗਾ।' ਪਲੈਟੋ ਦਾ ਟਿਮਾਇਸ ਪੜ੍ਹਨ ਮਗਰੋਂ ਲਾਇਬ੍ਰੇਰੀ ਜਾਣ ਦਾ ਵੀ ਉਹਦਾ ਉੱਕਾ ਮਨ ਨਹੀਂ ਸੀ। ਉਹਦੇ ਕਮਰੇ ਦੀ ਤਾਕੀ ਕੌਫੀ ਹਾਊਸ ਵੱਲ ਖੁੱਲ੍ਹਦੀ ਸੀ। ਉਹਨੇ ਪੜਦਾ ਹਟਾ ਕੇ ਦੇਖਿਆ—ਰੋਜ਼ ਵਾਂਗ ਟੀਚਰਾਂ ਦੀ ਇਕ ਢਾਣੀ ਬਾਹਰ ਬੈਂਚਾਂ 'ਤੇ ਬੈਠੀ ਹਾ-ਹਾ ਹੀ-ਹੀ ਕਰ ਰਹੀ ਸੀ। ਉਹਨੇ ਮੁੜ ਪੜਦਾ ਕਰ ਦਿੱਤਾ। ਉਹ ਘੱਟ ਹੀ ਕੌਫੀ ਹਾਊਸ ਜਾਂਦਾ ਸੀ। ਕਦੇ ਕੋਈ ਕੁਲੀਗ ਮਜ਼ਬੂਰ ਕਰਦਾ ਤਾਂ ਚਲਿਆ ਜਾਂਦਾ, ਨਹੀਂ ਤੇ ਨਹੀਂ।

ਜਿਵੇਂ ਅਕਸਰ ਉਹਦੇ ਨਾਲ ਹੁੰਦਾ ਸੀ, ਇਕ ਕਾਲੀ ਪਰਛਾਈਂ ਅਮਰ ਦੁਆਲੇ ਮੰਡਰਾਉਣ ਲੱਗੀ। ਸੋਚਣ ਲੱਗਿਆ

ਕਿਹੋ ਜਿਹਾ ਜੀਵਨ ਉਹਨੇ ਆਪਣੇ ਲਈ ਤਸੱਵਰ ਕੀਤਾ ਸੀ ਤੇ ਕਿਹੋ ਜਿਹਾ ਜੀਵਨ ਉਹਦੇ ਹਿੱਸੇ ਆਇਆ। ਮਿੱਤਰਾਂ ਸੰਗ ਜਿਸ ਭ੍ਰਿਸ਼ਟ ਮੁਆਸ਼ਰੇ ਨੂੰ ਬਦਲਣ ਦੇ ਸੁਫ਼ਨੇ ਉਹਨੇ ਕਦੇ ਲਏ ਸੀ, ਉਸੇ ਦਾ ਬਸ ਇਕ ਅੰਗ ਬਣ ਕੇ ਰਹਿ ਗਿਆ। ਕੁਝ ਕਰੋ ਨਾ ਕਰੋ, ਪੜ੍ਹਾਓ ਨਾ ਪੜ੍ਹਾਓ, ਝੋਲੀ ਰੁਪਈਆਂ ਦੀ ਭਰ ਕੇ ਘਰ ਲੈ ਜਾਓ। ਕੀ ਗੱਲ ਹੋਈ।

"ਸੱਸਰੀ ਕਾਲ, ਸਰ" ਕਮਰੇ 'ਚ ਵੜਦੀ ਉਹਦੀ ਇਕ ਰਿਸਰਚ ਸਟੂਡੈਂਟ ਨੇ ਕਿਹਾ।

"ਸੱਸਰੀ ਕਾਲ ਸ਼ਰਨਜੀਤ, ਬੈਠੋ", ਅਮਰ ਨੇ ਕਿਹਾ, "ਪੇਪਰ ਹੋ ਗਿਆ ਫਾਈਨਲ ?"

"ਟਾਈਪ ਕਰਨਾ ਦਿੱਤੈ, ਪਰ ਇਕ ਵਾਰ ਥੋਨੂੰ ਦੇਖਣਾ ਪੈਣਾ।"

"ਸਾਰਾ...।"

"ਫਲੈਟ ਆ ਜਾਇਓ ਸ਼ਾਮ ਨੂੰ।"

ਅਮਰ ਚੁੱਪ ਕਰ ਗਿਆ। 'ਫਲੈਟ' ਸ਼ਬਦ ਨਾਲ ਜੋ ਕੁਝ ਜੁੜਿਆ ਹੋਇਆ ਸੀ, ਉਹ ਕੇਰੀਂ ਉਹਦੇ ਜ਼ਿਹਨ 'ਚੋਂ ਲੰਘ ਗਿਆ। ਛੱਤ ਵੱਲ ਝਾਕਦੇ ਨੇ ਬਸ ਏਨਾ ਹੀ ਕਿਹਾ, "ਦੇਖਦਾਂ ਜੇ ਆਇਆ ਗਿਆ।" "ਪਲੀਜ਼ ਆ ਜਾਇਓ, ਮੈਂ ਵੇਟ ਕਰਾਂਗੀ।" ਕਹਿ ਕੇ ਉਹ ਚਲੀ ਗਈ।

ਸ਼ਰਨਜੀਤ ਤੇ ਚਲੀ ਗਈ ਪਰ ਕਿੰਨੀ ਦੇਰ ਉਹ ਕਮਰੇ 'ਚ ਬੈਠਾ ਉਹਦੇ ਬਾਰੇ ਸੋਚਦਾ ਰਿਹਾ। ਕਿਹੋ ਜਿਹਾ ਹੋ ਗਿਆ ਸੀ ਹੌਲੀ ਹੌਲੀ ਉਨ੍ਹਾਂ ਦਾ ਸੰਬੰਧ ! ਕੀਹਨੇ ਕਦੋਂ ਤੇ ਕਿਉਂ ਲਛਮਣ ਰੇਖਾ ਤੋੜ ਦਿੱਤੀ, ਕਹਿਣਾ ਮੁਸ਼ਕਿਲ ਸੀ। "ਕੁਝ ਪਤਾ ਨਹੀਂ ਲੱਗਿਆ", ਆਪਮੁਹਾਰੇ ਅਮਰ ਦੇ ਮੂੰਹੋਂ ਨਿਕਲਿਆ।

ਦੋ-ਢਾਈ ਵਜੇ ਦਾ ਟਾਈਮ ਹੋਣੈ ਜਦੋਂ ਅਮਰ ਆਪਣੇ ਕਮਰੇ ਨੂੰ ਤਾਲਾ ਲਾ ਕੇ ਪੌੜੀਆਂ ਉਤਰਿਆ। ਯੂਨੀਵਰਸਿਟੀ ਕੈਂਪਸ ਵਿਚ ਹੀ ਸੀ ਉਹਦਾ ਘਰ। ਜਦੋਂ ਕਦੇ ਲੇਟ ਹੋ ਜਾਂਦਾ ਬਾਈਕ ਲੈ ਆਉਂਦਾ, ਪਰ ਅਕਸਰ ਉਹ ਤੁਰ ਕੇ ਆਉਂਦਾ, ਤੁਰ ਕੇ ਜਾਂਦਾ। ਚੰਗਾ ਲੱਗਦਾ ਸੀ ਉਹਨੂੰ ਤੁਰਨਾ। ਤੁਰਿਆ ਜਾਂਦਾ ਬੰਦਾ ਕੁਝ ਸੋਚ ਤੇ ਸਕਦੈ।

ਪੰਦਰਾਂ-ਵੀਹ ਮਿੰਟ ਲੱਗੇ ਹੋਣਗੇ ਉਹਨੂੰ ਘਰ ਪਹੁੰਚਦਿਆਂ। ਘਰ ਪਹੁੰਚ ਕੇ ਉਹ ਬਾਹਰਲੇ ਗੇਟ ਕੋਲ ਖੜ ਗਿਆ। ਨਾ ਜਾਣੇ ਕਿਉਂ ਘਰ ਉਹਨੂੰ ਬਹੁਤ ਉਦਾਸ ਜਿਹਾ, ਸੁੰਨਾ-ਸੁੰਨਾ ਲੱਗਾ। ਲਾਅਨ ਦੀ ਮਾਲੀ ਨੇ ਚੰਗੀ ਤਰ੍ਹਾਂ ਸਫ਼ਾਈ ਨਹੀਂ ਸੀ ਕੀਤੀ ਹੋਈ, ਸੁੱਕੇ-ਪੀਲੇ ਪੱਤੇ ਚਾਰੇ ਪਾਸੇ ਖਿੰਡੇ ਹੋਏ ਸੀ। ਕਿਧਰੇ ਕੋਈ ਸੋਹਣਾ ਫੁੱਲ-ਬੂਟਾ ਨਜ਼ਰ ਨਹੀਂ ਸੀ ਆਉਂਦਾ।

ਉਹ ਅੰਦਰ ਗਿਆ। ਜਾ ਕੇ ਡਰਾਇੰਗ ਰੂਮ ਵਿਚ ਬੈਠ ਗਿਆ। ਹੱਥਲੀਆਂ ਕਿਤਾਬਾਂ ਮੇਜ਼ 'ਤੇ ਰੱਖ ਦਿੱਤੀਆਂ। ਸ਼ਾਇਦ ਉਹਦੀ ਬੀਵੀ ਨੇ ਉਹਦੇ ਆਉਣ ਦਾ ਖੜਕਾ ਸੁਣ ਲਿਆ ਸੀ। ਉਹ ਆਪਣੇ ਕਮਰੇ 'ਚੋਂ ਨਿਕਲ ਕੇ ਆਈ।

"ਆ ਗੇ ਤੁਸੀਂ ?" ਉਹਨੇ ਬੀਵੀ ਵੱਲ ਦੇਖਿਆ। ਚੁੰਨੀ ਨਹੀਂ ਸੀ ਲਈ ਹੋਈ ਉਹਨੇ, ਵਾਲ ਖਿਲਰੇ ਸੀ ਤੇ ਬਿਨਾ ਮੇਕਅਪ ਦੇ ਉਹਦਾ ਚਿਹਰਾ ਕੁਮਲਾਇਆ ਜਿਹਾ ਲੱਗ ਰਿਹਾ ਸੀ। ਉਹ ਸਮਝ ਗਿਆ : ਕੀ-ਨੋਟ ਤਿਆਰ ਕਰ ਰਹੀ ਹੋਵੇਗੀ ਕਾਨਫ਼ਰੰਸ ਲਈ।

"ਹੋ ਗਈ ਤਿਆਰੀ ?" ਉਹਨੇ ਪੁੱਛਿਆ।

"ਕਰ ਰਹੀ ਆਂ—ਐਵੇਂ ਸਿਆਪਾ ਸਹੇੜ ਲਿਆ। ਤੁਸੀਂ ਕੀ ਲਓਗੇ ?"

"ਕੀ ਹੈਗਾ ?"

"ਕਮਲਾ ਅੱਜ ਆਈ ਨਹੀਂ, ਮੈਂ ਤੇ ਕੁਸ਼ ਬਣਾਇਆ ਨਹੀਂ—ਥੋਡਾ ਪਤਾ ਵੀ ਤੇ ਨਹੀਂ ਹੁੰਦਾ ਕਦੋਂ ਆਓਗੇ, ਲੰਚ ਲਓਗੇ ਵੀ ਕਿ ਨਹੀਂ।"

ਬੀਵੀ ਦੇ ਚਿਹਰੇ 'ਤੇ ਸ਼ਿਕਨ ਉਹ ਦੇਖ ਰਿਹਾ ਸੀ। ਜੋ ਗਹਾਂ ਉਹਨੇ ਕਹਿਣਾ ਸੀ, ਉਹ ਸ਼ਿਕਨ ਨੇ ਕਹਿ ਦਿੱਤਾ। "ਕੋਈ ਨੀਂ, ਤੁਸੀਂ ਕੰਮ ਕਰੋ—ਮੈਂ ਲੈ ਲਊਂ ਆਪੇ ਕੁਸ਼।" ਉਹ ਚਲੀ ਗਈ। ਕਿੰਨੀ ਦੇਰ ਉਹ ਡਰਾਇੰਗ ਰੂਮ 'ਚ ਬੈਠਾ ਗਵਾਚਿਆ ਜਿਹਾ ਸਾਹਮਣੀ ਕੰਧ ਵੱਲ ਝਾਕਦਾ ਰਿਹਾ। ਫਿਰ ਉੱਠਿਆ, ਫਰਿਜ ਖੋਲ੍ਹ ਕੇ ਦੇਖਿਆ। ਦੋ ਪੀਸ ਬਰੈੱਡ ਦੇ ਲਏ ਤੇ ਚਾਹ ਬਣਾਉਣ ਲਈ ਰਸੋਈ 'ਚ ਚਲਿਆ ਗਿਆ।

ਚਾਹ ਬਣਾ ਕੇ ਉਹ ਡਰਾਇੰਗ ਰੂਮ ਦੀ ਥਾਂ ਆਪਣੇ ਕਮਰੇ 'ਚ ਆ ਗਿਆ। ਇਕ ਖ਼ਤ ਉਹਦੇ ਬੈੱਡ 'ਤੇ ਪਿਆ ਸੀ। ਉਹਨੂੰ ਪਤਾ ਸੀ ਖ਼ਤ ਉਹਦੇ ਪਾਪਾ ਦਾ ਹੋਵੇਗਾ—ਹੋਰ ਕੌਣ ਲਿਖਦਾ ਸੀ ਖ਼ਤ ? ਤੇ ਉਹਨੂੰ ਇਹ ਵੀ ਪਤਾ ਸੀ ਵਿਚ ਕੀ ਲਿਖਿਆ ਹੋਵੇਗਾ : 'ਤੂੰ ਆਇਆ ਨਹੀਂ, ਨਾ ਕਦੇ ਤੇਰੀ ਚਿੱਠੀ ਆਈ। ਤੇਰੀ ਬੀਬੀ ਫ਼ਿਕਰ ਕਰਦੀ ਰਹਿੰਦੀ ਐ।' ਉਹ

ਚਾਹ ਪੀਂਦਾ ਖ਼ਤ ਨੂੰ ਦੇਖਦਾ ਰਿਹਾ ਤੇ ਸੋਚਦਾ ਰਿਹਾ—'ਕਿੰਨੀ ਵਾਰ ਕਿਹਾ ਬੀਜੀ-ਪਾਪਾ ਜੀ ਨੂੰ ਬਈ ਏਥੇ ਆ ਜਾਓ, ਹੁਣ ਨਹੀਂ ਆਉਂਦੇ ਤੇ ਮੈਂ ਕੀ ਕਰਾਂ। ਰੋਜ਼ ਰੋਜ਼ ਪੰਜ ਘੰਟਿਆਂ ਦਾ ਸਫ਼ਰ ਕਰਕੇ ਮੈਥੋਂ ਨਹੀਂ ਜਾਇਆ ਜਾਂਦਾ। ਉਨ੍ਹਾਂ ਨੂੰ ਤੇ ਉਹੋ ਪਿੰਡ ਵਰਗਾ ਸ਼ਹਿਰ ਹੀ ਚੰਗਾ ਲਗਦੈ।' ਚਾਹ ਪੀ ਕੇ ਉਹਨੇ ਖ਼ਤ ਪੜ੍ਹਿਆ ਤੇ ਮੇਜ਼ ਦੀ ਦਰਾਜ਼ ਵਿਚ ਰੱਖ ਦਿੱਤਾ।

ਅਮਰ ਨੇ ਘੜੀ ਵੱਲ ਦੇਖਿਆ—ਪੌਣੇ ਚਾਰ ਵੱਜੇ ਸੀ। ਉਹਨੂੰ ਸ਼ਰਨਜੀਤ ਦਾ ਖ਼ਿਆਲ ਆਇਆ। ਜਾਣਾ ਤੇ ਪਏਗਾ ਹੀ ਫਲੈਟ ਇਕ ਵਾਰ। ਉਹ ਕੁਝ ਦੇਰ ਸੋਚਦਾ ਰਿਹਾ। ਪਹਿਲਾਂ ਤੇ ਬੀਵੀ ਨੂੰ ਹੀ ਕੈਫੀਅਤ ਦੇਣੀ ਪਏਗੀ ਕਿ ਹੁਣੇ ਆਏ, ਹੁਣ ਕਿਧਰ ਚੱਲੇ। ਪਰ ਉਹਦਾ ਅੱਜ ਘਰ ਬੈਠਣ ਦਾ ਕੋਈ ਇਰਾਦਾ ਨਹੀਂ ਸੀ। ਕੱਲ੍ਹ ਛੁੱਟੀ ਸੀ ਤੇ ਦਵੇ ਕੋਲ ਜਾਣ ਦਾ ਮਨ ਵੀ ਉਹਨੇ ਪਹਿਲਾਂ ਹੀ ਬਣਾਇਆ ਹੋਇਆ ਸੀ।

ਵਾਸ਼ਰੂਮ ਵਿਚ ਥੋੜ੍ਹਾ ਫਰੈਸ਼ ਹੋਇਆ, ਕੱਪੜੇ ਬਦਲ ਕੇ ਕੈਜ਼ੂਅਲ ਪਾ ਲਏ ਤੇ ਪਤਨੀ ਨੂੰ ਦੱਸਣ ਚਲਿਆ ਗਿਆ। ਕੰਮ ਕਰਦੀ ਕਰਦੀ ਸ਼ਾਇਦ ਉਹ ਥੱਕ ਗਈ ਸੀ ਤੇ ਅੱਖਾਂ ਮੀਚ ਕੇ ਦੀਵਾਨ 'ਤੇ ਪਈ ਸੀ। "ਸੁਣੋ", ਅਮਰ ਨੇ ਕਿਹਾ। ਉਹ ਉੱਠ ਖੜੀ। "ਮੈਂ ਲਾਇਬਰੇਰੀ ਜਾ ਰਿਹਾਂ ਤੇ ਫੇਰ ਮੈਂ ਦਵੇ ਵੱਲ ਜਾਊਂਗਾ ਉਹਦੀ ਖ਼ਬਰ ਲੈਣ। ਉਹ ਠੀਕ ਨਹੀਂ।" ਬੀਵੀ ਨੇ ਇਕਦਮ ਜਵਾਬ ਨਹੀਂ ਦਿੱਤਾ। ਉਹਦਾ ਚਿਹਰਾ ਗੰਭੀਰ ਹੋ ਗਿਆ, ਅੱਖਾਂ ਵਿਚ ਰੰਜਿਸ਼ ਸੀ। ਉਹਦੀ ਚੁੱਪ ਜਿਵੇਂ ਕਹਿ ਰਹੀ ਸੀ—"ਮੈਨੂੰ ਪਤੈ ਤੁਸੀਂ ਕਿੱਥੇ ਜਾਣੈ।" "ਫੇਅਰ ਕਰ ਲਿਆ ਕੀ-ਨੋਟ ?" ਅਮਰ ਨੇ ਗੱਲ ਬਦਲੀ, "ਕੱਲ੍ਹ ਛੁੱਟੀ ਐ, ਕੱਲ੍ਹ ਟਾਈਪ ਕਰਦੂੰ।" "ਪਹਿਲਾਂ ਪੜ੍ਹ ਤੇ ਲਿਓ ਇਕ ਵਾਰ।" ਕਹਿਣਾ ਤੇ ਉਹ ਚਾਹੁੰਦਾ ਸੀ ਕਿ 'ਮੇਰਾ ਤੇ ਇਹ ਫੀਲਡ ਨਹੀਂ', ਪਰ ਉਹਨੇ ਕਿਹਾ, "ਠੀਕ ਐ, ਪੜ੍ਹ ਲਾਂਗਾ।"

ਉਹ ਬਾਹਰ ਜਾਣ ਲੱਗਾ ਤੇ ਪਿੱਛੋਂ ਵਾਜ ਆਈ, "ਰਾਤ ਦਾ ਖਾਣਾ ?" "ਜੇ ਕਮਲਾ ਆ ਗਈ ਬਣਵਾ ਲਿਓ, ਨਹੀਂ ਹੋਸਟਲ ਤੋਂ ਮੰਗਵਾ ਲੈਣਾ।" ਉਹਨੇ ਕਿਹਾ ਤੇ ਗੇਟ ਖੋਲ੍ਹ ਕੇ ਪੈਦਲ ਹੀ ਬਾਹਰ ਨਿਕਲ ਗਿਆ। ਉਹਨੂੰ ਪਤਾ ਸੀ ਪਿੱਛੋਂ ਉਹਦੀ ਬੀਵੀ ਉਹਨੂੰ ਦੇਖ ਰਹੀ ਹੋਵੇਗੀ, ਸੋ ਫਲੈਟ ਉਹ ਵਲਾ ਪਾ ਕੇ ਹੀ ਗਿਆ। ਪਰ ਤੁਰੇ ਜਾਂਦੇ ਨੂੰ ਉਹਨੂੰ ਬੜੀ ਕੋਫ਼ਤ ਮਹਿਸੂਸ ਹੋ ਰਹੀ ਸੀ। ਜੀਵਨ 'ਚ ਜਦ ਕਦੇ ਵੀ ਉਹਨੂੰ ਝੂਠ ਬੋਲਣਾ ਪੈਂਦਾ, ਆਪਣਾ ਆਪ ਉਹਨੂੰ ਗਿਝਗਿਝਾ ਜਿਹਾ ਲੱਗਦਾ। ਉਹਨੂੰ ਲੱਗਦਾ ਜਿਹੜਾ ਬੰਦਾ ਦਲੇਰੀ ਨਾਲ ਸੱਚ ਨਹੀਂ ਬੋਲ ਸਕਦਾ, ਕੀ ਉਹ ਪੜ੍ਹੇਗਾ, ਕੀ ਉਹ ਲਿਖੇਗਾ, ਕੀ ਉਹ ਖੋਜ ਕਰੇਗਾ।

ਫਲੈਟ ਪਹੁੰਚ ਕੇ ਹਲਕੀ ਜਹੀ ਦਸਤਕ ਉਹਨੇ ਦਰਵਾਜ਼ੇ 'ਤੇ ਦਿੱਤੀ। ਸ਼ਰਨਜੀਤ ਕਮਰੇ 'ਚ ਹੀ ਸੀ। ਉਹਨੇ ਦਰਵਾਜ਼ਾ ਖੋਲ੍ਹਿਆ। ਖ਼ੁਸ਼ ਹੋ ਗਈ। ਦਰਵਾਜ਼ਾ ਭੇੜਦੀ ਕਹਿੰਦੀ, "ਮੈਂ ਸੋਚਿਆ ਤੁਸੀਂ ਲੇਟ ਆਓਗੇ।" "ਕਿਤੇ ਜਾਣੈ ਮੈਂ, ਸੋਚਿਆ ਜਾਂਦਾ ਜਾਂਦਾ ਪੇਪਰ 'ਤੇ ਝਾਤ ਮਾਰ ਜਾਂ।" ਸਟੱਡੀ ਟੇਬਲ ਦੇ ਕੋਲ ਪਈ ਕੁਰਸੀ 'ਤੇ ਬੈਠਦਿਆਂ ਅਮਰ ਨੇ ਕਿਹਾ, "ਲਿਅਓ ਦੇਖੀਏ, ਪੈਨਸਿਲ ਦਿਓ।" ਉਹ ਅੱਗੋਂ ਬੋਲੀ ਨਹੀਂ, ਕੁਝ ਪਲ ਉਹਨੂੰ ਦੇਖਦੀ ਰਹੀ ਤੇ ਫਿਰ ਚੁੱਪ ਕਰਕੇ ਜਾ ਕੇ ਦੀਵਾਨ 'ਤੇ ਬੈਠ ਗਈ। ਨੀਵੀਂ ਪਾ ਕੇ ਹੌਲੀ ਦੇਣੇ ਕਹਿੰਦੀ, "ਜੇ ਨਹੀਂ ਟਾਈਮ ਤਾਂ ਰਹਿਣ ਦਿਓ।" ਅਮਰ ਨੇ ਉਹਦੇ ਵੱਲ ਵੇਖਿਆ। ਉਹਨੂੰ ਪਤਾ ਸੀ ਸ਼ਰਨਜੀਤ ਕਿੰਨੀ ਸੇਨਸੇਟਿਵ ਐ, ਕਿੰਨੀ ਸੂਖਮ ਤੇ ਮੋਹਵੰਤ। ਉਹਦੇ ਏਸੇ ਸੁਭਾਅ ਨੇ ਹੀ ਤਾਂ ਕਦੇ ਅਮਰ ਨੂੰ ਏਨਾ ਬਿਹਬਲ ਕਰ ਦਿੱਤਾ ਸੀ। ਕੁਝ ਦੇਰ ਉਹ ਸ਼ਰਨਜੀਤ ਵੱਲ ਦੇਖਦਾ ਰਿਹਾ, ਬੋਲਿਆ ਨਹੀਂ। ਉਹ ਵੀ ਨੀਵੀਂ ਪਾਈ ਬੈਠੀ ਰਹੀ। "ਸ਼ਰਨ, ਮੇਰਾ ਮਿੱਤਰ ਐ ਨਾ ਦਵੇ", ਅਮਰ ਨੇ ਚੁੱਪ ਤੋੜੀ, "ਉਹ ਠੀਕ ਨਹੀਂ, ਏਨੇ ਦਿਨ ਜਾ ਨਹੀਂ ਸਕਿਆ ਮੈਂ, ਉਹਦੀ ਖ਼ਬਰ ਨੂੰ ਜਾਣਾ ਸੀ। ਹੋਰ ਤੇ ਕੁਝ ਨੀਂ।" ਸ਼ਰਨਜੀਤ ਨੇ ਮੂੰਹ ਉੱਪਰ ਕੀਤਾ। ਉਹ ਰੋ ਰਹੀ ਸੀ। ਅੱਖਾਂ ਪੂੰਝਦੀ ਉਹ ਉੱਠੀ ਤੇ ਪੇਪਰ ਲਿਫ਼ਾਫ਼ੇ 'ਚੋਂ ਕੱਢ ਕੇ ਜੀਤ ਨੂੰ ਫੜਾ ਦਿੱਤਾ, ਪੈਨਸਿਲ ਵੀ ਦੇ ਦਿੱਤੀ।

ਕੁਝ ਅਨਮਨੇ ਜਿਹੇ ਮਨ ਨਾਲ ਅਮਰ ਨੇ ਪੇਪਰ ਦੇਖਣਾ ਸ਼ੁਰੂ ਕੀਤਾ, ਪਰ ਫਿਰ ਜਲਦੀ ਹੀ ਉਹ ਉਹਦੇ 'ਚ ਖੁੱਭ ਗਿਆ। ਥੋੜ੍ਹੀ ਦੇਰ ਬਾਅਦ ਸ਼ਰਨਜੀਤ ਕੌਫ਼ੀ ਤੇ ਬਿਸਕੁਟ ਛੋਟੀ ਜਹੀ ਟਰੇਅ 'ਚ ਰੱਖ ਕੇ ਲੈ ਆਈ। "ਬਸ ਮੇਰੇ ਲਈ ? ਤੁਸੀਂ ਨਹੀਂ ਲਓਗੇ ਕੌਫੀ ?" ਜੀਤ ਨੇ ਪੁੱਛਿਆ। "ਮੈਂ ਹੁਣੇ ਹੀ ਚਾਹ ਪੀ ਕੇ ਹਟੀ ਸੀ, ਤੁਸੀਂ ਲਓ।" ਸ਼ਰਨਜੀਤ ਦਾ ਚਿਹਰਾ ਨਾਰਮਲ ਤੇ ਨਹੀਂ ਸੀ, ਥੋੜ੍ਹਾ ਟੈੱਨਸ ਸੀ, ਪਰ ਉਹ ਸੰਭਲ ਚੁੱਕੀ ਸੀ।

ਅਮਰ ਕੌਫ਼ੀ ਪੀਂਦਾ ਰਿਹਾ ਤੇ ਨਾਲ ਨਾਲ ਪੇਪਰ ਵੀ ਪੜ੍ਹੀ ਗਿਆ। ਕਿਤੇ ਕਿਤੇ ਪੈਨਸਿਲ ਨਾਲ ਨਿਸ਼ਾਨੀਆਂ ਵੀ ਲਾਉਂਦਾ ਰਿਹਾ। ਅੱਧੇ-ਪੌਣੇ ਘੰਟੇ ਬਾਅਦ ਅਮਰ ਨੇ ਪੇਪਰ ਸ਼ਰਨਜੀਤ ਵੱਲ ਵਧਾਉਂਦਿਆਂ ਕਿਹਾ, "ਦੋ ਚਾਰ ਟਾਈਪੋਜ਼ ਨੇ, ਠੀਕ ਕਰ ਲੈਣਾ। ਕਨਕਲੂਜ਼ਨ 'ਚ ਕੁਝ ਲਾਈਨਾਂ ਮੈਂ ਐਡ ਕੀਤੀਆਂ ਨੇ, ਉਹ ਟਾਈਪ ਕਰਵਾ ਲੈਣਾ।" ਸ਼ਰਨਜੀਤ ਨੇ ਪੇਪਰ ਫੜ ਕੇ ਇਕ ਪਾਸੇ ਰੱਖ ਦਿੱਤਾ।

ਕੁਝ ਦੇਰ ਉਹ ਦੋਵੇਂ ਖ਼ਾਮੋਸ਼ ਬੈਠੇ ਰਹੇ। ਸ਼ਰਨਜੀਤ ਦੀਵਾਨ 'ਤੇ ਬੈਠੀ ਸੀ ਪਹਿਲਾਂ ਵਾਂਗ ਨੀਵੀਂ ਪਾਈ ਤੇ ਅਮਰ ਕੁਰਸੀ 'ਤੇ। ਉਹ ਜਾਣਾ ਚਾਹੁੰਦਾ ਸੀ, ਪਰ ਉਹਨੂੰ ਔਖਾ ਲੱਗ ਰਿਹਾ ਸੀ। ਉਹਨੂੰ ਪਤਾ ਸੀ ਸ਼ਰਨਜੀਤ ਨੂੰ ਚੰਗਾ ਨਹੀਂ ਲੱਗਣਾ, ਮਾਈਂਡ ਕਰੇਗੀ ਉਹ। ਪਰ ਜਾਣਾ ਤੇ ਉਹਨੇ ਸੀ ਹੀ। ਉਹ ਉੱਠਿਆ, ਸ਼ਰਨਜੀਤ ਕੋਲ ਗਿਆ, ਉਹਦੀ ਠੋਡੀ ਫੜ ਕੇ ਸਿਰ ਉੱਪਰ ਕੀਤਾ। ਦੋਹਾਂ ਦੀਆਂ ਅੱਖਾਂ ਮਿਲੀਆਂ। "ਸ਼ਰਨ, ਮੈਂ ਹੁਣ ਜਾਊਂਗਾ ਪਲੀਜ਼...।" ਸ਼ਰਨਜੀਤ ਨੇ ਫਿਰ ਅੱਖਾਂ ਭਰ ਲਈਆਂ।

"ਤੁਸੀਂ ਬਦਲ ਗਏ ਓ ਸਰ।" ਅਮਰ ਨੇ ਸੁਣਿਆ ਤੇ ਦੀਵਾਨ 'ਤੇ ਹੀ ਬੈਠ ਗਿਆ ਤੇ ਸ਼ਰਨਜੀਤ ਦਾ ਹੱਥ ਆਪਣੇ ਹੱਥਾਂ 'ਚ ਲੈ ਲਿਆ।

"ਨਹੀਂ ਸ਼ਰਨ...ਇਸ ਤਰ੍ਹਾਂ ਦਾ ਕੁਝ ਨਹੀਂ, ਲੇਕਿਨ ਮੇਰੇ ਲਈ ਬੜਾ ਕਠਿਨ ਹੋ ਜਾਂਦੈ...ਆਈ ਐਮ ਮੈਰਿਡ...ਆਈ ਐਮ ਯੂਅਰ ਟੀਚਰ।" ਸ਼ਰਨਜੀਤ ਅੱਗੋਂ ਕੁਝ ਕਹਿਣਾ ਚਾਹੁੰਦੀ ਸੀ, ਪਰ ਬੋਲੀ ਨਹੀਂ। ਕਿੰਨੀ ਦੇਰ ਚੁੱਪਚਾਪ ਉਹ ਉਵੇਂ ਹੀ ਦੀਵਾਨ 'ਤੇ ਬੈਠੇ ਰਹੇ। ਫਿਰ ਅਮਰ ਉੱਠ ਖੜਿਆ, "ਠੀਕ ਐ, ਮੰਡੇ ਮਿਲਦੇ ਆਂ।"

ਸ਼ਰਨਜੀਤ ਵੀ ਉੱਠ ਖੜੀ। "ਫੇਰ ਕਦੋਂ ਆਓਗੇ ?" ਸ਼ਰਨਜੀਤ ਨੇ ਉਹਦੀਆਂ ਅੱਖਾਂ 'ਚ ਝਾਕ ਕੇ ਕਿਹਾ।

"ਆਊਂਗਾ ਸ਼ਰਨ", ਕਹਿ ਕੇ ਤੇ ਹੱਥ ਹਿਲਾ ਕੇ ਉਹ ਫਲੈਟ ਤੋਂ ਬਾਹਰ ਹੋ ਗਿਆ।

ਆਥਣ ਹੋ ਚੱਲੀ ਸੀ ਤੇ ਦਵੇ ਕੋਲ ਉਹਨੇ ਅਜੇ ਜਾਣਾ ਸੀ। ਕੋਈ ਕਿਲੋਮੀਟਰ ਦੂਰ ਹੋਏਗਾ ਦਵੇ ਦਾ ਘਰ। ਜਿਸ ਤਰ੍ਹਾਂ ਦਾ ਉਹਨੇ ਪ੍ਰਭਾਵ ਦਿੱਤਾ ਸੀ ਆਪਣੀ ਬੀਵੀ ਨੂੰ ਜਾਂ ਸ਼ਰਨ ਨੂੰ, ਉਹੋ ਜਿਹਾ ਤਾਂ ਦਵੇ ਨੂੰ ਕੁਝ ਨਹੀਂ ਸੀ ਹੋਇਆ ਹੋਇਆ। ਵਿਸਕੀ ਉਹ ਤਕਰੀਬਨ ਰੋਜ਼ ਹੀ ਪੀ ਲੈਂਦਾ ਸੀ ਤੇ ਵਿਚ ਵਿਚ ਢਿੱਲਾ ਵੀ ਹੋ ਜਾਂਦਾ, ਹੋਰ ਤੇ ਕੁਝ ਨਹੀਂ ਸੀ ਹੋਇਆ ਉਹਨੂੰ। ਦੁਨੀਆ ਤੋਂ ਬੇਖ਼ਬਰ, ਜ਼ਿੰਦਗੀ ਦੇ ਹਰ ਲਾਲਚ ਤੋਂ ਬੇਨਿਆਜ਼, ਕਮਾਲ ਕਰੈਕਟਰ ਸੀ ਦਵੇ। ਸਾਹਿਤ ਦੀ, ਕਲਾਵਾਂ ਦੀ, ਅਨੂਠੀ ਸਮਝ ਸੀ ਉਹਦੀ। ਅਮਰ ਦਾ ਕਦੇ ਕਦੇ ਮਨ ਕਰਦਾ ਉਹਦੇ ਕੋਲ ਜਾਣ ਨੂੰ, ਘੁਟ ਪੀਣ ਨੂੰ, ਗੱਲਾਂ ਕਰਨ ਨੂੰ।

ਪਹਿਲਾਂ ਅਮਰ ਨੇ ਸੋਚਿਆ ਮੇਨ ਰੋਡ ਤੋਂ ਟੈਂਪੂ ਫੜ ਲੈਨਾ, ਪਰ ਫਿਰ ਉਹ ਉਸੇ ਵੀਰਾਨ ਜਿਹੇ ਸ਼ਾਰਟ-ਕੱਟ ਵੱਲ ਭਉਂ ਗਿਆ ਜਿਧਰੋਂ ਅਕਸਰ ਹੀ ਉਹ ਤੁਰ ਕੇ ਦਵੇ ਕੰਨੀ ਜਾਇਆ ਕਰਦਾ ਸੀ। ਉਹ ਹੌਲੀ ਹੌਲੀ ਤੁਰਿਆ ਜਾ ਰਿਹਾ ਸੀ ਤੇ ਨਾਲੇ ਸੋਚਦਾ ਜਾ ਰਿਹਾ ਸੀ 'ਵੈਸੇ ਮੈਂ ਇਹ ਕਰ ਕੀ ਰਿਹੈਂ ? ਮੇਰੇ ਨਾਲ ਹੋ ਕੀ ਰਿਹਾ ? ਦਿਨ ਚੜ੍ਹਦੈ, ਛਿਪ ਜਾਂਦੈ—ਕੋਹਲੂ ਦੇ ਬੈਲ ਆਂਗੂੰ ਜਿਵੇਂ ਅੱਖਾਂ 'ਤੇ ਪੱਟੀ ਬੰਨ੍ਹੀ ਹੋਵੇ ਭੋਈਂ ਜਾਣਾ, ਬੇਵਸ।' ਇਕ ਵਾਰ ਤੇ ਉਹਦਾ ਜੀ ਕੀਤਾ ਦਵੇ ਵੱਲ ਜਾਣ ਦੀ ਥਾਂ ਉਹ ਉਸ ਵੀਰਾਨ ਸੜਕ 'ਤੇ ਤੁਰਿਆ ਜਾਵੇ, ਜ਼ਿੰਦਗੀ ਦੀਆਂ ਉਲਝ ਗਈਆਂ ਤੰਦਾਂ ਸੁਲਝਾਏ, ਪਰ ਉਹ ਤੇ ਦਵੇ ਦੇ ਘਰ ਦੇ ਜਮਾਂ ਕੋਲ ਪਹੁੰਚ ਗਿਆ ਸੀ।

ਦਵੇ ਦੇ ਘਰ ਦਾ ਦਰਵਾਜ਼ਾ ਹਮੇਸ਼ਾ ਖੁੱਲ੍ਹਾ ਰਹਿੰਦਾ। ਉਹਦੇ ਨਾਲ ਉਹਦੀ ਮਾਂ ਰਹਿੰਦੀ ਸੀ ਤੇ ਇਕ ਛੋਟਾ ਭਾਈ। ਉਹਨੇ ਵਿਆਹ ਕਰਵਾਇਆ ਸੀ ਮਰਜ਼ੀ ਨਾਲ, ਪਰ ਉਹਦੇ ਨਿਆਰੇ ਰੰਗ-ਢੰਗ ਦੇਖ ਕੇ ਕੁਝ ਮਹੀਨਿਆਂ ਬਾਦ ਹੀ ਵਹੁਟੀ ਕਹਿੰਦੀ, "ਮੈਂ ਨਹੀਂ ਰਹਿ ਸਕਦੀ ਤੇਰੇ ਨਾਲ"। ਉਹ ਕਹਿੰਦਾ 'ਠੀਕ ਐ' ਤੇ ਉਹ ਚਲੀ ਗਈ ਹਮੇਸ਼ਾ ਲਈ।

ਅਮਰ ਬਿਨਾਂ ਬਾਰ ਖੜਕਾਏ ਅੰਦਰ ਚਲਿਆ ਗਿਆ ਤੇ ਸਿੱਧਾ ਦਵੇ ਦੇ ਕਮਰੇ 'ਚ ਪਹੁੰਚ ਗਿਆ। ਤੇੜ ਲੁੰਗੀ ਜਹੀ ਬੰਨ੍ਹੀ ਉਹ ਮੰਜੇ 'ਤੇ ਬੈਠਾ ਇਕ ਨੌਜਵਾਨ ਮੁੰਡੇ ਨਾਲ ਕੋਈ ਗੱਲ ਕਰ ਰਿਹਾ ਸੀ। ਅਮਰ ਨੂੰ ਵੇਖ ਕੇ ਕਹਿੰਦਾ, "ਹਈ ਸ਼ਾਵਾ ਸ਼ੇ, ਆ ਜੋ।"

ਫੇਰ ਮੁੰਡੇ ਨੂੰ ਕਹਿੰਦਾ, "ਚੰਗਾ ਤੂੰ ਚੱਲ ਹੁਣ, ਬਾਕੀ ਗੱਲ ਫੇਰ ਕਰਾਂਗੇ।" ਓਨੇ ਚਿਰ 'ਚ ਅਮਰ ਲਾਗੇ ਡੱਠੀ ਕੁਰਸੀ 'ਤੇ ਬੈਠ ਗਿਆ ਸੀ। ਅਮਰ ਨੇ ਪੁੱਛਿਆ, "ਕਿਵੇਂ ਐ ਸਿਹਤ, ਰਣਜੀਤ ਕਹਿੰਦਾ ਸੀ ਕੁਝ ਢਿੱਲੇ ਨੇ—ਤੁਹਾਡੇ ਡੀਪਾਰਟਮੈਂਟ ਵੀ ਫ਼ੋਨ ਕੀਤਾ, ਪਤਾ ਲੱਗਾ ਛੁੱਟੀ 'ਤੇ ਓ।" "ਓ ਕੁਸ਼ ਨਹੀਂ, ਐਵੇਂ ਸੀਜ਼ਨਲ ਜਿਹਾ ਫੀਵਰ ਹੋ ਗਿਆ ਸੀ, ਹੁਣ ਠੀਕ ਆਂ ਬਿਲਕੁਲ, ਤੁਸੀਂ ਸੁਣਾਓ।" "ਮੈਂ ਵੀ ਠੀਕ ਆਂ ਬਸ", ਅਮਰ ਨੇ ਕਿਹਾ।

ਦਵੇ ਨੇ ਛੋਟੇ ਭਰਾ ਨੂੰ ਵਾਜ ਮਾਰੀ, "ਛਿੰਦੇ !" ਉਹ ਆ ਗਿਆ ਤੇ ਉਹਨੂੰ ਦੋ ਗਲਾਸ ਤੇ ਪਾਣੀ ਦੇ ਜਾਣ ਲਈ ਕਿਹਾ, "ਮਾੜਾ ਮੋਟਾ ਖਾਣ ਨੂੰ ਵੀ ਦੇ ਜੀਂ ਕੁਸ਼।" ਜਦੋਂ ਛਿੰਦਾ ਸਮਾਨ ਦੇ ਗਿਆ, ਦਵੇ ਨੇ ਆਪਣੇ ਮੰਜੇ ਹੇਠੋਂ ਸ਼ੀਸ਼ੀ ਕੱਢੀ ਤੇ ਦੋ ਤਗੜੇ ਪੈੱਗ ਬਣਾਏ। 'ਚੀਅਰਜ਼' ਕਹਿ ਕੇ ਦੋਵਾਂ ਨੇ ਜਲਦੀ ਹੀ ਪੈੱਗ ਮੁਕਾ ਵੀ ਦਿੱਤੇ। ਅਮਰ ਨੇ ਦਵੇ ਦੇ ਸਿਰਹਾਣੇ ਪਈ ਕਿਤਾਬ ਵੱਲ ਇਸ਼ਾਰਾ ਕੀਤਾ, "ਕੀ ਐ ?" "ਗੋਦੋ" ਦਵੇ ਨੇ ਕਿਹਾ, "ਕੁਝ ਲਿਖਣਾ ਚਾਹੁੰਨਾ ਮੈਂ ਬੈੱਕਟ 'ਤੇ।" "ਵੇਟਿੰਗ

ਫੌਰ ਗੋਦੋ...” ਜੀਤ ਨੇ ਦੁਹਰਾਇਆ, “ਪਤਾ ਨਹੀਂ ਗੋਦੋ ਆਏਗਾ ਕਿ ਨਹੀਂ, ਪਰ ਉਹਦੀ ਉਡੀਕ ਤੇ ਹੈ ਨਾ—ਉਡੀਕ ਜੀਣ ਲਈ ਕਾਫ਼ੀ ਹੈ। ਜੇ ਪਤਾ ਹੋਵੇ ਉਹਨੇ ਆਉਣਾ ਨਹੀਂ, ਉਹ ਹੈ ਹੀ ਨਹੀਂ, ਜੇ ਉਡੀਕ ਹੀ ਨਾ ਹੋਵੇ !” “ਸਾਰੀ ਮਾਡਰਨ ਵੇਸਟਰਨ ਥੌਟ ਹੋਰ ਹੈ ਕੀ—ਰੱਬ ਹੈ ਨਹੀਂ, ਉਹਦੇ ਬਿਨਾਂ ਜੀਣਾ ਕਿਵੇਂ, ਇਹੀ ਨਾ।” ਦਵੇ ਨੇ ਕਿਹਾ। “ਹਾਂ, ਪਰ ਉਨ੍ਹਾਂ ਨੂੰ ਲੱਭਾ ਕੁਝ ਨੀਂ, ਭਟਕ ਰਹੇ ਨੇ—ਤੇ ਭਟਕਾ ਰਹੇ ਨੇ ਦੁਨੀਆ ਨੂੰ।” ਦਵੇ ਥੋੜ੍ਹਾ ਹੱਸ ਕੇ ਚੁੱਪ ਕਰ ਗਿਆ। ਅਮਰ ਨੇ ਇਸ਼ਾਰਾ ਕੀਤਾ ਤਾਂ ਦਵੇ ਨੇ ਦੂਸਰਾ ਪੈੱਗ ਵੀ ਪਾ ਦਿੱਤਾ। ਡੀਕ ਲਾ ਕੇ ਅਮਰ ਇਕੋ ਵਾਰੀ ਪੀ ਗਿਆ। “ਦਵੇ” ਜੀਤ ਨੂੰ ਨਸ਼ਾ ਹੋ ਗਿਆ ਸੀ, “ਕਈ ਵਾਰ ਸਭ ਕੁਝ ਐਬਸਰਡ ਲੱਗਣ ਲੱਗ ਜਾਂਦੈ, ਬੇਮਾਅਨੇ, ਬੇਅਰਥ। ਜੋ ਵੀ ਤੁਸੀਂ ਕਰਦੇ ਉਹ ਕਿਸੇ ਲੇਖੇ ਲੱਗਦਾ ਨਜ਼ਰ ਨਹੀਂ ਆਉਂਦਾ।”

“ਲੇਕਿਨ ਫਿਰ ਵੀ ਗੋਦੋ ਦੀ ਉਡੀਕ ਰਹੇਗੀ।” ਕਹਿ ਕੇ ਦਵੇ ਗੁਣਗੁਣਾਉਣ ਲੱਗ ਗਿਆ—‘ਮੁਹੱਬਤ ਫਿਰ ਹਸੀਂ ਹੋਗੀ, ਨਜ਼ਾਰੇ ਫਿਰ ਜਵਾਂ ਹੋਂਗੇ’। ਅੱਗੋਂ ਅਮਰ ਨੇ ਜੋੜ ਦਿੱਤਾ, ‘ਬਹਾਰੇਂ ਹਮ ਕੋ ਢੂੰਡੇਂਗੀ, ਨਾ ਜਾਨੇ ਹਮ ਕਹਾਂ ਹੋਂਗੇ’।

ਰਾਤ ਹੋ ਚੁੱਕੀ ਸੀ ਉਨ੍ਹਾਂ ਨੂੰ ਬੈਠਿਆਂ, ਗੱਲਾਂ ਕਰਦਿਆਂ ਜਦੋਂ ਅਮਰ ਜਾਣ ਲਈ ਤਿਆਰ ਹੋ ਗਿਆ। “ਰੋਟੀ ?” ਦਵੇ ਨੇ ਪੁੱਛਿਆ। “ਨਾ” ਜੀਤ ਨੇ ਕਿਹਾ। ਜਦੋਂ ਦਵੇ ਨੇ ਛਿੰਦੇ ਨੂੰ ਕਿਹਾ, “ਜਾ, ਛੱਡ ਆ ਸਕੂਟਰ ’ਤੇ”, ਜੀਤ ਨੇ ਮਨ੍ਹਾ ਕਰ ਦਿੱਤਾ, “ਨਹੀਂ, ਤੁਰ ਕੇ ਜਾਊਂਗਾ।” ਤੇ ਦਵੇ ਨੂੰ ਜੱਫੀ ਪਾ ਕੇ ਉਹ ਜਿਸ ਰਾਹੋਂ ਆਇਆ ਸੀ, ਓਧਰ ਤੁਰ ਪਿਆ।


ਅਮਰ ਉਸ ਉਜਾੜ ਸੜਕ ’ਤੇ ਹੌਲੀ ਹੌਲੀ ਤੁਰਿਆ ਜਾ ਰਿਹਾ ਸੀ। ਕਾਫ਼ੀ ਨਸ਼ਾ ਸੀ ਉਹਨੂੰ ਤੇ ਵਿਚ ਵਿਚ ਥੋੜ੍ਹਾ ਉਹ ਲੜਖੜਾ ਵੀ ਰਿਹਾ ਸੀ, ਪਰ ਉਹਨੂੰ ਦੇਖਣ ਵਾਲਾ ਕੋਈ ਨਹੀਂ ਸੀ। ਕੋਈ ਅੱਧੇ ਪੌਣੇ ਘੰਟੇ ਬਾਅਦ ਉਹ ਕੈਂਪਸ ਪਹੁੰਚ ਗਿਆ। ਤੁਰਦਾ ਉਸ ਚੌਰਾਹੇ ’ਤੇ ਆ ਗਿਆ ਜਿਥੋਂ ਇਕ ਸੜਕ ਕੁੜੀਆਂ ਦੇ ਰੀਸਰਚ ਫਲੈਟਸ ਜਾਂਦੀ ਸੀ ਤੇ ਦੂਸਰੀ ਉਹਦੇ ਘਰ ਵੱਲ। ਉਹ ਰੁਕ ਗਿਆ। ਸ਼ਰਨਜੀਤ ਦਾ ਉਹਨੂੰ ਖ਼ਿਆਲ ਆਇਆ—ਉਹਦਾ ਉਦਾਸ ਸੁੰਦਰ ਚਿਹਰਾ ਉਹਦੀਆਂ ਅੱਖਾਂ ਸਾਹਮਣੇ ਘੁੰਮਣ ਲੱਗਾ। ਉਹਨੂੰ ਲੱਗਾ ਸ਼ਰਨਜੀਤ ਅਜੇ ਜਾਗ ਰਹੀ ਹੈ, ਬੈਠੀ ਉਹਦਾ ਇੰਤਜ਼ਾਰ ਕਰ ਰਹੀ ਹੈ। ਅਮਰ ਦੇ ਖੋ ਜਿਹੀ ਪਈ ਤੇ ਉਹ ਫਲੈਟ ਵਾਲੀ ਸੜਕ ਵੱਲ ਮੁੜ ਗਿਆ। ਪਰ ਥੋੜ੍ਹੀ ਦੂਰ ਜਾ ਕੇ ਉਹ ਰੁਕ ਗਿਆ—‘ਨਹੀਂ, ਇਉਂ, ਐਸ ਵੇਲੇ ਜਾਣਾ ਠੀਕ ਨਹੀਂ’। ਉਹਨੇ ਉੱਪਰ ਅਸਮਾਨ ਕੰਨੀ ਦੇਖਿਆ—ਚੰਦਰਮਾ ਐਨ ਉਹਦੇ ਸਿਰ ਦੇ ਉੱਤੇ ਖੜ੍ਹਾ ਸੀ ਤੇ ਸਹਿਸਰ ਤਾਰੇ ਉਹਨੂੰ ਦੇਖ ਰਹੇ ਸੀ।

ਅਮਰ ਆਪਣੇ ਘਰ ਵੱਲ ਮੁੜ ਪਿਆ। ਹੌਲੀ ਹੌਲੀ ਘਰ ਵੱਲ ਤੁਰੇ ਜਾਂਦੇ ਨੂੰ ਉਹਨੂੰ ਬਸ ਇਕ ਹੀ ਗੱਲ ਦਾ ਬਾਰ ਬਾਰ ਖ਼ਿਆਲ ਆ ਰਿਹਾ ਸੀ ਕਿ ਆਪਣੀ ਬੀਵੀ ਦੇ ਮੱਥੇ ’ਤੇ ਉਭਰੀ ਹੋਈ ਸ਼ਿਕਨ ਤੇ ਉਹਦੀਆਂ ਅੱਖਾਂ ’ਚ ਲੁਕੀ ਹੋਈ ਰੰਜਿਸ਼ ਦਾ ਉਹਨੇ ਕੀ ਜਵਾਬ ਦੇਣਾ ਹੈ...

*ਪੋਸਟ-ਸਕ੍ਰਿਪਟ :* ਸ਼ਾਇਦ ਤੁਹਾਨੂੰ ਇਹ ਕਹਾਣੀ ਅਧੂਰੀ ਜਹੀ ਲੱਗੇ। ਸ਼ਾਇਦ ਤੁਸੀਂ ਜਾਨਣਾ ਚਾਹੋ ਕਿ ਆਉਣ ਵਾਲੇ ਸਮੇਂ ਵਿਚ ਕਹਾਣੀ ਦੇ ਪਾਤਰਾਂ ਦਾ ਕੀ ਬਣਿਆ ? ਸੁਣੋ ! ਦਵੇ ਵਿਸਕੀ ਪੀਣੋਂ ਨਹੀਂ ਹਟਿਆ ਤੇ ਕੁਝ ਮਹੀਨਿਆਂ ਵਿਚ ਹੀ ਲਿਵਰ ਸੀਰੋਸਿਜ਼ ਨਾਲ ਗੁਜ਼ਰ ਗਿਆ। ਆਖ਼ਰੀ ਵੇਲੇ ਵੀ ਉਹ ਇਹ ਹੀ ਗੁਣਗੁਣਾਉਂਦਾ ਰਿਹਾ : ਬਹਾਰੇਂ ਹਮ ਕੋ ਢੂੰਡੇਂਗੀ, ਨਾ ਜਾਨੇ ਹਮ ਕਹਾਂ ਹੋਂਗੇ। ਸ਼ਰਨਜੀਤ ਜਲਦੀ ਹੀ ਥੀਸਸ ਜਮ੍ਹਾਂ ਕਰਵਾ ਕੇ ਪਿੰਡ ਚਲੇ ਗਈ, ਉਹਦਾ ਵਿਆਹ ਹੋ ਗਿਆ ਤੇ ਉਹ ਅਸਟ੍ਰੇਲੀਆ ਤੁਰ ਗਈ। ਜੀਤ ਉਸ ਦਿਨ ਤੋਂ ਬਾਅਦ ਕਦੇ ਸ਼ਰਨਜੀਤ ਦੇ ਫਲੈਟ ਨਹੀਂ ਗਿਆ। ਉਹ ਅਜੇ ਵੀ ਪੜ੍ਹਾ ਰਿਹਾ ਹੈ ਤੇ ਆਪਣੀ ਬੀਵੀ ਨਾਲ ਰਹਿ ਰਿਹਾ ਹੈ। ਫ਼ਲਸਫ਼ਾ ਪੜ੍ਹਦਾ ਹੈ, ਮਿਊਜ਼ਿਕ ਸੁਣਦਾ ਹੈ, ਕਦੇ ਕਦੇ ਘੁੱਟ ਪੀ ਲੈਂਦਾ ਹੈ, ਪਰ ਉਹ ਬਹੁਤ ਇਕੱਲਾ ਤੇ ਉਦਾਸ ਹੈ। ਕਦੇ ਉਹਦਾ ਜੀਅ ਕਰਦੈ ਜੰਗਲਾਂ ਨੂੰ ਤੁਰ ਜਾਏ, ਕਿਧਰੇ ਦੂਰ ਪਹਾੜਾਂ ’ਚ ਖੋ ਜਾਏ ਜਾਂ ਰਾਜਨੀਤੀ ’ਚ ਕੁੱਦ ਪਏ। ਪਰ ਅਜਿਹਾ ਉਹਦੇ ਕੋਲੋਂ ਕੁਝ ਵੀ ਨਹੀਂ ਹੋ ਰਿਹਾ। ਸਿਸੀਫ਼ਸ ਵਾਂਗ ਜੀਵਨ ਨੂੰ ਢੋਅ ਰਿਹਾ ਹੈ ਬਸ। ਸ਼ਾਇਦ ਉਸ ਨੂੰ ਖ਼ੁਦ ਵੀ ਪਤਾ ਨਹੀਂ ਕਿਉਂ...।



ਪ੍ਰੋ. ਭੁਪਿੰਦਰ ਸਿੰਘ ਮਿਨਹਾਸ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ Sociology ਦੇ ਰਿਟਾਇਰਡ ਪ੍ਰੋਫ਼ੈਸਰ ਹਨ। ਇਨ੍ਹਾਂ ਦਾ ਕਲਮੀ ਨਾਮ ਸਰਵਣ, ਇਨ੍ਹਾਂ ਦੀ ਜੀਵਨ ਸਾਥਣ ਦਲੀਪ ਕੌਰ ਟਿਵਾਣਾ ਦੇ ਨਾਵਲ ਦੇ ਕੇਂਦਰੀ ਕਿਰਦਾਰ ਦਾ ਨਾਂ ਹੈ। ਸੁਭਾਅ ਦਾ ਸੰਵੇਦਨਸ਼ੀਲ, ਸੋਚਾਂ ’ਚ ਗੁੰਮਸੁੰਮ। ਸੰਪਰਕ : ਬੀ-13, ਪੰਜਾਬੀ ਯੂਨੀਵਰਸਿਟੀ ਪਟਿਆਲਾ-147002, ਫ਼ੋਨ : 0175-2281229



ਇਕ ਪਾਤਰ ਨਾਟਕ



# ਤਮਾਮ

**ਬੈਟੀ ਸ਼ੈਮੀਆ**

ਅਨੁਵਾਦ / ਪੰਜਾਬੀਕਰਨ ਤੇ ਅਡਾਪਟੇਸ਼ਨ :

**ਸਵਰਾਜਬੀਰ**

ਫਲਸਤੀਨੀ ਮੂਲ ਦੇ ਕੈਥੋਲਿਕ ਇਸਾਈਆਂ ਦੀ ਧੀ ਬੈਟੀ ਸ਼ੈਮੀਆ ਕੈਲੀਫੋਰਨੀਆ ਵਿਚ ਜੰਮੀ ਪਲੀ ਤੇ ਹਾਰਵਰਡ ਤੇ ਯੇਲ ਯੂਨੀਵਰਸਿਟੀਆਂ 'ਚ ਪੜ੍ਹੀ। ਉਸ ਨੇ 'ਰੋਅਰ', 'ਫਿਟ ਫਾਰ ਏ ਕੁਈਨ', 'ਦੀ ਬਲੱਡ ਆਈਡ', 'ਅਗੇਨ ਐਂਡ ਅਗੇਨਸਟ', 'ਦੀ ਮਸ਼ੀਨ', 'ਟੈਰੀਟਰੀਜ' ਅਤੇ ਕੁਝ ਹੋਰ ਨਾਟਕ ਲਿਖੇ ਹਨ। ਉਸ ਨੇ ਬਹੁਤਾ ਕਰਕੇ ਉਨ੍ਹਾਂ ਫਲਸਤੀਨੀਆਂ ਬਾਰੇ ਲਿਖਿਆ ਹੈ ਜੋ ਫਲਸਤੀਨ ਛੱਡ ਕੇ ਅਮਰੀਕਾ ਆ ਗਏ ਤੇ ਓਥੋਂ ਦੇ ਵਾਸੀ ਬਣ ਗਏ। ਬੈਟੀ ਸ਼ੈਮੀਆ ਦੀ ਆਪਣੀ ਜ਼ਿੰਦਗੀ ਵਾਂਗ, ਉਨ੍ਹਾਂ ਦੀਆਂ ਜ਼ਿੰਦਗੀਆਂ ਦੇ ਸ਼ੀਸ਼ੇ ਵੀ ਤਿੜਕੇ ਹੋਏ ਹਨ, ਉਹ ਨਹੀਂ ਜਾਣਦੇ ਉਹ ਕਿਵੇਂ ਫਲਸਤੀਨੀ ਵੀ ਬਣੇ ਰਹਿਣ ਤੇ ਨਾਲ ਉਨ੍ਹਾਂ ਚੌਖਟਿਆਂ ਵਿਚ ਵੀ ਚੰਗੀ ਤਰ੍ਹਾਂ ਮੜ੍ਹੇ ਜਾਣ, ਜਿਨ੍ਹਾਂ 'ਚ ਮੜ੍ਹੇ ਜਾਣ ਦੀ ਮੰਗ ਅਮਰੀਕਾ ਦੀ ਤਰਜ਼-ਏ-ਜ਼ਿੰਦਗੀ ਤੇ ਅਮਰੀਕਨ ਰਾਜ-ਧਰਮ (ਅਸਟੈਬਲਿਸ਼ਮੈਂਟ) ਉਨ੍ਹਾਂ ਤੋਂ ਕਰਦੇ ਹਨ।

ਇਕ ਪਾਤਰੀ ਨਾਟਕ 'ਤਮਾਮ' ਤਮਾਮ ਨਾਂ ਦੀ ਫਲਸਤੀਨੀ ਕੁੜੀ ਬਾਰੇ ਹੈ ਜਿਦ੍ਹਾ ਭਰਾ ਇਜਰਾਈਲੀ ਸੈਨਿਕਾਂ ਦਾ ਮੁਕਾਬਲਾ ਇੱਟਾਂ, ਰੋੜਿਆਂ ਤੇ ਪੱਥਰਾਂ ਨਾਲ ਕਰਦਾ ਸੀ। ਇਕ ਦਿਨ ਉਹ ਫੜਿਆ ਗਿਆ ਤੇ ਉਸ 'ਤੇ ਤਸ਼ੱਦਦ ਕੀਤਾ ਗਿਆ ਤੇ ਸਭ ਤੋਂ ਵੱਡਾ ਤਸ਼ੱਦਦ ਸੀ ਉਸ ਦੀਆਂ ਅੱਖਾਂ ਸਾਮ੍ਹਣੇ ਉਸ ਦੀ ਭੈਣ ਤਮਾਮ ਨਾਲ ਕੀਤਾ ਗਿਆ ਬਲਾਤਕਾਰ। ਉਹ ਦਹਿਸ਼ਤਪਸੰਦ ਬਣ ਗਿਆ, ਆਪਣੇ ਸਰੀਰ ਨਾਲ ਬੰਬ ਬੰਨ੍ਹੇ ਤੇ ਇਜਰਾਈਲੀ ਬੱਸ ਵਿਚ ਜਾ ਵੜਿਆ। ਉਹਨੇ ਉਹ ਬੱਸ ਉਡਾ ਦਿੱਤੀ ਤੇ ਨਾਲ ਨਾਲ ਆਪ ਵੀ ਖ਼ਤਮ ਹੋ ਗਿਆ।

ਇਹ ਨਾਟਕ ਬੜੇ ਨਾਜ਼ੁਕ ਤੇ ਸੰਵੇਦਨਸ਼ੀਲ ਸਵਾਲ ਉਠਾਉਂਦਾ ਹੈ। ਕੀ ਤਮਾਮ ਆਪਣੇ ਭਰਾ ਨੂੰ ਦਹਿਸ਼ਤਪਸੰਦ ਬਣਨ ਤੋਂ ਰੋਕ ਸਕਦੀ ਸੀ ? ਹਕੂਮਤ ਦੇ ਸੰਸਥਾਈ ਜ਼ਬਰ ਤੇ ਦਹਿਸ਼ਤ ਦਾ ਸਾਮ੍ਹਣਾ ਬੰਦਾ ਕਿਵੇਂ ਕਰ ਸਕਦੈ ? ਅਹਿੰਸਾ

ਨਾਲ ਜਾਂ ਹੋਰ ਜਮਹੂਰੀ ਤਾਕਤਾਂ ਨਾਲ ? ਹਥਿਆਰਬੰਦ ਸੈਨਿਕਾਂ ਨੂੰ ਇੱਟਾਂ, ਰੋੜੇ ਮਾਰ ਕੇ ਜਾਂ ਹੱਥ ਵਿਚ ਬੰਦੂ ਫੜ ਕੇ ? ਤਮਾਮ ਦਾ ਭਰਾ ਆਤੰਕਵਾਦੀ ਬਣ ਗਿਆ ਤੇ 'ਉਸ ਬੱਸ 'ਤੇ ਚੜ੍ਹ ਗਿਆ ਜੋ ਕਿਤੇ ਵੀ ਨਹੀਂ ਜਾ ਰਹੀ ਤੇ ਹਰ ਮੰਜ਼ਿਲ ਵੱਲ ਜਾ ਰਹੀ ਸੀ'। ਤਮਾਮ ਬਲਾਤਕਾਰ ਵਿਚਲੀ ਹਿੰਸਾ ਦੇ ਸਾਮ੍ਹਣੇ ਝੁਕਣ ਤੋਂ ਇਨਕਾਰ ਕਰਦੀ ਹੈ ਪਰ ਜੀਵਨ ਦੀਆਂ ਸੱਚਾਈਆਂ ਹੋਰ ਹਨ। ਸਾਡੇ ਏਥੇ ਵਾਂਗ ਫਲਸਤੀਨੀਆਂ ਵਿਚ ਵੀ ਉਹ ਔਰਤ ਜਿਸ ਨਾਲ ਬਲਾਤਕਾਰ ਹੋ ਚੁੱਕਾ ਹੋਵੇ, ਔਰਤ ਨਹੀਂ ਰਹਿ ਜਾਂਦੀ। ਉਹ ਕੁਝ ਹੋਰ ਹੋ ਜਾਂਦੀ ਹੈ। ਉਸ ਔਰਤ ਲਈ 'ਜੂਠੀ', 'ਅਪਵਿੱਤਰ', 'ਨਾਪਾਕ' ਆਦਿ ਸ਼ਬਦ ਉਸ ਔਰਤ ਦੀ ਹੋਣੀ ਬਣ ਜਾਂਦੇ ਹਨ। ਪਰ ਸਾਡੇ ਸਮਾਜਾਂ ਵਿਚ ਏਹੋ ਜਿਹੇ ਜ਼ੁਲਮਾਂ ਦਾ ਸ਼ਿਕਾਰ ਹੋਈਆਂ ਔਰਤਾਂ ਨਾਲ ਜੋ ਵਿਹਾਰ ਹੁੰਦਾ ਹੈ, ਜੋ ਉਨ੍ਹਾਂ ਨੂੰ ਭੋਗਣਾ ਪੈਂਦਾ ਹੈ, ਕੀ ਸ਼ਬਦ ਉਸ ਨੂੰ ਬਿਆਨ ਕਰ ਸਕਦੇ ਨੇ ?

ਤਮਾਮ ਕੀ ਕਰੇ ? ਉਹਦੇ ਕੋਲ ਕੀ ਵਿਕਲਪ ਹਨ ? ਤਮਾਮ ਲੜਦੀ ਹੈ, ਡੋਲਦੀ ਹੈ, ਸੋਚਦੀ ਹੈ ਤੇ ਫਲਸਤੀਨ ਦੀ ਹਕੀਕਤ ਤੋਂ ਮੂੰਹ ਮੋੜ ਕੇ ਆਪਣਾ ਨਿੱਜੀ ਫਲਸਤੀਨ ਬਣਾਉਣਾ ਲੋਚਦੀ ਹੈ, ਉਹ ਜਿਉਣਾ ਲੋਚਦੀ ਹੈ ਪਰ ਉਹ ਕਿੱਦਾਂ ਜੀਵੇ ? ਕੀ ਚਾਰਾ ਕਰੇ ? ਤਮਾਮ ਕੀ ਕਰੇ ? ਬੈਟੀ ਸ਼ੈਮੀਆ ਕੀ ਕਰੇ ? ਅਸੀਂ ਕੀ ਕਰੀਏ ?

ਇਸ ਨਾਟਕ ਦੇ ਪੜ੍ਹਨ ਦੇ ਨਾਲ ਨਾਲ ਸਾਨੂੰ ਆਪਣੇ ਆਲੇ-ਦੁਆਲੇ ਤੇ ਨੇੜੇ-ਤੇੜੇ ਦੀਆਂ ਹਕੀਕਤਾਂ ਬਾਰੇ ਵੀ ਸੋਚਣਾ ਚਾਹੀਦਾ ਹੈ। ਸਾਨੂੰ ਪੰਜਾਬ ਬਾਰੇ ਸੋਚਣਾ ਚਾਹੀਦੈ। ਸਾਨੂੰ ਕਸ਼ਮੀਰ ਬਾਰੇ ਸੋਚਣਾ ਚਾਹੀਦੈ। ਲਹਿੰਦੇ ਪੰਜਾਬ ਬਾਰੇ ਸੋਚਣਾ ਚਾਹੀਦੈ। ਆਪਣੇ ਆਪ ਬਾਰੇ ਸੋਚਣਾ ਚਾਹੀਦੈ। ਪਰ ਕੋਈ ਇਹ ਪ੍ਰਸ਼ਨ ਵੀ ਕਰ ਸਕਦੈ "ਇਨ੍ਹਾਂ ਸੋਚਾਂ ਦਾ ਕੀ ਮਤਲਬ ਐ ? ਕੀ ਇਨ੍ਹਾਂ 'ਚੋਂ ਕੁਝ ਨਿਕਲੇਗਾ ?"

## ਲੂ

ਆਓ, ਅੱਖਾਂ ਨਾ ਮੀਟੀਏ
ਉਸ ਸਭ ਕੁਝ ਤੋਂ
ਜੋ ਸਾਡੇ ਆਲੇ-ਦੁਆਲੇ, ਨੇੜੇ ਤੇੜੇ ਤੇ ਦੂਰਗਾਮ ਥਾਵਾਂ 'ਤੇ ਹੋ ਰਿਹੈ

ਜ਼ੁਲਮ ਜ਼ੁਲਮ ਐ
ਹੋਰ ਕੁਝ ਨਹੀਂ ਤਾਂ
ਹਾਂ ਵਿਚ ਹਾਂ ਤਾਂ ਨਾ ਮਿਲਾਈਏ
ਜ਼ਾਬਰ ਸਾਨੂੰ ਬਦਲਣਾ ਚਾਹੁੰਦੇ ਨੇ
ਉਹ ਸਾਨੂੰ ਆਪਣੇ ਵਰਗਾ ਬਣਾ ਲੈਣਾ ਚਾਹੁੰਦੇ ਨੇ
ਉਹ ਚਾਹੁੰਦੇ ਨੇ, ਅਸੀਂ ਉਨ੍ਹਾਂ ਵਿਚ ਸ਼ਾਮਿਲ ਹੋ ਜਾਈਏ

ਜਦ ਕੋਈ ਤੱਤੀ ਤਵੀ 'ਤੇ ਬੈਠਦੈ
ਤਾਂ ਕਿਸੇ ਕੋਲੋਂ ਕੁਝ ਵੀ ਨਹੀਂ ਹੁੰਦਾ
ਪਰ ਕੋਈ ਹਾਅ ਦਾ ਨਾਹਰਾ ਮਾਰਦੈ
ਜਦ ਕੋਈ ਨੀਂਹਾਂ 'ਚ ਚਿਣਿਆ ਜਾਂਦੈ
ਤਾਂ ਵੀ ਕੋਈ ਹਾਅ ਦਾ ਨਾਹਰਾ ਮਾਰਦੈ

ਹਾਅ ਦਾ ਨਾਹਰਾ ਮਾਰਨ ਲਈ ਵੀ
ਦਿਲ ਜਿਗਰਾ ਚਾਹੀਦੈ
ਆਪਣੇ ਇਨਸਾਨ ਹੋਣ 'ਤੇ ਯਕੀਨ ਚਾਹੀਦੈ

ਉਸ ਤਰ੍ਹਾਂ ਇਹ ਇਕ ਵੱਖਰੀ ਗੱਲ ਐ
ਕਿ ਲੂ ਵਗ ਰਹੀ ਐ
ਤੇ ਸੈਨਸੈਕ ਚੜ੍ਹ ਰਿਹੈ

-ਸਵਰਾਜਬੀਰ

ਇਕ ਪਾਤਰੀ ਨਾਟਕ

# ਤਮਾਮ

*-ਬੈਟੀ ਸ਼ੈਮੀਆ*

ਤਮਾਮ : ਮੇਰਾ ਨਾਂ ਤਮਾਮ ਏ
ਇਸ ਦਾ ਮਤਲਬ ਏ 'ਅਖ਼ੀਰ' ਜਾਂ 'ਬਹੁਤ ਹੋ ਗਿਐ'

ਮੇਰਾ ਨਾਂ ਤਮਾਮ ਰੱਖਿਆ ਗਿਆ
ਕਿਉਂਕਿ ਮੇਰਾ ਪਰਿਵਾਰ ਨਹੀਂ ਸੀ ਚਾਹੁੰਦਾ
ਕਿ ਹੋਰ ਧੀਆਂ ਜੰਮਣ
ਅਸੀਂ ਸੱਤ ਭੈਣਾਂ ਤੇ ਮੈਂ ਅਖ਼ੀਰਲੀ
ਆਪਣੇ ਟੱਬਰ ਲਈ ਚੰਗੀ ਕਿਸਮਤ ਵਾਲੀ
ਮੇਰੇ ਤੋਂ ਬਾਅਦ, ਮੇਰੀ ਮਾਂ ਨੇ ਦੋ ਪੁੱਤ ਜੰਮੇ
ਹੁਣ ਉਨ੍ਹਾਂ ਦੋਹਾਂ 'ਚੋਂ ਇਕ ਰਹਿ ਗਿਐ

ਜਦ ਪੁੱਤ ਜੰਮਦਾ ਏ
ਤਾਂ ਅਸੀਂ ਜਸ਼ਨ ਕਿਉਂ ਮਨਾਉਂਦੇ ਆਂ ?

ਕਿਉਂਕਿ ਸਾਨੂੰ ਫਲਸਤੀਨੀਆਂ ਨੂੰ, ਗਾਜ਼ਾ ਦੀ ਧਰਤੀ 'ਤੇ ਰਹਿਣ ਵਾਲਿਆਂ ਨੂੰ
ਜ਼ੋਰਾਵਰਾਂ ਦੀ ਤਾਕਤ ਦਾ ਪਤਾ ਐ
ਜ਼ੋਰਾਵਰ ਕਾਨੂੰਨ ਬਣਾਉਂਦੇ ਨੇ
ਜ਼ੋਰਾਵਰ ਸ਼ਹਿਰਾਂ ਦੇ ਨਾਂ ਰੱਖਦੇ ਨੇ
ਤੇ ਫ਼ੈਸਲੇ ਕਰਦੇ ਨੇ ਕਿ ਉਨ੍ਹਾਂ ਸ਼ਹਿਰਾਂ 'ਚ ਕੌਣ ਰਹੇਗਾ
ਜਾਂ ਫਿਰ ਉਹ ਸੋਚਦੇ ਨੇ ਕਿ ਉਹ ਇਹ ਕਰ ਸਕਦੇ ਨੇ

ਤੇ ਅਸੀਂ...
ਅਸੀਂ ਜਾਣਦੇ ਆਂ, ਕਿ ਕਮਜ਼ੋਰ ਹੋਣ ਦਾ ਮਤਲਬ ਕੀ ਹੁੰਦੈ
ਕਿ ਕਿਵੇਂ ਵੀਰਾਨ ਦਿਲਾਂ ਤੇ ਸਹਿਮੇ ਹੋਏ ਮਨਾਂ ਨਾਲ
ਨਰਾਜ਼ਗੀ 'ਚ ਡੁੱਬੇ ਸਮਝੌਤਿਆਂ ਤੇ ਇੱਟ ਦਰ ਇੱਟ ਸੀਮੈਂਟ ਕਰੀਦੈ
ਓਸ ਵੇਲੇ
ਜਦੋਂ ਸਾਡੀ ਧਰਤੀ ਦਾ ਕੋਨਾ ਕੋਨਾ
ਗੋਲੀਆਂ ਨਾਲ ਵਿੰਨ੍ਹਿਆ ਪਿਐ
ਤੇ ਓਥੇ ਖਿਲਰੇ ਹੋਏ ਨੇ ਅੱਥਰੂ–ਗੈਸ ਵਹਾਉਣ ਵਾਲੇ ਕਨਸਤਰ
ਤੇ ਕਹਿੰਦੇ ਨੇ ਉਨ੍ਹਾਂ 'ਤੇ ਲਿਖਿਐ "ਮੇਡ ਇਨ ਪੈਨਸਿਲਵੇਨੀਆ'

ਇਹ ਜਿਹੇ ਸਮਿਆਂ ਵਿਚ, ਲੜਾਕੂਆਂ ਦੀ ਲੋੜ ਹੁੰਦੀ ਐ
ਉਨ੍ਹਾਂ ਦੀ ਥਾਂ ਲੈਣ ਲਈ ਜੋ ਲੜਦੇ ਲੜਦੇ ਮਾਰੇ ਗਏ ਹੋਣ

ਧੀ ਦਾ ਜਨਮ ਪੁੱਤਰ ਦੇ ਜਨਮ ਤੋਂ ਬਹੁਤ ਵੱਖਰੀ ਤਰ੍ਹਾਂ ਦਾ ਹੁੰਦੈ
ਧੀ ਉਹ ਤੋਹਫ਼ਾ ਐ ਜੋ ਬਹੁਤ ਈ ਕੀਮਤੀ ਹੁੰਦੈ

ਯਾਦ-ਦਿਹਾਨੀ, ਚੇਤਾਵਨੀ...ਕਿ ਇਸ ਦੁਨੀਆ ਵਿਚ ਮਾਸੂਮ
ਚੀਜ਼ਾਂ ਬਹੁਤੀ ਦੇਰ ਤੀਕ ਨਹੀਂ ਬਚਦੀਆਂ
ਏਥੇ ਮਾਪੇ ਆਪਣੇ ਆਪ ਨੂੰ ਭੁਚਲਾਉਂਦੇ ਨੇ
ਵਰਚਾਉਂਦੇ ਨੇ ਆਪਣੇ ਆਪ ਨੂੰ
ਇਹ ਸੋਚ ਸੋਚ ਕੇ ਕਿ ਮਰਦ-ਬੱਚਾ ਥੋੜ੍ਹਾ ਬਹੁਤ ਤਾਂ ਲੜੇਗਾ ਹੀ

ਮੈਂ ਉਸ ਬਾਰੇ ਗੱਲ ਕਰਨਾ ਚਾਹੁੰਦੀ ਆਂ
ਜੋ ਮੇਰੇ ਨਾਲੋਂ ਬਹੁਤ ਛੋਟਾ ਸੀ
ਪਰ ਹੁਣ ਮੇਰੇ ਤੋਂ ਬਹੁਤ ਵੱਡਾ ਹੋ ਗਿਐ

ਮੈਂ ਆਪਣੇ ਭਰਾ ਬਾਰੇ ਗੱਲ ਕਰਨੀ ਚਾਹੁੰਦੀ ਆਂ

ਉਹਨਾਂ ਕਹਾਣੀਆਂ, ਉਹਨਾਂ ਬਾਤਾਂ 'ਤੇ ਕਦੇ ਯਕੀਨ ਨਾ ਕਰਨਾ
ਜੋ ਤੁਸਾਂ ਸੁਣੀਆਂ ਨੇ
ਮੈਂ ਤੁਹਾਨੂੰ ਦੱਸਦੀ ਆਂ
ਮੈਂ ਆਪਣੇ ਭਰਾ ਤੋਂ ਕਿਤੇ ਜ਼ਿਆਦਾ ਦੀਨਦਾਰ ਸਾਂ, ਉਸ ਤੋਂ ਜ਼ਿਆਦਾ ਧਰਮੀ
ਜੇ ਉਹ ਸੁੱਤਾ ਹੁੰਦਾ
ਤਾਂ ਮੇਰਾ ਜੀਅ ਨਈ੍ਹੀਂ ਸੀ ਕਰਦਾ ਕਿ ਉਹਦੀ ਨੀਂਦ 'ਚ ਖਲਲ ਪਾਵਾਂ
ਕਿ ਉੱਠ ਇਹ ਨਮਾਜ਼ ਪੜ੍ਹਨ ਦਾ ਵੇਲਾ ਏ
ਜਦੋਂ ਇਜ਼ਰਾਈਲੀ ਸਾਡੀ ਧਰਤੀ 'ਤੇ, ਗਾਜਾ ਦੀ ਧਰਤੀ 'ਤੇ ਆਪਣੇ ਘਰ ਬਣਾ ਰਹੇ ਸਨ
ਤਾਂ ਉਹ ਇਰਾਕ 'ਚ ਜਾ ਕੇ ਡਾਕਟਰੀ ਦੀ ਪੜ੍ਹਾਈ ਕਰਨੀ ਚਾਹੁੰਦਾ ਸੀ
ਤਾਂ ਕਿ ਅਸੀਂ ਦੋ ਵਕਤ ਚੰਗੀ ਰੋਟੀ ਖਾ ਸਕੀਏ
ਏਸ ਲਈ ਜਦੋਂ ਅਜ਼ਾਨ ਹੁੰਦੀ
ਤਾਂ ਵੀ ਮੈਂ ਉਹਨੂੰ ਸੌਣ ਦਿੰਦੀ

ਤੇ ਫਿਰ ਇਕ ਦਿਨ ਉਹ ਫੜਿਆ ਗਿਆ
ਉਹਦੇ ਹੱਥ ਵਿਚ ਪੱਥਰ ਸੀ ਤੇ ਹੋਠਾਂ 'ਤੇ ਗਾਲ੍ਹ
ਤੇ ਮੈਂ ਉਹਨੂੰ ਜੇਲ੍ਹ ਵਿਚ ਮਿਲਣ ਗਈ
ਤੇ ਸਾਡੇ ਲੋਕ ਇਜਰਾਈਲੀ ਸੈਨਿਕਾਂ ਵੱਲ
ਨਫ਼ਰਤ ਭਰੀਆਂ ਨਜ਼ਰ ਨਾਲ ਵੇਂਹਦੇ
ਏਨੀ ਨਫ਼ਰਤ, ਜਿੰਨੀ ਕੁ ਨਫ਼ਰਤ ਦਾ ਭਾਰ ਬੰਦੇ ਦਾ ਦਿਲ ਸਹਿ ਸਕਦੈ
ਤੇ ਉਨ੍ਹਾਂ ਦੇ ਚਿਹਰੇ ਇਉਂ ਨਹੀਂ ਸਨ ਮਚਕੋੜੇ ਹੋਏ
ਜਿਵੇਂ ਉਨ੍ਹਾਂ ਨੇ ਕੌੜੀ ਚੀਜ਼ ਚਖ਼ ਲਈ ਹੋਵੇ
ਸਗੋਂ ਉਨ੍ਹਾਂ ਦੇ ਚਿਹਰੇ ਏਦਾਂ ਮਚਕੋੜੇ ਹੋਏ ਸਨ
ਜਿੱਦਾਂ ਕਿਸੇ ਨੇ ਉਨ੍ਹਾਂ ਦਿਆਂ ਸੰਘਾਂ 'ਚ ਅੱਕਾਂ ਦੀਆਂ ਕਕੜੀਆਂ ਤੁੰਨ ਦਿੱਤੀਆਂ ਹੋਣ

ਪਰ ਮੈਂ ਉਨ੍ਹਾਂ ਤੋਂ ਜ਼ਿਆਦਾ ਚਤੁਰ ਸਾਂ

ਮੈਂ ਜਾਣਦੀ ਸਾਂ ਮੈਨੂੰ ਜ਼ੋਰਾਵਰਾਂ ਦੀਆਂ ਭੂਲ-ਭੁਲਾਈਆਂ 'ਚੋਂ ਲੰਘਣਾ ਪੈਣਾ ਏ
ਤੇ ਮੈਂ ਸਾਊ ਤੇ ਨਿਮਰ ਬਨਣ ਦਾ ਪੂਰਾ ਯਤਨ ਕੀਤਾ
ਏਸ ਆਸ ਵਿਚ ਕਿ ਸ਼ਾਇਦ ਮੈਨੂੰ ਵੇਖ ਕੇ
ਉਨ੍ਹਾਂ ਨੂੰ ਕਿਸੇ ਯਹੂਦੀ ਕੁੜੀ, ਕਿਸੇ ਰੈਚਲ, ਕਿਸੇ ਸਾਰਾ ਜਾਂ ਕਿਸੇ ਰੁਥ ਦੀ ਯਾਦ ਆ ਜਾਏ

ਤੇ ਜਦੋਂ ਉਹ ਮੇਰੇ ਭਰਾ ਨੂੰ ਕੁੱਟਣ
ਤਾਂ ਸ਼ਾਇਦ ਘੱਟ ਬੇਰਹਿਮੀ ਨਾਲ ਕੁੱਟਣ
ਉਨ੍ਹਾਂ ਦੇ ਕੌੜਿਆਂ ਵਿਚ ਕੁਝ ਨਰਮੀ ਆ ਜਾਵੇ
ਉਸ ਚੀਜ਼ ਨੂੰ ਕੁੱਟਦਿਆਂ ਜੋ ਕਦੇ ਮੇਰੇ ਨਾਲੋਂ ਛੋਟੀ ਸੀ
ਤੇ ਹੁਣ ਮੇਰੇ ਤੋਂ ਵੱਡੀ ਹੋ ਗਈ ਸੀ

ਮੈਂ ਇਕ ਸੋਹਣੀ ਔਰਤ ਆਂ
ਇਹ ਕਿਸੇ ਦੁਆਰਾ ਕੀਤੀ ਗਈ ਸਿਫ਼ਤ ਨਹੀਂ
ਤੇ ਨਾ ਈ ਮੈਂ ਸ਼ੇਖੀ ਮਾਰ ਰਹੀ ਆਂ
ਇਹ ਹਕੀਕਤ ਐ
ਸੋਹਣੀਆਂ ਨਜ਼ਰਾਂ ਇਕ ਵਸਤ ਨੇ, ਜਾਇਦਾਦ, ਮਲਕੀਅਤ, ਜਿਸ ਦੀ ਮੈਂ ਮਾਲਕ ਆਂ
ਏਸੇ ਕਰਕੇ ਜਦ ਮੇਰੀ ਭੈਣ ਦੇ ਦਿਉਰ ਨੇ ਮੇਰਾ ਸਾਕ ਮੰਗਿਆ
ਤੇ ਮੇਰੀ ਦਾਦੀ ਨੇ ਨਾਂਹ ਕਰ ਦਿੱਤੀ
ਕਿਉਂਕਿ ਮੇਰੀ ਭੈਣ ਸਾਦ-ਮੁਰਾਦੀ ਸੀ, ਨਾ ਨੈਣ-ਨਕਸ਼, ਨਾ ਸੋਹਣੀ
ਉਹ ਖਾਨਦਾਨ ਉਹਦੇ ਲਈ ਤਾਂ ਠੀਕ ਸੀ
ਪਰ ਮੇਰੇ ਮੇਚ ਦਾ ਨਈਂ ਸੀ
ਮੈਂ ਇਕ ਸੋਹਣੀ ਔਰਤ ਆਂ
ਤੇ ਇਹ ਕੋਈ ਸ਼ੇਖੀ ਨਹੀਂ
ਇਹ ਹਕੀਕਤ ਐ

ਤੇ ਜਦੋਂ ਇਜਰਾਈਲੀ ਸੈਨਿਕਾਂ ਨੇ ਜੇਲ੍ਹ ਦਾ ਬੂਹਾ ਖੋਲ੍ਹਿਆ
ਤਾਂ ਮੈਂ ਮੁਸਕਰਾਈ
ਜਿੰਨਾ ਸੋਹਣਾ ਮੈਂ ਮੁਸਕਰਾ ਸਕਦੀ ਸਾਂ
ਖਾਣ-ਪੀਣ ਦੀਆਂ ਚੀਜ਼ਾਂ ਦੀਆਂ ਟੋਕਰੀਆਂ ਤੇ ਛਿੱਕੂਆਂ ਨਾਲ ਲੱਦੀ
ਮੈਂ ਵਾਧੂ ਖਾਣਾ ਲਿਆਈ ਸਾਂ
ਇਹ ਆਸ ਕਰਦੀ ਹੋਈ ਕਿ ਮੈਂ ਸਭ ਨੂੰ ਭਰਮਾ ਲਵਾਂਗੀ
ਕਿਉਂਕਿ ਮੈਂ ਜਾਣਦੀ ਸਾਂ
ਕਿ ਉਸ ਗੰਦੀ ਜੇਲ੍ਹ ਵਿਚ
ਸਾਰਿਆਂ ਨੂੰ ਚੋਖਾ ਤੇ ਵਾਧੂ ਖਾਣਾ ਚਾਹੀਦਾ ਸੀ
ਤੇ ਜੇਲ੍ਹ ਦੇ ਰਾਖਿਆਂ ਨੂੰ ਦੂਜਿਆਂ ਤੋਂ ਦੋ-ਗੁਣਾ
ਨਹੀਂ ਤੇ ਮੇਰੇ ਭਰਾ ਨੂੰ ਕੁਝ ਨਹੀਂ ਸੀ ਮਿਲਣਾ

ਉਨ੍ਹਾਂ ਖਾਣੇ ਲਈ ਮੇਰਾ ਸ਼ੁਕਰੀਆ ਕੀਤਾ
ਤੇ ਮੇਰੇ ਭਰਾ ਦੇ ਸਾਮ੍ਹਣੇ ਮੇਰੇ ਨਾਲ ਬਲਾਤਕਾਰ ਕੀਤਾ
ਤੇ ਜਦ ਉਹ ਮੇਰੇ ਨਾਲ ਜਬਰ ਜਿਨਾਹ ਕਰ ਰਹੇ ਸਨ
ਤਾਂ ਉਨ੍ਹਾਂ ਮੇਰੇ ਭਰਾ ਨੂੰ ਮਜਬੂਰ ਕੀਤਾ
ਕਿ ਉਹ ਆਪਣੀਆਂ ਅੱਖਾਂ ਖੁੱਲ੍ਹੀਆਂ ਰੱਖੇ
ਕਿਉਂਕਿ ਉਹ ਕੁਝ ਜਾਨਣਾ ਚਾਹੁੰਦੇ ਸਨ
ਜੋ ਉਹ ਨਹੀਂ ਸੀ ਦੱਸ ਰਿਹਾ
ਤੇ ਜਾਨਣ ਦੇ ਹੱਕ ਵਿਚ ਘੜੀ ਆਪਣੀ ਦਲੀਲ ਦੀ ਸੀਖ
ਉਨ੍ਹਾਂ ਮੇਰੀ ਦੇਹ ਵਿਚ ਤੁੰਨ ਦਿੱਤੀ

ਹਾਂ, ਉਸ ਸੀਖ ਨਾਲ ਉਨ੍ਹਾਂ ਨੇ ਮੇਰੀ ਦੇਹ ਵਿੰਨ੍ਹੀ

ਮੈਨੂੰ ਦੱਸਿਆ ਗਿਐ
ਕਿ ਤਸੀਹੇ ਦੇਣ ਦੀ ਪ੍ਰਕਿਰਿਆ ਦਾ ਮੁਤਾਲਿਆ ਕਰਨ ਵਾਲੇ ਮਾਹਿਰ
ਇਸ ਅਮਲ ਦੀ ਪੜ੍ਹਾਈ ਕਰਨ ਵਾਲੇ
ਜੋ 'ਅਰਬ-ਮਨ' ਦਾ ਮੁਤਾਲਿਆ ਕਰਦੇ ਰਹੇ ਹਨ
ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਹੋ ਗਿਆ ਸੀ
ਇਸ ਗੱਲ ਦਾ ਪਤਾ ਚੱਲ ਗਿਆ ਸੀ
ਕਿ ਅਰਬ ਔਰਤਾਂ ਨਾਲ ਬਲਾਤਕਾਰ ਕਰਨ ਤੇ ਅਰਬ ਮਰਦਾਂ ਨੂੰ ਗ਼ੁੱਸਾ ਆਉਂਦੈ
ਤੇ ਗ਼ੁੱਸਾ ਉਸ ਪੌੜੀ ਦਾ ਪਹਿਲਾ ਡੰਡਾ ਐ
ਜਿਹੜੀ ਉਹਨੂੰ ਓਥੇ ਤਕ ਲੈ ਜਾਂਦੀ ਐ
ਜਿਥੇ ਜਾ ਕੇ
ਉਹ ਨਾ-ਮਰਦ ਹੋ ਜਾਂਦੈ, ਨਿਪੁੰਸਕ, ਲਾਚਾਰ

ਇਜਰਾਈਲੀ ਸਿਰਫ਼ ਸਾਨੂੰ ਕਾਕਰੋਚ ਈ ਨਹੀਂ ਕਹਿੰਦੇ
ਉਹ ਸਾਡੀ ਘੋਖ-ਪੜਤਾਲ ਕਰਦੇ ਨੇ, ਸਾਡੇ 'ਤੇ ਤਜਰਬੇ ਕਰਦੇ ਨੇ
ਜਿਵੇਂ ਸਾਡੇ ਬਾਰੇ ਪੇਸ਼ੀਨਗੋਈ ਕਰਨੀ ਏਨੀ ਆਸਾਨ ਹੋਵੇ
ਜਿਵੇਂ ਕਾਕਰੋਚਾਂ ਬਾਰੇ
ਜਿਵੇਂ ਸਾਨੂੰ ਮਾਰਨਾ ਮਿਟਾਉਣਾ ਏਨਾ ਈ ਆਸਾਨ ਹੋਵੇ, ਜਿਵੇਂ ਕਾਕਰੋਚਾਂ ਨੂੰ
ਉਨ੍ਹਾਂ ਦਾ ਮੁਤਾਲਿਆ ਦੱਸਦੈ ਕਿ ਅਰਬ ਮਰਦਾਂ ਲਈ, ਆਪਣੀਆਂ ਔਰਤਾਂ ਦੀ
ਆਬਰੂ, ਸਭ ਤੋਂ ਵੱਡੀ ਗੱਲ ਐ
ਉਨ੍ਹਾਂ ਦਾ ਮੁਤਾਲਿਆ ਇਹ ਵੀ ਦੱਸਦੈ ਕਿ ਮੇਰੇ ਅੰਦਰ ਕੋਈ ਏਹੋ
ਜਿਹੀ ਚੀਜ਼ ਸੀ ਜਿਹੜੀ ਟੁੱਟ ਨਹੀਂ ਸੀ ਸਕਦੀ
ਨਿਛੋਹ, ਅਟੁੱਟ, ਅਭੰਗ

ਤੁਸੀਂ ਅਰਬ ਮਰਦਾਂ ਤੇ ਅਰਬ ਔਰਤਾਂ ਬਾਰੇ ਜੋ ਵੀ ਕਹਿਣਾ ਏ, ਕਹਿ ਲਵੋ
ਤੇ ਏਸ ਗੱਲ ਬਾਰੇ ਵੀ, ਕਿ ਅਸੀਂ ਕਿਵੇਂ ਇਕ ਦੂਸਰੇ ਨੂੰ ਪਿਆਰ ਕਰਦੇ ਆਂ
ਪਰ ਇਕ ਗੱਲ ਪੱਕੀ ਜੇ
ਸਾਡੇ ਸਮਾਜ ਵਿਚ ਜਦ ਔਰਤ 'ਤੇ ਹੱਥ ਪਾਇਆ ਜਾਂਦੈ
ਤਾਂ ਇਸ ਗੱਲ ਦੇ ਹਕੀਕੀ ਨਤੀਜੇ ਭੁਗਤਣੇ ਪੈਂਦੇ ਨੇ
ਇਸ ਗੱਲ ਦੇ ਆਸਰਾਤ ਡੂੰਘੇ ਹੁੰਦੇ ਨੇ

ਜਦੋਂ ਪਹਿਲੇ ਹੱਥ ਨੇ ਮੈਨੂੰ ਝੰਜੋੜਿਆ ਤਾਂ ਅਸੀਂ ਦੋਵੇਂ ਚੀਕੇ
ਚੀਕ ਮੁੱਢ ਕਦੀਮ ਤੋਂ ਮਦਦ ਲਈ ਮਾਰੀ ਗਈ ਡਾਡ ਐ
ਤੇ ਉਨ੍ਹਾਂ ਨੇ ਉਸ ਨੂੰ ਜੂੜ ਦੱਤਾ, ਉਸ ਨੂੰ, ਜਿਸ ਕੱਲਮਕੱਲੀ ਨੂੰ
ਉਹ ਜੂੜ ਸਕਦੇ ਸਨ, ਮਤਲਬ ਮੈਨੂੰ
ਤੇ ਮੈਂ ਆਪਣੇ ਆਪ ਨੂੰ ਚੁੱਪ ਕਰਾ ਲਿਆ
ਕਿਉਂਕਿ ਇਹ ਇਕੋ ਇਕ ਤਰੀਕਾ ਸੀ
ਆਪਣੇ ਭਰਾ ਨੂੰ ਦੱਸਣ ਦਾ
ਕਿ ਮੈਂ ਉਹਨੂੰ ਕੁਝ ਨਹੀਂ ਦੱਸਣਾ ਚਾਹੁੰਦੀ

ਪਰ ਮੈਂ ਕੋਸ਼ਿਸ਼ ਕੀਤੀ ਕਿ ਮੇਰੇ ਸਾਹ ਇਕਸਾਰ ਰਹਿਣ

ਤੇ ਮੇਰੇ ਭਰਾ ਨੇ ਕੋਸ਼ਿਸ਼ ਕੀਤੀ ਕਿ ਉਹ ਮੂੰਹ ਭਵਾਂ ਲਏ
ਪਰ ਮੈਨੂੰ ਅਹਿਸਾਸ ਹੋਇਆ ਕਿ ਮੈਨੂੰ ਉਹਦੀ ਜ਼ਰੂਰਤ ਸੀ
ਤੇ ਜ਼ਰੂਰਤ ਸੀ ਕਿ ਉਹ ਮੇਰੇ ਵੱਲ ਵੇਖੇ, ਵੇਖੇ ਮੇਰੀਆਂ ਅੱਖਾਂ ਵਿਚ
ਤੇ ਸਮਝੇ

ਉਨ੍ਹਾਂ ਦਾ ਖ਼ਿਆਲ ਸੀ
ਕਿ ਬਿਪਤਾ ਦੀ ਏਸ ਘੜੀ ਵਿਚ
ਉਹ ਸਾਨੂੰ ਇਕ ਦੂਜੇ ਦੇ ਸਾਮ੍ਹਣੇ ਕਰਕੇ ਤੋੜ ਦੇਣਗੇ
ਪਰ ਸਾਨੂੰ ਬਿਪਤਾ ਸਹਿਣ ਦੀ ਆਦਤ ਪੈ ਚੁੱਕੀ ਐ
ਇਹ ਵੀ ਹੋਰਨਾਂ ਅਹਿਸਾਸਾਂ ਵਰਗੀ ਈ ਐ ਜਿਨ੍ਹਾਂ ਅੰਦਰ ਬੰਦਾ ਜਿਉਂਦੈ
ਤੇ ਤੁਸੀਂ ਏਹੋ ਜਿਹੇ ਚੀਜ਼ਾਂ ਦੇ ਵਿਰੁੱਧ ਤਾਣਾ ਬਾਣਾ ਬੁਣ ਸਕਦੇ ਓ

ਤੇ ਫਿਰ ਕਿਸੇ ਨੇ ਉਨ੍ਹਾਂ ਨੂੰ ਉਹ ਦੱਸ ਦਿੱਤਾ ਜੋ ਉਹ ਜਾਨਣਾ ਚਾਹੁੰਦੇ ਸਨ
ਤੇ ਦੋ ਹਫ਼ਤਿਆਂ ਬਾਅਦ ਉਨ੍ਹਾਂ ਨੇ ਮੇਰੇ ਭਰਾ ਨੂੰ ਛੱਡ ਦਿੱਤਾ

ਤੇ ਓਦੋਂ, ਹਾਂ ਓਦੋਂ, ਉਹਨੇ ਉਹ ਚੀਜ਼ ਬਣਾਈ
ਜੋ ਬੰਦੇ ਦੇ ਦਿਲ ਤੋਂ ਵੀ ਜ਼ਿਆਦਾ ਪੇਚੀਦਾ ਸੀ
ਤੇ ਉਹਨੇ ਉਸ ਚੀਜ਼ ਨੂੰ ਛਾਤੀ ਨਾਲ ਲਾ ਲਿਆ
ਤੇ ਉਹ ਉਸ ਲਾਰੀ 'ਤੇ ਚੜ੍ਹ ਗਿਆ ਜੋ ਕਿਤੇ ਵੀ ਨਹੀਂ ਸੀ ਜਾਂਦੀ
ਤੇ ਹਰ ਮੰਜ਼ਿਲ ਵਲ ਜਾਂਦੀ ਸੀ

ਤੇ ਜਿਸ ਦਿਨ ਉਹਨੇ ਇਹ ਕੰਮ ਕੀਤਾ
ਉਸ ਦਿਨ ਨਾਸ਼ਤਾ ਕਰਦਿਆਂ ਉਹਨੇ ਮੈਨੂੰ ਦੱਸਿਆ
"ਜ਼ੁਲਮ ਇਕ ਟਕਸਾਲ ਐ
ਤੁਸਾਂ ਉਹਦੇ ਅੰਦਰ ਬੰਦਿਆਂ ਨੂੰ ਪਾਉਂਦੇ ਜੇ
ਠੀਕ ਬਟਨ ਦਬਾਉਂਦੇ ਜੇ
ਤੇ ਫਿਰ ਵੇਖਦੇ ਜੇ
ਉਹ (ਬੰਦੇ, ਔਰਤਾਂ) ਨਪੀੜੇ ਜਾਂਦੇ ਨੇ, ਛੋਟੇ ਹੁੰਦੇ ਜਾਂਦੇ ਨੇ, ਚਪਟੇ ਹੁੰਦੇ ਜਾਂਦੇ ਨੇ
ਜਦ ਤਕ ਉਨ੍ਹਾਂ ਦੀ ਸ਼ਕਲ ਦੋ ਪਾਸਿਆਂ ਵਾਲੇ ਸਿੱਕੇ ਵਰਗੀ ਨਹੀਂ ਬਣ ਜਾਂਦੀ
ਉਹ ਸਿੱਕਾ
ਜਿਸਦਾ ਇਕ ਪਾਸਾ ਸ਼ਹੀਦ ਵਾਲਾ ਹੁੰਦੈ
ਤੇ ਦੂਸਰਾ ਪਾਸਾ ਗੱਦਾਰ ਵਾਲਾ
ਤੇ ਜ਼ਿੰਦਗੀ ਦੇ ਸਾਰੇ ਇਮਕਾਨਾਤ, ਸਾਰੀਆਂ ਸੰਭਾਵਨਾਵਾਂ
ਇਨ੍ਹਾਂ ਦੋ ਨਿਗੂਣੀਆਂ ਸੰਭਾਵਨਾਵਾਂ ਤਕ ਹੀ ਸੀਮਤ ਹੋ ਕੇ ਰਹਿ ਜਾਂਦੀਆਂ ਨੇ
ਤੇ ਉਸ ਸਿੱਕੇ ਨੂੰ ਹਵਾ ਵਿਚ ਉਛਾਲਿਆ ਜਾਂਦੈ
ਤੇ ਏਸ ਤੋਂ ਪਹਿਲਾਂ ਕਿ ਉਹ ਪੱਧਰੀ ਥਾਂ 'ਤੇ ਡਿੱਗੇ
ਉਹ ਹਾਲਾਤਾਂ ਦੀ ਹਵਾ ਵਿਚ ਘੁੰਮਦੈ
ਦੋ ਵਾਰ ਆਪਣੇ ਨਸੀਬਾਂ ਨੂੰ ਲੱਭਣ ਲਈ
ਤੇ ਤੀਸਰੀ ਵਾਰ, ਉਸ ਪਾਸੇ ਨੂੰ ਲੱਭਣ ਲਈ ਜਿਹਦੇ ਵੱਲ ਉਹ ਡਿੱਗਣਾ ਚਾਹੁੰਦੈ

ਤੇ ਜਿਹੜਾ ਪਾਸਾ ਹੇਠਾਂ ਨਰਕ ਵੱਲ ਹੁੰਦੈ
ਓਹੀ ਫ਼ੈਸਲਾ ਕਰਦੈ ਕਿ ਤੁਸੀਂ ਕੀ ਓ

ਤੇ ਓਹੀ ਫ਼ੈਸਲਾ ਕਰਦੈ ਕਿ ਤੁਸੀਂ ਓਦਾਂ ਦੇ ਕਿਵੇਂ ਬਣੋਂਗੇ"

ਕੀ ਉਹ ਮੈਨੂੰ ਸੱਚੀਂ-ਮੁੱਚੀਂ ਅਲਵਿਦਾ ਕਹਿ ਰਿਹਾ ਸੀ ?

ਜੇ ਮੈਨੂੰ ਏਸ ਗੱਲ ਦਾ ਪਤਾ ਹੁੰਦਾ ਤਾਂ ਮੈਂ ਉਸ ਸਭ ਕੁਝ ਤੋਂ ਜ਼ਿਆਦਾ
ਕਹਿੰਦੀ ਜੋ ਮੈਂ ਉਸ ਦਿਨ ਕਿਹਾ
ਮੈਂ ਕਿਹਾ
"ਬੜੀ ਦਿਲਚਸਪ ਗੱਲ ਐ
ਤੂੰ ਸੋਚਦੈ
ਕਿ ਜ਼ਬਰ ਸਾਨੂੰ ਇਕ ਤਰ੍ਹਾਂ ਦੇ ਸਿੱਕੇ ਬਣਾ ਦਿੰਦੈ, ਪੈਸਿਆਂ ਵਰਗੇ
ਕਿੰਨੀ ਅਜੀਬ ਤਰ੍ਹਾਂ ਦੀ ਸੋਚ ਐ ਇਹ"

ਸੁਣੋ, ਮੇਰੀ ਗੱਲ ਧਿਆਨ ਨਾਲ ਸੁਣੋ
ਮੈਂ ਮਾਸੂਮ ਲੋਕਾਂ ਨੂੰ ਮਾਰਨ ਵਾਲੀਆਂ ਦਲੀਲਾਂ ਨਾਲ ਇਤਫ਼ਾਕ
ਕਿਸੇ ਵੀ ਹਾਲਤ ਵਿਚ, ਕਦੇ ਵੀ ਨਹੀਂ
ਹਾਂ, ਮੈਂ ਕਿਸੇ ਵੀ ਤਰ੍ਹਾਂ ਇਸ ਨਾਲ ਸਹਿਮਤ ਨਹੀਂ
ਪਰ ਕਿਸਮਤ ਦਾ ਗੇੜ ਵੇਖੋ
ਜਿਹੜੀ ਬਸ ਨੂੰ ਉਹਨੇ ਬੰਬ ਮਾਰ ਕੇ ਉਡਾਇਆ
ਉਸ ਵਿਚ ਇਜਰਾਈਲੀਆਂ ਸ਼ਹਿਰੀਆਂ ਦੇ ਨਾਲ ਫਲਸਤੀਨੀ ਵੀ ਬੈਠੇ ਹੋਏ ਸਨ
ਪਰ ਮੇਰਾ ਭਰਾ ਇਸ ਗੱਲ ਨੂੰ ਸਮਝ ਨਹੀਂ ਸੀ ਰਿਹਾ
ਕੋਈ ਵੀ ਨਹੀਂ ਸੀ ਸਮਝ ਰਿਹਾ

ਜਦੋਂ ਵੀ ਕਿਸੇ ਨੂੰ ਦੁੱਖ ਸਹਿਣਾ ਪੈਂਦੈ
ਮੈਂ ਬਹੁਤ ਦਿਲਗੀਰ ਹੁੰਦੀ ਆਂ
ਇਸ ਗੱਲ ਨਾਲ ਕੋਈ ਫ਼ਰਕ ਨਹੀਂ ਪੈਂਦਾ, ਉਹ ਕੌਣ ਹਨ
ਜਾਂ ਉਨ੍ਹਾਂ ਨੇ ਮੇਰੇ ਲੋਕਾਂ ਨਾਲ ਕੀ ਕੀਤਾ
ਕਿਸੇ ਵੀ ਇਨਸਾਨ ਦੀ ਜ਼ਿੰਦਗੀ ਦੀ ਬੱਤੀ ਗੁਲ ਨਹੀਂ ਕੀਤੀ ਜਾਣੀ ਚਾਹੀਦੀ
ਮੈਂ ਇਸ ਤਰ੍ਹਾਂ ਦੀ ਇਨਸਾਨ ਆਂ
ਜੋ ਨਫ਼ਰਤ ਦਾ ਨਸ਼ਾ ਕਰਕੇ ਸਰੂਰ ਵਿਚ ਆਉਣ ਤੋਂ ਇਨਕਾਰ ਕਰਦੀ ਆਂ
ਮੇਰੇ ਖ਼ਿਆਲ ਵਿਚ ਇਨਸਾਨ ਸਿਰਫ਼ ਏਸੇ ਤਰ੍ਹਾਂ ਦੇ ਈ ਹੁੰਦੇ ਨੇ

ਦੂਸਰੇ ਸ਼ਬਦਾਂ ਵਿਚ, ਕੋਈ ਮੈਨੂੰ ਸਿੱਕੇ ਨਹੀਂ ਬਦਲ ਸਕਦਾ

ਕੁਝ ਸਦੀਵੀ ਸੱਚ ਨੇ
ਇਨਸਾਨਾਂ ਨੂੰ ਮਾਰਨਾ ਗੁਨਾਹ ਹੈ, ਵਕਤ ਨੂੰ ਕਤਲ ਕਰਨਾ ਗ਼ਲਤ ਐ
ਤੇ ਜਿੰਨੇ ਬੰਦੇ ਅਸੀਂ ਇਜਰਾਈਲੀਆਂ ਦੇ ਮਾਰੇ ਨੇ
ਉਨ੍ਹਾਂ ਨੇ ਉਸ ਤੋਂ ਪੰਜ ਗੁਣਾ ਸਾਡੇ ਮਾਰੇ ਨੇ
ਤੇ ਮੈਂ ਸੋਚਦੀ ਆਂ, ਉਹ ਸਾਡੇ ਤੋਂ ਪੰਜ ਗੁਣਾ ਗ਼ਲਤ ਨੇ
ਉਨ੍ਹਾਂ ਵਾਸਤੇ ਦਿਲਗੀਰ ਹੋਣਾ ਬਹੁਤ ਮੁਸ਼ਕਿਲ ਕੰਮ ਏ
ਪਰ ਮੈਂ ਸਹੁੰ ਖਾਂਦੀ ਹਾਂ ਕਿ ਮੈਂ ਪੂਰਾ ਯਤਨ ਕਰਦੀ ਹਾਂ
ਪਰ ਇਹ ਕੰਮ ਸੌਖਾ ਨਹੀਂ
ਉਹ ਸ਼ਿਕਾਇਤ ਕਰਦੇ ਨੇ
ਕਿ ਜਦੋਂ ਉਹ ਸਾਡੇ ਘਰਾਂ 'ਤੇ ਬੰਬ ਸੁੱਟ ਰਹੇ ਹੁੰਦੇ ਨੇ

ਉਸ ਵੇਲੇ ਉਹ ਪਿਜ਼ਿਆਂ ਦੀ ਦੁਕਾਨ 'ਤੇ ਨਹੀਂ ਜਾ ਸਕਦੇ

ਮੈਨੂੰ ਪਤਾ ਹੋਣਾ ਚਾਹੀਦਾ ਸੀ ਕਿ ਮੇਰਾ ਭਰਾ ਏਹੋ ਜਿਹਾ ਕੰਮ ਕਰੇਗਾ
ਤੇ ਮੈਂ ਉਹਨੂੰ ਰੋਕ ਸਕਦੀ ਸਾਂ

ਤੇ ਹਰ ਵਾਰੀ ਜਦ ਉਹ ਹੱਥ 'ਚ ਰੋੜਾ ਫੜੀ
ਉਨ੍ਹਾਂ ਦੀਆਂ ਬੰਦੂਕਾਂ ਦਾ ਸਾਮ੍ਹਣਾ ਕਰਨ ਗਿਆ
ਤਾਂ ਮੈਂ ਉਹਨੂੰ ਕਿਹਾ—
"ਨਾ ਜਾ, ਆ, ਅਸੀਂ ਸ਼ਾਂਤਮਈ ਤਰੀਕਿਆਂ ਨਾਲ ਅਮਨ ਵੱਲ ਵਧੀਏ
ਆ, ਅਸੀਂ ਅਹਿੰਸਾ ਅਪਣਾਈਏ
ਤੂੰ ਕਿਸੇ ਦਾ ਮੁਹਰਾ ਨਾ ਬਣ
ਕੌਣ ਮੂਰਖ ਇਕ ਪੱਥਰ ਨਾਲ ਬੰਦੂਕ ਦਾ ਸਾਮ੍ਹਣਾ ਕਰ ਸਕਦੈ ?
ਬਾਕੀ ਲੋਕਾਂ ਨੂੰ ਰਹਿਣ ਦੇ, ਉਨ੍ਹਾਂ ਨੂੰ ਆਪਣੀਆਂ ਜ਼ਿੰਦਗੀਆਂ ਖ਼ਤਰੇ 'ਚ ਪਾਉਣ ਦੇ
ਉਨ੍ਹਾਂ (ਇਜ਼ਰਾਈਲੀਆਂ) ਨੂੰ ਕਦੇ ਵੀ ਸੱਚੀ ਜਿੱਤ ਨਹੀਂ ਮਿਲੇਗੀ
ਉਹ ਹਰ ਫ਼ਲਸਤੀਨੀ ਨੂੰ ਮਾਰ ਸਕਦੇ ਨੇ
ਪਰ ਹਵਾ ਸਾਡੇ ਨਾਂ ਲੈ ਲੈ ਕੇ ਹੁਆਂਕੇਗੀ
ਤੇ ਚੱਟਾਨਾਂ ਉੱਠ ਖੜ੍ਹੀਆਂ ਹੋਣਗੀਆਂ ਤੇ ਆਪਣੇ ਆਪ
ਉਨ੍ਹਾਂ ਨੂੰ ਫੇਹ ਦੇਣਗੀਆਂ"

ਮੈਂ ਹਮੇਸ਼ਾ ਉਹਨੂੰ ਕਹਿੰਦੀ ਰਹੀ "ਨਾ ਜਾ"
ਪਰ ਮੈਂ ਇਹ ਕਦੇ ਨਾ ਕਹਿ ਸਕੀ
"ਤੂੰ ਮੇਰੇ ਲਈ ਅਮੋਲ ਸ਼ੈਅ ਏਂ
ਇਸ ਦੁਨੀਆ ਵਿਚ ਮੇਰੇ ਲਈ ਸਭ ਤੋਂ ਬਹੁਮੁੱਲੀ ਸ਼ੈਅ
ਤੂੰ ਜੀਉਂਦਾ ਏਂ ਤੇ ਏਸੇ ਕਰਕੇ, ਇਹ ਧਰਤੀ ਆਪਣੀ ਧੁਰੀ ਦੁਆਲੇ ਭੁਆਂਟਣੀਆਂ ਖਾਂਦੀ ਏ
ਤੂੰ ਏਥੇ ਹੈਂ ਤੇ ਏਸੇ ਕਰਕੇ ਇਹ ਧਰਤ ਖ਼ੁਸ਼ੀ ਵਿਚ ਲੁੱਡੀਆਂ ਪਾਉਂਦੀ ਐ
ਸੂਰਜ ਤੈਨੂੰ ਵੇਖਣ ਲਈ ਚੜ੍ਹਦੈ
ਤੇ ਇਹ ਤੇਰੇ ਕਰਕੇ ਐ ਕਿ ਚੰਨ ਸੂਰਜ ਨੂੰ ਧੱਕਾ ਮਾਰਦੈ ਕਿ ਉਹ
ਤੇਰੇ ਅੰਬਰ ਵਿਚ ਤੇਰੇ ਸਾਮ੍ਹਣੇ ਪੇਸ਼ ਹੋ ਸਕੇ
ਪਰ ਇਨ੍ਹਾਂ ਵਿਚੋਂ ਕੋਈ ਵੀ ਤੈਨੂੰ ਏਦਾਂ ਪਿਆਰ ਨਹੀਂ ਕਰਦਾ
ਜਿੱਦਾਂ ਮੈਂ ਕਰਦੀ ਆਂ, ਵੀਰਾ ਮੇਰਿਆ

ਨਹੀਂ, ਉਹ ਮੇਰੇ ਪਿਆਰ ਦੇ ਲਾਗੇ ਚਾਗੇ ਵੀ ਨਹੀਂ ਆ ਸਕਦੇ

ਕੋਈ ਏਹੋ ਜਹੀ ਮੰਜ਼ਿਲ ਨਹੀਂ, ਸਿਆਸਤ ਦੀ ਕੋਈ ਏਹੋ ਜਹੀ ਮਨਸ਼ਾ ਨਹੀਂ
ਜੋ ਏਨੀ ਕੀਮਤੀ ਹੋਵੇ, ਕਿ ਤੈਨੂੰ ਮੈਥੋਂ ਖੋਹ ਕੇ ਲੈ ਜਾਵੇ
ਜੇ ਫਲਸਤੀਨ ਇਕ ਸੁਪਨਾ ਐ, ਜੇ ਫਲਸਤੀਨ ਇਕ ਯੂਟੋਪੀਆ ਐ
ਤਾਂ ਫਲਸਤੀਨ ਪਹਿਲਾਂ ਈ ਏਥੇ ਐ
ਫਲਸਤੀਨ ਦਾ ਮਤਲਬ ਐ, ਮੇਰੇ ਭਰਾ ਦਾ ਮੇਰੇ ਨਾਲ ਹੋਣਾ
ਤੇ ਜਦੋਂ ਮੇਰਾ ਪਹਿਲਾ ਅੰਞਾਣਾ ਜੰਮੇ, ਮੇਰੀ ਖ਼ੁਸ਼ੀ ਵਿਚ ਚੀਕਣਾ
ਤੇ ਜੀਉਂਦੇ ਰਹਿਣਾ ਤੇ ਮੇਰੇ ਨਾਲ ਜ਼ੋਰ ਜ਼ੋਰ ਦੀ ਹੱਸਣਾ
ਹਰ ਸਵੇਰ ਗਰਮ ਗਰਮ ਰੋਟੀਆਂ ਖਾਂਦੇ ਤੇ ਤੱਤੀ ਤੱਤੀ ਚਾਹ ਪੀਂਦੇ ਹੋਏ
ਅਸੀਂ ਇਹ ਸਭ ਕੁਝ ਕਰ ਸਕਦੇ ਆਂ

ਪਰ ਸਿਰਫ਼ ਓਦੋਂ, ਜਦੋਂ ਮੇਰੇ ਭਰਾਵਾ ਤੂੰ ਮੇਰੇ ਨਾਲ ਹੋਵੇਂ
ਤੇ ਇਹ ਸਭ ਕੁਝ ਸਾਡੇ ਲਈ ਬਹੁਤ ਐ, ਬਹੁਤ ਤੋਂ ਵੀ ਜ਼ਿਆਦਾ

ਤੇ ਜੇ ਮੇਰੇ ਵੀਰਾ, ਤੂੰ ਸੋਚਦੈਂ ਕਿ ਇਹ ਸਭ ਕੁਝ ਮੇਰੇ ਲਈ ਇਕ ਤੋਹਫ਼ਾ ਐ
ਤਾਂ ਤੋਹਫ਼ੇ ਵਾਲਾ ਡੱਬਾ ਖ਼ਾਲੀ ਹੋਵੇਗਾ
ਉਹ ਖ਼ਾਲੀ ਕਿਉਂ ਨਥ੍ਹੀਂ ਹੋਵੇਗਾ ?
ਜੇ ਤੂੰ ਏਥੇ ਨਾ ਰਿਹਾ ਭਰਾਵਾ ਤਾਂ ਹਰ ਸ਼ੈਅ ਸੱਖਣੀ ਹੋਵੇਗੀ

ਮੇਰੇ ਕਰਕੇ, ਜਾਂ ਮੇਰਾ ਨਾਂ ਲੈ ਕੇ
ਨਾ ਖ਼ੁਦ ਤਕਲੀਫ਼ ਦੇ, ਨਾ ਦੂਜਿਆਂ ਨੂੰ ਤਕਲੀਫ਼ਾਂ 'ਚ ਪਾ
ਜੇ ਤੂੰ ਮੈਨੂੰ ਛੱਡ ਕੇ ਦੂਰ ਚਲਾ ਗਿਆ, ਤਾਂ ਮੈਂ ਤੈਨੂੰ ਕਦੇ ਮੁਆਫ਼ ਨਹੀਂ ਕਰਾਂਗੀ
ਮੈਂ ਸੁਖੀ ਨਹੀਂ ਹੋਵਾਂਗੀ, ਹਾਂ, ਮੈਂ ਸੁਖੀ ਨਹੀਂ ਹੋਵਾਂਗੀ"

ਪਰ ਇਹ ਸਾਰਾ ਕੁਝ, ਮੈਂ ਕਹਿ ਨਾ ਸਕੀ
ਤੇ ਮੈਂ ਕਿਹਾ—'ਨਾ ਜਾ'
ਤੇ ਇਹ ਵੀ ਮੈਂ ਬਹੁਤਾ ਉੱਚਾ ਨਾ ਕਿਹਾ

ਉਨ੍ਹਾਂ ਨੇ ਸਾਡੇ ਘਰ 'ਤੇ ਬੁਲਡੋਜਰ ਫੇਰ ਦਿੱਤਾ
ਕਿਉਂਕਿ ਤੂੰ ਉਨ੍ਹਾਂ ਦੀ ਬੱਸ ਬੰਬ ਮਾਰ ਕੇ ਉਡਾ ਦਿੱਤੀ ਸੀ
ਤੇ ਇਸ ਸਭ ਕੁਝ ਵਿਚ
ਮੈਨੂੰ ਇਹ ਮਹਿਸੂਸ ਨਾ ਹੋਇਆ ਕਿ ਅਸਲੀ ਡਰ, ਆਪਣੇ ਅੰਦਰ ਤੀਕ ਸਹਿਮ ਜਾਣਾ ਕਿੱਦਾਂ ਦਾ ਹੁੰਦੈ
ਹਾਂ, ਇਹ ਮੈਨੂੰ ਤਦ ਤਕ ਮਹਿਸੂਸ ਨਹੀਂ ਸੀ ਹੋਇਆ, ਜਦ ਤਕ
ਮੈਂ ਆਪਣੇ ਛੋਟੇ ਭਰਾ ਵੱਲ ਨਹੀਂ ਸੀ ਤੱਕਿਆ
ਉਹ ਉਨ੍ਹਾਂ ਇਜਰਾਈਲੀਆਂ ਨੂੰ ਵੇਖ ਰਿਹਾ ਸੀ
ਸਾਡੇ ਘਰ ਨੂੰ ਨੇਸਤੋਨਾਬੂਦ ਕਰਦੇ ਹੋਏ
ਉਹ ਬੁਲਡੋਜਰ ਦੇ ਹਰ ਝਪਟੇ, ਹਰ ਜੁੰਬਸ਼ ਨੂੰ ਤੱਕ ਰਿਹਾ ਸੀ
ਤੇ ਉਹਦੀਆਂ ਅੱਖਾਂ ਵਿਚ ਤੇਰੀਆਂ ਅੱਖਾਂ ਤੋਂ ਜ਼ਿਆਦਾ ਗ਼ੁੱਸਾ ਸੀ, ਜ਼ਿਆਦਾ ਰੋਹ

ਤੇ ਉਸ ਸਮੇਂ ਮੈਂ ਮੰਗੀ ਹੋਈ ਸਾਂ
ਆਪਣੇ ਪਿਆਰੇ ਨਾਲ, ਗਾਜ਼ਾ ਦੇ ਸਭ ਤੋਂ ਅਮੀਰ ਮੁੰਡੇ ਨਾਲ
ਤੇ ਮੇਰਾ ਬਾਪੂ ਉਨ੍ਹਾਂ ਦੇ ਘਰ ਗਿਆ
ਤੇ ਉਹਦੇ ਪਿਉ ਨੂੰ ਦੱਸਿਆ ਕਿ ਮੇਰੇ ਨਾਲ ਕੀ ਹੋਇਐ ਸੀ
ਮੇਰਾ ਪਿਉ ਚਾਹੁੰਦਾ ਸੀ
ਕਿ ਜੇ ਅਸੀਂ ਦੋਵੇਂ ਪ੍ਰੇਮੀ ਪਿਆਰ ਦੇ ਰਾਹ 'ਤੇ ਤੁਰਦੇ ਰਹੇ ਤੇ ਵਿਆਹੇ ਗਏ
ਤਾਂ ਬਾਅਦ ਵਿਚ ਕੋਈ ਤੁਹਮਤ ਨਾ ਲੱਗੇ, ਬਦਖੋਈ ਨਾ ਹੋਵੇ
ਜਦ ਮੇਰੇ ਸਹੁਰਿਆਂ ਨੂੰ ਪਤਾ ਲੱਗੇ ਕਿ ਮੈਂ ਉਹ ਨਹੀਂ ਸਾਂ...ਜੋ ਮੈਂ ਪਹਿਲਾਂ ਸਾਂ

ਤੇ ਆਪਣੇ ਪਿਉ ਦੇ ਜ਼ੋਰ ਦੇਣ 'ਤੇ
ਮੇਰਾ ਪਿਆਰਾ ਮੈਨੂੰ ਛੱਡ ਕੇ ਚਲਾ ਗਿਆ
ਉਹਦੀ ਮਾਂ ਤਾਂ ਮੈਨੂੰ ਪਹਿਲਾਂ ਈ ਪਸੰਦ ਨਹੀਂ ਸੀ ਕਰਦੀ
ਉਹ ਉਹਨੂੰ ਆਪਣੇ ਸ਼ਹਿਰ ਲੈ ਗਈ ਤੇ ਓਥੋਂ ਦੀ ਕੁੜੀ ਨਾਲ ਵਿਆਹ ਦਿੱਤਾ
ਤੇ ਉਹ ਆਪਣੀ ਵਹੁਟੀ ਨਾਲ ਲੰਡਨ ਚਲਾ ਗਿਆ
ਤੇ ਉਸ ਤੋਂ ਬਾਅਦ, ਮੈਂ ਉਹਨੂੰ ਕਦੇ ਨਹੀਂ ਵੇਖਿਆ

ਮੈਂ ਇਸ ਗੱਲ ’ਤੇ ਯਕੀਨ ਕਰਨ ਦੀ ਕੋਸ਼ਿਸ਼ ਕਰਦੀ ਆਂ
ਕਿ ਮੈਂ ਕਦੇ ਵੀ ਏਹੋ ਜਿਹੇ ਬੰਦੇ ਨਾਲ ਵਿਆਹ ਨਹੀਂ ਸੀ ਕਰਾਉਣਾ
ਜੋ ਮੈਨੂੰ ਕਦੇ ਵੀ ਧੋਖਾ ਦੇ ਸਕਦਾ ਹੋਵੇ
ਤੇ ਮੈਂ ਏਸ ਗੱਲ ’ਤੇ ਯਕੀਨ ਕਰਨ ਦੀ ਕੋਸ਼ਿਸ਼ ਕਰਦੀ ਆਂ
ਕਿ ਉਹਦੇ ਬਿਨਾਂ ਮੈਂ ਚੰਗੀ ਭਲੀ ਆਂ

ਕੋਸ਼ਿਸ਼ ਇਕ ਅਮਲੀ, ਇਕ ਵਿਹਾਰਕ ਸ਼ਬਦ ਐ
ਉਸ ਦੀ ਬੁਜ਼ਦਿਲੀ ਇਕ ਤਰ੍ਹਾਂ ਦਾ ਤਸ਼ੱਦਦ ਸੀ
ਜਿਹੜਾ ਮੈਨੂੰ ਜ਼ਿਆਦਾ ਤਕਲੀਫ਼ ਪਹੁੰਚਾਉਂਦੈ
ਉਸ ਤਸ਼ੱਦਦ ਤੋਂ ਵੀ ਜ਼ਿਆਦਾ ਜੋ ਮੇਰੇ ਨਾਲ ਉਨ੍ਹਾਂ ਸੈਨਿਕਾਂ ਨੇ ਕੀਤਾ
ਕਿਉਂਕਿ ਮੈਂ ਇਸ ਤਸ਼ੱਦਦ ਲਈ ਪਰਾਇਆਂ ’ਤੇ ਇਲਜ਼ਾਮ ਨਹੀਂ ਲਾ ਸਕਦੀ
ਇਹ ਮੇਰੇ ਆਪਣਿਆਂ ਨੇ ਕੀਤਾ
ਤੇ ਏਦਾਂ ਕਰਨਾ ਏਨਾ ਹੀ ਦੁਖਦਾਈ ਐ, ਜਿੰਨਾ ਆਪਣੇ ਆਪ ’ਤੇ ਇਲਜ਼ਾਮ ਲਾਉਣਾ

ਤੇ ਮੈਂ ਆਪਣੇ ਭੈਣ ਦੇ ਦਿਉਰ ਨਾਲ ਵਿਆਹ ਕਰਾ ਲਿਆ
ਜਿਹਨੂੰ ਦੱਸ ਦਿੱਤਾ ਗਿਆ ਸੀ ਕਿ ਮੈਂ ਉਹ ਨਹੀਂ ਸਾਂ ਰਹੀ...ਜੋ ਪਹਿਲਾਂ ਸਾਂ

ਏਸ ਤੋਂ ਪਹਿਲਾਂ ਕਿ ਮੇਰਾ ਪਹਿਲਾ ਬੱਚਾ ਜੰਮਦਾ
ਮੇਰਾ ਛੋਟਾ ਭਰਾ ਇਰਾਕ ਚਲਾ ਗਿਆ
ਉਹ ਇੰਜੀਨੀਅਰਿੰਗ ਦੀ ਪੜ੍ਹਾਈ ਕਰਨ ਗਿਆ ਸੀ
ਮੈਨੂੰ ਉਹਦਾ ਫ਼ਿਕਰ ਰਹਿੰਦਾ
ਤੇ ਸਾਡੇ ਦੋਸਤਾਂ ਨੂੰ ਦੱਸਿਆ ਕਿ ਉਹ ਓਥੋਂ ਮਹੀਨਿਆਂ ਦੇ
ਮਹੀਨੇ ਗ਼ਾਇਬ ਰਹਿੰਦੈ
ਉਹਨੇ ਮੈਨੂੰ ਕਦੇ ਨਾ ਦੱਸਿਆ ਕਿ ਉਹ ਕਿੱਥੇ ਜਾਂਦਾ ਸੀ ਜਾਂ
ਉਹ ਕਦ ਘਰ ਪਰਤੇਗਾ

ਮੈਨੂੰ ਉਹਦੀ ਚਿੰਤਾ ਲੱਗੀ ਰਹਿੰਦੀ

ਮੈਂ ਤੇ ਮੇਰਾ ਘਰਵਾਲਾ ਇਕ ਦੂਸਰੇ ਨੂੰ ਸਮਝਦੇ ਆਂ
ਤੇ ਅਸਲ ਵਿਚ ਇਹ ਕੋਈ ਚੰਗੀ ਗੱਲ ਨਹੀਂ
ਮੇਰਾ ਘਰ ਵਾਲਾ ਮੈਨੂੰ ਕਦੇ ਇਹ ਗੱਲ ਭੁੱਲਣ ਨਹੀਂ ਦਿੰਦਾ ਕਿ
ਮੇਰੇ ਮਾਪਿਆਂ ਨੇ ਉਹਨੂੰ ਠੁਕਰਾ ਦਿੱਤਾ ਸੀ
ਤੇ ਜਦੋਂ ਉਹ ਗ਼ੁੱਸੇ ’ਚ ਆਉਂਦੈ ਤਾਂ ਮੈਨੂੰ ਗਸ਼ਤੀ ਕਹਿੰਦੈ
ਤੇ ਜਦ ਗ਼ੁੱਸੇ ’ਚ ਨਾ ਹੋਵੇ ਤਾਂ ਆਕੜ–ਖਾਂ

ਤੇ ਉਹ ਅਕਸਰ ਗ਼ੁੱਸੇ ਹੋ ਜਾਂਦੈ
ਖ਼ਾਸ ਕਰਕੇ ਜਦੋਂ ਉਹ ਘਰਦਿਆਂ ਦੇ ਖਾਣ ਜੋਗੀ ਰੋਟੀ ਸਬਜ਼ੀ ਵੀ ਨਹੀਂ ਲਿਆ ਸਕਦਾ
ਤੇ ਮੈਂ ਉਹਨੂੰ ਦੱਸਦੀ ਆਂ ਕਿ ਉਹ ਨਿਕੰਮਾ ਐ
ਉਹ ਇਨਸਾਨ ਨਹੀਂ
ਤੇ ਜਦੋਂ ਮੈਂ ਇਹ ਕਹਿੰਦੀ ਆਂ ਤਾਂ ਉਹ ਚੋਰੀ ਕਰਦੈ
ਇਹ ਇਕੋ ਇਕ ਤਰੀਕਾ ਐ ਜਿਹਦੇ ਨਾਲ ਘਰ ਖਾਣ ਜੋਗੀ ਰੋਟੀ ਆਉਂਦੀ ਐ
ਤੇ ਜਿਵੇਂ ਮੈਂ ਪਹਿਲਾਂ ਕਿਹੈ, ਅਸੀਂ ਇਕ ਦੂਸਰੇ ਨੂੰ ਚੰਗੀ ਤਰ੍ਹਾਂ ਸਮਝਦੇ ਆਂ

ਮੈਂ ਅਕਸਰ ਆਪਣੇ ਪਹਿਲੇ ਪ੍ਰੇਮੀ ਬਾਰੇ ਸੋਚਦੀ ਆਂ ਜਿਹੜਾ ਮੇਰੇ ਤੋਂ ਮੂੰਹ ਮੋੜ ਕੇ ਚਲਾ ਗਿਆ
ਤੇ ਰੋਜ਼ ਮੈਂ ਨਵੇਂ ਤੋਂ ਨਵੇਂ ਤਰੀਕੇ ਸੋਚਦੀ ਆਂ
ਤਸੱਵਰ ਕਰਦੀ ਆਂ ਕਿ ਜਦ ਉਹਨੂੰ ਮਿਲਾਂਗੀ ਤਾਂ ਕਿੱਦਾਂ ਦੱਸਾਂਗੀ
ਕਿ ਉਹ ਕਿੱਡਾ ਵੱਡਾ ਦਗ਼ਾਬਾਜ਼ ਨਿਕਲਿਆ
ਤੇ ਇਹ ਸਭ ਕੁਝ ਮੈਨੂੰ ਉਦਾਸ ਕਰ ਦਿੰਦੈ
ਪਰ ਮੈਨੂੰ ਲੱਗਦੈ
ਭਾਵੇਂ ਉਹਨੇ ਮੇਰੇ ਨਾਲ ਧੱਕਾ ਕੀਤਾ
ਪਰ ਫਿਰ ਵੀ, ਮੇਰੇ ਪਹਿਲੇ ਬੋਲ, ਉਹ ਬੜੇ ਧਿਆਨ ਨਾਲ ਸੁਣੇਗਾ

ਤੁਹਾਨੂੰ ਲੋਕਾਂ ਨੂੰ ਦੱਸਣ ਦਾ ਸਿਰਫ਼ ਇਕ ਮੌਕਾ ਮਿਲਦੈ ਕਿ ਉਹ ਗ਼ਲਤ ਨੇ
ਇਹ ਇਕ ਮੌਕਾ ਵੀ ਇਸ ਲਈ ਮਿਲਦੈ
ਕਿਉਂਕਿ ਉਨ੍ਹਾਂ ਨੂੰ ਇਹ ਸਮਝਣ ਲਈ ਇਕ ਦੋ-ਮਿੰਟ ਲੱਗਦੇ ਨੇ
ਕਿ ਤੁਸਾਂ ਉਨ੍ਹਾਂ ਨੂੰ ਇਹ ਦੱਸ ਰਹੇ ਓ, ਜੋ ਉਹ ਸਮਝਣਾ ਨਹੀਂ ਚਾਹੁੰਦੇ
ਤੇ ਫਿਰ ਉਹ ਤੁਹਾਨੂੰ ਸੁਣਨਾ ਬੰਦ ਕਰ ਦਿੰਦੇ ਨੇ
ਭਾਵੇਂ ਉਹ ਤੁਹਾਡੇ ਕੋਲ ਖਲੋਤੇ ਰਹਿਣ
ਮੁਸਕਰਾਉਂਦੇ ਹੋਏ
ਉਹ ਕੰਨਾਂ ਤੇ ਦਿਲ ਵਿਚਲੇ ਦਰਵਾਜ਼ੇ ਨੂੰ ਪੱਕੀ ਤਰ੍ਹਾਂ ਬੰਦ ਕਰ ਲੈਂਦੇ ਨੇ
ਤੇ ਉਹਦੀ ਕੁੰਜੀ ਤੁਹਾਡੇ ਕੋਲੋਂ ਖੋ ਲੈਂਦੇ ਨੇ
ਹਮੇਸ਼ਾ ਲਈ

ਏਦਾਂ ਕਿਉਂ ਹੁੰਦੈ ?
ਕਿਉਂਕਿ ਉਹ ਜਾਣਦੇ ਨੇ ਜੇ ਉਹ ਤੁਹਾਡੀਆਂ ਗੱਲਾਂ ਸੁਣਦੇ ਰਹੇ
ਤਾਂ ਉਹ ਬਦਲਣਗੇ ਤਾਂ ਨਹੀਂ
ਪਰ ਉਨ੍ਹਾਂ ਨੂੰ ਉਹ ਬਣੇ ਰਹਿਣਾ ਥੋੜ੍ਹਾ ਜਿਹਾ ਔਖਾ ਲੱਗੇਗਾ
ਜੋ ਉਹ ਹੈਣ

ਜੇ ਅੱਜ ਉਹ ਮੈਨੂੰ ਮਿਲੇ ਤਾਂ ਮੈਂ ਉਹਨੂੰ ਕਹਾਂਗੀ
"ਤੈਨੂੰ ਮੇਰੇ ਨਾਲ ਵਿਆਹ ਕਰ ਲੈਣਾ ਚਾਹੀਦਾ ਸੀ
ਕਿਉਂਕਿ ਮੈਂ ਅਜੇ ਵੀ ਕੁਆਰੀ ਆਂ
ਉਸ ਸਭ ਕੁਝ ਦੇ ਬਾਵਜੂਦ, ਜੋ ਇਜਰਾਈਲੀ ਸੈਨਿਕਾਂ ਨੇ ਮੇਰੇ ਨਾਲ ਕੀਤਾ
ਹਾਂ, ਮੈਂ ਅਜੇ ਵੀ ਕੁਆਰੀ ਆਂ
ਕਿਉਂਕਿ ਜਿਹੜੇ ਮਰਦਾਂ ਨੇ ਮੇਰੇ ਨਾਲ ਏਦਾਂ ਕੀਤਾ
ਮੈਂ ਉਨ੍ਹਾਂ ਨੂੰ ਇਨਸਾਨ ਨਹੀਂ ਸਮਝਦੀ
ਤੇ ਜੇ ਤੈਨੂੰ ਏਸ ਗੱਲ ਦੀ ਰਤਾ ਕੁ ਸੋਅ ਜਾਂ ਸਮਝ ਹੁੰਦੀ
ਕਿ ਸੱਚਾ ਇਨਸਾਨ ਕੀ ਹੁੰਦੈ
ਜਾਂ ਕਿਵੇਂ ਬਣਿਆ ਜਾ ਸਕਦੈ
ਤਾਂ ਕੀ, ਤੂੰ ਮੈਨੂੰ ਪਰਨਾ ਨਾ ਲੈਂਦਾ"

ਮੇਰਾ ਨਾਂ ਤਮਾਮ ਏ
ਤੇ ਇਹਦਾ ਮਤਲਬ ਏ 'ਅਖ਼ੀਰ' ਜਾਂ 'ਬਹੁਤ ਹੋ ਗਿਐ'

(ਪਰਦਾ ਡਿੱਗਦਾ ਹੈ।)



# ਕਦਮਾਂ ਦੇ ਨਿਸ਼ਾਨ

(ਦਿੱਲੀ ਸਕੂਲ ਆਫ਼ ਕ੍ਰਿਟੀਸਿਜ਼ਮ)

ਐੱਸ. ਬਲਵੰਤ

ਅਦਾਰਾ ਵਾਹਗਾ ਪਾਠਕਾਂ ਨਾਲ ਇਹ ਗੱਲ ਸਾਂਝੀ ਕਰਕੇ ਮਾਣ ਮਹਿਸੂਸ ਕਰ ਰਿਹਾ ਹੈ ਕਿ ਨਾਮਵਰ ਲੇਖਕ ਅਤੇ ਪ੍ਰਕਾਸ਼ਕ ਐੱਸ. ਬਲਵੰਤ ਹੁਰੀਂ ਆਪਣੀਆਂ ਯਾਦਾਂ ਲੜੀਵਾਰ **ਵਾਹਗਾ** ਲਈ ਲਿਖਣਗੇ। ਇਨ੍ਹਾਂ ਕੋਲ ਪੰਜਾਬ ਦੇ ਪੁਸਤਕ ਸਭਿਆਚਾਰ ਅਤੇ ਪੰਜਾਬੋਂ ਬਾਹਰਲੇ ਪ੍ਰਕਾਸ਼ਕਾਂ ਬਾਰੇ ਮੁੱਲਵਾਨ ਖ਼ਜ਼ਾਨਾ ਹੈ। ਅਦਾਰਾ ਵਾਹਗਾ ਅਤੇ ਪਾਠਕਾਂ ਨੂੰ ਇਨ੍ਹਾਂ ਦੀ ਲਿਖਤ ਦੀ ਉਡੀਕ ਰਹਿੰਦੀ ਹੈ। *-ਸੰਪਾਦਕ*

ਸਾਹਿਤ ਤੇ ਆਲੋਚਨਾ ਦੋ ਐਸੇ ਪੱਖ ਹਨ ਜਿਵੇਂ ਕਿ ਇਨਸਾਨ ਦੇ ਦੋ ਹੱਥ। ਕਈ ਵਾਰੀ ਇਸ ਤਰ੍ਹਾਂ ਵੀ ਹੁੰਦਾ ਕਿ ਇਕ ਹੱਥ ਵੱਢ ਹੋ ਜਾਵੇ ਤਾਂ ਦੂਜਾ ਹੱਥ ਭਾਰੀ ਹੋ ਜਾਂਦਾ ਹੈ ਪਰ ਦੋਹੇਂ ਇਕ ਦੂਜੇ ਦੇ ਪੂਰਕ ਤਾਂ ਹੀ ਹੁੰਦੇ ਹਨ ਜਦੋਂ ਇਹ ਦੋਵੇਂ ਇਕ ਦੂਜੇ ਦੇ ਹਾਣ ਦੇ ਹੋਣ। ਪੰਜਾਬੀ ਸਾਹਿਤ ਅਤੇ ਆਲੋਚਨਾ ਦਾ ਹਾਲ ਵੀ ਜੇ ਡੂੰਘ ਨਾਲ ਘੋਖੀਏ ਤਾਂ ਅਜਿਹੇ ਤੱਤਵ ਦੇਖੇ ਜਾ ਸਕਦੇ ਹਨ। ਰੂਸੀ ਇਨਕਲਾਬ ਦਾ ਭਾਰਤੀ ਤੇ ਖਾਸ ਕਰਕੇ ਪੰਜਾਬੀ ਸਮਾਜ ’ਤੇ ਬਹੁਤ ਪ੍ਰਭਾਵ ਪਿਆ ਹੋਣ ਕਰਕੇ, ਇਸ ਦੇ ਸਾਹਿਤ ’ਤੇ ਇਸ ਦਾ ਪ੍ਰਭਾਵਤ ਹੋਣਾ ਯਕੀਨੀ ਸੀ। ਇਸੇ ਤਰ੍ਹਾਂ ਇਸ ਦੀ ਆਲੋਚਨਾ ਵੀ ਇਸ ਪੱਖੋਂ ਪਿੱਛੇ ਠਹਿਰਨ ਦੀ ਅਣਗਹਿਲੀ ਨਹੀਂ ਸੀ ਕਰ ਸਕਦੀ। ਰੂਸੀ ਇਨਕਲਾਬ ਨੇ ਭਾਰਤ ਦੀ ਆਜ਼ਾਦੀ ਦੇ ਘੋਲ ਨੂੰ ਵੀ ਬਹੁਤ ਪ੍ਰਭਾਵਤ ਕੀਤਾ ਤੇ ਇਸੇ ਤਰ੍ਹਾਂ ਪੰਜਾਬੀ ਸਾਹਿਤ ਤੇ ਆਲੋਚਨਾ ਵੀ ਇਸ ਦੇ ਅਸਰ ਤੋਂ ਰੰਗੀ ਗਈ। ਪੰਜਾਬੀ ਦੇ ਜਾਣੇ-ਮਾਣੇ ਕਈ ਲੇਖਕ ਇਸ ਪ੍ਰਭਾਵ ਹੇਠ ਲਿਖਦੇ ਮਿਲਦੇ ਹਨ। ਜੇ ਡੂੰਘ ਨਾਲ ਦੁਖ ਏ ਤਾਂ ਇਸ ਵਿਧੀ ਨਾਲ ਕੁਝ ਲੋਕ ਤਾਂ ਸ਼ੁਰੂ ਤੋਂ ਹੀ ਗੰਭੀਰਤਾ ਨਾਲ ਜੁੜੇ ਪਰ ਕੁਝ ਲੋਕਾਂ ਇਸੇ ਵਿਧੀ ਨੂੰ ਫੈਸ਼ਨ ਵਜੋਂ ਅਪਣਾ ਲਿਆ। ਵੈਸੇ ਤਾਂ ਹੋਰ ਬਹੁਤ ਸਾਰੇ ਨਾਂਅ ਲਏ ਜਾ ਸਕਦੇ ਹਨ, ਪਰ ਮਿਸਾਲ ਦੇ ਤੌਰ ਤੇ ਅਸੀਂ ਇਸੇ ਮਿਸਾਲ ਨੂੰ ਅੱਗੇ ਤੋਰਦੇ ਹੋਏ, ਜੇ ਗੱਲ ਕਰੀਏ ਤਾਂ ਓਸ ਪੀੜ੍ਹੀ ’ਚੋਂ ਮੁਕਾਬਲੇ ਵਿਚ ਗੁਰਬਖਸ਼ ਸਿੰਘ ਜਾਂ ਸੰਤ ਸਿੰਘ ਸੇਖੋਂ ਜਾਂ ਜਸਵੰਤ ਸਿੰਘ ਕੰਵਲ ਵਰਗੇ ਨਾਂਅ ਲਏ ਜਾ ਸਕਦੇ ਹਨ। ਸਾਰਿਆਂ ਦਾ ਟੀਚਾ ਇਕੋ ਹੈ ਪਰ ਗੱਲ ਕਹਿਣ ਦਾ ਅੰਦਾਜ਼ ਆਪੋ ਆਪਣਾ। ਬਾਅਦ ਵਿਚ ਅਗਲੀਆਂ ਪੀੜ੍ਹੀਆਂ ਦੇ ਬਹੁਤ ਸਾਰੇ ਲੋਕ ਵੀ ਇਸੇ ਲੀਹ ’ਤੇ ਸ਼ਾਮਲ ਹੁੰਦੇ ਗਏ।

1955-60 ਦੇ ਦੌਰਾਨ ਪੰਜਾਬੀ ਚਿਹਰਿਆਂ ਤੇ ਉਮੀਦੀ ਭਾਵਾਂ ਨੂੰ ਦੇਖਣ ’ਤੇ ਭਾਸਦਾ ਸੀ ਕਿ ਜਿਵੇਂ ਉਹ ਉਸ ਝੂਠੇ ਆਦਰਸ਼ਵਾਦ ਵਿਚ ਜੀਅ ਰਹੇ ਹੋਣ ਜਿਸ ਵਿਚ ਉਹਨਾਂ ਨੂੰ ਲਗਦਾ ਸੀ ਕਿ ਉਹ ਅੱਜ ਰਾਤ ਨੂੰ ਸੌਣਗੇ ਤਾਂ ਸਵੇਰੇ ਸੁੱਤੇ

ਉੱਠਦਿਆਂ ਤੀਕ ਸਮਾਜਵਾਦੀ ਪ੍ਰਬੰਧ ਹੋਂਦ ਵਿਚ ਆ ਚੁਕਾ ਹੋਵੇਗਾ। ਪਰ ਇਹ ਨਾ ਹੋਇਆ। ਰਾਜਨੀਤਕ ਬਦ-ਹਜ਼ਮੀ ਫੈਲਣੀ ਜ਼ਰੂਰੀ ਹੋ ਗਈ। ਅਗਾਂਹਵਧੂ ਪਾਰਟੀਆਂ ਦੀ ਨੀਅਤ 'ਤੇ ਸ਼ੱਕ ਉਭਰੇ। ਖੱਬੇ-ਪੱਖੀ ਜੱਦੋ-ਜਹਿਦਾਂ ਦੀ ਕਾਰਗੁਜ਼ਾਰੀ 'ਤੇ ਕਿੰਤੂ-ਪਰੰਤੂ ਹੋਏ। ਗਰਮ ਧੜਿਆਂ ਦੀ ਵੱਖਰਤਾ ਹੋਈ। ਨਕਸਲਵਾਦੀ ਲਹਿਰ ਵਰਗੀ ਜੱਦੋ-ਜਹਿਦ ਨੇ ਜਨਮ ਲਿਆ। ਰਾਜਨੀਤਕ ਪਾਰਟੀਆਂ 'ਚ ਦੁਫੇੜਾਂ ਹੋਈਆਂ। ਪਰ ਵਧੇਰੇ ਕਰਕੇ ਦੇਖਣ ਨੂੰ ਇਹ ਵੀ ਮਿਲਿਆ ਕਿ ਉਦੋਂ ਅਗਾਂਹ-ਵਧੂ ਲਹਿਰ ਦੀ ਲੀਡਰਸ਼ਿਪ ਵਿਚ ਵੰਡ ਪਾਉਣ ਤੇ ਉਸ ਨੂੰ ਟੁਕੜਿਆਂ ਵਿਚ ਤਬਦੀਲ ਕਰਨ ਵਿਚ ਉਸ ਵੇਲੇ ਦੇ ਲੋਕ ਕੇਂਦਰੀ ਲੀਡਰਸ਼ਿਪ ਦਾ ਖੂਬ ਹੱਥ ਸੀ। ਪਰ ਇਸ ਸਭ ਕਾਸੇ ਕਰਕੇ ਸਾਹਿਤ ਦੇ ਵਿਸ਼ਿਆਂ ਨੇ ਵੀ ਰੁਖ ਬਦਲਿਆ। ਇਸੇ ਤਰ੍ਹਾਂ ਆਲੋਚਨਾ ਵੀ ਬਦਲੀ।ਉਦੋਂ ਤੀਕ ਮਾਰਕਸਵਦੀ ਆਲੋਚਨਾ ਦੇ ਮੋਢੀ ਜਾਂ ਮੀਲ-ਪੱਥਰ ਸੰਤ ਸਿੰਘ ਸੇਖੋਂ, ਕਿਸ਼ਨ ਸਿੰਘ, ਜਾਂ ਕਈ ਹੋਰਨ ਨਾਂਅ ਸਥਾਪਤ ਹੋ ਚੁਕੇ ਸਨ। ਮਾਰਕਸਵਾਦੀ ਨਜ਼ਰੀਏ ਤੋਂ ਹੋ ਰਹੀ ਆਲੋਚਨਾ ਦਾ ਬੋਲਬਾਲਾ ਸੀ।

ਪਰ ਇਕ ਵੱਡੀ ਤਬਦੀਲੀ ਉਦੋਂ ਆਈ ਜਦੋਂ 1961 ਵਿਚ ਦਿੱਲੀ ਯੂਨੀਵਰਸਿਟੀ ਵਿਖੇ ਆਧੁਨਿਕ ਭਾਰਤੀ ਭਾਸ਼ਾਵਾਂ ਦੇ ਸਾਹਿਤ, ਤੇ ਇਹਨਾਂ ਹੀ ਭਾਸ਼ਾਵਾਂ ਤੇ ਸਭਿਆਚਾਰ ਦੇ ਹੋਰ ਅੰਗਾਂ ਨੂੰ ਸਮਝਣ ਲਈ "ਮੌਡਰਨ ਇੰਡੀਅਨ ਲੈਂਗੁਏਜ਼ਿਜ" ਵਿਭਾਗ ਦੀ ਸਥਾਪਨਾ ਕੀਤੀ ਗਈ, ਜਿਸ ਵਿਚ ਪੰਜਾਬੀ ਭਾਸ਼ਾ ਵੀ ਸ਼ਾਮਿਲ ਸੀ। ਇਸੇ ਹੀ ਵਿਭਾਗ 'ਚ ਅਧਿਆਪਕ ਤੇ ਚੋਟੀ ਸ਼ਾਇਰ ਪ੍ਰੋ਼ ਹਰਭਜਨ ਸਿੰਘ ਵੀ ਸ਼ਾਮਿਲ ਹੋਏ, ਜੋ ਆਹਲਾ ਦਰਜੇ ਦੇ ਆਲੋਚਕ ਵੀ ਸਨ। ਇਸ ਸਾਰੇ ਵਾਤਾਵਰਣ ਨੂੰ ਸਮਝਿਦਿਆਂ ਉਹਨਾਂ ਦੀ ਅੱਖ ਤੇ ਦਿਮਾਗ ਇਸ ਗੱਲ 'ਤੇ ਟਿਕ ਗਏ ਕਿ ਆਲੋਚਨਾ ਦਾ ਪਹਿਲੂ ਸਿਰਫ ਮਾਰਕਸਵਾਦੀ ਆਧਾਰ ਹੀ ਨਹੀਂ ਜੋ ਕਿਹਾ ਜਾ ਵਿਚਾਰਿਆ ਜਾ ਰਿਹਾ। ਉਹਨਾਂ ਸੰਸਾਰ ਭਰ 'ਚ ਹੋ ਰਹੀ ਸਾਹਿਤਿਕ ਆਲੋਚਨਾ ਨੂੰ ਆਧਾਰ ਬਣਾ ਪੰਜਾਬੀ ਆਲੋਚਨਾ ਵਿਚ ਨਵੀਂ ਪਿਰਤ ਸ਼ੁਰੂ ਕੀਤੀ, ਜਿਸ ਵਿਚ ਮਨੁੱਖੀ ਸੁੰਦਰਤਾ, ਇਸ ਦੇ ਰਹੱਸ ਤੇ ਸਮਝ-ਸਮਝਾਉਣ ਲਈ ਨਵੀਆਂ ਵਿਧੀਆਂ ਉਲੀਕਣ ਬਾਰੇ ਸੋਚਿਆ। ਤੇ ਉਹਨਾਂ ਵਲੋਂ ਹੌਲੀ ਹੌਲੀ ਪੁੱਟੇ ਕਦਮਾਂ ਤੇ ਹੱਲਾ-ਸ਼ੇਰੀ ਨਾਲ ਤਿਆਰ ਹੋ ਰਹੇ ਵਿਦਿਆਰਥੀਆਂ ਦੇ ਉੱਚ-ਪਾਏ ਦੇ ਕੀਤੇ ਕੰਮਾਂ ਨਾਲ ਦਿੱਲੀ ਯੂਨੀਵਰਸਿਟੀ ਦਾ ਪੰਜਾਬੀ ਵਿਭਾਗ "ਦਿੱਲੀ ਸਕੂਲ ਆਫ ਕ੍ਰਿਟੀਸਿਜਮ਼" ਦੇ ਤੌਰ 'ਤੇ ਸਥਾਪਤ ਹੁੰਦਾ ਗਿਆ ਤੇ ਪੰਜਾਬੀ ਆਲੋਚਨਾ ਦੇ ਨਕਸ਼ੇ 'ਤੇ ਸਭ ਤੋਂ ਉੱਪਰ ਆਣ ਬੈਠਾ। ਪੰਜਾਬੀ ਆਲੋਚਨਾ, ਲੇਖਣੀ, ਅਧਿਆਪਕੀ, ਭਾਸ਼ਾ ਵਿਗਿਅਨਤਾ, ਯਾਨੀ ਪੰਜਾਬੀ ਭਾਸ਼ਾ ਅਤੇ ਸਹਿਤ ਨਾਲ ਸੰਬੰਧ ਰੱਖਣ ਵਾਲੇ ਹਰ ਵਿਅਕਤੀ ਦੀਆਂ ਅੱਖਾਂ ਇਸ ਵਿਭਾਗ ਵੱਲ ਗੱਡ ਹੋਣੀਆਂ ਸ਼ੁਰੂ ਹੋ ਗਈਆਂ। ਇਕ ਸਮਾਂ ਉਹ ਆ ਗਿਆ ਜਦੋਂ ਇਸ ਸਕੂਲ ਨਾਲ ਜੁੜਨ ਲਈ ਲੋਕਾਂ ਦੇ ਮਨਾਂ ਵਿਚ ਖਾਹਸ਼ਾਂ ਦੇ ਭੰਡਾਰ ਉਮੜ ਪਏ। ਹਰ ਕੋਈ ਇਸ ਵਿਭਾਗ ਨਾਲ ਜੁੜਨ ਦੇ ਸੁਪਨੇ ਦੇਖਣ ਲੱਗਾ।ਇਸ ਸਕੂਲ ਨਾਲ ਜੁੜਨਾ ਇਕ ਬਹੁਤ ਵੱਡੇ ਮਾਣ ਦੀ ਗੱਲ ਬਣ ਗਈ।

1975 ਤੀਕ ਮੇਰਾ ਇਸ ਵਿਭਾਗ ਨਾਲ ਕੋਈ ਖਾਸ ਤੁਅੱਲਕ ਨਹੀਂ ਸੀ ਪਰ ਇਸ ਦੀ ਫੈਕਲਟੀ ਦੇ ਕਈ ਮੈਂਬਰ ਮੇਰੇ ਪਹਿਲਾਂ ਤੋਂ ਹੀ ਕਾਫੀ ਹਾਊਸ ਜਾਂ ਹੋਰ ਸਾਹਿਤਿਕ ਗਤੀਵਿਧੀਆਂ ਕਰਕੇ ਜਾਣੂੰ ਸਨ ਜਿਨ੍ਹਾਂ ਵਿਚ ਪ੍ਰੋ਼ ਹਰਿਭਜਨ ਸਿੰਘ, ਪ੍ਰੋ਼ ਸੁਤਿੰਦਰ ਸਿੰਘ ਨੂਰ, ਦੇਵਿੰਦਰ ਕੌਰ ਜਾਂ ਅਮਰੀਕ ਸਿੰਘ ਪੁੰਨੀ ਅਤੇ ਮਨਜੀਤ ਕੌਰ ਮੁੱਖ ਸਨ। ਫਿਰ ਜਦੋਂ 1975 ਵਿਚ ਮੈਂ ਆਪਣਾ ਖੁਦ ਦਾ ਪ੍ਰਕਾਸ਼ਨ ਅਜੰਤਾ ਪਬਲੀਕੇਸ਼ਨਜ਼ ਸ਼ੁਰੂ ਕੀਤਾ ਤਾਂ ਮੇਰਾ ਦਫਤਰ ਯੂਨੀਵਰਸਿਟੀ ਦੇ ਮੁੱਢ ਤੇ ਕਰੋੜੀ ਮੱਲ ਕਾਲਜ ਦੇ ਸਾਹਮਣੇ ਬੰਗਲੋ ਰੋਡ 'ਤੇ ਹੋਣ ਕਰਕੇ ਇਥੇ ਲਗਪਗ ਸਭ ਦਾ ਹੀ ਆਉਣਾ ਜਾਣਾ ਸ਼ੁਰੂ ਹੋ ਗਿਆ। ਹਾਲਾਂਕਿ ਮੈ ਸਿਰਫ ਅੰਗਰੇਜ਼ੀ ਬੋਲੀ ਵਿਚ ਹੀ ਕਿਤਾਬਾਂ ਪ੍ਰਕਾਸ਼ਤ ਕਰਦਾ ਸਾਂ ਤੇ ਪੰਜਾਬੀ ਵਿਚ ਬਿਲਕੁਲ ਨਹੀਂ, ਪਰ ਫਿਰ ਵੀ ਮੈਂ ਵਿਭਾਗ ਵਿਚ ਚਲੇ ਜਾਣਾ। ਸੈਮੀਨਾਰ, ਕਵੀ ਦਰਬਾਰ ਜਾਂ ਕਿਸੇ ਆਏ ਗਏ ਦੇ ਸਨਮਾਨ 'ਚ ਰੱਖੀ ਗੁਫਤਗੂ 'ਚ ਸ਼ਾਮਿਲ ਹੋ ਕੇ ਲਾਹਾ ਖੱਟ ਲੈਂਦਾ ਸਾਂ। ਸੰਸਕ੍ਰਿਤ, ਰਾਜਨੀਤੀ, ਇਤਿਹਾਸ ਵਗੈਰਾ ਵਿਭਾਗਾਂ ਨਾਲ ਮੇਰਾ ਸਿੱਧਾ ਵਾਸਤਾ ਵੀ ਸੀ।

ਉਦੋਂ ਤੀਕ ਪ੍ਰੋ਼ ਹਰਭਜਨ ਸਿੰਘ ਦੇ ਨਾਂਅ ਦਾ ਪੂਰੇ ਪੰਜਾਬੀ ਜਗਤ ਵਿਚ ਡੰਕਾ ਵੱਜਣ ਲੱਗ ਪਿਆ ਸੀ। ਹਰ ਪਾਸੇ ਦਿੱਲੀ ਸਕੂਲ ਆਫ ਥੌਟ ਜਾਂ ਦਿੱਲੀ ਸਕੂਲ ਆਫ ਕ੍ਰਿਟਿਸਿਜ਼ਿਮ ਦੀ ਬੱਲੇ ਬੱਲੇ ਹੋ ਰਹੀ ਸੀ। ਜਦੋਂ ਤੋਂ ਪ੍ਰੋ. ਹਰਭਜਨ ਸਿੰਘ ਆਧੁਨਿਕ ਭਾਰਤੀ ਭਾਸ਼ਾਵਾਂ ਦੇ ਵਿਭਾਗ ਦੇ ਮੁਖੀ ਬਣੇ ਤਾਂ ਬਹੁਤ ਸਾਰੀਆਂ ਭਾਰਤੀ ਭਾਸ਼ਾਵਾਂ ਦੇ ਲੇਖਕ/ਵਿਦਵਾਨਾਂ ਨਾਲ ਮੇਰੀਆਂ ਮੁਲਾਕਾਤਾਂ ਵੀ ਹੁੰਦੀਆਂ ਤੇ ਬਹੁਤ ਕੁਝ ਨਵਾਂ ਸਿੱਖਣ ਨੂੰ ਵੀ ਮਿਲਦਾ ਸੀ। ਹਰਭਜਨ ਸਿੰਘ ਦੀ ਤਿੱਖੀ ਤੇ ਸ਼ਾਇਰਾਨਾ ਆਵਾਜ਼ ਜਦ ਹਾਲ ਵਿਚ ਗੂੰਜਦੀ ਤਾਂ ਇਕ ਅਜੀਬ ਅਟੈਂਸ਼ਨ ਖਿੱਚਦੀ। ਇਕ ਵੱਖ ਹੀ ਦੁਨੀਆਂ ਵਿਚ ਲੈ ਜਾਂਦੀ। ਪਲਾਂ ਵਿਚ ਹੀ ਸੁਣਨ ਵਾਲੇ ਨੂੰ ਕਦੇ ਉਹ ਫਰਾਂਸ ਲੈ ਜਾਂਦੀ ਤੇ ਖਿਣਾਂ ਵਿਚ ਹੀ ਮਾਸਕੋ ਘੁੰਮਾਉਂਦੀ। ਕਦੇ ਮੁਲਤਾਨ ਲੈ ਜਾਂਦੀ

ਤੇ ਕਦੇ ਝੰਗ-ਮਘਿਆਣੇ। ਕਦੇ ਲਾਹੌਰ ਤੇ ਕਦੇ ਦਿੱਲੀ ਦੀਆਂ ਗਲੀਆਂ 'ਚ ਉਂਗਲ ਫੜ੍ਹ ਘੁਮਾਉਣ ਲੱਗ ਪੈਂਦੀ। ਯਾਨੀ ਹਰਭਜਨ ਸਿੰਘ ਦਾ ਭਾਸ਼ਨ ਐਨਾ ਮੁਗਧ ਕਰ ਦਿੰਦਾ ਕਿ ਪਤਾ ਹੀ ਨਾ ਚਲਦਾ ਕਿ ਮੈਂ ਦਿੱਲੀ ਯੂਨੀਵਰਸਿਟੀ ਦੇ ਇਕ ਕਮਰੇ ਵਿਚ ਹਾਂ। ਜਦੋਂ ਉਹ ਵੈਸਟ ਵਿਚ ਆਲੋਚਨਾ ਤੇ ਕੰਮ ਕਰ ਰਹੇ ਵਿਦਵਾਨਾਂ ਦੇ ਕੰਮ ਜਾਂ ਆਲੋਚਨਾ ਦੀਆਂ ਨਵੀਆਂ ਵਿਧੀਆਂ ਬਾਰੇ ਗੱਲ ਕਰਦੇ ਤਾਂ ਇੰਝ ਲਗਦਾ ਕਿ ਉਹ ਵਿਦਵਾਨ ਲੋਕ ਪੈਰਿਸ ਜਾਂ ਲੰਡਨ ਨਹੀਂ ਸਗੋਂ ਸਾਡੇ ਨਾਲ ਉਸੇ ਕਮਰੇ ਵਿਚ ਬੈਠੇ ਹੋਣ।

ਮੈਨੂੰ ਮੇਰੇ ਕਿੱਤੇ ਅਤੇ ਸ਼ੌਕ ਕਰਕੇ ਸੰਸਾਰ ਭਰ ਦੇ ਬਹੁਤ ਸਾਰੇ ਵਿਦਵਾਨਾਂ ਨੂੰ ਮਿਲਣ ਦੇ ਮੌਕੇ ਮਿਲਦੇ ਰਹੇ। ਕਈਆਂ ਨੂੰ ਬਹੁਤ ਨੇੜਿਓਂ ਦੇਖਣ-ਘੋਖਣ ਦੇ ਬੇਸ਼ੁਮਾਰ ਅਵਸਰ ਵੀ ਮਿਲੇ। ਹਰਭਜਨ ਸਿੰਘ ਦੀ ਵਿਦਵਤਾ ਦੇ ਆਫਰੀਨ ਤਾਂ ਮੈਂ ਸੀ ਹੀ ਪਰ ਜਿਸ ਤਰ੍ਹਾਂ ਕਿਸੇ ਭਾਸ਼ਾ ਦੀ ਪਕੜ ਤੇ ਆਪਣੇ ਵਿਚਾਰ ਨੂੰ ਸਮਝਾਉਣ ਦੀ ਸ਼ਕਤੀ ਉਨ੍ਹਾਂ ਕੋਲ ਸੀ, ਓਸ ਸਰਸਵਤੀ ਦਾ ਵਾਸਾ ਮੈਂ ਪੰਜਾਬੀ ਦੇ ਬਹੁਤ ਘੱਟ ਵਿਦਵਾਨਾਂ ਕੋਲ ਦੇਖੀ।

ਇਸ ਕਰਾਮਾਤ ਦੇ ਪਿੱਛੇ ਸ਼ਾਇਦ ਹਰਭਜਨ ਸਿੰਘ ਦਾ ਫਕੀਰਾਨਾ ਅੰਦਾਜ਼ ਵੀ ਬਹੁਤ ਅਹਿਮ ਸੀ। ਉਹ ਖੁਦ ਵਿਦਵਤਾ ਦੀ ਸਿਖਰ ਤਾਂ ਸਨ ਹੀ ਪਰ ਮਨੁੱਖ ਦੇ ਤੌਰ 'ਤੇ ਉਹ ਮਹਿਫਲਾਂ ਦੀ ਵੀ ਜਾਨ ਹੁੰਦੇ ਸਨ। ਦਿੱਲੀ ਦੇ ਇੰਡੀਅਨ ਕਾਫੀ ਹਾਊਸ ਵਿਚ ਉਹ ਵੱਡੇ ਤੋਂ ਵੱਡੇ ਲੇਖਕ, ਰੰਗਾਂ ਦੇ ਕਲਾਕਾਰ, ਬੁੱਤਘਾੜੇ ਸਭ ਉਹਨਾਂ ਦੇ ਯਾਰ ਸਨ। ਜਦੋਂ ਉਹ ਕਾਫੀ ਹਾਊਸ ਹੁੰਦੇ ਤਾਂ ਢਾਣੀ ਵਿਚ ਅਹਿਮ ਤੋਂ ਅਹਿਮ ਤੇ ਆਮ ਤੋਂ ਆਮ ਲੇਖਕ ਵੀ ਹੁੰਦੇ ਸਨ। ਉਂਝ ਹਰਭਜਨ ਸਿੰਘ ਕਰੋਲ ਬਾਗ ਦੇ ਨਾਈਵਾਲਾ ਇਲਾਕੇ ਵਿਚ ਰਹਿੰਦੇ ਸਨ ਤੇ ਉਥੇ ਨਾਲ ਹੀ ਅਜਮਲ ਖਾਂ ਰੋਡ ਤੇ ਸ਼ਾਇਰ ਹਰਨਾਮ ਅਤੇ ਹਰਧਿਆਨ ਸਿੰਘ ਰੋਡ ਤੇ ਤਾਰਾ ਸਿੰਘ ਕਾਮਿਲ ਰਹਿੰਦੇ ਸਨ। ਨਾਲ ਹੀ ਗੁਰਦੁਆਰਾ ਰੋਡ ਤੇ ਮਦਰਾਸ ਕਾਫੀ ਹਾਊਸ ਸੀ, ਜਿਥੇ ਹਿੰਦੀ ਤੇ ਉਰਦੂ ਦੇ ਲੇਖਕ ਲੋਕ ਵੀ ਆ ਜਾਂਦੇ ਤੇ ਢਾਣੀਆਂ ਬਣਾ ਗੱਪਾਂ ਮਾਰਦੇ। ਰਮੇਸ਼ ਗੌੜ, ਸੁਮਿੱਤਰ ਮੋਹਨ, ਅਮਰਜੀਤ ਸਿੰਘ (ਅਕਸ), ਸ਼ਾਂਤੀ ਦੇਵ, ਤੇ ਹੋਰ ਵੀ ਕਈ ਲੋਕ ਉਥੇ ਦੇਖੇ ਜਾ ਸਕਦੇ ਸਨ। ਤਰਲੋਕ ਸਿੰਘ ਕੰਵਰ, ਸੁਤਿੰਦਰ ਸਿੰਘ ਨੂਰ, ਕੁਲਜੀਤ ਸ਼ੈਲੀ, ਜਗਬੀਰ ਸਿੰਘ, ਮਨਜੀਤ ਸਿੰਘ,ਅਮਰੀਕ ਸਿੰਘ ਪੂੰਨੀ, ਗੁਰਚਰਨ ਸਿੰਘ, ਤੇ ਫੈਕਲਟੀ ਦੇ ਹੋਰ ਮੈਂਬਰ ਤੇ ਕਾਲਜਾਂ 'ਚ ਟੀਚਰ ਉਨ੍ਹਾਂ ਦੀਆਂ ਸੱਜੀਆਂ-ਖੱਬੀਆਂ ਬਾਹਾਂ ਬਣਦੇ ਗਏ। ਜਦੋਂ ਕਿਸੇ ਆਏ-ਗਏ ਦੀ ਆਮਦ ਵਿਚ ਸਾਰੇ ਇਕੱਠੇ ਹੁੰਦੇ ਤਾਂ ਕਦੇ ਕਦੇ ਮੇਰੀ ਸ਼ਮੂਲੀਅਤ ਵੀ ਹੁੰਦੀ। ਉਨ੍ਹਾਂ ਮਹਿਫਲਾਂ ਵਿਚ ਹਰਭਜਨ ਸਿੰਘ ਦਾ ਜਲਵਾ ਦੇਖਣ ਵਾਲਾ ਹੁੰਦਾ। ਉਸ ਦਾ ਥਾਟ ਤੇ ਕਨਵਿੰਸ ਕਰਨ ਦੀ ਸ਼ਕਤੀ ਇੰਨੀ ਪ੍ਰਬਲ ਹੁੰਦੀ ਕਿ ਉਹ ਆਪਣੇ ਆਰਗੂਮੈਂਟ ਨਾਲ ਸਭ ਨੂੰ ਲਾ-ਜਵਾਬ ਕਰ ਦਿੰਦੇ।

ਪ੍ਰੋ ਹਰਭਜਨ ਸਿੰਘ ਦੀ ਪ੍ਰਬੰਧਕੀ ਤੇ ਦੂਰ-ਅੰਦੇਸ਼ੀ ਭਾਂਪਣ ਵਾਲੀ ਅੱਖ ਵੀ ਕਮਾਲ ਦੀ ਸੀ। ਜਦੋਂ ਕੁਰੂਕਸ਼ੇਤਰ ਯੂਨੀਵਰਸਿਟੀ ਵਿਖੇ ਪੰਜਾਬੀ ਵਿਭਾਗ ਖੁੱਲ੍ਹਣਾ ਸੀ ਤਾਂ ਇੰਟਰਵਿਊ ਵਿਚ ਹੋਰਾਂ ਤੋਂ ਬਿਨਾ ਕੰਵਰ ਤੇ ਨੂਰ ਵੀ ਉਮੀਦਵਾਰ ਸਨ। ਹਰਭਜਨ ਸਿੰਘ ਦੇ ਨਾਲ ਵਿਸ਼ਵਾਨਾਥ ਤਿਵਾੜੀ ਐਕਸਪਰਟ ਸਨ। ਹਰਭਜਨ ਸਿੰਘ ਸੋਚ ਕੇ ਗਏ ਸਨ ਕਿ ਕੰਵਰ ਨੂੰ ਕੁਰੂਕਸ਼ੇਤਰ ਤੇ ਨੂਰ ਦੀ ਦਿੱਲੀ ਨੂੰ ਲੋੜ ਹੈ। ਸੋ ਉਹੀ ਹੋਇਆ। ਕੰਵਰ ਉਥੇ ਸੀਲੈਕਟ ਹੋ ਗਏ ਤੇ ਉਮੀਦ ਕਰਕੇ ਗਏ ਨੂਰ ਮੂੰਹ ਲਟਕਾਈ ਤ੍ਰਿਕਾਲਾਂ ਨੂੰ ਵਾਪਸ ਪਰਤੇ ਪਰ ਨੂਰ ਨੂੰ ਪੂਰੀ ਉਮੀਦ ਸੀ ਇਸ ਲਈ ਪਾਰਟੀ ਦਾ ਇੰਤਜ਼ਾਮ ਨੂਰ ਦੇ ਘਰ ਪਹਿਲਾਂ ਹੀ ਕੀਤਾ ਹੋਇਆ ਸੀ। ਹਰਭਜਨ ਸਿੰਘ ਨੂੰ ਪਤਾ ਸੀ ਕਿ ਨੂਰ ਨਾਰਾਜ਼ ਹੈ ਪਰ ਉਹ ਫਿਰ ਵੀ ਉਸ ਮਹਿਫਿਲ ਲਈ ਨੂਰ ਦੇ ਘਰ ਗਏ ਤੇ ਉਸ ਦੀ ਨਾਰਾਜ਼ਗੀ ਨੂੰ ਦੂਰ ਕੀਤਾ।

ਪਰ ਮੇਰੀ ਜਾਚੇ "ਦਿੱਲੀ ਸਕੂਲ ਆਫ ਕ੍ਰਿਟੀਸੀਜ਼ਮ ਜਾਂ ਥੌਟ" ਨੂੰ ਪਹਿਲੀ ਸੱਟ ਉਦੋਂ ਲੱਗੀ ਜਦੋ ਇਸ ਦੀ ਹੋਰ ਪ੍ਰਫੁੱਲਤਾ ਦੇ ਬਹਾਨੇ ਇਸ ਪੰਜਾਬੀ ਵਿਭਾਗ ਨੂੰ 1985 ਵਿਚ ਬਾਕੀ ਭਾਸ਼ਾਵਾਂ ਤੋਂ ਅਲੱਗ ਕਰ ਦਿੱਤਾ ਗਿਆ। ਪਤਾ ਨਹੀਂ ਵਿਭਾਗ ਨੂੰ ਵੱਖ ਕਰਨਾ ਵੀ ਇਕ ਰਾਜਨੀਤੀ ਸੀ ਜਾਂ ਇਸ ਦੀ ਡੈਸਟਿਨੀ ਪਰ ਪ੍ਰੋ ਹਰਭਜਨ ਸਿੰਘ ਦੇ ਰੀਟਾਇਰ ਹੋਣ ਬਾਅਦ ਇਸ ਵਿਚ ਵਿਦਵਤਾ ਦੀ ਥਾਂ ਰਾਜਨੀਤਕ ਦੰਗਲ ਸ਼ੁਰੂ ਹੋਇਆ ਤੇ ਪ੍ਰੋਫੈਸਰ ਦਾ ਸ਼ੁਰੂ ਕੀਤਾ ਤੇ ਪੰਜਾਬੀ ਸਾਹਿਤ ਅਤੇ ਆਲੋਚਨਾ ਵਾਲਾ ਝੰਡਾ ਰਾਜਨੀਤਕ ਦਲਦਲ ਵੱਲ ਧਸਦਾ ਹੀ ਗਿਆ।

ਪਰ ਹਰਭਜਨ ਸਿੰਘ ਵਰਗਾ ਵਿਦਵਾਨ, ਚਿਹਰੇ ਤੋਂ ਹੱਸਮੁਖ ਪਰ ਅੰਤਾਂ ਦਾ ਗੰਭੀਰ ਸ਼ਾਇਰ ਤੇ ਦਿਲ ਦਾ ਵਧੀਆ ਇਨਸਾਨ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਨੂੰ ਰੱਬ ਵਲੋਂ ਦਿੱਤੀ ਇਕ ਸੌਗਾਤ ਸੀ। ●

**E-mail : s.balwantuk@yahoo.co.uk**

# ਸੰਖ ਘੋਸ਼



ਸੰਨ 1965 ਵਿਚ ਮਲਿਆਲੀ ਮਹਾਂਕਵੀ ਸ਼ੰਕਰ ਕੁਰੁਪ ਪਹਿਲੇ ਗਿਆਨਪੀਠ ਇਨਾਮ ਜਿੱਤਣ ਵਾਲੇ ਲਿਖਾਰੀ ਹੋਏ ਹਨ ਪਰ ਹੁਣ ਤਾਈਂ 52 ਗਿਆਨਪੀਠ ਇਨਾਮ ਪਾਉਣ ਵਾਲਿਆਂ 'ਚੋਂ ਸਭ ਤੋਂ ਵੱਧ ਗਿਣਤੀ ਹਿੰਦੀ ਦੇ ਨੌਂ ਲਿਖਾਰੀਆਂ ਦੀ ਹੈ। ਦੂਜੇ ਥਾਂ ਉਤੇ ਕੰਨੜ ਭਾਸ਼ਾ ਵਿਚ ਲਿਖਣ ਵਾਲੇ ਸੱਤ ਕਵੀ, ਨਾਟਕਾਰ ਤੇ ਲੇਖਕ ਆਉਂਦੇ ਹਨ। ਪੰਜਾਬੀ ਵਿਚ ਇਹ ਸਨਮਾਨ ਪਾਉਣ ਵਾਲੇ – ਦੋ ਲਿਖਾਰੀ – ਅੰਮ੍ਰਿਤਾ ਪ੍ਰੀਤਮ ਅਤੇ ਗੁਰਦਿਆਲ ਸਿੰਘ ਹੋਏ ਹਨ। ਜਦੋਂ ਕਿ ਸੰਖ ਘੋਸ਼ ਨੂੰ ਰਲਾ ਕੇ, ਬੰਗਾਲੀ ਜ਼ੁਬਾਨ ਦੇ ਛੇ ਲੇਖਕਾਂ ਨੂੰ ਗਿਆਨਪੀਠ ਇਨਾਮ ਮਿਲੇ ਹਨ। ਬਿਸ਼ਨੂੰ ਦੇ (1971) ਅਤੇ ਸੁਭਾਸ਼ ਮੁਖੋਪਾਧਿਆਇ (1991) ਤੋਂ ਬਾਅਦ ਸੰਖ ਘੋਸ਼ ਇਹ ਇਨਾਮ ਜਿਤਣ ਵਾਲੇ ਤੀਜੇ ਬੰਗਾਲੀ ਕਵੀ ਹਨ। ਜਦੋਂ ਕਿ ਤਾਰਾਸ਼ੰਕਰ ਬੰਦੋਪਾਧਿਆਇ, ਆਸ਼ਾਪੂਰਨਾ ਦੇਵੀ ਅਤੇ ਮਹੇਸ਼ਵੇਤਾ ਦੇਵੀ – ਤਿੰਨ ਬੰਗਾਲੀ ਗਲਪਕਾਰਾਂ ਨੂੰ ਵੀ ਗਿਆਨਪੀਠ ਇਨਾਮ ਪ੍ਰਾਪਤ ਹੋਏ ਹਨ। ਬੰਗਾਲ ਦੇ ਲਿਖਾਰੀਆਂ ਨੂੰ ਅਨੇਕ ਵਰ੍ਹਿਆਂ ਤੋਂ ਸੰਖ ਘੋਸ਼ ਲਈ ਗਿਆਨਪੀਠ ਇਨਾਮ ਮਿਲਣ ਦੀ ਉਡੀਕ ਸੀ, ਜਿਹੜਾ ਕਿ ਉਹਨਾਂ ਨੂੰ 84 ਸਾਲ ਦੀ ਉਮਰ ਵਿਚ, 24 ਦਸੰਬਰ, 2016 ਨੂੰ ਆਖਰ ਮਿਲ ਹੀ ਗਿਆ।

ਬੰਗਲਾਦੇਸ਼ ਦੇ ਚੰਦਪੁਰ, ਕੋਮਿਲਾ ਜ਼ਿਲਾ ਵਿਖੇ, 6 ਫ਼ਰਵਰੀ 1932 ਨੂੰ ਜੰਮੇ, ਸੰਖ ਘੋਸ਼ ਨੂੰ 1977 ਵਿਚ (ਕਵਿਤਾ-ਸੰਗ੍ਰਹਿ: ਬਾਬਰ ਦੀ ਪ੍ਰਾਰਥਨਾ ਲਈ) ਸਾਹਿਤ ਅਕਾਦਮੀ ਅਵਾਰਡ ਮਿਲਿਆ ਸੀ। ਸੰਖ ਘੋਸ਼ ਨੇ ਬੰਗਾਲੀ ਭਾਸ਼ਾ ਵਿਚ ਐਮ. ਏ. ਕਰਨ ਮਗਰੋਂ ਕਲਕਤਾ ਯੂਨੀਵਰਸਟੀ ਦੇ ਕਈ ਕਾਲਜਾਂ ਵਿਚ ਬੰਗਾਲੀ ਪੜ੍ਹਾਈ। ਉਹ ਸ਼ਾਂਤੀ ਨਿਕੇਤਨ ਅਤੇ ਦਿੱਲੀ ਯੂਨੀਵਰਸਟੀ ਵਿਚ ਵੀ ਪੜ੍ਹਾ ਚੁਕੇ ਹਨ। ਉਹਨਾਂ ਨੂੰ ਆਪਣੀਆਂ ਮੌਲਕ ਕਵਿਤਾਵਾਂ ਦੇ ਨਾਲ ਨਾਲ ਗੁਰੂਦੇਵ ਰਬਿੰਦਰ ਨਾਥ ਟੈਗੋਰ ਉਤੇ ਲਿਖੇ ਅਨੇਕ ਉਘੇ ਲੇਖਾਂ ਕਾਰਣ ਜਾਣਿਆ ਜਾਂਦਾ ਹੈ। ਬਾਬਰ ਦੀ ਪ੍ਰਾਰਥਨਾ ਤੋਂ ਇਲਾਵਾ ਉਹਨਾਂ ਦੇ ਚਾਰ ਹੋਰ ਮਸ਼ਹੂਰ ਕਵਿਤਾ ਸੰਗ੍ਰਹਿ ਹਨ – 1) ਮੂਰਖ ਬੜਾ, ਸਮਾਜਿਕ ਨਹੀਂ 2) ਪੁਰਾਣੀਆਂ ਲਤਾਵਾਂ ਤੇ ਬੂਟੇ 3) ਕਵੀ ਦੇ ਕਹਿਣ ਦਾ ਅਰਥ 4) ਇਸ਼ਤਿਹਾਰਾਂ ਹੇਠ ਛੁਪੇ ਚਿਹਰੇ।


ਆਓ ਅਸੀਂ ਉਹਨਾਂ ਦੀਆਂ ਕਵਿਤਾਵਾਂ ਵੱਲ ਝਾਤੀ ਮਾਰੀਏ:

ਮੇਰੇ ਦੁਖ ਦੇ ਦਿਨ ਤਥਾਗਤ ਹੋਏ
ਮੇਰੇ ਸੁਖ ਦੇ ਦਿਨ ਭਸਮਾਨ ਹੋਏ
ਇਉਂ ਰਾਹ ਤੁਰਦੇ – ਮੀਂਹ ਵਾਲੇ ਦਿਨ
ਮੈਨੂੰ ਆਪਣੀ ਮੌਤ ਦੇ ਦਿਨ ਖ਼ਿਆਲ ਆਏ।

ਹੁਣ ਫੇਰ ਸੁੱਖਾਂ ਦੇ ਮੈਦਾਨ–
ਪਾਣੀਆਂ ਨਾਲ ਭਰ ਗਏ ਹਨ
ਹੁਣ ਫੇਰ ਦੁਖ ਨਾਲ ਜੀਰੀਆਂ ਦੇ ਖੇਤ ਡੁਬ ਗਏ ਹਨ
ਇਉਂ ਮੀਂਹ ਦੇ ਦਿਨ ਚੇਤੇ ਆਉਂਦੇ ਹਨ
ਜਿਵੇਂ ਮੇਰੀ ਜ਼ਿੰਦਗੀ ਦਾ –
ਕਿਤੇ ਕੋਈ ਅੰਤ ਨਹੀਂ ਬਚਿਆ ਹੋਵੇ !

ਥੋੜੀ ਹੋਰ ਪੀਓ, ਦਾਰੂ ਪੀਓ
ਨਹੀਂ ਤੇ –
ਇਸ ਧਰਤੀ ਦੇ ਦੁਖ ਨੂੰ ਬਰਦਾਸ਼ਤ ਕਰਨਾ ਕੋਈ ਸੌਖਾ ਨਹੀਂ।
ਐ ਪ੍ਰਭੂ, ਉਹ ਜਿਹੜਾ ਅਜੇ ਤਾਈਂ ਜਵਾਨ ਹੈ
ਤੁਸੀਂ ਉਸਨੂੰ ਛੇਤੀ ਅਧਖੜ ਬਣਾ ਦਿਓ
ਨਹੀਂ ਤਾਂ ਉਹ ਇਸ ਦੁਨੀਆਂ ਨੂੰ ਜੀਅ ਨਹੀਂ ਸਕੂੰਗਾ !

**ਪੇਸ਼ਕਾਰ : ਪ੍ਰਦੀਪ ਬੋਸ**


ਮੋਰਨੀ ਤੇ ਬੀਂ
ਡਰਾਇੰਗ : ਅਮਰਜੀਤ ਚੰਦਨ



# ਬੀਂ

## ਮੋਨਿਕਾ ਕੁਮਾਰ

ਇਹ ਦੱਸਣ ਵਾਲ਼ਾ ਕੋਈ ਨਹੀਂ ਕਿ ਸਾਡੇ ਟੱਬਰ ਚ ਬੀਅ ਨੂੰ ਬੀਂ ਕਹਿਣ ਦੀ ਆਦਤ ਕਿਵੇਂ ਪਈ। ਪਰ ਮੈਂ ਜਦੋਂ ਵੀ ਸੁਣਿਆ, ਮੇਰੇ ਕੰਨੀਂ ਬੀਂ ਦੀ ਆਵਾਜ਼ ਪਈ।ਸਾਡੇ ਟੱਬਰ ਜਾਂ ਮੁਹੱਲੇ ਦੇ ਆਪ ਬਣਾਏ-ਸਵਾਰੇ ਬਹੁਤੇ ਸ਼ਬਦਾਂ ਦੇ ਉੱਚਾਰਣ ਮੈਂ ਕਿਤਾਬਾਂ ਚੋਂ ਪੜ੍ਹ ਕੇ ਜਾਂ ਹੋਰਾਂ ਤੋਂ ਸੁਣ ਕੇ ਹੌਲ਼ੀ-ਹੌਲ਼ੀ ਦਰੁਸਤ ਕਰ ਲਏ, ਪਰ ਬੀਂ ਦਾ ਖਿਲਾਰ ਬਹੁਤ ਏ। ਏਸ ਆਪਹੁਦਰੇ ਉੱਚਾਰਣ ਦੇ ਮਗਰ ਬਹੁਤ ਲੋਕ ਖੜ੍ਹੇ ਨੇ, ਲੋਕਾਂ ਤੋਂ ਵਧ ਖ਼ਰਬੂਜ਼ੇ ਖੜ੍ਹੇ ਨੇ। ਮੈਨੂੰ ਭਰਮ ਏ ਕਿ ਬੀਂ ਚੋਂ ਬਿੰਦੀ ਕੱਢਣ ਨਾਲ਼ ਮੇਰੀ ਸਿਮ੍ਰਤੀ ਦੀ ਬਰਕਤ 'ਤੇ ਮਾੜਾ ਅਸਰ ਪਵੇਗਾ।

ਨਕੋਦਰ ਦੀਆਂ ਗਰਮੀ ਦੀਆਂ ਦੁਪਹਿਰਾਂ ਦੀ ਕਹਾਣੀ ਤਾਂ ਅਨੰਤ ਏ, ਪਰ ਬੀਂ ਦੀ ਗੱਲ ਹੁਣ ਹੋਰ ਨਹੀਂ ਟਾਲਣੀ। ਜਿਥੇ ਗਰਮੀਆਂ ਚ ਮੱਝਾਂ ਦਾ ਦੁੱਧ ਸੁੱਕ ਜਾਂਦਾ, ਸਬਜ਼ੀਆਂ ਘਟ ਕੇ ਟੀਂਡੇ ਤੋਰੀਆਂ ਰਹਿ ਜਾਂਦੀਆਂ, ਮੰਡੀ ਤੋਂ ਕੋਈ ਚੀਜ਼ ਪਾਈਆ-ਤਿੰਨਪਾਅ ਤੋਂ ਵਧ ਖ਼ਰੀਦਣ ਦੀ ਹਿੰਮਤ ਨਾ ਹੁੰਦੀ, ਤਾਂ ਓਥੇ ਖ਼ਰਬੂਜ਼ੇ ਰੋਜ਼ ਧੜੀ ਪੱਕੇ ਆਉਂਦੇ ਤੇ ਇੱਕਲਿਆਂ ਅਪਣੇ ਸਿਰ 'ਤੇ ਹੀ ਸੁਖ ਵਰਤਾਂਦੇ ਰਹੇ।ਹਰ ਵੇਲੇ ਚੱਲਣ ਵਾਲ਼ਾ ਆਹਾਰ - ਸਵੇਰ ਦਾ ਖ਼ਰਬੂਜ਼ਾ, ਦੁਪਹਿਰ ਦਾ ਖ਼ਰਬੂਜ਼ਾ, ਆਇਆਂ-ਗਿਆਂ ਨੂੰ ਖਵਾਉਣ ਵਾਲ਼ਾ ਖ਼ਰਬੂਜ਼ਾ, ਦੁੱਖ ਦਾ ਖ਼ਰਬੂਜ਼ਾ, ਦਾਨ ਕਰਨ ਦਾ ਖ਼ਰਬੂਜ਼ਾ, ਬਿਨਾਂ ਗੱਲ ਦਾ ਖ਼ਰਬੂਜ਼ਾ।'ਪਾਕਿਸਤਾਨੋਂ' ਉੱਜੜ ਕੇ ਆਏ ਟੱਬਰ ਨੂੰ ਰਿਜ਼ਕ ਦੀ ਕਮੀ ਭਾਵੇਂ ਹੁਣ ਨਹੀਂ ਸੀ, ਪਰ ਘਰ ਦੀ ਕੋਈ ਵੀ ਚੀਜ਼ ਅਜੇ 'ਤੋਲ' ਦੇ ਫ਼ਿਕਰ ਤੋਂ ਬਾਹਰੀ ਨਹੀਂ ਸੀ। ਇਨ੍ਹਾਂ ਟੱਬਰਾਂ ਵਿਚ ਕਮਾਉਣ ਵਾਲ਼ੇ ਮਰਦ ਤੇ ਘਰ ਚਲਾਉਣ ਵਾਲ਼ੀਆਂ ਔਰਤਾਂ - ਸਾਰੇ ਕਿਰਸ ਕਰਨ ਦੇ ਰੋਜ਼ ਨਵੇਂ-ਨਵੇਂ ਢੰਗ ਤਰੀਕੇ ਲਭਦੇ ਕਿਸੇ ਤਰ੍ਹਾਂ ਵੱਸਣ-ਰਸਣ ਸੌਖਾ ਕਰ ਰਹੇ ਸੀ। ਖ਼ਰਬੂਜ਼ਿਆਂ ਨਾਲ਼ ਬੇਫ਼ਿਕਰੀ ਰਹਿੰਦੀ ਸੀ, ਕਿਉਂਕਿ ਲੋਕਲ ਤੇ ਵਾਹਵਾ ਝਾੜ ਹੋਣ ਕਰਕੇ ਉਹ ਕੁਝ ਦਿਨ 'ਤੋਲ' ਤੇ ਕੀਮਤ ਦੇ ਡਰ ਤੋਂ ਬਾਹਰੇ ਵੀ ਰਹਿੰਦੇ।ਅੰਬਾਂ ਦੇ ਬਾਗ਼ ਉਸ ਇਲਾਕੇ ਚ ਨਹੀਂਹਨ, ਸੋ ਅੰਬ ਤਾਂ ਟਰੱਕਾਂ ਵਿਚ ਚੁੰਗੀ-ਰਾਹਦਾਰੀ ਲੱਗ ਕੇ ਹੀ ਮੰਡੀ ਪੁੱਜਦੇ। ਸੋ ਅੰਬਾਂ ਵੱਲੋਂ ਇੰਜ ਦੀ ਬੇਫ਼ਿਕਰੀ ਨਹੀਂ ਹੋ ਸਕੀ, ਜਿਵੇਂ ਸ਼ਾਇਦ ਅੰਬਾਂ ਦੇ ਦੇਸ ਹੁਸ਼ਿਆਰਪੁਰ ਚ ਹੁੰਦੀ ਹੋਵੇ।

ਛਿੱਲੜਾਂ ਦਾ ਭਰਿਆ ਥਾਲ਼ ਗਵਾਂਢੀਆਂ ਦੇ ਪਸ਼ੂਆਂ ਦੇ ਬਿਲੇ ਲਾ ਕੇ ਜਾਂ ਕਿਸੇ ਵੇਲੇ ਆਲ਼ਸ ਕਰਕੇ ਕੂੜੇ ਚ ਸੁੱਟ ਕੇ ਇਨ੍ਹਾਂ ਚੋਂ ਨਿਕਲ਼ਿਆ ਗੁੱਦਾ ਬੀਂ ਸਮੇਤ ਕਿਸੇ ਕਾਸੇ ਚ ਪਾਣੀ ਪਾ ਕੇ ਰਸੋਈ ਦੇ ਖੁਰੇ ਕੋਲ਼ ਰਖ ਦਿੱਤਾ ਜਾਂਦਾ।

ਵੱਡੇ ਤਾਈ ਜੀ ਬੀਂ ਮਲ਼-ਮਲ਼ ਕੇ ਧੋ-ਧਵਾ ਕੇ ਪਿੱਤਲ਼ ਦੀ ਛਾਨਣੀ ਚ ਪਾ ਕੇ ਉੱਚੀ ਥਾਂ ਰਖ ਦਿੰਦੇ। ਪਰ ਸਾਨੂੰ ਕੁੜੀਆਂ ਨੂੰ ਡੱਬੇ ਚ ਜਮਾਂ ਕੀਤੇ ਸੁੱਕੇ ਬੀਂਤੋਂ ਉਹ ਗਿੱਲੇ ਬੀਂ ਵਧ ਸੁਆਦਲੇ ਲਗਦੇ। ਏਹਦੀ ਭਿੱਜੀ ਗਿਰੀ ਦੰਦਾਂ ਹੇਠ ਚਿੱਥਦਿਆਂ ਅਨੋਖਾ

ਸੁਆਦ ਆਉਂਦਾ।ਮਾਂ ਦੇ ਦੁੱਧ ਦਾ ਸੁਆਦ ਤਾਂ ਚੇਤਾ ਨਹੀਂ; ਪਰ ਏਸ ਚੋਂ ਜਿਹੜਾ ਦੁੱਧ ਨਿਕਲ਼ਦਾ,ਉਹਦੀ ਥਿੰਦਾਈ ਤੇ ਮਿਠਾਸ ਵਰਗਾ ਹੋਰ ਕੋਈ ਸੁਆਦ ਨਹੀਂਚੱਖਿਆ।ਮੈਂ ਤੇ ਮੇਰੇ ਤੋਂ ਉਮਰ ਚ ਬੜੀਆਂ ਤਾਇਆਂ ਦਿਆਂ ਕੁੜੀਆਂ ਬੜੇ ਚਾਅ ਨਾਲ਼ ਬੀਂ ਚੂੰਡਣੇ, ਇਕ ਦੂਜੇ ਕੋਲ਼ੋਂ ਕਦੇ ਮੰਗ ਵੀ ਲੈਣੇ, ਦੁਪਹਿਰੇ ਜਦੋਂ ਮਾਵਾਂ ਨੀਂਦ ਦੀ ਝੁੱਟੀ ਮਾਰਦੀਆਂ, ਤਾਂ ਅਸੀਂ ਬੀਂ ਖਾਣੇ ਦੇ ਆਹਰ ਲੱਗ ਜਾਂਦੀਆਂ। ਗੱਲਾਂਬਾਤਾਂ ਦੀ ਰੌ ਨਾਲ਼ ਇਨ੍ਹਾਂ ਨੂੰ ਚੂੰਡਣ ਦੀ ਗਤੀ ਵੀ ਘਟਦੀ ਵਧਦੀ।ਤਾਈ ਜੀ ਵਿੱਚੋਂ ਸਾਨੂੰ ਟੋਕਦੇ, ਸਾਨੂੰ ਇੰਜ ਹੱਸੀ ਜਾਣ ਤੋਂ ਵਰਜਦੇ; ਪਰ ਸਾਨੂੰ ਸੁਣਦਾ ਕੁਝ ਨਹੀਂ ਸੀ। ਇਕ ਥਾਂ ਛਿੱਲੜਾਂ ਰਖਣ ਦੇ ਬਾਵਜੂਦ ਪੱਖੇ ਦੀ ਵਾ ਨਾਲ਼ ਸਾਰੇ ਫ਼ਰਸ਼ 'ਤੇ ਖਿਲਰ ਜਾਂਦੇ। ਵਾਰੀ ਨਾਲ਼ ਅਸੀਂ ਤਾਈ ਜਾਂ ਮੰਮੀ ਦੀ ਝਿੜਕ ਤੋਂ ਪਹਿਲਾਂ ਹੀ ਬੁਹਾਰ ਦਿੰਦੀਆਂ। ਪਰ ਏਨੇ ਚ ਵੀ ਕੀੜੀਆਂ ਅਪਣਾ ਦੇਸ਼ ਇਨ੍ਹਾਂ ਛਿੱਲੜਾਂ ਵਿਚ ਬਚੀਖੁਚੀ ਗਿਰੀ ਨਾਲ਼ ਭਰ ਲੈਂਦੀਆਂ। ਦੰਦਾਂ ਨਾਲ਼ ਬੀਂ ਛਿੱਲੋ, ਤਾਂ ਅਖ਼ੀਰ ਚ ਬਿੰਦੂ ਬਰੋਬਰ ਜੋ ਗਿਰੀ ਰਹਿ ਜਾਂਦੀ, ਖੌਰੇ ਕੀੜੀ ਦੇ ਟੱਬਰ ਜੋਗੀ ਬਥੇਰੀ ਹੋ ਜਾਂਦੀ ਹੋਵੇ। ਕੀੜੀਆਂ ਦਾ ਵੱਗ ਮੈਨੂੰ ਉਨ੍ਹਾਂ ਔਰਤਾਂ ਵਰਗਾ ਲਗਦਾ, ਜਿਹੜੀਆਂ ਕਿਸੇ ਕੰਮ ਨੂੰ ਬਾਹਰ ਗਈਆਂ ਰਾਹ ਚ ਦਿਸਦੀ ਸੁੱਕੀ ਲੱਕੜ ਦੀ ਛਿਲਤਰ ਜਾਂ ਛੋਟਾ-ਮੋਟਾ ਡੱਕਾ ਵੀ ਚੁੱਲ੍ਹੇ ਡਾਹੁਣ ਜੋਗਾ ਲੈ ਆਉਂਦੀਆਂ।ਦੋ ਵੇਲੇ ਬੀਂਛਕਣਾ ਸਾਡਾ ਕੰਮ ਰਿਹਾ, ਦੁਪਹਿਰ ਨੂੰ ਕੰਮ ਨਬੇੜ ਕੇ ਤੇ ਫੇਰ ਰਾਤ ਨੂੰ ਕੋਠੇ 'ਤੇ ਆਪੋ-ਅਪਣੀ ਮੰਜੀ 'ਤੇ ਪਿਆਂ ਸੌਣ ਤੋਂ ਪਹਿਲਾਂ ਸਿਰਹਾਣੇ ਹੇਠ ਰਖ ਲੈਣੇ ਤੇ ਫੇਰ ਪਤਾ ਨਹੀਂ ਕਦੋਂ ਨੀਂਦ ਆ ਜਾਣੀ। ਸਭੇ ਆਵਾਜ਼ਾਂ ਹੌਲ਼ੀ-ਹੌਲ਼ੀ ਸ਼ਾਂਤ ਹੋ ਜਾਣੀਆਂ ਤੇ ਮੰਜੀਆਂ ਨੀਂਦ ਦੇ ਤਲਿਸਮ ਚ ਬਝ ਜਾਣੀਆਂ। ਪਰ ਏਸ ਤਲਿਸਮ ਚ ਵੜਨ ਤੋਂ ਪਹਿਲਾਂ ਕੁੜੀਆਂ ਬੀਆਂ 'ਤੇ ਸਵਾਰ ਰੱਬ ਜਾਣੇ ਕੀ ਸੋਚਦੀਆਂ ਰਹੀਆਂ।

ਥੋਕ ਚ ਖਾਣ ਤੋਂ ਬਾਅਦ ਵੀ ਤਾਈ ਜੀ ਦਾ ਬੀਂ ਜੋੜਨ ਵਾਲ਼ਾ ਡੱਬਾ ਹੌਲ਼ੀ-ਹੌਲ਼ੀ ਭਰ ਜਾਂਦਾ।ਉਹ ਕੁਝ ਬੀਂ ਸਤਵੰਤ ਘਰ ਦੇ ਆਉਂਦੇ। ਸਤਵੰਤ ਮੋਚਣੀ ਨਾਲ਼ ਬੀਂ ਕੱਢ ਕੇ ਵੇਚਦੀ ਸੀ। ਸੌਦਾ ਉਹ ਸੀ ਕਿ ਅੱਧ ਉਹ ਆਪ ਰਖਦੀ ਤੇ ਬਾਕੀ ਗਿਰੀਆਂ ਮੋੜ ਦਿੰਦੀ; ਜਿਸਨੂੰ ਤਾਈ ਜੀ ਗਾਂਹ ਸਿਆਲ਼ ਚ ਪਿੰਨੀਆਂ ਚ ਪਾਉਣਗੇ। ਛੋਟੀ ਤਾਈ ਬੀਂ ਸੰਭਾਲਣ ਦਾ ਉਚੇਚ ਨਹੀਂ ਸੀ ਕਰਦੀ, ਉਹਨੂੰ ਸਿਰਫ਼ ਖ਼ਰਬੂਜ਼ੇ ਖਾਣੇ ਚੰਗੇ ਲਗਦੇ। ਇਕ ਉਹੋ ਤਾਈ ਸੀ, ਜੋ ਸਾਡੇ ਨਾਲ਼ ਤਾਸ਼ ਖੇਡਦੀ, ਇਮਲੀ ਦੀਆਂ ਗਿਟਕਾਂ ਨਾਲ਼ ਚਰੀਆ ਖੇਡਦੀ ਤੇ ਕਪੜੇ ਧੋਂਦੀ ਉਠ ਕੇ ਵੀ ਟੀਵੀ 'ਤੇ ਆਉਂਦਾ ਬੱਚਿਆਂ ਦਾ ਪ੍ਰੋਗਰਾਮ 'ਝਿਲਮਿਲ ਤਾਰੇ' ਵੇਖਦੀ ਤੇ ਪੌੜੀਆਂ ਚ ਬਹਿ ਕੇ ਮੂੰਹ ਚ ਬੋਲ-ਬੋਲ ਕੇ ਜਾਸੂਸੀ ਨਾਵਲ ਵੀ ਪੜ੍ਹਦੀ। ਓਸ ਤਾਈ ਕੋਲ਼ ਕੋਈ ਸਿੱਖਿਆ ਨਹੀਂ ਸੀ ਦੇਣ ਨੂੰ, ਉਹਨੂੰ ਕੋਈ ਫ਼ਿਕਰ ਨਹੀਂ ਸੀ ਸਿਆਲ਼ਚ ਪਿੰਨੀਆਂ ਕਿਵੇਂ ਬਣਨਗੀਆਂ; ਪਰ ਉਹ ਕੰਮ ਕਰਦੀ ਅੰਦਰ ਬਾਹਰ ਹੁੰਦੀ, ਤਾਂ ਜਦੋਂ ਮੌਕਾ ਮਿਲ਼ਦਾ ਖ਼ਰਬੂਜ਼ਾ ਖਾ ਲੈਂਦੀ ਸੀ ਤੇ ਜੇ ਕੋਈ ਉਹਨੂੰ ਘਰ ਦੇ ਕੰਮ ਦੀ ਯਾਦ ਕਰਾ ਦੇਵੇ, ਤਾਂ ਉਹਦੇ ਕੋਲ਼ ਘੜਿਆ-ਘੜਾਇਆ ਜਵਾਬ ਤਿਆਰ ਹੁੰਦਾ: ਭਾਂਡਿਆਂ ਕਿਹੜਾ ਕਿਤੇ ਨੱਸ ਜਾਣਾ।

ਇਕ ਸਤਵੰਤ ਸੀ, ਜੋ ਪ੍ਰਾਇਮਰੀ ਸਕੂਲੋਂ ਪੜ੍ਹਾ ਕੇ ਆ ਕੇ, ਰੋਟੀ-ਪਾਣੀ ਨਬੇੜ ਕੇ ਦੁਪਹਿਰੀ ਆਰਾਮ ਕੀਤੇ ਬਿਨਾਂ ਬੀਂ ਤੇ ਮੋਚਣੀ ਲੈ ਕੇ ਬਹਿ ਜਾਂਦੀ। ਕਦੇ ਮੈਦੇ ਦੀਆਂ ਪੂਣੀਆਂ ਕਰਕੇ ਸੇਵੀਆਂ ਵੱਟਦੀ ਤੇ ਫੇਰ ਵੇਚ ਲੈਂਦੀ। ਜਿਨ੍ਹਾਂ ਨੂੰ ਲੋੜ ਹੁੰਦੀ,ਉਹ ਘਰੇ ਆ ਕੇ ਲੈ ਜਾਂਦੇ। ਉਹ ਕੰਮ ਕੀਤੇ ਬਿਨਾਂ ਕੋਈ ਪਲ ਨਹੀਂ ਗਵਾਉਣਾ ਚਾਹੁੰਦੀ ਸੀ; ਗਲ਼ੀ ਚੋਂ ਤੁਰਦੀ, ਤਾਂ ਕਾਹਲ਼ ਨਾਲ਼ ਉਹਦੀ ਜੁੱਤੀ ਲੱਥਦੀ ਜਾਂਦੀ ਸੀ।ਪਰ ਰੱਬ ਜਾਣੇ ਉਹਦੇ ਅੰਦਰ ਕੀ ਕੁਰਬਲ ਸੀ ਕਿ ਉਹਦਾ ਘਰਵਾਲ਼ਾ ਹਰਭਜਨ ਜਦੋਂ ਲਾਡ ਨਾਲ਼ ਉਹਨੂੰ ਸਰਦਾਰਨੀ ਕਹਿ ਕੇ ਬਲਾਉਂਦਾ,ਉਹਦੇ ਨਿੱਕੇ ਹੱਥਾਂ ਦੇ ਬਣੇ ਮੱਕੀ ਦੇ ਟਿਕੜੇ ਦੀ ਤਾਰੀਫ਼ ਕਰਦਾ, ਤਾਂ ਵੀ ਸਤਵੰਤ ਅਪਣੇ ਹੱਥਾਂ ਤੋਂ ਆਟਾ ਝਾੜਦੀ ਗੱਲ ਨੂੰ ਬਹੁਤਾ ਭਾਅ ਨਹੀਂ ਸੀ ਦਿੰਦੀ। ਇੰਜ ਲਗਦਾ ਸੀ, ਜਿਵੇਂ ਸਤਵੰਤ ਨੂੰ ਕੰਮ ਤੋਂ ਇਲਾਵਾ ਕਿਸੇ ਗੱਲ 'ਤੇ ਭਰੋਸਾ ਨਹੀਂ।ਪੁੰਨਿਆ ਨੂੰ ਉਹ ਜਦੋਂ ਸਫ਼ੇਦ ਕਰੋਸ਼ੀਏ ਦੇ ਰੁਮਾਲ ਨਾਲ਼ ਢੱਕ ਕੇ ਰੋਟੀ ਦਾ ਥਾਲ ਗੁਰਦਵਾਰੇ ਦੇਣ ਜਾਂਦੀ, ਤਾਂ ਜੀਅ ਕਰਦਾ ਸੀ ਇਜਿਹਾ ਕੀ ਹੋ ਜ੍ਹੇ ਕਿ ਉਹ ਰੋਟੀ ਗੁਰਦਵਾਰੇ ਨਾ ਦੇ ਕੇ ਉਹ ਸਾਨੂੰ ਖਵਾ ਦੇਵੇ।ਪਰ ਇੰਜ ਕਦੇ ਨਹੀਂ ਹੋਇਆ। ਉਹ ਗਲ਼ੀ-ਗੁਆਂਢ ਦੇ ਮੂੰਹ ਨੂੰ ਵੀ ਹੋਰਨਾਂ ਨਿਆਣਿਆਂ ਨੂੰ ਬਹੁਤਾ ਅੰਦਰ ਨਹੀਂ ਸੀ ਵਾੜਦੀ। ਟੋਨੀ ਤੇ ਸੁਖਦੀਪ ਚੌਕੇ ਚ ਬਹਿ ਕੇ ਹੀ ਮਾਂ ਦੇ ਬਣਾਏ ਟਿਕੜੇ ਖਾਂਦੇ।

ਜਿਵੇਂ-ਜਿਵੇਂ ਲੂ ਚਲਦੀ ਚ ਥੋੜੀ ਦੇਰ ਗਲ਼ੀ ਦਾ ਕੰਮਕਾਰ ਬੰਦ ਹੋ ਜਾਂਦਾ, ਤਾਂ ਇਕ ਘੜੀ ਉਹ ਵੀ ਆਉਂਦੀ, ਜਦੋਂ ਸਾਰੀਆਂ ਆਵਾਜ਼ਾਂ ਨਿੰਮੀਆਂ ਹੋ ਜਾਂਦੀਆਂ ਤੇ ਬਾਹਰਲੇ ਬੂਹੇ ਵੱਲ ਦੀ ਡਿਓੜ੍ਹੀ ਚ ਬੈਠੀ ਸਤਵੰਤ ਦੀ ਮੋਚਣੀ ਦੀ ਟਿੱਕ-ਟਿੱਕ ਵੀ ਸਾਫ਼ ਸੁਣਦੀ, ਵਿੱਚੋਂ ਹੀ ਕਿਤੇ ਉਹ ਗੋਡਾ ਮੋੜਦੀ 'ਵਾਹੇਗੁਰੂ' ਵੀ ਬੁਲਾ ਛੱਡਦੀ।

ਖ਼ਰਬੂਜ਼ੇ ਇਕ ਬਰਸਾਤ ਨਾਲ਼ ਹੀ ਫਿੱਕੇ ਹੋ ਜਾਂਦੇ ਤੇ ਲੋਕਾਂ ਨੂੰ ਜਾਮਨਾਂ ਦਾ ਆਹਰ ਲਭ ਜਾਂਦਾ।ਪਰ ਮੇਰਾ ਦਿਲ ਉਦੋਂ ਟੁੱਟਿਆ, ਜਦੋਂ ਮੇਰੇ ਤਾਏ ਦੀ ਕੁੜੀ ਲੋਕਲ ਹੀ ਵਿਆਹੀ ਗਈ ਤੇ ਅਸੀਂਦੋਹੇਂ ਭੈਣਾਂ ਉਹਨੂੰ ਮਿਲਣ ਗਈਆਂ। ਗੱਲਾਂ ਵਿੱਚੋਂ ਗੱਲ ਨਿਕਲ਼ੀ, ਤਾਂ ਉਹਦੀ ਜਠਾਣੀ ਸਾਡੇ ਮੂੰਹੋਂ ਬੀਂ ਸੁਣ ਕੇ ਮਖੌਲ ਕਰਨ ਲੱਗ ਪਈ ਅਖੇ ਮੈਂ ਸੋਚਿਆ ਰਜਨੀ ਹੀ ਬੀਂ ਕਹਿੰਦੀ ਏ, ਤੁਹਾਡਾ ਤਾਂ ਸਾਰਾ ਟੱਬਰ ਹੀ ਬੀਂ-ਬੀਂ ਕਰਨ ਵਾਲ਼ਾ ਏ।ਮੈਂ ਅਪਣੀ ਦੀਦੀ ਵੱਲ ਵੇਖਿਆ, ਪਰ ਉਹ ਜਿਵੇਂ ਮੰਨੀ ਬੈਠੀ ਸੀ ਕਿ ਬੀਂ ਕਹਿਣਾ ਕੋਈ ਚੰਗੀ ਗੱਲ ਨਹੀਂ, ਸਹੁਰਿਆਂ ਦੇ ਉੱਚਾਰਣ ਭਲੇ ਹੁੰਦੇ ਨੇ। ਮੈਨੂੰ ਪਹਿਲਾਂ ਹੀ ਸ਼ੱਕ ਸੀ ਕਿ ਦੀਦੀ ਦੀ ਚਾਲਢਾਲ਼ ਬਦਲੀ ਹੋਈ ਲੱਗ ਰਹੀ, ਪਰ ਉਹ ਗੱਲ ਸੁਣ ਕੇ ਮੈਨੂੰ ਹੋਰ ਯਕੀਨ ਹੋ ਗਿਆ ਕਿ ਉਹ ਹੁਣ ਘਰ ਆ ਕੇ ਸਿਰਫ਼ ਸਾਨੂੰ ਏਧਰ ਦੀਆਂ ਗੱਲਾਂ ਸੁਣਾ ਕੇ ਹੀ ਰਾਜ਼ੀ ਹੋਇਆ ਕਰੇਗੀ।ਮੈਂ ਪਹਿਲਾਂ ਹੀ ਗਲ਼ੀ ਦੀਆਂ ਸਹੇਲੀਆਂ ਨਾਲ਼ ਦੋਸਤੀ ਪਾਉਣੀ ਸ਼ੁਰੂ ਕਰ ਦਿੱਤੀ ਸੀ।

# ਕੈਲਾਸ਼ ਪੁਰੀ ਦੀ ਅਲਵਿਦਾ



ਕੈਲਾਸ਼ ਪੁਰੀ, 1963

## ਵਸਲਪੁਰਾ

ਅਮਰਜੀਤ ਚੰਦਨ

ਕੱਲ੍ਹ ਰਾਤ ਅਸੀਂ ਮਰ ਗਏ ਸਾਂ

ਦੋ ਸਾਹਵਾਂ ਰਲ਼ ਬੀਨ ਵਜਾਈ
ਦੋ ਮੂੰਹਾਂ ਇਕ ਬਾਤ ਬਤਾਈ
ਦੋ ਨੈਣਾਂ ਦੇ ਸਾਗਰ ਦੇ ਵਿਚ ਡੁੱਬਦੇ ਤਰਦੇ
ਦੋ ਪਿੰਡਿਆਂ 'ਤੇ ਰਾਤ ਰਾਣੀ ਨੇ
ਮਧੁਰ-ਮਧੁਰ ਜਿਹੀ ਮਹਿਕ ਖਿੰਡਾਈ
ਨ੍ਹੇਰੇ ਦੀ ਵੱਖੀ ਦੇ ਵਿੱਚੋਂ ਚੰਨ ਚੜ੍ਹਿਓ ਨੇ
ਕੰਬਦੀ ਝੁੱਲਦੀ ਮੱਧਮ ਜਿਹੀ ਇਕ ਕਿਰਣ ਵਟਾਈ
ਮਰਨੇ ਦੀ ਦੰਦੀ ਜਦ ਪੁੱਜੇ
ਬਿਜਲੀ ਲਿਸ਼ਕੀ ਬੱਦਲ਼ ਕੰਬੇ ਸਾਸ ਖਲੋਤੇ
ਚਾਨਣ ਚਾਨਣ
ਜਗਦੀ ਜੋਤੀ ਉੱਚੀ ਹੋਈ ਦੂਣ ਸਵਾਈ

ਕੱਲ੍ਹ ਰਾਤ ਅਸੀਂ ਮਰ ਗਏ ਸਾਂ
ਕੱਲ੍ਹ ਅਸਾਂ ਮੁੜ ਮਘਦੀ ਜਗਦੀ ਨਵੀਂ ਨਵੇਲੀ ਜਿੰਦੜੀ ਪਾਈ

ਪੰਜਾਬੀ ਸ਼ਾਇਰੀ ਵਿਚ ਵਸਲ ਦੁਰਲਭ ਹੈ। ਵਿਚਲ਼ੀ ਹੋਈ ਸੁਰਤ ਵਾਲ਼ੀ ਬਹੁਤੀ ਕਵਿਤਾ ਲਿੰਗ ਦਮਨ ਦੀ ਝੋਰੇ ਤਰਸੇਵੇਂ ਤੇ

ਕਲਹ-ਕਲੇਸ਼ ਦੀ ਕਵਿਤਾ ਹੈ। ਵਸਲ ਹੁੰਦਾ-ਹੁੰਦਾ ਟਲ਼ ਜਾਂਦਾ ਹੈ ਤੇ ਕਲਾਈ ਕੰਬਦੀ ਰਹਿ ਜਾਂਦੀ ਹੈ। ਸੂਫ਼ੀਬਾਣੀ ਤੇ ਗੁਰਬਾਣੀ ਵਿਚ ਸੱਚਖੰਡ ਵਿਚ ਵਸਲ ਹੋਇਆ ਪਿਆ ਹੈ, ਭਾਵੇਂ ਸਾਰੀਆਂ ਸੈਨਤਾਂ ਇਸ-ਲੋਕ ਦੀਆਂ ਹਨ; ਭਾਖਿਆ ਵੀ ਇਥੋਂ ਦੀ ਹੀ ਹੈ। ਓਥੇ ਵਿਛੋੜਾ ਨਹੀਂ ਹੈ। ਪਿਛਲੀ ਸਦੀ ਵਿਚ ਪੰਜਾਬੀ ਕਵਿਤਾ ਨਾਲ਼ ਧਰੋਹ ਹੋਇਆ। ਪਹਿਲੇ ਅੱਧ 'ਤੇ ਗ਼ੁਲਾਮੀ ਦਾ ਪਰਛਾਵਾਂ ਪਿਆ ਰਿਹਾ ਤੇ ਦੂਸਰੇ ਅੱਧ ਵਿਚ ਸ਼ਾਹ ਹੁਸੈਨੀ ਹਿਜਰ ਦੀ ਰੀਤ ਦਾ ਬੂਟਾ ਬ੍ਰਿਹੋਂ ਦੇ ਕੀੜੇ ਪੈ ਕੇ ਮੁਰਝਾ ਗਿਆ। ਲੋਕਬਾਣੀ ਵਿਚ ਵਸਲ ਦਾ ਭਰਪੂਰ ਜਸ਼ਨ ਹੈ। ਪਰ ਬੋਲੀਆਂ ਬੜਬੋਲੀਆਂ ਹਨ। ਇਹ ਵੇਗਮੱਤਿਆਂ ਦਾ ਸਤਿਕਾਰ ਨਹੀਂ ਕਰਦੀਆਂ; ਪਿੰਡੇ ਨੂੰ ਤੋੜ ਕੇ ਵੇਖਦੀਆਂ ਹਨ; ਪਾਈ ਹੋਈ ਬੋਲੀ ਕੱਢੀ ਹੋਈ ਗ੍ਹਾਲ਼ ਹੋ ਜਾਂਦੀ ਹੈ।

ਕੈਲਾਸ਼ ਪੁਰੀ ਦੀ ਕਵਿਤਾ ਕਲ੍ਹ ਰਾਤ ਅਸੀਂ ਮਰ ਗਏ ਸਾਂ ਪੰਜਾਬੀ ਦੀ ਲਾਸਾਨੀ ਕਵਿਤਾ ਹੈ। ਇਹ ਸ਼ਬਦ ਦਾ ਚਮਤਕਾਰ ਹੈ। ਇਹ ਪੜ੍ਹਦਿਆਂ ਕੱਲਰ ਪੋਠੋਹਾਰ ਦੀ ਛੇ ਜਮਾਤਾਂ ਪੜ੍ਹੀ ਭੋਲ਼ੀ ਕੁੜੀ ਦੀ ਤਸਵੀਰ ਦਿਸਦੀ ਹੈ। ਇਹਦੇ ਜੋ ਦਿਲ ਚ ਹੈ, ਓਹੀ ਅੱਖੀਆਂ ਚ ਹੈ। ਇਹਦੀ ਅਪਣੀ ਤਸਵੀਰ ਵਰਗੀ ਹੀ ਇਹ ਕਵਿਤਾ ਹੈ। ਮੈਂ ਜਦ ਇਹ ਪਹਿਲੀ ਵੇਰ ਪੜ੍ਹੀ, ਤਾਂ ਲੰਮਾ ਸਾਹ ਭਰਦਿਆਂ ਸੋਚਿਆ – ਇਹ ਤਾਂ ਮੇਰੀ ਮਾਂ, ਮੇਰੀ ਭੈਣ, ਮੇਰੀ ਧੀ, ਮੇਰੀ ਸਹੇਲੀ ਨੇ ਅਪਣੇ ਵਸਲ ਦੀ ਗੱਲ ਮੈਨੂੰ ਸੁਣਾਈ ਹੈ। ਦਾਦ ਮੂੰਹੋਂ ਨਿਕਲੇ ਹੈ – ਵਾਹੁ। ਵਾਹੁ। ਵਾਹੁ।

ਮਿਲਿ ਸਖੀਆ ਪੁਛਹਿ ਕਹੁ ਕੰਤ ਨੀਸਾਣੀ॥
ਰਸਿ ਪ੍ਰੇਮ ਭਰੀ ਕਛੁ ਬੋਲਿ ਨਾ ਜਾਣੀ॥ ਆਸਾ ਛੰਤ ਮਹਲਾ ੫॥

ਕਵਿਤਰੀ ਨੂੰ ਸ਼ਬਦ ਦੀ ਬਖ਼ਸ਼ਿਸ਼ ਹੋਈ-ਹੋਈ ਹੈ। ਇਹਨੂੰ ਜੀਉਣ ਦੀ ਮਰ ਜਾਣ ਦੀ ਮੁੜ ਜੰਮਣ ਦੀ ਜਾਚ ਹੈ। ਗੁੰਗੇ ਨੂੰ ਖਾਧੇ ਗੁੜ ਦੀ ਰਸਨਾ ਦੱਸਣ ਲਈ ਜੀਭ ਵੀ ਸੁਣੋ ਲਗ ਗਈ। ਜੇ ਸਹੇਲੀ ਨਹੀਂ, ਤਾਂ ਅਪਣੀ ਸੇਜ ਨੂੰ, ਜੇ ਸੇਜ ਨਹੀਂ ਤਾਂ ਅਪਣੇ ਆਪ ਨੂੰ, ਕੰਧ ਨੂੰ ਨਹੀਂ ਤਾਂ ਕਾਗਤੁ ਨੂੰ ਦਸਣ ਦਾ ਇਹ ਅਚੰਭਾ ਕਿਵੇਂ ਵਾਪਰ ਗਿਆ? ਸੱਚ ਨਹੀਂ ਆਉਂਦਾ, ਤਾਂ ਨੀਂਦ ਦੇ ਸੁਪਨੇ ਦੇ ਖਾਤੇ ਪਾ ਦਿੰਦੇ ਹਾਂ –

ਸੁਣ ਸਖੀਏ ਮੇਰੀ ਨੀਦ ਭਲੀ ਮੈਂ ਆਪਨੜਾ ਸਹੁ ਮਿਲਿਆ॥ ਗਉੜੀ ਮਹਲਾ ੫॥
ਜਿਸ ਪਿਆਰੇ ਸਿਉ ਨੇਹੁ ਤਿਸ ਆਗੈ ਮਰਿ ਚਲੀਐ॥ ਮਹਲਾ ੨॥

ਮਰਦ ਸ਼ੇਖ਼ੀਖ਼ੋਰਾ ਹੈ; ਤਾਂਹੀਓਂ ਮਰਦ ਨੂੰ ਤਾੜਨਾ ਹੈ – ਭੇਤ ਦੱਸਣਾ ਮਰਦ ਦਾ ਕੰਮ ਨਾਹੀਂ। ਔਰਤ ਦੀ ਚੁੱਪ ਬੋਲਦੀ ਹੈ। ਕਲ੍ਹ ਰਾਤ ਮਰਨ ਦੀ ਗੱਲ ਤਾਂ ਭੇਤ ਵਾਲ਼ੀ ਹੈ। ਭੇਤ ਕੌਣ ਖੋਲ੍ਹ ਰਿਹਾ ਹੈ? ਇਹ ਔਰਤ ਪਈ ਬੋਲਦੀ ਹੈ ਜਾਂ ਮਰਦ? ਇਹ ਗੱਲ ਦੋਹਵਾਂ ਰਲ਼ ਕੇ ਤਾਂ ਨਹੀਂ ਕੀਤੀ? ਉਂਜ ਇਹ ਕਰਤੂਤ ਇਕੱਲੇ ਜਣੇ ਦੀ ਨਹੀਂ। ਪਿਆਰ ਅਲਿੰਗ ਹੁੰਦਾ ਹੈ। ਇਹ ਕਵਿਤਾ ਸਮਲਿੰਗੀਆਂ ਦੀ ਵੀ ਹੋ ਸਕਦੀ ਹੈ। ਬੋਲੀ ਦਾ ਔਰਤ ਮਰਦ ਦਾ ਵਖਰੇਵਾਂ ਜਿਹਲਮੋਂ ਲਹਿੰਦੇ ਵਲ ਦੀਆਂ ਬੋਲੀਆਂ ਚ ਮਿਟ ਜਾਂਦਾ ਹੈ। ਪੰਜਾਬੀ ਦੀ ਬਹੁਵਚਨੀ ਵਿਚ ਵੀ ਇਹ ਭੇਦ ਨਹੀਂ ਰਹਿੰਦਾ। ਇਸ ਕਵਿਤਾ ਚ ਮੈਂ ਦੀ ਗੱਲ ਨਹੀਂ; ਮੈਂ ਜਮਾਂ ਮੈਂ ਦੀ ਗੱਲ ਹੈ।

ਹੀਰ ਵਾਰਿਸ ਲੋਕਬਾਣੀ ਬਣ ਚੁੱਕੀ ਹੈ। ਵਾਰਿਸ ਦੇ ਜੋੜੇ ਇਸ ਅਜਬ ਬਹਾਰ ਦੇ ਕਿੱਸੇ ਵਿਚ ਸ਼ਾਇਰ ਨੇ ਬੜੇ ਫੁੱਲ ਗੁਲਾਬ ਦੇ ਤ੍ਰੋੜੇ ਨੇ; ਪਰ ਉਹ ਹੀਰ ਰਾਂਝੇ ਦੇ ਵਸਲ-ਵਸਾਲ ਦੀ ਬੁਲੰਦੀ ਨੂੰ ਨਹੀਂ ਪੁਜ ਸਕਿਆ। ਬਸ ਸੈਨਤ ਜਿਹੀ ਕੀਤੀ ਹੈ – ਮਜ਼ੇ ਅਸਾਂ ਜਵਾਨੀ ਦੇ ਖ਼ੂਬ ਕੀਤੇ/ਚਾਉ ਪਲੰਘ 'ਤੇ ਆਮ ਖ਼ਾਸ ਕੀਤੇ/ ਪ੍ਰੇਮ ਪਿਆਲਾ ਝੋਲਿਓ ਈ...। ਸ਼ਾਇਰ ਤਾਂ ਕੀ, ਕੋਈ ਵੀ ਵਸਲ ਵਿਚ ਮਰ ਜਾਣ ਦੀ ਗੱਲ ਓਦੋਂ ਹੀ ਕਰ ਸਕਦਾ ਹੈ, ਜਦ ਉਹਨੇ ਆਪ ਮਰ ਕੇ ਵੇਖਿਆ ਹੋਵੇ; ਜਾਂ ਮਰ ਜਾਣ ਦੀ ਤਾਂਘ ਹੋਵੇ। ਖੌਰੇ ਸ਼ਾਹ ਜੀ ਨੂੰ ਭਾਗਭਰੀ ਨਾਲ਼ ਮਰ ਜਾਣਾ ਨਸੀਬ ਨਾ ਹੋਇਆ ਹੋਵੇ। ਨਹੀਂ ਤਾਂ ਉਨ੍ਹਾਂ ਅਪਣੀ ਹੱਡਬੀਤੀ ਹੀਰ ਰਾਂਝੇ ਦੀ ਹੱਡਬੀਤੀ ਬਣਾ ਦੇਣੀ ਸੀ।

ਕੈਸਾ ਵਸਲ ਕੈਸਾ ਮਰਨਾ ਹੈ ਇਹ। ਮੁਸਹੱਫ਼ੀ (1750-1824) ਕਹਿੰਦਾ ਹੈ – ਯੇ ਖ਼ਵਾਬ ਥਾ ਯਾ ਖ਼ਯਾਲ ਥਾ ਕਯਾ ਥਾ?/ ਯੇ ਹਿਜਰ ਥਾ ਯਾ ਵਸਾਲ ਥਾ ਕਯਾ ਥਾ? – ਗ਼ਾਲਿਬ ਜੇ ਹੋਰ ਜੀਉਂਦਾ ਰਹਿੰਦਾ, ਤਾਂ ਉਹਨੂੰ ਵਸਾਲ-ਏ-ਯਾਰ ਦੀ ਉਡੀਕ ਰਹਿਣੀ ਸੀ। ਉਹਨੂੰ ਵਸਲ ਚ ਮਰਨਾ ਨਸੀਬ ਨਾ ਹੋਇਆ। ਉਹ ਹਿਜਰ ਚ ਮਰੀ ਗਿਆ:

ਕਹੂੰ ਕਿਸ ਸੇ ਮੈਂ ਕਿ ਕਯਾ ਹੈ ਸ਼ਬ-ਏ-ਗਮ ਬੁਰੀ ਬਲਾ ਹੈ।
ਮੁਝੇ ਕਯਾ ਬੁਰਾ ਥਾ ਮਰਨਾ ਅਗਰ ਏਕ ਬਾਰ ਹੋਤਾ॥

ਨਾਦਾਂ ਹੋ ਜੋ ਕਹਤੇ ਹੋ ਕਿ ਕਿਉਂ ਜੀਤੇ ਹੋ।
ਕ਼ਿਸਮਤ ਮੇਂ ਹੈ ਮਰਨੇ ਕੀ ਤਮੰਨਾ ਕੋਈ ਦਿਨ ਔਰ॥

ਵਸਲ ਦਾ ਮਰਨਾ ਸੱਚਖੰਡ ਹੈ; ਬਿਰਹਾ ਦਾ ਨਰਕ। ਕਿੰਨਿਆਂ ਦੀ ਸੁੰਞੀ ਸੇਜ ਦੁੱਖ ਪਾਉਂਦੀ ਹੈ। ਕਲ੍ਹ ਰਾਤ ਜੋ ਮਰੇ ਸਨ, ਉਹ ਕੋਈ ਮਰਨ ਵਾਲ਼ੇ ਪਹਿਲੇ ਤਾਂ ਨਹੀਂ ਸਨ। ਰਹਿੰਦੀ ਦੁਨੀਆ ਤਕ ਮਰਦੇ ਰਹਿਣਗੇ। ਬੜੇ ਨੇ ਜਿਨ੍ਹਾਂ ਨੂੰ ਬੋਲ ਕੇ ਦਸਣ ਦੀ ਲਿਖਣ ਦੀ ਕ਼ੁੱਵਅਤ ਨਹੀਂ। ਰਤਾ ਧਿਆਨ ਧਰੋ, ਉਸ ਰੱਬ ਦੇ ਜੀਅ ਦਾ ਜਿਹਨੇ ਸਭ ਤੋਂ ਪਹਿਲਾਂ ਰੱਬ ਪਾਇਆ ਸੀ। ਓਹੀ ਪਹਿਲਾ ਪੈਗ਼ੰਬਰ ਸੀ। ਉਹਦਾ ਨਾਂ ਕੋਈ ਨਹੀਂ ਜਾਣਦਾ। ਕਲ੍ਹ ਰਾਤ ਜਿਥੇ ਮਰ ਜਾਣ ਦਾ ਵਕ਼ੂਆ ਹੋਇਆ ਸੀ, ਉਸ ਥਾਂ ਦਾ ਨਾਂ ਕੋਈ ਨਾ ਸੀ। ਹੁਣ ਰਖ ਲੈਂਦੇ ਹਾਂ – ਵਸਲਪੁਰਾ। ਰਵੀਦਾਸ ਇਹਨੂੰ ਬੇਗ਼ਮਪੁਰਾ ਕਹਿੰਦੇ ਹਨ; ਆਦਿਗੁਰੂ ਸਚੁਖੰਡ। ਕੈਲਾਸ਼ ਪੁਰੀ ਦੀ ਇਸ ਕਵਿਤਾ ਦਾ ਸੱਚਖੰਡ ਇਸ ਲੋਕ ਦਾ ਸੱਚਖੰਡ ਹੈ; ਪੰਜਭੂਤਕ ਪਿੰਡੇ ਦਾ ਜੀਵਿਆ ਭੋਗਿਆ ਸੱਚਖੰਡ। ੯

ਲਿਖਤ ਪੜਤ (ਨਵਯੁਗ, 2010)

*ਵਾਹਗਾ ਚਾਰ ਵਿਚ ਛਪੇ ਅਮਰਜੀਤ ਚੰਦਨ ਦੇ 1947 ਬਾਰੇ ਪ੍ਰਤੀਕਰਮ*

# ਪੰਜਾਬੀ ਕੌਮ ਦਾ ਸਵਾਲ ਤੇ ਸੰਨ ਸੰਤਾਲੀ ਦਾ ਸੰਤਾਪ

## ਰੌਣਕੀ ਰਾਮ

ਸੰਨ ਸੰਤਾਲ਼ੀ ਦੇ ਸੰਤਾਪ ਦੀ ਕਵਿਤਾ ਦੀ ਦੁਹਾਈ ਦੇਣ ਵਾਲ਼ੇ ਅਮਰਜੀਤ ਚੰਦਨ ਦਾ ਇਹ ਮੰਨਣਾ ਹੈ ਕਿ ਜੇ ਅਸਾਂ ਬਤੌਰ ਪੰਜਾਬੀ ਕੌਮ ਦੇ ਅਪਣਾ ਮੂਲ ਪਛਾਣਿਆ ਹੁੰਦਾ, ਤਾਂ ਅਸੀਂ ਸੰਨ ਸੰਤਾਲ਼ੀ ਬਾਰੇ ਹੁਣ ਤਕ ਚੁੱਪ ਨਾ ਧਾਰੀ ਹੁੰਦੀ। ਉਹ ਅਗਾਂਹ ਲਿਖਦਾਹੈ ਕਿ ਇਹ ਕੀ ਹੋ ਗਿਆ? ਅਸੀਂ ਕੀ ਕਰ ਬੈਠੇ? ਕਿਉਂ ਕਰ ਬੈਠੇ? ਹੁਣ ਕੀ ਕਰਨਾ ਹੈ? ਅਗਾਂਹ ਕੀ ਹੋਵੇ? ਜਾਂ ਇੱਦਾਂ ਹੀ ਖੂਹ ਵਿਚ ਪਏ ਰਹਿਣਾ ਹੈ? ਇਨ੍ਹਾਂ ਸਵਾਲਾਂ ਦੇ ਜਵਾਬ ਤਾਂ ਹੀ ਮਿਲ਼ ਸਕਦੇ ਹਨ, ਜੇ ਅਸੀਂ ਪੰਜਾਬੀ ਕੌਮ ਦੇ ਜਾਏ ਅਪਣੇ ਪੁਖ਼ਤਾ ਸਾਹਿਤ ਲਈ, ਆਪਾ ਖੋਜਣ ਲਈ ਖੜ੍ਹੇ ਹੋ ਸਕੀਏ। ਚੰਦਨ ਜਿਸ ਨੁਕਤੇ 'ਤੇ ਟੇਕ ਰੱਖ ਕੇ ਪੰਜਾਬੀ ਕੌਮ ਦੀ ਦੋਹਾੜ ਦਿੰਦੇ ਹੋਏ ਉਹਦੇ ਪ੍ਰਸੰਗ ਵਲ ਇਸ਼ਾਰਾ ਕਰਦਾ ਹੈ, ਉਹ ਸਿਰਫ਼ ਅਹਿਮ ਹੀ ਨਹੀਂ, ਬਲਕਿ ਵਿਲੱਖਣ ਵੀ ਹੈ। ਅਹਿਮ ਇਸ ਕਰਕੇ ਕਿ ਉਹ ਇਜੇਹੀ ਨੰਗੀ-ਚਿੱਟੀ ਕਤਲੋਗ਼ਾਰਤ ਦੀ ਗਾਥਾ ਦੇ ਖੁਰ ਨੱਪਣ ਦੀ ਗੱਲ ਕਰਦਾ ਹੈ, ਜਿਸ ਬਾਰੇ ਪੰਜਾਬ ਦੇ ਸਾਰੇ ਸਾਹਿਤਕਾਰਾਂ ਤੇ ਸਿਆਸਤਦਾਨਾਂ ਨੇ ਘੋਰ ਚੁੱਪ ਵੱਟੀ ਹੋਈ ਹੈ। ਸੰਤਾਲ਼ੀ ਦੇ ਸੰਤਾਪੀਏ ਤਾਂ ਹੁਣ ਕਿਤੇ ਵਿਰਲੇ-ਟਾਵੇਂ ਹੀ ਹੋਣਗੇ।

ਅਮਰਜੀਤ ਚੰਦਨ ਦੇ ਲੇਖ ਵਿਚ ਮੋਨਿਕਾ ਕੁਮਾਰ ਦੀ ਕਵਿਤਾ 'ਰਾਮ ਲਾਲ' ਉਪਰੋਕਤ ਘੇਸਲ਼ਵੱਟ ਦੀ ਗਵਾਹ ਹੈ। ਜੇ ਥੋੜ੍ਹੀ ਬਹੁਤੀ ਸੰਤਾਲ਼ੀ ਬਾਰੇ ਸ਼ਾਇਰੀ ਹੱਥ ਲਗਦੀ ਵੀ ਹੈ, ਤਾਂ ਉਹ ਬਹੁਤੀ ਸੰਤਾਲ਼ੀ ਤੋਂ ਪਹਿਲੇ ਦਿਨਾਂ ਦੇ ਅਖੌਤੀ ਭਾਈਚਾਰੇ ਦਾ ਡਮਰੂ ਵਜਾਉਂਦੀ ਅਸਲੀਅਤ ਤੋਂ ਮੁਨਕਰ ਹੈ। ਸੰਤਾਲ਼ੀ ਦੇ ਵਢਾਂਗੇ ਦੀਆਂ ਜੜ੍ਹਾਂ ਹਿੰਦੂ-ਸਿੱਖਾਂ ਤੇ ਮੁਸਲਮਾਨਾਂ ਵਿਚਾਲੇ ਪਏ ਡੂੰਘੇ ਫ਼ਰਕ 'ਚ ਖੁੱਭੀਆਂ ਪਈਆਂ ਹਨ। ਹਿੰਦੂ ਤੇ ਸਿੱਖ ਮੁਸਲਮਾਨ ਨੂੰ ਮਲੇਛਾਂ ਤੋਂ ਸਿਵਾਏ ਹੋਰ ਕੁਝ ਨਹੀਂ ਸਮਝਦੇ ਅਤੇ ਮੁਸਲਮਾਨਾਂ ਵਾਸਤੇ ਹਿੰਦੂ ਤੇ ਸਿੱਖ ਸਿਵਾਏ ਕਾਫ਼ਿਰਾਂ ਤੋਂ ਹੋਰ ਕੁਝ ਵੀ ਨਹੀਂ ਸਨ। ਇਹੋ ਹੀ ਖ਼ਾਸ ਕਾਰਣ ਹੋ ਸਕਦਾ ਹੈ ਕਿ ਮਲੇਛਾਂ ਤੇ ਕਾਫ਼ਿਰਾਂ ਦੇ ਡੁੱਲ੍ਹੇ ਖ਼ੂਨ ਦਾ ਨਾ ਤਾਂ ਕਿਸੇ ਨੂੰ ਦਰਦ ਹੋਇਆ ਤੇ ਨਾ ਹੀ ਕਿਸੇ ਉਹਦਾ ਕਸੀਦਾ ਲਿਖਿਆ। ਤ੍ਰਾਸਦੀ ਦਾ ਤਾਂ ਹੱਦ ਬੰਨਾ ਹੀ ਟੁੱਟ ਗਿਆ ਲੱਗਦਾ ਹੈ। ਕਵਿਤਾ ਤਾਂ ਕੀ ਲਿਖਣੀ ਸੀ, ਕੁਹਜੀ ਵੰਡ ਵਿਚ ਹਿੱਸੇ ਆਏ ਟੋਟਿਆਂ ਨੂੰ ਸਲਾਹੁਣ ਵਾਲ਼ਿਆਂ ਦੀਆਂ ਕੋਸ਼ਿਸ਼ਾਂ ਇਵੇਂ ਸਾਹਮਣੇ ਆਉਂਦੀਆਂ ਹਨ, ਜਿਵੇਂ ਕਿ ਵੰਡ ਉਨਾਂ ਨੇ ਲੱਖਾਂ ਸੁੱਖਾਂ ਸੁੱਖ ਕੇ ਲਈ ਹੋਵੇ। ਚੰਦਨ ਦੇ ਸ਼ਬਦਾਂ ਵਿਚ ‘‘ਸੰਤਾਲ਼ੀ ਤੋਂ ਝੱਟ ਬਾਅਦ ਸਿੱਖ ਆਗੂ ਤਾਂ ਅਪਣੀ ਬਹੁਗਿਣਤੀ ਵਾਲ਼ਾ 'ਪੰਜਾਬੀ ਸੂਬਾ' (ਅਸਲ ਵਿਚ ਸਿੱਖ ਸੂਬਾ) ਬਣਾਉਣ ਦੀ ਮੁਹਿੰਮ 'ਚ ਜੁੱਟ ਗਏ। ਨਵੇਂ-ਬਣੇ ਮੁਸਲਿਮਸਤਾਨ ਵਿਚ ਉਜੜੇ ਲੋਕਾਂ ਦੇ ਦੁੱਖਾਂ-ਦਰਦਾਂ ਨੂੰ ਜਿਨ੍ਹਾਂ ਸ਼ਰਫ਼ ਵਰਗਿਆਂ ਨੇ ਜ਼ਬਾਨ ਦੇਣੀ ਸੀ, ਪਰ ਉਹ ਤਾਂ ਨਵੇਂ ਬਣੇ ਮੁਸਲਿਮਸਤਾਨ ਦੀ ਨੀਂਦਰ ਵਿਚ ਟੁਰੇ ਫਿਰਦੇ ਸਨ।’’

ਸੰਤਾਲ਼ੀ ਦਾ ਪਾੜਾ ਮਹਿਜ਼ ਭੂਮੀ ਦੀ ਤਕਸੀਮ ਹੀ ਨਹੀਂ ਸੀ। ਇਹ ਤਾਂ ਪੰਜਾਬੀਆਂ ਦਾ ਘਾਣ ਸੀ, ਜਿਹਦੀ ਸ਼ਾਇਦ ਹੀ ਕਿਧਰੇ ਹੋਰ ਮਿਸਾਲ ਮਿਲਦੀ ਹੋਵੇ। ਇਹ ਸਭ ਕੁਝ ਵਾਪਰਿਆ ਤਦ ਜਦੋਂ ਪੰਜਾਬੀ ਬੰਦਾ ਅਪਣੀ ਕੌਮ ਤੋਂ ਮੁਨਕਰ ਹੋ ਕੇ ਹਿੰਦੂ, ਮੁਸਲਮਾਨ, ਸਿੱਖ ਆਦਿ ਪਛਾਣਾਂ ਨੂੰ ਪਹਿਲ ਦੇਣ ਲੱਗ ਪਿਆ। ਫਿਰ ਅਪਣੇ-ਅਪਣੇ ਧਰਮ ਨੂੰ ਸੱਚਾ-ਸੁੱਚਾ ਤੇ ਦੂਸਰਿਆਂ ਦੇ ਧਰਮ ਨੂੰ ਢੌਂਗ ਮਾਤਰ ਮੰਨ ਕੇ ਭੰਡਣ ਲੱਗਾ। ਸੰਤਾਲ਼ੀ ਤੋਂ ਪਹਿਲਾਂ ਧਰਮ ਦੇ ਨਾਮ 'ਤੇ ਕੀ ਕੁਝ ਨਹੀਂ ਵਾਪਰਿਆ। ਸਾਂਝੇ ਪੰਜਾਬ ਦੀ ਧਰਤੀ 'ਤੇ ਸ਼ਾਇਦ ਹੀ ਇਜੇਹੇ ਮਨੁੱਖੀ ਤਸੀਹੇ ਵਿਸ਼ਵ ਦੇ ਇਤਿਹਾਸ ਵਿੱਚ ਕਿਤੇ ਹੋਰ ਮਿਲ਼ਦੇ ਹੋਣ; ਜਿਨ੍ਹਾਂ ਨੇ ਇਸ ਪੋਰਸ, ਵਾਰਿਸ ਸ਼ਾਹ ਤੇ ਦੁੱਲ੍ਹੇ ਭੱਟੀ ਦੀ ਧਰਤੀ ਨੂੰ ਦੁੱਖਾਂ ਦੀ ਭੱਠੀ 'ਚ ਤਪਾ ਕੇ ਤਾਂਬਾ ਕਰ ਸੁੱਟਿਆ, ਜਿਹਦਾ ਸੇਕ ਅਜੇ ਵੀ ਲੂਹਣੋਂ ਨਹੀਂ ਹਟਦਾ। ਕਿਹਨੇ ਸੁਣੀ ਬਾਬੇ ਫ਼ਰੀਦ ਦੀ ਜਾਂ ਫਿਰ ਬਾਬੇ ਨਾਨਕ ਦੀ? ਜਿਸ ਪੰਜਵੇਂ ਨਾਨਕ ਨੇ ਸਾਰੇ ਧਰਮਾਂ ਦੇ ਮਨੁੱਖਤਾ ਪ੍ਰਤਿ ਸਾਂਝੀਵਾਲਤਾ ਵਾਲ਼ੇ ਸੰਦੇਸ਼ ਨੂੰ ਇਕਤ੍ਰ ਕਰਕੇ ਅਨੰਤ ਬ੍ਰਹਿਮੰਡ ਦੇ ਜੁਗਰਾਫ਼ੀਏ ਦਾ ਸੰਬੋਧ ਦਿੱਤਾ;ਉਸ ਨਾਲ਼ ਜਿਸ ਤਰ੍ਹਾਂ ਸਮਕਾਲੀਆਂ ਨੇ ਜ਼ਾਲਮਾਨਾ ਵਿਹਾਰ ਕੀਤਾ, ਉਹ ਮਨੁੱਖਤਾ ਨੂੰ ਹਮੇਸ਼ਾ-ਹਮੇਸ਼ਾ ਲਈ ਸ਼ਰਮਸਾਰ ਕਰਦਾ ਰਹੇਗਾ। ਹਕੀਕਤ ਰਾਏ, ਚਮਕੌਰ ਦੀ ਗੜ੍ਹੀ, ਸਰਸਾ 'ਤੇ ਵਿਛੋੜਾ ਅਤੇ ਸਰਹੰਦ ਦਾ ਸਾਕਾ ਐਸੇ ਨਾਸੂਰ ਹਨ, ਜੋ ਕੌਮ ਉੱਤੇ 'ਧਰਮ' ਨੂੰ ਭਾਰੀ ਪਾ ਦਿੰਦੇ ਹਨ।

ਅਮਰਜੀਤ ਚੰਦਨ 'ਕਵੀ ਚਿੰਤਕ' ਨੂੰ 'ਬੜੀਆਂ ਅਗਾਹਾਂ ਦੀਆਂ ਸੋਚਣ ਵਾਲ਼ਾ ਦ੍ਰਸ਼ਟਾ ਪੈਗ਼ੰਬਰ' ਸਮਝਦਾ ਹੋਇਆ, ਉਸ ਤੋਂ ਆਪਸੀ ਪਾੜੇ ਦੇ ਸੇਹ ਦੇ ਗੱਡੇ ਤੱਕਲ਼ੇ ਨੂੰ ਕੱਢਣ ਦਾ ਇਲਾਜ ਪੰਜਾਬ ਨੂੰ ਮੁੜ ਇੱਕ ਹੋ ਕੇ ਦੇਖਣ ਵਿਚ ਲੋਚਦਾ ਹੈ। ਪਰ ਹੁਣ ਸਵਾਲ ਤਾਂ ਇਹ ਬਣਦਾ ਹੈ ਕਿ ਜਿਨ੍ਹਾਂ 'ਨਾਨਕਨਾਮਲੇਵਾ' ਪੰਜਾਬੀਆਂ ਤੋਂ ਉਹ ਪੰਜਾਬ ਨੂੰ ਮੁੜ ਇਕ ਕਰਨ ਦੇ ਕਾਰਜ ਦੀ ਆਸ ਰੱਖਦਾ ਹੈ, ਕੀ ਉਹਨੂੰ ਮੁਹੰਮਦ ਸਾਹਿਬ ਦੇ ਪੈਰੋਕਾਰ ਮੰਨਣ ਨੂੰ ਤਿਆਰ ਹੋਣਗੇ? ਜਾਂ ਫਿਰ ਮੁਹੰਮਦ ਸਾਹਿਬ ਦੇ ਪੈਰੋਕਾਰ ਜੇ ਕੋਈ ਅਜਿਹੀ ਪੁਲਾਂਘ ਪੁੱਟਦੇ ਹਨ, ਤਾਂ ਕਿ 'ਨਾਨਕਨਾਮਲੇਵਾ' ਪੰਜਾਬੀ ਉਹਨੂੰ ਗਲ਼ ਲਾਉਣਗੇ? ਕਿ ਕੌਮ ਦਾ ਸਵਾਲ ਧਰਮ ਨੂੰ ਨਿਖੇੜ ਕੇ ਹੋਣਾ ਹੈ ਜਾਂ ਫਿਰ ਧਰਮ ਨੂੰ ਨਿਜੀ ਜੀਵਨ ਤਕ ਸੀਮਿਤ ਕਰਕੇ ਪੰਜਾਬੀ ਕੌਮ ਦੀ ਪਛਾਣ ਨੂੰ ਪਹਿਲ ਦੇ ਕੇ ਨਿਕਲਣਾ ਹੈ? ਇਹ ਸਾਡੇ ਸਾਰਿਆਂ ਨੂੰ ਖੁੱਲ੍ਹਾ ਸਵਾਲ ਹੈ। ਵ

**ਸ਼ਹੀਦ ਭਗਤ ਸਿੰਘ ਪ੍ਰੋਫ਼ੈਸਰ, ਰਾਜਨੀਤੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ**
**ਮੋਬਾ : 97791 42308, ਈ-ਮੇਲ : ronkir@pu.ac.in**

ਕਵਿਤਾਵਾਂ

## ਸਰਬਜੀਤ ਕੌਰ ਜੱਸ

### *ਲਿਬਾਸ*

ਕੱਪੜੇ ਦੀਆਂ ਦੁਕਾਨਾਂ 'ਚ ਪੈਰ ਧਰਦਿਆਂ
ਪਹਿਲਾਂ ਨੰਗੇ ਹੋਣਾ ਪਵੇਗਾ
ਪਛਾਣ ਨੂੰ 'ਟਰਾਈ ਰੂਮ' ਦੀ ਕਿੱਲੀ 'ਤੇ ਟੰਗਣਾ ਪਵੇਗਾ

ਤਨ ਤੋਂ ਮਨ ਤੱਕ
ਪਾਰਦਰਸ਼ੀ ਹੋਣਾ ਪਵੇਗਾ
ਤਾਂ ਕਿ ਪੂਰੇ ਦੇ ਪੂਰੇ ਵਪਾਰ ਦਾ ਪਾਰਾ ਹੱਡਾਂ 'ਚ ਉੱਤਰ ਸਕੇ

ਇਤਿਹਾਸ, ਸਭਿਅਤਾ, ਬੋਲੀ
ਤੇ ਉਹ ਲੱਠਾ
ਜਿਹੜਾ ਸਾਡੇ ਪਿੱਤਰਾਂ ਦੇ ਕੱਫਣਾਂ ਤੋਂ
ਸਾਡੀਆਂ ਆਉਣ ਵਾਲੀਆਂ
ਪੀੜ੍ਹੀਆਂ ਦੇ ਪੋਤੜਿਆਂ ਤੱਕ ਚਾਹੀਦਾ ਸੀ ਹੰਢਣਾ
ਅਣਹੰਢਾਇਆ ਹੀ ਅਰਪਿਤ ਕਰਨਾ ਪਵੇਗਾ
ਫਿਰ ਜਾ ਕੇ ਬਣਾਂਗੇ ਮਹਿੰਗੇ 'ਬਰਾਂਡ' ਦੇ ਹਾਣੀ

ਤਲੀ 'ਤੇ ਰੱਖ ਲਓ
ਇਸ ਮਘਦੇ ਹੋਏ ਸੱਚ ਦਾ ਅੰਗਾਰ
ਕਿ ਹੁਣ ਲਿਬਾਸ ਬੰਦੇ ਦੇ ਮੇਚ ਦਾ ਨਹੀਂ ਬਣਦਾ
ਬੰਦੇ ਨੂੰ ਆਪਣੇ ਮੇਚ ਦਾ ਬਣਾਉਂਦਾ ਹੈ।

### *ਮੇਰਾ ਨਿਰਵਾਣ ਕਿੱਥੇ*

ਰਾਤ ਦੇ ਪਹਿਰੇ 'ਚ ਨੀਂਦ ਨੂੰ ਕੰਧਾੜੇ ਚੁੱਕ
ਜਗਰਾਤੇ ਦੇ ਪਰਛਾਵਿਆਂ ਦੀ ਛਾਵੇਂ
ਰਾਹੁਲ ਦੀ ਨੀਂਦ 'ਚ ਵਿਘਨ ਪਾਏ ਬਗੈਰ
ਰੋਜ਼ ਨਿਕਲਦੀ ਹਾਂ ਨਿਰਵਾਣ 'ਤੇ

ਨਿਰਵਾਣ
ਜਿਹੜਾ ਮੂੰਹ ਹਨ੍ਹੇਰੇ
ਰਸੋਈ 'ਚ ਖੜਕਦੇ ਭਾਂਡਿਆਂ ਤੋਂ ਸ਼ੁਰੂ ਹੁੰਦਾ
ਨਾਸ਼ਤੇ ਦੀ ਬੁਰਕੀ ਵਾਂਗ
ਕਾਹਲੀ-ਕਾਹਲੀ ਖਾਧਾ ਜਾਂਦਾ ਹੈ
ਬੱਚੇ ਦੀ ਜਾਗ ਖੁੱਲ੍ਹਣ ਦੇ ਡਰੋਂ
ਬੋਚ-ਬੋਚ ਕਦਮ ਧਰਦਾ

ਮੇਰੇ ਤੋਂ ਪਹਿਲਾਂ ਹੀ
ਹੋ ਜਾਂਦਾ ਹੈ ਦਹਿਲੀਜ਼ੋਂ ਪਾਰ

ਰੋਜ਼ ਤੁਰਦੀ ਹਾਂ
ਘਰ ਤੇ ਦਫ਼ਤਰ ਦੀ ਵਹਿੰਗੀ ਚੁੱਕੀ
ਉਸ ਮਿਹਨਤਾਨੇ ਦੀ ਭੀਖ ਮੰਗਣ
ਜਿਹੜਾ ਮਹੀਨੇ ਬਾਅਦ ਮਿਲਦਾ ਹੈ
ਮਿਲਦਿਆਂ ਹੀ ਵਟ ਜਾਂਦਾ ਹੈ
ਘਰ ਦੀਆਂ ਕਿਸ਼ਤਾਂ ਦੇ ਚੜ੍ਹਾਵੇ 'ਚ

ਉਹ ਗੌਤਮ ਹੈ ਮੇਰੇ ਅੰਦਰ
ਜਿਹੜਾ ਇਕ ਦਿਨ ਨਹੀਂ
ਹਰ ਦਿਨ ਵਿਛੜਦਾ ਹੈ ਔਲਾਦ ਤੋਂ
ਖ਼ੁਦ ਨੂੰ ਰੁਜ਼ਗਾਰ ਦੇ ਜੰਗਲ 'ਚ
ਰੋਲ ਕੇ ਵੀ ਮੁਕਤੀ ਨਹੀਂ ਮਿਲਦੀ
ਖ਼ਾਲੀ ਹੀ ਰਹਿੰਦਾ ਹੈ
ਖ਼ਵਾਹਿਸ਼ਾਂ ਦਾ ਲੋਟਾ ਲੁਟਦਾ ਹੀ ਜਾਂਦਾ ਹੈ
ਸੁਪਨਿਆਂ ਦਾ ਮਹਿਲ

ਘਰ
ਇਕ ਠਹਿਰਾਅ ਹੈ ਬੱਸ
ਜਿੱਥੇ ਸਿਰਫ਼ ਰਾਤ ਠਹਿਰਦੀ ਹੈ
ਦਿਨ ਬਨਵਾਸ ਭੋਗਦਾ ਹੈ
ਮੈਂ ਬਨਵਾਸ ਦੇ ਘੋੜੇ ਦਾ ਰੱਥ ਹਾਂ ਕੋਈ
ਔਰਤ ਦੀ ਆਜ਼ਾਦੀ ਦਾ ਛਲ
ਲੰਮੀਆਂ ਪੁਲਾਂਘਾਂ ਪੁੱਟਣ ਦਾ ਤਿੜਕਿਆ ਸੁਪਨਾ
ਨਾ ਘਰ ਮਿਲਿਆ, ਨਾ ਸਫ਼ਰ ਮਿਲਿਆ
ਬੱਸ ਘੜੀ ਦਾ ਚੱਕਰ ਮਿਲਿਆ

ਕੀ ਹੈ ਨਿਰਵਾਣ
ਕਾਹਲ 'ਚ ਘਰ ਰਹਿ ਗਿਆ ਰੋਟੀ ਵਾਲਾ ਡੱਬਾ
ਲੱਤਾਂ ਨੂੰ ਚਿੰਬੜਦੇ ਜਵਾਕ ਨੂੰ
ਵਰਚਾਉਣ ਲਈ ਫੜਾਈ ਟੌਫੀ
ਜਾਂ ਪਰਸ ਦੀ ਅੰਦਰਲੀ ਜੇਬ 'ਚ
ਸਾਂਭੀ 'ਕਰੋਸਿਨ' ਦੀ ਗੋਲੀ।



ਬਹੁਤ ਥੋੜ੍ਹੇ ਸਮੇਂ ਵਿਚ ਹੀ ਪੰਜਾਬੀ ਕਵਿਤਾ ਦੀ ਪਹਿਚਾਣ ਬਣੀ **ਸਰਬਜੀਤ ਕੌਰ ਜੱਸ** ਦੀ ਖ਼ਾਸੀਅਤ ਇਹ ਹੈ ਕਿ ਉਹ ਆਪਣੀ ਕਵਿਤਾ ਵਿਚ ਨਾਰੀ ਮਨ ਜਾਂ ਮਰਦ ਦਾ ਭੰਡੀ ਪ੍ਰਚਾਰ ਹੀ ਨਹੀਂ ਕਰਦੀ ਸਗੋਂ ਸਮਾਜਕ ਵਿਚ ਵਾਪਰਦੀਆਂ ਹਰੇਕ ਘਟਨਾਵਾਂ ਨੂੰ ਆਪਣੀ ਕਲਮ ਦਾ ਵਿਸ਼ਾ ਬਣਾਉਂਦੀ ਹੈ। ਇਹੀ ਕਾਰਨ ਹੈ ਕਿ ਉਸ ਦੀ ਕਵਿਤਾ ਉੱਤੇ ਕਿਸੇ ਲੇਬਲ ਦੇ ਅਧੀਨਗੀ ਨਾ ਸਹਿੰਦੀ ਸਗੋਂ ਬੜੇ ਹੀ ਸੁਤੰਤਰ ਰੂਪ ਵਿਚ ਵਿਚਰਦੀ ਹੋਈ ਪਾਠਕਾਂ ਦੀ ਪਸੰਦ ਬਣੀ ਹੋਈ ਹੈ।

**Mob : 95014 85511**

# ਜੋਧਪੁਰ ਦੀ ਹੱਦ

## ਅਲੀ ਅਕਬਰ ਨਾਤਿਕ

''ਮਰਦਾਂ ਤੇ ਤਾਂ ਉਚ-ਨੀਚ ਆਉਂਦੀ ਹੀ ਰਹਿੰਦੀ ਐ, ਪਰ ਐਹੋ ਜਿਹਾ ਕਹਿਰ ਕਦੇ ਨਹੀਂ ਢਹਿਆ। ਹੁਣ ਤਾਂ ਜਿਉਣ ਦੇ ਕਾਬਿਲ ਵੀ ਨਹੀਂ ਰਹੇ।''

''ਅੱਬਾ ਹੁਣ ਤਾਂ ਜੋ ਹੋ ਗਿਆ ਸੋ ਹੋ ਗਿਆ। ਦਾਗ਼ ਤਾਂ ਲੱਥਣਾ ਨਹੀਂ ਭਾਵੇਂ ਲੱਖ ਸਫਾਈਆਂ ਦਿੰਦੇ ਫਿਰੀਏ। ਹੁਣ ਤਾਂ ਕੁਛ ਇਉਂ ਕੀਤਾ ਜਾਵੇ ਕਿ ਕਿਵੇਂ ਨਾਂ ਕਿਵੇਂ ਲੋਕਾਂ ਦੇ ਮੂੰਹ ਬੰਦ ਹੋ ਜਾਣ'' ਇਲਿਆਸੇ ਨੇਂ ਮੂੰਹ ਉੱਤੇ ਚੁੱਕਣ ਬਗੈਰ ਜਵਾਬ ਦਿੱਤਾ।

''ਬੇਗ਼ੈਰਤ, ਆਪ ਮਰ ਗਿਆ ਤੇ ਇਹ ਸੌਗਾਤ ਛੱਡ ਗਿਆ ਸਾਡੇ ਵਾਸਤੇ, ਵੀ ਸਾਰੀ ਜ਼ਿੰਦਗੀ ਸਿਰ ਚੁੱਕ ਨਾ ਤੁਰ ਸਕੀਏ'' ਹਾਜੀ ਦੁਬਾਰਾ ਬੋਲਿਆ। ਫਿਰ ਸ਼ਰੀਫ਼ ਵੱਲ ਮੂੰਹ ਕਰਕੇ ਜੋ ਹਜੇ ਤੱਕ ਚੁੱਪ ਬੈਠਾ ਸੀ, ''ਸ਼ਰੀਫ਼ੇ, ਹੁਣ ਤੂੰ ਹੀ ਕੋਈ ਹੱਲ ਦੱਸ, ਮੇਰੀ ਸਮਝ 'ਚ ਤਾਂ ਕੁਝ ਨਹੀਂ ਆ ਰਿਹਾ।''

ਕੁਝ ਚਿਰ ਠਹਿਰ ਕੇ ਸ਼ਰੀਫ਼ ਬੋਲਿਆ, ''ਹਾਜੀ ਮੈਂ ਬਥੇਰਾ ਸੋਚਿਆ। ਮੈਥੋਂ ਪੁੱਛੋ ਤਾਂ ਹੁਣ ਇਹਦਾ ਇੱਕੋ ਹੱਲ ਹੈ।'' ਫਿਰ ਮੂੰਹ ਅੱਗੇ ਕਰਕੇ ਹੌਲੀ ਜਿਹੇ ਹਾਜੀ ਸ਼ਰੀਫ਼ ਨੇ ਲੁਤਫ਼ਉੱਲਾ ਅਤੇ ਇਲਿਆਸੇ ਨੂੰ ਆਪਣਾ ਸੁਝਾਅ ਦਿੱਤਾ, ਜੀਹਨੂੰ ਸੁਣ ਕੇ ਇਲਆਿਸਤਾਂ ਫ਼ੌਰਨ ਰਾਜੀ ਹੋ ਗਿਆ, ਪਰ ਉਹਦਾ ਪਿਓ ਲੁਤਫ਼ਉੱਲਾ ਸੋਚੀਂ ਪੈ ਗਿਆ। ਪਰ ਅੰਤ ਵਿੱਚ ਉਸ ਨੇ ਵੀ ਸਹਿਮਤੀ ਦੇ ਹੀ ਦਿੱਤੀ।

• • •

ਜਦੋਂ ਗ਼ਫ਼ੂਰ ਦੀ ਮਾਂ ਦਾ ਤਲਾਕ ਹੋਇਆ ਸੀ ਤਾਂ ਉਹ ਤਿੰਨ ਕੁ ਵਰ੍ਹਿਆਂ ਦਾ ਸੀ, ਇਸ ਕਰਕੇ ਜੋਧਪੁਰ ਪਿੰਡ ਆਉਣ ਵੇਲੇ ਮਾਂ ਉਹਨੂੰ ਵੀ ਆਪਣੇ ਨਾਲ ਲੈ ਆਈ। ਏਥੇ ਗ਼ਫ਼ੂਰੇ ਦਾ ਨਾਨਾ ਉਹਦੇ ਨਖ਼ਰੇ ਝੱਲਣ ਲੱਗਿਆ। ਜਦੋਂ ਵੀ ਮਸੀਤ 'ਚ ਨਮਾਜ਼ ਪੜ੍ਹਨ ਜਾਂਦਾ, ਮੁੜਣ ਵੇਲੇ ਮਠਿਆਈ ਜਾਂ ਫਲ ਲੈ ਕੇ ਆਉਂਦਾ। ਖਿਡਾਉਣਿਆਂ ਤੇ ਕੱਪੜਿਆਂ ਦੇ ਢੇਰ ਲੱਗ ਗਏ। ਮਾਂ ਅੱਡ ਪਿਆਰ ਕਰਦੀ।ਬਚਪਨ ਲਾਡ ਪਿਆਰ ਤੇ ਸੁਖ ਸੁਵਧਾਵਾਂ ਵਿੱਚ ਲੰਘਣ ਲੱਗਾ। ਪੰਜ ਵਰ੍ਹਿਆਂ ਦਾ ਹੋਇਆ ਤਾਂ ਪਿੰਡ ਦੇ ਸਕੂਲ 'ਚ ਦਾਖ਼ਲ ਕਰਵਾ ਦਿੱਤਾ ਗਿਆ। ਪਰ ਕਿਸਮਤ ਨਾਲ ਗ਼ਫ਼ੂਰੇ ਨੂੰ ਬੁੱਧੀ ਇਹੋ ਜਿਹੀ ਮਿਲੀ ਸੀ ਜੋ ਪੜ੍ਹਾਈ ਦਾ ਭਾਰ ਚੁੱਕਣ ਦੇ ਬਿਲਕੁਲ ਕਾਬਿਲ ਨਹੀਂ ਸੀ।ਇੱਕ ਸਾਲ ਸਕੂਲੇ ਜਾਂਦੇ ਨੂੰ ਹੋ ਗਿਆ ਪਰ ਮਜਾਲ ਐ ਇੱਕ ਵੀ ਲਫਜ਼ ਉਹਦੇ ਦਿਮਾਗ਼ ਵਿੱਚ ਵੜਿਆ ਹੋਵੇ। ਇੱਕ ਦਿਨ ਉਸਤਾਦ ਨੇ ਗ਼ਫ਼ੂਰੇ ਅੱਗੇ ਹੱਥ ਜੋੜ ਦਿੱਤੇ ਕਿ ਹਜੂਰ, ਸਾਡੇ ਵਿੱਚ ਐਨੀ ਹਿੰਮਤ ਹੈਨੀ ਵੀ ਤੁਹਾਡੇ ਦਿਮਾਗ਼ ਦਾ ਸਾਥ ਦੇ ਸਕੀਏ ਜਿਹੜਾ ਪੜ੍ਹਾਈ ਲਈ ਬਣਿਆ ਹੀ ਨਹੀਂ। ਪਰ ਗ਼ਫ਼ੂਰੇ ਦੀ ਮਾਂ ਉਹਨੂੰ ਹਰ ਹਾਲਤ ਵਿੱਚ ਪੜ੍ਹਾਉਣ ਲਈ ਅੜੀ ਹੋਈ ਸੀ ਤੇ ਸ਼ਾਇਦ ਅੜੀ ਹੀ ਰਹਿੰਦੀ ਕਿ ਅਚਾਨਕ ਗ਼ਫ਼ੂਰੇ ਦਾ ਨਾਨਾ ਚੱਲ ਵਸਿਆ। ਚਾਹਲੀਵਾਂ ਹੋਏ ਨੂੰ ਹਲੇ ਪੰਜ ਦਿਨ ਹੀ ਹੋਏ ਸਨ ਕਿ ਲੁਤਫ਼ਉੱਲਾ ਨੇ ਗ਼ਫ਼ੂਰੇ ਤੇ ਇਹਦੀ ਮਾਂ ਵਾਸਤੇ ਇੱਕ ਅੱਡ ਜਗ੍ਹਾ ਤੈਅ ਕਰ ਦਿੱਤੀ। ਹੁਣਘਰ ਦੇ ਛੋਟੇ ਮੋਟੇ ਕੰਮ ਇਹੀ ਕਰਨ ਲੱਗ ਪਿਆ। ਪਰ ਸਿੱਧਾ ਕੰਮ ਮੁਸ਼ਕਿਲ ਨਾਲ ਹੀ ਇਹਦੇ ਹੱਥੋਂ ਸਿਰੇ ਚੜ੍ਹਦਾ। ਹੁਕਮ ਮੰਨਣ ਦੀ ਆਦਤ ਐਨੀ ਕਿ ਘਰ ਦਾ ਨੌਕਰ ਵੀ ਕੋਈ ਕੰਮ ਕਹਿੰਦਾ ਤਾਂ ਇਹ ਭੱਜਿਆ ਫਿਰਦਾ। ਮੋਟੇ ਦਿਮਾਗ ਦਾ ਹੋਣ ਕਰਕੇ ਕੰਮ 'ਚ ਕੋਈ ਨਾ ਕੋਈ ਗੜਬੜ ਜਰੂਰ ਹੋ ਜਾਂਦੀ ਜਿਸ ਕਰਕੇ ਡਾਂਟ ਫਿਟਕਾਰ ਵੀ ਸੁਣਨੀ ਪੈਂਦੀ। ਗ਼ਫ਼ੂਰੇ ਦੀ ਮਾਂ ਅੰਦਰੇ-ਅੰਦਰ ਕੁੜ੍ਹਦੀ ਰਹਿੰਦੀ ਪਰ ਵਿਚਾਰੀ ਕਰ ਕੁਛ ਨਹੀਂ ਸਕਦੀ ਸੀ ਕਿਉਂਕਿ ਬਾਪ ਦੇ ਮਰਨ ਤੋਂ ਬਾਅਦ ਭਰਾ ਦੇ ਦਰਵਾਜ਼ੇ ਤੇ ਏਵੇਂ ਹੀ ਗੁਜ਼ਾਰਾ ਹੁੰਦਾ ਹੈ। ਦੋ ਤਿੰਨ ਮਹੀਨੇ ਏਦਾਂ ਹੀ ਲੰਘ ਗਏ, ਫੇਰ ਸਕੂਲ ਛੱਡ ਦਿੱਤਾ ਕਿਉਂਕਿ ਇਹ ਉਸਦੇ ਵੱਸੋਂ ਬਾਹਰ ਸੀ। ਹੁਣ ਹਰ ਕੋਈ ਗ਼ਫ਼ੂਰੇ ਨੂੰ ਹੀ ਕੰਮ ਕਹਿਣ ਲੱਗਾ:ਗ਼ਫ਼ੂਰੇ, ਭੱਜ ਕੇ ਜਾ ਸਬਜ਼ੀ ਲੈ ਆ; ਗ਼ਫ਼ੂਰੇ ਦੌੜ, ਚੱਕੀ ਤੋਂ ਆਟਾ ਪਿਹਾ ਲਿਆ; ਕੋਈ ਕਹਿੰਦਾ, ਗ਼ਫ਼ੂਰੇ ਭੌਂਦੂ, ਮੇਰੇ ਸਿਰ 'ਚੋਂ ਜੂਆਂ ਕੱਢ ਦੇ, ਤੇ ਕੋਈ ਉਹਤੋਂ ਲੱਤਾਂ ਘੁਟਵਾਉਂਦਾ। ਮਾਂ ਉਹਨੂੰ ਸਭ ਕੁਝ ਕਰਦੇ ਨੂੰ ਦੇਖਦੀ ਪਰ ਬੇਬਸ ਰਹਿੰਦੀ। ਕਦੇ ਕਦੇ ਉਹਨੇ ਇਹਨੂੰ ਕੰਮ ਕਰਨ ਤੋਂ ਵਰਜਿਆ ਵੀ, ਪਰ ਇਹ ਸ਼ਾਇਦ ਐਹੋ ਜਿਹੇ ਕੰਮ ਕਰਕੇ ਖੁਸ਼ ਸੀ ਕਿ ਸਕੂਲ ਤੋਂ ਜਾਨ ਛੁੱਟੀ ਹੋਈ ਹੈ। ਹੌਲੀ ਹੌਲੀ ਮਾਮਲਾ ਛੋਟੇ ਛੋਟੇ ਕੰਮਾਂ ਤੋਂ ਵਧ ਕੇ ਵੱਡੇ ਕੰਮਾਂ ਤੱਕ ਜਾ ਪਹੁੰਚਿਆ। ਲੁਤਫ਼ਉੱਲਾ ਨੇ ਜ਼ਿਮੀਂਦਾਰੇ ਦੀ ਦੇਖਭਾਲ ਤੇ ਮਾਲ-ਡੰਗਰ ਦਾ ਬੋਝ ਵੀ ਇਹਦੇ ਸਿਰ ਮੜ੍ਹ ਦਿੱਤਾ, ਜਿਵੇਂ ਮੁਫ਼ਤ ਦਾ ਨੌਕਰ ਲੁਤਫ਼ਉੱਲਾ ਦੇ ਹੱਥ ਆ ਗਿਆ ਹੋਵੇ। ਵੈਸੇ ਲੁਤਫ਼ਉੱਲਾ ਦਾ ਇੱਕ ਮੁੰਡਾ ਮੁਹੰਮਦ ਇਲਿਆਸ ਵੀ ਸੀ ਪਰ ਉਹ ਵੀ ਆਪਣੇ ਹਿੱਸੇ ਦਾ ਕੰਮ ਗ਼ਫ਼ੂਰੇ ਤੋਂ ਕਰਵਾਉਂਦਾ ਤੇ ਰੋਅਬ ਅੱਡ ਝਾੜਦਾ। ਕਦੇ ਕਦੇ ਬੜੀ ਬੇਦਰਦੀ ਨਾਲ ਕੁੱਟਦਾ ਵੀ। ਪੰਦਰਾਂ ਵਰ੍ਹਿਆਂ ਦਾ ਹੋਇਆ ਸੀ ਕਿ ਮਾਂ ਚੱਲ ਵਸੀ, ਜੀਹਦੇ ਕਰਕੇ ਪੰਦਰਾਂ ਵੀਹ ਦਿਨ ਤਾਂ ਲੋਕ ਸਲੀਕੇ ਨਾਲ ਪੇਸ਼ ਆਏ, ਫੇਰ ਉਸ ਤੋਂ ਬਾਅਦ ਖੁੱਲ ਕੇ ਖੇਡਣ ਲੱਗੇ। ਹੁਣ

ਗ਼ਫ਼ੂਰੇ ਭੌਂਦੂ ਨੂੰ ਦੋ ਹੀ ਕੰਮ ਰਹਿ ਗਏ ਸਨ ਕਿ ਹਰ ਕਿਸੇ ਦਾ ਹੁਕਮ ਮੰਨਣਾ ਅਤੇ ਰੋਟੀ ਖਾਕੇ ਮੱਝਾਂ ਵਾਲੇ ਵਾੜੇ ਵਿੱਚ ਹੀ ਸੌਂ ਜਾਣਾ। ਨੌਕਰ ਚਾਕਰ ਵੀ ਆਪਣਾ ਕੰਮ ਇਸੇ ਤੋਂ ਕਰਵਾਉਣ ਲੱਗੇ। ਐਨਾ ਜਿਆਦਾ ਆਗਿਆਕਾਰੀ ਹੋਣ ਦੀ ਆਦਤ ਨੇ ਉਹਨੂੰ ਡਰਪੋਕ ਵੀ ਬਣਾ ਦਿੱਤਾ ਸੀ। ਆਪਣਾ ਵਿਚਾਰ ਤੇ ਆਪਣੀ ਸੋਚ ਤਾਂ ਪਹਿਲੇ ਦਿਨ ਤੋਂ ਹੀ ਨਹੀਂ ਸਨ, ਏਥੋਂ ਤੱਕ ਕੇ ਰੋਟੀ ਵੀ ਓਦੋਂ ਖਾਂਦਾ ਜਦੋਂ ਕੋਈ ਉਹਨੂੰ ਕਹਿੰਦਾ। ਕਈ ਵਾਰ ਤਾਂ ਭੁੱਖਾ ਹੀ ਸੌਂ ਗਿਆ। ਮੱਝਾਂ ਦਾ ਦੁੱਧ ਚੋ ਕੇ ਘਰੇ ਪਹੁੰਚਾਉਂਦਾ, ਮਜਾਲ ਐ ਇੱਕ ਕਤਰਾ ਵੀ ਕਦੇ ਪੀਤਾ ਹੋਵੇ। ਇਨ੍ਹਾਂ ਖੂਬੀਆਂ ਤੇ ਗੀਦੀਪੁਣੇ ਕਰਕੇ ਗ਼ਫ਼ੂਰੇ ਦਾ ਨਾਂ ਗ਼ਫ਼ੂਰਾ ਭੌਂਦੂ ਪੈ ਗਿਆ। ਆਪਣੇ ਮਸੇਰੇ ਭਰਾ ਇਲਿਆਸ ਤੋਂ ਤਾਂ ਏਵੇਂ ਡਰਦਾ ਸੀ ਜਿਵੇਂ ਉਹ ਯਮਦੂਤ ਹੋਵੇ। ਹਾਲਾਂਕਿ ਦੋਨੇ ਜਾਣੇ ਇੱਕੋ ਉਮਰ ਦੇ ਸਨ ਪਰ ਇਹ ਉਹਦਾ ਹਰ ਹੁਕਮ ਬਿਨਾਂ ਚੂੰ ਕੀਤੇ ਮੰਨਦਾ ਸੀ। ਇਨ੍ਹਾਂ ਹਾਲਾਤਾਂ ਵਿੱਚ ਪੱਚੀ ਵਰ੍ਹਿਆਂ ਦਾ ਹੋ ਗਿਆ।

• • •

ਕਰੀਮਾਂ ਘਰ ਤੋਂ ਬਾਹਰ ਨਿਕਲਦੀ ਤਾਂ ਪਿੰਡ ਵਿੱਚ ਇੱਕਤੁਫ਼ਾਨ ਆ ਜਾਂਦਾ। ਮਰਜਾਣੀਦੇ ਨੈਣ ਨਕਸ਼ ਐਹੋ ਜਿਹੇ ਸਨ ਕਿ ਕਹਿਰ ਸੀ। ਸਫ਼ੈਦ ਕਲੀਆਂ ਦੇ ਗਜਰੇ ਵਾਲਾਂ ਵਿੱਚ ਟੰਗੀ ਰੱਖਦੀ, ਕਲਾਈਆਂ ਚੂੜੀਆਂ ਨਾਲ ਭਰੀਆਂ ਰਹਿੰਦੀਆਂ ਤੇ ਨੱਕ ਦੀ ਨੱਥ ਤਾਂ ਚੰਦ ਵਰਗੀ ਸੁਹਣੀ ਸੀ। ਸੀ ਤਾਂ ਹਲੇ ਕੁਆਰੀ ਪਰ ਤੌਰ ਤਰੀਕੇ ਸਾਰੇ ਵਿਆਹੀਆਂ ਵਾਲੇ। ਹਜੇ ਦਸਾਂ ਕੁ ਵਰ੍ਹਿਆਂ ਦੀ ਹੋਣੀ ਐ ਕਿ ਪਿਉ ਅਸਮਾਨੀ ਬਿਜਲੀ ਡਿੱਗਣ ਨਾਲ ਸੜ ਕੇ ਚੱਲ ਵਸਿਆ, ਤੇ ਏਸ ਕਰਕੇ ਭਤੀਜੀ ਦਾ ਪਾਲਣ ਪੋਸਣ ਵੀ ਲੁਤਫ਼ਉੱਲਾ ਦੇ ਜਿੰਮੇ ਆ ਪਿਆ। ਪਿਓ ਕਿਉਂਕਿ ਪੰਜਾਹ ਏਕੜ ਛੱਡ ਕੇ ਮਰਿਆ ਸੀ, ਇਸ ਕਰਕੇ ਨਖਰੇ ਸਿਰ ਚੜ ਕੇ ਬੋਲਦੇ। ਲੁਤਫ਼ਉੱਲਾ ਤੇ ਇਲਿਆਸ ਤਾਂ ਇੱਕ ਪਾਸੇ, ਇਹਨੇਤਾਂ ਕਦੇ ਮਾਂ ਦੀ ਵੀ ਨਹੀਂ ਸੁਣੀ। ਕਦੇ ਕਿਸੇ ਸਹੇਲੀ ਦੇ ਘਰੇ ਚਲੀ ਜਾਂਦੀ ਤੇ ਕਦੇ ਆਪਣੇ ਖੇਤ ਨੂੰ ਸਾਗ ਲੈਣ। ਇਹ ਕੰਮ ਤਾਂ ਸਿਰਫ ਬਹਾਨੇ ਸੀ, ਅਸਲ 'ਚ ਉਸਨੇ ਆਪਣੇ ਹੁਸਨ ਦੀ ਮਸ਼ਹੂਰੀ ਕਰਨ ਹੁੰਦੀ ਸੀ। ਇਲਿਆਸੇ ਨੇ ਫੜ ਕੇ ਕਈ ਵਾਰ ਕੁੱਟਿਆ ਬਲਕਿ ਇੱਕ ਦਿਨ ਤਾਂ ਕੁੱਟ ਕੁੱਟਕੇ ਅਧਮਰਿਆਂ ਕਰ ਦਿੱਤਾ ਤੇ ਸਿਰ ਵੀ ਪਾੜ ਛੱਡਿਆ, ਪਰ ਓਧਰ ਓਹੀ ਬੰਸਰੀ ਓਹੀ ਰਾਗ। ਸਾਫ਼ ਕਹਿੰਦੀ ਮੈਂ ਨਹੀਂ ਕਿਸੇ ਤੋਂ ਦੱਬਣ ਵਾਲੀ, ਜੋ ਜੀ 'ਚ ਆਊ ਕਰੂੰਗੀ।

ਆਖਿਰ ਇੱਕ ਦਿਨ ਲੁਤਫ਼ਉੱਲਾ ਨੇ ਹਾਜੀ ਸ਼ਰੀਫ਼ ਨਾਲ ਸਲਾਹ ਕਰਕੇ ਕਰੀਮਾਂ ਨੂੰ ਗ਼ਫ਼ੂਰੇ ਭੌਂਦੂ ਨਾਲ ਗੰਢ ਦਿੱਤਾ। ਵਿਚਾਰੀ ਬਹੁਤ ਚੀਕੀ ਵੀ ਮੈਂ ਕਿਸੇ ਹਾਲਤ ਵਿੱਚ ਵੀ ਭੌਂਦੂ ਨਾਲ ਵਿਆਹ ਨਹੀਂ ਕਰਨਾ। ਕਰੀਮਾਂ ਦੀ ਮਾਂ ਨੇ ਅੱਡ ਰੌਲਾ ਪਾਇਆ, ਵੀ ਇਹ ਜ਼ੁਲਮ ਕਿਉਂ ਕਰਦੇ ਓਂ, ਮੇਰੀ ਧੀ ਨੂੰ ਬੇਵਕੂਫ ਬੁੱਧੂ ਪੱਲੇ ਕਿਉਂ ਬੰਨ ਰਹੇ ਓਂ। ਪਰ ਅੰਤ ਨੂੰ ਫ਼ੈਸਲਾ ਉਹੀ ਹੋਇਆ ਜੋ ਲੁਤਫ਼ਉੱਲਾ ਤੇ ਹਾਜੀ ਸ਼ਰੀਫ਼ ਨੇ ਕੀਤਾ। ਅਤੇ ਠੀਕ ਓਸੇ ਦਿਨ ਇਲਿਆਸ ਦਾ ਵਿਆਹ ਹਾਜੀ ਸ਼ਰੀਫ਼ ਦੀ ਧੀ ਸਮੀਨਾ ਨਾਲ ਪੜ੍ਹਾ ਦਿੱਤਾ ਗਿਆ। ਇਸ ਤਰਾਂ ਨਾਲ ਹਾਜੀ ਸ਼ਰੀਫ਼ ਤੇ ਲੁਤਫ਼ਉੱਲਾ ਹੋਰ ਨੇੜੇ ਦੇ ਸਾਂਝੀਵਾਲ ਹੋ ਗਏ, ਸਾਢੂ ਤਾਂ ਪਹਿਲਾਂ ਹੀ ਸੀ।

ਵੈਸੈ ਤਾਂ ਕਰੀਮਾਂ ਦਾ ਆਪਣੇ ਪਿਓ ਦੀ ਜਾਇਦਾਦ ਤੇ ਹੱਕ ਸੀ ਪਰ ਸਿਰਫ ਕਾਗ਼ਜ਼ਾਂ ਦੀ ਹੱਦ ਤੱਕ; ਉਸ ਜ਼ਮੀਨ ਤੇ ਅਸਲ ਕਬਜ਼ਾ ਇਲਿਆਸ ਤੇ ਲੁਤਫ਼ਉੱਲਾ ਦਾ ਹੀ ਸੀ। ਗ਼ਫ਼ੂਰਾ ਭੌਂਦੂ ਕਹਿਣ ਨੂੰ ਤਾਂ ਉਹਨਾ ਦਾ ਜਵਾਈ ਸੀ, ਪਰ ਅਸਲ ਵਿੱਚ ਉਹ ਹਾਲੇ ਵੀ ਨੌਕਰ ਦੀ ਹੈਸੀਅਤ ਹੀ ਰੱਖਦਾ ਸੀ। ਕਰੀਮਾਂ ਨੇ ਗ਼ਫ਼ੂਰੇ ਨਾਲ ਵਿਆਹੀ ਆਉਣ ਤੋਂ ਬਾਅਦ ਪਹਿਲਾਂ ਪਹਿਲਾਂ ਤਾਂ ਕਾਫੀ ਸਿਰ ਚੁੱਕਿਆ ਤੇ ਗ਼ਫ਼ੂਰੇ ਨਾਲ ਗਾਲੀ ਗਲੋਚ ਵੀ ਕਰਦੀ, ਏਥੋਂ ਤੱਕ ਕੇ ਚਿਮਟੇ ਤੇ ਡੋਲੂ ਨਾਲ ਮੁਰੰਮਤ ਵੀ ਕਰ ਦਿੰਦੀ। ਫੇਰ ਹੌਲੀ ਹੌਲੀ ਸਹਿਜ ਹੋ ਗਈ ਤੇ ਉਹਨੂੰ ਅਹਿਸਾਸ ਦਵਾਉਣ ਦੀ ਕੋਸ਼ਿਸ਼ ਕੀਤੀ ਕਿ ਉਹ ਨੌਕਰ ਨਹੀਂ ਬਲਕਿ ਇਸ ਘਰ ਦਾ ਮਾਲਿਕ ਹੈ। ਪਰ ਉਹ ਰਿਹਾ ਭੌਂਦੂ ਦਾ ਭੌਂਦੂ। ਐਨਾ ਗੱਭਰੂ ਹੋਣ ਦੇ ਬਾਵਜੂਦ ਇਲਿਆਸ ਤੋਂ ਬਿਨਾਂ ਕਿਸੇ ਵਿਰੋਧ ਦੇ ਕੁੱਟ ਖਾਂਦਾ।

ਕਰੀਮਾਂ ਲੱਖ ਰੌਲਾ ਪਾਉਂਦੀ ਕਿ ਆਪਣਾ ਕੰਮ ਕਰ, ਪਰ ਇਹ ਉਹਨਾਂ ਦੇ ਘਰ ਦਾ ਨੌਕਰ। ਵਿਆਹ ਹੋਏ ਨੂੰ ਦੋ ਸਾਲ ਹੋ ਗਏ ਪਰ ਭੌਂਦੂ ਨੇ ਹਲੇ ਤੱਕ ਮੱਝਾਂ ਵਾਲਾ ਵਾੜਾ ਨਹੀਂ ਸੀ ਛੱਡਿਆ। ਹੱਥ ਪੈਰ ਹਰ ਵੇਲੇ ਗੋਹੇ ਨਾਲ ਲਿੱਬੜੇ ਰਹਿੰਦੇ। ਕਰੀਮਾਂ ਹਫ਼ਤੇ ਦਸੀਂ ਦਿਨੀਂ ਜ਼ਬਰਦਸਤੀ ਨਵ੍ਹਾ ਦਿੰਦੀ। ਜਿੰਨੀ ਉਹ ਸੁਘੜ ਤੇ ਸਜ-ਸੰਵਰ ਕੇ ਰਹਿਣ ਵਾਲੀ ਸੀ ਓਨਾਂ ਹੀ ਇਹ ਬੂਝੜ ਤੇ ਮੈਲਾ-ਕੁਚੈਲਾ ਰਹਿਣ ਵਾਲਾ ਸੀ। ਕਰੀਮਾਂ ਜਦ ਵੀ ਇਲਿਆਸੇ ਨੂੰ ਵੇਖਦੀ ਕਿ ਉਹ ਗ਼ਫ਼ੂਰੇ ਤੇ ਹੁਕਮ ਝਾੜ੍ਹ ਰਿਹਾ ਹੈ ਤਾਂ ਉਹ ਸੜ ਕੇ ਰਾਖ ਹੋ ਜਾਂਦੀ ਅਤੇ ਸੋਚਦੀ ਕਿ ਰੱਬ ਜਾਣੇ ਮਰਜਾਣਿਆਂ ਨੇ ਕੀ ਘੋਲ ਤਵੀਤ ਪਿਆਏ ਨੇ ਕਿ ਐਨਾ ਹੱਟਾ ਕੱਟਾ ਹੋ ਗਿਐ ਪਰ ਬਲਦ ਵਾਂਗੂ ਹੁਕਮ ਮੰਨਦਾ ਰਹਿੰਦੈ। ਏਸੇ ਤਰਾਂ ਤਿੰਨ ਸਾਲ ਲੰਘ ਗਏ। ਇਲਿਆਸੇ ਦੇ ਘਰ ਦੋ ਬੱਚੇ ਹੋ ਗਏ। ਸਮੀਨਾ ਹਿੱਕ ਤਾਣ ਕੇ ਕਰੀਮਾਂ ਦੇ ਕੋਲ ਦੀ ਲੰਘਦੀ ਤੇ ਗੱਲ-ਗੱਲ ਤੇ ਚੋਟ ਕਰ ਜਾਂਦੀ। ਐਧਰ ਇਹ ਖਾਲੀ ਕੁੱਖ, ਅੰਦਰ ਹੀ ਅੰਦਰ ਕੁੜ੍ਹਦੀ ਰਹਿੰਦੀ ਤੇ ਗ਼ਫ਼ੂਰੇ ਨੂੰ ਕੋਸਦੀ, ਪਰ ਉਹ ਬਰਫ਼ ਵਾਂਗੂੰ ਠੰਡਾ, ਜਿਵੇਂ ਕੋਈ ਰੋਬੋਟ ਕੰਮ ਵਾਸਤੇ ਬਣਾਇਆ ਗਿਆ ਹੋਵੇ। ਕਰੀਮਾਂ ਦੇ ਕੋਲ ਆਉਣੋ ਵੀ ਡਰਦਾ ਕਿ ਕਿਤੇ ਕਰੰਟ ਨਾ ਵੱਜ ਜਾਵੇ। ਵਿਚਾਰੀ ਪਿੰਡ ਦੀਆਂ ਬੁੜੀਆਂ ਦੇ ਤਾਅਨੇ ਅੱਡ ਸੁਣਦੀ।

ਫਿਰ ਇੱਕ ਰਾਤੀ ਉਹੀ ਹੋਇਆ ਜੋ ਆਖ਼ਿਰ ਹੋਣਾ ਸੀ। ਕਰੀਮਾਂ ਸ਼ਾਕੇ ਨਾਲ ਭੱਜ ਗਈ, ਜੋ ਇਸ ਘਰ ਦਾ ਨੌਕਰ ਸੀ, ਅਤੇ ਚੌਧਰੀਆਂ ਦੀ ਨੱਕ ਵੱਢੀ ਗਈ। ਪਿੰਡ 'ਚ ਗੱਲਾਂ ਹੋਣ ਲੱਗੀਆਂ। ਹਾਜੀ ਲੁਤਫ਼ਉੱਲਾ ਜੋ ਹਲੇ ਦੋ ਮਹੀਨੇ ਪਹਿਲਾਂ ਹੀ ਹੱਜ ਕਰਕੇ ਆਇਆ ਸੀ, ਮਸੀਤੇ ਜਾਣ ਤੋਂ ਡਰਨ ਲੱਗਿਆ। ਇਲਿਆਸੇ ਦੇ ਪੈਰਾਂ ਹੇਠਾਂ ਤਾਂ ਜਿਵੇਂ ਅੰਗਾਰੇ ਆ ਗਏ। ਉਹ ਕਦੇ ਗ਼ਫ਼ੂਰੇ ਨੂੰ ਕੁੱਟਦਾ ਅਤੇ ਕਦੇ ਕਰੀਮਾਂ ਦੀ ਮਾਂ ਨੂੰ ਕੋਸਦਾ ਕਿ ਉਹਨੇ ਕਿਹੋ ਜਿਹੀ ਡਾਇਣ ਪੈਦਾ ਕੀਤੀ ਜੋ ਘਰ ਦੀ ਇੱਜਤ ਖਾ ਗਈ।

ਏਧਰ ਗ਼ਫ਼ੂਰੇ ਨੇ ਚੁੱਪੀ ਸਾਧ ਲਈ। ਉਹ ਕੰਮ ਤਾਂ ਓਸੇ ਤਰਾਂ ਹੀ ਕਰਦਾ ਰਿਹਾ ਪਰ ਵਿਹਾਰ 'ਚ ਇੱਕ ਬੇਚੈਨੀ ਅਤੇ ਰੁੱਖਾਪਣ ਆ ਗਿਆ। ਹੁਣ ਉਹ ਵਾੜੇ 'ਚ ਰਹਿਣ ਦੀ ਥਾਂ ਘਰੇ ਆ ਜਾਂਦਾ ਅਤੇ ਗਈ ਰਾਤ ਤੱਕ ਚੁੱਲੇ ਦੀ ਠੰਡੀ ਰਾਖ ਫਰੋਲਦਾ ਰਹਿੰਦਾ। ਜੇ ਕੋਈ ਬੁਲਾਉਂਦਾ ਤਾਂ ਬਿਲਕੁਲ ਜਵਾਬ ਨਾਂ ਦਿੰਦਾ। ਉੱਠ ਕੇ ਅੰਦਰ ਚਲਿਆ ਜਾਂਦਾ ਅਤੇ ਕਰੀਮਾਂ ਦੇ ਕੱਪੜਿਆਂ 'ਚ ਮੂੰਹ ਲਕੋ ਕੇ ਰੋਣ ਲੱਗ ਪੈਂਦਾ ਅਤੇ ਵਾਰ ਵਾਰ ਕਰੀਮਾਂ ਦੇ ਸਮਾਨ ਅਤੇ ਚੀਜ਼ਾਂ ਟਟੋਲਦਾ ਤੇ ਫੇਰ ਘਰੋਂ ਚਲਿਆ ਜਾਂਦਾ। ਇਸ ਹਾਲਤ 'ਚ ਕਾਫ਼ੀ ਦਿਨ ਲੰਘ ਗਏ। ਹਾਲਤ ਕਮਲੇ ਵਰਗੀ ਹੋ ਗਈ। ਬਿਨਾਂ ਗੱਲ ਤੋਂ ਡੰਗਰਾਂ ਨੂੰ ਕੁੱਟਣ ਲੱਗ ਜਾਂਦਾ ਅਤੇ ਹੌਲੀ ਹੌਲੀ ਪਤਾ ਨਹੀਂ ਕੀ ਬੁੜਬੁੜਾਉਂਦਾ।

ਇੱਕ ਪਾਸੇ ਗ਼ਫ਼ੂਰੇ ਦੀ ਇਹ ਹਾਲਤ ਸੀ, ਜਦਕਿ ਦੂਜੇ ਪਾਸੇ ਇਲਿਆਸੇ ਨੇ ਆਪਣੇ ਸਾਰੇ ਵਸੀਲੇ ਸ਼ਾਕੇ ਤੇ ਕਰੀਮਾਂ ਨੂੰ ਲੱਭਣ 'ਚ ਲਾ ਦਿੱਤੇ। ਉਹਨਾਂ ਨੂੰ ਇਹੋ ਦੁੱਖ ਸੀ ਕਿ ਇੱਕ ਤੇਲੀ ਉਹਨਾਂ ਦੀ ਇੱਜਤ ਕਿਵੇਂ ਲੈ ਗਿਆ। ਆਖ਼ਿਰ ਤਿੰਨ ਮਹੀਨੇ ਦੀ ਭੱਜ ਦੌੜ ਤੋਂ ਬਾਅਦ ਦੋਨਾਂ ਦਾ ਪਤਾ ਲੱਗ ਗਿਆ। ਹਵੇਲੀ ਲੱਖਾ ਦੇ ਇੱਕ ਪਿੰਡ ਦੇਵਾ ਸਿੰਘ ਜੋ ਜ਼ਿਲਾ ਕਸੂਰ ਤੋ ਡੇੜ ਸੋ ਮੀਲ ਦੂਰ ਸੀ, ਦੇ ਇੱਕ ਚੌਧਰੀ ਕੋਲ ਪਨਾਹ ਲਈ ਹੋਈ ਸੀ। ਛਾਪਾ ਮਾਰਿਆ ਤਾਂ ਸ਼ਾਕਾ ਤੇਲੀ ਤਾਂ ਭੱਜ ਗਿਆ, ਪਰ ਕਰੀਮਾਂ ਫੜੀ ਗਈ। ਉਹ ਉਹਨੂੰ ਘਰ ਲੈ ਆਏ। ਮਾਂ ਨੇ ਕੋਸਿਆ, ਇਲਿਆਸੇ ਨੇ ਕੁੱਟ ਕੁੱਟ ਕੇ ਬਾਹਵਾਂ ਤੋੜ ਦਿੱਤੀਆਂ। ਹਾਜੀ ਲੁਤਫ਼ਉੱਲਾ ਤੇ ਹਾਜੀ ਸ਼ਰੀਫ਼ ਨੇ ਅੱਡ ਸਿਰ 'ਚ ਡਾਂਗਾ ਦੇ ਵਾਰ ਕੀਤੇ। ਰਾਤ ਨੂੰ ਕਮਰੇ 'ਚ ਬੰਦ ਕਰਕੇ ਜਿੰਦਾ ਲਾ ਦਿੱਤਾ, ਜਿਹਦੀ ਚਾਬੀ ਇਲਿਆਸੇ ਨੇ ਆਪਣੇ ਕੋਲ ਰੱਖ ਲਈ ਅਤੇ ਕਰੀਮਾਂ ਦੇ ਬਾਰੇ ਆਖਰੀ ਫੈਸਲਾ ਕਰਨ ਲੱਗੇ ਕਿ ਹੁਣ ਇਸਦਾ ਕੀਤਾ ਕੀ ਜਾਵੇ। ਪੂਰੇ ਪਿੰਡ 'ਚ ਸੰਨਾਟਾ ਪੱਸਰਿਆ ਹੋਇਆ ਸੀ। ਕਿਸੇ ਬੰਦੇ ਦੀ ਮਜਾਲ ਨਹੀਂ ਸੀ ਕਿ ਕੋਈ ਗੱਲ ਕਰੇ। ਇਲਿਆਸੇ ਦਾ ਰੋਅਬ ਅਤੇ ਦਬਦਬਾ ਨਾ ਸਿਰਫ ਸਾਰੇ ਘਰ ਤੇ ਸੀ ਬਲਕਿ ਪਿੰਡ ਦਾ ਹਰ ਬੰਦਾ ਓਸਤੋਂ ਡਰਦਾ ਸੀ। ਹਰ ਕਿਸੇ ਨੂੰ ਪਤਾ ਸੀ ਕਿ ਕੀ ਹੋਣ ਵਾਲਾ ਹੈ।

ਹੁਣ ਜਦੋਂ ਫੈਸਲਾ ਕਰਨ ਬੈਠੇ ਤਾਂ ਹਾਜੀ ਲੁਤਫਉੱਲਾ, ਹਾਜੀ ਸ਼ਰੀਫ਼ ਤੇ ਇਲਿਆਸੇ ਤੋ ਬਿਨਾ ਓਥੇ ਕੋਈ ਨਹੀਂ ਸੀ। ਨਾ ਕਿਸੇ ਨੂੰ ਕੋਈ ਇਜਾਜ਼ਤ ਸੀ ਕਿ ਉਹਨਾਂ ਨੂੰ ਕੋਈ ਰਾਏ ਦੇਵੇ। ਕਰੀਮਾਂ ਦੀ ਮਾਂ ਨੇ ਦੋ ਤਿੰਨ ਵਾਰ ਅੰਦਰ ਆਉਣ ਦੀ ਕੋਸ਼ਿਸ਼ ਕੀਤੀ ਪਰ ਇਲਿਆਸੇ ਦੀ ਘੂਰ ਤੋਂ ਡਰ ਕੇ ਪਿਛਾਂਹ ਮੁੜ ਗਈ।

ਰਾਤ ਦੇ ਇੱਕ ਵਜੇ ਇਲਿਆਸੇ ਨੇ ਗ਼ਫ਼ੂਰੇ ਭੌਂਦੂ ਨੂੰ ਬੁਲਾਇਆ ਅਤੇ ਕਰੀਮਾਂ ਨੂੰ ਕਮਰੇ ਤੋਂ ਬਾਹਰ ਲਿਆ ਕੇ ਤੁਰ ਪਏ। ਹਾਜੀ ਸ਼ਰੀਫ਼ ਵੀ ਨਾਲ ਸੀ। ਕਰੀਮਾਂ ਦੀ ਮਾਂ ਦੋਹੱਥੜ ਪਿੱਟਣ ਲੱਗੀ ਕਿ ਮੇਰੀ ਧੀ ਨੂੰ ਨਾ ਮਾਰੋ, ਥੋਨੂੰ ਰੱਬ ਦਾ ਵਾਸਤਾ ਹੈ, ਤੇ ਇਲਿਆਸੇ ਦੇ ਹੱਥੋਂ ਕਰੀਮਾਂ ਨੂੰ ਖੋਹਣ ਲੱਗੀ। ਓਸੇ ਹੱਥੋ-ਪਾਈ 'ਚ ਓਹਨੇ ਇਲਿਆਸੇ ਦਾ ਬਾਂਹ'ਤੇ ਦੰਦੀ ਵੀ ਵੱਢ ਦਿੱਤੀ। ਇਲਿਆਸੇ ਨੇ ਦੋ ਤਿੰਨ ਲੱਫੜ ਆਪਣੀ ਤਾਈ, ਕਰੀਮਾਂ ਦੀ ਮਾਂ ਦੇ ਵੀ ਜੜ ਦਿੱਤੇ। ਵਿਚਾਰੀ ਮੂੰਹ ਦੇ ਭਾਰ ਭੁੰਜੇ ਡਿੱਗ ਪਈ। ਜਦੋਂ ਕਰੀਮਾਂ ਦੀ ਮਾਂ ਨੇ ਰੌਲਾ ਪਾਉਣਾ ਸ਼ੁਰੂ ਕੀਤਾ ਤਾਂ ਇਲਿਆਸੇ ਨੇ ਉਹਨੂੰ ਫੜ ਕਿ ਓਸੇ ਕਮਰੇ 'ਚ ਹੀ ਬੰਦ ਕਰ ਦਿੱਤਾ ਜਿਸ ਵਿੱਚ ਕਰੀਮਾਂ ਨੂੰ ਬੰਦ ਕੀਤਾ ਸੀ, ਅਤੇ ਕਰੀਮਾਂ ਨੂੰ ਲੈ ਕੇ ਬਾਹਰ ਵੀਰਾਨੇ 'ਚ ਆ ਗਏ। ਇੱਕ ਕੁਹਾੜੀ ਤੇ ਇੱਕ ਕਹੀ ਕੋਲ ਸੀ। ਇਲਿਆਸ ਨੇ ਕਰੀਮਾਂ ਦੇ ਮੂੰਹ 'ਚ ਕੱਪੜਾ ਤੁੰਨ ਕੇ ਤੇ ਹੱਥ ਪੈਰ ਬੰਨ ਕੇ ਇੱਕ ਪਾਸੇ ਲੰਮੇ ਪਾ ਦਿੱਤਾ ਤੇ ਗ਼ਫ਼ੂਰੇ ਨੂੰ ਨਾਲ ਲਾ ਕੇ ਟੋਇਆ ਪੁੱਟਣ ਲੱਗਿਆ। ਹਾਜੀ ਸ਼ਰੀਫ਼ ਬੈਠਾ ਦੇਖਦਾ ਰਿਹਾ, ਜਦੋਂ ਟੋਇਆ ਛੇ ਫੁੱਟ ਡੂੰਘਾ ਪੁੱਟਿਆ ਗਿਆ ਤਾਂ ਇਲਿਆਸੇ ਨੇ ਫੜ ਕੇ ਕਰੀਮਾਂ ਨੂੰ ਅੰਦਰ ਸੁੱਟ ਦਿੱਤਾ ਤੇ ਗ਼ਫ਼ੂਰੇ ਨੂੰ ਹੁਕਮ ਦਿੱਤਾ ਕਿ ਕਹੀ ਨਾਲ ਉੱਪਰ ਮਿੱਟੀ ਸੁੱਟੇ। ਹਾਜੀ ਸ਼ਰੀਫ਼ ਵੀ ਹੱਥਾਂ ਨਾਲ ਮਿੱਟੀ ਸਿੱਟਣ ਲੱਗਿਆ। ਕਰੀਮਾਂ ਦੇ ਮੂੰਹ 'ਚ ਕੱਪੜਾ ਤੁੰਨਿਆ ਹੋਇਆ ਸੀ ਪਰ ਫੇਰ ਵੀ ਉਹ ਵਾਰ ਵਾਰ ਕਦੇ ਇਲਿਆਸੇ, ਕਦੇ ਹਾਜੀ ਸ਼ਰੀਫ਼ ਵੱਲ ਰਹਿਮ ਦੀ ਭਰੀ ਨਜਰ ਨਾਲ ਦੇਖਦੀ ਰਹੀ, ਜਿਸਦਾ ਉਹਨਾਂ ਉੱਤੇ ਕੋਈ ਅਸਰ ਨਹੀਂ ਹੋ ਰਿਹਾ ਸੀ। ਬਲਕਿ ਹਾਜੀ ਸ਼ਰੀਫ਼ ਹੋਰ ਵੀ ਤੇਜੀ ਨਾਲ ਮਿੱਟੀ ਸਿੱਟਣ ਲੱਗ ਪਿਆ। ਗ਼ਫ਼ੂਰਾ ਵੀ ਹੌਲੀ ਹੌਲੀ ਮਿੱਟੀ ਸਿੱਟਣ ਲੱਗਾ ਪਰ ਇਲਿਆਸੇ ਨੇ ਗ਼ਫ਼ੂਰੇ ਹੱਥੋਂ ਕਹੀ ਫੜ ਕੇ ਛੇਤੀ ਛੇਤੀ ਮਿੱਟੀ ਪਾਉਣੀ ਸ਼ੁਰੂ ਕਰ ਦਿਤੀ। ਕਰੀਮਾਂ ਦਾ ਚਿਹਰਾ ਮਿੱਟੀ 'ਚ ਲੁਕਣ ਲੱਗਿਆ ਤਾਂ ਉਸਨੇ ਆਖਿਰੀ ਵਾਰ ਰਹਿਮ ਭਰੀਆਂ ਨਜਰਾਂ ਨਾਲ ਗ਼ਫ਼ੂਰੇ ਭੌਂਦੂ ਵੱਲ ਵੇਖਿਆ। ਉਸੇ ਵੇਲੇ ਗ਼ਫ਼ੂਰੇ ਦਾ ਹੱਥ ਕੁਹਾੜੀ ਤੇ ਜਾ ਪਿਆ ਤੇ ਇੱਕੋ ਦਮ ਇਲਿਆਸੇ ਦੇ ਸਿਰ ਤੇ ਲੋਹੇ ਦਾ ਪਹਾੜ ਡਿੱਗ ਪਿਆ, ਉਸਤੋਂ ਬਾਅਦ ਹਾਜੀ ਸ਼ਰੀਫ਼ ਦੋ ਪੈਰ ਵੀ ਨਾ ਭੱਜ ਸਕਿਆ। ਫੇਰ ਭੌਂਦੂ ਤੇ ਕਰੀਮਾਂ ਨੇ ਮਿਲ ਕੇ ਇਲਿਆਸੇ ਤੇ ਸ਼ਰੀਫ਼ ਨੂੰ ਟੋਏ 'ਚ ਦਫ਼ਨ ਕਰ ਦਿੱਤਾ ਅਤੇ ਰਾਤ ਚਾਰ ਵਜੇ ਤੋਂ ਪਹਿਲਾਂ ਜੋਧਪੁਰ ਪਿੰਡ ਦੀ ਹੱਦ ਟੱਪ ਗਏ।

ਪੰਜਾਬੀ ਅਨੁਵਾਦ :ਜਸਦੀਪ ਸਿੰਘ
ਈ-ਮੇਲ : jasdeep.jogewala@gmail.com



ਅਲੀ ਅਕਬਰ ਨਾਤਿਕ ਪਾਕਿਸਤਾਨੀ ਪੰਜਾਬ ਦਾ ਉਰਦੂ ਸ਼ਾਇਰ ਅਤੇ ਕਹਾਣੀਕਾਰ ਹੈ। ਉਸਦੀ ਸ਼ਾਇਰੀ ਦੋਵਾਂ ਮੁਲਕਾਂ ਵਿੱਚ ਮਕਬੂਲ ਹੈ ਅਤੇ ਉਸਦੀਆਂ ਕਹਾਣੀਆਂ ਦੇ ਅੰਗਰੇਜੀ ਅਤੇ ਹਿੰਦੀ ਅਨੁਵਾਦਾਂ ਦੀਆਂ ਕਿਤਾਬਾਂ ਛਪ ਚੁੱਕੀਆਂ ਹਨ। ਉਸਦੀਆਂ ਕਹਾਣੀਆਂ ਤੇ ਅਧਾਰਿਤ ਹਿੰਦੋਸਤਾਨੀ ਨਾਟਕ "ਏਕ ਪੰਜਾਬ ਯੇਹ ਭੀ" ਬੰਬਈ ਅਤੇ ਦਿੱਲੀ ਵਿੱਚ ਖੇਡਿਆ ਜਾ ਚੁੱਕਿਆ ਹੈ। ਜ਼ਿਕਰਯੋਗ ਪੁਸਤਕਾਂ : ਸ਼ਾਹ ਮੁਹੰਮਦ ਕਾ ਟਾਂਗਾ ਅਨੁਵਾਦ: ਮਿਰਜ਼ਾ ਏ. ਬੀ. ਬੇਗ, ਕਾਇਮ ਦੀਨ, ਵਟ ਵਿੱਲ ਯੂ ਗਿਵ ਫੌਰ ਦਿਸ ਬਿਊਟੀ ਅਨੁਵਾਦ: ਅਲੀ ਮਦੀਹ ਹਾਸ਼ਮੀ

ਇਕ ਮਜ਼ਾਕੀਆ ਕਵਿਤਾ

**ਪ੍ਰਦੀਪ ਬੋਸ**



## ਮਹੁਆ

ਉਦਯਪੁਰ ਸ਼ਹਿਰ ਕੋਲ
ਮੇਰੇ ਵਿਹੜੇ ਵਿੱਚ ਉਗਿਆ ਮਹੁਏ ਦਾ ਬੂਟਾ
ਹੁਣ 20 ਵਰ੍ਹਿਆਂ ਦਾ ਹੋ ਗਿਆ ਹੈ।
ਦੂਰੋਂ ਅੰਬੀਆਂ ਦੇ ਰੁਖ ਜਿਹਾ ਦਿੱਸਦਾ
ਪਰ ਬਾਹਲਾ ਸੰਘਣਾ ਤੇ ਜਾੜ੍ਹਾ –
ਇਹੋ ਹੀ (ਚਿੱਤਰ–ਵਾਲਾ) ਮੇਰਾ ਮਹੁਏ ਦਾ ਬੂਟਾ ਹੈ।
ਹਰ ਸਾਲ, ਮਈ ਮਹੀਨੇ
ਇਹ 25 ਕਿੱਲੋ ਸੁੱਕੇ ਫੁੱਲ ਕੇਰਦਾ ਹੈ
ਅਤੇ ਹਰ ਢਾਈ ਕਿੱਲੋ ਫੁੱਲਾਂ ਦੀ ਭੱਠੀ ਤੋਂ


ਪਹਿਲੇ ਤੋੜ ਦੀ ਇੱਕ ਬੋਤਲ ਨਿੱਕਲ ਆਉਂਦੀ ਹੈ।
ਅਗਸਤ ਮਹੀਨੇ, ਪਹਿਲੀ ਬੋਤਲ ਪਿਉਂਦਾ
ਮੈਂ ਸਾਵੇ ਪੱਤਰਾਂ ਵਾਲੇ ਬਾਬੇ ਮੋਹਣ ਨੂੰ ਚੇਤੇ ਕਰਦਾ ਹਾਂ
ਸਿਤੰਬਰ ਮਹੀਨਾ ਬੀਬੀ ਅੰਮ੍ਰਿਤਾ ਲਈ ਰਿਜ਼ਰਵ ਰਹਿੰਦਾ ਹੈ
ਇਸ ਤੋਂ ਅਗਲੇ ਮਹੀਨੇ ਚੰਬੇ ਦਾ ਸ਼ਹਿਨਸ਼ਾਹ ਫੇਰਾ ਲਾ ਜਾਂਦਾ ਹੈ
ਅਤੇ ਹਰ ਨਵੰਬਰ ਮਹੀਨੇ ਮੈਂ ਅਮਰਜੀਤ ਚੰਦਨ ਨੂੰ ਉਡੀਕਦਾ ਹਾਂ
ਉਹ ਤਾਂ ਅਜੇ ਤੀਕ ਕਦੇ ਨਹੀਂ ਅੱਪੜੇ
ਪਰ ਸਾਲ ਦਾ ਅਖੀਰਲਾ ਮਹੀਨਾ ਪਾਸ਼ ਲਈ ਰਾਖਵਾਂ ਹੁੰਦਾ ਹੈ।
ਨਵਾਂ ਸਾਲ ਚੜ੍ਹਦਿਆਂ ਮਹੁਏ ਦੀ ਮਹਿਕ ਸੁੰਘ
ਅਗਰ ਨਗਰ ਤੋਂ ਸੁਖਚੈਨ ਤੇ ਪਾਤਰ ਨੂੰ ਰਵਾਨਾ ਹੁੰਦਿਆਂ ਵੇਖ
ਬਾਂਦਰ ਵਾਲੀ ਟਪੂਸੀ ਮਾਰ ਰਮਨ ਵੀ ਬਦੋਬਦੀ
ਪਿੱਛੇ ਆਉਂਦਾ ਹੈ
ਪਰ ਇਹ ਤਿੰਨੋਂ, ਰਾਹ ਵਿੱਚ ਹੀ ਕਿਤੇ, ਗੁਆਚ ਜਾਂਦੇ ਹਨ।

ਇਹਨਾਂ ਨੂੰ ਭਾਲਦੇ ਪੱਖੋਵਾਲ ਰੋਡ ਤੋਂ ਤੁਰੇ
ਅਮਰਜੀਤ ਗਰੇਵਾਲ ਅਤੇ ਮਾਡਲ ਟਾਊਨ ਦੇ ਤੇਜਵੰਤ ਗਿੱਲ
ਪਿੰਕ ਸਿਟੀ ਨੂੰ ਲੇਕ ਸਿਟੀ ਮੰਨ ਜੈਪੁਰ ਉੱਤਰ,
ਗੋਆ ਦੀ ਗੱਡੀ ਫੜ ਲੈਂਦੇ ਹਨ।
ਮੈਂ ਸੋਚਦਾਂ ਇਹਨਾਂ ਨੂੰ ਕਾਜੂ ਦੀ ਫ਼ੈਨੀ ਅਤੇ ਮਹੁਆ ਦੇ ਮਾਲ ਵਿਚਾਲੇ
ਦੇ ਵੱਡੇ ਫ਼ਰਕ ਨੂੰ ਸਮਝਾਉਣ ਲਈ
ਮਹੀਨੇ ਭਰ ਲਈ ਮਹਿਮਾਨ ਬਣਾਇਆ ਜਾਵੇ,
ਪਰ ਕਿਵੇਂ, ਇਹ ਦੋਵੇਂ ਕਵਿਤਾ ਤਾਂ ਲਿਖਦੇ ਈ ਨਹੀਂ!

ਮੇਰੇ ਵਿਹੜੇ ਵਿੱਚ ਉਗਿਆ ਮਹੁਏ ਦਾ ਬੂਟਾ
ਅਗਲੇ ਤੀਹ ਵਰ੍ਹਿਆਂ ਤਾਈਂ
ਕਿੰਨੇ ਈ ਇਨਕਲਾਬੀ ਸ਼ਾਇਰਾਂ ਖਾਤਰ
ਮਣਾਂ-ਭਰ ਫੁੱਲ ਕੇਰੂਗਾ
ਅਤੇ ਮੈਂ ਉਹਨਾਂ ਦੀ ਸਿਮਰਤੀ ਵਿੱਚ
ਹਰ ਸਾਲ ਬੋਤਲ-ਦਰ-ਬੋਤਲ
ਕਵਿਤਾਵਾਂ ਲਿਖਦਾ ਰਹਾਂਗਾ।

ਮਹੁਆ - ਭਾਰਤੀ ਕਬੀਲਿਆਂ ਦੀ
ਤਾਰੀਖ਼ ਤੋਂ ਪੁਰਾਣੀ, ਉਹ ਤਸ਼ਦੀਕ-ਸ਼ੁਦਾ ਦਾਰੂ ਹੈ
ਜਿਸਦੇ ਸੱਦੇ ਤੋਂ ਬਾਹਰ ਜਾਣ ਦੀ ਮਜ਼ਾਲ
ਕਿਸੇ ਵੀ ਜਮਾਂਦਰੂ ਕਵੀ ਦੀ, ਹੁਣ ਤਾਈਂ, ਨਹੀਂ ਹੋਈ!

ਪ੍ਰਦੀਪ ਬੋਸ, 09950591235



# ਦਿਨ ਦਿਹਾੜੇ ਸ਼ਰਾਬ ਲੈ ਬੈਠਾ...

*ਪ੍ਰੋ. ਰਮਨ*

ਰਵਿੰਦਰ ਨਾਥ ਟੈਗੋਰ ਦੇ ਇਸ ਕਥਨ 'ਸਮੰਦਰਾਂ ਤੇ ਦਰਿਆਵਾਂ ਦੀ ਨਿਸਬਿਤ ਸ਼ਰਾਬ ਦੀ ਪਿਆਲੀ ਨੇ ਜ਼ਿਆਦਾ ਲੋਕਾਂ ਨੂੰ ਡੋਬਿਆ ਹੈ' 'ਤੇ ਨਜ਼ਰ ਪਈ ਤਾਂ ਜ਼ਿਹਨ 'ਚ ਸ਼ਾਇਰ ਸੁਖਚੈਨ ਦੀ ਕਹੀ ਇਕ ਪੁਰਾਣੀ ਗੱਲ ਬਿਜਲੀ ਦੀ ਲਿਸ਼ਕੋਰ ਵਾਂਗ ਆ ਪ੍ਰਗਟ ਹੋਈ। ਇਹੋ ਜਿਹੇ ਅਰਥ ਵਾਲੀ ਇਕ ਦਲੀਲ ਦੀ ਕਾਟਵੀਂ ਦਲੀਲ ਵਜੋਂ ਉਸ ਨੇ ਕਿਹਾ ਸੀ ਕਿ ਇਹ ਸਭ ਝੂਠ ਹੈ, ਬਕਵਾਸ ਹੈ, ਸ਼ਰਾਬ ਪੀ ਪੀ ਕੇ ਵੀ ਲੋਕ ਮਰਦੇ ਹਨ ਤੇ ਮਰਦੇ ਆਏ ਹਨ, ਜਦ ਕਿ ਅਸਲੀਅਤ ਇਹ ਹੈ ਕਿ ਸ਼ਰਾਬ ਨਾਲੋਂ ਦੁੱਧ ਪੀ ਕੇ ਮਰਨ ਵਾਲਿਆਂ ਦੀ ਗਿਣਤੀ ਕਿਤੇ ਜ਼ਿਆਦਾ ਹੈ। ਜਿੰਨੀਆਂ ਵੀ ਮੌਤਾਂ ਦਿਲ ਦਾ ਦੌਰਾ ਪੈਣ ਨਾਲ ਹੁੰਦੀਆਂ ਹਨ, ਸਭ ਦੁੱਧ ਪੀਣ ਵਾਲਿਆਂ ਦੀਆਂ ਹੀ ਹੁੰਦੀਆਂ ਹਨ। ਸੁਖਚੈਨ ਦੇ ਇਰਦ-ਗਿਰਦ ਖੜ੍ਹੇ ਲੇਖਕਾਂ ਦਾ ਸ਼ਾਇਰ ਦੀ ਦਲੀਲ ਨਾਲ ਮਨ ਮਚਲ ਉੱਠਿਆ। ਸ਼ਾਇਦ ਇਹ ਸਾਹਿਤ ਅਕਾਦਮੀ ਲੁਧਿਆਣਾ ਦੀਆਂ ਵੋਟਾਂ ਦਾ ਦਿਨ ਸੀ। ਮਰਹੂਮ ਸੁਤਿੰਦਰ ਸਿੰਘ ਨੂਰ ਦਾ ਮਰਹੂਮ ਅਮਰੀਕ ਸਿੰਘ ਪੂੰਨੀ ਨਾਲ ਪਟਕੇ ਦਾ ਮੁਕਾਬਲਾ ਸੀ। ਸੁਖਚੈਨ ਨੇ ਲਾਗਲੇ ਲੇਖਕਾਂ ਨੂੰ ਕਿਹਾ : ਤੁਸੀਂ ਵੋਟਾਂ ਭੁਗਤਾਓ, ਮੈਂ ਦਾਰੂ ਲੈ ਕੇ ਆਇਆ। ਉਹ ਅਗਰ ਨਗਰ ਦੇ ਕੋਲ ਆਸ਼ਾਪੁਰੀ ਵਾਲੇ ਆਪਣੇ ਘਰ, ਪੰਜਾਬੀ ਭਵਨ ਤੋਂ ਤਕਰੀਬਨ ਤਿੰਨ ਕਿਲੋਮੀਟਰ ਦੂਰ ਪੈਦਲ ਗਿਆ ਤੇ ਪੈਦਲ ਹੀ ਵਾਪਸ ਆਇਆ। ਉਹਦੀ ਕੱਛ ਵਿਚ ਦਾਰੂ ਦੀ ਬੋਤਲ ਸੀ। ਪੰਜਾਬੀ ਭਵਨ ਦੇ ਅਹਾਤੇ ਵਿਚ ਹੀ ਇਹ ਬੋਤਲ ਛੇਤੀ-ਛੇਤੀ ਖ਼ਾਲੀ ਹੋ ਗਈ ਤਾਂ ਸੁਖਚੈਨ ਲੇਖਕਾਂ ਦੀ ਢਾਣੀ 'ਚੋਂ ਕੁਝ ਚੋਣਵਿਆਂ ਨੂੰ ਲੈ ਕੇ ਆਪਣੇ ਘਰ ਆ ਗਿਆ।

ਘਰ ਗਏ ਤਾਂ ਕਾਵਿ-ਪੁਸਤਕ 'ਘਰ' ਦੇ ਇਸ ਅਤੀ-ਸੰਵੇਦਨਸ਼ੀਲ ਲੇਖਕ ਨੇ ਬੋਤਲ ਮੇਜ਼ ਉੱਪਰ ਰੱਖ ਦਿੱਤੀ। ਫਿਰ ਇਕ ਹੋਰ ਬੋਤਲ ਮੇਜ਼ 'ਤੇ ਟਿਕਾਈ। ਇਕ ਹੋਰ, ਇਕ ਹੋਰ...ਤੇ ਇਸ ਤਰ੍ਹਾਂ ਇਕ-ਇਕ ਕਰਕੇ ਉਹਨੇ ਗਿਆਰਾਂ ਬੋਤਲਾਂ ਮੇਜ਼ 'ਤੇ ਚਿਣ ਦਿੱਤੀਆਂ। ਕਿਸੇ ਪੁੱਛਿਆ : ਸੁਖਚੈਨ, ਤੂੰ ਸਾਨੂੰ ਦਾਰੂ ਪਿਆਉਣ ਲਿਆਇਆਂ ਕਿ ਦਾਰੂ ਨਾਲ ਡਰਾਉਣ ? ਸੁਖਚੈਨ : ਮੈਂ ਥੋਨੂੰ ਦਾਰੂ ਨਾਲ ਨਵ੍ਹਾਉਣ ਲਿਆਇਆ, ਪੀਓ, ਐਸ਼ ਕਰੋ। ਦਾਰੂ ਦੇ ਜਾਮ ਛਲਕ ਪਏ। ਅਕਾਡਮੀ ਵੋਟਾਂ ਉੱਪਰ ਤਬਸਰੇ ਹੋਣ ਲੱਗੇ। ਸੁਤਿੰਦਰ ਸਿੰਘ ਨੂਰ ਦੀ ਹਾਰ ਦਾ ਮਾਤਮ ਮਨਾਇਆ ਜਾਣ ਲੱਗਾ। ਗੱਲਾਂ ਦੇ ਇਸ ਸਿਲਸਿਲੇ 'ਚ ਉਹ ਗੱਲ ਵੀ ਹੋ ਗਈ, ਜਿਸ ਨਾਲ ਕੋਹਰਾਮ ਮੱਚ ਗਿਆ। ਇਕ ਸਥਾਨਕ ਪੱਤਰਕਾਰ ਸੰਤ ਸਿੰਘ ਸੇਖੋਂ ਦੇ ਸਹਾਇਕ ਵਜੋਂ ਵੋਟ ਪੁਆਉਣ ਲਈ ਉਨ੍ਹਾਂ ਨਾਲ ਗਿਆ ਸੀ। ਉਹਨੇ ਦੱਸਿਆ ਕਿ ਮੈਂ (ਪੱਤਰਕਾਰ ਨੇ) ਜਦੋਂ ਕੋਸ਼ਿਸ਼ ਕੀਤੀ ਕਿ ਸੇਖੋਂ ਸਾਹਿਬ ਦੀ ਵੋਟ ਨੂਰ ਨੂੰ ਚਲੀ ਜਾਵੇ ਤਾਂ ਸੇਖੋਂ ਸਾਹਿਬ ਨੇ ਫਟਾ-ਫਟ ਇਹ ਕਹਿ ਕੇ, "ਮੈਂ ਨੀਂ ਛੀਂਬੇ ਨੂੰ ਵੋਟ ਪਾਉਣੀ", ਨਿਸ਼ਾਨ ਪੂੰਨੀ ਵਾਲੇ ਖਾਨੇ 'ਚ ਲਗਾ ਦਿੱਤਾ। ਗਿਣਤੀਕਾਰ ਵੀ ਇਸ ਮਹਿਫ਼ਲ ਵਿਚ ਹਾਜ਼ਰ ਸੀ। ਉਸ ਨੇ ਵੀ ਦੱਸਿਆ ਕਿ ਇਕ ਅਜਿਹਾ ਹੀ ਬੈੱਲਟ ਪੇਪਰ ਸੀ, ਜੋ ਝਰੀਟਿਆ ਜਿਹਾ ਹੋਇਆ ਸੀ। ਪੁਸ਼ਟੀ ਹੋਣ ਦੀ ਦੇਰ ਸੀ ਕਿ ਇਹ ਵੋਟਾ ਬਾਬਾ ਬੋਹੜ ਦੀ ਹੀ ਸੀ, ਸੁਖਚੈਨ ਨੇ ਗਾਲ੍ਹਾਂ ਦਾ ਮੀਂਹ ਵਰ੍ਹਾ ਦਿੱਤਾ। ਇਹ ਗਾਲ੍ਹਾਂ ਸੇਖੋਂ ਸਾਹਿਬ ਤੇ ਉਨ੍ਹਾਂ ਦੇ ਸਭ ਸਮਰਥਕਾਂ ਨੂੰ ਸੰਬੋਧਿਤ ਸਨ। ਮਹਿਫ਼ਲ 'ਉੱਜੜ' ਗਈ। ਕੁਝ ਲੇਖਕ ਸਥਿਤੀ ਵਿਗੜਦੀ ਦੇਖ ਖਿਸਕ ਗਏ। ਬਾਕੀ ਬਿਲਕੁਲ ਨਾਲ ਲਗਦੇ ਸੁਰਜੀਤ ਪਾਤਰ ਦੇ ਘਰ ਚਲੇ ਗਏ। ਸੁਰਜੀਤ ਪਾਤਰ ਦੇ ਘਰ ਸੁਖਚੈਨ ਦੀਆਂ ਬੜ੍ਹਕਾਂ ਦੀ ਬੜੀ ਉੱਚੀ ਆਵਾਜ਼ ਸੁਣ ਰਹੀ ਸੀ। ਸ਼ਾਇਦ ਇਹ ਪੂਰੀ ਕਲੋਨੀ ਵਿਚ ਵੀ ਸੁਣਾਈ ਦੇ ਰਹੀ ਹੋਵੇ।

ਕੁਝ ਦਾਨੇ ਲੇਖਕਾਂ ਨੇ ਸੁਖਚੈਨ ਨੂੰ ਸਮਝਾਉਣ ਦੀ, ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ। ਪਰ ਉਹ ਕਿਸੇ ਦੇ ਕਾਬੂ ਨਾਲ ਆਇਆ। ਉਹ ਇਹ ਬਰਦਾਸ਼ਤ ਨਹੀਂ ਸੀ ਕਰ ਸਕਿਆ ਕਿ ਸੰਤ ਸਿੰਘ ਸੇਖੋਂ ਵਰਗੇ ਕੱਦਾਵਰ ਲੇਖਕ ਨੇ ਸੁਤਿੰਦਰ ਸਿੰਘ ਨੂਰ ਲਈ ਜਾਤੀ ਸੂਚਕ ਸ਼ਬਦ ਵਰਤਿਆ ਸੀ। ਗਾਲ੍ਹਾਂ ਦਾ ਵਹਿਣ ਤੇਜ਼ ਹੁੰਦਾ ਜਾ ਰਿਹਾ ਸੀ। ਸੁਰਜੀਤ ਪਾਤਰ ਦੇ ਘਰ ਲੱਗੀ ਦਾਨਿਸ਼ਵਰਾਂ ਦੀ ਮਹਿਫ਼ਲ ਵੀ ਇਸ ਤੇਜ਼ ਵਹਿਣ 'ਚ ਰੁੜ੍ਹ ਸਕਦੀ ਸੀ। ਖ਼ਤਰੇ ਨੂੰ ਭਾਂਪਦਿਆਂ ਡਾ. ਰਣਜੀਤ ਸਿੰਘ ਰੰਗੀਲਾ ਪਾਤਰ ਘਰ ਲੱਗੀ ਮਹਿਫ਼ਲ 'ਚੋਂ

ਨਿੱਤਰਿਆ। ਉਹ ਚਾਰ-ਦੀਵਾਰੀ ਦੀ ਕੰਧ ਉੱਪਰ ਸੁਖਚੈਨ ਦੇ ਘਰ ਵੱਲ ਮੂੰਹ ਕਰਕੇ ਖੜ੍ਹ ਗਿਆ ਤੇ ਬੜੀਆਂ ਠੇਠ, ਚੋਣਵੀਆਂ ਗਾਲ੍ਹਾਂ ਨਾਲ ਸੁਖਚੈਨ ਉੱਪਰ ਸ਼ਬਦੀ ਹਮਲਾ ਬੋਲਣ ਲੱਗਾ। ਉਸ ਦੀ ਭਾਸ਼ਾ-ਵਿਗਿਆਨਕ ਜੁਗਤ ਬੜੀ ਕਾਰਗਰ ਸਾਬਤ ਹੋਈ ਤੇ ਪੰਜ-ਸੱਤ ਮਿੰਟ 'ਚ ਮਾਹੌਲ ਸ਼ਾਂਤ ਹੋ ਗਿਆ।

ਅਗਲੇ ਦਿਨ ਸੁਖਚੈਨ, ਸੁਰਜੀਤ ਪਾਤਰ ਦੇ ਨਾਲ ਸੀ। ਨਾਰਮਲ ਸੀ। ਪਾਤਰ ਦੀਆਂ ਨਜ਼ਰਾਂ 'ਚ ਨਿਰਦੋਸ਼ ਸੀ। ਉਹ ਸੱਚਾ ਸੀ। ਇਸੇ ਲਈ ਸ਼ਰਾਬ ਪੀ ਕੇ ਬਹਿਕ ਗਿਆ ਸੀ। ਉਸ ਦੀ ਨਰਾਜ਼ਗੀ ਜਾਇਜ਼ ਸੀ ਕਿ ਆਖ਼ਰ ਐਨਾ ਵੱਡਾ ਲੇਖਕ ਜਾਤਪਾਤੀ ਵਰਤਾਰੇ ਦੇ ਸੰਸਕਾਰ ਚੁੱਕੀ ਫਿਰਦਾ ਸੀ। ਸ਼ਰਾਬ ਪੀਣ ਵਾਲੇ ਸੱਚ ਬੋਲਦੇ ਹਨ। ਇਸੇ ਲਈ ਸੰਤ ਸਿੰਘ ਸੇਖੋਂ ਵੀ ਝੂਠਾ ਨਹੀਂ ਸੀ। ਜੋ ਗੱਲ ਦਿਲ 'ਚ ਸੀ, ਦਿਲ 'ਚ ਹੀ ਕਿਉਂ ਰੱਖੀ ਜਾਵੇ ? ਉਹਨੇ ਵੀ ਸੁਤਿੰਦਰ ਸਿੰਘ ਨੂਰ ਬਾਰੇ ਜੋ ਕਹਿਣਾ ਸੀ, ਕਹਿ ਦਿੱਤਾ। ਕਿਹਾ ਵੀ ਅਮਰੀਕ ਸਿੰਘ ਪੁੰਨੀ (ਜੱਟ) ਦੀ ਤੁਲਨਾ ਵਿਚ। ਅਜਿਹਾ ਕਹਿ ਕੇ ਉਸ ਨੇ ਆਪਣੇ ਜਾਤੀ ਆਤਮ ਸਨਮਾਨ ਦਾ ਪ੍ਰਗਟਾਵਾ ਕੀਤਾ ਸੀ ਜਾਂ ਜਾਤੀ ਹਉਂ ਦਾ ? ਇਸ ਦਾ ਨਿਰਣਾ ਤਾਂ ਡਾ. ਤੇਜਵੰਤ ਸਿੰਘ ਗਿੱਲ ਵਰਗਾ ਕੋਈ ਚੋਟੀ ਦਾ ਵਿਦਵਾਨ ਹੀ ਕਰ ਸਕਦਾ ਹੈ। ਫ਼ਿਲਹਾਲ ਤਾਂ ਚਰਚਾ ਇਸ ਨੁਕਤੇ 'ਤੇ ਕੇਂਦਰਿਤ ਰੱਖਣੀ ਬਣਦੀ ਹੈ ਕਿ ਲੇਖਕ ਸੱਚ ਤੇ ਸ਼ਰਾਬ ਦੇ ਕਾਫ਼ੀ ਨੇੜੇ ਰਹਿਣ ਦਾ ਯਤਨ ਕਰਦੇ ਹਨ। ਦਿਨ ਦਿਹਾੜੇ ਸ਼ਰਾਬ ਲੈ ਬੈਠਣ ਦਾ ਵਰਤਾਰਾ ਵੀ ਇਸੇ ਕਰਕੇ ਆਮ ਹੈ। ਇਹ ਵਰਤਾਰਾ ਸ਼ਿਵ ਕੁਮਾਰ ਦੀ ਦੇਣ ਹੈ। ਉਸ ਦੀ ਜੀਵਨ ਸ਼ੈਲੀ, ਉਸ ਦੇ ਸ਼ਾਇਰਾਨਾ ਅੰਦਾਜ਼ ਅਤੇ ਉਸ ਦੀ ਸ਼ਾਇਰੀ ਦੇ ਮਿਜਾਜ਼ ਨੇ ਲੇਖਕਾਂ ਨੂੰ ਤਾਂ ਪ੍ਰਭਾਵਿਤ ਕਰਨਾ ਹੀ ਸੀ, ਪ੍ਰਗਤੀਵਾਦੀ ਸਿਆਸਤਦਾਨਾਂ ਨੂੰ ਵੀ ਆਪਣਾ ਦਿਵਾਨਾ ਬਣਾ ਲਿਆ ਸੀ। ਆਦਰਸ਼ਾਂ ਅਤੇ ਸੁਨਹਿਰੀ ਸੁਪਨਿਆਂ ਤੋਂ ਪ੍ਰੇਰਿਤ ਇਹ ਲੋਕ ਸੁਰਮਈ ਸ਼ਾਮ ਦੀ ਉਡੀਕ ਕਰਦੇ। ਜਗਤਾਰ ਦੀ ਇਕ ਤਸ਼ਬੀਹ ਅਨੁਸਾਰ ਗੋਲੇ ਕਬੂਤਰ ਵਰਗੀ ਸ਼ਾਮ ਉੱਤਰਦੀ ਤਾਂ ਢਾਣੀਆਂ ਜੁੜ ਬੈਠਦੀਆਂ। ਪੂਰਵ ਸ਼ਿਵ ਕੁਮਾਰ ਦੇ ਦੌਰ ਵਿਚ ਕਾਫ਼ੀ ਹਾਊਸਾਂ 'ਚ ਮਿਲ ਬਹਿਣ ਦਾ ਰਿਵਾਜ ਸੀ। ਹੁਣ ਅਹਾਤਿਆਂ 'ਚ ਲੇਖਕਾਂ ਤੇ ਪ੍ਰਗਤੀਵਾਦੀ ਸਿਆਸਤਦਾਨਾਂ ਦੀ ਆਮਦ ਵਧ ਗਈ। ਹੌਲੀ-ਹੌਲੀ ਗੋਲੇ ਕਬੂਤਰ ਦੇ ਉਤਰਣ ਦੀ ਉਡੀਕ ਵੀ ਛੱਡ ਦਿੱਤੀ ਗਈ। ਦਿਨ ਦਿਹਾੜੇ ਸ਼ਰਾਬ ਲੈ ਬੈਠਣ ਵਾਲੇ ਲੇਖਕ ਆਮ ਦਿਖਾਈ ਦੇਣ ਲੱਗ ਪਏ।

ਸੰਵੇਦਨਸ਼ੀਲ ਲੇਖਕ ਦੇ ਜੀਵਨ ਵਿਚ ਆਦਰਸ਼ ਅਤੇ ਸੁਪਨੇ ਦਾ ਦਮਨ ਜੋ ਨਿਰਾਸ਼ਾ ਪੈਦਾ ਕਰਦਾ ਹੈ, ਦਾਰੂ ਉਸ ਨਿਰਾਸ਼ਾ ਤੋਂ ਨਿਜਾਤ ਪਾਉਣ ਦਾ ਇਕ ਨਹਾਇਤ ਵਿਅਕਤੀਗਤ ਜ਼ਰੀਆ ਬਣਦੀ ਹੈ, ਉਸ ਨੂੰ ਵਿਅਕਤੀਗਤ ਪੱਧਰ 'ਤੇ ਵਿਦਰੋਹ ਕਰਨ ਦਾ ਅਵਸਰ ਮੁਹੱਈਆ ਕਰਵਾਉਂਦੀ ਹੈ। ਜਿਸ ਦਿਨ ਸੁਖਚੈਨ ਨੇ ਖਰੂਦ ਮਚਾਇਆ ਸੀ ਉਸ ਦਿਨ ਉਹਨੇ ਇਕ ਆਦਰਸ਼ ਦਾ ਕਤਲ ਹੁੰਦਾ ਹੀ ਤਾਂ ਦੇਖਿਆ ਸੀ। ਇਕ ਪਾਸੇ ਜਾਤਪਾਤ ਰਹਿਤ ਸਮਾਜ ਦਾ ਸੁਪਨਾ ਅਤੇ ਦੂਜੇ ਪਾਸੇ ਪੰਜਾਬੀ ਦਾ ਇਕ ਸ਼ਿਰੋਮਣੀ ਲੇਖਕ ਆਪਣੀ ਵੋਟ ਦੇਣ ਲਈ ਜਾਤ ਨੂੰ ਮਾਪਦੰਡ ਬਣਾਉਣ ਲਈ ਬਜ਼ਿੱਦ! ਹੁਣ ਦੱਸੋ, ਸੁਖਚੈਨ ਕਰਦਾ ਤਾਂ ਕੀ ਕਰਦਾ ? ਕਦਮ-ਕਦਮ 'ਤੇ ਇਹੋ ਕੁਝ ਹੋ ਰਿਹਾ ਹੈ। ਆਦਰਸ਼ ਅਤੇ ਸੁਪਨੇ ਨੂੰ ਦਰੜ ਦੇਣ 'ਤੇ ਤੁਲੀਆਂ ਹੋਈਆਂ ਤਾਕਤਾਂ ਵਿਰੁੱਧ ਸੰਵੇਦਨਸ਼ੀਲ ਲੇਖਕ ਦਿਨ ਦਿਹਾੜੇ ਸ਼ਰਾਬ ਲੈ ਬੈਠਦਾ ਹੈ, ਪੈੱਗ 'ਤੇ ਪੈੱਗ ਪਾਉਂਦਾ ਹੈ ਤੇ ਆਪਣੇ ਮਨ ਅੰਤਰ ਦੀ ਭੜਾਸ ਕੱਢ ਕੇ ਸਾਹ ਲੈਣ ਜੋਗਾ ਹੁੰਦਾ ਹੈ।

ਲੇਖਕਾਂ ਦੇ ਲਾਲ ਪਰੀ ਨਾਲ ਲਗਾਓ ਦੀਆਂ ਅਨੇਕਾਂ ਉਦਾਹਰਣਾਂ ਮਿਲ ਜਾਂਦੀਆਂ ਹਨ। ਆਮ ਕਰਕੇ ਉਨ੍ਹਾਂ ਸਾਹਿਤਕ ਸਮਾਗਮਾਂ ਵਿਚ ਲੇਖਕ ਹੁੰਮ-ਹੁਮਾ ਕੇ ਪਹੁੰਚਦੇ ਹਨ ਜਿਨ੍ਹਾਂ ਦੇ ਪ੍ਰਬੰਧਕ ਚਾਹ-ਰੋਟੀ ਦੇ ਪ੍ਰਬੰਧ ਵਿਚ ਦਾਰੂ ਲਈ ਵੀ ਤਸੱਲੀਬਖ਼ਸ਼ ਜਗ੍ਹਾ ਰੱਖਦੇ ਹਨ। ਇਹ ਵੀ ਦੇਖਿਆ ਗਿਆ ਹੈ ਕਿ ਸਮਾਗਮ ਦੇ ਅੱਧ-ਵਿਚਾਲੇ ਲੇਖਕ ਸਾਹਿਤ ਸਮਾਗਮ ਵਾਲੇ ਸਥਾਨ ਤੋਂ ਖਿਸਕਣੇ ਸ਼ੁਰੂ ਹੋ ਜਾਂਦੇ ਹਨ, ਉਹ ਘਰਾਂ ਨੂੰ ਨਹੀਂ ਪਰਤ ਜਾਂਦੇ ਸਗੋਂ ਨੇੜਲੇ ਅਹਾਤਿਆਂ ਵਿਚ ਹੀ ਮਹਿਫ਼ਲਾਂ ਸਜਾਈ ਬੈਠੇ ਹੁੰਦੇ ਹਨ। ਦਾਰੂ ਦੇ ਪੱਖੋਂ ਲੇਖਕਾਂ ਲਈ ਸਾਹਿਤਕ ਸਮਾਗਮ ਕਿਸੇ ਵਿਆਹ ਸ਼ਾਦੀ ਵਰਗਾ ਹੀ ਹੁੰਦਾ ਹੈ। ਮੀਜ਼ਬਾਨੀ ਵਿਚ ਦਾਰੂ ਨਾ ਹੋਵੇ ਤਾਂ ਸਾਹਿਤਕ ਸਮਾਗਮ 'ਰਾਧਾ ਸਵਾਮੀਆਂ' ਦੇ ਵਿਆਹ ਵਰਗਾ ਹੀ ਸਮਝਿਆ ਜਾਂਦਾ ਹੈ। ਉਂਜ, ਵਿਆਹ ਵਿਚ ਦਾਰੂ ਨਾ ਹੋਵੇ ਤਾਂ ਰੰਗ ਵੀ ਨਹੀਂ ਬੱਝਦਾ। ਇਹੋ ਗੱਲ ਸਾਹਿਤਕ ਸਮਾਗਮਾਂ ਬਾਰੇ ਵੀ ਸੱਚ ਸਮਝੀ ਜਾਂਦੀ ਹੈ।

ਚਿਰ ਪਹਿਲਾਂ ਦੀ ਗੱਲ ਹੈ, ਮੈਂ ਤੇ ਮੇਰਾ ਇਕ ਸ਼ਾਮ ਸਮੇਂ ਦਾ ਗਹਿਰਾ ਮਿੱਤਰ ਲੁਧਿਆਣੇ ਲਾਗੇ ਇਕ ਪਿੰਡ ਦੀ ਫਿਰਨੀ 'ਤੇ ਸਾਂ। ਲਾਊਡ ਸਪੀਕਰਾਂ ਤੋਂ ਆਉਂਦੀਆਂ ਇਨਕਲਾਬੀ ਧੁਨਾਂ ਨੇ ਸਾਡਾ ਧਿਆਨ ਖਿੱਚਿਆ। ਰਾਹਗੀਰਾਂ ਤੋਂ ਪਤਾ ਲੱਗਾ ਕਿ ਪਿੰਡ ਵਿਚ ਡਰਾਮਿਆਂ ਦਾ ਪ੍ਰੋਗਰਾਮ ਹੈ। ਪੰਡਾਲ ਵਿਚ ਪਹੁੰਚੇ ਤਾਂ ਕਿਸੇ ਦੱਸਿਆ ਕਿ ਅਜਮੇਰ ਸਿੰਘ ਔਲਖ ਡਰਾਮੇ ਖੇਡਣ ਆਇਆ ਹੈ। ਮੈਂ ਖ਼ੁਸ਼ ਸਾਂ ਕਿ ਅਜਮੇਰ ਸਿੰਘ ਔਲਖ ਨੂੰ ਮਿਲਣ ਦਾ ਮੌਕਾ ਮੇਲ ਬਣ ਗਿਆ ਹੈ। ਡਰਾਮੇ ਅਜੇ ਸ਼ੁਰੂ ਨਹੀਂ ਸਨ ਹੋਏ, ਸਟੇਜ ਸੈਟਿੰਗ ਦਾ ਕੰਮ ਚੱਲ ਰਿਹਾ ਸੀ। ਔਲਖ ਮੇਕ-ਅੱਪ ਵਿਚ ਕੋਈ ਸਾਧ ਬਣਿਆ ਹੋਇਆ ਸੀ ਜਾਂ ਫਿਰ ਕੋਈ ਦਾਨਾ ਬਜ਼ੁਰਗ, ਹੁਣ ਚੰਗੀ ਤਰ੍ਹਾਂ ਯਾਦ ਨਹੀਂ; ਪਰ ਉਹ ਸਟੇਜ ਉੱਪਰ ਕਾਫ਼ੀ ਫੁਰਤੀ ਨਾਲ ਮੰਚ-ਸਮੱਗਰੀ ਨੂੰ ਤਰਤੀਬ ਦੇ ਰਿਹਾ ਸੀ। ਮੈਂ ਤੇ ਮੇਰਾ ਮਿੱਤਰ ਮੰਚ ਲਾਗੇ ਜਾ ਖੜੇ। ਔਲਖ ਨੇ ਸਾਨੂੰ ਪਛਾਣ ਲਿਆ। ਮੰਚ ਦੇ ਕਿਨਾਰੇ 'ਤੇ ਆ ਕੇ ਮੰਚ ਉੱਪਰੋਂ ਸਾਡੇ ਨਾਲ ਹੱਥ ਮਿਲਾ ਕੇ ਸਾਡੀ ਫਤਹਿ ਪ੍ਰਵਾਨ ਕੀਤੀ। ਸਮਾਂ ਹੀ ਕੁਝ ਅਜਿਹਾ ਸੀ ਕਿ ਨਾ ਤਾਂ ਇਸ ਚੋਟੀ ਦੇ ਨਾਟਕਕਾਰ ਨਾਲ ਕੋਈ ਗੱਲਬਾਤ ਕਰਨੀ ਹੀ ਸੰਭਵ ਸੀ ਤੇ ਨਾ ਹੀ ਕੋਈ ਹੋਰ ਉਚੇਚੀ ਮਹਿਮਾਨ ਨਿਵਾਜ਼ੀ। ਜੋ ਕੁਝ ਸੰਭਵ ਸੀ, ਉਹ ਅਸੀਂ ਕਰ ਦਿੱਤਾ। ਮੈਂ ਅਜਮੇਰ ਸਿੰਘ ਔਲਖ ਦੇ ਕੰਨ 'ਚ ਕਿਹਾ, "ਪੈੱਗ ਲਾਉਣੈ !" ਔਲਖ ਦੀਆਂ ਅੱਖਾਂ 'ਚ ਚਮਕ ਆ ਗਈ, "ਹੈਗੀ ਆ ?" ਮੈਂ ਕਿਹਾ ਹੈਗੀ ਆ, ਪਰ ਪੀਣ ਨੂੰ ਭਾਂਡਾ ਹੈਨੀਂ। ਔਲਖ ਨੇ ਹੱਥ ਵਾਲਾ ਕਮੰਡਲ ਅੱਗੇ ਕਰ ਦਿੱਤਾ, ਕਹਿੰਦਾ, "ਏਹਦੇ 'ਚ ਈ ਪਾ ਦੇ !" ਮੈਂ ਬੋਤਲ 'ਚੋਂ ਕਮੰਡਲ 'ਚ ਦਾਰੂ ਉਲੱਦਦਿਆਂ ਇਉਂ ਮਹਿਸੂਸ ਕਰ ਰਿਹਾ ਸਾਂ ਜਿਵੇਂ ਕੋਈ ਅਤਿਅੰਤ ਕੀਮਤੀ ਪਦਾਰਥ ਕਿਸੇ ਪਹੁੰਚੇ ਹੋਏ ਫ਼ਕੀਰ ਦੀ ਭੇਟਾ ਚੜ੍ਹਾ ਰਿਹਾ ਹੋਵਾਂ। ਵ

ਮੋਬਾ : 98785-31166

# ਪੰਜਾਬੀ ਬੰਦੇ ਦੀ ਹਿਜਰਤ ਦਾ ਸਰਾਪਿਆ ਕਿੱਸਾ

ਯਾਦਵਿੰਦਰ ਸਿੰਘ

ਕੂੰਜਾਂ ਵਾਂਗ ਮਮੋਲੀਆਂ ਦੇਸ ਛੱਡੇ,
ਅਸਾਂ ਜ਼ਾਤ ਸਫ਼ਾਤ 'ਤੇ ਭੇਸ ਮੀਆਂ

**–ਵਾਰਿਸ ਸ਼ਾਹ**

*Exile is strangely compelling to think about but terrible to experience. It is the unhealable rift forced between a human being and a native place, between the self and its true home: its essential sadness can never be surmounted.* -Edward W. Said

ਇਕ ਚੀਨੀ ਲੋਕ ਕਥਾ ਹੈ ਕਿ ਖਵਾਂਤਸੂ ਨਾਂ ਦੇ ਇਕ ਫਕੀਰ ਨੇ ਇਕ ਦਿਨ ਆਪਣੇ ਚੇਲਿਆਂ ਨੂੰ ਇਕੱਠਾ ਕੀਤਾ। ਉਸ ਦੇ ਮੱਥੇ 'ਤੇ ਚਿੰਤਾਂ ਦੀਆਂ ਰੇਖਾਵਾਂ ਉਕਰੀਆਂ ਦੇਖ ਕੇ ਜਦੋਂ ਉਸ ਦੇ ਚੇਲਿਆਂ ਨੇ ਉਸ ਦੀ ਉਦਾਸੀ ਦਾ ਸਬੱਬ ਪੁੱਛਿਆ ਤਾਂ ਖਵਾਂਤਸੂ ਨੇ ਦੱਸਿਆ ਕਿ ਕੱਲ੍ਹ ਰਾਤ ਉਸ ਨੇ ਇਕ ਸੁਪਨਾ ਦੇਖਿਆ, ਜਿਸ ਕਾਰਨ ਉਸ ਦੀ ਨੀਂਦ ਉੱਡ ਗਈ ਹੈ। ਉਸ ਦੇ ਇਕ ਸ਼ਿਸ਼ ਨੇ ਜਦੋਂ ਇਸ ਸੁਪਨੇ ਦਾ ਰਹੱਸ ਜਾਣਨਾ ਚਾਹਿਆ ਤਾਂ ਖਵਾਂਤਸੂ ਨੇ ਸਪਸ਼ਟ ਕੀਤਾ ਕਿ ਸੁਪਨੇ 'ਚ ਉਸ ਨੇ ਦੇਖਿਆ ਜਿਵੇਂ ਉਹ ਖਵਾਂਤਸੂ ਨਹੀਂ ਬਲਕਿ ਇਕ ਤਿਤਲੀ ਹੈ। "ਮੈਨੂੰ ਸੁਪਨੇ ਵਿਚ ਇਸ ਗੱਲ ਦਾ ਰੱਤੀ ਭਰ ਵੀ ਇਲਮ ਨਾ ਹੋਇਆ ਕਿ ਤਿਤਲੀ ਹੋਣ ਤੋਂ ਬਿਨਾ ਵੀ ਮੇਰੀ ਕੋਈ ਹੋਂਦ ਹੈ। ਮੈਂ ਤਿਤਲੀ ਬਣਿਆ ਫੁੱਲਾਂ ਦੁਆਲੇ ਮੰਡਰਾ ਰਿਹਾ ਸੀ, ਇਸ ਗੱਲ ਤੋਂ ਬਿਲਕੁਲ ਅਣਜਾਣ ਕਿ ਮੈਂ ਖਵਾਂਤਸੂ ਨਾਂ ਦਾ ਮਨੁੱਖ ਵੀ ਹਾਂ।" "ਇਸ 'ਚ ਉਪਰਾਮ ਹੋਣ ਵਾਲੀ ਕਿਹੜੀ ਗੱਲ ਹੈ? ਅਜਿਹਾ ਤਾਂ ਸਾਡੇ ਸਾਰਿਆਂ ਨਾਲ ਕਦੇ-ਕਦਾਈਂ ਵਾਪਰਦਾ ਹੀ ਰਹਿੰਦੈ" ਇਕ ਹੋਰ ਚੇਲੇ ਨੇ ਜਦੋਂ ਇਸ ਸੁਪਨੇ ਦੀ ਸਧਾਰਨਤਾ ਵੱਲ ਇਸ਼ਾਰਾ ਕੀਤਾ ਤਾਂ ਖਵਾਂਤਸੂ ਨੇ ਕਿਹਾ ਕਿ ਹੁਣ ਉਹ ਇਹ ਸੋਚ ਕੇ ਪਰੇਸ਼ਾਨ ਹੈ ਕਿ ਕੱਲ੍ਹ ਰਾਤ ਜੋ ਉਸ ਨੇ ਦੇਖਿਆ ਉਹ ਖਵਾਂਤਸੂ ਦਾ ਸੁਪਨਾ ਸੀ ਜਾਂ ਤੁਹਾਡੇ ਦਰਮਿਆਨ ਬੈਠਾ ਖਵਾਂਤਸੂ ਨਾਂ ਦਾ ਇਹ ਸ਼ਖ਼ਸ ਕਿਸੇ ਤਿਤਲੀ ਦਾ ਸੁਪਨਾ ਹੈ?

ਲੇਖਕ-ਨਿਰਦੇਸ਼ਕ ਅਨੂਪ ਸਿੰਘ ਦੀ ਫ਼ਿਲਮ 'ਕਿੱਸਾ' ਦੇਖਦਿਆਂ ਤੁਸੀਂ ਕਈ ਵਾਰ ਖਵਾਂਤਸੂ ਫਕੀਰ ਦੀ ਦੁਬਿਧਾ ਨਾਲ ਦੋ-ਚਾਰ ਹੁੰਦੇ ਹੋਂ। ਇਹ ਫ਼ਿਲਮ ਪੰਜਾਬੀ ਬੰਦੇ ਦੀ ਪਛਾਣ ਦੇ ਸੰਕਟ ਨੂੰ ਸੰਤਾਲੀ ਦੀ ਵੰਡ ਦੇ ਸਮਵਿੱਥ ਰੱਖ ਕੇ ਉਸਾਰਨ ਦੀ ਬੇਹਤਰੀਨ ਕੋਸ਼ਿਸ਼ ਹੈ। ਫ਼ਿਲਮ 'ਕਿੱਸਾ' ਸੰਨ ਸੰਤਾਲੀ ਦੌਰਾਨ ਹੋਈ ਪੰਜਾਬ ਵੰਡ ਦੀ ਤਹਿ ਹੇਠ ਵਿਚਰਦੇ ਉਸ ਸਰੀਰਕ-ਮਾਨਸਿਕ ਤਸ਼ੱਦਦ ਦੀ ਨਿਸ਼ਾਨਦੇਹੀ ਕਰਦੀ ਹੈ, ਜਿਸ ਨੂੰ ਵੰਡ ਦੇ ਸਿਆਸੀ ਪ੍ਰਵਚਨ ਰਾਹੀਂ ਘੜਿਆ ਗਿਆ ਹੈ। ਬਟਵਾਰੇ ਦੇ ਇਸ ਸੰਤਾਪ ਨੂੰ ਦੋ ਮੁਲਕਾਂ ਦੀ ਜ਼ਮੀਨੀ ਤਕਸੀਮ ਤੱਕ ਸੀਮਤ ਰੱਖ ਕੇ ਨਹੀਂ ਸਮਝਿਆ ਜਾ ਸਕਦਾ। ਇਸ ਵੰਡ ਨੇ ਪੰਜਾਬੀ ਬੰਦੇ ਦੇ ਸਮੂਹਿਕ ਅਚੇਤਨ ਨੂੰ ਝੰਜੋੜਿਆ ਅਤੇ ਕੁਝ ਹੱਦ ਤੱਕ ਨਵੇਂ ਸਿਰਿਓਂ ਘੜਿਆ ਵੀ ਹੈ।

ਇਹ ਫ਼ਿਲਮ ਹਕੀਕਤ/ਭਰਮ ਦੀ ਜੱਦੋਜਹਿਦ ਵਿਚ ਆਪਣੇ ਹੋਣ-ਥੀਣ ਨੂੰ ਅਰਥ ਦਿੰਦੇ ਅਜਿਹੇ ਪਾਤਰਾਂ ਦੀ ਕਹਾਣੀ ਹੈ, ਜੋ ਖਵਾਂਤਸੂ ਫਕੀਰ ਵਾਂਗ ਆਪਣੀ ਪਛਾਣ ਦੇ ਮਸਲੇ ਨਾਲ ਜੂਝਦੇ ਹਨ। ਸਮੇਂ/ਸਪੇਸ ਰਾਹੀਂ ਸਿਰਜੀਆਂ

ਸਥਿਤੀਆਂ ਵਿਚ ਵਿਚਰਦੇ ਇਸ ਫਿਲਮ ਦੇ ਅੱਧੇ-ਅਧੂਰੇ ਪਾਤਰ ਇਹ ਜਾਣਨ ਤੋਂ ਅਸਮਰਥ ਹਨ ਕਿ ਉਨ੍ਹਾਂ ਦੇ ਹੋਣ-ਥੀਣ ਦੇ ਕੀ ਅਰਥ ਹਨ? ਉਹ ਆਪਣੇ ਇਸ ਅਧੂਰੇਪਣ ਨੂੰ ਸੰਪੂਰਨ ਕਰ ਸਕਣ ਦੀ ਖਾਹਿਸ਼ ਰਾਹੀਂ ਆਪਣੀ ਪਛਾਣ ਨੂੰ ਅਰਥ ਦੇਣ ਦੀ ਨਾਕਾਮ ਕੋਸ਼ਿਸ਼ ਕਰਦੇ ਹਨ। ਉਨ੍ਹਾਂ ਦੀ ਹੋਂਦ ਵਿਚਲਾ ਇਹ ਖ਼ਾਲੀਪਣ ਕੁਝ ਅਜਿਹੇ ਗ਼ੈਰਹਾਜ਼ਰ ਵਸਤਾਂ/ਵਰਤਾਰਿਆਂ ਨਾਲ ਜਾ ਜੁੜਦਾ ਹੈ ਜਿਨ੍ਹਾਂ ਦੇ ਸੁਮੇਲ ਰਾਹੀਂ ਮਨੁੱਖ ਆਪਣੇ ਅੰਦਰਲੇ ਖ਼ਲਾਅ ਨੂੰ ਭਰਨਾ ਲੋਚਦਾ ਹੈ।

ਇਹ ਫ਼ਿਲਮ ਅੰਬਰ ਸਿੰਘ ਨਾਂ ਦੇ ਅਜਿਹੇ ਸ਼ਖ਼ਸ ਦੀ ਕਹਾਣੀ ਹੈ, ਜਿਸ ਦੀ ਜ਼ਿੰਦਗੀ ਦਾ ਕੇਂਦਰੀ ਸੂਤਰ ਹਿਜਰਤ ਹੈ। ਅੰਬਰ ਸਿੰਘ ਅਤੇ ਉਸ ਦੇ ਪਰਿਵਾਰ ਦਾ ਕਿੱਸਾ ਪੰਜਾਬ ਦੀ ਵੰਡ ਨਾਲ ਜੁੜੀ ਤਸ਼ੱਦਦ ਦੀ ਸਿਆਸਤ ਨੂੰ ਬੇਪਰਦ ਕਰਨ ਦੀ ਕੋਸ਼ਿਸ਼ ਵਿਚੋਂ ਆਕਾਰ ਗ੍ਰਹਿਣ ਕਰਦਾ ਹੈ। ਇਸ ਪਰਿਵਾਰ ਦੀ ਇਹ ਜਲਾਵਤਨੀ ਸੰਨ ਸੰਤਾਲੀ ਵਿਚਲੀ ਪੰਜਾਬ ਵੰਡ ਦੌਰਾਨ ਆਪਣਾ ਘਰ-ਬਾਰ ਤੇ ਪਿੰਡ ਛੱਡਣ ਦੀ ਮਜ਼ਬੂਰੀ ਨਾਲ ਸ਼ੁਰੂ ਹੁੰਦੀ ਹੈ। ਹਿਜਰਤ ਨਾਲ ਜੁੜੀ ਇਹ ਵੰਡ ਉਸ ਸਰੀਰਕ-ਮਾਨਸਿਕ ਤਸ਼ੱਦਦ ਤੱਕ ਫੈਲਦੀ ਹੈ, ਜਿਸ ਨੂੰ ਪੰਜਾਬੀ ਬੰਦੇ ਨੇ ਆਪਣੇ ਪਿੰਡੇ 'ਤੇ ਹੰਢਾਇਆ ਹੈ। ਦੇਸ਼ ਵੰਡ ਕਾਰਨ ਜਲਾਵਤਨ ਹੋਇਆ ਅੰਬਰ ਸਿੰਘ, ਸਰਹੱਦ ਤੋਂ ਪਾਰ ਨਵੀਂ ਜ਼ਮੀਨ 'ਤੇ ਆਪਣੀ ਜ਼ਿੰਦਗੀ ਨੂੰ ਥਾਂ-ਸਿਰ ਕਰਨ ਦੀ ਕੋਸ਼ਿਸ਼ ਵਿਚ ਹੈ। ਅੰਬਰ ਸਿੰਘ ਜਿਉਂ-ਜਿਉਂ ਵੰਡ ਤੋਂ ਉਪਜੀਆਂ ਸਥਿਤੀਆਂ ਨੂੰ ਪੁੱਠਾ ਗੇੜਾ ਦੇਣ ਦੀ ਕੋਸ਼ਿਸ਼ ਕਰਦਾ ਹੈ, ਤਿਉਂ-ਤਿਉਂ ਇਸ ਤਸ਼ਦੱਦ ਦਾ ਹਿੱਸਾ ਬਣਦਾ ਜਾਂਦਾ ਹੈ। ਇਕ ਮੁਸਲਮਾਨ ਦੀ ਲਾਸ਼ ਆਪਣੇ ਘਰ ਵਿਚਲੇ ਖੂਹ ਵਿਚ ਸਿੱਟ ਕੇ ਉਹ ਧਾੜਵੀਆਂ ਤੋਂ ਆਪਣੇ ਘਰ ਨੂੰ ਬਚਾਉਣ ਅਤੇ ਆਪਣੀ ਜ਼ਮੀਨ ਨਾਲ ਜੁੜੇ ਰਹਿਣ ਦਾ ਭਰਮ ਪਾਲਦਾ ਹੈ ਜਦਕਿ ਆਪਣੀ ਚੌਥੀ ਧੀ ਨੂੰ ਪੁੱਤ ਬਣਾ ਕੇ ਇਸ ਜ਼ਮੀਨ ਨਾਲ ਹਮੇਸ਼ਾ ਜੁੜੇ ਰਹਿਣ ਦੇ ਆਪਣੇ ਇਸ ਭਰਮ ਨੂੰ ਪੱਕਾ ਕਰਨਾ ਚਾਹੁੰਦਾ ਹੈ।

ਇਸ ਸਮੁਚੇ ਘਟਨਾਕ੍ਰਮ ਵਿਚ ਅੰਬਰ ਸਿੰਘ ਦੀ ਜ਼ਿੰਦਗੀ ਵਿਚਲਾ ਹਰ ਵਰਤਾਰਾ ਹਿੰਦੋਸਤਾਨ/ਪਾਕਿਸਤਾਨ ਦੀ ਵੰਡ ਵਾਂਗ ਦੋ ਹਿੱਸਿਆਂ ਵਿਚ ਤਕਸੀਮ ਹੋ ਜਾਂਦਾ ਹੈ। ਤਿੰਨ ਧੀਆਂ ਦਾ ਪਿਓ ਅੰਬਰ ਸਿੰਘ ਹਰ ਹੀਲੇ ਆਪਣੇ ਹੋਣ-ਥੀਣ ਦੇ ਭਰਮ ਨੂੰ ਜਿਉਂਦਾ ਰੱਖਣਾ ਚਾਹੁੰਦਾ ਹੈ। ਆਪਣੀਆਂ ਜੜ੍ਹਾਂ ਤੋਂ ਟੁੱਟੇ ਅੰਬਰ ਸਿੰਘ ਲਈ ਇਕੋ-ਇਕ ਉਮੀਦ ਉਸ ਦੀ ਪਤਨੀ ਮਿਹਰ ਹੈ। ਉਸ ਨੂੰ ਜਾਪਦਾ ਹੈ ਕਿ ਸਿਰਫ਼ ਮਿਹਰ ਹੀ ਹੈ ਜੋ ਪੁੱਤ ਜੰਮ ਕੇ ਉਸ ਨੂੰ ਵਾਪਸ ਉਸਦੀਆਂ ਜੜ੍ਹਾਂ ਨਾਲ ਜੋੜ ਸਕਦੀ ਹੈ। ਇਸੇ ਲਈ ਉਹ ਆਪਣੀ ਪਤਨੀ ਦੇ ਚੌਥੇ ਜਣੇਪੇ ਸਮੇਂ ਨਵੀਂ ਜੰਮੀ ਬੱਚੀ ਨੂੰ ਪੁੱਤ ਐਲਾਨ ਦਿੰਦਾ ਹੈ। ਅੰਬਰ ਸਿੰਘ ਦੇ ਇਸ ਵਤੀਰੇ ਤੋਂ ਬਾਅਦ ਇਸ ਫਿਲਮ ਦਾ ਬਿਰਤਾਂਤ ਉਸ ਦੇ ਇਸ ਚੌਥੇ ਬੱਚੇ ਦੇ ਔਰਤ ਜਾਂ ਮਰਦ ਹੋਣ ਦੀ ਪਛਾਣ ਦੇ ਮਸਲੇ ਵਿਚੋਂ ਆਕਾਰ ਗ੍ਰਹਿਣ ਕਰਦਾ ਹੈ ਅਤੇ ਅੰਬਰ ਸਿੰਘ ਦਾ ਸਰਾਪਿਆ ਕਿੱਸਾ ਉਸ ਦਾ ਪੁੱਤ ਬਣੀ ਚੌਥੀ ਧੀ ਕੰਵਰ ਨੂੰ ਭੋਗਣਾ ਪੈਂਦਾ ਹੈ।

ਕੰਵਰ ਦੀ ਪਛਾਣ ਦਾ ਇਹ ਸੰਕਟ ਉਸ ਸਮੇਂ ਹੋਰ ਗਹਿਰਾ ਹੋ ਜਾਂਦਾ ਹੈ ਜਦੋਂ ਅੰਬਰ ਸਿੰਘ ਉਸਦਾ ਵਿਆਹ ਨਕਾਲ਼ਾਂ ਦੇ ਕਬੀਲੇ ਦੀ ਕੁੜੀ ਨੀਲੀ ਨਾਲ ਕਰ ਦਿੰਦਾ ਹੈ। ਜਿੱਥੇ ਵਿਆਹ ਤੋਂ ਪਹਿਲਾਂ ਕੰਵਰ ਆਪਣੇ ਪਿਓ ਦਾ ਆਦਰਸ਼ਕ ਪੁੱਤ ਬਣਨ ਦਾ ਹਰ ਹੀਲਾ ਵਰਤਦਾ ਹੈ, ਉਥੇ ਵਿਆਹ ਤੋਂ ਮਗਰੋਂ ਨੀਲੀ ਉਸ ਨੂੰ ਇਹ ਅਹਿਸਾਸ ਕਰਵਾਉਂਦੀ ਹੈ ਕਿ ਉਹ ਅਸਲ ਵਿਚ ਕੁੜੀ ਹੈ ਤੇ ਉਸ ਨੂੰ ਆਪਣਾ ਔਰਤ ਹੋਣਾ ਸਵੀਕਾਰ ਕਰ ਲੈਣਾ ਚਾਹੀਦਾ ਹੈ। ਕੰਵਰ ਦਾ ਸਰੀਰਕ ਤੌਰ 'ਤੇ ਕੁੜੀ ਹੋਣਾ ਪਰ ਉਸ ਨੂੰ ਮੁੰਡਿਆਂ ਵਾਂਗ ਪਾਲਿਆ ਜਾਣਾ ਅਤੇ ਇਸ ਵਰਤਾਰੇ ਵਿਚੋਂ ਉਪਜੀ ਦੁਚਿੱਤੀ ਇਸ ਫਿਲਮ ਦੀ ਕਹਾਣੀ ਨੂੰ ਵਿਸਥਾਰ ਦਿੰਦੇ ਹਨ। ਅੰਬਰ ਸਿੰਘ ਲਈ ਆਪਣੀ ਪਤਨੀ ਮਿਹਰ ਅਤੇ ਧੀ/ਪੁੱਤ ਕੰਵਰ ਤੋਂ ਬਾਅਦ ਕੰਵਰ ਦੀ ਵਹੁਟੀ ਨੀਲੀ ਉਹ ਮਾਧਿਅਮ ਹੈ ਜਿਸ ਰਾਹੀਂ ਉਹ ਆਪਣੇ ਜ਼ਮੀਨ ਨਾਲ ਜੁੜੇ ਹੋਣ ਅਤੇ ਪੁੱਤਰ ਦਾ ਪਿਤਾ ਹੋਣ ਦੇ ਭਰਮ ਨੂੰ ਜ਼ਿੰਦਾ ਰੱਖ ਸਕਦਾ ਹੈ। ਨੀਲੀ ਰਾਹੀਂ ਅੰਬਰ ਸਿੰਘ ਆਪਣੇ ਇਸ ਭਰਮ ਨੂੰ ਹਕੀਕਤ ਵਿਚ ਬਦਲਣਾ ਚਾਹੁੰਦਾ ਹੈ ਪਰ ਉਸ ਦੀ ਇਹ ਇੱਛਾ ਉਸ ਸਮੇਂ ਅਧੂਰੀ ਰਹਿ ਜਾਂਦੀ ਹੈ, ਜਦੋਂ ਨੀਲੀ ਨਾਲ ਜ਼ਬਰਦਸਤੀ ਕਰਦਿਆਂ ਕੰਵਰ ਉਸ ਨੂੰ ਕਤਲ ਕਰ ਦਿੰਦਾ/ਦਿੰਦੀ ਹੈ।

ਅੰਬਰ ਸਿੰਘ ਦੀ ਮੌਤ ਤੋਂ ਬਾਅਦ ਕੰਵਰ ਉਤੇ ਅਜਿਹਾ ਕੋਈ ਦਬਾਅ ਨਹੀਂ ਜਿਸ ਕਾਰਨ ਉਸ ਨੂੰ ਆਪਣੀ ਪਛਾਣ ਬਦਲਣ ਲਈ ਮਜ਼ਬੂਰ ਹੋਣਾ ਪਵੇ, ਪਰ ਕੰਵਰ ਦੀ ਪਛਾਣ ਅੰਬਰ ਸਿੰਘ ਦੇ ਸਰਾਪੇ ਕਿੱਸੇ ਤੋਂ ਮੁਕਤ ਨਹੀਂ। ਇਸੇ ਕਾਰਨ ਅੰਬਰ ਸਿੰਘ ਦੀ ਮੌਤ ਤੋਂ ਬਾਅਦ ਵੀ ਉਸ ਦੀ ਹੋਣੀ ਕੰਵਰ ਨੂੰ ਭੋਗਣੀ ਪੈਂਦੀ ਹੈ। ਅੰਬਰ ਸਿੰਘ ਦਾ ਪ੍ਰੇਤ ਕੰਵਰ ਦਾ ਖਹਿੜਾ ਨਹੀਂ ਛੱਡਦਾ ਅਤੇ ਅੰਬਰ ਸਿੰਘ ਦਾ ਇਹ ਕਿੱਸਾ ਆਪਣੇ ਪਿੰਡੇ 'ਤੇ ਹੰਢਾਉਂਦੇ ਕੰਵਰ ਦੀ ਪਛਾਣ ਵੀ ਦੋ ਮੁਲਕਾਂ ਵਿਚ ਹੋਈ ਤਕਸੀਮ ਵਾਂਗ ਦੋ ਹਿੱਸਿਆਂ ਵਿਚ ਵੰਡੀ ਜਾਂਦੀ ਹੈ। ਕੰਵਰ 'ਚ ਪ੍ਰਵੇਸ਼ ਕੀਤਾ ਅੰਬਰ ਸਿੰਘ ਦਾ ਪ੍ਰੇਤ

ਨੀਲੀ ਨੂੰ ਲੈ ਕੇ ਆਪਣੇ ਸੜ ਕੇ ਸੁਆਹ ਹੋ ਚੁੱਕੇ ਮਕਾਨ ਵਿਚ ਪਹੁੰਚਦਾ ਹੈ। ਉਹ ਇਕ ਵਾਰ ਫੇਰ ਹੋਣੀ ਨੂੰ ਪਛਾੜਣ ਲਈ ਬਜ਼ਿੱਦ ਹੈ, ਪਰ ਇਸ ਵਾਰ ਨੀਲੀ ਵੱਲੋਂ ਖ਼ੁਦਕੁਸ਼ੀ ਕਰ ਲੈਣ ਕਾਰਨ ਉਸ ਦੀ ਜ਼ਿੰਦਗੀ ਦਾ ਕਿੱਸਾ ਮੁੜ ਸਰਾਪਿਆ ਜਾਂਦਾ ਹੈ।

ਫ਼ਿਲਮ 'ਕਿੱਸਾ' ਮਨੁੱਖੀ ਭਰਮ ਰਾਹੀਂ ਹਕੀਕਤ ਨੂੰ ਬਦਲਣ/ਸਹਿਣ ਦੀ ਰਣਨੀਤੀ ਨੂੰ ਬਿਰਤਾਂਤ ਦੀ ਵਿਚੋਲਗੀ ਰਾਹੀਂ ਉਸਾਰਦੀ ਹੈ। ਕਥਾ-ਬਿਰਤਾਂਤ ਰਾਹੀਂ ਸਿਰਜੀ ਇਸ ਰਣਨੀਤੀ ਨੂੰ ਪੰਜਾਬੀ ਭਾਈਚਾਰੇ ਦੇ ਅੰਤਰ-ਦਵੰਦਾਂ ਤੋਂ ਵੱਖ ਕਰ ਕੇ ਨਹੀਂ ਸਮਝਿਆ ਜਾ ਸਕਦਾ। ਹਰ ਸਮਾਜਕ ਭਾਈਚਾਰਾ ਜਿੱਥੇ ਆਪਣੇ ਸਮੂਹ ਦੇ ਮੈਂਬਰਾਂ ਉਤੇ ਕੁਝ ਰੋਕਾਂ ਜਾਂ ਪਾਬੰਦੀਆਂ ਲਾਉਂਦਾ ਹੈ ਉਥੇ ਅਜਿਹੇ ਰਣਨੀਤਕ ਪੈਂਤੜੇ ਵੀ ਈਜਾਦ ਕਰਦਾ ਹੈ, ਜਿਨ੍ਹਾਂ ਰਾਹੀਂ ਇਹਨਾਂ ਬੰਦਿਸ਼ਾਂ ਨੂੰ ਉਲੰਘਿਆ ਜਾ ਸਕਦਾ ਹੈ। ਕੰਵਰ ਦੀ ਪਛਾਣ ਵਿਚਲੀ ਦੁਚਿੱਤੀ ਦਾ ਮਸਲਾ ਵੰਡ ਦੇ ਸੰਤਾਪ ਵਿਚੋਂ ਲੰਘ ਰਹੇ ਪੰਜਾਬੀ ਬੰਦੇ ਦੇ ਆਪਣੀ ਜ਼ਮੀਨ ਅਤੇ ਆਪਣੀ ਹੋਂਦ ਨਾਲ ਜੁੜੇ ਰਹਿਣ ਦੀ ਰਣਨੀਤੀ ਨਾਲ ਸੰਬੰਧਤ ਹੈ।

ਇੰਝ ਇਸ ਫ਼ਿਲਮ ਦੀਆਂ ਕਈ ਪਰਤਾਂ ਹਨ। ਸਪੇਸ ਦੇ ਨੁਕਤੇ ਤੋਂ ਇਸ ਫ਼ਿਲਮ ਦਾ ਬਿਰਤਾਂਤ ਸਰਹੱਦ ਖਿੱਚ ਕੇ ਆਪਸ ਵਿਚ ਵੰਡੇ ਦੋ ਮੁਲਕਾਂ-ਹਿੰਦੋਸਤਾਨ/ਪਾਕਿਸਤਾਨ ਦੇ ਸਿਆਸੀ ਸਰੋਕਾਰਾਂ ਦੀ ਬਾਤ ਪਾਉਂਦਾ ਹੈ। ਜ਼ਮੀਨ ਦੀ ਇਹ ਤਕਸੀਮ ਆਪਣੀਆਂ ਜੜ੍ਹਾਂ ਤੋਂ ਜਲਾਵਤਨ ਕੀਤੇ ਲੋਕਾਂ ਵੱਲੋਂ ਹੰਢਾਏ ਸੰਤਾਪ ਦੀ ਗਾਥਾ ਹੈ। ਭੋਇੰਮੁਖੀ ਪੰਜਾਬੀ ਬੰਦੇ ਦਾ ਆਪਣੀ ਜ਼ਮੀਨ ਤੋਂ ਉਜੜਣਾ ਅੱਜ ਵੀ ਪੰਜਾਬੀ ਬੰਦੇ ਦੇ ਅਚੇਤਨ ਦਾ ਹਿੱਸਾ ਬਣਿਆ ਹੋਇਆ ਹੈ। ਇਸੇ ਲਈ ਪੰਜਾਬੀ ਬੰਦਾ ਸੰਤਾਲੀ ਦੇ ਘਟਨਾਕ੍ਰਮ ਲਈ 'ਬਟਵਾਰਾ', 'ਵੰਡ' ਅਤੇ 'ਹੱਲਿਆਂ ਵੇਲੇ' ਜਿਹੇ ਸੰਬੋਧਨ ਵਰਤਦਾ ਹੈ। ਉਸ ਦੇ ਅਚੇਤਨ ਨੇ ਇਸ ਵਰ੍ਹੇ ਨੂੰ ਕਦੇ ਵੀ 'ਅਜ਼ਾਦੀ ਵਰ੍ਹੇ' ਵੱਜੋਂ ਸਵੀਕਾਰ ਨਹੀਂ ਕੀਤਾ। ਇਸ ਫ਼ਿਲਮ ਦਾ ਦੂਜਾ ਨੁਕਤਾ ਜੀਵ/ਪ੍ਰੇਤ ਦੇ ਮੈਟਾਫਰ ਰਾਹੀਂ ਮਨੁੱਖੀ ਮਨੋਸਥਿਤੀ ਨੂੰ ਸਮਝਣ ਦੀ ਕੋਸ਼ਿਸ਼ ਕਰਨਾ ਹੈ। ਖਵਾਂਤਸੂ ਦੀ ਕਥਾ ਵਾਂਗ ਇਸ ਫਿਲਮ ਦੀ ਕਹਾਣੀ ਵੀ ਮਨੁੱਖੀ ਪਛਾਣ ਨਾਲ ਜੁੜੇ ਇਸ ਸੁਆਲ ਨੂੰ ਮੁਖ਼ਾਤਬ ਹੈ ਕਿ ਕੀ ਮਨੁੱਖੀ ਹੋਂਦ ਨੂੰ ਕਿਸੇ ਨਿਸਚਤ ਧਰਾਤਲ ਨਾਲ ਬੰਨ੍ਹਿਆ ਜਾ ਸਕਦਾ ਹੈ ਜਾਂ ਇਸ ਵਿਚਲੀ ਅਸਥਿਰਤਾ ਕਾਰਨ ਮਨੁੱਖੀ ਪਛਾਣ ਨਿਰੰਤਰ ਬਦਲਦੀ ਰਹਿੰਦੀ ਹੈ? ਤੀਜਾ ਨੁਕਤਾ ਸਮੇਂ ਦੇ ਹਵਾਲੇ ਨਾਲ ਸੰਬੰਧਤ ਹੈ। ਇਸ ਫ਼ਿਲਮ ਦਾ ਕੈਨਵਸ ਭੂਤ/ਵਰਤਮਾਨ ਦੀ ਕਸ਼ਮਕਸ਼ ਵਿਚ ਘਿਰੇ ਬੰਦੇ ਦੇ ਅਸਤਿੱਤਵੀ ਸਰੋਕਾਰਾਂ ਤੱਕ ਫੈਲਿਆ ਹੈ। ਇਸ ਨੁਕਤੇ ਤੋਂ ਇਸ ਫ਼ਿਲਮ ਦਾ ਮੁਢਲਾ ਸੁਆਲ ਹੈ ਕਿ ਕੀ ਇਤਿਹਾਸ ਵਿਚਲੀ ਕਿਸੇ ਲਕੀਰੀ ਵੰਡ ਰਾਹੀਂ ਭੂਤ ਅਤੇ ਵਰਤਮਾਨ ਨੂੰ ਨਿਖੇੜਿਆ ਜਾ ਸਕਦਾ ਹੈ ਜਾਂ ਭੂਤ-ਵਰਤਮਾਨ-ਭਵਿੱਖ ਇਕ-ਦੂਜੇ ਵਿਚ ਇਸ ਤਰ੍ਹਾਂ ਰਲਗੱਡ ਹਨ ਕਿ ਇਹਨਾਂ ਨੂੰ ਵੱਖ ਕਰ ਸਕਣਾ ਸੰਭਵ ਨਹੀਂ ਹੈ। ਇਸ ਫ਼ਿਲਮ ਦਾ ਚੌਥਾ ਨੁਕਤਾ ਔਰਤ/ਮਰਦ ਦੇਹ ਹੋਣ ਪਿੱਛੇ ਕੰਮ ਕਰ ਰਹੀ ਸਿਆਸਤ ਨੂੰ ਬੇਪਰਦ ਕਰਨਾ ਹੈ। ਇਹ ਨੁਕਤਾ ਇਸ ਸੁਆਲ ਨਾਲ ਸੰਬੰਧਤ ਹੈ ਕਿ ਕੀ ਔਰਤ ਜਾਂ ਮਰਦ ਹੋਣਾ ਜੈਵਿਕ ਕਾਰਨਾਂ ਉਤੇ ਨਿਰਭਰ ਹੈ ਜਾਂ ਮਨੁੱਖੀ ਦੇਹ ਦੀ ਪਛਾਣ ਵਿਚਲਾ ਇਹ ਅੰਤਰ-ਸਮਾਜੀਕਰਨ ਰਾਹੀਂ ਨੇਪਰੇ ਚੜ੍ਹਦਾ ਹੈ?

ਫ਼ਿਲਮ 'ਕਿੱਸਾ' ਵਿਚਲਾ ਕਥਾ-ਸੰਸਾਰ ਵੀ ਵਿਰੋਧੀ-ਜੁੱਟਾਂ ਵਿਚ ਵੰਡਿਆ ਹੈ।ਇਹ ਵੰਡ- ਹਿੰਦੋਸਤਾਨ/ ਪਾਕਿਸਤਾਨ, ਲੋਕ/ਪਰਲੋਕ, ਭੂਤ/ਵਰਤਮਾਨ ਅਤੇ ਔਰਤ/ਮਰਦ ਜਿਹੇ ਪ੍ਰਤੀਕਾਂ ਰਾਹੀਂ ਦੋ ਹਿੱਸਿਆਂ ਵਿਚ ਵੰਡੇ ਸੰਸਾਰ ਵਿਚਲੀਆਂ ਗੁੰਝਲਾਂ ਨੂੰ ਉਭਾਰਦੀ ਹੈ। ਫ਼ਿਲਮ ਦੇ ਧਰਾਤਲ 'ਤੇ ਇਹ ਸਾਰੀਆਂ ਤਕਸੀਮਾਂ ਇਕ-ਦੂਜੇ 'ਚ ਇਸ ਤਰ੍ਹਾਂ ਰਲਗੱਡ ਹਨ ਕਿ ਇਹ ਨਿਰਣਾ ਕਰਨਾ ਮੁਸ਼ਕਿਲ ਹੋ ਜਾਂਦਾ ਹੈ ਕਿ ਭਰਮ ਅਤੇ ਹਕੀਕਤ ਨੂੰ ਕਿਹੜੇ ਅਧਾਰਾਂ 'ਤੇ ਇਕ ਦੂਜੇ ਤੋਂ ਨਿਖੇੜਿਆ ਜਾ ਸਕਦਾ ਹੈ।ਇੰਝ ਇਹ ਫ਼ਿਲਮ ਓਪਰੀ ਨਜ਼ਰ ਨਾਲ ਦੇਖਿਆਂ ਸਿੱਧ-ਪੱਧਰੀ ਦਿਸਣ ਵਾਲੀ ਸੰਤਾਲੀ ਦੀ ਪੰਜਾਬ ਵੰਡ ਪਿੱਛੇ ਛਿਪੀ ਹਿੰਸਾ ਦੀਆਂ ਕਈ ਮਹੀਨ ਪਰਤਾਂ ਨੂੰ ਉਘਾੜਦੀ ਹੈ।

ਜ਼ਮੀਨ ਅਤੇ ਘਰ ਇਸ ਫ਼ਿਲਮ ਵਿਚਲੇ ਦੋ ਅਜਿਹੇ ਚਿਹਨ ਹਨ, ਜਿਨ੍ਹਾਂ ਤੋਂ ਵੱਖ ਹੋਇਆ ਪੰਜਾਬੀ ਬੰਦਾ ਆਪਣੇ ਹੋਣ-ਥੀਣ ਦੇ ਅਰਥਾਂ ਤੋਂ ਟੁੱਟ ਜਾਂਦਾ ਹੈ। ਘਰ ਅਤੇ ਜ਼ਮੀਨ ਨਾਲ ਜੁੜਿਆ ਪੰਜਾਬੀ ਬੰਦਾ ਖ਼ੁਦ ਨੂੰ ਸੁਰਖਿਅਤ ਮਹਿਸੂਸ ਕਰਦਾ ਹੈ ਅਤੇ ਪੁੱਤ ਦਾ ਹੋਣਾ ਜ਼ਮੀਨ ਨਾਲ ਜੁੜੇ ਹੋਣ ਦੇ ਭਰਮ ਨੂੰ ਬਲ ਬਖ਼ਸ਼ਦਾ ਹੈ। ਇਸ ਭਰਮ ਕਾਰਨ ਹੀ ਪੰਜਾਬੀ ਸਭਿਆਚਾਰ ਪੁੱਤ ਤੋਂ ਬਿਨਾ ਮਨੁੱਖੀ ਜੀਵਨ ਨੂੰ ਅਕਾਰਥ ਮੰਨਦਾ ਹੈ। ਪੰਜਾਬੀ ਅਚੇਤਨ ਦੀ ਸਿਰਜਣਾ ਵਿਚ ਇਸ ਭਰਮ ਦੀ ਅਹਿਮ ਭੂਮਿਕਾ ਹੈ।ਆਪਣੀ ਜ਼ਮੀਨ ਤੋਂ ਜਲਾਵਤਨ ਹੋਇਆ ਅੰਬਰ ਸਿੰਘ ਪੁੱਤ ਰਾਹੀਂ ਮੁੜ ਆਪਣੀਆਂ ਜੜ੍ਹਾਂ ਨਾਲ ਜੁੜੇ ਹੋਣ ਦੇ ਭਰਮ ਨੂੰ ਜ਼ਿੰਦਾ ਰੱਖਣਾ ਚਾਹੁੰਦਾ ਹੈ। ਫ਼ਿਲਮ ਦੇ ਇਕ ਦ੍ਰਿਸ਼ ਵਿਚ ਉਹ ਪੁੱਤ ਬਣਾ ਕੇ ਪਾਲੀ ਆਪਣੀ ਧੀ ਕੰਵਰ ਨੂੰ ਕਹਿੰਦਾ ਹੈ-

"ਤੈਨੂੰ ਪਤੈ ! ਮੈਂ ਆਪਣੇ ਘਰੋਂ ਪੁਟਿਆ ਗਿਆ ਸਾਂ, ਜਿੱਥੇ ਮੇਰੇ ਪਿਓ-ਦਾਦੇ ਜਨਮ ਲਿਆ। ਉਨ੍ਹਾਂ ਦੇ ਸਾਰੇ ਸੁਪਨੇ ਸੜ ਕੇ ਸੁਆਹ ਹੋ ਗਏ। ਸਾਡਾ ਕੁਝ ਵੀ ਬਾਕੀ ਨਾ ਰਿਹਾ.....ਪਰ ਇਕ ਤੀਵੀਂ ਏ......ਜੋ ਉਹ ਸਭ ਕੁਝ ਦੇ ਸਕਦੀ ਏ ਜੋ ਤੁਹਾਥੋਂ ਕੋਈ ਖੋਹ ਨੀ ਸਕਦਾ।.........ਬਗ਼ੈਰ ਤੇਰੀ ਮਾਂ ਦੇ ਤੂੰ ਮੇਰਾ ਨਾ ਹੁੰਦਾ। ਤੈਨੂੰ ਦੇ ਕੇ ਤੇਰੀ ਮਾਂ ਨੇ ਮੈਨੂੰ ਫੇਰ ਜ਼ਮੀਨ ਦੇ ਨਾਲ ਜੋੜ ਦਿੱਤਾ।"

ਦੂਜੇ ਪਾਸੇ ਕੰਵਰ ਦੀ ਪਛਾਣ ਦੇ ਮਸਲੇ ਨੂੰ ਸਿਰਫ਼ ਉਸ ਦੇ ਜਾਂ ਅੰਬਰ ਸਿੰਘ ਦੇ ਨਿੱਜੀ ਫ਼ੈਸਲੇ ਤੱਕ ਘਟਾ ਕੇ ਦੇਖਣਾ ਵੀ ਦਰੁਸਤ ਨਹੀਂ। ਅੰਬਰ ਸਿੰਘ ਦਾ ਇਹ ਫ਼ੈਸਲਾ ਮਨੁੱਖੀ ਭਾਈਚਾਰੇ ਦੇ ਉਸ ਸਮੂਹਕ ਅਚੇਤਨ ਦੀ ਵੀ ਤਰਜਮਾਨੀ ਕਰਦਾ ਹੈ, ਜਿਸ ਦੀ ਉਸਾਰੀ ਪਿਤਾ ਪੁਰਖੀ ਕਦਰਾਂ-ਕੀਮਤਾਂ ਰਾਹੀਂ ਨੇਪਰੇ ਚੜ੍ਹਦੀ ਹੈ। ਇੱਥੇ ਸਮਝਣ ਵਾਲੀ ਗੱਲ ਇਹ ਹੈ ਕਿ ਮਨੁੱਖੀ ਪਛਾਣ ਬੰਦੇ ਦੇ ਆਪਣੇ ਬਾਰੇ ਸਿਰਜੇ ਵਿਚਾਰਾਂ ਨਾਲੋਂ ਵੱਧ ਉਸ ਦੇ ਭਾਈਚਾਰੇ ਦੀਆਂ ਸਮਾਜਕ ਸੰਸਥਾਵਾਂ ਵੱਲੋਂ ਤੈਅ ਕੀਤੇ ਮਿਆਰਾਂ 'ਤੇ ਨਿਰਭਰ ਕਰਦੀ ਹੈ। ਇਸ ਤਰ੍ਹਾਂ ਦੂਜਿਆਂ ਦੀ ਚੋਣ ਮਨੁੱਖੀ ਪਛਾਣ ਨੂੰ ਉਸਾਰਨ ਵਿਚ ਅਹਿਮ ਭੂਮਿਕਾ ਨਿਭਾਉਂਦੀ ਹੈ। ਮਨੁੱਖੀ ਪਛਾਣ ਨੂੰ ਸਮੇਂ-ਸਥਾਨ ਦੇ ਫਰੇਮਵਰਕ ਵਿਚ ਘੜਿਆ ਜਾਂਦਾ ਹੈ, ਜਿਸ ਕਾਰਨ ਇਸ ਨੂੰ ਸੁਤੰਤਰ ਜਾਂ ਨਿੱਜੀ ਨਹੀਂ ਕਿਹਾ ਜਾ ਸਕਦਾ। ਹਰ ਸਭਿਆਚਾਰ ਦੀਆਂ ਆਪਣੀਆਂ ਲੋੜਾਂ ਅਤੇ ਸੰਭਾਵਨਾਵਾਂ ਹੀ ਇਸ ਸਭਿਆਚਾਰ ਨਾਲ ਸੰਬੰਧਤ ਭਾਈਚਾਰੇ ਦੇ ਮੈਂਬਰਾਂ ਦੀ ਪਛਾਣ ਨੂੰ ਸਿਰਜਦੀਆਂ ਹਨ।

ਇਸ ਸਮੁੱਚੇ ਵਰਤਾਰੇ ਵਿਚ ਭਾਸ਼ਾ ਦੀ ਵਿਸ਼ੇਸ਼ ਭੂਮਿਕਾ ਹੈ। ਭਾਸ਼ਾ ਰਾਹੀਂ ਬੱਚੇ ਨੂੰ ਸਿਰਫ਼ ਗੱਲਬਾਤ ਕਰਨਾ ਹੀ ਨਹੀਂ ਸਿਖਾਇਆ ਜਾਂਦਾ ਬਲਕਿ ਭਾਸ਼ਾ ਉਸ ਦੀ ਸਮਾਜਕ ਭੂਮਿਕਾ ਵੀ ਤੈਅ ਕਰਦੀ ਹੈ। ਇਥੇ ਭਾਸ਼ਾ ਤੋਂ ਭਾਵ ਸੰਚਾਰ ਲਈ ਵਰਤੇ ਜਾਂਦੇ ਸ਼ਬਦਾਂ ਜਾਂ ਵਾਕਾਂ ਤੋਂ ਨਹੀਂ ਸਗੋਂ ਇਸ ਤਰ੍ਹਾਂ ਦੀ ਭਾਸ਼ਾ ਅਜਿਹਾ ਪ੍ਰਤੀਕ-ਪ੍ਰਬੰਧ ਉਸਾਰਦੀ ਹੈ, ਜਿਸ ਨਾਲ ਕੋਈ ਭਾਈਚਾਰਾ ਆਪਣੇ ਮੈਂਬਰਾਂ ਦੀ ਪਛਾਣ ਨਿਸਚਤ ਕਰ ਦਿੰਦਾ ਹੈ। ਭਾਸ਼ਾ ਅਤੇ ਸਭਿਆਚਾਰ ਦੀ ਜੱਦ ਵਿਚ ਵਿਚਰਨ ਕਾਰਨ ਪਛਾਣ ਦਾ ਇਹ ਮਸਲਾ ਉਨ੍ਹਾਂ ਸਿੱਧਾ ਅਤੇ ਸਪਾਟ ਨਹੀਂ ਰਹਿੰਦਾ, ਜਿਨ੍ਹਾਂ ਸਾਨੂੰ ਨਜ਼ਰ ਆਉਂਦਾ ਹੈ। ਕੋਈ ਵੀ ਸਮਾਜ ਇਸ ਤਰ੍ਹਾਂ ਦੀ ਦੂਹਰੀ ਪਛਾਣ ਦੇ ਸੰਕਟ ਤੋਂ ਮੁਕਤ ਨਹੀਂ। ਇਕ ਪਾਸੇ ਤਾਂ ਇਹ ਆਪਣੇ ਅਧੀਨ ਵਿਚਰਦੇ ਭਾਈਚਾਰੇ ਨੂੰ ਘਰ ਅਤੇ ਪਰਿਵਾਰ ਜਿਹੀਆਂ ਸੰਸਥਾਵਾਂ ਨਾਲ ਜੋੜ ਕੇ ਨਿਸਚਤ ਪਛਾਣ ਦੇ ਦਾਇਰੇ ਵਿਚ ਬੰਨ੍ਹਦਾ ਹੈ ਜਦਕਿ ਦੂਜੇ ਪਾਸੇ ਖ਼ੁਦ ਲਗਾਤਾਰ ਤਬਦੀਲੀ ਵਿਚੋਂ ਗੁਜ਼ਰਨ ਕਾਰਨ ਇਸ ਨਾਲ ਜੁੜੇ ਨੇਮ-ਪ੍ਰਬੰਧ ਵੀ ਬਦਲਦੇ ਰਹਿੰਦੇ ਹਨ। ਇਸ ਕਾਰਨ ਕਿਸੇ ਭਾਈਚਾਰੇ ਦੇ ਮੈਂਬਰਾਂ ਦੀ ਪਛਾਣ ਹਰਗਿਜ਼ ਵੀ ਸਥਾਈ ਨਹੀਂ ਹੋ ਸਕਦੀ।

ਕੰਵਰ ਦੇ ਸਮਾਜੀਕਰਨ ਦੌਰਾਨ ਉਸ ਦੀਆਂ ਆਪਣੀਆਂ ਇੱਛਾਵਾਂ ਪਿਤਾਪੁਰਖੀ ਪ੍ਰਬੰਧ ਅਧੀਨ ਨਪੀੜੀਆਂ ਜਾਂਦੀਆਂ ਹਨ। ਉਸ ਦਾ ਮੁੰਡਿਆਂ ਵਾਂਗ ਸਮਾਜੀਕਰਨ ਦਰਸਾਉਂਦਾ ਹੈ ਕਿ ਔਰਤ ਜਾਂ ਮਰਦ ਹੋਣਾ ਨਿਰੋਲ ਜੈਵਿਕ ਕਾਰਨਾਂ ਉਤੇ ਨਿਰਭਰ ਨਹੀਂ ਹੈ, ਸਗੋਂ ਪਛਾਣ ਦੇ ਇਸ ਮਸਲੇ ਵਿਚ ਸਭਿਆਚਾਰਕ ਪੈਟਰਨ ਵੀ ਸਹਾਈ ਸਿੱਧ ਹੁੰਦੇ ਹਨ। ਇਸ ਸਮੁੱਚੇ ਵਰਤਾਰੇ ਵਿਚਲੀ ਗੁੰਝਲ ਇਹ ਹੈ ਕਿ ਇਕ ਪਾਸੇ ਤਾਂ ਕੰਵਰ ਦੀ ਦੇਹ ਕੁਦਰਤੀ ਕਾਰਨਾਂ ਕਰਕੇ ਆਪਣੀਆਂ ਸਰੀਰਕ ਲੋੜਾਂ ਦੀ ਪੂਰਤੀ ਲੋਚਦੀ ਹੈ, ਜਦਕਿ ਦੂਜੇ ਪਾਸੇ ਉਸ ਦੀ ਦੇਹ ਪੈਦਾਵਾਰੀ ਸਾਧਨਾਂ ਨਾਲ ਵੀ ਜੁੜੀ ਹੈ। ਅਰਥਚਾਰੇ ਅਤੇ ਉਤਪਾਦਨ ਨਾਲ ਜੁੜਨ ਲਈ ਦੇਹ ਨੂੰ ਆਪਣੇ ਕੁਦਰਤੀ ਸੋਮਿਆਂ ਤੋਂ ਟੁੱਟਣਾ ਪੈਂਦਾ ਹੈ। ਇਸੇ ਕਾਰਨ ਖ਼ਪਤ ਸਭਿਆਚਾਰ ਦੀਆਂ ਲੋੜਾਂ ਦੇ ਹਿਸਾਬ ਨਾਲ ਖ਼ੁਦ ਨੂੰ ਮੇਚਣ ਲਈ ਕੰਵਰ ਆਪਣੀ ਕੁਦਰਤੀ ਪਛਾਣ ਨੂੰ ਦਰਕਿਨਾਰ ਕਰ ਦਿੰਦਾ/ਦਿੰਦੀ ਹੈ। ਪੈਦਾਵਾਰੀ ਸਾਧਨਾਂ ਦੀ ਵਿਚੋਲਗੀ ਰਾਹੀਂ ਹੋਂਦ ਵਿਚ ਆਈ ਉਸ ਦੀ ਸਭਿਆਚਾਰਕ ਪਛਾਣ ਉਸ ਦੀ ਕੁਦਰਤੀ ਪਛਾਣ ਨੂੰ ਜਜ਼ਬ ਕਰ ਲੈਂਦੀ ਹੈ।

ਹੋਰਨਾਂ ਸੰਸਥਾਵਾਂ ਵਾਂਗ ਪਰਿਵਾਰ ਵੀ ਇਕ ਸਮਾਜਕ ਸੰਸਥਾ ਹੈ, ਜੋ ਵਿਸ਼ੇਸ਼ ਆਰਥਕ-ਸਮਾਜਕ ਪ੍ਰਸੰਗਾਂ ਵਿਚ ਹੀ ਅਰਥ ਗ੍ਰਹਿਣ ਕਰਦਾ ਹੈ। ਪਰਿਵਾਰ ਦੀ ਬਣਤਰ ਵੀ ਉਨ੍ਹਾਂ ਸ਼ਕਤੀ ਪ੍ਰਵਚਨਾਂ ਤੋਂ ਮੁਕਤ ਨਹੀਂ, ਜਿਨ੍ਹਾਂ ਨੂੰ ਕਿਸੇ ਸਭਿਆਚਾਰ ਵੱਲੋਂ ਉਸਾਰੀਆਂ ਰਵਾਇਤਾਂ ਰਾਹੀਂ ਸਿਰਜਿਆ ਗਿਆ ਹੈ। ਇਸੇ ਲਈ ਅੰਬਰ ਸਿੰਘ ਦੀ ਮੌਤ ਤੋਂ ਬਾਅਦ ਵੀ ਕੰਵਰ ਉਸ ਦੇ ਪ੍ਰੇਤ ਤੋਂ ਖਹਿੜਾ ਨਹੀਂ ਛੁਡਾ ਸਕਦਾ। ਅੰਬਰ ਸਿੰਘ ਦਾ ਪ੍ਰੇਤ ਉਨ੍ਹਾਂ ਸਮਾਜਕ ਰਵਾਇਤਾਂ ਦਾ ਪ੍ਰਤੀਕ ਹੈ, ਜਿਨ੍ਹਾਂ ਰਾਹੀਂ ਕੋਈ ਭਾਈਚਾਰਾ ਆਪਣੇ ਮੈਂਬਰਾਂ ਦੀ ਪਛਾਣ ਨੂੰ ਆਪਣੇ ਹਿਸਾਬ ਨਾਲ ਢਾਲਦਾ ਹੈ। ਅੰਬਰ ਸਿੰਘ ਦਾ ਪ੍ਰੇਤ ਬਣ ਕੇ ਕੰਵਰ ਦੀ ਦੇਹ ਵਿਚ ਪ੍ਰਵੇਸ਼ ਕਰਨਾ ਸਿਰਫ਼ ਗ਼ੈਬੀ ਘਟਨਾ ਨਹੀਂ ਬਲਕਿ ਉਨ੍ਹਾਂ ਸਭਿਆਚਾਰਕ ਕਦਰਾਂ-ਕੀਮਤਾਂ ਨੂੰ ਦਰਸਾਉਂਦਾ ਹੈ, ਜਿਨ੍ਹਾਂ ਰਾਹੀਂ ਮਨੁੱਖੀ ਪਛਾਣ ਨੂੰ ਸਿਰਜਣ ਅਤੇ ਮਨੁੱਖੀ ਦੇਹ ਨੂੰ ਕਾਬੂ ਹੇਠ ਰੱਖਣ ਦਾ ਪਰਪੰਚ ਰਚਿਆ ਜਾਂਦਾ ਹੈ।

ਪਰਿਵਾਰ ਨਾਲ ਜੁੜੀ ਹਿੰਸਾ ਦਾ ਇਹ ਪ੍ਰਵਚਨ ਨਾਰੀ ਦੇਹ ਨੂੰ ਵਧੇਰੇ ਭੋਗਣਾ ਪੈਂਦਾ ਹੈ। ਘਰ ਅਤੇ ਉਸ ਨਾਲ ਜੁੜੇ ਪਿਤਾ-ਪੁਰਖੀ ਪ੍ਰਬੰਧ ਦੀ ਸਥਾਪਤੀ ਲਈ ਔਰਤ ਨੂੰ ਹਰ ਤਰ੍ਹਾਂ ਦੀ ਕੀਮਤ ਅਦਾ ਕਰਨੀ ਪੈਂਦੀ ਹੈ। ਇਸ ਫਿਲਮ ਵਿਚਲੀਆਂ ਤਿੰਨੇ ਔਰਤਾਂ- ਕੰਵਰ, ਮਿਹਰ ਅਤੇ ਨੀਲੀ ਪਰਿਵਾਰ ਦੀ ਇਸ ਸਿਆਸਤ ਪਿੱਛੇ ਛਿਪੇ ਤਸ਼ੱਦਦ ਨੂੰ ਹੰਢਾਉਂਦਿਆਂ ਆਪਣੀ ਜਾਨ ਤੋਂ ਹੱਥ ਧੋ ਬਹਿੰਦੀਆਂ ਹਨ। ਘਰ ਜਾਂ ਪਰਿਵਾਰ ਨਾਲ ਜੁੜੀ ਇਹ ਸੱਤਾ ਜਿੱਥੇ ਕੰਵਰ ਲਈ ਪਛਾਣ ਦਾ ਸੰਕਟ ਖੜ੍ਹਾ ਕਰਦੀ ਹੈ ਉਥੇ ਮਿਹਰ ਤੇ ਨੀਲੀ ਇਸ ਸੱਤਾ ਪ੍ਰਬੰਧ ਦੀ ਕੀਮਤ ਆਪਣੀ ਜਾਨ ਦੇ ਕੇ ਚੁਕਾਉਂਦੀਆਂ ਹਨ। ਮਿਹਰ ਅਤੇ ਨੀਲੀ ਦੀ ਖ਼ੁਦਕੁਸ਼ੀ ਵਿਆਹ ਨਾਮਕ ਸੰਸਥਾ ਵਿਚੋਂ ਉਪਜੇ ਪਰਿਵਾਰ ਪਿੱਛੇ ਛਿਪੀ ਸੱਤਾ ਨੂੰ ਬੇਨਕਾਬ ਕਰਦੀ ਹੈ। ਪਰਿਵਾਰ ਜਾਂ ਘਰ ਕਿਸੇ ਭਾਈਚਾਰੇ ਦੇ ਸ਼ਕਤੀ ਪ੍ਰਵਚਨ ਦੀਆਂ ਹੀ ਕੜੀਆਂ ਹਨ, ਜਿਨ੍ਹਾਂ ਤੋਂ ਮੁਕਤੀ ਹਾਸਲ ਕਰਨ ਲਈ ਮਿਹਰ ਤੇ ਨੀਲੀ ਨੂੰ ਖ਼ੁਦਕੁਸ਼ੀ ਕਰਨ ਲਈ ਮਜ਼ਬੂਰ ਹੋਣਾ ਪੈਂਦਾ ਹੈ।

ਇਸ ਤਰ੍ਹਾਂ ਇਹ ਫ਼ਿਲਮ ਸਾਡੇ ਸਾਹਮਣੇ ਇਹ ਸੁਆਲ ਖੜ੍ਹਾ ਕਰਦੀ ਹੈ ਕਿ ਕੋਈ ਵੀ ਵਰਤਾਰਾ ਜਿਸ ਨੂੰ ਅਸੀਂ ਕੁਦਰਤੀ ਮੰਨਦੇ ਹਾਂ ਸੱਚਮੁੱਚ ਹਕੀਕਤ ਹੈ ਜਾਂ ਇਸ ਦੇ ਪਿੱਛੇ ਪਛਾਣ ਦੇ ਮਸਲੇ ਨਾਲ ਜੁੜਿਆ ਸਿਆਸੀ ਪ੍ਰਵਚਨ ਕੰਮ ਕਰ ਰਿਹਾ ਹੈ। ਹਰ ਵਰਤਾਰੇ ਨੂੰ ਸਹੀ/ਗ਼ਲਤ, ਸੱਚ/ਝੂਠ ਅਤੇ ਚੰਗਾ/ਮਾੜਾ ਜਿਹੇ ਦੁਵੱਲੇ ਜੁੱਟਾਂ ਵਿਚ ਵੰਡ ਕੇ ਦੇਖਣ ਦੀ ਫ਼ਿਤਰਤ ਕਾਰਨ ਅਸੀਂ ਇਹਨਾਂ ਵਰਤਾਰਿਆਂ ਨੂੰ ਕਿਸੇ ਵਿਸ਼ੇਸ਼ ਵਿਚਾਰਧਾਰਕ ਨੁਕਤੇ ਤੋਂ ਦੇਖਣ ਦੇ ਆਦੀ ਹੋ ਜਾਂਦੇ ਹਾਂ। ਇਸ ਦੇ ਉਲਟ ਪਛਾਣ ਦੇ ਗਤੀਸ਼ੀਲ ਅਤੇ ਲਗਾਤਾਰ ਤਬਦੀਲ ਹੁੰਦੇ ਰਹਿਣ ਕਾਰਨ ਮਸਲਾ ਇਨ੍ਹਾਂ ਸਿੱਧ-ਪੱਧਰਾ ਨਹੀਂ, ਜਿਨ੍ਹਾਂ ਸਾਨੂੰ ਨਜ਼ਰ ਆਉਂਦਾ ਹੈ। ਕੰਵਰ ਦੀ ਔਰਤ ਜਾਂ ਮਰਦ ਹੋਣ ਦੇ ਵਿਚਕਾਰਲੀ ਸਥਿਤੀ ਨੂੰ ਦਰਸਾ ਕੇ ਫਿਲਮ 'ਕਿੱਸਾ' ਮਨੁੱਖੀ ਪਛਾਣ ਨੂੰ ਨਿਰਧਾਰਿਤ ਚੌਖਟਿਆਂ ਵਿਚ ਰੱਖ ਕੇ ਦੇਖਣ ਦੀ ਸਾਡੀ ਰੁਚੀ ਨੂੰ ਵੀ ਸੁਆਲਾਂ ਦੇ ਘੇਰੇ ਵਿਚ ਲਿਆਉਂਦੀ ਹੈ।

ਕਿਸੇ ਵੀ ਸਿਆਸੀ ਪ੍ਰਵਚਨ ਨੂੰ ਆਪਣੀ ਦੇਹ 'ਤੇ ਹੰਢਾਉਣ ਵਾਲੇ ਲੋਕ ਇਸ ਵਰਤਾਰੇ ਬਾਰੇ ਉਦਾਸੀਨ ਨਹੀਂ ਹੁੰਦੇ ਸਗੋਂ ਕਿਸੇ ਨਾ ਕਿਸੇ ਰੂਪ ਵਿਚ ਇਸ ਬਾਰੇ ਆਪਣਾ ਪ੍ਰਤਿਕਰਮ ਜਾਹਰ ਕਰਦੇ ਹਨ। ਫ਼ਿਲਮ 'ਕਿੱਸਾ' ਦੇ ਪਾਤਰ ਜਿਸ ਭਰਮ ਵਿਚੋਂ ਆਪਣੇ ਹੋਣ ਦੀ ਹਕੀਕਤ ਲੱਭਦੇ ਹਨ, ਉਹ ਭਰਮ ਪੰਜਾਬੀ ਬੰਦੇ ਵੱਲੋਂ ਵਿਰੋਧੀ ਪ੍ਰਸਥਿਤੀਆਂ ਵਿਚ ਸਿਰਜੇ ਹੁੰਗਾਰੇ ਅਤੇ ਨਾਬਰੀ ਦਾ ਪ੍ਰਤੀਕ ਹੈ। ਇਸ ਤਰ੍ਹਾਂ ਇਹ ਫਿਲਮ ਪੰਜਾਬ ਦੀ ਸਿਆਸੀ ਵੰਡ ਕਾਰਨ ਪੰਜਾਬੀ ਅਚੇਤਨ ਵਿਚ ਡੂੰਘੀਆਂ ਬੈਠੀਆਂ ਗੰਢਾਂ ਨੂੰ ਪਰਤ-ਦਰ-ਪਰਤ ਖੋਲ੍ਹਦੀ ਹੈ। ਇਸ ਦੋਹਰੇ ਸੰਤਾਪ ਨੂੰ ਭੋਗਦਾ ਕੰਵਰ ਬਣਿਆ ਅੰਬਰ ਸਿੰਘ ਇਹ ਸਮਝਣ ਤੋਂ ਅਸਮਰਥ ਹੈ ਕਿ ਉਹ ਕੰਵਰ ਹੈ ਜਾਂ ਅੰਬਰ ਸਿੰਘ, ਔਰਤ ਹੈ ਜਾਂ ਮਰਦ, ਪ੍ਰੇਤ ਹੈ ਜਾਂ ਮਨੁੱਖ, ਵਰਤਮਾਨ ਹੈ ਜਾਂ ਬੀਤਿਆ? ਫਿਲਮ ਦੇ ਆਖਰੀ ਦ੍ਰਿਸ਼ ਵਿਚ ਉਹ ਮੁੜ ਆਪਣੇ ਪੁਰਖਿਆਂ ਦੇ ਉਸ ਘਰ ਵਿਚਲੇ ਖੂਹ ਕੋਲ ਨੀਲੀ ਦੀ ਲਾਸ਼ ਲੈ ਕੇ ਪਹੁੰਚਦਾ ਹੈ, ਜਿੱਥੇ ਹੱਲਿਆਂ ਵੇਲੇ ਇਕ ਲਾਸ਼ ਸੁੱਟ ਕੇ ਉਸ ਨੇ ਇਸ ਸਰਾਪੇ ਕਿੱਸੇ ਦਾ ਮੁੱਢ ਬੰਨ੍ਹਿਆ ਸੀ। ਫ਼ਿਲਮ ਵਿਚਲਾ ਉਸ ਦਾ ਇਹ ਆਖ਼ਰੀ ਸੰਵਾਦ ਉਸ ਰਾਹੀਂ ਆਪਣੇ ਹੋਣ ਦੀ ਬੁਝਾਰਤ ਨੂੰ ਸਮਝਣ ਦੀ ਨਾਕਾਮ ਕੋਸ਼ਿਸ਼ ਕਿਹਾ ਜਾ ਸਕਦਾ ਹੈ-

"ਨੀਲੀ! ਦੱਸ ਮੈਨੂੰ, ਮੈਂ ਕੀ ਆਂ ਹੁਣ? ਮੈਂ ਕੌਣ ਆਂ? ਕਿਸ ਸਰਾਪ ਵਿਚ ਪਾ ਲਿਆ ਮੈਂ ਆਪਣੇ ਆਪ ਨੂੰ?...ਹੋਰ ਕਿੰਨੀ ਵਾਰ ਮੈਂ ਇਹ ਸਰਾਪਿਆ ਕਿੱਸਾ ਭੋਗਾਂਗਾ? ਨਾ ਆਦਮੀ ਨਾ ਔਰਤ। ਨਾ ਜੀਵ ਨਾ ਪ੍ਰੇਤ।"

ਨਿਰਦੇਸ਼ਕ ਅਨੂਪ ਸਿੰਘ ਨੂੰ ਇਸ ਗੱਲ ਦਾ ਇਲਮ ਹੈ ਕਿ ਪੰਜਾਬ ਦੀ ਵੰਡ ਦੇ ਸਿਆਸੀ ਪ੍ਰਵਚਨ ਪਿੱਛੇ ਛਿਪੀ ਤਸ਼ੱਦਦ ਦੀਆਂ ਇਹਨਾਂ ਮਹੀਨ ਪਰਤਾਂ ਨਾਲ ਜੁੜੇ ਬਿਰਤਾਂਤ ਨੂੰ ਯਥਾਰਥਵਾਦੀ ਤਕਨੀਕ ਰਾਹੀਂ ਨਹੀਂ ਉਸਾਰਿਆ ਜਾ ਸਕਦਾ। ਇਸ ਲਈ ਅਨੂਪ ਸਿੰਘ ਨੇ ਇਸ ਕਥਾ ਨੂੰ ਕਹਿਣ ਲਈ ਮੱਧਕਾਲੀ ਕਾਵਿ ਬਿਰਤਾਂਤ 'ਕਿੱਸੇ' ਨੂੰ ਚੁਣਿਆ ਹੈ। ਕਿੱਸਾ ਮੁਢਲੇ ਰੂਪ ਵਿਚ ਇੱਛਾ-ਪੂਰਤੀ ਨਾਲ ਸੰਬੰਧਤ ਕਾਵਿ-ਰੂਪ ਹੈ ਜੋ ਕਾਲਪਨਿਕ ਪੱਧਰ 'ਤੇ ਉਨ੍ਹਾਂ ਨਿਜੀ ਖ਼ਾਹਸ਼ਾਂ ਨੂੰ ਸਭਿਆਚਾਰਕ ਸਹਿਮਤੀ ਪ੍ਰਦਾਨ ਕਰਦਾ ਹੈ, ਜਿਨ੍ਹਾਂ ਨੂੰ ਸਮਾਜਕ ਨੇਮਾਂ ਦੀ ਮਰਿਆਦਾ ਹੇਠ ਦਰੜ ਦਿੱਤਾ ਜਾਂਦਾ ਹੈ। ਇਸ ਲਈ ਕਿੱਸਾ ਵਾਰ-ਵਾਰ ਸਮੇਂ-ਸਥਾਨ ਦੀ ਨਿਰੰਤਰਤਾ ਨੂੰ ਤੋੜਦਾ ਹੈ। ਇਸ ਵਿਚ ਭੂਤ-ਵਰਤਮਾਨ-ਭਵਿੱਖ ਇਕ-ਦੂਜੇ ਵਿਚ ਇਸ ਤਰ੍ਹਾਂ ਰਲਗੱਡ ਹਨ ਕਿ ਇਹਨਾਂ ਨੂੰ ਨਿਖੇੜ ਸਕਣਾ ਸੰਭਵ ਨਹੀਂ ਹੈ।

ਅਨੂਪ ਸਿੰਘ ਆਪਣੀ ਇਸ ਫ਼ਿਲਮ ਵਿਚਲੇ ਪ੍ਰਤੀਕ-ਪ੍ਰਬੰਧ ਰਾਹੀਂ ਸਿਆਸੀ ਦਮਨ ਅਤੇ ਇਸ ਨਾਲ ਜੁੜੇ ਉਸ ਤਸ਼ੱਦਦ ਨੂੰ ਬੇਪਰਦ ਕਰਨ ਦੀ ਕੋਸ਼ਿਸ਼ ਕਰਦਾ ਹੈ, ਜਿਸ ਨੂੰ ਅਕਸਰ ਇਹਨਾਂ ਸਿਆਸੀ ਪ੍ਰਵਚਨਾਂ ਵਿਚੋਂ ਅਣਗੌਲਿਆਂ ਕਰ ਦਿੱਤਾ ਜਾਂਦਾ ਹੈ। ਉਸ ਦੀ ਇਸ ਕੋਸ਼ਿਸ਼ ਦਾ ਇਕ ਸਿਰਾ ਅਫ਼ਰੀਕੀ ਨਾਵਲਕਾਰ ਚਿਨੂਆ ਅਚੀਬੀ (Chinua Achebe) ਦੇ ਸ਼ਾਹਕਾਰ ਨਾਵਲ 'ਟੁੱਟ-ਭੱਜ' (Things Fall Apart) ਨਾਲ ਜਾ ਜੁੜਦਾ ਹੈ, ਜਿਸ ਦਾ ਨਾਇਕ

ਉਕਾਨਕੂ ਬਸਤੀਵਾਦ ਦੌਰਾਨ ਆਪਣੇ ਟੁੱਟ ਰਹੇ ਭਾਈਚਾਰੇ ਦੇ ਸੰਤਾਪ ਨੂੰ ਆਪਣੇ ਪੂਰਵਜਾਂ ਦੀਆਂ ਪ੍ਰੇਤ-ਆਤਮਾਵਾਂ ਨਾਲ ਸੰਵਾਦ ਰਾਹੀਂ ਜ਼ੁਬਾਨ ਦਿੰਦਾ ਹੈ। ਦੂਜੇ ਪਾਸੇ ਇਹ ਫ਼ਿਲਮ ਸਵੀਡਿਸ਼ ਫ਼ਿਲਮਕਾਰ ਬਰਗਮਨ ਦੀ ਸ਼ਾਹਕਾਰ ਫਿਲਮ 'ਦ ਸੈਵੇਂਥ ਸੀਲ' ਨਾਲ ਮੇਲ ਖਾਂਦੀ ਹੈ, ਜਿਸ ਵਿਚਲਾ ਨਾਇਕ ਅਨਤੋਨੀਅਸ ਬਲੌਕ ਮੌਤ ਦੇ ਦੇਵਤਾ ਨਾਲ ਸ਼ਤਰੰਜ ਖੇਡ ਕੇ ਦਾਅ 'ਤੇ ਲੱਗੀ ਆਪਣੀ ਉਮਰ ਨੂੰ ਥੋੜ੍ਹਾ ਹੋਰ ਲੰਬਾ ਕਰ ਸਕਣ ਦਾ ਭਰਮ ਪਾਲਦਾ ਹੈ। ਬਲੌਕ ਦਾ ਨਰਦਾਂ ਖਿਲਾਰ ਕੇ ਆਪਣੀ ਉਮਰ ਨੂੰ ਵਧਾਉਣ ਦਾ ਭਰਮ ਅੰਬਰ ਸਿੰਘ ਦਾ ਆਪਣੀ ਧੀ ਨੂੰ ਪੁੱਤ ਬਣਾ ਕੇ ਆਪਣੀ ਹੋਂਦ ਨੂੰ ਅਰਥ ਦੇਣ ਦੇ ਪ੍ਰਸੰਗ ਨਾਲ ਜੁੜਿਆ ਹੈ।


ਅਨੂਪ ਸਿੰਘ ਨੇ ਫ਼ਿਲਮ 'ਕਿੱਸਾ' ਨੂੰ ਇਕ ਪ੍ਰਤੀਕ-ਕਥਾ ਵਾਂਗ ਬੁਣਿਆ ਹੈ। ਇਹ ਫਿਲਮ ਹਿਜਰਤ ਦੇ ਸਿਰਫ਼ ਥਾਂ ਜਾਂ ਸਪੇਸ ਤੱਕ ਸੀਮਤ ਹੋਣ ਦੀ ਮਿੱਥ ਨੂੰ ਵੰਗਾਰਦੀ ਹੈ। ਇਸ ਫਿਲਮ ਰਾਹੀਂ ਅਨੂਪ ਸਿੰਘ ਇਹ ਸਥਾਪਤ ਕਰਦਾ ਹੈ ਕਿ ਹਿਜਰਤ ਮਨ ਅਤੇ ਦੇਹ ਨੂੰ ਵੀ ਹੰਢਾਉਣੀ ਪੈਂਦੀ ਹੈ।ਜਿਸ ਦੌਰ ਨੂੰ ਅਸੀਂ ਅੱਜ ਅਤਿ-ਯਥਾਰਥ (Hyperreality) ਕਹਿੰਦੇ ਹਾਂ, ਮਨੁੱਖੀ ਅਚੇਤਨ ਵਿਚ ਤਾਂ ਇਸ ਤਰ੍ਹਾਂ ਦਾ ਸਪੇਸ ਅਨੰਤ ਕਾਲ ਤੋਂ ਮੌਜੂਦ ਰਿਹਾ ਹੈ।ਹਿਜਰਤ ਦਾ ਇਹ ਬਿਰਤਾਂਤ ਸਪੇਸ ਅਤੇ ਸਮੇਂ ਦੀ ਵਿਚੋਲਗੀ ਰਾਹੀਂ ਨੇਪਰੇ ਚੜ੍ਹਦਾ ਹੈ, ਜਿਸ ਕਾਰਨ ਇਸ ਫਿਲਮ ਵਿਚਲਾ ਹਰ ਪਾਤਰ ਆਪਣੇ ਮਨ ਅਤੇ ਦੇਹ 'ਤੇ ਇਸ ਹਿਜਰਤ ਨੂੰ ਹੰਢਾਉਂਦਾ ਪ੍ਰਤੀਤ ਹੁੰਦਾ ਹੈ।

ਸਪੇਸ ਅਤੇ ਸਮੇਂ ਦੀ ਵਿਚੋਲਗੀ ਨਾਲ ਜੁੜੀ ਮਨ ਦੀ ਇਸ ਹਿਜਰਤ ਕਾਰਨ ਹੀ ਸਮਕਾਲੀ ਦੌਰ ਵਿਚ ਸਵੈ-ਸਹੇੜੇ ਪਰਵਾਸ ਦੌਰਾਨ ਵੀ ਪੰਜਾਬੀ ਬੰਦੇ ਦੀ ਸਥਿਤੀ ਸੰਤਾਲੀ ਦੌਰਾਨ ਜਲਾਵਤਨ ਹੋਏ ਪੰਜਾਬੀ ਬੰਦੇ ਤੋਂ ਵੱਖਰੀ ਨਹੀਂ ਹੋ ਸਕੀ। ਉਸ ਦੇ ਅਚੇਤਨ ਵਿਚ ਆਪਣੀਆਂ ਜੜ੍ਹਾਂ ਤੋਂ ਜਲਾਵਤਨ ਹੋਣ ਦਾ ਸੰਤਾਪ ਅੱਜ ਵੀ ਮੌਜੂਦ ਹੈ ਬੇਸ਼ੱਕ ਇਹ ਜਲਾਵਤਨੀ ਉਸ ਦੀ ਆਪਣੀ ਚੋਣ ਹੈ।

**ਪੋਸਟ ਸਕ੍ਰਿਪਟ :** ਤਨਜ਼ਾਨੀਆ 'ਚ ਜਨਮੇ ਅਨੂਪ ਸਿੰਘ ਨੂੰ ਜਦੋਂ ਖ਼ੁਦ ਆਪਣੀ ਮਾਤ-ਭੂਮੀ ਤੋਂ ਹਿਜਰਤ ਦਾ ਸੰਤਾਪ ਝੱਲ ਕੇ ਮੁੰਬਈ ਜਾਣਾ ਪਿਆ ਤਾਂ ਉਸ ਨੂੰ ਸੰਤਾਲੀ ਦੀ ਵੰਡ ਦੌਰਾਨ ਆਪਣੇ ਦਾਦੇ ਵੱਲੋਂ ਹੰਢਾਈ ਜਲਾਵਤਨੀ ਦਾ ਅਹਿਸਾਸ ਹੋਇਆ। ਇਸ ਹਿਜਰਤ ਕਾਰਨ ਉਸ ਅੰਦਰ ਫ਼ਿਲਮ 'ਕਿੱਸਾ' ਦੇ ਬੀਜ ਪੁੰਗਰੇ।ਉਸ ਨੇ ਆਪਣੇ ਇਸ ਸੁਪਨੇ ਨੂੰ ਹਕੀਕਤ 'ਚ ਬਦਲਣ ਲਈ ਬਾਲੀਵੁੱਡ ਫਿਲਮਾਂ ਦਾ ਨਿਰਮਾਣ ਕਰਨ ਵਾਲੇ ਕਈ ਲੋਕਾਂ ਤੱਕ ਪਹੁੰਚ ਕੀਤੀ ਪਰ ਸਭ ਦਾ ਇਕੋ ਜੁਆਬ ਸੀ ਕਿ ਉਹ ਇਸ ਫਿਲਮ 'ਤੇ ਪੈਸਾ ਇਸ ਸ਼ਰਤ ਉਤੇ ਖਰਚਣਗੇ ਜੇਕਰ ਇਹ ਫ਼ਿਲਮ ਹਿੰਦੀ ਵਿਚ ਬਣਾਈ ਜਾਵੇਗੀ। ਅਨੂਪ ਸਿੰਘ ਦਾ ਮੰਨਣਾ ਸੀ ਕਿ ਇਹ ਫ਼ਿਲਮ ਦਾ ਨਿਰਮਾਣ ਪੰਜਾਬੀ ਭਾਸ਼ਾ ਵਿਚ ਹੀ ਸੰਭਵ ਹੈ, ਕਿਸੇ ਹੋਰ ਜ਼ੁਬਾਨ 'ਚ ਨਹੀਂ। ਆਪਣੀ ਇਸ ਜ਼ਿੱਦ ਕਾਰਨ ਉਸ ਨੂੰ ਆਪਣੇ ਇਸ ਸੁਪਨੇ ਨੂੰ ਸਾਕਾਰ ਕਰਨ ਲਈ ਬਾਰ੍ਹਾਂ ਸਾਲ ਦਾ ਲੰਮਾ ਵਕਫ਼ਾ ਤੈਅ ਕਰਨਾ ਪਿਆ। ਅਖ਼ੀਰ ਜਰਮਨ, ਫਰਾਂਸੀਸੀ ਤੇ ਡੱਚ ਨਿਰਮਾਤਾਵਾਂ ਅਤੇ ਐਨ.ਐਫ਼.ਡੀ.ਸੀ ਨੇ ਸਾਂਝੇ ਉੱਦਮ ਸਦਕਾ ਇਹ ਪ੍ਰਾਜੈਕਟ ਨੇਪਰੇ ਚੜ੍ਹ ਸਕਿਆ। 2013 ਵਿਚ ਇਹ ਫਿਲਮ ਬਣ ਕੇ ਤਿਆਰ ਹੋਈ ਅਤੇ ਵੱਖ-ਵੱਖ ਫਿਲਮ ਮੇਲਿਆਂ 'ਚ ਦਿਖਾਈ ਗਈ। ਕਈ ਅਹਿਮ ਸਨਮਾਨਾਂ ਨਾਲ ਨਿਵਾਜ਼ੀ ਜਾਣ ਦੇ ਬਾਵਜੂਦ ਇਸ ਫਿਲਮ ਨੂੰ ਹਿੰਦੋਸਤਾਨ ਵਿਚ ਰਿਲੀਜ਼ ਹੋਣ ਲਈ ਦੋ ਸਾਲ ਹੋਰ ਇੰਤਜ਼ਾਰ ਕਰਨਾ ਪਿਆ।

20 ਫਰਵਰੀ 2015 ਨੂੰ ਇਹ ਫਿਲਮ ਇੰਟਰਨੈੱਟ ਰੇਟਿੰਗ ਦੇ ਅਧਾਰ 'ਤੇ ਮੁਲਕ ਦੇ ਚੋਣਵੇਂ ਸ਼ਹਿਰਾਂ ਵਿਚਲੇ ਸਿਨੇਮਾ ਘਰਾਂ ਵਿਚ ਪ੍ਰਦਰਸ਼ਿਤ ਹੋਈ, ਪਰ ਸਿਤਮਜ਼ਰੀਫ਼ੀ ਇਹ ਹੈ ਕਿ ਇਹਨਾਂ ਵਿਚ ਪੰਜਾਬ ਦਾ ਇਕ ਵੀ ਸ਼ਹਿਰ ਸ਼ਾਮਲ ਨਹੀਂ ਸੀ। (ਚੰਡੀਗੜ੍ਹ ਵਿਚ ਇਹ ਫਿਲਮ ਰਿਲੀਜ਼ ਹੋਈ ਪਰ ਕੀ ਚੰਡੀਗੜ੍ਹ ਨੂੰ ਪੰਜਾਬ ਦਾ ਸ਼ਹਿਰ ਕਿਹਾ ਜਾ ਸਕਦਾ ਹੈ? ਇਹ ਵੱਖਰੀ ਬਹਿਸ ਦਾ ਵਿਸ਼ਾ ਹੋ ਸਕਦਾ ਹੈ।) ਅੰਗਰੇਜ਼ੀ ਮੀਡੀਆ ਨੇ ਇਸ ਫਿਲਮ ਨੂੰ ਸਲਾਹਿਆ ਅਤੇ ਹਿੰਦੋਸਤਾਨ ਦੀਆਂ ਬੇਹਤਰੀਨ ਫਿਲਮਾਂ ਵਿਚ ਸ਼ੁਮਾਰ ਕੀਤਾ ਪਰ ਪੰਜਾਬੀ ਮੀਡੀਆ ਨੇ ਇਸ ਫਿਲਮ ਬਾਰੇ ਕੋਈ ਵੱਡਾ ਨੋਟਸ ਨਹੀਂ ਲਿਆ। ਇਹ ਫਿਲਮ ਸੰਤਾਲੀ ਦੀ ਪੰਜਾਬ ਵੰਡ ਦੀਆਂ ਪਰਤਾਂ ਨੂੰ ਜਿਸ ਤਰ੍ਹਾਂ ਦੀ ਸਿਨਮੈਟੋਗ੍ਰਾਫ਼ੀ ਦੀ ਭਾਸ਼ਾ ਰਾਹੀਂ ਸਿਰਜਦੀ ਹੈ,ਉਸ ਬਾਰੇ ਪੰਜਾਬੀ ਫਿਲਮ ਸਮੀਖਿਅਕ ਖ਼ਾਮੋਸ਼ ਰਹੇ। ਫਿਲਮ ਨੂੰ ਪੰਜਾਬੀ 'ਚ ਬਣਾਉਣ ਲਈ ਅਨੂਪ ਨੂੰ ਬਾਰ੍ਹਾਂ ਸਾਲ ਇੰਤਜ਼ਾਰ ਕਰਨਾ ਪਿਆ (ਇਸ ਫ਼ਿਲਮ ਦੇ ਅਦਾਕਾਰ ਇਸੇ ਕਾਰਨ ਇਸ ਫ਼ਿਲਮ ਨੂੰ ਅਨੂਪ ਦੀ 'ਟਵੈਲਵ ਯੀਅਰ ਏ ਸਲੇਵ' ਕਹਿੰਦੇ ਹਨ) ਪਰ ਪੰਜਾਬ 'ਚ ਇਸ ਫਿਲਮ ਬਾਰੇ ਕੋਈ ਸਾਰਥਕ ਚਰਚਾ ਨਹੀਂ ਹੋਈ। ਇਹ ਸਾਰੇ ਤੱਥ ਜਿਸ ਗੱਲ ਵੱਲ ਇਸ਼ਾਰਾ ਕਰਦੇ ਹਨ, ਉਸ ਤੋਂ ਪੰਜਾਬ ਦੇ ਵਰਤਮਾਨ ਬੌਧਿਕ ਅਤੇ ਸਭਿਆਚਾਰਕ ਦ੍ਰਿਸ਼ ਵਿਚਲੀ ਖੜੋਤ ਦਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ।

ਈ-ਮੇਲ : **yadwinderdu@gmail.com**










# ਵਪਾਰਕ ਫ਼ਿਲਮਾਂ ਤੇ ਨਾਰੀਵਾਦ

## ਜਤਿੰਦਰ ਸਿੰਘ

ਕੋਈ ਵਕਤ ਸੀ ਜਦੋਂ ਹਿੰਦੋਸਤਾਨੀ ਸਿਨੇਮਾ ਵਿਚ ਪਰਿਵਾਰਕ ਕਦਰਾਂ-ਕੀਮਤਾਂ, ਨੈਤਿਕਤਾ ਤੇ ਰੋਮਾਂਟਿਕ ਕਿਸਮ ਦੀਆਂ ਫ਼ਿਲਮਾਂ ਦਾ ਦੌਰ ਸੀ। ਜਿਨ੍ਹਾਂ ਵਿਚ *ਹਮ ਆਪਕੇ ਹੈਂ ਕੌਣ ?, ਕਭੀ ਖ਼ੁਸ਼ੀ ਕਭੀ ਗ਼ਮ, ਕੁਛ ਕੁਛ ਹੋਤਾ ਹੈ, ਪ੍ਰੇਮ ਰਤਨ ਧਨ ਪਾਇਓ* ਆਦਿ। ਜਦੋਂ ਬਾਲੀਵੁੱਡ ਵਿਚ ਇਕੋ ਕਿਸਮ ਦੀਆਂ ਫ਼ਿਲਮਾਂ ਬਣਨ ਲੱਗ ਪੈਣ ਤਾਂ ਬਦਲਾਵ ਆਉਣਾ ਸੁਭਾਵਿਕ ਹੀ ਬਣ ਜਾਂਦਾ ਹੈ, ਖ਼ਾਸ ਤੌਰ 'ਤੇ ਉਦੋਂ ਜਦੋਂ ਪੈਸੇ ਦਾ ਮਸਲਾ ਨਾਲ ਜੁੜਿਆ ਹੋਵੇ। 21ਵੀਂ ਸਦੀ ਵਿਚ ਜਿਥੇ ਕੁਝ ਸੰਜੀਦਾ ਮੁੱਦਿਆਂ 'ਤੇ ਫ਼ਿਲਮਾਂ ਬਣੀਆਂ ਉਥੇ ਨਾਲ ਹੀ ਸੰਜੀਦਗੀ ਅਤੇ ਸੰਵੇਦਨਸ਼ੀਲ ਮੁੱਦਿਆਂ ਦਾ ਜਾਮਾ ਪਹਿਨਾ ਕੇ ਵਪਾਰਕ ਫ਼ਿਲਮਾਂ ਹੋਂਦ ਵਿਚ ਆਈਆਂ।

ਨਾਰੀ ਦੀ ਹੋਂਦ ਤੇ ਹੋਣੀ ਦਾ ਮਾਮਲਾ ਬੜਾ ਗਹਿਰ ਗੰਭੀਰ ਬਣਿਆ ਰਿਹਾ। ਕਿਸੇ ਵੀ ਨਿਜ਼ਾਮ ਵਿਚ ਨਾਰੀ ਦੀ ਸਥਿਤੀ ਕੋਈ ਖ਼ੁਸ਼ਗਵਾਰ ਨਹੀਂ ਰਹੀ ਭਾਵੇਂ ਯੂਰਪੀਅਨ ਤੇ ਪੱਛਮੀ ਸਮਾਜ ਹੀ ਕਿਉਂ ਨਾ ਹੋਵੇ ? ਨਾਰੀ ਦੀ ਹਾਲਤ ਨੂੰ ਸੁਧਾਰਨ ਤੇ ਹੱਕਾਂ ਲਈ ਕੁਝ ਜਥੇਬੰਦੀਆਂ ਤੇ ਸੰਗਠਨ ਨੇ ਖੁੱਲ੍ਹ ਕੇ ਸਹਿਯੋਗ ਵੀ ਦਿੱਤਾ ਜੋ ਬਾਅਦ ਵਿਚ ਨਾਰੀਵਾਦ ਵਿਚ ਤਬਦੀਲ ਹੋਇਆ। ਨਾਰੀਵਾਦ ਵੀ ਕਈ ਤਰ੍ਹਾਂ ਦੀਆਂ ਵਿਚਾਰਧਾਰਾਵਾਂ ਵਿਚ ਵੰਡਿਆ ਗਿਆ। ਜਿਨ੍ਹਾਂ ਵਿਚ ਰੈਡੀਕਲ ਨਾਰੀਵਾਦ, ਮਾਰਕਸਵਾਦੀ ਨਾਰੀਵਾਦ, ਉਦਾਰਵਾਦੀ ਨਾਰੀਵਾਦ ਅਤੇ ਉਤਰ ਨਾਰੀਵਾਦ ਸ਼ਾਮਿਲ ਹਨ। ਨਾਰੀਵਾਦ ਵਿਚਾਰਧਾਰਾ ਨੇ ਨਾ ਸਿਰਫ਼ ਰਾਜਨੀਤਕ, ਆਰਥਿਕ, ਸਿੱਖਿਆ ਦੇ ਖੇਤਰਾਂ ਵਿਚ ਆਪਣਾ ਪ੍ਰਭਾਵ ਛੱਡਿਆ ਸਗੋਂ ਸਾਹਿਤ ਤੇ ਕਲਾ ਨੇ ਵੀ ਇਸ ਦਾ ਡੂੰਘਾ ਪ੍ਰਭਾਵ ਕਬੂਲਿਆ। ਸਾਹਿਤ ਤੇ ਕਲਾ ਦੇ ਖੇਤਰ ਵਿਚ ਜ਼ਿਆਦਾਤਰ ਸਿਰਜਣ ਪ੍ਰਕਿਰਿਆ ਵਿਚ ਨਾਰੀ ਨੇ ਹੀ ਯੋਗਦਾਨ ਪਾਇਆ। ਜਿਸ ਨਾਲ ਦੁਨੀਆ ਭਰ ਵਿਚ ਨਵੀਂ ਤਰ੍ਹਾਂ ਦੀ ਬਹਿਸ ਤੇ ਸੰਵਾਦ ਦਾ ਆਗਾਜ਼ ਹੋਇਆ, ਜਿਸ ਦਾ ਪ੍ਰਭਾਵ ਸਿਨੇਮਾ ਨੇ ਵੀ ਕਬੂਲਿਆ।

21ਵੀਂ ਸਦੀ ਵਿਚ ਨਾਰੀ ਹੋਂਦ ਨੂੰ ਲੈ ਕੇ ਕੁਝ ਖ਼ਾਸ ਤਰ੍ਹਾਂ ਦੀਆਂ ਫ਼ਿਲਮਾਂ ਦਾ ਨਿਰਮਾਣ ਹੋਇਆ। ਜਿਨ੍ਹਾਂ ਵਿਚ **ਗੁਲਾਬ ਗੈਂਗ**, **ਕੁਈਨ** ਤੇ **ਪਿੰਕ** ਆਦਿ ਹਨ। ਇਹ ਉਹ ਫ਼ਿਲਮਾਂ ਹਨ ਜੋ ਨਾਰੀ ਦੀ ਹੋਂਦ, ਸੁਤੰਤਰਤਾ ਤੇ ਅਧਿਕਾਰਾਂ ਵਾਲੀਆਂ ਆਰਟ ਫ਼ਿਲਮਾਂ ਤੋਂ ਹਟ ਕੇ ਵਪਾਰਕ ਫ਼ਿਲਮਾਂ ਦਰਸ਼ਕਾਂ ਦੇ ਸਨਮੁਖ ਹੋਈਆਂ। ਦਰਸ਼ਕਾਂ ਵੱਲੋਂ ਇਨ੍ਹਾਂ ਫ਼ਿਲਮਾਂ ਨੂੰ ਚੰਗਾ ਖਾਸਾ ਹੁੰਗਾਰਾ ਮਿਲਿਆ। ਨਿਰਮਾਤਾਵਾਂ ਦਾ ਇਨ੍ਹਾਂ ਫ਼ਿਲਮਾਂ ’ਤੇ ਕਾਫ਼ੀ ਖ਼ਰਚਾ ਆਇਆ ਕਿਉਂਕਿ ਵਪਾਰਕ ਫ਼ਿਲਮਾਂ ਹੋਣ ਕਰਕੇ ਮੂਲ ਮਨਸ਼ਾ ਤੇ ਮੁਨਾਫ਼ਾ ਕਮਾਉਣਾ ਸੀ।

ਖ਼ੈਰ, ਇਨ੍ਹਾਂ ਸਾਰੀਆਂ ਫ਼ਿਲਮਾਂ ਵਿਚ ਪੇਂਡੂ ਤੇ ਸ਼ਹਿਰੀ ਰਹਿਤਲ ਤੇ ਵਿਚਰਦੀਆਂ ਔਰਤਾਂ ਦੇ ਮੁੱਦਿਆਂ ਤੇ ਮਸਲਿਆਂ ਨੂੰ ਕਹਾਣੀਕਾਰਾਂ, ਨਿਰਦੇਸ਼ਕਾਂ ਤੇ ਨਿਰਮਾਤਾਵਾਂ ਨੇ ਪੇਸ਼ ਕੀਤਾ। ਜਿਥੇ ਪੇਂਡੂ ਔਰਤ ਦੀ ਆਰਥਿਕਤਾ, ਰਾਜਨੀਤਕ ਤੇ ਸਿੱਖਿਆ ਦੇ ਅਧਿਕਾਰਾਂ ਬਾਰੇ ਗੱਲ ਹੋਈ, ਨਾਲ ਹੀ ਨਾਰੀ ਦੀ ਨਰ ਤੋਂ ਸੁਤੰਤਰ ਹੋ ਕੇ ਆਪਣੀ ਮਰਜ਼ੀ ਭਾਵ ਆਪਣੀ ਦ੍ਰਿਸ਼ਟੀ ਤੇ ਵਿਚਾਰਾਂ ਨਾਲ ਜਿਉਣ ਦੀ ਖੁੱਲ੍ਹ ਲੱਭਣੀ ਨਜ਼ਰ ਆਉਂਦੀ ਹੈ। ਇਹ ਸਾਰੀਆਂ ਫ਼ਿਲਮਾਂ ਹਿੰਦੋਸਤਾਨ ਦੇ ਵੱਖ-ਵੱਖ ਰਾਜਾਂ/ਭੂਗੋਲਿਕ ਖੇਤਰਾਂ ਨਾਲ ਸੰਬੰਧ ਰੱਖਦੀਆਂ ਹਨ। ਜਿਥੇ **ਪਿੰਕ** ਤੇ **ਕੁਇਨ** ਦਿੱਲੀ ਦੇ ਸ਼ਹਿਰੀ ਜੀਵਨ ਨਾਲ, ਉਥੇ **ਪਾਰਚਡ** ਰਾਜਸਥਾਨ ਅਤੇ **ਗੁਲਾਬ ਗੈਂਗ** ਮੱਧ ਪ੍ਰਦੇਸ਼ ਦੇ ਪਛੜੇ ਇਲਾਕੇ ਨਾਲ ਤੁਅਲਕ ਰੱਖਦੀਆਂ ਹਨ। ਇਹ ਫ਼ਿਲਮਾਂ ਨਾਰੀ ਦੀ ਹੋਂਦ, ਦੇਹ, ਹੱਕ ਤੇ ਆਜ਼ਾਦੀ ਨਾਲ ਸੰਬੰਧਤ ਹਨ। ਇਸ ਤਰ੍ਹਾਂ ਦਾ ਸਾਹਿਤ ਤੇ ਕਲਾ ਵਿਚ ਤਜਰਬਾ ਮੁਢਲੀ ਲੋੜ ਬਣ ਜਾਂਦਾ ਹੈ ਜਦੋਂ ਨਿਜ਼ਾਮ ਬੰਦ ਖ਼ਿਆਲੀ ਤੇ ਧਰਮ ਦੀ ਆੜ ਵਿਚ ਘੱਟ ਗਿਣਤੀਆਂ ਦੀ ਹੋਂਦ ਲਈ ਖ਼ਤਰਾ ਬਣ ਜਾਵੇ। ਉਦੋਂ ਨਾਰੀ ਦੀ ਹਾਲਤ ਹੋਰ ਵੀ ਪਤਲੀ ਹੋ ਜਾਂਦੀ ਹੈ। ਇਸ ਤਰ੍ਹਾਂ ਦੇ ਮਾਹੌਲ ਵਿਚ ਇਨ੍ਹਾਂ ਫ਼ਿਲਮਾਂ ਬਾਰੇ ਵਿਚਾਰ ਕਰਨਾ ਸੁਭਾਵਿਕ ਬਣ ਜਾਂਦਾ ਹੈ।

ਪਹਿਲੀ ਤਰ੍ਹਾਂ ਦੀਆਂ ਫ਼ਿਲਮਾਂ ਵਿਚ **ਗੁਲਾਬ ਗੈਂਗ** ਅਤੇ **ਪਾਰਚਡ** ਹਨ। ਜੋ ਪੇਂਡੂ ਔਰਤਾਂ ਦੀਆਂ ਦੁੱਖ, ਤਕਲੀਫ਼ਾਂ ਤੇ ਹੋਣੀ ਨੂੰ ਬਿਆਨ ਕਰਦੀਆਂ ਨਜ਼ਰ ਆਉਂਦੀਆਂ ਹਨ। ਫ਼ਿਲਮ **ਗੁਲਾਬ ਗੈਂਗ** ਜੋ ਮੱਧ ਪ੍ਰਦੇਸ਼ ਦੇ ਪਛੜੇ ਹੋਏ ਪੇਂਡੂ ਇਲਾਕੇ ਨਾਲ ਸੰਬੰਧ ਰੱਖਦੀ ਹੈ ਰੱਜੋ (ਮਾਧੁਰੀ ਦੀਕਸ਼ਤ) ਇਸ ਫ਼ਿਲਮ ਦੀ ਮੁੱਖ ਅਦਾਕਾਰਾ ਹੈ ਜੋ ਪਿੰਡਾਂ ਦੀਆਂ ਔਰਤਾਂ ਨੂੰ ਇਕਜੁੱਟ ਕਰਕੇ, ਉਨ੍ਹਾਂ ਅੰਦਰ ਆਪਣੇ ਹੱਕਾਂ ਪ੍ਰਤੀ ਜਾਗਰੂਕਤਾ, ਆਰਥਿਕ ਪੱਖੋਂ ਸੁਤੰਤਰ ਅਤੇ ਮਰਦ ਪ੍ਰਧਾਨ ਸਮਾਜ ਪ੍ਰਤੀ ਲਾਮਬੰਦ ਕਰਦੀ ਹੈ। ਉਹ ਮਰਦ ਵੱਲੋਂ ਔਰਤਾਂ ’ਤੇ ਹੁੰਦੇ ਅਨਾਚਾਰ ਤੇ ਅੱਤਿਆਚਾਰ ਦੇ ਵਿਰੋਧ ਵਿਚ ਖੜ੍ਹਾ ਕਰਕੇ ਔਰਤਾਂ ਨੂੰ ਜਥੇਬੰਦ ਕਰਦੀ ਹੈ। ਉਹ ਜਥੇਬੰਦੀ ਦਾ ਨਾਮ ਗੁਲਾਬ ਗੈਂਗ ਰੱਖਦੀ ਹੈ। ਰੱਜੋ ਨੇ ਆਪਣੇ ਨਾਲ ਔਰਤਾਂ ਦੇ ਸਮੂਹ ਨੂੰ ਇਕਜੁੱਟ ਕਰਦੀ, ਨਾਲ ਹੀ ਮਰਦ ਵੱਲੋਂ ਹੁੰਦੇ ਅੱਤਿਆਚਾਰ ਤੇ ਅਨਾਚਾਰ ਵਿਰੁੱਧ ਹਮਲਾਵਰ ਰਵੱਈਆ ਅਖ਼ਤਿਆਰ ਕਰਨ ਦੀ ਪ੍ਰੇਰਨਾ ਦਿੰਦੀ ਹੈ ਅਤੇ ਉਸ ਜਥੇਬੰਦੀ ਦੀ ਅਗਵਾਈ ਖ਼ੁਦ ਕਰਦੀ ਹੈ। ਇਸ ਤੋਂ ਇਲਾਵਾ ਔਰਤ ਨੂੰ ਨਿੱਜੀ ਤੌਰ ’ਤੇ ਆਰਥਿਕ ਪੱਖੋਂ ਸੁਤੰਤਰ ਹੋਣ ਲਈ ਸਾੜ੍ਹੀ, ਟੋਕਰੇ ਤੇ ਹੋਰ ਘਰੇਲੂ ਵਸਤਾਂ ਬਣਾਉਣ ਲਈ ਪ੍ਰੇਰਿਤ ਕਰਦੀ ਹੈ। ਇਸ ਫ਼ਿਲਮ ਦੇ ਨਿਰਦੇਸ਼ਕ ਸੌਮਿਨ ਸੇਨ ਨੇ ਔਰਤਾਂ ਨੂੰ ਮਰਦ ਦੇ ਅਧੀਨ ਨਹੀਂ ਸਗੋਂ ਬਰਾਬਰ ਖੜ੍ਹ ਕੇ ਸੁਤੰਤਰ ਹੋਂਦ ਦਾ ਸੰਕਲਪ ਪੇਸ਼ ਕੀਤਾ ਹੈ। ਇਸ ਫ਼ਿਲਮ ਵਿਚ ਔਰਤਾਂ ਵੀ ਰੈਡੀਕਲ ਨਾਰੀਵਾਦ ਵਿਚਾਰਧਾਰਾ ਦੇ ਪੂਰਕ ਹੋ ਕੇ ਹਿੰਸਾਤਮਕ ਰੂਪ ਅਖ਼ਤਿਆਰ ਕਰ ਲੈਂਦੀਆਂ ਹਨ। ਇਹ ਔਰਤਾਂ ਜਾਣਦੀਆਂ ਹਨ ਕਿ ਉਹ ਮਰਦ ਪ੍ਰਧਾਨ ਵਰਤਾਰੇ ਵਿਚ ਤਿੰਨ ਕਾਰਨਾਂ ਕਰਕੇ ਪਛੜੀਆਂ ਹੋਈਆਂ ਹਨ—ਪਹਿਲਾ ਆਰਥਿਕ ਤੌਰ ’ਤੇ ਸੁਤੰਤਰ, ਦੂਸਰਾ ਸਿੱਖਿਆ ਦੀ ਪ੍ਰਾਪਤੀ ਅਤੇ ਤੀਜਾ ਲੋਕਤੰਤਰ ਪ੍ਰਬੰਧ ਵਿਚ ਸੱਤਾ ਤੋਂ ਸੱਖਣੀ।

ਇਸੇ ਲਈ ਰੱਜੋ ਦਾ ਸਭ ਤੋਂ ਪਹਿਲਾ ਸੁਪਨਾ ਪਿੰਡ ਵਿਚ ਬੱਚਿਆਂ ਲਈ ਖ਼ਾਸ ਤੌਰ ’ਤੇ ਕੁੜੀਆਂ ਲਈ ਸਕੂਲ ਦਾ

ਪ੍ਰਬੰਧ ਕਰਨਾ ਹੈ ਭਾਵੇਂ ਕਿ ਗ਼ੈਰ-ਰਸਮੀ ਤੌਰ 'ਤੇ ਕੁੜੀਆਂ ਨੂੰ ਆਪਣੇ ਘਰ ਵਿਚ ਹੀ ਸਕੂਲੀ ਵਿਦਿਆ ਦੇਣ ਦਾ ਯਤਨ ਕਰਦੀ ਹੈ। ਫ਼ਿਲਮ ਦਾ ਇਕ ਹੋਰ ਦ੍ਰਿਸ਼ਟੀਕੋਣ ਵੀ ਹੈ ਕਿ ਸੱਤਾ 'ਤੇ ਕਾਬਜ਼ ਇਕ ਔਰਤ ਹੈ ਦੇਵੀ (ਜੂਹੀ ਚਾਵਲਾ)। ਇਹ ਫ਼ਿਲਮ ਮਰਦ ਦੇ ਵਿਰੋਧ ਦਾ ਭਰਮ ਤੋੜਦੀ ਹੈ ਕਿ ਜਿਸ ਤਰ੍ਹਾਂ ਔਰਤਾਂ ਮਰਦ ਨੂੰ ਆਪਣੇ ਵਿਰੋਧੀ ਸਮਝਦੀਆਂ ਹਨ, ਮਰਦ ਤਾਂ ਇਕ ਜੈਂਡਰ ਹੈ। ਇਹ ਵਿਰੋਧ ਤਾਂ ਮਰਦ ਪ੍ਰਧਾਨ ਸਮਾਜ ਦੇ ਮੂਲਾਂ ਪ੍ਰਤੀ ਹੈ ਨਾ ਕਿ ਮਰਦ ਪ੍ਰਤੀ। ਦੇਵੀ ਜੋ ਸੱਤਾ 'ਤੇ ਕਾਬਜ਼ ਹੈ ਸਰੀਰਕ ਤੌਰ/ਲਿੰਗਕ ਤੌਰ 'ਤੇ ਔਰਤ ਹੈ। ਪਰੰਤੂ ਸੱਤਾ 'ਤੇ ਕਾਬਜ਼ ਹੋਣ ਕਰਕੇ ਵਿਹਾਰ ਤੇ ਵਰਤਾਰਾ ਮਰਦ ਪ੍ਰਧਾਨ ਮੂਲਾਂ ਵਾਲਾ ਬਣ ਜਾਂਦਾ ਹੈ।

ਦੂਜੀ ਫ਼ਿਲਮ **ਪਾਰਚਡ** ਰਾਜਸਥਾਨ ਨਾਲ ਸੰਬੰਧਤ ਹੈ। ਇਹ ਫ਼ਿਲਮ ਤਿੰਨ ਔਰਤਾਂ ਦੇ ਜੀਵਨ 'ਤੇ ਆਧਾਰਿਤ ਹੈ। ਰਾਣੀ (ਤਾਨੀਸਖਾ ਚੈਟਰਜੀ) ਜੋ ਵਿਧਵਾ ਹੈ ਅਤੇ ਪੁੱਤਰ ਦਾ ਵਿਆਹ ਨਾਬਾਲਗ ਕੁੜੀ ਨਾਲ ਕਰਦੀ ਹੈ ਜੋ ਇਥੋਂ ਦੇ ਲੋਕਾਂ ਦੀ ਪ੍ਰਥਾ ਹੈ। ਲੱਜੋ (ਰਾਧਿਕਾ ਆਪਟੇ) ਔਲਾਦ ਤੋਂ ਸੱਖਣੀ ਸ਼ਰਾਬੀ ਪਤੀ ਦੇ ਅੱਤਿਆਚਾਰਾਂ ਤੋਂ ਦੁਖੀ ਹੈ ਤੇ ਬਿਜਲੀ (ਸੁਰਵੀਨ ਚਾਵਲਾ) ਜੋ ਨਾਚ-ਗਾਣਾ ਕਰਕੇ ਆਪਣੀ ਰੋਜ਼ੀ ਰੋਟੀ ਕਮਾਉਂਦੀ ਹੈ। ਇਹ ਔਰਤਾਂ ਆਪਣੀ-ਆਪਣੀ ਜ਼ਿੰਦਗੀ ਵਿਚ ਅਤ੍ਰਿਪਤ ਜੀਵਨ ਜਿਉਂਦੀਆਂ ਹਨ। ਫ਼ਿਲਮ ਦੇ ਕਹਾਣੀਕਾਰ ਨੇ ਇਸ ਦਾ ਨਾਮਕਰਣ ਰੱਖਿਆ ਹੈ **ਪਾਰਚਡ** ਜਿਸ ਦਾ ਮਤਲਬ 'ਸੋਕਾ' ਹੈ। ਸੋਕਾ ਇਥੇ ਮੈਟਾਫ਼ਰ ਦੇ ਤੌਰ 'ਤੇ ਵਰਤਿਆ ਗਿਆ ਹੈ, ਔਰਤਾਂ ਦੀ ਜ਼ਿੰਦਗੀ ਉਨ੍ਹਾਂ ਨੂੰ ਆਪਣੇ ਤਰੀਕੇ ਨਾਲ ਜਿਉਣ ਦੀ ਆਜ਼ਾਦੀ, ਆਪਣੇ ਹੱਕਾਂ ਪ੍ਰਤੀ ਸਦੀਆਂ ਤੋਂ ਚੱਲੀ ਆ ਰਹੀ ਤ੍ਰੇਹ ਨੂੰ ਮਿਟਾਉਣ ਲਈ ਜੋ ਆਸ ਇਸ ਫ਼ਿਲਮ ਵਿਚ ਬੱਝਦੀ ਹੈ। ਇਨ੍ਹਾਂ ਤਿੰਨਾਂ ਔਰਤਾਂ ਦੇ ਫ਼ਿਲਮ ਦੇ ਅੰਤ ਵਿਚ ਜੋ ਫ਼ੈਸਲਾ ਲਿਆ ਜਾਂਦਾ ਹੈ, ਬਾਰੇ ਚਰਚਾ ਕਰਨੀ ਸੁਭਾਵਿਕ ਹੀ ਬਣ ਜਾਂਦੀ ਹੈ।

ਇਹ ਫ਼ਿਲਮ ਰਾਜਸਥਾਨ ਰਾਜ ਦੇ ਧਰਾਤਲ ਤੇ ਸਮਾਜਕ-ਸਭਿਆਚਾਰ ਦੀ ਪੇਸ਼ਕਾਰੀ ਕਰਦੀ ਹੈ। ਜੋ ਜਾਗੀਰਦਾਰ, ਸਾਮੰਤਵਾਦੀ ਤੇ ਪਿਤਰਕੀ ਸਮਾਜ ਦਾ ਨਮੂਨਾ ਹੈ। ਇਹੋ ਜਿਹੇ ਰਾਜ ਵਿਚ ਔਰਤ ਦੀ ਸਥਿਤੀ ਹੋਰ ਵੀ ਪੇਤਲੀ ਹੋ ਜਾਂਦੀ ਹੈ। ਖ਼ਾਸ ਤੌਰ 'ਤੇ ਰਾਣੀ ਜੋ ਵਿਧਵਾ, ਬਿਜਲੀ ਜੋ ਡਾਂਸਰ ਅਤੇ ਬੱਚੇ ਤੋਂ ਵਿਹੂਣੀ ਲੱਜੋ ਫ਼ਿਲਮ ਵਿਚਲੀਆਂ ਭੂਮਿਕਾ ਨਿਭਾ ਰਹੀਆਂ ਔਰਤਾਂ ਦੀ ਆਮ ਪੇਂਡੂ ਸਮਾਜ ਦੀਆਂ ਔਰਤਾਂ ਵਾਂਗ ਹੈ ਪਰ ਫ਼ਿਲਮ ਦੇ ਅੰਤ 'ਤੇ ਜੋ ਉਹ ਪਿਤਰਕੀ ਪ੍ਰਬੰਧ ਤੋਂ ਮੁਕਤ ਹੋਣ ਦਾ ਫ਼ੈਸਲਾ ਲੈਂਦੀਆਂ ਹਨ, ਇਹੀ ਇਸ ਫ਼ਿਲਮ ਨੂੰ ਇਕ ਸੂਤਰ ਵਿਚ ਬੰਨ੍ਹ ਕੇ ਰੱਖਦਾ ਹੈ ਜੋ ਹਿੰਦੋਸਤਾਨੀ ਔਰਤ ਦਾ ਤਸੱਵੁਰ ਹੈ।

ਉਪਰੋਕਤ ਫ਼ਿਲਮਾਂ ਤੋਂ ਬਾਅਦ ਮੱਧ ਸ਼੍ਰੇਣੀ ਸਮਾਜ ਨਾਲ ਸੰਬੰਧਤ ਸ਼ਹਿਰੀ ਜੀਵਨ ਦੀ ਬਾਤ ਪਾਉਣ ਵਾਲੀਆਂ ਦੋ ਫ਼ਿਲਮਾਂ ਇੱਕੀਵੀਂ ਸਦੀ ਵਿਚ ਦਰਸ਼ਕਾਂ ਦੇ ਰੂਬਰੂ ਹੁੰਦੀਆਂ ਹਨ—**ਕੁਇਨ** ਅਤੇ **ਪਿੰਕ** ਭਾਵੇਂ ਕਿ ਪੇਂਡੂ ਔਰਤਾਂ ਨਾਲੋਂ ਸ਼ਹਿਰੀ ਔਰਤਾਂ ਦੀ ਆਰਥਿਕ ਤੇ ਸਿੱਖਿਆ ਦੇ ਖੇਤਰ ਵਿਚ ਸਥਿਤੀ ਬਿਹਤਰ ਹੈ ਪਰ ਦੇਹ ਤੇ ਸੈਕਸੂਇਲਟੀ ਦੇ ਮਾਮਲਿਆਂ ਤੋਂ ਉਹ ਨਿਜ਼ਾਤ ਨਹੀਂ ਪਾ ਸਕੀ।

**ਕੁਇਨ** ਫ਼ਿਲਮ ਦੀ ਮੁੱਖ ਕਿਰਦਾਰਾ ਰਾਣੀ (ਕੰਙਣਾ ਰਣੌਤ) ਜੋ ਦਿੱਲੀ ਦੇ ਮੱਧਸ਼੍ਰੇਣੀ ਨਾਲ ਤੁਅਲਕ ਰੱਖਦੀ ਹੈ। ਰਾਣੀ ਦਾ ਵਿਆਹ ਵਿਜੈ ਨਾਲ ਹੁੰਦਾ ਹੈ ਪਰ ਵਿਆਹ ਤੋਂ ਐਨ ਮੌਕੇ 'ਤੇ ਮੁੰਡਾ ਨਾਂਹ ਕਰ ਦਿੰਦਾ ਹੈ। ਰਾਣੀ ਵਿਆਹ ਨਾ ਹੋਣ ਦੀ ਸੂਰਤ ਵਿਚ ਵਿਦੇਸ਼ ਇਕੱਲੇ ਹਨੀਮੂਨ 'ਤੇ ਜਾਣ ਦਾ ਫ਼ੈਸਲਾ ਕਰਦੀ ਹੈ। ਇਹ ਫ਼ੈਸਲਾ ਉਹ ਕੁੜੀ (ਰਾਣੀ) ਕਰਦੀ ਹੈ ਜਿਸ ਨੇ ਕਦੇ ਇਕੱਲੇ ਸੜਕ ਪਾਰ ਨਹੀਂ ਕੀਤੀ। ਉਸ ਦਾ ਇਹ ਫ਼ੈਸਲਾ ਪਰੰਪਰਕ ਸੱਤਾ ਦੀ ਮੁਖਾਲਫ਼ਤ ਕਰਦਾ ਹੈ।

ਨਿਰਦੇਸ਼ਕ ਨੇ ਫ਼ਿਲਮ ਵਿਚ ਬਹੁਤ ਜ਼ਿਆਦਾ ਨਾਟਕੀ ਢੰਗ ਨੂੰ ਨਹੀਂ ਅਪਣਾਇਆ ਸਗੋਂ ਭਾਵੁਕਤਾ ਦੀ ਪੇਸ਼ਕਾਰੀ ਕੀਤੀ ਹੈ। ਅਦਾਕਾਰਾ ਨੂੰ ਸਮੇਂ ਤੇ ਹਾਲਾਤ ਦੇ ਮੁਤਾਬਕ ਛੋਟੀਆਂ ਛੋਟੀਆਂ ਚੁਣੌਤੀਆਂ ਦਾ ਸਾਹਮਣਾ ਕਰਦਿਆਂ ਪੇਸ਼ ਕੀਤਾ ਗਿਆ। ਹਿੰਦੋਸਤਾਨੀ ਨਿਜ਼ਾਮ ਵਿਚ ਕੁੜੀ ਨੂੰ ਬੜੇ ਹੀ ਸੁਰੱਖਿਅਤ ਮਾਹੌਲ ਵਿਚ ਰੱਖਿਆ ਜਾਂਦਾ ਹੈ, ਜਿਸ ਨਾਲ ਉਸ ਦੇ ਅੰਦਰ ਸ੍ਵੈ-ਵਿਸ਼ਵਾਸ ਦੀ ਘਾਟ ਪੈਦਾ ਹੁੰਦੀ ਹੈ। ਕੁੜੀਆਂ ਨੂੰ ਘਰੋਂ ਬਾਹਰ ਇਕੱਲੇ ਜਾਣ 'ਤੇ ਹਰੇਕ ਪਲ ਤੇ ਥਾਂ ਦੱਸਣੀ ਪੈਂਦੀ ਹੈ ਪਰ ਫ਼ਿਲਮ ਵਿਚ ਇਨ੍ਹਾਂ ਛੋਟੀਆਂ-ਛੋਟੀਆਂ ਪਰੰਪਰਕ ਕੀਮਤਾਂ ਨੂੰ ਤੋੜਦਿਆਂ ਦਿਖਾਇਆ ਗਿਆ। ਰਾਣੀ ਜਦੋਂ ਆਪ ਖ਼ੁਦ ਕਾਰ ਡਰਾਈਵ ਕਰਦੀ ਹੈ ਅਤੇ ਹੋਰ ਖ਼ੁਦਮੁਖ਼ਤਿਆਰੀ ਵਾਲੇ ਕੰਮ ਕਰਦੀ ਹੈ ਤਾਂ ਉਸ ਅੰਦਰ ਸ੍ਵੈ-ਵਿਸ਼ਵਾਸ ਪੈਦਾ ਹੋਣਾ ਸੁਭਾਵਿਕ ਹੋ ਜਾਂਦਾ ਹੈ ਜੋ ਉਸ ਦੀ ਪ੍ਰਾਪਤੀ ਹੈ।

ਇਸ ਤਰ੍ਹਾਂ ਦੀ ਇਕ ਹੋਰ ਫ਼ਿਲਮ **ਪਿੰਕ** ਔਰਤ ਦੀ ਹੋਂਦ ਤੇ ਆਤਮ ਸਨਮਾਨ ਦੀ ਹਾਮੀ ਭਰਦੀ ਹੈ। ਅਨੁਰਿਧ ਰਾਏ ਚੌਧਰੀ ਦੀ ਨਿਰਦੇਸ਼ਨਾ ਹੇਠ ਤਿਆਰ ਹੋਈ ਇਹ ਫ਼ਿਲਮ ਮੈਟਰੋ ਸ਼ਹਿਰ ਦਿੱਲੀ ਵਿਚ ਕਿਰਾਏ ਦੇ ਘਰ ਵਿਚ ਰਹਿਣ

ਵਾਲੀਆਂ ਤਿੰਨ ਕੁੜੀਆਂ ਮੀਨਲ ਅਰੋੜਾ (ਤਾਪਸੀ ਪੰਨੂ), ਫ਼ਲਕ ਅਲੀ (ਕਿਰਤੀ ਕੁਲਹਾੜੀ), ਐਂਡਰੀਆ ਤੇਰਿੰਗ (ਐਂਡਰੀਆ ਤੇਰਿੰਗ) ਦੇ ਜੀਵਨ ਦੇ ਇਕ ਘਟਨਾ ਦੀ ਗਾਥਾ ਹੈ। ਮੱਧ ਸ਼੍ਰੇਣੀ ਨਾਲ ਸੰਬੰਧ ਰੱਖਦੀਆਂ ਇਹ ਤਿੰਨ ਕੁੜੀਆਂ ਇਕ ਪਾਰਟੀ 'ਤੇ ਜਾਂਦੀਆਂ ਹਨ। ਪਾਰਟੀ ਤੋਂ ਬਾਅਦ ਰਾਜਵੀਰ ਤੇ ਦੋ ਹੋਰ ਮੁੰਡਿਆਂ ਨਾਲ ਰਾਤ ਦੇ ਖਾਣੇ ਲਈ ਉਨ੍ਹਾਂ ਮੁੰਡਿਆਂ ਨਾਲ ਚਲੀ ਜਾਂਦੀਆਂ ਹਨ। ਉਥੇ ਉਹ ਮੁੰਡੇ ਇਨ੍ਹਾਂ ਤਿੰਨਾਂ ਕੁੜੀਆਂ ਨੂੰ ਸ਼ਰਾਬ ਪੀਣ ਲਈ ਸੁਲਾਹ ਮਾਰਦੇ ਹਨ ਅਤੇ ਉਹ ਮੰਨ ਜਾਂਦੀਆਂ ਹਨ। ਮੁੰਡੇ ਉਨ੍ਹਾਂ ਕੁੜੀਆਂ ਦੇ ਸ਼ਰਾਬ ਪੀਣ 'ਤੇ ਇਹ ਸਮਝ ਲੈਂਦੇ ਹਨ ਕਿ ਉਹ ਕੁੜੀਆਂ ਉਨ੍ਹਾਂ ਨਾਲ ਹਮ-ਬਿਸਤਰ ਵੀ ਹੋ ਜਾਣਗੀਆਂ ਪਰ ਉਹ ਕੁੜੀਆਂ ਇਸ ਤਰ੍ਹਾਂ ਨਹੀਂ ਕਰਦੀਆਂ ਅਤੇ ਉਹ ਨਾਂਹ ਕਰ ਦੇਂਦੀਆਂ ਹਨ। ਮੁੰਡੇ ਉਨ੍ਹਾਂ ਨੂੰ ਗ਼ਲਤ ਤਰੀਕੇ ਨਾਲ ਹੱਥ ਪਾਉਣ ਦੀ ਕੋਸ਼ਿਸ਼ ਕਰਦੇ ਹਨ। ਰਾਜਵੀਰ ਮੀਨਲ ਦੇ ਇਤਰਾਜ਼ ਕਰਨ ਦੇ ਬਾਵਜੂਦ ਉਸ ਨਾਲ ਛੇੜਛਾੜ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਸ ਦੌਰਾਨ ਆਤਮ ਰੱਖਿਆ ਕਰਦੇ ਹੋਏ ਮੀਨਲ ਸ਼ਰਾਬ ਦੀ ਬੋਤਲ ਨਾਲ ਰਾਜਵੀਰ 'ਤੇ ਹਮਲਾ ਕਰ ਦੇਂਦੀ ਹੈ ਅਤੇ ਉਸ ਦੇ ਸਿਰ 'ਚੋਂ ਖ਼ੂਨ ਨਿਕਲਣ ਲੱਗ ਪੈਂਦਾ ਹੈ। ਕੁੜੀਆਂ ਇਸ ਉਮੀਦ ਨਾਲ ਘਰ ਵਾਪਸ ਆ ਜਾਂਦੀਆਂ ਹਨ ਕਿ ਹੁਣ ਮੁਸੀਬਤ ਟਲ ਗਈ ਹੈ ਪਰ ਤਾਕਤ ਤੇ ਪੈਸੇ ਦੇ ਦਮ 'ਤੇ ਉਹ ਤਿੰਨੋਂ, ਮੁੰਡੇ ਉਨ੍ਹਾਂ ਕੁੜੀਆਂ 'ਤੇ ਬਦਚਲਣੀ ਦਾ ਕੋਸ਼ ਲਾ ਕੇ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾ ਦੇਂਦੇ ਹਨ। ਜਿਸ ਕਰਕੇ ਉਨ੍ਹਾਂ ਕੁੜੀਆਂ 'ਤੇ ਮੁਕੱਦਮਾ ਚਲਦਾ ਹੈ। ਦੀਪਕ ਸਹਿਗਲ (ਅਮਿਤਾਭ ਬੱਚਨ) ਕੁੜੀਆਂ ਵੱਲੋਂ ਕੇਸ ਦੀ ਪੈਰਵਾਈ ਕਰਦਾ ਹੈ।

ਕੋਰਟ ਰੂਮ ਵਿਚ ਕੁੜੀਆਂ ਨੂੰ ਉਨ੍ਹਾਂ ਦੀ ਵਰਜੈਨਿਟੀ ਤੇ ਸ਼ਰਾਬ ਪੀਣ ਦੀ ਆਦਤ ਬਾਰੇ ਭੱਦੇ ਸਵਾਲ ਪੁੱਛੇ ਜਾਂਦੇ ਹਨ। ਇਨ੍ਹਾਂ ਸਵਾਲਾਂ ਰਾਹੀਂ ਨਿਰਦੇਸ਼ਕ ਨੇ ਪਿਰਤਕ ਸਮਾਜ ਦੇ ਦੋਹਰੇ ਮਾਪਦੰਡਾਂ ਨੂੰ ਦਿਖਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਫ਼ਿਲਮ ਦੋਹਰੇ ਪੁਰਖਵਾਦੀ ਮਾਪਦੰਡਾਂ ਖ਼ਿਲਾਫ਼ ਵਿਰੋਧਾਤਮਕ ਰੁਖ਼ ਅਪਨਾਉਂਦੀ ਹੈ। ਜੇਕਰ ਔਰਤ ਮਰਦ ਦੇ ਬਰਾਬਰ ਬੈਠ ਕੇ ਸ਼ਰਾਬ ਪੀ ਲਵੇ ਜਾਂ ਛੋਟੇ ਕੱਪੜੇ ਪਾਵੇ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਉਸ ਦੀ ਇੱਛਾ ਦੇ ਵਿਰੁੱਧ ਮਰਦ ਔਰਤ ਤੇ ਆਪਣਾ ਅਧਿਕਾਰ ਕਾਇਮ ਕਰ ਸਕਦਾ ਹੈ ਅਤੇ ਉਸ ਨੂੰ ਬਾਜ਼ਾਰੂ ਵਸਤੂ ਸਮਝ ਲਵੇ। ਇਹ ਫ਼ਿਲਮ ਮਰਦ ਪ੍ਰਧਾਨ ਸਮਾਜ ਦੀ ਸੋਚ ਅਤੇ ਕਾਰਗੁਜ਼ਾਰੀ 'ਤੇ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕਰਦੀ ਹੈ।

ਉਪਰੋਕਤ ਫ਼ਿਲਮਾਂ ਰਾਹੀਂ ਨਿਰਦੇਸ਼ਕਾਂ ਅਤੇ ਨਿਰਮਾਤਾਵਾਂ ਨੇ ਫ਼ਿਲਮੀ ਜਗਤ ਵਿਚ ਔਰਤ ਦੀ ਹੋਂਦ ਤੇ ਸ੍ਵੈਮਾਣ ਪ੍ਰਤੀ ਨਵੀਂ ਤਰ੍ਹਾਂ ਦਾ ਸੰਵਾਦ ਛੇੜਿਆ ਹੈ। ਇਨ੍ਹਾਂ ਫ਼ਿਲਮਾਂ ਵਿਚ ਪੇਂਡੂ ਤੇ ਸ਼ਹਿਰੀ ਪੜ੍ਹੀ-ਲਿਖੀ ਤੇ ਅਨਪੜ੍ਹ, ਗ਼ਰੀਬ ਤੇ ਮੱਧਸ਼੍ਰੇਣੀ, ਉੱਚ ਤੇ ਨੀਵੀਂ ਜਾਤ ਹਰ ਤਰ੍ਹਾਂ ਦੀਆਂ ਔਰਤਾਂ ਦੇ ਮੁੱਦਿਆਂ ਤੇ ਮਸਲਿਆਂ ਨੂੰ ਉਭਾਰਨ ਦਾ ਯਤਨ ਕੀਤਾ ਗਿਆ ਹੈ ਪਰ ਸਭ ਤੋਂ ਵੱਡੀ ਚਿੰਤਾ ਵਾਲੀ ਗੱਲ ਇਨ੍ਹਾਂ ਫ਼ਿਲਮਾਂ ਦੀ ਇਹ ਹੈ ਕਿ ਵਪਾਰਕ ਫ਼ਿਲਮਾਂ ਹੋਣ ਕਰਕੇ ਇਨ੍ਹਾਂ ਫ਼ਿਲਮਾਂ ਦਾ ਮੁੱਖ ਟੀਚਾ ਵਪਾਰ ਕਰਕੇ ਮੁਨਾਫ਼ਾ ਕਮਾਉਣਾ ਹੈ। ਇਹ ਔਰਤਾਂ ਦੇ ਮਸਲਿਆਂ ਨੂੰ ਉਠਾਉਣ ਦੀ ਖ਼ਾਤਰ ਦੇਹਵਾਦੀ, ਲਿੰਗਕ ਰੁਚੀਆਂ ਅਤੇ ਸਰੀਰਕ ਭਾਵਨਾਵਾਂ ਨੂੰ ਉਭਾਰਨਾ ਸ਼ੁਰੂ ਕਰ ਦਿੰਦੇ ਹਨ ਜਿਸ ਨਾਲ ਇਹ ਫ਼ਿਲਮਾਂ ਆਪਣੇ ਮੂਲ ਆਸ਼ੇ ਤੋਂ ਭਟਕ ਜਾਂਦੀਆਂ ਹਨ ਅਤੇ ਇਹ ਫ਼ਿਲਮਾਂ ਏਕਤਾ ਤੇ ਸੰਚਾਰ ਦੀ ਕਮੀ ਹੋਣ ਕਰਕੇ ਔਰਤ ਦੀ ਸਥਿਤੀ ਨੂੰ ਸਮਝਣ ਤੇ ਸੁਧਾਰਨ ਤੋਂ ਆਪਣਾ ਧਿਆਨ ਭਟਕਾ ਲੈਂਦੀਆਂ ਹਨ। ਵਪਾਰਕ ਫ਼ਿਲਮਾਂ ਜਦੋਂ ਕਿਸੇ ਵਿਚਾਰਧਾਰਾ ਨੂੰ ਲੈ ਕੇ ਬਣਦੀਆਂ ਹਨ ਤਾਂ ਸਿੱਟੇ ਸਾਰਥਕ ਨਿਕਲਣੇ ਵਾਸਤਵ ਰੂਪ ਵਿਚ ਧੁੰਦਲੇ ਹੋ ਜਾਂਦੇ ਹਨ। ਵਪਾਰ ਤੇ ਵਿਚਾਰਧਾਰਾ ਵਿਰੋਧੀ ਜੁੱਟ ਹਨ। ਮੰਡੀ/ਬਾਜ਼ਾਰ ਦੇ ਇਸ ਦੌਰ ਵਿਚ ਬਾਜ਼ਾਰੀਕਰਨ ਨੇ ਪਹਿਲਾਂ ਤਾਂ ਫ਼ੈਸ਼ਨ, ਖਾਣ-ਪੀਣ ਤੇ ਬੌਧਿਕਤਾ, ਸੰਗੀਤ ਤੇ ਕਲਾ ਨੂੰ ਆਪਣੇ ਅਧਿਕਾਰ ਖੇਤਰ ਵਿਚ ਲੈ ਲਿਆ। ਜਿਸ ਤਰ੍ਹਾਂ ਅਸੀਂ ਚਿਤਰਕਾਰੀ ਤੇ ਸੰਗੀਤ ਵਿਚ ਵੇਖ ਹੀ ਸਕਦੇ ਹਾਂ ਕਿ ਉਸ ਦਾ ਬਾਜ਼ਾਰੀਕਰਨ ਕਿਵੇਂ ਹੋ ਰਿਹਾ ਹੈ। ਫ਼ਿਲਮਾਂ ਪਹਿਲਾਂ ਹੀ ਮੰਡੀ ਦਾ ਹਿੱਸਾ ਬਣੀਆਂ ਰਹੀਆਂ ਹਨ। ਜਦੋਂ ਸੰਵੇਦਨਸ਼ੀਲ ਮੁੱਦਿਆਂ 'ਤੇ ਇਸ ਤਰ੍ਹਾਂ ਦੀਆਂ ਫ਼ਿਲਮਾਂ ਬਣ ਰਹੀਆਂ ਹਨ ਤਾਂ ਇਹ ਸਾਡੇ ਲਈ ਸੋਚਣ ਤੇ ਸਮਝਣ ਵਾਲੀ ਗੱਲ ਬਣ ਜਾਵੇਗੀ। ਵ



*ਜਤਿੰਦਰ ਸਿੰਘ*

**ਮੋਬਾਇਲ** : 94174-78446

# ਪਾਸ਼ ਦੀ ਕਵਿਤਾ ਦੇ ਚਿਹਨ-ਚੱਕ੍ਰ

## *ਪਰਮਜੀਤ ਸਿੰਘ*

ਪਾਸ਼ ਇਕ ਅਹਿਜਾ ਸਮਰੱਥ ਸ਼ਾਇਰ ਸੀ ਜਿਸ ਨੇ ਆਪਣੀ ਤਿੱਖੀ ਪ੍ਰਤੱਖਣ ਸ਼ਕਤੀ ਰਾਹੀਂ ਸਮਾਜ ਦੇ ਕੁਢੱਬੇਪਨ ਨੂੰ, ਕਰੂਰ ਸਥਿਤੀਆਂ ਨੂੰ ਅਤੇ ਦਿਸਦੇ-ਅਣਦਿਸਦੇ ਅਣਮਨੁੱਖੀ ਵਰਤਾਰਿਆਂ ਨੂੰ ਵੇਖਿਆ, ਪਰਖਿਆ ਅਤੇ ਆਪਣੀ ਕਵਿਤਾ ਵਿਚ ਬੇਬਾਕੀ ਨਾਲ ਪ੍ਰਗਟ ਕੀਤਾ।ਮਨੁੱਖੀ ਜੀਵਨ ਦੇ ਆਰ-ਪਾਰ ਫੈਲੀਵੇਦਨਾ-ਸੰਵੇਦਨਾ ਨੂੰ ਜਿਸ ਕਿਸਮ ਦੀ ਕਾਵਿ-ਭਾਸ਼ਾ ਅਤੇ ਮੁਹਾਵਰੇ ਵਿਚ ਪਾਸ਼ ਨੇ ਪੇਸ਼ ਕੀਤਾ ਉਸ ਨਾਲ ਉਹ ਆਪਣੇ ਸਮੇਂ ਦਾ ਸ਼ਾਹ ਅਸਵਾਰ ਬਣਿਆ। ਸਮਾਜ, ਸੱਤਾ ਅਤੇ ਸ਼ੋਸ਼ਣਕਾਰੀ ਸੰਸਥਾਵਾਂ ਨੂੰ ਕਵਿਤਾ ਵਿਚ ਇਉਂ ਵੀ ਮੁਖਾਤਿਬ ਹੋਇਆ ਜਾ ਸਕਦਾ ਹੈ, ਉਸਨੇ ਇਸ ਅੰਦਾਜ ਤੋਂ ਆਪਣੇ ਸਮਕਾਲੀਆਂ ਨੂੰ ਵਾਕਫ਼ ਕਰਵਾਇਆ। 'ਲੋਹ ਕਥਾ' ਤੋਂ ਉਸ ਨੇ ਆਪਣੀ ਕਾਵਿ-ਯਾਤਰਾ ਅਰੰਭ ਕੀਤੀਅਤੇ ਇਸ ਉਪਰੰਤ 'ਉਡਦੇ ਬਾਜ਼ਾਂ ਮਗਰ', 'ਸਾਡੇ ਸਮਿਆਂ ਵਿਚ', 'ਖਿਲਰੇ ਹੋਏ ਵਰਕੇ' (ਜੋ ਉਸਦੇ ਕਤਲ ਪਿੱਛੋਂ ਅਮਰਜੀਤ ਚੰਦਨ ਨੇ ਪ੍ਰਕਾਸ਼ਿਤ ਕਰਵਾਈ) ਕਾਵਿ-ਸੰਗ੍ਰਹਿ ਪਾਠਕਾਂ ਦੇ ਸਾਹਮਣੇ ਆਏ। ਇਸ ਸਮੁੱਚੀ ਕਾਵਿ-ਯਾਤਰਾ ਦੌਰਾਨ ਉਹ ਸਮਾਜਕ ਸਰੋਕਾਰਾਂ ਦੇ ਨਾਲ-ਨਾਲ ਕਵਿਤਾ ਦੇ ਕਲਾਤਮਕ ਸੰਗਠਨ ਵਲ ਕਿਵੇਂ ਗੂੜ੍ਹੀ ਤਰ੍ਹਾਂ ਜੁੜਦਾ ਗਿਆ, ਇਹ ਇਕ ਦਿਲਚਸਪ ਪਹਿਲੂ ਹੈ। ਲੋਹ ਕਥਾ ਅਤੇ ਸਾਡੇ ਸਮਿਆਂ ਵਿਚ  ਕਾਵਿ-ਸੰਗ੍ਰਿਹਾਂ ਦੀਆਂ ਕਵਿਤਾਵਾਂ ਦਾ ਸਮਾਨਾਂਤਰ ਪਾਠ ਇਸ ਗੱਲ ਦਾ ਸਹਿਜੇ ਹੀ ਤੀਬਰ ਬੋਧ ਕਰਵਾ ਦਿੰਦਾ ਹੈ। ਇਹ ਨੁਕਤਾ ਪਾਸ਼ ਦੀ ਕਵਿਤਾ ਦੇ ਨਿਰੰਤਰ ਵਿਕਾਸ ਦੀ ਵੀ ਹਾਮੀ ਭਰਦਾ ਹੈ।

ਪਾਸ਼ ਕਾਵਿ ਦਾ ਕੇਂਦਰੀ ਬਿੰਦੂ ਉਦਾਸੀ ਅਤੇ ਵਿਦ੍ਰੋਹ ਉੱਤੇ ਟਿਕਿਆ ਹੈ। ਸਮਾਜ ਦਾ ਭ੍ਰਿਸ਼ਟ ਹੋ ਚੁੱਕਾ ਤੰਤਰ ਅਤੇ ਵਿਕ੍ਰਿਤ ਰਾਜਸੀ ਸਥਿਤੀਆਂ ਪਾਸ਼ ਲਈ ਇਸ ਉਦਾਸੀ ਅਤੇ ਤਨਾਉ ਦਾ ਸਬਬ ਬਣਦੀਆਂ ਹਨ। ਇਸ ਉਦਾਸੀ ਦਾ ਮਨੋਵਿਗਿਆਨਕ ਅਧਾਰ ਇਕ ਇਹ ਵੀ ਹੈ ਕਿ ਨਕਸਲਵਾਦੀ ਲਹਿਰ ਦੇ ਮੁਕਤੀ ਅੰਦੋਲਨ ਨੇ ਜੀਵਨ ਦੀ ਖ਼ੁਦਮਖਤਿਆਰ ਹੋਂਦ ਦਾ ਜਿਹੜਾ ਸੁਪਨਾ ਦਿੱਤਾ ਸੀ, ਸਮਾਜਕ ਅਤੇ ਰਾਜਸੀ ਸੰਦਰਭਾਂ ਵਿਚ ਇਸ ਸੁਪਨੇ ਵਿਚ ਪੈਦਾ ਹੋਏ ਖੱਪੇ ਕਿਤੇ ਨਾ ਕਿਤੇ ਬੇਚੈਨੀ ਪੈਦਾ ਕਰ ਰਹੇ ਸਨ। ਇਉਂਸਮਾਜ ਤੇ ਸਭਿਆਚਾਰ ਵਿਚ ਬਦਲਾਵ ਦੀ ਉਮੀਦ ਦਾ ਬਣਨਾ ਅਤੇ ਇਸ ਦੇ ਟੁੱਟਣ ਦੀ ਅਸ਼ੰਕਾ ਪੈਦਾ ਹੋਣਾ ਪਾਸ਼ ਕਾਵਿ ਵਿਚ ਉਦਾਸੀ ਅਤੇ ਵਿਦ੍ਰੋਹ ਦੀ ਚੇਤਨਾ ਨੂੰ ਜਗਾਉਣ ਵਿਚ ਇਕ ਮਹੱਤਵਪੂਰਨ ਭੂਮਿਕਾ ਅਦਾ ਕਰਨ ਵਾਲੇ ਕਾਰਕ ਹਨ।ਦੂਸਰਾ, ਸਮਾਜਕ ਵਰਤਾਰਿਆਂ ਨੂੰ ਜਿਸ ਕਿਸਮ ਨਾਲ ਇਤਿਹਾਸਕ ਅਤੇ ਮਿਥਿਹਾਸਕ ਸੰਦਰਭਾਂ ਦੇ ਚੌਖਟੇ ਵਿਚ ਰਖ ਕੇ ਲਗਾਤਾਰ ਪਰਿਭਾਸ਼ਿਤ ਕੀਤਾ ਜਾ ਰਿਹਾ ਸੀ, ਪਾਸ਼ ਦਾ ਸੰਵੇਦਨਸ਼ੀਲ ਵਿਵੇਕ ਉਸ ਨਾਲ ਵੀ ਅਸਹਿਮਤੀ ਰਖਦਾ ਸੀ। 'ਲੋਹ ਕਥਾ' ਦੀ ਪਹਿਲੀ ਹੀ ਕਵਿਤਾ 'ਭਾਰਤ' ਪਾਸ਼ ਦੀ ਇਸ ਉਪਰਾਮਤਾ ਨੂੰ ਪ੍ਰਗਟ ਕਰ ਦਿੰਦੀ ਹੈ। ਉਹ ਭਾਰਤ ਨੂੰ ਸਮਝਣ ਦੀਆਂ ਉਨ੍ਹਾਂ ਸਾਰੀਆਂ ਵਿਆਖਿਆ ਪ੍ਰਣਾਲੀਆਂ ਨੂੰ ਹਾਸ਼ੀਏ ’ਤੇ ਲਿਆ ਖੜ੍ਹਾ ਕਰਦਾ ਹੈ ਜਿਹੜੀਆ ਸੱਤਾ/ ਸ਼ਕਤੀਦੇ ਜ਼ਾਵੀਏ ਤੋਂ ਹਰ ਦ੍ਰਿਸ਼ ਨੂੰ ਪਰਿਭਾਸ਼ਿਤ ਕਰਨ ਦੇ ਅਹੁਰ ਵਿਚ ਲੱਗੀਆਂ ਰਹਿੰਦੀਆਂ ਹਨ। ਸਥਾਪਿਤ ਵਿਚਾਰਾਂ ਦੀ ਕਸਵੱਟੀ ਤੋਂ ਉਲਟ ਵਿਵੇਕ ਧਾਰਨ ਕਰਕੇ ਕਵਿਤਾ ਲਿਖਣਾ ਸਰਲ ਕਾਰਜ ਨਹੀਂ।ਸੱਤਾ ਦਾ ਪ੍ਰਪੰਚ ਕਿਸੇ ਵੀ ਵੇਲੇ ਅਜਿਹੇ ਵਿਵੇਕੀ ਨੂੰ ਨਿਗ਼ਲ ਸਕਦਾ ਹੈ। ਇਸੇ ਲਈ ਇਸ ਕਵਿਤਾ ਦੇ ਅਰੰਭ ਵਿਚ ਹੀ ਉਹ ਇਹ ਸਪਸ਼ਟ ਕਰ ਦੇਣਾ ਚਾਹੁੰਦਾ ਹੈ ਕਿ ਦੂਸ਼ਿਤ ਵਰਤਾਰਿਆਂ ’ਤੇ ਉਂਗਲੀ ਧਰਨ ਦਾ ਅਰਥ ਇਹ ਕਦਾਚਿਤ ਨਹੀਂ ਹੰਦਾ ਕਿ ਵਿਅਕਤੀ ਦੇਸ਼ ਵਿਰੋਧੀ ਹੈ। (ਭਾਰਤ- ਮੇਰੇ ਸਤਿਕਾਰ ਦਾ ਸਭ ਤੋਂ ਮਹਾਨ ਸ਼ਬਦ/ ਜਿਥੇ ਕਿਤੇ ਵੀ ਵਰਤਿਆ ਜਾਏ/ ਬਾਕੀ ਸਾਰੇ ਸ਼ਬਦ ਅਰਥਹੀਣ ਹੋ ਜਾਂਦੇ ਹਨ)[1]।ਪਾਸ਼ ਭਾਰਤ ਨੂੰ ਪਰਿਭਾਸ਼ਿਤ ਕਰਨ ਲੱਗਿਆਂ ਇਥੋਂ ਦੇ ਕੰਮੀਆਂ-ਕਿਰਤੀਆਂ ਦੇ ਜੀਵਨ ਅਤੇ ਸੰਕਟਾਂ ਨੂੰ ਕੇਂਦਰ ਵਿਚ ਰੱਖਦਾ ਹੈ। ਅਜਿਹੀ ਚੇਤਨਾ ਉਸ ਪਰੰਪਰਕ ਦ੍ਰਿਸ਼ਟੀ ਨੂੰ ਵੰਗਾਰ ਪਾਉਣ ਵਾਲੀ ਹੈ ਜਿਸ ਵਿਚ  ਭਾਰਤ ਨੂੰ ਸੱਤਾਧਾਰੀ ਸਮਾਜ ਜਾਂ ਸ਼ਾਸਕ-ਸ਼੍ਰੇਣੀ ਤਕ ਹੀ ਸੀਮਿਤ ਕਰ ਲਿਆ ਜਾਂਦਾ ਸੀ। ਕਵਿਤਾ ਦੇ ਸੰਗਠਨ ਵਿਚ ਦੁਸ਼ਿਅੰਤ ਅਜਿਹਾ ਹੀ ਸੰਕੇਤਕ ਹੈ ਜੋ ਕਿ ਭਾਰਤ ਦੀ ਵਿਆਖਿਆ ਪ੍ਰਣਾਲੀ ਦੇ ਪਰੰਪਰਕ

ਸੰਦਰਭਾਂ ਨਾਲ ਲੈਸ ਹੈ। ਪਾਸ਼ ਦੀ ਖਿਝ ਅਜਿਹੀ ਹੀ ਵਿਆਖਿਆ ਪ੍ਰਣਾਲੀ ਨਾਲ ਹੈ।ਕਵਿਤਾ ਦੇ ਧਰਾਤਲ 'ਤੇ ਪੇਸ਼ 'ਖੇਤਾਂ ਦਾ ਪੁੱਤਰ' ਅਤੇ 'ਦੁਸ਼ਿਅੰਤ' ਦਾ ਵਿਰੋਧਪੂਰਨ ਵੇਰਵਾ ਤਾਂ ਮਹਿਜ ਇਕ ਉਦਾਹਰਨ ਵਜੋਂ ਵੇਖਿਆ ਜਾ ਸਕਦਾ ਹੈ :-

ਜਦ ਵੀ ਕੋਈ ਸਮੁੱਚੇ ਭਾਰਤ ਦੀ
ਕੌਮੀ ਏਕਤਾ ਦੀ ਗੱਲ ਕਰਦਾ ਹੈ
ਤਾਂ ਮੇਰਾ ਚਿਤ ਕਰਦਾ ਹੈ-
ਉਸਦੀ ਟੋਪੀ ਹਵਾ ਵਿਚ ਉਛਾਲ ਦਿਆਂ।
ਉਸ ਨੂੰ ਦਸਾਂ
ਕਿ ਭਾਰਤ ਦੇ ਅਰਥ
ਕਿਸੇ ਦੁਸ਼ਿਅੰਤ ਨਾਲ ਸੰਬੰਧਿਤ ਨਹੀਂ
ਸਗੋਂ ਖੇਤਾਂ ਵਿਚ ਦਾਇਰ ਹਨ।
ਜਿਥੇ ਅੰਨ ਉਗਦਾ ਹੈ
ਜਿਥੇ ਸੰਨ੍ਹਾਂ ਲੱਗਦੀਆਂ ਹਨ......[2]

ਇਉਂ ਸਿਧਾਂਤਕ ਪਕਿਆਈ, ਸੰਵੇਦਨਸ਼ੀਲਤਾਅਤੇ ਵਿਵੇਕੀ ਪ੍ਰਤੱਖਣ ਪਾਸ਼ ਦੀਆਂ ਅਰੰਭਕ ਕਵਿਤਾਵਾਂ ਵਿਚ ਭਾਵੇਂ ਨਜ਼ਰ ਆਉਂਦਾ ਹੈ ਪਰ ਕਾਵਿ-ਭਾਸ਼ਾ ਅਤੇ ਕਵਿਤਾ ਦੇ ਕਲਾਤਮਕ ਪਹਿਲੂਆਂ ਦੀ ਦ੍ਰਿਸ਼ਟੀ ਤੋਂ ਉਸਦੀ ਕਵਿਤਾ 'ਸਾਡੇ ਸਮਿਆਂ ਵਿਚ' ਤਕ ਪਹੁੰਚਦਿਆਂ ਪ੍ਰਬੀਣਤਾ ਹਾਸਿਲ ਕਰਦੀ ਹੈ। ਪਹਿਲੀਆਂ ਪੁਸਤਕਾਂ ਦੀਆਂ ਬਹੁਤੀਆਂ ਕਵਿਤਾਵਾਂ ਵਿਚ ਜਿਸ ਕਿਸਮ ਦਾ ਵਿਸਫੋਟਕ ਉਸਾਰ ਵੇਖਣ ਨੂੰ ਮਿਲਦਾ ਹੈ ਉਹ ਸਿਰਫ ਸਮਾਜ ਦੇ ਭ੍ਰਿਸ਼ਟ ਪ੍ਰਬੰਧ/ ਸੱਤਾ ਦੀ ਗੰਦਗੀ ਨੂੰ ਸਿੱਧੇ ਅਤੇ ਸਪਾਟ ਰੂਪ ਵਿਚ ਆਪਣੇ ਨਿਸ਼ਾਨੇ ਹੇਠ ਲਿਆਉਂਦਾ ਹੈ। ਉਸਦੀ ਚਿੰਤਾ ਇਸ ਸਵਾਲ ਨਾਲ ਨਹੀਂ ਕਿ ਦ੍ਰਿਸ਼ਟਗਤ ਤੱਤਕਾਲੀ ਯਥਾਰਥ ਨੂੰ ਕਾਵਿ ਵਿਚ ਰੁਪਾਂਤ੍ਰਿਤ ਕਰਦਿਆਂ ਕਲਾਤਮਕ ਗੁਣਾਂ ਨੂੰ ਕਿਵੇਂ ਧਾਰਨ ਕੀਤਾ ਜਾਵੇ। ਸਗੋਂ ਉਹ ਉਸ ਯਥਾਰਥ ਨੂੰ ਨੰਗੇ ਰੂਪ ਵਿਚ ਹੀ ਕਾਵਿ-ਸਿਰਜਣਾ ਦਾ ਮਾਧਿਅਮ ਬਣਾਉਂਦਾ ਹੈ। ਇਹੀ ਕਾਰਨ ਹੈ ਕਿ ਉਸਦੀ ਅਰੰਭਕ ਕਵਿਤਾ ਵਿਚ ਬਹੁਤੀ ਥਾਂਈਂ ਕਾਵਿ-ਚਿਹਨਕ (Poetic signifiers) ਮਨਫ਼ੀ ਹੰਦੇ ਨਜ਼ਰ ਆਉਂਦੇ ਹਨ। ਰੋਹ-ਵਿਦ੍ਰੋਹ ਦੇ ਸ਼ਾਬਦਿਕ ਵੇਗ ਵਿਚ ਜਦ ਸਮਾਜਕ ਅਤੇ ਰਾਜਨੀਤਕ ਯਥਾਰਥ ਨੂੰ ਹੂ-ਬ-ਹੂ ਅਭਿਵਿਅਕ ਕਰਨ ਦੇ ਰਾਹੇ ਤੁਰਦਾ ਹੈ ਤਾਂ ਸ਼ਾਇਦ ਕਾਵਿ-ਭਾਸ਼ਾ ਦੇ ਮਸਲੇ ਉਸ ਲਈ ਦੁਜੈਲੇ ਹੋ ਜਾਂਦੇ ਹਨ ਜਾਂ ਇਉਂ ਵੀ ਕਿਹਾ ਜਾ ਸਕਦਾ ਹੈ ਕਿ ਪਾਸ਼ ਭ੍ਰਿਸ਼ਟ ਕਦਰਾਂ-ਕੀਮਤਾਂ ਨੂੰ ਰੱਦ ਕਰਨ ਦੇ ਰਾਹੇ ਤੁਰਦਿਆਂ ਕਾਵਿ-ਭਾਸ਼ਾ ਦੇ ਮਸਲਿਆਂ ਤੋਂ ਵੀ ਬਾਗ਼ੀ ਹੋ ਜਾਂਦਾ ਹੈ। ਇਸ ਸੰਬੰਧੀ ਉਸਦੀ ਕਵਿਤਾ ਵਿਚੋਂ ਸੰਕੇਤ ਮਿਲ ਜਾਂਦੇ ਹਨ ਕਿ ਇਹ ਵਿਦ੍ਰੋਹੀ ਕਵੀ ਹਰ ਕਿਸਮ ਦੇ ਸਥਾਪਿਤ ਅਤੇ ਰਵਾਇਤੀ ਸੁਹਜ-ਸ਼ਾਸਤਰ ਨੂੰ ਕਾਵਿ-ਸਿਰਜਣਾ ਸਮੇਂ ਰੱਦ ਕਰ ਦਿੰਦਾ ਹੈ:-

ਜੁਗਾਂ ਤੋਂ ਇਕ ਵੇਲਣਾ ਚਲਦਾ ਹੈ
ਪੀੜੀ ਜਾ ਰਿਹਾ ਰੁੱਤਾਂ ਦੀ ਮਹਿਕ
ਤੁਹਾਡੀ ਸੁਹਜ ਸ਼ਾਸਤਰ ਕੌਣ ਪੜ੍ਹੇ...
ਤੁਸੀਂ ਚਾਹੁੰਦੇ ਹੋ
ਅਸੀਂ ਮਹਿਕਦਾਰ ਸ਼ੈਲੀ 'ਚ ਲਿਖੀਏ
ਫੁੱਲਾਂ ਦੇ ਗੀਤ
ਸੁੱਕੇ ਸਲਵਾੜ 'ਚੋਂ ਲਭਦੇ ਹੋ
ਬਹਾਰ ਦੀ ਰੂਹ-
ਕਿੰਨੀ ਗ਼ਲਤ ਥਾਂ ਤੇ ਆ ਗਏ ਹੋ ਤੁਸੀਂ...[3]

ਪਾਸ਼ ਦੀ ਕਵਿਤਾ ਇਤਿਹਾਸਿਕ/ ਮਿਥਿਹਾਸਕ ਪ੍ਰਸੰਗ ਵਿਚ ਸ਼ੋਸ਼ਿਤ ਸਮਾਜ ਦੀ ਪੀੜਾ ਦਾ ਤਿੱਖਾ ਬੋਧ ਕਰਵਾਉਂਦੀ ਹੈ ਅਤੇ ਅਜਿਹੀ ਸਥਿਤੀ ਦੇ ਅੰਤਰਗਤ ਹੀ ਉਹ ਉਸ ਰਵਾਇਤੀ ਸੁਹਜ ਸ਼ਾਸਤਰ ਉੱਪਰ ਕਾਟਾ ਮਾਰ ਦਿੰਦਾ ਹੈ ਜੋ ਸ਼ੋਸ਼ਿਤ ਵਰਗ ਦੇ ਕਰੂਰ ਯਥਾਰਥ ਨੂੰ ਅਣਡਿੱਠ ਕਰ ਰਿਹਾ ਸੀ। ਇਸੇ ਰੋਹ-ਵਿਦੋਹ ਨਾਲ ਜੂਝਦਾ ਹੋਇਆ ਪਾਸ਼ ਆਪਣੇ ਪਹਿਲਿਆਂ ਕਾਵਿ ਸੰਗ੍ਰਹਿਆਂ ਵਿਚ ਕਾਵਿ-ਭਾਸ਼ਾ ਦੇ ਮਸਲੇ ਤੋਂ ਵੀ ਬਹੁਤੀ ਥਾਂਈ ਦੜ ਵੱਟ ਲੈਂਦਾ ਹੈ। ਉਸਦੀ ਕਵਿਤਾ ਵਿਚ ਇੰਦਰਾ, ਰਾਜੀਵ ਗਾਂਧੀ, ਟੈਗੋਰ, ਲਾਲਾ ਜਗਤ ਨਰਾਇਣ ਆਦਿ ਬਾਰੇ ਆਏ ਸਪਾਟ ਬਿਆਨ ਇਸੇ ਪੱਖੋਂ ਕਿਤੇ ਨਾ ਕਿਤੇ ਪ੍ਰਸ਼ਨ-ਚਿੰਨ ਦੇ ਘੇਰੇ ਵਿਚ ਆਉਂਦੇ ਹਨ। ਰੋਹ-ਵਿਦ੍ਰੋਹ ਨੂੰ ਵੀ ਕਾਵਿ-ਮੁਹਾਵਰੇ ਵਿਚ ਪ੍ਰਗਟਾਉਣ ਦੀ ਮੁਹਾਰਤ ਉਹ 'ਸਾਡੇ ਸਮਿਆਂ ਵਿਚ' ਤਕ

ਪਹੁੰਚ ਕੇ ਹਾਸਿਲ ਕਰਦਾ ਹੈ ਅਤੇ ਇਥੇ ਪਹੁੰਚ ਕੇ ਉਸ ਦਾ ਕਾਵਿ ਸਮੇਂ ਅਤੇ ਸਥਾਨ ਦੀਆਂ ਹੱਦਬੰਦੀਆਂ ਤੋਂ ਕਿਤੇ ਵਧ ਅਜ਼ਾਦ ਹੁੰਦਾ ਦਿਸਦਾ ਹੈ। ਉਸਦੀਆਂ ਪੁਸਤਕਾਂ ਦੀਆਂ ਭੂਮਿਕਾਵਾਂ ਵਿਚ ਪਾਸ਼ ਵਲੋਂ ਆਪਣੀ ਕਵਿਤਾ ਬਾਰੇ ਦਰਜ ਬਿਆਨਾਂ ਦੀ ਪੜ੍ਹਤ ਤੋਂ ਸਹਿਜੇ ਹੀ ਗਿਆਨ ਹੋ ਜਾਂਦਾ ਹੈ ਕਿ ਆਪਣੀ ਤੀਸਰੀ ਕਾਵਿ-ਪੁਸਤਕ ਤਕ ਪਹੁੰਚ ਕੇ ਪਾਸ਼ ਕਵਿਤਾ ਨੂੰ ਕੇਵਲ ਬਾਹਰੀ ਯਥਾਰਥ ਦੀ ਪੇਸ਼ਕਾਰੀ ਨਾਲ ਲੈਸ ਨਹੀਂ ਕਰਨਾ ਚਾਹੁੰਦਾ ਅਤੇ ਨਾ ਹੀ ਕਵਿਤਾ ਨੂੰ ਸਿਰਫ਼ ਕਾਮਨਿਸਟ ਸੰਘਰਸ਼ਾਂ ਤੇ ਰਾਜਨੀਤਕ ਪੈਂਤੜੇਬਾਜ਼ੀਆਂ ਦੇ ਸਪਾਟ ਬਿਆਨਦਾਇਕ ਪੋਸਟਰ ਬਣਾਉਣ ਦੇ ਹਕ ਵਿਚ ਹੈ ਸਗੋਂ ਉਹ ਕਾਵਿ ਯੋਗਤਾ ਦੇ ਸਵਾਲਾਂ ਨਾਲ ਜੁੜਦਿਆਂ ਇਥੇ ਕਵਿਤਾ ਦੀ ਸਪੇਸ ਨੂੰ ਬ੍ਰਹਿਮੰਡ ਦੀ ਅਨੰਤਤਾ ਤਕ ਫੈਲਾਉਣ ਦਾ ਕਾਇਲ ਹੈ। ਅਜਿਹੀ ਸਥਿਤੀ ਵਿਚ ਹੀ ਉਸਦਾ ਰੋਹ-ਵਿਦ੍ਰੋਹ ਦਾ ਪ੍ਰਵਚਨ ਕਾਵਿਕ ਸਹਿਜ ਧਾਰਨ ਕਰਦਾ ਨਜ਼ਰ ਆਉਂਦਾ ਹੈ। ਅਜਿਹੀਆਂ ਕਵਿਤਾਵਾਂ ਵਿਚ ਉਹ ਵਿਦ੍ਰੋਹ ਦੇ ਸੰਕਲਪ ਨੂੰ ਕਾਵਿ ਸਿਰਜਣਾ ਦੇ ਮਿਆਰਾਂ ਦੇ ਨਾਲੋ-ਨਾਲ ਰਖਦਾ ਹੈ। ਅਜਿਹੇ ਕਾਵਿ ਸੰਗਠਨ ਵਿਚ ਇਕ ਪਾਸੇ ਸ਼ੋਸ਼ਿਤ ਵਰਗ ਦੀ ਪੀੜਾ ਨੂੰ, ਉਸਦੇ ਜੀਵਨ ਦੇ ਕਠੋਰ ਯਥਾਰਥ ਨੂੰ ਪ੍ਰਗਟਾਇਆ ਜਾਂਦਾ ਹੈ ਅਤੇ ਦੂਜੇ ਪਾਸੇ ਸ਼ੋਸ਼ਣ ਮੁਕਤ ਹੋਣ ਦੀ ਜਿਗਿਆਸਾ ਨੂੰ ਪ੍ਰਚੰਡ ਕੀਤਾ ਜਾਂਦਾ ਹੈ। ਇਸ ਤਰ੍ਹਾਂ ਦੀਆਂ ਕਵਿਤਾਵਾਂ ਦੇ ਆਰ-ਪਾਰ ਇਕ ਤਨਾਉ ਫੈਲਿਆ ਦਿਖਾਈ ਦਿੰਦਾ ਹੈ ਜਿਸ ਵਿਚੋਂ ਕਾਵਿ-ਮੈਂ ਸਮਾਜ ਦੇ ਨਿਰਕੁੰਸ਼ ਹਕੂਮਤੀ ਰਵੱਈਏ ਦੇ ਸਮਾਨਾਂਤਰ ਨਿਆਂਸ਼ੀਲ ਸਥਿਤੀਆਂ ਦੀ ਕਾਮਨਾ ਕਰਦੀ ਹੈ:

ਅਸੀਂ ਨਹੀਂ ਚਾਹੁੰਦੇ
ਪੁਲਸ ਦੀਆਂ ਲਾਠੀਆਂ 'ਤੇ ਟੰਗੀਆਂ ਕਿਤਾਬਾਂ ਨੂੰ ਪੜ੍ਹਨਾ
ਅਸੀਂ ਨਹੀਂ ਚਾਹੁੰਦੇ
ਹੁਨਰ ਦਾ ਗੀਤ ਫ਼ੌਜੀ ਬੂਟਾਂ ਦੀਆਂ ਟਾਪਾਂ 'ਤੇ ਗਾਉਣਾ
ਅਸੀਂ ਤਾਂ ਰੁੱਖਾਂ ਉੱਤੇ ਛਣਕਦੇ ਸੰਗੀਤ ਨੂੰ
ਸਧਰਾਏ ਹੋਏ ਪੋਟਿਆਂ ਦੇ ਨਾਲ ਛੂਹ ਕੇ ਦੇਖਣਾ ਚਾਹੁੰਦੇ ਹਾਂ
ਜਿਸ ਤਰ੍ਹਾਂ ਸੂਰਜ ਹਵਾ ਤੇ ਬੱਦਲ
ਖੇਤਾਂ ਤੇ ਘਰਾਂ ਵਿਚ ਸਾਡੇ ਅੰਗ-ਸੰਗ ਰਹਿੰਦੇ ਹਨ
ਅਸੀਂ ਉਸੇ ਤਰ੍ਹਾਂ
ਹਕੂਮਤਾਂ ਵਿਸ਼ਵਾਸਾਂ ਤੇ ਖੁਸ਼ੀਆਂ ਨੂੰ
ਆਪਣੇ ਨਾਲ ਨਾਲ ਤੱਕਣਾ ਚਾਹੁੰਦੇ ਹਾਂ
ਡਾਢਿਓ, ਅਸੀਂ ਸਾਰਾ ਕੁਝ ਸੱਚੀ-ਮੁੱਚੀ ਦਾ ਦੇਖਣਾ ਚਾਹੁੰਦੇ ਹਾਂ...[4]

1960 ਤਕ ਪਹੁੰਚਦਿਆਂ ਪ੍ਰਗਤੀਵਾਦੀ ਕਵਿਤਾ ਦੀਆਂ ਸੀਮਾਵਾਂ ਸਾਹਮਣੇ ਆ ਚੁੱਕੀਆਂ ਸਨ ਅਤੇ ਪੈਦਾ ਹੋਈ ਸਥਿਲਤਾ ਵਿਚੋਂ ਆਧੁਨਿਕਤਾਵਾਦੀ ਅਤੇ ਸੁਹਜਵਾਦੀ ਕਾਵਿ-ਧਾਰਾਵਾਂ ਸਾਹਮਣੇ ਆ ਰਹੀਆਂ ਸਨ। ਜੁਝਾਰ-ਵਿਦ੍ਰੋਹੀ ਕਵਿਤਾ ਵੀ ਲਗਭਗ ਇਸੇ ਸਮੇਂ ਸਾਹਮਣੇ ਆਈ, ਜਿਸ ਦਾ ਇਕ ਪ੍ਰਤੀਨਿਧ ਕਵੀ ਪਾਸ਼ ਬਣਿਆ। ਡਾ ਸੁਤਿੰਦਰ ਸਿੰਘ ਨੂਰ ਇਸ ਸਮੇਂ ਤੇ ਸਥਿਤੀ ਨੂੰ ਗੌਲਦਿਆਂ ਇਹ ਇਹ ਵਿਚਾਰ ਦਿੰਦਾ ਹੈ ਕਿ ਜਿਥੇ ਰੁਮਾਂਟਿਕ ਪ੍ਰਗਤੀਵਾਦੀ ਕਵਿਤਾ ਨੇ ਪਾਸ਼ ਨੂੰ ਬਹੁਤਾ ਸਵਿਕਾਰ ਨ ਕੀਤਾ ਉੱਥੇ ਆਪਣੇ ਸਮਕਾਲ ਵਿਚ ਆਧੁਨਿਕਤਾਵਾਦ ਤੇ ਪ੍ਰਯੋਗਸ਼ੀਲ ਕਵਿਤਾ ਦੇ ਨਾਂ ਹੇਠ ਲਿਖੀ ਜਾ ਰਹੀ ਕਵਿਤਾ ਨੂੰ ਪਾਸ਼ ਨੇ ਪੂਰੀ ਤਰ੍ਹਾਂ ਰੱਦ ਕੀਤਾ।* ਇਉਂ ਪਾਸ਼ ਇਕ ਅਜਿਹਾ ਕਵੀ ਹੈ ਜਿਸਨੂੰ ਆਪਣੇ ਸਮਕਾਲ ਵਿਚ ਰਚੇ ਜਾ ਰਹੇ ਕਾਵਿ ਬਾਰੇ ਅਤੇ ਪੰਜਾਬੀ ਕਵਿਤਾ ਦੇ ਸਮੁੱਚੇ ਪਰਿਦ੍ਰਿਸ਼ ਵਿਚ ਆਪਣੀ ਕਵਿਤਾ ਦੇ ਵਿਲੱਖਣ ਅਤੇ ਅਡਰਾ ਹੋਣ ਬਾਰੇ ਅਹਿਸਾਸ ਸੀ। ਕਵਿਤਾ ਪ੍ਰਤੀ ਉਸਦੀ ਆਪਣੀ ਇਕ ਵਖਰੀ ਦ੍ਰਿਸ਼ਟੀ ਸੀ:

ਤੈਨੂੰ ਪਤਾ ਨਹੀਂ ਮੈਂ ਸ਼ਾਇਰੀ ਵਿਚ ਕਿਵੇਂ ਗਿਣਿਆ ਜਾਂਦਾ ਹਾਂ
ਜਿਵੇਂ ਕਿਸੇ ਭਖੇ ਹੋਏ ਮੁਜਰੇ ਵਿਚ
ਕੋਈ ਹੱਡਾਰੋੜੀ ਦਾ ਕੁੱਤਾ ਆ ਵੜੇ
ਤੇਰੇ ਭਾਣੇ ਮੈਂ ਕਿਸੇ ਖਤਰਨਾਕ ਪਾਰਟੀ ਲਈ
ਖਵਰੇ ਕੀ ਲਿਖਦਾ ਰਹਿੰਦਾ ਹਾਂ ਅੱਧੀ ਰਾਤ ਤਕ ਲਾਟੂ ਜਗਾਈ
ਤੈਨੂੰ ਪਤਾ ਨਹੀਂ ਮੈਂ ਕਵਿਤਾ ਕੋਲ ਕਿਵੇਂ ਜਾਂਦਾ ਹਾਂ-
ਕੋਈ ਪੇਂਡੂ ਰਕਾਨ ਘਸ ਚੁੱਕੇ ਫੈਸ਼ਨ ਦਾ ਨਵਾਂ ਸੂਟ ਪਾਈ

ਜਿਵੇਂ ਭਵੰਤਰੀ ਹੋਈ ਸ਼ਹਿਰ ਦੀਆਂ ਹੱਟੀਆਂ ਤੇ ਚੜ੍ਹਦੀ ਹੈ...
ਮੇਰੇ ਕੋਲ ਕੁਝ ਨਹੀਂ ਹੈ
ਅੱਕ ਦੇ ਬੂਟਿਆਂ ਵਰਗੀ ਕਵਿਤਾ ਤੋਂ ਸਿਵਾ
ਜੋ ਅੰਬਾਂ ਵਾਂਗ ਦੀਹਦੇ ਹੋਏ ਵੀ ਚੂਪੇ ਨਹੀਂ ਜਾ ਸਕਦੇ।[5]

ਪ੍ਰਚਲਤ ਮੁਹਾਵਰੇ ਤੋਂ ਵੱਖਰਾ ਅਤੇ ਇਕੱਲਾ ਹੋ ਕੇ ਤੁਰਨ ਵਾਲੇ ਸ਼ਾਇਰ ਲਈ ਜਿਸ ਕਿਸਮ ਦੀਆਂ ਚੁਨੌਤੀਆਂ ਤਿਆਰ ਹੁੰਦੀਆਂ ਹਨ, ਪਾਸ਼ ਨੇ ਉਨ੍ਹਾਂ ਦਾ ਹੀ ਬਿੰਬ-ਮੂਲਕ ਵਿਸਤਾਰ 'ਹੱਡਾਰੋੜੀ ਦੇ ਕੁੱਤੇ' ਅਤੇ 'ਪੇਂਡੂ ਰਕਾਨ' ਵਜੋਂ ਕਵਿਤਾ ਵਿਚ ਕੀਤਾ ਹੈ।ਇਸ ਕਿਸਮ ਦੀ ਭਾਸ਼ਾ ਅਤੇ ਬਿੰਬ ਪਾਸ਼ ਦੇ ਸਮਾਨਾਂਤਰ ਰਚੀ ਜਾ ਰਹੀ ਸੁਹਜਵਾਦੀ ਕਹੀ ਜਾਣ ਵਾਲੀ ਕਵਿਤਾ ਨੂੰ ਕਿਵੇਂ ਪ੍ਰਵਾਨ ਹੋ ਸਕਦੀ ਸੀ? ਸ਼ਿਵ ਕੁਮਾਰ ਬਟਾਲਵੀ ਅਤੇ ਹਰਿਭਜਨ ਸਿੰਘ ਦੀ ਕਵਿਤਾ ਦਾ ਮੁਹਾਵਰਾ ਅਤੇ ਦਾਇਰਾ ਪਾਸ਼ ਦੀ ਇਸ ਕਵਿਤਾ ਤੋਂ ਨਿਸਚਿਤ ਤੌਰ 'ਤੇ ਵਖਰਾ ਹੈ। (ਇਸ ਬਿਆਨ ਦਾ ਭਾਵ ਸਿਰਫ਼ ਪਾਸ਼ ਦੀ ਕਵਿਤਾ ਨੂੰ ਉਸਦੀ ਸਮਾਨਾਂਤਰ ਕਵਿਤਾ ਤੋਂ ਵਖਰਾ ਦੱਸਣਾ ਹੈ, ਪ੍ਰਭਾਵ ਦੀ ਦ੍ਰਿਸ਼ਟੀ ਤੋਂ ਸ਼ਿਵ-ਹਰਿਭਜਨ ਕਾਵਿ ਨੂੰ ਘਟਾ ਕੇ ਤੱਕਣਾ ਨਹੀਂ।) ਆਧੁਨਿਕਤਾਵਾਦੀ-ਸੁਹਜਵਾਦੀ ਕਵਿਤਾ ਜਿਸ ਕਾਵਿ ਸੁਹਜ ਨੂੰ ਤਰਜ਼ੀਹ ਦੇ ਰਹੀ ਸੀ, ਉਸ ਦਾ ਸੰਬੰਧ ਬਹੁਤੀ ਵਾਰ ਮਨੁੱਖ (ਖ਼ਾਸ ਕਰਕੇ ਪੰਜਾਬੀ ਮਨੁਖ) ਦੇ ਸਮਾਜਿਕ ਯਥਾਰਥ ਨਾਲ ਮੇਲ ਨਹੀਂ ਸੀ ਖਾਂਦਾ। ਇਹ ਕਾਵਿ ਅਜਿਹੇ ਸਮਾਜਿਕ/ ਯਥਾਰਥਕ ਧਰਾਤਲ ਨੂੰ ਕਾਵਿ ਵਿਚੋਂ ਖਾਰਜ ਕਰਕੇ ਅਕਸਰ ਮਸਨੂਈ ਅਤੇ ਕਾਲਪਨਿਕ ਲਹਿਜੇ ਵਿਚ ਕਾਵਿ-ਪ੍ਰਵਚਨ ਉਸਾਰ ਰਿਹਾ ਸੀ। ਪਾਸ਼ ਇਸ ਕਿਸਮ ਦੇ ਕਾਵਿ ਨੂੰ ਰੱਦ ਕਰਦਾ ਹੈ। ਉਸ ਲਈ ਕਵਿਤਾ ਸਮਾਜਿਕ ਧਰਾਤਲ ਨਾਲ ਜੁੜੀ ਹੋਈ ਵਿਧਾ ਹੈ। ਸੁਹਜ ਅਤੇ ਕਲਾ ਬਾਰੇ ਪਾਸ਼ ਦਾ ਚਿੰਤਨ ਇਸੇ ਪ੍ਰਸੰਗ ਵਿਚ ਹੀ ਪਛਾਣਿਆ ਜਾ ਸਕਦਾ ਹੈ। 'ਸਭ ਤੋਂ ਖਤਰਨਾਕ' ਨਾਂ ਦੀ ਕਵਿਤਾ ਵਿਚ ਕਲਾ ਅਤੇ ਸੁਹਜ-ਸ਼ਾਸਤਰ ਦੇ ਮਸਲਿਆਂ ਨਾਲ ਜੁੜਦਿਆਂ ਉਹ ਇਹਨਾਂ ਦੇ ਸਾਜ਼ਸੀ ਰੂਪ ਦੀ ਪਛਾਣ ਵੀ ਕਰਦਾ ਹੈ ਅਤੇ ਅਜਿਹਾ ਹਰ ਅਭਿਆਸ ਜੋ ਕਿ ਮਾਨਵੀ ਸੰਵੇਦਨਾ ਨੂੰ ਉਲੰਘ ਕੇ ਆਪਣਾ ਪ੍ਰਭਾਵ ਕਾਇਮ ਕਰਨ ਦੀ ਬਣਤ ਬਣਾਉਂਦਾ ਹੈ, ਉਸ ਨੂੰ ਵੀ ਅਸਵਿਕਾਰ ਕਰਦਾ ਹੈ।

ਸਭ ਤੋਂ ਖ਼ਤਰਨਾਕ ਉਹ ਚੰਨ ਹੰਦਾ ਹੈ
ਜੋ ਹਰ ਕਤਲ ਕਾਂਡ ਦੇ ਬਾਅਦ
ਸੁੰਨ ਹੋਏ ਵਿਹੜਿਆਂ ਵਿਚ ਚੜ੍ਹਦਾ ਹੈ
ਪਰ ਤੁਹਾਡੀਆਂ ਅੱਖਾਂ ਨੂੰ ਮਿਰਚਾਂ ਵਾਂਗ ਨਹੀਂ ਲੜਦਾ ਹੈ।

ਸਭ ਤੋਂ ਖਤਰਨਾਕ ਉਹ ਗੀਤ ਹੁੰਦਾ ਹੈ
ਤੁਹਾਡੇ ਕੰਨਾਂ ਤਕ ਪਹੁੰਚਣ ਲਈ
ਜਿਹੜਾ ਕੀਰਨਾ ਉਲੰਘਦਾ ਹੈ
ਡਰੇ ਹੋਏ ਲੋਕਾਂ ਦੇ ਬਾਰ ਮੂਹਰੇ-
ਜੋ ਵੈਲੀ ਦੀ ਖੰਘ ਖੰਘਦਾ ਹੈ।[6]

ਗੀਤ ਅਤੇ ਚੰਨ ਇੱਥੇ ਕਲਾ ਅਤੇ ਸੁਹਜ ਦੇ ਲਈ ਵਰਤੇ ਗਏ ਇਸ਼ਾਰੇ ਹਨ । ਜਿਸ ਕਾਵਿਕ/ਸਾਹਿਤਕ/ਕਲਾਤਮਕ/ ਸੁਹਜਾਤਮਕ ਵਰਤਾਰੇ ਦਾ ਵਿਅਕਤੀ ਦੇ ਦੁਖ-ਤਕਲੀਫ਼ ਅਤੇ ਜੀਵਨ ਦੇ ਹਨ੍ਹੇਰੇ ਪੱਖ ਨਾਲ ਸੰਬੰਧ ਨਹੀਂ, ਪਾਸ਼ ਦੇ ਲਈ ਉਹ ਸਾਰਾਕੁਝ ਸਾਜ਼ਸ਼ੀ ਅਡੰਬਰ ਹੈ, ਜਿਸ ਤੋਂ ਸੁਚੇਤ ਹੋਣ ਦੀ ਜ਼ਰੂਰਤ ਹੈ। ਉਹ ਕਲਾ ਦੀ ਉਸ ਪਰਿਭਾਸ਼ਾ ਨੂੰ ਹਾਸ਼ੀਏ 'ਤੇ ਲੈ ਆਉਂਦਾ ਹੈ, ਜਿਸ ਨੂੰ ਸੱਤਾ ਘੜਦੀ ਹੈ ਅਤੇ ਉਸ ਕਵਿਤਾ ਨੂੰ ਵੀ ਸਿਫ਼ਰ ਕਰ ਦਿੰਦਾ ਹੈ ਜੋ ਕੁਝ ਹਾਸਿਲ ਕਰਨ ਖਾਤਰ ਗੁਲਾਮ ਜ਼ਿਹਨੀਅਤ ਵਿਚੋਂ ਪੈਦਾ ਹੁੰਦੀ ਹੈ। ਅਜਿਹੀ ਸਿਰਜਣਾ ਲਈ ਪਾਸ਼ ਕੋਲ ਨਿਰੋਲ ਨਫਰਤ ਤੋਂ ਇਲਾਵਾ ਕੁਝ ਨਹੀਂ। ਅਜਿਹੀ ਕਲਾ ਲਈ ਵਰਤੀ ਗਈ ਕਾਵਿ-ਭਾਸ਼ਾ ਬਹੁਤ ਬੇ-ਲਿਹਾਜ ਹੈ: 'ਸ਼ਬਦ ਜੋ ਰਾਜਿਆਂ ਦੀ ਘਾਟੀ 'ਚ ਨੱਚਦੇ ਹਨ/ ਜੋ ਮਸੂਕਾ ਦੀ ਧੁੰਨੀ ਦਾ ਖੇਤਰਫਲ ਮਿਣਦੇ ਹਨ/ ਜੋ ਮੇਜ਼ਾਂ 'ਤੇ ਟੈਨਸ ਬਾਲਾਂ ਵਾਂਗ ਰਿੜ੍ਹਦੇ ਹਨ/ ਜੋ ਮੰਚਾਂ ਦੀ ਕੱਲਰ ਭੋਂ 'ਤੇ ਉਗਦੇ ਹਨ-/ ਕਵਿਤਾ ਨਹੀਂ ਹੰਦੇ।'[7] ਕੀ ਅਜਿਹੀ ਬੇ-ਲਿਹਾਜ ਭਾਸ਼ਾਂ ਨੂੰ ਕਵਿਤਾ ਦੇ ਮਾਧਿਅਮ ਵਜੋਂ ਸਵੀਕਾਰ ਕੀਤਾ ਜਾ ਸਕਦਾ ਹੈ? ਕਲਾ ਦੇ ਅਡੰਬਰੀ ਵਰਤਾਰਿਆਂ ਦੀ ਪਛਾਣ ਕਰਦਿਆਂ ਕੀ ਅਜਿਹੇ ਕਾਵਿ-ਮੁਹਾਵਰੇ ਵਿਚ ਪ੍ਰਤੀਕਿਰਿਆ ਦੇਣਾ ਉਚਿਤ ਹੈ? ਇਸ ਤਰ੍ਹਾਂ ਦੇ ਸੁਆਲ ਪੈਦਾ ਹੋਣੇ ਸੁਭਾਵਿਕ ਹਨ। ਡਾ ਤੇਜਵੰਤ ਗਿੱਲ ਦਾ ਇਸ ਸੰਬੰਧੀ ਤਰਕ ਹੈ ਕਿ:

ਕਵੀ ਦਾ ਪ੍ਰਮੁਖ ਵਾਸਤਾ ਕਾਵਿ-ਸਿਰਜਣਾ ਦੀ ਪ੍ਰਮਾਣਿਕਤਾ ਨਾਲ ਹੈ ਜਿਸ ਵਿਚ ਨਿਜੀ ਪ੍ਰਯੋਗ ਤੇ ਦੂਸ਼ਿਤ ਭਾਸ਼ਾ ਦੀ ਵਰਤੋਂ

ਦੀ ਵੀ ਥਾਂ ਹੋ ਸਕਦੀ ਹੈ...ਇਸ ਪ੍ਰਕਾਰ ਦੇ ਨਿਜੀ ਪ੍ਰਯੋਗ ਤੇ ਦੂਸ਼ਿਤ ਭਾਸਾ ਦੇ ਟਾਕਰੇ ਵਿਚ ਸਨਾਤਨੀ ਗ੍ਰੰਥਾਂ ਦੀ ਬਣਾਵਟੀ ਅਤੇ ਪ੍ਰਤੀਕ ਲੱਦੀ ਭਾਸ਼ਾ ਅਪ੍ਰਮਾਣਿਕ ਹੈ।[8]

ਇਥੇ ਇਹ ਵਿਚਾਰਨਾ ਜ਼ਰੂਰੀ ਹੈ ਕਿ ਸਥਿਤੀਆਂ ਤੇ ਘਟਨਾਵਾਂ ਦਾ ਸਪਾਟ ਬਿਆਨ ਕਰਨਾ ਅਤੇ ਰੁੱਖੇ ਜਾਂ ਜਿਸ ਨੂੰ ਡਾ ਗਿੱਲ ਦੂਸ਼ਿਤ ਭਾਸ਼ਾ ਕਹਿੰਦੇ ਹਨ ਦੇ ਮੁਹਾਵਰੇ ਵਿਚ ਕਵਿਤਾ ਲਿਖਣਾ ਦੋ ਵੱਖ-ਵੱਖ ਗੱਲਾਂ ਹਨ। ਅਭੱਦਰ ਦਿਸਦੀ ਇਹ ਭਾਸ਼ਾ ਪਾਸ਼ ਲਈ ਪ੍ਰਚਲਿਤ ਕਾਵਿ ਭਾਸ਼ਾ, ਜਿਸ ਨਾਲ ਪਾਸ਼ ਦੀ ਅਸਹਿਮਤੀ ਸੀ, ਨੂੰ ਕਾਊਂਟਰ ਕਰਨ ਦਾ ਇਕ ਅਹਿਮ ਸੰਦ ਕਹੀ ਜਾ ਸਕਦੀ ਹੈ। ਇਹ ਕੁਰਖ਼ਤ ਅਤੇ ਖਰਵੀਂ ਭਾਸ਼ਾ ਸ਼ੈਲੀ ਪਾਸ਼ ਦੇ ਸਮਾਜਕ ਬੋਧ ਵਿਚੋਂ ਹੀ ਪੈਦਾ ਹੋਈ ਹੈ। ਇੱਥੋਂ ਤਕ ਕਿ ਪਾਸ਼ ਪਿਆਰ ਕਾਵਿਤਾ ਨੂੰ ਵੀ ਇਸੇ ਬੋਧ ਨਾਲ ਜੋੜ ਕੇ ਸੰਤੁਲਿਤ ਕਰਦਾ ਹੈ। ਉਸਦਾ ਪਿਆਰ ਸੰਕਲਪ ਜੀਵਨ ਦੀ ਵਿਸ਼ਾਲਤਾ ਸਮਾਜਕ ਯਥਾਰਥ ਨੂੰ ਨਾਲ ਲੈ ਕੇ ਚਲਦਾ ਹੈ। ਪਿਆਰ ਨੂੰ ਮਾਨਣ ਲਈ ਜੀਵਨ ਦਾ ਜਿਉਣ ਜੋਗਾ ਬਣਨਾ ਲਾਜ਼ਮੀ ਹੈ ਅਤੇ ਇਸੇ ਲਈ ਉਹ ਜੀਵਨ ਦੀ ਸੁਤੰਤਰਤਾ ਅਤੇ ਪਾਰਦਰਸ਼ਤਾ ਨੂੰ ਪਿਆਰ ਤੋਂ ਪ੍ਰਾਥਮਿਕਤਾ ਦਿੰਦਾ ਦਿਸਦਾ ਹੈ:

ਮੈਂ ਹੁਣ ਵਿਦਾ ਹੁੰਦਾ ਹਾਂ
ਮੇਰੀ ਦੋਸਤ ਮੈਂ ਹੁਣ ਵਿਦਾ ਹੁੰਦਾ ਹਾਂ।
ਮੈ ਇਕ ਕਵਿਤਾ ਲਿਖਣੀ ਚਾਹੀ ਸੀ
ਤੂੰ ਜਿਸ ਨੂੰ ਸਾਰੀ ਉਮਰ ਪੜ੍ਹਦੀ ਰਹਿ ਸਕੇਂ
ਉਸ ਕਵਿਤਾ ਵਿਚ
ਮਹਿਕਦੇ ਹੋਏ ਧਨੀਏ ਦਾ ਜ਼ਿਕਰ ਹੋਣਾ ਸੀ
ਕਮਾਦਾਂ ਦੀ ਸਰਸਰਾਹਟ ਦਾ ਜ਼ਿਕਰ ਹੋਣਾ ਸੀ...
ਉਸ ਕਵਿਤਾ ਵਿਚ ਮੇਰੇ ਹੱਥਾਂ ਉਤਲੇ ਰੱਟਣਾ ਨੇ ਮੁਸਕਰੌਣਾ ਸੀ
ਮੇਰੇ ਪੱਟਾਂ ਦੀਆਂ ਮੱਛੀਆਂ ਨੇ ਤੈਰਨਾ ਸੀ
ਮੇਰੀ ਹਿਕ ਦੇ ਵਾਲ਼ਾਂ ਦੇ ਨਰਮ ਸ਼ਾਲ ਵਿਚੋਂ
ਨਿੱਘ ਦੀਆਂ ਲਪਟਾਂ ਉਠਣੀਆਂ ਸਨ।
ਉਸ ਕਵਿਤਾ ਵਿਚ
ਤੇਰੇ ਲਈ, ਮੇਰੇ ਲਈ
ਤੇ ਸਾਕਾਂ ਲਈ ਬਹੁਤ ਕੁਝ ਹੋਣਾ ਸੀ ਮੇਰੀ ਦੋਸਤ
ਪਰ ਬੜਾ ਈ ਬੇਸੁਆਦਾ ਏ
ਦੁਨੀਆ ਦੇ ਇਸ ਉਲਝੇ ਹੋਏ ਨਕਸ਼ੇ ਨਾਲ ਨਿਪਟਣਾ।

ਇਸ ਵਿਧੀ ਵਿਚ ਪਾਸ਼ ਦੀਆਂ ਕਈ ਕਵਿਤਾਵਾਂ ਮਿਲਦੀਆਂ ਹਨ। ਇਸ ਤਰ੍ਹਾਂ ਦੀਆਂ ਕਵਿਤਾਵਾਂ ਵਿਚ ਪਾਸ਼ ਪਿਆਰ ਅਤੇ ਰੁਮਾਂਟਿਕ ਕਵਿਤਾ ਦੇ ਉਸ ਪ੍ਰੰਪਰਕ ਸੰਗਠਨ ਨੂੰ ਬਦਲਦਾ ਦਿਖਾਈ ਦਿੰਦਾ ਹੈ, ਜਿਸਨੂੰ ਅੰਮ੍ਰਿਤਾ-ਮੋਹਨ ਸਿੰਘ ਨੇ ਸਿਖਰ ਦਿੱਤੀ ਸੀ। ਉਹ ਔਰਤ-ਮਰਦ ਦੇ ਰਿਸ਼ਤਿਆਂ ਦੀ ਪੇਸ਼ਕਾਰੀ ਕਿਸੇ ਮਸਨੂਈ ਧਰਾਤਲ ਤੇ ਨਹੀਂ ਕਰਦਾ ਸਗੋਂ ਪਿਆਰ ਨੂੰ ਜੀਵਨ ਦੇ ਵਿਰਾਟ ਕੈਨਵਸ ਤੇ ਅੰਕਿਤ ਕਰਨ ਦਾ ਹਾਮੀ ਹੈ। ਉਸ ਲਈ ਪਿਆਰ ਜੀਵਨ ਦੀ ਸੁਤੰਤਰਤਾ ਦਾ ਨਾਂ ਹੈ, ਸੁਤੰਤਰਤਾ ਜੋ ਜਿਉਣ ਦਾ ਸਲੀਕਾ ਹੈ – 'ਧੁੱਪਾਂ ਵਾਂਗ ਧਰਤੀ ਤੇ ਖਿੜ ਜਾਣਾ/ ਤੇ ਫਿਰ ਗਲਵਕੜੀ ਵਿਚ ਸਿਮਟ ਜਾਣਾ, ਬਾਰੂਦ ਵਾਂਗ ਭੜਕ ਉਠਣਾ/ ਤੇ ਚੌਹਾਂ ਕੂਟਾਂ ਅੰਦਰ ਗੂੰਜ ਜਾਣਾ/ ਜੀਣ ਦਾ ਇਹੋ ਹੀ ਸਲੀਕਾ ਹੁੰਦਾ ਹੈ/ ਪਿਆਰ ਕਰਨਾ ਤੇ ਜੀਣਾ ਉਨ੍ਹਾਂ ਨੂੰ ਕਦੇ ਨਹੀਂ ਆਉਣਾ/ ਜਿਨ੍ਹਾਂ ਨੂੰ ਜ਼ਿੰਦਗੀ ਨੇ ਬਾਣੀਏ ਬਣਾ ਦਿੱਤਾ।'[10]

ਪਾਸ਼ ਕਵਿਤਾ ਨਾਲ ਜੁੜਦਿਆਂ ਪ੍ਰਯੋਗਵਾਦੀ ਅਤੇ ਅਧੁਨਿਕਤਾਵਾਦੀ ਕਹੀ ਜਾਣ ਵਾਲੀ ਕਵਿਤਾ ਦੀਆਂ ਉਨ੍ਹਾਂ ਸਥਿਤੀਆਂ ਤੋਂ ਨਾਬਰ ਹੁੰਦਾ ਦਿਖਾਈ ਦਿੰਦਾ ਹੈ, ਜਿਹੜੀਆਂ ਕਿ ਪੱਛਮੀ ਸਭਿਆਚਾਰ ਦੇ ਵਿਕਸਤ ਪੂੰਜੀਵਾਦ ਨੂੰ ਆਪਣੀ ਕਵਿਤਾ ਦੇ ਪ੍ਰਤੀਮਾਨ ਬਣਾ ਰਹੀਆਂ ਸਨ। ਇਸ ਵਿਚੋਂ ਵੀ ਖਾਸ ਕਰਕੇ ਉਸ ਕਵਿਤਾ ਦੇ ਵਸਤੂ-ਪ੍ਰਬੰਧ ਤੋਂ ਪਾਸ਼ ਨੇ ਅਲਹਿਦਗੀ ਦਿਖਾਈ ਜਿਹੜੀ ਕਿ ਆਪਣੇ ਦੇਸੀ ਸਭਿਆਚਾਰ ਦੀਆਂ ਕਦਰਾਂ-ਕੀਮਤਾਂ ਅਤੇ ਜੀਵਨ ਮੁੱਲਾਂ ਨੂੰ ਛਿੱਕੇ ਟੰਗ ਕੇ ਇਕ ਅਜਿਹਾ ਪ੍ਰਵਚਨ ਉਸਾਰਨ ਵਲ ਰੁਚਿਤ ਸੀ, ਜਿਸਨੂੰ ਲੋਕ-ਜੀਵਨ ਦੀ ਸਵੀਕ੍ਰਿਤੀ ਹਾਸਲ ਨਹੀਂ ਸੀ ਹੋ ਸਕਦੀ। ਨਗਰ/ ਮਹਾਂਨਗਰ ਦੀ ਚੇਤਨਾ ਵਿਚੋਂ ਪੈਦਾ ਹੋ ਰਿਹਾ ਇਹ ਕਾਵਿ ਕਿਸੇ ਹੱਦ ਤਕ ਪੱਛਮੀ ਮਾਪਦੰਡਾਂ ਨੂੰ ਅਧਾਰ ਬਣਾ ਰਿਹਾ ਸੀ। ਪਾਸ਼ ਇਸ ਚੇਤਨਾ ਨੂੰ ਰੱਦ ਕਰਕੇ ਪਿੰਡ ਦੀ ਅਹਿਮੀਅਤ ਨੂੰ ਇਸਦੇ ਟਾਕਰੇ 'ਤੇ ਖੜ੍ਹਾ ਕਰਦਾ ਹੈ। ਇਸੇ ਲਈ ਕਈ ਥਾਂਈਂ ਇਸਦੀ ਕਵਿਤਾ ਵਿਚ ਸ਼ਹਿਰੀ ਜੀਵਨ ਅਤੇ ਪੇਂਡੂ

ਜੀਵਨ ਦਾ ਤਨਾਉ ਫੈਲਦਾ ਦਿਖਾਈ ਦਿੰਦਾ ਹੈ ਅਤੇ ਅਜਿਹੇ ਤਨਾਉ ’ਤੇ ਕੇਂਦ੍ਰਿਤ ਹੁੰਦਿਆਂ ਪਾਸ਼ ਸ਼ਹਿਰੀ ਜੀਵਨ ਨੂੰ ਜਾਂ ਤਾਂ ਪੂੰਜੀਵਾਦੀ ਨਿਜ਼ਾਮ ਦੇ ਸਮਾਨਾਂਤਰ ਇਕ ਸ਼ੋਸ਼ਕ ਧਿਰ ਵਜੋਂ ਗ੍ਰਹਿਣ ਕਰਦਾ ਹੈ, ਅਤੇ ਜਾਂ ਫਿਰ ਕਿਸੇ ਨਪੁੰਸਕ ਬੁੱਧੀਜੀਵੀ ਦੀ ਤਰ੍ਹਾਂ ਜਿਸਦੀ ਹੋਂਦ ਦੀ ਸਾਰਥਕਤਾ ਨਿਰੋਲ ਦਿਮਾਗੀ ਚੁਹਲਬਾਜ਼ੀ ’ਤੇ ਟਿਕੀ ਹੈ। ਸ਼ਹਿਰ ਦੇ ਅਜਿਹੇ ਸੁਭਾਅ ’ਤੇ ਵਿਅੰਗ ਰਚਦਿਆਂ ਪਾਸ਼ ਸ਼ਹਿਰ ਦੀ ਇਸ ਅਖਾਉਤੀ ਗਤੀਸ਼ੀਲਤਾ ਨੂੰ ਪ੍ਰਸ਼ਨ-ਚਿੰਨ੍ਹ ਦੇ ਘੇਰੇ ਵਿਚ ਲਿਆਉਂਦਾ ਹੈ:

ਅਸੀਂ ਤਾਂ ਪਿੰਡਾਂ ਦੇ ਵਾਸੀ ਹਾਂ
ਤੁਸੀਂ ਸ਼ਹਿਰ ਦੇ ਵਾਸੀ ਤਾਂ ਸੜਕਾਂ ਵਾਲੇ ਹੋ।
ਤੁਸੀਂ ਕਾਸ ਨੂੰ ਰੀਂਗ ਰੀਂਗ ਕੇ ਚਲਦੇ ਹੋ?
ਸਾਡਾ ਮਨ ਪਰਚਾਵਾ ਤਾਂ ਹੱਟੀ ਭੱਠੀ ਹੈ।
ਤੁਸੀਂ ਕਲੱਬਾਂ ਸਿਨਮੇ ਵਾਲੇ,
ਸਾਥੋਂ ਪਹਿਲਾਂ ਬੁੱਢੇ ਕੀਕਣ ਹੋ ਜਾਂਦੇ ਹੋ? ...
ਜਦ ਸਾਡੀ ਰੋਟੀ ’ਤੇ ਡਾਕੇ ਪੈਂਦੇ ਸਨ,
ਜਦ ਸਾਡੀ ਇੱਜ਼ਤ ਨੂੰ ਸੰਨ੍ਹਾਂ ਲਗਦੀਆਂ ਸਨ।
ਤਾਂ ਅਸੀਂ ਅਨਪੜ੍ਹ ਪੇਂਡੂ ਮੂੰਹ ਦੇ ਗੁੰਗੇ ਸਾਂ,
ਤੁਹਾਡੀ ਲਕਚੋ ਕਾਫੀ ਹਾਊਸ ’ਚ ਕੀ ਕਰਦੀ ਸੀ?
ਅਸੀਂ ਤੁਹਾਡੀ ਖਾਹਿਸ਼ ਦਾ ਅਪਮਾਨ ਨਹੀਂ ਕਰਦੇ
ਅਸੀਂ ਤੁਹਾਨੂੰ ਆਦਰ ਸਹਿਤ
ਸਣੇ ਤੁਹਾਡੇ ਹੋਂਦਵਾਦ ਦੇ,
ਚੰਨ ਉੱਤੇ ਅਪੜਾ ਦੇਵਾਂਗੇ
ਅਸੀਂ ਤਾਂ ਸਾਦ ਮੁਰਾਦੇ ਪੇਂਡੂ ਬੰਦੇ ਹਾਂ...।[11]

ਇਸ ਸ਼ਹਿਰੀ-ਸੰਸਕ੍ਰਿਤੀ ਦੇ ਵਿਰੋਧ ਵਿਚ ਉਸਦੀ ਕਵਿਤਾ ਪੇਂਡੂ ਜੀਵਨ ਦੀ ਸਹਿਜਤਾ, ਗਤੀਸ਼ੀਲਤਾ, ਸੰਕਟ, ਸਮਸਿਆਵਾਂ ਅਤੇ ਜਟਿਲਤਾਵਾਂ ਨੂੰ ਬਾਰ-ਬਾਰ ਪ੍ਰਗਟ ਕਰਦੀ ਹੈ।ਸ਼ਹਿਰ ਪਾਸ਼ ਦੀ ਕਵਿਤਾ ਵਿਚ ਜੇ ਇਕ ਪਾਸੇ ਪਿੰਡਾਂ ਨੂੰ ਜ਼ਰਬ ਕਰਨ ਵਾਲਾ ਵਰਤਾਰਾ ਹੈ ਤਾਂ ਦੂਜੇ ਪਾਸੇ ਸੱਤਾ, ਸ਼ਕਤੀ, ਪੂੰਜੀਵਾਦੀ ਕੂਟਨੀਤੀ ਅਤੇ ਅਖੌਤੀ ਲੋਕਤੰਤਰ ਦਾ ਪਰਛਾਵਾਂ ਹੈ। ਪਾਸ਼ ਸ਼ਹਿਰ ਦੀ ਇਸ ਸਿਆਸਤ ਨੂੰ ਜਾਣਦਾ-ਪਰਖਦਾ ਹੈ ਅਤੇ ਇਸੇ ਲਈ ਉਸਦੀ ਕਵਿਤਾ ਵਿਚ ਪਿੰਡ ਦੀ ਸਾਦਗੀ ਅਤੇ ਛੋਟੇ-ਛੋਟੇ ਕੰਮਾ ਨਾਲ ਮੋਹ ਦੀਆਂ ਤੰਦਾਂ ਫੁਟਦੀਆਂ ਹਨ, ਪਿੰਡ ਦੀ ਅਧੋਗਤੀ ਪ੍ਰਤੀ ਦਰਦ ਜਾਗਦਾ ਹੈ।

ਪਾਸ਼ ਅਜਿਹੇ ਪ੍ਰਗੀਤ ਨਾਲ ਸਹਿਮਤ ਨਹੀਂ ਜਿਸ ਵਿਚ ਨਿਜੀ ਪਿਆਰ ਦੀ ਪੀੜਾਦਾਇਕ ਅਭਿਵਿਅਕਤੀ ਨੂੰ ਅਕਾਸ਼ੀ ਬਿੰਬਾਂ ਦੇ ਆਸਰੇ ਖੜ੍ਹਾ ਕੀਤਾ ਜਾਂਦਾ ਸੀ। ਪ੍ਰਗੀਤ ਦੇ ਅਜਿਹੇ ਸੰਗਠਨ ਨੂੰ ਉਹ ਉਸ ਰੈਟਰਿਕ ਨਾਲ ਤੋੜਦਾ ਹੈ, ਜਿਸ ਵਿਚੋਂ ਉਹ ਵਿਦ੍ਰੋਹ ਦੀ ਚੇਤਨਾ ਨੂੰ ਵੀ ਸਾਹਮਣੇ ਲਿਆਉਂਦਾ ਹੈ ਅਤੇ ਆਪਣੇ ਜੁਝਾਰ ਕਾਵਿ-ਸ਼ਾਸਤਰ ਵਿਚ ਪ੍ਰਗੀਤ ਨੂੰ ਪੁਨਰ ਸਥਾਪਿਤ ਵੀ ਕਰਦਾ ਹੈ। ਉਹ ਸਮੇਂ ਅਤੇ ਸਮਾਜ ਦੀਆਂ ਕਰੂਰ ਸਥਿਤੀਆਂ ਨੂੰ ਪਛਾਣਦਿਆਂ ਪ੍ਰਗੀਤ ਨਾਲ ਜੁੜਨਾ ਚਾਹੁੰਦਾ ਹੈ। ਅਜਿਹਾ ਕਰਦਿਆਂ ਉਹ ਪੇਂਡੂ ਜੀਵਨ ਦੇ ਸਮਾਜਿਕ ਪਾਸਾਰਾਂ ਵਿਚੋਂ ਚਿਹਨ, ਪ੍ਰਤੀਕ ਅਤੇ ਬਿੰਬਾਂ ਦੀ ਘਾੜਤ ਘੜਦਾ ਹੈ। ਇਹ ਪ੍ਰਗੀਤ ਨਿਜ ਦੀ ਥਾਂ ਪਰ ਦੇ ਦੁੱਖਾਂ ਨੂੰ ਕੇਂਦਰ ਵਿਚ ਰਖਦਾ ਹੈ। ਕਈ ਥਾਂਈਂ ਲੋਕ-ਗੀਤ ਦੇ ਕਾਵਿ ਖੰਡਾਂ ਨੂੰ ਸੁਚੇਤ ਤੌਰ ’ਤੇ ਵਿਸਥਾਪਿਤ ਕਰਕੇ ਸਮਾਜਕ ਅਤੇ ਧਰਾਤਲੀ ਸਮਸਿਆਵਾਂ ਦੇ ਅੰਤਰਗਤ ਪੁਨਰ-ਸੰਗਠਿਤ ਕਰ ਲੈਂਦਾ ਹੈ। 'ਚਿੜੀਆਂ ਦਾ ਚੰਬਾ', 'ਛੰਨੀ' ਆਦਿ ਪ੍ਰਗੀਤਾਂ ਨੂੰ ਇਸ ਨੁਕਤੇ ਤੋਂ ਵਿਚਾਰਿਆ ਜਾ ਸਕਦਾ ਹੈ:

ਛੰਨੀ ਤਾਂ ਛੰਨੀ ਹੋਈ
ਪਰ ਗੁਡੀਏ ਤੇਰੇ ਗੀਤਾਂ ਨਾਲ
ਤੇਰੇ ਵੀਰ ਨੂੰ ਬੰਨੀ ਨਹੀਂ ਲਭਣੀ
ਉਸ ਨੂੰ ਤਾਂ ਮਾਰ ਜਾਵੇਗਾ
ਬਾਬਲ ਦੀ ਘਟ ਜ਼ਮੀਨ ਦਾ ਪਰਛਾਵਾਂ
ਉਸਦੀਆਂ ਪਾਸ ਕੀਤੀਆਂ ਦਸਾਂ ਨੂੰ
ਚਰ ਜਾਣਗੇ ਮਰੀਅਲ ਜਿਹੇ ਝੋਟੇ

ਤੇ ਉਸਦੀ ਚਕਲੇਦਾਰ ਹਿਕ'ਤੇ
ਫੁਲਕੇ ਵੇਲਦੀ ਰਹੇਗੀ
ਸਦਾ ਹੀ ਵਿਗੜੇ ਰਹਿੰਦੇ ਇੰਜਣ ਦੀ ਤਕਾਵੀ...[12]

ਇਸ ਗੀਤ ਵਿਚ ਪਾਸ਼ ਲੋਕ-ਗੀਤ ਦੇ ਉਸ ਭਾਵ-ਬੋਧ ਨੂੰ ਤਿਆਗ ਰਿਹਾ ਹੈ, ਜਿਸ ਵਿਚ ਭੈਣ ਵਲੋਂ ਆਪਣੇ ਵੀਰ ਲਈ ਖ਼ੂਬਸੂਰਤ ਬੰਨੀ ਦੇ ਸੁਪਨੇ ਸੰਜੋਏ ਗਏ ਸੀ। ਉਨ੍ਹਾਂ ਸੁਪਨਿਆਂ ਨੂੰ ਹਕੀਕੀ ਸੰਸਾਰ ਦੇ ਅੰਤਰਗਤ ਇਥੇ ਵਿਸਥਾਪਿਤ ਕਰ ਦਿਤਾ ਗਿਆ ਹੈ। ਪਾਸ਼ ਇਥੇ ਇਸ ਤੱਥ ਨੂੰ ਉਸਾਰਨ ਦੇ ਯਤਨ ਵਿਚ ਹੈ ਕਿ ਛੋਟੀ ਕਿਰਸਾਨੀ/ ਘਟ ਜ਼ਮੀਨ ਕਾਰਨ ਆਰਥਕ ਮੰਦਹਾਲੀ ਵਿਚ ਪੰਜਾਬ ਦਾ ਨੌਜਵਾਨ ਖੁਰ ਰਿਹਾ ਹੈ। ਅਜਿਹੀ ਹਾਲਤ ਵਿਚ ਪਰਿਵਾਰਕ ਸੁਪਨੇ ਤਾਂ ਮਰਦੇ ਹੀ ਹਨ, ਨਾਲ ਹੀ ਥੋੜ੍ਹੀ-ਬਹੁਤ ਗ੍ਰਹਿਣ ਕੀਤੀ ਚੇਤਨਾ ਦੀ ਪ੍ਰਸੰਗਿਕਤਾ ਵੀ ਖ਼ਤਮ ਹੋ ਜਾਂਦੀ ਹੈ।

'ਖਿਲਰੇ ਹੋਏ ਵਰਕੇ' ਤਕ ਪਹੁੰਚਦਿਆਂ ਪਾਸ਼ ਦੀ ਕਾਵਿ-ਭਾਸ਼ਾ ਵਿਚ ਜੋ ਪਰਿਵਰਤਨ ਵਾਪਰਦਾ ਹੈ ਉਸ ਵਿਚ ਉਹ ਰੋਹ-ਵਿਦ੍ਰੋਹ ਦੇ ਕਾਵਿ-ਪ੍ਰਵਚਨ ਨੂੰ ਵਿਅੰਗਾਤਮਿਕ ਭਾਸ਼ਾ ਵਿਚ ਸੰਤੁਲਿਤ ਕਰਕੇ ਭਾਵ-ਬੋਧ ਨੂੰ ਵਧੇਰੇ ਸਹਿਜ ਬਣਾ ਲੈਂਦਾ ਹੈ। ਇਸ ਵਿਧੀ ਦੀ ਸਿਖ਼ਰ ਨੂੰ ਜੇਕਰ ਤਲਾਸ਼ ਕਰਨਾ ਹੋਵੇ ਤਾਂ ਉਸਦੀ ਕਵਿਤਾ 'ਧਰਮ ਦੀਕਸ਼ਾ ਲਈ ਬਿਨੈ-ਪੱਤਰ' ਨੂੰ ਪੜ੍ਹਿਆ ਜਾ ਸਕਦਾ ਹੈ। ਇਸ ਕਵਿਤਾ ਵਿਚ ਉਹ ਪੰਜਾਬ ਦੀ ਮਿਸ਼ਰਿਤ ਸੰਸਕ੍ਰਿਤੀ ਦੇ ਵਿਰੋਧ ਵਿਚ ਖੜ੍ਹੀ ਸੰਕੀਰਣ ਮਾਨਸਿਕਤਾ ਨੂੰ ਆਪਣੇ ਵਿਅੰਗਾਤਮਕ ਲਹਿਜੇ ਦਾ ਸ਼ਿਕਾਰ ਬਣਾਉਂਦਾ ਹੈ:

ਮੇਰਾ ਇਕੋ ਈ ਪੁੱਤ ਏ ਧਰਮ-ਗੁਰੂ! / ਉਂਜ ਭਲਾ ਸੱਤ ਵੀ ਹੁੰਦੇ
ਉਨ੍ਹਾਂ ਤੇਰਾ ਕੁਝ ਨਹੀਂ ਕਰ ਸਕਣਾ ਸੀ / ਤੇਰੇ ਬਾਰੂਦ ਵਿਚ ਰੱਬੀ ਮਹਿਕ ਹੈ
ਤੇਰਾ ਬਾਰੂਦ ਰਾਤਾਂ ਨੂੰ ਰੌਣਕਾਂ ਵੰਡਦਾ ਹੈ / ਤੇਰਾ ਬਾਰੂਦ ਰਾਹੋਂ ਭਟਕਿਆਂ ਨੂੰ ਸੇਧਦਾ ਹੈ
ਮੈਂ ਤੇਰੀ ਆਸਤਕ ਗੋਲੀ ਨੂੰ ਸੇਧ ਦਿਆ ਕਰਾਂਗੀ / ਮੇਰਾ ਇਕੋ ਈ ਪੁੱਤ ਏ ਧਰਮ ਗੁਰੂ!
ਤੇ ਮਰਦ ਵਿਚਾਰਾ ਸਿਰ 'ਤੇ ਨਹੀਂ ਰਿਹਾ।[13]

ਇਉਂ ਉਪਰੋਕਤ ਸੰਦਰਭਾਂ ਤੋਂ ਸਪਸ਼ਟ ਹੁੰਦਾ ਹੈ ਕਿ ਪਾਸ਼ ਦੀ ਕਵਿਤਾ ਨੂੰ ਨਿਰੋਲ ਰੋਹ-ਵਿਦ੍ਰੋਹ ਦੇ ਸੁਰ ਵਾਲੀ ਕਵਿਤਾ ਤਕ ਮਹਿਦੂਦ ਰਖਕੇ ਹੀ ਨਹੀਂ ਪੜ੍ਹਿਆ ਜਾ ਸਕਦਾ ਸਗੋਂ ਆਧੁਨਿਕ ਪੰਜਾਬੀ ਕਵਿਤਾ ਵਿਚ ਪਾਸ਼ ਆਪਣੀ ਕਵਿਤਾ ਰਾਹੀਂ ਜਿਹੜਾ ਸੰਵਾਦ ਰਚਾਉਂਦਾ ਹੈ, ਉਹ ਵੀ ਮਹੱਤਵਪੂਰਨ ਹੈ। ਆਪਣੀ ਕਵਿਤਾ ਨੂੰ ਵਿਧਾ ਅਤੇ ਰੂਪ ਪੱਖੋਂ ਜਿਸ ਨਵੇਂ ਰੂਪ ਵਿਚ ਉਹ ਸੰਗਠਿਤ ਕਰਦਾ ਹੈ, ਉਸਦੀ ਵੀ ਵਿਸ਼ੇਸ਼ ਯੋਗਤਾ ਹੈ। ਪਾਸ਼ ਆਪਣੇ ਨਵੇਕਲੇ ਅੰਦਾਜ਼ ਰਾਹੀਂ ਸਿਰਫ ਜੁਝਾਰ-ਵਿਦ੍ਰੋਹੀ ਕਾਵਿ-ਸ਼ਾਸਤਰ ਨੂੰ ਹੀ ਦਿਸ਼ਾ ਨਹੀਂ ਦਿੰਦਾ ਸਗੋਂ ਆਧੁਨਿਕ ਪੰਜਾਬੀ ਕਵਿਤਾ ਦੇ ਕਾਵਿ-ਸ਼ਾਸਤਰ ਨੂੰ ਵੀ ਗਤੀ ਦਿੰਦਾ ਹੈ।

## ਹਵਾਲੇ :



1. ਅਮੋਲਕ ਸਿੰਘ (ਸੰਪਾ.), ਪਾਸ਼ ਕਾਵਿ, ਭਾਰਤ, ਪੰਨਾ-14
2. ਅਮੋਲਕ ਸਿੰਘ (ਸੰਪਾ.), ਪਾਸ਼ ਕਾਵਿ,ਭਾਰਤ, ਪੰਨਾ-14
3. ਅਮੋਲਕ ਸਿੰਘ (ਸੰਪਾ.), ਪਾਸ਼ ਕਾਵਿ,ਹਾਂ ਉਦੋਂ, ਪੰਨਾ-87
4. ਅਮੋਲਕ ਸਿੰਘ (ਸੰਪਾ.), ਪਾਸ਼ ਕਾਵਿ,ਪ੍ਰਤੀਬੱਧਤਾ, ਪੰਨਾ-137
5. ਅਮੋਲਕ ਸਿੰਘ (ਸੰਪਾ.), ਪਾਸ਼ ਕਾਵਿ,ਤੈਨੂੰ ਪਤਾ ਨਹੀਂ, ਪੰਨਾ-147
6. ਅਮੋਲਕ ਸਿੰਘ (ਸੰਪਾ.), ਪਾਸ਼ ਕਾਵਿ,ਸਭ ਤੋਂ ਖ਼ਤਰਨਾਕ, ਪੰਨਾ-270
7. ਅਮੋਲਕ ਸਿੰਘ (ਸੰਪਾ.), ਪਾਸ਼ ਕਾਵਿ,ਸ਼ਬਦ, ਕਲਾ ਤੇ ਕਵਿਤਾ, ਪੰਨਾ-84
8. ਤੇਜਵੰਤ ਸਿੰਘ ਗਿੱਲ, 'ਪਾਸ਼: ਜੀਵਨ ਤੇ ਰਚਨਾ', ਪੰਨਾ-49
9. ਅਮੋਲਕ ਸਿੰਘ (ਸੰਪਾ.), ਪਾਸ਼ ਕਾਵਿ, ਮੈਂ ਹੁਣ ਵਿਦਾ ਹੁੰਦਾ ਹਾਂ, ਪੰਨਾ-132
10. ਅਮੋਲਕ ਸਿੰਘ (ਸੰਪਾ.), ਪਾਸ਼ ਕਾਵਿ,ਮੈਂ ਹੁਣ ਵਿਦਾ ਹੁੰਦਾ ਹਾਂ, ਪੰਨਾ-135
11. ਅਮੋਲਕ ਸਿੰਘ (ਸੰਪਾ.), ਪਾਸ਼ ਕਾਵਿ,ਗਲੇ ਸੜੇ ਫੁੱਲਾਂ ਦੇ ਨਾਂ, ਪੰਨਾ-26
12. ਅਮੋਲਕ ਸਿੰਘ (ਸੰਪਾ.), ਪਾਸ਼ ਕਾਵਿ,ਛੰਨੀ, ਪੰਨਾ-142
13. ਅਮੋਲਕ ਸਿੰਘ (ਸੰਪਾ.), ਪਾਸ਼ ਕਾਵਿ,ਧਰਮ ਦੀਕਸ਼ਾ ਲਈ ਬਿਨੈ ਪੱਤਰ, ਪੰਨਾ-268





ਪਰਮਜੀਤ ਸਿੰਘ
ਐਸੋਸੀਏਟ ਪ੍ਰੋਫ਼ੈਸਰ,
ਪੋਸਟ ਗ੍ਰੈਜੂਏਟ ਸਰਕਾਰੀ ਕਾਲਜ
ਸੈਕਟਰ-11, ਚੰਡੀਗੜ੍ਹ

# ਪੁਸਤਕ ਪੜਚੋਲ




ਪੁਸਤਕ : ***ਸੰਦੂਕ*** (ਕਵਿਤਾ)
ਲੇਖਕ : ***ਅਮਰਜੀਤ ਚੰਦਨ***
ਪ੍ਰਕਾਸ਼ਕ : ਟੌਮਸਨ ਪ੍ਰੈਸ, ਨਵੀਂ ਦਿੱਲੀ
ਸੰਸਕਰਣ 2017 • ਮੁੱਲ : 250 ਰੁਪਏ

ਪੜਚੋਲ ਲਈ ਚੁਣੀ ਇਹ ਕਿਤਾਬ ਅਮਰਜੀਤ ਚੰਦਨ ਦਾ ਸੱਜਰਾ ਕਾਵਿ-ਸੰਗ੍ਰਹਿ ਹੈ। ਲਗਭਗ ਦੋ ਤਿਹਾਈ ਕਵਿਤਾਵਾਂ ਉਸ ਦੀਆਂ ਆਪਣੀਆਂ ਹਨ। ਇਕ ਤਿਹਾਈ ਦੇ ਕਰੀਬ ਅਨੁਵਾਦ ਹਨ—ਅੰਗਰੇਜ਼ੀ, ਯੂਨਾਨੀ ਅਤੇ ਸਪੇਨੀ ਕਵਿਤਾਵਾਂ ਦੇ ਜੋ ਉਸ ਨੂੰ ਬਹੁਤ ਪਸੰਦ ਹਨ। ਇਸ ਤੋਂ ਵੱਧ ਉਨ੍ਹਾਂ ਵਿਚੋਂ ਉਸ ਨੂੰ ਆਪਣੇ ਦਿਲ ਦਿਮਾਗ਼ ਦੀ ਧੜਕਣ ਸੁਣਾਈ ਦਿੰਦੀ ਹੈ। ਅੰਦਾਜ਼ੇ ਅਨੁਸਾਰ ਪਾਬਲੋ ਨੇਰੂਦਾ ਤਾਂ ਹੋ ਸਕਦਾ ਉਸ ਵੇਲੇ ਵੀ ਉਸ ਨੂੰ ਪਸੰਦ ਸੀ ਜਦੋਂ ਪੰਜ ਕੁ ਦਹਾਕੇ ਪਹਿਲਾਂ ਉਸ ਨੇ ਖ਼ੁਦ ਕਵਿਤਾ ਲਿਖਣੀ ਸ਼ੁਰੂ ਕੀਤੀ ਸੀ। ਇਹ ਉਹ ਦੌਰ ਸੀ ਜਦ ਤਰੱਕੀਪਸੰਦ ਕਵਿਤਾ ਤੋਂ ਉਕਤਾ ਕੇ ਪਾਸ਼ ਅਤੇ ਕਈ ਹੋਰ ਨੌਜਵਾਨ ਕਵੀਆਂ ਨੇ ਹਿੰਸਾ ਨੂੰ ਉਭਾਰਣ, ਲੋਟੂਆਂ ਨੂੰ ਸੋਧਣ ਅਤੇ ਸਰਕਾਰ ਨਾਲ ਟੱਕਰ ਲੈਣ ਦਾ ਬੀੜਾ ਚੁੱਕਿਆ ਸੀ। ਚੰਦਨ ਉਨ੍ਹਾਂ ਦਾ ਸੰਗੀ ਸਾਥੀ ਹੀ ਨਹੀਂ, ਸਗੋਂ ਸਿਧਾਂਤਕਾਰ ਵੀ ਸੀ। ਦੋਨਾਂ ਖੇਤਰਾਂ ਵਿਚ ਉਸ ਦਾ ਖ਼ਾਸ ਰੁਤਬਾ ਸੀ। ਅੱਤ ਦੀ ਲੋਕ-ਪੱਖੀ ਹੁੰਦੇ ਹੋਏ ਵੀ ਇਹ ਕਵਿਤਾ ਸਥੂਲ ਜਿਹੇ ਭਾਵਾਂ ਮਨੋਭਾਵਾਂ ਨੂੰ ਉਭਾਰਦੀ ਸੀ। ਇਸ ਦੇ ਸਰੋਕਾਰਾਂ ਦਾ ਖੇਤਰ ਤੰਗ ਜਿਹਾ ਸੀ। ਜੋ ਵਿਚਾਰਧਾਰਾ ਇਸ ਦਾ ਨੁੰਮ੍ਹਣਾ ਬਣੀ ਹੋਈ ਸੀ, ਨਾ ਬੁਲੰਦੀ ਨਾ ਗਹਿਰਾਈ ਦੀ ਕਾਮਨਾ ਕਰਦੀ ਸੀ।

ਇਨਕਲਾਬੀ ਕਵਿਤਾ ਲਿਖਣ ਦੇ ਸਮਰੱਥ ਹੋਣ ਲਈ ਇਸ ਖਬਤ ਵਿਚੋਂ ਬਾਹਰ ਆਉਣਾ ਬਹੁਤ ਜ਼ਰੂਰੀ ਸੀ। ਜਿਸ ਤਰ੍ਹਾਂ ਪਾਸ਼ ਨੇ ਅੰਤਰ-ਬੋਧ ਦੀ ਪ੍ਰੇਰਨਾ ਹਿੱਤ, ਅਨੁਭਵ ਅਤੇ ਅਧਿਅਨ ਨੂੰ ਟੀਚਾ ਮਿਥ ਕੇ ਇਹ ਕਾਰਨਾਮਾ ਕਰ ਦਿਖਾਇਆ, ਉਹ ਅਨੋਖਾ ਹੀ ਨਹੀਂ ਅਲੌਕਿਕ ਵੀ ਸੀ। ਚੰਦਨ ਨੇ ਵਿਚਾਰਧਾਰਕ ਤੋਂ ਹਟ ਕੇ ਵਿਚਾਰਵਾਨ ਬਣਨ ਦੀ ਚੋਣ ਕੀਤੀ ਜਿਸ ਲਈ ਪਰਵਾਸ ਵਿਚ ਪਹੁੰਚ ਜਾਣਾ ਉਸ ਲਈ ਬੜਾ ਸੁਹੰਢਣਾ ਸਿੱਧ ਹੋਇਆ। ਉਸ ਨੇ ਇੰਗਲੈਂਡ ਵਿਚ ਵਸੇਵਾ ਕਰ ਲਿਆ। ਇਸ ਦੇ ਬਸਤੀਵਾਦੀ ਨਿਜ਼ਾਮ ਨੇ ਹਿੰਦੁਸਤਾਨ 'ਤੇ ਦੋ ਸਦੀਆਂ ਅਤੇ ਪੰਜਾਬ 'ਤੇ ਇਕ ਸਦੀ ਰਾਜ ਕੀਤਾ ਸੀ। ਪੰਜਾਬੀ ਸਾਹਿਤ, ਸਭਿਆਚਾਰ, ਬੋਲੀ, ਲੋਕਧਾਰਾ, ਰਾਜਨੀਤੀ ਅਤੇ ਹੋਰ ਪੱਖਾਂ ਨਾਲ ਸੰਬੰਧ ਰੱਖਦਾ ਢੇਰ ਸਾਰਾ ਖ਼ਜ਼ਾਨਾ ਸੀ ਜੋ ਇੰਗਲੈਂਡ ਵਿਚ ਸੁਰੱਖਿਅਤ ਸਾਂਭਿਆ ਪਿਆ ਸੀ। ਆਪਣੀ ਵਿਚਾਰਧਾਰਾ ਦੀ ਸੀਮਾ ਨੂੰ ਪਛਾਣ ਕੇ ਉਹ ਵਿਚਾਰਵਾਨ ਹੋ ਨਿਬੜਣ ਵੱਲ ਮਾਇਲ ਹੋ ਗਿਆ ਸੀ। ਅਜੇਹਾ ਪੁਰਾਤਤਵ ਸੀ ਇਹ ਜਿਸ ਦੀ ਫਰੋਲਾ-ਫਰਾਲੀ ਅਣਥੱਕ ਯਤਨ ਅਤੇ ਬੇਅੰਤ ਲਗਨ ਦੀ ਉਡੀਕਵਾਨ ਸੀ। ਦੋਨਾਂ ਦੀ ਉਸ ਵਿਚ ਕੋਈ ਘਾਟ ਨਹੀਂ ਸੀ। ਵਿਚਾਰਧਾਰਕ ਤੋਂ ਵਿਚਾਰਵਾਨ ਬਣਨ ਦਾ ਰਾਹ ਸਿੱਧ-ਪੱਧਰਾ ਨਹੀਂ ਸੀ। ਇਹ ਵਿੰਗ ਵਲੇਵਿਆਂ ਵਾਲਾ ਸੀ ਜਿਸ 'ਤੇ ਕਦੇ ਪੈਰ ਘਸੀਣਾ, ਕਦੇ ਸਹਿਜ ਸੁਭਾ ਚੱਲਣਾ ਅਤੇ ਕਦੇ ਵਾਹੋਦਾਹੀ ਵਾਦ ਨਿਬੇੜਣਾ ਉਸ ਦੇ ਸੁਭਾਅ ਅਨੁਸਾਰ ਸੀ।

ਚੰਦਨ ਦੇ ਪਹਿਲੇ ਕਾਵਿ-ਸੰਗ੍ਰਹਿ ***ਜੜ੍ਹਾਂ, ਬੀਜਕ*** ਅਤੇ ***ਛੰਨਾ*** ਵਿਚ ਅਜੇਹੇ ਸਰੋਕਾਰਾਂ ਦੀ ਭਰਮਾਰ ਹੈ ਜਿਨ੍ਹਾਂ ਨੂੰ ਪਰਵਾਸ ਵਿਚ ਵਸੇਵਾ ਕਰਨ ਉਪਰੰਤ ਉਸ ਨੇ ਨਿਗਾਹ ਤੋਂ ਓਝਲ ਪਾਇਆ ਹੋਵੇਗਾ। ਘਰੇਲੂ ਰਹਿਣ-ਸਹਿਣ ਵਿਚ ਵਰਤੇ ਜਾਂਦੇ ਭਾਂਡੇ, ਉਨ੍ਹਾਂ ਦੀ ਵਰਤੋਂ, ਇਸ ਤੋਂ ਉਭਰਦੇ ਭਾਵ ਮਨੋਭਾਵ, ਚੁਗਿਰਦੇ ਨਾਲ ਸੰਬੰਧ ਰੱਖਦੇ ਕਾਰ-ਵਿਹਾਰ, ਉਨ੍ਹਾਂ ਨੂੰ ਨੇਪਰੇ ਚਾੜ੍ਹਨ ਹਿਤ ਕੀਤੇ ਕੰਮਕਾਜ ਆਦਿ ਸਭ ਉਸ ਦੇ ਮਨ ਦੇ ਝਰੋਖੇ 'ਤੇ ਝਾਤ ਪੁਆਉਂਦੇ ਹੋਣਗੇ। ਇਨ੍ਹਾਂ ਵਿਚ ਸ਼ਾਮਿਲ ਕਵਿਤਾਵਾਂ ਪਿਆਰ, ਉਦਰੇਵੇਂ, ਆਸ, ਨਿਰਾਸ, ਭੇਦ ਭਾਵ ਅਤੇ ਅਲਗਾਵ ਸਭ ਦਾ ਵਾਹਣ ਬਣੀਆਂ ਲਗਦੀਆਂ ਹਨ। ਪੰਜਾਬੀ ਮਨ ਵਿਚ ਜੋ ਦੁਫਾੜ ਘਰ ਕਰ ਗਿਆ ਹੈ, ਇਸ ਕਾਰਨ ਜੋ ਉਦਰੇਵਾਂ, ਰੋਸ, ਬੇਬਸੀ ਅਤੇ ਮਾਸੂਮੀ ਦਾ ਪਾਰਾਵਾਰ ਬਣਿਆ ਹੈ, ਉਸ ਸਭ ਦਾ ਇਨ੍ਹਾਂ ਕਵਿਤਾਵਾਂ ਦਾ ਚਿਤਰਪਟ ਪੇਸ਼ ਹੈ।

***ਸੰਦੂਕ*** ਨਾਮੀਂ ਕਾਵਿ-ਸੰਗ੍ਰਹਿ ਵਿਚ ਇਹ ਹੋਰ ਵੀ ਨਿਖਰਵੇਂ ਰੂਪ ਵਿਚ ਪੇਸ਼ ਹਨ। ਜਿਸ ਸੁਜੱਗ ਅਤੇ ਸਜੀਵ ਭਾਵਨਾ ਵਸ ਪਹਿਲੀਆਂ ਕਵਿਤਾਵਾਂ ਵਿਚ ਉਹ ਪੇਸ਼ ਸਨ, ਇਸ ਸੰਗ੍ਰਹਿ ਵਿਚ ਉਸੇ ਤਰ੍ਹਾਂ ਉਨ੍ਹਾਂ ਦਾ ਕਾਰ-ਵਿਹਾਰ

ਬਣਦਾ ਹੈ। ਇਹ ਅਮਲ ਬੜੇ ਸਜੀਵ ਅਤੇ ਸੁਜੱਗ ਢੰਗ ਨਾਲ ਚਲਦਾ ਹੈ। ਨਾ ਹੀ ਪਰ ਅਜੇਹਾ ਵਿਰੋਧੀ ਅਮਨ ਆਪਣੀ ਥਾਂ ਆ ਬਣਾਉਂਦਾ ਹੈ ਜਿਸ ਨੂੰ ਤੁਲਨਾ ਦੀ ਥਾਂ ਆਪੇਖਿਆਂ ਰਾਹੀਂ ਵਧੇਰੇ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ। ਸਜੀਵ ਅਤੇ ਸੁਜੱਗ ਦੀ ਥਾਂ, ਇਸ ਅਮਲ ਦਾ ਸੁਭਾ ਮਨ-ਮਤੀਆ ਹੈ। ਫਲਸਰੂਪ ਨੌਬਤ ਇਹ ਆ ਬਣਦੀ ਹੈ ਕਿ ਜਿਸ ਪ੍ਰਕਾਰ ਦਾ ਵਿਚਾਰਵਾਨ ਵਹਾ ਪਹਿਲੀਆਂ ਕਵਿਤਾਵਾਂ ਦੇ ਅਨੁਕੂਲ ਹੈ ਉਸ ਦੇ ਪ੍ਰਤੀਕੂਲ ਅਮਲ ਹੈ ਜੋ ਆਪਣੀ ਹਾਜ਼ਰੀ ਲੁਆਣ ਲੱਗ ਜਾਂਦਾ ਹੈ। ਇਹ ਤਾਂ ਹੁਣ ਸਮਾਂ ਹੀ ਦੱਸੇਗਾ ਕਿ ਕਿਸ ਅਮਲ ਨੇ ਭਾਵ ਸਜੀਵ ਅਤੇ ਸਜੱਗ ਦਾ ਮਨਮਤੀਆ ਜਿਸ ਨੂੰ ਆਪਹੁਦਰਾ ਕਹਿਣ ਤੋਂ ਵੀ ਝਿਜਕਣਾ ਨਹੀਂ ਚਾਹੀਦਾ, ਭਵਿੱਖ ਵਿਚ ਚੰਦਨ ਨੇ ਕਾਵਿ ਸਰੋਕਾਰ ਨੂੰ ਪ੍ਰਭਾਸ਼ਿਤ ਕਰਨਾ ਹੈ।

ਮੁੱਢਲੀ ਕਵਿਤਾ ਹੈ 'ਮਾਂ ਦਾ ਸੰਦੂਕ' ਜਿਸ ਵਿਚਲਾ ਸੰਦੂਕ ਪੁਰਾਤਤਵ ਦਾ ਸਹਿਕ ਸਕੰਦੜਾ ਰੂਪ ਹੈ। ਆਰੰਭ ਵਿਚ ਇਹ ਭਰਪੂਰ ਰੂਪ ਵਿਚ ਪੇਸ਼ ਹੈ। ਇਸ ਵਿਚ ਸਾਂਭੀਆਂ ਵਸਤਾਂ ਬੀਤ ਚੁੱਕੇ ਸੰਬੰਧਾਂ ਦੀ ਬਾਤ ਪਾਉਂਦੀਆਂ ਹਨ ਜਿਨ੍ਹਾਂ ਦੀ ਮਹਿਕ ਲੋਪ ਨਹੀਂ ਹੋਈ। ਭਵਿੱਖ ਵਿਚ ਵਿਚਰਣ ਵਾਲੀਆਂ ਪੁਸ਼ਤਾਂ ਲਈ ਇਨ੍ਹਾਂ ਦੀ ਜੋ ਖਿੱਚ ਬਣਦੀ ਹੈ, ਉਸ ਦੀ ਤਰੰਗ ਵੀ ਇਨ੍ਹਾਂ ਵਿਚੋਂ ਉੱਠਦੀ ਅਨੁਭਵ ਹੁੰਦੀ ਹੈ। ਵਾਸਤਵ ਵਿਚ ਭੁਲੇਖਾ ਇਸ ਦੇ ਸਥੂਲ ਪੱਖ ਬਾਰੇ ਵੀ ਆ ਬਣਦਾ ਹੈ :

*ਮਾਂ ਦਾ ਸੰਦੂਕ ਕਿੱਥੇ ਹੈ*
*ਹੁਣੇ ਏਥੇ ਪਿਆ ਸੀ*

ਪ੍ਰਸ਼ਨ ਅਤੇ ਸ਼ੱਕ ਦਾ ਰਲਿਆ ਮਿਲਿਆ ਇਹ ਪ੍ਰਤੀਕਰਮ ਕੀ ਪੁਰਾਤਤਵ ਨੂੰ ਕੱਚ ਸਿੱਧ ਕਰਦਾ ? ਸ਼ਾਇਦ ਨਹੀਂ, ਸਗੋਂ ਅਜੇਹਾ ਵੈਰਾਗ ਪੈਦਾ ਕਰਦਾ ਹੈ ਜਿਸ ਵਸ ਯਾਦ ਵਿਚ ਹੀ ਭਾਵੇਂ ਉਹ ਵਸਤਾਂ ਮੁੱਲਵਾਨ ਅਤੇ ਮਨਮੋਹਕ ਲੱਗਣ ਲੱਗ ਪੈਂਦੀਆਂ ਹਨ। 'ਚੁੱਲ੍ਹਾ' ਨਾਮੀ ਕਵਿਤਾ ਵਿਚ ਇਕ ਪ੍ਰਕਾਰ ਦਾ ਅਲਾਪ ਹੈ ਜੋ ਭਿੰਨ ਦਿਸ਼ਾ ਵੱਲ ਜਾਂਦਾ ਹੈ। ਮਾਂ ਦੀ ਹਾਜ਼ਰੀ ਵਿਚ ਚੁੱਲ੍ਹੇ ਅੱਗੇ ਬੈਠਣਾ, ਸਭਨਾਂ ਜੀਆਂ ਲਈ ਇਕ ਸਮਾਨ ਅਨੁਭਵ ਵਾਂਗ ਸੀ। ਜਦੋਂ ਤੋਂ ਨਿੱਤ ਦਾ ਵੇਲਾ ਨਿੱਜ ਹੋਇਆ ਹੈ, ਵਸਤੂ ਰੂਪ ਵਿਚ ਦ੍ਰਿਸ਼ਟ ਹੋਣ ਦੇ ਬਾਵਜੂਦ ਇਹ ਚੇਤੇ ਦਾ ਭਾਗ ਬਣ ਗਿਆ ਹੈ, ਵਿਹਾਰ ਦਾ ਬਿੰਬ ਉੱਜਲ ਪ੍ਰਤੀਤ ਹੋਣਾ, ਇਸ ਦੇ ਵਸ ਵਿਚ ਨਹੀਂ ਰਿਹਾ। ਇਸੇ ਲੋਰ ਨੂੰ ਉਭਾਰਦੀਆਂ ਕਵਿਤਾਵਾਂ 'ਕੁੜੀਆਂ ਕਸੀਦਾ ਕਢਦੀਆਂ', 'ਕਰੋਸ਼ੀਏ ਦੀ ਅੰਗੀ' ਅਤੇ 'ਭਗਤ ਸਿੰਘ ਦੀ ਕਮੀਜ਼ ਤੇ ਚੰਬੇਲੀ ਦੀ ਕਲੀ' ਹਨ ਜਿਨ੍ਹਾਂ ਤੋਂ ਉਦਰੇਵੇਂ, ਵਿਰਾਗ, ਮੋਹ ਆਦਿ ਦੀਆਂ ਉਹ ਪਰਤਾਂ ਖੁੱਲ੍ਹਦੀਆਂ ਹਨ ਜਿਨ੍ਹਾਂ ਦੇ ਬੀਤੇ ਦਾ ਭਾਗ ਬਣ ਜਾਣ ਨਾਲ ਵੀ ਉਨ੍ਹਾਂ ਦਾ ਮੁੱਲ ਖ਼ਤਮ ਨਹੀਂ ਹੋਇਆ।

ਦੋ ਅਜਿਹੀਆਂ ਕਵਿਤਾਵਾਂ ਹਨ ਜਿਨ੍ਹਾਂ ਵਿਚੋਂ ਉਭਰਦੇ ਅਹਿਸਾਸ, ਸੰਕਟਮਈ ਪ੍ਰਸਥਿਤੀਆਂ ਵਿਚ ਉਲਝੇ, ਕੁਝ ਸਮਝਦੇ, ਕੁਝ ਨਾ ਸਮਝਦੇ ਪਰ ਬਾਵਜੂਦ ਇਸ ਦੇ ਆਪਣੀ ਹੋਂਦ ਨੂੰ ਬਣਾਈ ਰੱਖਣ ਵਾਲੇ ਦੋ ਪ੍ਰਾਣੀਆਂ ਦੇ ਹਨ। ਦੋਨਾਂ ਕਵਿਤਾਵਾਂ ਨੂੰ ਲਾਜਵਾਬ ਕਹਿਣਾ ਬਣਦਾ ਹੈ।

ਪਹਿਲੀ ਕਵਿਤਾ ਚਿੱਠੀ ਦੇ ਰੂਪ ਵਿਚ ਹੈ ਜੋ ਇਕ ਫ਼ੌਜੀ ਪਹਿਲੀ ਵੱਡੀ ਲਾਮ ਵੇਲੇ ਫ਼ੌਜ ਵਿਚ ਭਰਤੀ ਹੋ ਕੇ ਬਸਰਿਓਂ ਆਪਣੇ ਘਰਦਿਆਂ ਨੂੰ ਲਿਖਦਾ ਹੈ। ਉਸ ਨੂੰ ਪਤਾ ਹੈ ਕਿ ਸਰਕਾਰ ਨੇ ਇਹ ਚਿੱਠੀ ਉਸ ਦੇ ਘਰਦਿਆਂ ਤਕ ਪਹੁੰਚਣ ਨਹੀਂ ਦੇਣੀ। ਇਸ ਦੇ ਬਾਵਜੂਦ ਜੋ ਉਸ ਨੂੰ ਔਹੜਦਾ ਹੈ, ਉਹ ਕਾਗ਼ਜ਼ 'ਤੇ ਲਿਖ ਕੇ ਘਰਦਿਆਂ ਨੂੰ ਭੇਜਣ ਤੋਂ ਆਪਣੇ ਆਪ ਨੂੰ ਹੋੜ ਨਹੀਂ ਸਕਦਾ। ਸਾਰੇ ਘਰਦਿਆਂ ਦੀ ਸੁੱਖ ਮੰਗ ਕੇ ਉਹ ਜੰਗ ਦੀ ਭੈਭੀਤ ਸਥਿਤੀ ਨੂੰ ਹੀ ਬਿਆਨ ਨਹੀਂ ਕਰਦਾ ਸਗੋਂ ਉਨ੍ਹਾਂ ਵਸਤਾਂ ਵੱਲ ਮੋਹ-ਭਿੰਨਾ ਸੰਕੇਤ ਕਰਦਾ ਹੈ। ਇਨ੍ਹਾਂ ਦਾ ਅਣਕਹੇ ਹੀ ਉਸ ਨੂੰ ਭਰਪੂਰ ਆਸਰਾ ਹੈ। ਕਿਵੇਂ ਪੰਜਾਬ ਵਾਸੀ ਆਪਣਾ ਸੁਤੰਤਰ ਰਾਜ ਗੁਆ ਕੇ ਰੁਜ਼ਗਾਰ ਦੀ ਤਲਾਸ਼ ਵਿਚ ਬੇਗ਼ਾਨਿਆਂ ਦਾ ਆਸਰਾ ਬਣ ਕੇ ਵੀ ਆਪਣੀ ਹਸਤੀ ਨੂੰ ਸੁਤੇਸਿੱਧ ਕਾਇਮ ਰੱਖੇ ਹੋਏ ਸਨ, ਇਸ ਦਾ ਸੰਕੇਤ ਇਸ ਉੱਪਰੋਂ ਸਰਲ ਪਰ ਵਿਚੋਂ ਪੇਚੀਦਾ ਚਿੱਠੀ ਤੋਂ ਭਲੀਭਾਂਤ ਹੀ ਮਿਲ ਜਾਂਦਾ ਹੈ। ਹਰ ਬੋਲ, ਹਰ ਕਥਨ ਇਉਂ ਹੈ ਜਿਵੇਂ ਜਟਿਲਤਾਵਾਂ ਦੀ ਪੰਡ ਨੂੰ ਖੋਲ੍ਹ ਰਿਹਾ ਹੋਵੇ। ਇਸ ਦੇ ਬਾਵਜੂਦ ਉਦੱਤ ਹੋਣ, ਲਾਜਵਾਬ ਲੱਗਣ ਦੀ ਕੋਈ ਸੁਚੇਤ ਜਾਂ ਅਚੇਤ ਇੱਛਾ ਉਸ ਦੇ ਮਨ ਵਿਚੋਂ ਨਹੀਂ ਉੱਠਦੀ। ਦੂਜੀ ਕਵਿਤਾ ਹੈ 'ਸਿਖਣੀ ਫਾਤਿਮਾ ਬੀਬੀ ਉਰਫ਼ ਜਿੰਦਾ' ਇਸ ਵਿਚ 1947 ਵੇਲੇ ਦੇ ਫਸਾਦਾਂ ਦੌਰਾਨ ਨਨਕਾਣਾ ਸਾਹਿਬ ਤੋਂ ਅੰਮ੍ਰਿਤਸਰ ਜਾਣ ਵਾਲੀ ਰੇਲਗੱਡੀ ਮੁਜਾਹਦ ਘੇਰ ਲੈਂਦੇ ਹਨ। ਕਵਿਤਾ ਵਿਚ ਭਾਵੇਂ ਪਰਤੱਖ ਸੰਕੇਤ ਨਹੀਂ ਪਰੰਤੂ ਅਪਰਤੱਖ ਕਨਸੋਅ ਆ ਜਾਂਦੀ ਹੈ ਕਿ ਪਾਕਿਸਤਾਨ ਵਾਲੇ ਪਾਸੇ ਬਹੁਤੇ ਕਤਲ ਉਨ੍ਹਾਂ ਬੇਸਹਾਰਾ ਲੋਕਾਂ ਦੇ ਹੋਏ ਸਨ ਜਿਨ੍ਹਾਂ ਰੇਲਾਂ ਰਾਹੀਂ ਬਚ ਨਿਕਲਣ ਦਾ ਖ਼ਤਰਾ ਮੁੱਲ ਲਿਆ ਸੀ। ਏਥੇ ਇਹ ਵੀ ਸਪੱਸ਼ਟ ਕਰਨ ਦੀ ਲੋੜ ਨਹੀਂ ਕਿ ਮੁਜਾਹਿਦ ਉਸ ਖਸਲਤ ਦੇ ਧਾੜਵੀ ਸਨ ਜਿਨ੍ਹਾਂ ਦੀ ਬੇਪਰਦਗੀ ਸਾਅਦਤ ਹਸਨ ਮੰਟੋ ਦੀ ਕਹਾਣੀ 'ਖੋਲ੍ਹ ਦੋ' ਵਿਚ ਪੂਰੀ ਨਿਡਰਤਾ

ਨਾਲ ਹੋਈ ਹੈ। ਕਤਲੋਗਾਰਤ ਅਤੇ ਜੰਮਘਟ ਵਿਚੋਂ ਜਿੰਦਾਂ ਨਾਂ ਦੀ ਸਿੱਖ ਮੁਟਿਆਰ ਰੁਲਦੀ ਖੁਲਦੀ ਕਤਲ ਹੋਣ ਤੋਂ ਬਚ ਜਾਂਦੀ ਹੈ ਪਰ ਪਿੰਡ ਦੇ ਮੁੱਲਾਂ ਦੇ ਘਰ ਬੈਠ ਜਾਂਦੀ ਹੈ। ਉਸ ਦੀ ਵਧੇਰੇ ਆਯੂ ਹੰਝੂਆਂ ਹੌਕਿਆਂ ਵਿਚ ਢਲ ਕੇ ਬੀਤ ਗਈ ਹੈ। ਸਭ ਕੁਝ ਦੇ ਬਾਵਜੂਦ ਲੋਕਾਂ ਦੀਆਂ ਨਜ਼ਰਾਂ ਵਿਚ ਉਹ ਸਿੱਖਣੀ ਹੀ ਰਹਿੰਦੀ ਹੈ। ਕਵਿਤਾ ਵਿਚ ਇਸ ਗੱਲ ਵੱਲ ਸੰਕੇਤ ਤਾਂ ਕੋਈ ਨਹੀਂ ਪਰ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਲੋਕਾਂ ਦੇ ਲਬਾਂ ’ਤੇ ਇਹ ਤੁਹਮਤ ਉਸ ਦੇ ਜਿੰਦਾ ਰਹਿਣ ਦਾ ਇਕੋ ਇਕ ਇਸ਼ਾਰਾ ਹੈ। ਇਹ ਮੰਨ ਲੈਣਾ ਵੀ ਸ਼ਾਇਦ ਅਜਾਈਂ ਨਹੀਂ ਹੋਵੇਗਾ ਕਿ ਜਿਵੇਂ ਸਿੱਖੀ ਨੇ ਰਾਣੀ ਜਿੰਦਾਂ ਨੂੰ ਢੋਈ ਦਿੱਤੀ ਸੀ ਉਸੇ ਤਰ੍ਹਾਂ ਇਸ ਅਭਾਗੀ ਨਾਲ ਉਸ ਦਾ ਧਰਮ ਨਿਭਿਆ ਹੈ।

ਸਵਾਲ ਪੈਦਾ ਹੁੰਦਾ ਹੈ ਕਿ ਕਿਹੋ ਜਹੀ ਹੁੰਦੀ ਹੈ ਉਸ ਧਰਮ ਦੀ ਪ੍ਰਕਿਰਤੀ ਤੇ ਪ੍ਰਕਿਰਿਆ ਜੋ ਕਿਸੇ ਪ੍ਰਾਣੀ ਨਾਲ ਨਿਭਦਾ ਹੈ ? ਕੀ ਇਹ ਆਦੇਸ਼ਾਂ ਤੇ ਮਨਾਹੀਆਂ ਦਾ ਸਮੂਹ ਹੁੰਦਾ ਹੈ ਜਿਨ੍ਹਾਂ ਨੂੰ ਧਰਮ ਦੇ ਠੇਕੇਦਾਰ ਧੁਰ ਦਰਗਾਹੋਂ ਵਾਰਿਦ ਹੋਇਆ ਮੰਨਦੇ ਹਨ ? ਕੀ ਪ੍ਰਾਣੀ ਵਿਚ ਨਿਆਸਰਾ ਹੋਣ ਦੀ ਰੁਚੀ ਪੈਦਾ ਕਰਕੇ ਇਸ ਨੇ ਉਸ ਨੂੰ ਸੱਤਾ, ਸ਼ਾਸਣ ਅਤੇ ਸਜ਼ਾ ਦਾ ਭਾਗੀ ਦਰਸਾਨਾ ਹੈ ? ਅਜੇਹਾ ਕਰਕੇ ਕੀ ਧਰਮ ਨੇ ਸੱਤਾ, ਸ਼ਾਸਣ ਅਤੇ ਸਜ਼ਾ ਢਾਹਣ ਵਾਲੀਆਂ ਤਾਕਤਾਂ ਨੂੰ ਧਰਮ ਦੇ ਠੇਕੇਦਾਰ ਸਿੱਧ ਕਰਨਾ ਹੁੰਦਾ ਹੈ। ਕੀ ਇਸ ਖ਼ਾਤਰ ਹੀ ਤਾਂ ਕਿ ਦੈਵੀ ਸ਼ਕਤੀ ਮੰਨ ਕੇ ਧਰਮ ਨੂੰ ਅਪਰ ਅਪਾਰ ਸ਼ਕਤੀਆਂ ਦਾ ਪੁੰਜ ਕਲਪ ਕੇ ਸਥਾਪਿਤ ਕੀਤਾ ਜਾਂਦਾ ਹੈ ? ਉਪਰਲੀ ਕਵਿਤਾ ਵਿਚ ਚੰਦਨ ਧਰਮ ਨੂੰ ਲੋਕਭਾਵੀ ਪੈਂਤੜੇ ਤੋਂ ਲੈਂਦਾ ਹੈ। ਉਸ ਦਾ ਭਾਵ ਸਜੀਵ ਅਤੇ ਸੁਜੱਗ ਹੈ। ਪਰੰਤੂ ਉਸ ਦੀਆਂ ‘ਵਰਣਮਾਲਾ’, ‘ਲਿਖਣ ਸ਼ਾਹ’, ‘ਵਾਰਿਸ ਵੇਦਨਾ’, ‘ਪੁਸਤਕ, ਪਾਠ, ਰਹਾਉ’ ਆਦਿ ਬਾਰੇ ਕੀ ਧਾਰਨਾ ਬਣਾਈ ਜਾਵੇ ਜਿਨ੍ਹਾਂ ਵਿਚ ਆਪਣੇ ਸਜੀਵ ਅਤੇ ਸੁਜੱਗ ਭਾਵ ਨੂੰ ਤਿਲਾਂਜਲੀ ਦੇ ਕੇ ਉਹ ਮਨ-ਮਤੀ ਪਹੁੰਚ ਅਪਣਾ ਲੈਂਦਾ ਹੈ ? ਨਿਸ਼ਚੇ ਹੀ ਉਨ੍ਹਾਂ ਨੂੰ ਨਿਰਵੇਚਨ ਅਧੀਨ ਲਿਆਉਣ ਦੀ ਲੋੜ ਹੈ ਅਤੇ ਨਿਰਪੇਖ ਵਿਸ਼ੇਸ਼ਣ ਦੀ ਵਰਤੋਂ ਜਿਸ ਦੇ ਰਾਹ ਵਿਚ ਕੋਈ ਰੁਕਾਵਟ ਨਹੀਂ ਬਣਨੀ ਚਾਹੀਦੀ। ਈਸ਼ਵਰ, ਅੱਲਾ ਅਤੇ ਅਕਾਲ ਪੁਰਖ ਬਾਰੇ ਹੀ ਉਪਰੋਂ ਵਾਰਿਦ ਹੋਣ ਵਾਲੀ ਪਹੁੰਚ ਹੀ ਅਮਾਨਵੀ ਨਹੀਂ ਬੋਲੀ, ਯਾਦ, ਸਿਮਰਣ ਆਦਿ ਬਾਰੇ ਵੀ ਇਸ ਦੀ ਉਪਾਸਨਾ ਯੋਗ ਨਹੀਂ, ਅਣਭੋਲ ਹੀ ਇਨ੍ਹਾਂ ਕਵਿਤਾਵਾਂ ਵਿਚ ਚੰਦਨ ਕੁਰਾਹੇ ਪੈ ਗਿਆ ਪ੍ਰਤੀਤ ਹੁੰਦਾ ਹੈ। ਉਮੀਦ ਕੀਤੀ ਜਾ ਸਕਦੀ ਹੈ ਉਹ ਆਪ ਹੀ ਇਸ ਪਾਸਿਉਂ ਮੁੜ ਆਵੇਗਾ।

**-ਤੇਜਵੰਤ ਸਿੰਘ ਗਿੱਲ**


**ਅਮਰਜੀਤ ਚੰਦਨ ਦੀਆਂ ਨਵੀਆਂ ਕਿਤਾਬਾਂ**



*ਸੰਦੂਕ*, **ਕਵਿਤਾਵਾਂ**
ਸਫ਼ੇ 153, ਭੇਟਾ 250 ਰੁ.


*ਸੱਚੀ ਟਕਸਾਲ*, **ਸ਼ਬਦ ਬਾਰੇ ਚੋਣਵੀਂ ਕਵਿਤਾਵਾਂ**
ਸਫ਼ੇ 83, ਭੇਟਾ 195 ਰੁ.


*ਲੰਮੀ ਲੰਮੀ ਨਦੀ ਵਹੈ*, **ਸਮੇਂ ਬਾਰੇ ਚੋਣਵੀਂ ਕਵਿਤਾ**
ਸਫ਼ੇ 73, ਭੇਟਾ 120 ਰੁ.

*ਸੰਨ ਸੰਤਾਲੀ : ਪੰਜਾਬ ਦੇ ਉਜਾੜੇ ਦੀ ਸ਼ਾਇਰੀ* (ਸੰਪਾਦਨ)
ਪੰਜਾਬੀ, ਉਰਦੂ ਤੇ ਅੰਗਰੇਜ਼ੀ ਦੇ ਸੰਤਾਲੀ ਕਵੀ

ਪ੍ਰਕਾਸ਼ਕ : ਕੌਪਰ ਕੋਇਨ
**cuprumcoin@gmail.com**

## ਰਵੀ ਸਾਹਿਤ ਪ੍ਰਕਾਸ਼ਨ ਦੀਆਂ ਨਵੀਆਂ ਛਪੀਆਂ ਪੁਸਤਕਾਂ











ਫ਼ੋਨ : 0183-2258633, ਮੋਬਾਇਲ : 9781737780 * 98140-66204

ਨਰੇਸ਼ ਸਕਸੇਨਾ ਦੀ
ਕਵਿਤਾ ਦਾ
ਅਨੁਵਾਦ




ਸਬਿੰਦਰਜੀਤ ਸਿੰਘ ਸਾਗਰ
ਦੀਆਂ ਨਵੀਆਂ ਛਪੀਆਂ
ਪੁਸਤਕਾਂ

